ਪੰਜਾਬੀ ਬੋਲੀ ਤੇ ਪੰਜਾਬੀਅਤ ਨੂੰ ਸਮਰਪਿਤ

# ਵਾਹਗਾ


**ਅੰਕ** 3


*ਸੰਪਾਦਕ :*

ਚਰਨਜੀਤ ਸੋਹਲ

ਸੁਖਚੈਨ ਢਿੱਲੋਂ

ਨਾਵਲਕਾਰ ਗੁਰਦਿਆਲ ਸਿੰਘ ਨਾਲ
ਸੰਬੰਧਿਤ ਤਸਵੀਰਾਂ ***ਸੁਭਾਸ਼ ਪਰਿਹਾਰ***





ਸਰਵਰਕ ਤਸਵੀਰ
***ਸਿਧਾਰਥ***

ਅੰਕ 3 ⋆ ਮੁੱਲ : 80/–

# ਵਾਹਗਾ

ਈ–ਮੇਲ : **wahga2015@gmail.com**

*ਕਾਰਜਕਾਰੀ ਸੰਪਾਦਕ*

**ਤੇਜਿੰਦਰ ਬਾਵਾ**

ਮੋਬਾ : 98781–77812

**ਸਹਿਯੋਗੀ ਸੰਪਾਦਕ**

ਤੇਜਵੰਤ ਸਿੰਘ ਗਿੱਲ
ਸਤ੍ਯਪਾਲ ਗੌਤਮ
ਭਗਵਾਨ ਜੋਸ਼
ਪਰਮਿੰਦਰ ਸਿੰਘ
ਕੇਵਲ ਧਾਲੀਵਾਲ
ਸਤਿੰਦਰ ਔਲਖ
ਪਰਮਜੀਤ ਜੱਜ
ਦਲਜੀਤ ਮੋਖਾ
ਬਲਬੀਰ ਮਾਧੋਪੁਰੀ
ਜਤਿੰਦਰ ਸਿੰਘ
ਮੋਨੀਕਾ ਕੁਮਾਰ
ਨਵਸ਼ਰਨ
ਅਤੁਲ ਸੂਦ
ਬਲਰਾਜ ਧਾਰੀਵਾਲ
ਅਮਨਪ੍ਰੀਤ ਗਿੱਲ
ਹਰਵਿੰਦਰ ਸਿੰਘ
ਸੁਖਪਾਲ
ਸਵਰਾਜਬੀਰ

•

**ਕਲਾ** : ਸੰਦੀਪ • ਹਰਦੀਪ • ਮੰਨੂ

**ਕਾਨੂੰਨੀ ਸਲਾਹਕਾਰ** :
ਡਾ. ਸੁਸ਼ੀਲ ਬਲਵਾਦਾ

•

'ਵਾਹਗਾ' ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਕੋਈ ਵੀ ਕਾਨੂੰਨੀ ਕਾਰਵਾਈ ਅਮ੍ਰਿਤਸਰ ਦੀ ਅਦਾਲਤ ਵਿਚ ਹੀ ਹੋਵੇਗੀ।

*ਸੰਪਾਦਕ*

**ਚਰਨਜੀਤ ਸੋਹਲ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਸੀ–ਬਲਾਕ ਮਾਰਕੀਟ, ਅਮ੍ਰਿਤਸਰ–143001
ਮੋਬਾ : (+91) 78374–12401
ਈ–ਮੇਲ : charanjit.sohal@yahoo.com

**ਸੁਖਚੈਨ ਢਿੱਲੋਂ**
62, Ashbrook Way, BRAMPTON
ON, L6Y 4R4, CANADA
Mob : +1-647-774-1870

⋆

**ਖ਼ਤ ਪੱਤਰ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਅਮ੍ਰਿਤਸਰ–143001

⋆

**ਮੁੱਲ**
ਡਾਕ ਰਾਹੀਂ : 500 ਰੁਪਏ
5000 ਰੁਪਏ (ਜੀਵਨ ਸਾਥ)

⋆

**ਵਿਦੇਸ਼ :**
20 ਡਾਲਰ ⋆ 500 ਡਾਲਰ (ਜੀਵਨ ਸਾਥ)

'ਵਾਹਗਾ' ਦਾ ਬੈਂਕ ਅਕਾਊਂਟ :
HDFC Bank
Account No. : 50200016152542
IFS Code : HDFC0001407
Branch : Central One Mall, Old Jail Road
Opp. Distt Shopping Complex
Ranjit Avenue, Amritsar

⋆

ਰੂਪ ਸੱਜਾ : **ਮਨਤੇਜ ਗ੍ਰਾਫ਼ਿਕਸ**, ਅਮ੍ਰਿਤਸਰ
ਮੋਬਾ : 98781–77812


⋆

ਛਾਪਕ : **ਪ੍ਰਿੰਟਵੈੱਲ**, ਅਮ੍ਰਿਤਸਰ

**Wahga is a peer-reviewed research journal.**

# ਤਰਤੀਬ


- **ਸਿਮਰਤੀ : ਗੁਰਦਿਆਲ ਸਿੰਘ**
  *ਅਮਰਜੀਤ ਚੰਦਨ* / 6 • *ਡਾ. ਪਰਮਿੰਦਰ ਸਿੰਘ* / 8
- **ਇਕ ਲਾਜ਼ਿਮ ਬਾਤ ਅਦਬ ਦੀ ਏ**
  ***ਅਮਰਜੀਤ ਚੰਦਨ*** *ਨਾਲ* ***ਸਵਰਾਜਬੀਰ*** ਦੀਆਂ ਗੱਲਾਂ / 20
- ਕਰਨੈਲ ਸਿੰਘ ਕਵੀਸ਼ਰ ਨੂੰ ਦੁਨੀਆ ਯਾਦ ਕਰੂਗੀ ਯਾਰੋ / 29
  *-ਪ੍ਰੋ. ਭਗਵਾਨ ਸਿੰਘ ਜੋਸ਼*
- **ਬੰਦਾ ਸਿੰਘ ਬਹਾਦਰ**
- ਬੰਦਾ ਬਹਾਦਰ : ਬਦਲਵੀਂ ਦ੍ਰਿਸ਼ਟੀ / 34 *-ਤੇਜਵੰਤ ਸਿੰਘ ਗੱਲ*
- ਬੰਦਾ ਸਿੰਘ ਬਹਾਦਰ ਦੀ ਕਿਰਦਾਰਕੁਸ਼ੀ : ਜਾਤੀ ਹਉਂ ਅਤੇ ਜਾਤੀ ਅਵਚੇਤਨ/41
  *-ਹਰਵਿੰਦਰ ਸਿੰਘ*
- ਸਿੱਖ ਰਾਜ ਦਾ ਸੰਸਥਾਪਕ : ਬਾਬਾ ਬੰਦਾ ਸਿੰਘ ਬਹਾਦਰ / 46
  *-ਡਾ. ਅਵਤਾਰ ਸਿੰਘ (ਕੈਨੇਡਾ)*
- *ਕਵਿਤਾਵਾਂ/ਗ਼ਜ਼ਲਾਂ*
  ਸਮੀਨਾ ਆਸ਼ਮਾ / 16, ਮਹਿਮੂਦ ਅਵਾਣ / 18, ਅਮਰਜੀਤ ਚੰਦਨ / 23
  ਵਰਿੰਦਰ ਪਰਿਹਾਰ / 151, ਅੰਬਰੀਸ਼ / 155, ਪਰਦੀਸ ਬੋਸ / 158
  ਉਂਕਾਰਪ੍ਰੀਤ / 161, ਜਗਦੀਪ ਸਿੱਧੂ / 163, ਮੋਨਿਕਾ ਕੁਮਾਰ / 166
  ਕੁਲਜੀਤ ਸਿੰਘ / 194
- ਮੁਲਾਕਾਤ :
  ਗੈਬਰੀਅਲ ਗਾਰਸੀਆ ਮਾਰਕੇਜ਼ / *ਪਲੀਨਿਓ ਐਪਲੇਓ ਮੈਂਦੋਜਾ* / 54
  ਕਈ ਵਾਰ ਲੱਗਦੈ ਅਸੀਂ ਵਿਕੇ ਹੋਏ ਹਾਂ : ਜਸਬੀਰ ਮੰਡ / *ਪ੍ਰੋ. ਰਾਕੇਸ਼ ਰਮਨ* / 189
- ਸੋਫ਼ੀ ਦਾ ਸੰਸਾਰ ਸਮਝ ਦੀ ਕੋਸ਼ਿਸ਼ / 66 *-ਸਤਯਪਾਲ ਗੌਤਮ*
- ਫ਼ਲਸਤੀਨ ਬਨਾਮ ਇਜ਼ਰਾਈਲ / 73 / *-ਹਰਪਾਲ ਸਿੰਘ ਪੰਨੂ*
- **ਚੀਨੀ ਕਹਾਣੀ** : ਲੂ ਸ਼ੁਨ / 99 / *ਅਨੁ : ਬਲਬੀਰ ਮਾਧੋਪੁਰੀ*
- ਫੁੱਟਬਾਲ ਦੀ ਸੁੰਦਰ ਖੇਡ, ਵੇਦਨਾ ਤੇ ਵਜਦ ਦੀ ਇੰਤਹਾ ਤੇ ਲਾਲੀ ਬਾਬਾ / 107
  *-ਗੁਰਦਿਆਲ ਸਿੰਘ ਬੱਲ*
- ਸਤਾਲਿਨ ਦਾ ਲੈਨਿਨਵਾਦ / 125
  *-ਤਸਕੀਨ*
- ਸ੍ਰੀ ਗੁਰੂ ਤੇਗ ਬਹਾਦਰ ਦੀ ਬਾਣੀ : ਵਿਚਾਰਧਾਰਕ ਪ੍ਰਸੰਗ / 142
  *-ਡਾ. ਸਰਬਜੀਤ ਸਿੰਘ*
- ਇਕ ਪਾਤਰੀ ਨਾਟਕ : ਮਿਸ਼ਲ ਲੂ ਲੈਂਜੋਨੇ / 168
  *-ਫਰਾਂਕਾ ਰੇਮ ਤੇ ਡੇਰੀਓ ਫੋ, ਅਨੁ : ਸਵਰਾਜਬੀਰ*
- ਸ੍ਵੈ-ਬਿਰਤਾਂਤ : ਮਹਿਫ਼ੂਜ਼ ਪਲ / 175
  *-ਐੱਸ. ਬਲਵੰਤ*
- ਨਾਵਲ ਅੰਸ਼ : ਦੁੱਖ / 184 / *-ਅਵਤਾਰ ਸਿੰਘ ਬਿਲਿੰਗ*
- **ਵਿਸ਼ਵਵਿਦਿਆਲਿਆਂ ਦੇ ਵਿਹੜੇ 'ਚੋਂ** / 193 *-ਲਖਵਿੰਦਰ ਗਿੱਲ*
- **ਸਿਨੇਮਾ** : ਸਰਹੱਦ ਦੇ ਅੰਦਰਵਾਰ ਤੇ ਆਰ ਪਾਰ / 195
  *-ਡਾ. ਜਤਿੰਦਰ ਸਿੰਘ*
- **ਮੀਨਮੇਖ.ਕਾੱਮ** / 199 *-ਪ੍ਰੋ. ਰਮਨ*



## ਡਾਂਡੇ ਮੀਂਡੇ

ਚਰਨਜੀਤ ਸੋਹਲ

# ਮੌਜੂਦਾ ਪੰਜਾਬ ਤੇ ਵਾਹਗਾ

ਪੰਜਾਬ ਤੇ ਪੰਜਾਬੀਅਤ ਦੀ ਗੱਲ ਕਰਨ ਦਾ ਦਾਅਵਾ ਕਰਦੇ, ਵਿਚ-ਵਿਚ ਸ਼ੱਕ ਵੀ ਪੈਂਦਾ ਹੈ—ਮੌਜੂਦਾ ਪੰਜਾਬ ਦੇ ਸਭਿਆਚਾਰਕ-ਸਾਹਿਤਕ ਛਿਜਰੇ ਵਿਚ 'ਵਾਹਗਾ' ਦਾ ਕੁਰ੍ਹਾ ਕਿੱਥੇ ਕੁ ਪੈਂਦਾ ਹੈ ? ਕਵਿਤਾਵਾਂ, ਕਹਾਣੀਆਂ ਇਕੱਠੀਆਂ ਕਰਕੇ ਛਾਪ ਦੇਣ ਨਾਲ ਉੱਡਦੇ ਪੰਜਾਬ ਤੇ ਡੁੱਬਦੀ ਪੰਜਾਬੀਅਤ ਦਾ ਕੀ ਭਲਾ ਹੋਵੇਗਾ ? ਸਿਆਣੇ ਆਖਦੇ ਨੇ ਕਿ ਦੁਨੀਆ ਦੇ ਮਸਲਿਆਂ 'ਚੋਂ ਜਾਤੀ ਨਿਰਾਸ਼ਾ ਤੇ ਜੱਦੀ-ਖੁੜਾਂ ਦੇ ਪਰਛਾਵੇਂ ਕੱਢ ਦੇਈਏ ਤਾਂ ਮੁਸ਼ਕਲ ਕਾਫ਼ੀ ਹੱਦ ਤੀਕ ਸੁਖਾਲੀ ਹੋ ਜਾਂਦੀ ਹੈ। ਇੰਜ ਕਰਕੇ ਵੇਖਦਾ ਹਾਂ ਤਾਂ ਧੁਆਂਖੇ ਨਕਸ਼ਾਂ 'ਚੋਂ ਇਕ ਜਗਦਾ ਚਿਹਰਾ ਸਾਹਵੇਂ ਆਉਂਦਾ ਹੈ।

***ਸ਼ੱਕਰ ਹੋਈ ਵਿਸ***

ਪੰਜਾਬ ਇਕ ਖ਼ੂਨੀ ਦੌਰ ਹੰਢਾ ਕੇ ਨਿਕਲਿਆ ਸੀ, 1992 'ਚ। ਪਰ ਹੁਣ ਗੁੱਝੀਆਂ ਸੱਟਾਂ ਜ਼ਿਆਦਾ ਹਨ। ਫੱਟ ਨਹੀਂ ਦਿਖਦੇ, ਰੋਮ-ਰੋਮ 'ਚ ਦਰਦ ਹੈ। ਖ਼ੂਨ ਵੀ ਰਿਸਦਾ ਹੈ। ਰਿਸਦੇ ਖ਼ੂਨ ਨਾਲ ਆਪਣੀ ਅਕਲ ਮੂਜਬ ਕੋਈ 'ਖ਼ੁਦਕੁਸ਼ੀ' ਲਿਖਦਾ ਹੈ, ਕੋਈ 'ਵਿਕਾਸ', ਕੋਈ ਭੁੱਲਿਆ-ਚੁੱਕਿਆ 'ਇਨਕਲਾਬ' ਤੇ ਕੁਝ ਪਹਿਲੇ ਦੌਰ ਦੇ ਦੁਹਰਾਅ ਦੀ ਸਲਾਹ ਦੇ ਰਹੇ ਹਨ। ਹਰ ਮੋੜ 'ਤੇ ਦਹਿਸ਼ਤ ਹੈ, ਕਣਕਾਂ ਕੌੜੀਆਂ ਹਨ, ਬਾਸਮਤੀ ਦਾ ਬਦਨ ਝਰੀਟਿਆ ਹੈ, ਕਪਾਹਾਂ ਤੇ ਕਾਰੋਬਾਰਾਂ ਨੂੰ ਚਿੱਟੀ ਸੁੰਡੀ ਪੈ ਗਈ ਹੈ। ਮੁੰਡੇ ਆਈ.ਐੱਲ.ਐੱਸ. ਦੀਆਂ ਕਲਾਸਾਂ ਲਾ ਰਹੇ ਹਨ। ਕੁੜੀਆਂ ਕਨੇਡੀਏ ਦੁਹਾਜੂਆਂ/ਤਿਹਾਜੂਆਂ ਨਾਲ ਲਾਵਾਂ ਲੈ ਕੇ ਬਾਬਲ ਦੀ ਪੱਤ ਰੱਖ ਰਹੀਆਂ ਹਨ। ਪੰਜਾਬੀਅਤ ਬਾਰੇ ਵੀ ਇਹੋ ਵਿਸ਼ਲੇਸ਼ਣ ਤੇ ਤਸ਼ਬੀਹਾਂ ਲਾਅ ਸਕਦੇ ਹਾਂ। ਸ਼ੱਕਰ ਵਿੱਸ ਹੋ ਗਈ ਹੈ। ਪਰ ਬਾਬੇ ਫ਼ਰੀਦ ਹੁਰੀਂ ਆਖ ਗਏ ਨੇ ਕਿ ਆਪਣੇ ਸਾਈਂ ਬਾਝੋਂ ਏਹ ਵੇਦਨਾ ਕਿਸੇ ਨਹੀਂ ਸੁਣਨੀ।

***ਸਾਈਂ ਬਾਝੋਂ ਆਪਣੇ...***

'ਵਾਹਗਾ' ਦੋ ਕੰਮ ਕਰ ਸਕਦਾ ਹੈ—ਵੇਦਨਾ ਦੀ ਇਬਾਰਤ ਤਿਆਰ ਕਰਨੀ ਤੇ ਆਪਣੇ ਸਾਈਂ ਦੀ ਭਾਲ ਲਈ ਹੋਕਾ ਦੇਣਾ। ਇਹ ਆਪਣੇ ਸਾਈਂ ਦੀ ਤਲਾਸ਼ ਦਾ ਪਹਿਲਾ ਮਰਹਲਾ ਹੈ। ਦਿਲ ਦੀ ਗੱਲ ਕਰਨੀ, ਆਪਣੇ ਧੁਰ ਅੰਦਰ ਦੀ ਗੱਲ : ਕਵਿਤਾ, ਕਹਾਣੀ, ਲੇਖ...। ਸਾਹਿਤ ਆਪਣੀ ਵੇਦਨਾ ਆਪਣੇ ਆਪ ਤੇ ਹੋਰ ਪੜ੍ਹਦੇ-ਸੁਣਦੇ ਨੂੰ ਸੁਣਾਉਣ ਦਾ ਰਾਹ ਹੈ। ਕਲਮਬੰਦ ਹੋਈ ਵੇਦਨਾ ਨੂੰ 'ਵਾਹਗਾ' ਜਿਲਦਬੰਦ ਕਰਦਾ ਹੈ। 'ਵਾਹਗਾ' ਉਹ ਖ਼ਤ ਹੈ ਜਿਹੜਾ ਸਾਈਂ ਹੁਰਾਂ ਨੂੰ ਸੁਣਾਉਣਾ ਹੈ। ਨਿਗੂਣੀ ਹੀ ਸਹੀ, ਪਰ ਕੋਸ਼ਿਸ਼ ਤਾਂ ਹੈ...।

ਅਜੋਕੇ ਸਮਿਆਂ 'ਚ ਪੰਜਾਬ ਏਨਾ ਭਾਗਾਂ ਵਾਲਾ ਨਹੀਂ ਰਿਹਾ ਕਿ ਕਿਸੇ ਸ਼ਖ਼ਸੀਅਤ, ਧਿਰ ਜਾਂ ਜਥੇਬੰਦੀ ਨੂੰ 'ਆਪਦਾ ਸਾਈਂ' ਆਖਿਆ ਜਾ ਸਕੇ। ਕਿਸੇ ਵੇਲੇ ਬਾਈ ਮੰਜੀਆਂ ਸਨ। ਹੁਣ ਹਰ ਨੁੱਕਰ 'ਚ ਪੰਜਾਬ-ਪੰਜਾਬੀਅਤ ਦੀ ਲੱਜ-ਪੱਤ ਰੱਖਣ ਦੇ ਦਾਅਵੇਦਾਰ ਬੈਠੇ ਨੇ।


ਸਾਈਂ ਹੁਰੀਂ ਕਿਸੇ 'ਵਾਦ' ਦੀ ਵਾਦਮਣੀ 'ਚੋਂ ਉਤਰਨਗੇ ਜਾਂ ਖ਼ਵਰੇ ਕੋਈ ਸਾਈਕਲ ਦੇ ਘਸੇ ਹੋਏ ਕੁੱਤਿਆਂ ਤੋਂ ਖਿਝ ਕੇ ਰੱਬ ਨੂੰ ਗਾਲ੍ਹ ਕੱਢੇਗਾ ਤਾਂ ਸ਼ਰਮ ਦਾ ਮਾਰਿਆ ਰੱਬ ਅਵਤਾਰ ਧਾਰਨ ਕਰ ਲਏਗਾ। ਸਾਨੂੰ ਆਪਣੇ ਅਸਲੀ ਸਾਈਂ ਦੀ ਭਾਲ ਹੈ, ਸ਼ਨਾਖ਼ਤ ਕਰਨ ਦੀ ਰੀਝ ਹੈ। ਕਦੋਂ 'ਸਾਈਂ ਲਾਧੋ ਰੇ' ਦਾ ਜੈਕਾਰਾ ਵੱਜੇ, ਨਹੀਂ ਆਖ ਸਕਦੇ। ਕੁਝ ਵੀ ਹੋਏ ਹਾਲ ਦੀ ਘੜੀ ਆਉਂਦੀਆਂ ਸਾਰੀਆਂ ਕਨਸੋਆਂ ਝੂਠੀਆਂ ਨੇ, ਵੇਦਨਾ ਸੁਣਨ ਵਾਲਾ ਕੋਈ ਨਹੀਂ ਹੈ। ਪਰ 'ਵਾਹਗਾ' ਆਸਵੰਦ ਹੈ ਤੇ ਵੇਦਨਾ ਤਿਆਰ ਕਰੀ ਬੈਠਾ ਹੈ। ਆਮੀਨ!

# ਸ਼ਰਧਾਂਜਲੀ : ਗੁਰਦਿਆਲ ਸਿੰਘ ਤੇ ਮਹੇਸ਼ਵਤਾ ਦੇਵੀ

1985 'ਚ ਮੈਂ ਸਿੱਲੀਗੁੜੀ ਨੌਕਰੀ ਕਰਦਾ ਸਾਂ। ਮੇਰਾ ਕਮਾਂਡਿੰਗ ਅਫ਼ਸਰ ਕਰਨਲ ਭੂਸ਼ਣ ਮਥਰਾ ਦੇ ਇਕ ਪਾਂਡੇ ਪਰਿਵਾਰ ਤੋਂ ਸੀ। ਰਿਟਾਇਰਮੈਂਟ ਦੇ ਨੇੜੇ ਆ ਕੇ ਸੰਸਕਾਰਾਂ ਅਤੇ ਰੱਬ ਦੇ ਖ਼ੌਫ਼ ਨੇ ਜ਼ੋਰ ਮਾਰਿਆ ਤਾਂ ਤਾਂਤਰਿਕਾਂ ਨੂੰ ਮਿਲਣ ਦਾ ਭੂਤ ਸਵਾਰ ਹੋ ਗਿਆ। ਵਡੇਰੀ ਉਮਰ ਦਾ ਘੋਸ਼ ਨਾਂ ਦਾ ਇਕ ਤਾਂਤਰਿਕ ਕਿਸੇ ਚਾਹ-ਬਾਗ 'ਚ ਰਹਿੰਦਾ ਸੀ ਅਤੇ ਹਿੰਦੀ

ਚੰਗੀ ਬੋਲ ਲੈਂਦਾ ਸੀ। ਗਾਲ੍ਹੜੀ ਵੀ। ਕਦੇ ਕਦਾਈਂ ਮੈਂ ਵੀ ਕਰਨਲ ਸਾਹਿਬ ਨਾਲ ਉਹਨੂੰ ਮਿਲਣ ਜਾਂਦਾ। ਉਹ ਹਰ ਵੇਰ ਇੰਜ ਮਿਲਦਾ ਜਿਵੇਂ ਪਹਿਲੀ ਵੇਰਾਂ ਮਿਲ ਰਿਹਾ ਹੋਵੇ।

ਉਹਨੂੰ ਪੰਜਾਬੀ ਅੰਮ੍ਰਿਤਸਰੀਏ ਸਰਦਾਰ ਨੂੰ ਮਿਲ ਕੇ ਜਿਵੇਂ ਚਾਅ ਚੜ੍ਹ ਜਾਂਦਾ। "ਜਦੋਂ ਸਾਡੇ ਅਕਾਲ ਪੈਂਦਾ ਸੀ ਤਾਂ ਜਿਦ੍ਹੇ ਤੋਂ ਤੁਰਿਆ ਜਾਵੇ, ਉਹਨੂੰ ਏਹੋ ਹਿਦਾਇਤ ਦੇਂਦੇ ਸਾਂ ਪਈ ਲਹਿੰਦੇ ਨੂੰ ਤੁਰਿਆ ਜਾ। ਜੇ ਪੰਜਾਬ ਅੱਪੜ ਗਿਆ ਤਾਂ ਬਚ ਜਾਏਂਗਾ, ਨਹੀਂ ਤਾਂ ਮਰਨਾ ਤਾਂ ਹੈ ਹੀ, ਏਥੇ ਕੀ ਤੇ ਕਿਤੇ ਰਾਹ 'ਚ ਕੀ।"




ਜਿਹੜੇ ਬੰਦੇ ਭੁੱਖਣ-ਭਾਣੇ ਰੋਟੀ ਲਈ ਪੰਜਾਬ ਨੂੰ ਤੁਰ ਪੈਂਦੇ ਸੀ, ਮਹੇਸ਼ਵਤਾ ਦੇਵੀ ਉਨ੍ਹਾਂ ਬਾਰੇ ਲਿਖਦੀ ਸੀ। ਜਿਨ੍ਹਾਂ ਕੋਲ ਅੱਪੜ ਕੇ ਉਨ੍ਹਾਂ ਨੂੰ ਰੋਟੀ ਦੀ ਆਸ ਸੀ, ਗੁਰਦਿਆਲ ਸਿੰਘ ਉਨ੍ਹਾਂ ਦਾ ਜ਼ਿਕਰ ਕਰਦਾ ਹੈ। ਜ਼ਾਹਿਰ ਹੈ, ਇਹ ਦੋਨੋਂ ਤਰ੍ਹਾਂ ਦੇ ਲੋਕਾਂ ਦੇ ਜ਼ਿਹਨੀ ਨਕਸ਼ੇ ਅੱਡ-ਅੱਡ ਹੋਣਗੇ। ਦੋਵਾਂ ਦੇ ਪਾਤਰ ਤੇ ਪ੍ਰਵੇਸ਼ ਉਲਟ ਹੋਣ ਦੀ ਹੱਦ ਤਕ ਵੱਖਰੇ ਹਨ। ਦੁੱਧ ਦੀਆਂ ਨਹਿਰਾਂ ਵਾਲਾ, ਯੋਧਿਆਂ, ਦਿਲਦਾਰ ਬੰਦਿਆਂ ਦਾ ਪੰਜਾਬ। ਕੁਦਰਤੀ ਵਸੀਲਿਆਂ, ਜ਼ਰਖੇਜ਼ ਭੋਇੰ ਤੇ ਧਾੜਵੀਆਂ ਨਾਲ ਖਹਿ-ਖਹਿ ਕੇ ਸੁੱਧ ਹੋਈਆਂ ਰੂਹਾਂ ਤੇ ਜਿਸਮ। ਕਿਵੇਂ ਹੈ ਕਿ ਗੁਰਦਿਆਲ ਸਿੰਘ ਤੇ ਮਹੇਸ਼ਵਤਾ ਦੇਵੀ ਦੇ ਪਾਤਰ ਇਕੋ ਖ਼ਾਨਦਾਨ ਦੇ ਲੱਗਦੇ ਹਨ। ਮਹੇਸ਼ਵਤਾ ਦੇਵੀ ਦੇ ਪਾਤਰ ਮੁਕਾਬਲਤਨ ਦਬੰਗ ਹਨ। ਗੁਰਦਿਆਲ ਸਿੰਘ ਟੁੱਟਦੀ ਕਿਸਾਨੀ ਦੇ ਦਰੜੇ ਦਲਿਤਾਂ ਦੀ ਬਾਤ ਪਾਉਂਦਾ ਹੈ।

ਇਸ ਅੰਕ 'ਚ ਪਰਮਿੰਦਰ ਸਿੰਘ ਦਾ ਗੁਰਦਿਆਲ ਸਿੰਘ ਬਾਰੇ ਲੇਖ ਪਤੇ ਦੀ ਗੱਲ ਕਰਦਾ ਹੈ...

"ਇਹ ਚੇਤਨਤਾ ਤੋਂ ਪਹਿਲਾਂ ਦੀ ਪਈ ਇਕ ਅਜਿਹੀ ਮਨੋਸਥਿਤੀ ਵੱਲ ਇਸ਼ਾਰਾ ਕਰਦਾ ਹੈ ਜਿਸ ਵਿਚ ਅਜਿਹੇ ਗ਼ੁੱਸੇ ਦੀ ਮਨੁੱਖੀ ਮਨ ਵਿਚ ਮੁੱਢ ਕਦੀਮ ਤੋਂ ਬੁਰਾਈਆਂ ਖ਼ਿਲਾਫ਼ ਪਏ ਗ਼ੁੱਸੇ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਪਰ ਇਹ ਗ਼ੁੱਸਾ ਅਤੇ ਬਗ਼ਾਵਤ ਦੀ ਭਾਵਨਾ ਯਕੀਨੀ ਤੌਰ 'ਤੇ ਸਮਾਜ ਅੰਦਰ ਦਾਬੂ ਸ਼ਕਤੀ ਦੇ ਕੇਂਦਰ ਨੂੰ ਆਪਣੇ ਤੋਂ ਬੇਗ਼ਾਨਾ ਅਤੇ ਵਿਰੋਧੀਆਂ ਵਾਲੇ ਸਥਾਨ 'ਤੇ ਰੱਖ ਕੇ ਉਸ ਨਾਲ ਸੰਵਾਦ ਰਚਾਉਣ ਦੀ ਸਥਿਤੀ ਵਿਚ ਹੈ। **ਆਪਣੀ ਚੇਤਨਤਾ ਤੋਂ ਪਹਿਲਾਂ ਦੀ ਸਥਿਤੀ ਵਿਚ ਹੋਣ ਕਰਕੇ ਇਹ ਗ਼ੁੱਸਾ ਅਤੇ ਬਗ਼ਾਵਤ ਦੀ ਭਾਵਨਾ ਇਨ੍ਹਾਂ ਨਾਵਲਾਂ ਦੀਆਂ ਕਈ ਸਥਿਤੀਆਂ ਵਿਚ ਨਿਰਾਸ਼ਾਵਾਦ ਨਾਲ ਵੀ ਆਪਣੀ ਸਾਂਝ ਬਣਾਉਂਦੀ ਹੈ।**"



**ਅੰਬਰਟੋ ਈਕੋ** (1932-2016) ਨੂੰ ਯਾਦ ਕਰਨਾ ਇਸ ਲਈ ਜ਼ਰੂਰੀ ਹੈ ਕਿ ਉਹਨੇ ਸਾਹਿਤਕ ਰਚਨਾ ਦੇ ਮੁੱਢ ਨੂੰ, ਲਿਖਣ ਦੀਆਂ ਜੜ੍ਹਾਂ ਨੂੰ, ਸਿਰਜਣਾ ਦੇ ਸਰੋਤ ਨੂੰ ਗੁੱਝੇ ਤੇ ਗ਼ੈਬੀ ਗਰਦੇ 'ਚੋਂ ਬਾਹਰ ਕੱਢਣ ਦੀ ਹਿੰਮਤ ਵਿਖਾਈ। ਕਿਸੇ ਹੱਦ ਤਕ ਅਣਗੌਲਿਆਂ ਵੀ, ਕਈ ਕਾਰਨਾਂ ਕਰਕੇ। ਈਕੋ ਇਲਹਾਮ ਦੇ ਵਿਹੜੇ ਨਹੀਂ ਜਾਂਦਾ। ਅੱਲ੍ਹਾ-ਮੀਆਂ ਉਹਦੇ ਕੰਨ ਵਿਚ ਫੂਕ ਨਹੀਂ ਮਾਰਦਾ। ਨਾ ਉਹਨੂੰ 'ਖਸਮ ਕੀ ਬਾਣੀ' ਉਤਰਦੀ ਹੈ। ਉਹ ਤੱਥਾਂ ਤੇ ਜ਼ਾਹਰਾ ਸੱਚਾਈਆਂ ਦੀ ਗਲੀਓਂ ਸੱਚ ਨੂੰ ਫੜ ਕੇ ਲਿਆਉਂਦਾ ਹੈ। ਉਹਨੂੰ ਕੁਝ ਗੱਲਾਂ ਦਾ ਪਤਾ ਹੈ, ਉਹਨੂੰ ਜੋੜ-ਗੰਢ ਕੇ ਉਹ ਆਪਣੀ ਮਹਿਬੂਬ ਰਚਨਾ ਸਿਰਜਦਾ ਹੈ। ਉਹ ਹਿੰਦਸਿਆਂ, ਨੁਕਤਿਆਂ, ਤਰਕੀਬਾਂ ਤੇ ਨੰਗੇ ਅੱਖਰਾਂ ਦੇ ਸ਼ੀਸ਼ੇ ਥਾਣੀਂ ਅਸਲੀ ਆਖ਼ਰੀ ਸੱਚ ਦਾ ਮੂੰਹ ਵੇਖਣ ਦਾ ਦਾਅਵਾ ਕਰਦਾ ਹੈ।


ਜਦੋਂ ਰੱਬ ਸੱਚੀਂ-ਮੁੱਚੀਂ ਮਰ ਜਾਵੇਗਾ, ਤੇਰ੍ਹਵੀਂ ਹੋ ਜਾਵੇਗੀ ਤਾਂ ਸਾਰੇ ਲੇਖਕ ਇੰਜ ਹੀ ਸੋਚਣਗੇ।


**ਮੇਰੀ ਮਨਪਸੰਦ ਰਚਨਾ** : ਪਿਛਲੇ ਕੁਝ ਮਹੀਨਿਆਂ 'ਚ ਪੰਜਾਬੀ ਦੇ ਨਿਕਲਦੇ ਸਾਹਿਤਕ ਰਿਸਾਲਿਆਂ 'ਚ ਮੇਰੀ ਪਸੰਦ ਦਾ ਲੇਖ ਯਾਦਵਿੰਦਰ ਸਿੰਘ ਦਾ 'ਪੰਜਾਬ : ਹਿੰਸਾ ਦੀ ਸਿਆਸਤ' ਹੈ। ਸਲੋਵੀਨੀਅਨ ਚਿੰਤਕ ਜ਼ਿਜ਼ੇਕ ਦੀ ਟੂਕ 'ਤੇ ਟਿਕਾ ਕੇ ਤੋਰਿਆ ਪੂਰਾ ਨੈਰੇਟਿਵ ਇਕ ਵਿਲੱਖਣ ਵਹਾਅ ਨਾਲ ਤੁਰਦਾ ਹੈ। ਓਪਰੇ ਅੱਖਰਾਂ ਤੇ ਵਲੈਤੀ-ਵਾਕੰਸ਼ਾਂ ਦੇ ਕੋੜਕੂ ਕਿਤੇ ਨਹੀਂ ਹਨ। ਬੌਧਿਕ ਸਿਆਣਪ ਦੀ ਥੁੜ ਨੂੰ ਕੱਜਣ ਲਈ ਨਾਟਕੀ ਢੰਗ ਨਾਲ ਨਾਹਰਿਆਂ ਦਾ ਛੱਟਾ ਦੇਣ ਦੀ ਖੋਟ ਤੋਂ ਬਿਨਾਂ ਮਜ਼ਮੂਨ ਤੇ ਮੰਜ਼ਿਲ ਤਕ ਪਹੁੰਚਾਉਣ ਵਾਲੀਆਂ ਏਹੋ ਜਿਹੀਆਂ ਰਚਨਾਵਾਂ ਕਦੇ-ਕਦਾਈਂ ਹੀ ਪੜ੍ਹਨ ਨੂੰ ਮਿਲਦੀਆਂ ਹਨ।




ਮੈਂ ਉਹਦੇ ਤਰਕ ਨਾਲ ਸਹਿਮਤ ਨਹੀਂ ਹਾਂ ਪਰ ਤੋਰ ਦੀ ਤਾਰੀਫ਼ ਕਰਨੀ ਬਣਦੀ ਹੈ।

## *ਪਹੁੰਚ ਰਸੀਦ*




ਸਰਬਜੀਤ ਕੌਰ ਜੱਸ ਦੀ 'ਸ਼ਬਦਾਂ ਦੀ ਨਾਟ ਮੰਡਲੀ' ਅਤੇ ਸੰਦੀਪ ਦੀ 'ਰੂਹ ਦੀ ਪਰਵਾਜ਼' ਪੁਸਤਕ ਰੀਵਿਊ ਹਿਤ ਪ੍ਰਾਪਤ ਹੋਈਆਂ ਹਨ। ਔਰਤਾਂ ਕੋਲ ਆਪਣੀਆਂ ਗੱਲਾਂ ਕਰਨ ਦੀ ਜ਼ੁਰਅਤ ਬੰਦਿਆਂ ਨਾਲੋਂ ਜ਼ਿਆਦਾ ਹੁੰਦੀ ਹੈ। ਬੰਦਿਆਂ ਨੂੰ 'ਚੱਜ ਦੀਆਂ ਗੱਲਾਂ' ਕਰਨ ਦਾ ਫ਼ਤੂਰ ਹੁੰਦਾ ਹੈ। ਸਰਬਜੀਤ ਕੌਰ ਜੱਸ ਦੀ ਬਾਰੀਕ ਭਾਵਾਂ ਨੂੰ ਚਿਤਰਦੀ ਕਵਿਤਾ—

*ਕਈ ਵਾਰ*
*ਰਾਹਾਂ ਦਾ ਭੱਖੜਾ ਥਾਲੀ 'ਚੋਂ ਉੱਗ ਆਉਂਦਾ ਏ*
*ਤੇ ਬੁਰਕੀ ਥੋਹਰ ਬਣ*
*ਗਲੇ ਨੂੰ ਲਹੂ-ਲੁਹਾਣ ਕਰ ਜਾਂਦੀ ਏ...*

•

*ਤੂੰ ਸੋਚਦੈਂ*
*ਘਰ ਲਿਆਂਦੇ ਜਾ ਸਕਦੇ ਨੇ*
*ਸ਼ਰੀਕਾ ਦੇ ਉੱਡਣਾ ਸੱਪ ਬਣ ਕੇ ਲੜਨ ਵਾਲੇ ਸੁਪਨੇ।*

'ਰੂਹ ਦੀ ਪਰਵਾਜ਼' 'ਚ ਸੰਦੀਪ ਦੀ ਇਕ ਯਾਦਗਾਰੀ ਸਤਰ ਹੈ—*ਯਾਦਾਂ ਦੇ ਪਰੂਫ਼ ਨਹੀਂ ਪੜ੍ਹੀਦੇ।*

ਔਰਤਾਂ ਨੂੰ ਇਹ ਸਮਾਜ ਹਮੇਸ਼ਾ ਓਪਰਾ ਲੱਗਦਾ ਹੈ। ਧੁਰ-ਅੰਦਰ ਇਕੱਲ ਹੁੰਦੀ ਹੈ, ਗਾੜ੍ਹੀ, ਹਨੇਰੀ, ਆਂਦਰਾਂ ਨੂੰ ਪੱਛ ਲਾਉਂਦੀ। ਨਾਰੀ ਲੇਖਣ ਦੀ ਗਹਿਰਾਈ ਤੇ ਸਹਿਤੀਪਣ, ਦੋਵਾਂ ਦਾ ਕਾਰਨ ਇਕੋ ਹੁੰਦਾ ਹੈ : ਸਿਰ 'ਚ ਪਸਰੀ 'ਓਪਰੇ' ਹੋਣ ਦੀ ਜਮਾਂਦਰੂ ਮਰਜ਼।

'ਰੂਹ ਦੀ ਪਰਵਾਜ਼' ਦੀ ਆਦਿਕਾ 'ਚ ਪਾਤਰ ਹੁਰੀਂ ਲਿਖਦੇ ਹਨ—"ਪਿਆਰ ਵਿਚ ਉਹ ਸਥਿਤੀ ਬਹੁਤ ਦੁਖਦਾਈ ਹੁੰਦੀ ਹੈ ਜਦੋਂ ਇਕ ਜਣਾ ਇਸ ਦੀ ਸ਼ਿੱਦਤ ਤੋਂ ਸੁਰਖਰੂ ਹੋ ਜਾਵੇ ਤੇ ਦੂਸਰਾ ਅਜੇ ਇਸ ਦੀ ਸ਼ਿੱਦਤ ਜੀ ਰਿਹਾ ਹੋਵੇ"। ਮੇਰੇ ਜੀਅ 'ਚ ਇਹਦਾ ਜਿਸਮੀ ਰੂਪ ਝਲਕਦਾ ਹੈ।

• • •

## *ਅਗਲੇ ਅੰਕ ਵਿਚ*

- ਅਮਰਜੀਤ ਚੰਦਨ ਦਾ ਨਿਬੰਧ—ਸੰਨ ਸੰਤਾਲੀ : ਪੰਜਾਬ ਦੇ ਉਜਾੜੇ ਦੀ ਕਵਿਤਾ
- ਜ਼ੁਬੈਰ ਅਹਿਮਦ ਦੀ ਕਹਾਣੀ 'ਯਾਦਾਂ ਦਾ ਵੱਗ'
- ਪ੍ਰੋ. ਭਗਵਾਨ ਜੋਸ਼ ਦਾ ਬੰਦਾ ਬਹਾਦਰ ਸੰਬੰਧੀ ਲੇਖ
- ਦੇਸ ਰਾਜ ਕਾਲੀ ਨਾਲ ਭਾਵਪੂਰਤ ਵਿਚਾਰ ਵਟਾਂਦਰਾ
- ਸਵਰਾਜਬੀਰ ਦਾ ਹਿੰਦੁਸਤਾਨੀ ਮਿੱਥਾਂ ਸੰਬੰਧੀ ਖੋਜ ਪੱਤਰ
- ਬਲਰਾਜ ਧਾਰੀਵਾਲ ਦਾ ਅਨੁਵਾਦ : ਜ਼ੋਰਬਾ ਦਾ ਗ੍ਰੀਕ
- ਲੜਾਈ/ਯੁੱਧ ਨਾਲ ਸੰਬੰਧਤ ਕਵਿਤਾਵਾਂ 'ਲਾਮ–ਕਲਾਮ'



## *ਪਹਿਲਾ ਸਾਹ*

–ਅਮਰਜੀਤ ਚੰਦਨ

**ਗੁਰਦਿਆਲ ਸਿੰਘ ਦੀ ਯਾਦ ਨਿਮਿਤ**

ਮੜ੍ਹੀ ਦਾ ਦੀਵਾ (1989) ਫ਼ਿਲਮ ਵਿਚ ਬੋਤੇ 'ਤੇ ਬੈਠੀ ਜਾਂਦੀ ਭਾਨੀ ਜਗਸੀਰ ਵਲ ਇਕਟੱਕ ਵੇਖੀ ਜਾਂਦੀ ਹੈ ਤੇ ਇਕ ਬਿੰਦ ਸਾਹਮਣੇ ਵੇਖ ਕੇ ਫੇਰ ਸਿਰ ਭੁਆਂ ਕੇ ਜਗਸੀਰ ਵਲ ਵੇਖਦੀ ਹੈ; ਓਝਲ਼ ਹੋਣ ਤਕ...

ਬੋਤੇ ਉੱਤੇ ਜਾਂਦੀ ਕੁੜੀਏ
ਮੁੜ ਮੁੜ ਬੈਠੀ ਕੀ ਵੇਂਹਦੀ ਏਂ ?
ਨੈਣ ਗਡਾਮੱਡ ਹੋਏ
ਜਿਸਦੇ ਦਰਸ਼ਨ ਕਰਨੇ ਖ਼ਾਤਰ
ਸਾਰਾ ਪਿੰਡਾ ਲੂੰ ਲੂੰ ਤੇਰਾ ਅੱਖੀਅਨ ਬਣਿਆ

ਵੇਂਹਦਿਆਂ ਵੇਂਹਦਿਆਂ ਵੇਂਹਦਿਆਂ
ਇਕ ਪਲ ਸਿਰ ਅਪਣਾ ਜਦ ਤੂੰ ਸਿੱਧਾ ਕੀਤਾ
ਤਾਂ ਉਸ ਵੇਲੇ ਤੇਰੇ ਮਨ ਵਿਚ ਕੀ ਆਇਆ ਸੀ ?

ਆਪਣੇ ਆਪ ਤੋਂ ਸ਼ਰਮਾਈ ਸੀ ?
ਚਿੰਤਾ ਦਾ ਪਹਿਲਾ ਸਾਹ ਉਸ ਪਲ ਲਿਆ ਸੀ
ਕੁਝ ਮੂੰਹ ਵਿਚ ਆਇਆ
ਪਰ ਬੋਲ ਨਾ ਹੋਇਆ

ਉਹ ਨਾਸਮਝੀ ਦਾ ਵੇਲਾ ਸੀ

ਜਾਂ ਉਸ ਪਲ ਸਭ ਕੁਝ ਭੁੱਲ ਗਿਆ ਸੀ
ਯਾਦ ਹੈ ਤੈਨੂੰ ?

ਵੇਂਹਦੀਆਂ ਵੇਂਹਦੀਆਂ ਹੋਈਆਂ ਓਝਲ਼
ਆਪੋ ਵਿਚ ਸਮੋਈਆਂ ਅੱਖੀਆਂ

ਉਨ੍ਹਾਂ ਨੇ ਸਭ ਕੁਝ ਦੇਖ ਲਿਆ ਸੀ

•

31.08.16



# ਗੁਰਦਿਆਲ ਸਿੰਘ ਦੇ ਨਾਵਲੀ ਸੰਸਾਰ ਵਿਚ ਬੇਗ਼ਾਨਗੀ ਅਤੇ ਘੁਸਮੁਸਾ

***ਡਾ. ਪਰਮਿੰਦਰ ਸਿੰਘ***

*"ਇਹ ਲੇਖ ਪਹਿਲਾਂ ਅੰਗਰੇਜ਼ੀ ਵਿਚ Alienation and Twilight in Literary Discourse ਦੇ ਸਿਰਲੇਖ ਹੇਠ 2002 'ਚ ਇੰਡੀਅਨ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀਜ਼, ਸ਼ਿਮਲਾ ਦੁਆਰਾ ਪ੍ਰਕਾਸ਼ਿਤ ਅਤੇ ਪ੍ਰੋ.ਫ਼ੈਸਰ ਹਰਜੀਤ ਸਿੰਘ ਗਿੱਲ ਦੁਆਰਾ ਸੰਪਾਦਤ ਪੁਸਤਕ Signification in Laguage and Culture ਵਿਚ ਛਪਿਆ ਸੀ।"*

ਐਂਗਲਜ਼ ਨੇ ਲਿਖਿਆ ਸੀ ਕਿ ਪਹਿਲਾਂ ਪ੍ਰਾਪਤ ਹਲਾਤਾਂ ਦੇ ਅਧਾਰ 'ਤੇ ਹੀ ਮਨੁੱਖ ਇਤਿਹਾਸ ਰਚਦੇ ਹਨ । ਇਸ ਤਰ੍ਹਾਂ ਉਸਨੇ ਸਿਰਜਣਾਤਮਕਤਾ/ਰਚਨਾਤਮਕਤਾ ਦੇ ਪੂਰੇ ਅਮਲ ਨੂੰ ਮਨੁੱਖ ਦੀ ਅਜ਼ਾਦ ਹਸਤੀ ਅਤੇ ਸਮਾਜਕ ਆਰਥਕ ਜੁਗਤ ਵਿਚਕਾਰ ਅਤੇ ਉਸ ਦੇ ਅਜ਼ਾਦ ਵਿਹਾਰ (Praxis) ਅਤੇ ਸਮਾਜਕ ਤੇ ਇਤਿਹਾਸਕ ਹਾਲਤਾਂ ਦੀ ਮੂਲ ਸੰਰਚਨਾ ਨਾਲ ਸੰਬੰਧਤ ਹਾਲਤਾਂ ਵਿਚਕਾਰ ਇਕ ਵਿਰੋਧ ਵਿਕਾਸੀ ਕਿਰਿਆ ਦੇ ਰੂਪ ਵਿਚ ਸਮਝਿਆ । ਇਸ ਤਰ੍ਹਾਂ, ਜਿਵੇਂ ਕਿ ਆਮ ਤੌਰ ਤੇ ਕਿਹਾ ਜਾਂਦਾ ਹੈ, ਸਾਹਿਤ ਕਿਸੇ ਵੀ ਸਮਾਜ ਦਾ ਸ਼ੀਸ਼ੇ ਵਿਚ ਇਕ ਪਰਤਾਓ ਨਾ ਹੋ ਕੇ ਸਮਾਜਕ ਅਤੇ ਇਤਿਹਾਸਕ ਯਥਾਰਥ ਨੂੰ ਆਪਣੇ ਹੀ ਮਖ਼ਸੂਸ ਰੂਪ ਜਾਂ ਸ਼ਕਲਾਂ ਦੇ ਕੇ ਪੇਸ਼ ਕਰਦਾ ਹੈ। ਭਾਵੇਂ ਕਿ ਕਿਸੇ ਸਾਹਿਤਕ ਕ੍ਰਿਤ ਦੇ ਤੱਤ ਉਪਰ ਉਸ ਦੇ ਰੂਪ ਦੀ ਪਰਧਾਨਤਾ ਦੇ ਪਰਦੇ ਹੇਠ ਬਾਹਰਮੁਖੀ ਯਥਾਰਥ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ, ਪਰ ਫਿਰ ਵੀ ਇਸ ਯਥਾਰਥ ਕੋਲ ਸਿਰਜਣਾਤਮਕ ਕਿਰਿਆ ਦੇ ਉਪਰੋਂ ਦੀ ਹੋ ਕੇ ਕੋਈ ਫੈਸਲਾਕੁਨ ਸ਼ਕਤੀ ਨਹੀਂ ਹੁੰਦੀ । ਪ੍ਰਾਪਤ ਬਾਹਰਮੁਖੀ ਹਾਲਤਾਂ ਅਤੇ ਸਿਰਜਣਾਤਮਕਤਾ ਦਾ ਆਪਸੀ ਵਿਰੋਧ ਵਿਕਾਸੀ ਰਿਸ਼ਤਾ, ਇਕ ਦੂਸਰੇ ਪੱਧਰ 'ਤੇ, ਆਧੁਨਿਕ ਸਾਹਿਤ ਵਿਚ ਲੇਖਕ ਵੱਲ ਅਤੇ ਲੋਕਧਾਰਾ ਅੰਦਰਲੀਆਂ ਬਹੁਪਸਾਰੀ ਕ੍ਰਿਤਾਂ ਦੇ ਸੰਦਰਭ ਵਿਚ ਲੋਕਾਂ ਦੇ ਸਮੂਹ ਵੱਲ ਇਸ਼ਾਰਾ ਕਰਦਾ ਹੈ ਅਤੇ ਇਹਨਾਂ ਵਿਚ ਹੀ ਸਿਰਜਣਾਤਮਕਤਾ ਦੇ ਮੂਲ ਸ੍ਰੋਤ ਦੀ ਨਿਸ਼ਾਨਦੇਹੀ ਕਰਦਾ ਹੈ । ਇਹ ਕਿਹਾ ਜਾ ਸਕਦਾ ਹੈ ਕਿ ਸਮਾਜਕ ਅਤੇ ਇਤਿਹਾਸਕ ਸ਼ਕਤੀਆਂ ਦੁਆਰਾ ਨਿਰਧਾਰਤ ਅਤੇ ਆਪਣੇ ਹੀ ਅਵਚੇਤਨ ਦੇ ਸਮਸਿਆਕਾਰਾਂ ਵਿਚ ਗ੍ਰਸੇ ਲੇਖਕ ਦੀ ਹਸਤੀ ਵਿਚ ਹੀ ਸਿਰਜਣ ਪ੍ਰਕ੍ਰਿਆ ਦੇ ਮੂਲ ਨੂੰ ਵੇਖਿਆ ਜਾ ਸਕਦਾ ਹੈ।

ਅਨੁਭਵ ਅਧੀਨ ਆਏ ਯਥਾਰਥ ਅਤੇ ਇਤਿਹਾਸਕ ਸ਼ਕਤੀਆਂ ਦੇ ਅਸਰ ਅੰਦਾਜ਼ ਵਿਚਾਰਾਂ ਦੇ ਸਮੂਹ ਨੂੰ ਜਦੋਂ ਗਿਆਨ ਪ੍ਰਾਪਤ ਕਰਨ ਦੀ ਕਰੜੀ ਕਿਰਿਆ ਵਿਚ ਪਾਇਆ ਜਾਂਦਾ ਹੈ ਤਾਂ ਉਹ ਕਲਪਣਾ ਦੇ ਖੇਤਰ ਵਿਚ ਦਾਖ਼ਲ ਹੋ ਕੇ ਯਥਾਰਥ ਦੇ ਵੱਖ ਵੱਖ ਹਿੱਸਿਆਂ ਦੇ ਨਵੇਂ ਜੁੱਟ ਬਣਾ ਕੇ ਇਕ ਨਵੇਂ ਰੂਪ ਨੂੰ ਜਨਮ ਦਿੰਦਾ ਹੈ । ਇਸ ਤਰ੍ਹਾਂ ਯਥਾਰਥ ਦਾ ਇਕ ਨਵਾਂ ਅਤੇ ਨਿਵੇਕਲਾ ਰੂਪ ਹੋਂਦ ਵਿਚ ਆਉਂਦਾ ਹੈ ਜੋ ਕਿ ਇਕੋ ਵੇਲੇ ਪ੍ਰਾਪਤ ਪਦਾਰਥਕ ਹਾਲਤਾਂ ਦੇ ਵਿਚੋਂ ਪੈਦਾ ਵੀ

ਹੋਇਆ ਹੁੰਦਾ ਹੈ ਅਤੇ ਇਹਨਾਂ ਤੋਂ ਪਾਰ ਵੀ ਜਾਂਦਾ ਹੈ । ਸਾਹਿਤਕ ਅਤੇ ਸਿਰਜਣਾਵਾਂ ਦੇ ਹੋਰਨਾਂ ਰੂਪਾਂ ਅਤੇ ਸਮਾਜਿਕ ਤੇ ਇਤਿਹਾਸਕ ਸ਼ਕਤੀਆਂ ਦੇ ਅਸਰ ਅੰਦਾਜ਼ ਹੋਣ ਵਾਲੇ ਚੌਖਟੇ ਦਰਮਿਆਨ ਇਕ ਜ਼ਰੂਰੀ ਵਿੱਥ ਕਰਕੇ ਸਾਹਿਤਕ ਕ੍ਰਿਤ ਦੇ ਤੱਤ ਅਤੇ ਇਸ ਦੇ ਚੌਖਟੇ ਵਿਚਕਾਰ ਸਮਾਨਤਾ ਜ਼ਰੂਰੀ ਨਹੀਂ ਹੈ । ਅਨੁਭਵ ਦੀ ਕਿਰਿਆ ਵਿਚੋਂ ਲੰਘਿਆ ਯਥਾਰਥ ਤਬਦੀਲੀਆਂ ਦੀ ਅਜਿਹੀ ਗੁੰਝਲਦਾਰ ਪ੍ਰਕਿਰਿਆ ਵਿਚੋਂ ਗੁਜ਼ਰਦਾ ਹੈ ਕਿ ਆਪਣੀ ਹੀ ਨਿਵੇਕਲੀ ਹਸਤੀ ਵਾਲੇ ਤੱਤ ਹੋਂਦ ਵਿਚ ਆ ਜਾਂਦੇ ਹਨ । ਇਸ ਤਰ੍ਹਾਂ ਕਿਸੇ ਸਮਾਜਕ ਸੰਸਥਾ ਜਾਂ ਲਹਿਰ, ਕਿਸੇ ਇਤਿਹਾਸਕ ਜਾਂ ਮਾਨਵ ਵਿਗਿਆਨੀ ਸੰਦਰਭ ਦੇ ਕਿਸੇ ਮੋਟਿਫ਼ ਅਤੇ ਸਾਹਿਤਕ ਜਾਂ ਹੋਰ ਪ੍ਰਕਾਰ ਦੀਆਂ ਸਿਰਜਣਾਵਾਂ ਵਿਚਕਾਰ ਇਕਸਾਰਤਾ ਇਹਨਾਂ ਸਿਰਜਣਾਵਾਂ ਦਾ ਜ਼ਰੂਰੀ ਅੰਗ ਨਹੀਂ ਬਣ ਸਕਦਾ । ਸਗੋਂ ਸਮਾਜਕ, ਇਤਿਹਾਸਕ ਅਤੇ ਮਾਨਵ ਵਿਗਿਆਨੀ ਸੰਦਰਭ, ਸਮੇਤ ਆਪਣੇ ਆਵਸ਼ਕ ਵਿਚਾਰਧਾਰਕ ਚੌਖਟੇ ਦੇ, ਕਿਸੇ ਵੀ ਸਾਹਿਤਕ ਸਿਰਜਣਾ ਵਿਚਲੀ ਮਨੁੱਖੀ ਸਥਿਤੀ ਅੰਦਰ ਵਿਅਕਤੀਆਂ ਦੇ ਨਵੇਂ ਜੁੱਟਾਂ ਅਤੇ ਸਮੇਂ ਤੇ ਸਥਾਨ ਦੇ ਅਨੁਸਾਰੀ ਪਿਛੋਕੜ ਅੰਦਰ ਇਕ ਨਿਵੇਕਲੇ ਅੰਦਾਜ਼ ਵਿਚ ਰੂਪਮਾਨ ਹੁੰਦਾ ਹੈ।

ਆਪਣੀ ਸਿਰਜਣ ਸ਼ਕਤੀ ਨੂੰ ਹਮੇਸ਼ਾ ਜ਼ਰਖ਼ੇਜ਼ ਰੱਖਣ ਵਾਲੇ ਗੁਰਦਿਆਲ ਸਿੰਘ ਨੇ ਵੱਡੀ ਗਿਣਤੀ ਵਿਚ ਨਾਵਲ, ਕਹਾਣੀ ਸੰਗ੍ਰਹਿ, ਨਾਟਕ, ਲੇਖ, ਬੱਚਿਆਂ ਦਾ ਸਾਹਿਤ ਅਤੇ ਹੋਰ ਅਨੁਵਾਦ ਅਤੇ ਸੰਪਾਦਤ ਕੀਤਾ ਹੋਇਆ ਸਾਹਿਤ ਪੰਜਾਬੀ ਭਾਸ਼ਾ ਨੂੰ ਦਿਤਾ । ਉਸ ਦੀਆਂ ਸਾਹਿਤਕ ਕ੍ਰਿਤਾਂ ਵਿਚੋਂ ਇਸ ਸੰਖੇਪ ਜਿਹੇ ਅਧਿਐਨ ਲਈ ਮੈਂ ਉਸ ਦੇ ਚਾਰ ਪ੍ਰਸਿੱਧ ਅਤੇ ਪ੍ਰਤੀਨਿਧ ਨਾਵਲਾਂ 'ਮੜ੍ਹੀ ਦਾ ਦੀਵਾ' (1964), 'ਅਣਹੋਏ' (1966), 'ਅੱਧ ਚਾਨਣੀ ਰਾਤ' (1972) ਅਤੇ 'ਪਰਸਾ' (1991) ਦੀ ਚੋਣ ਕੀਤੀ ਹੈ । ਇਹਨਾਂ ਨਾਵਲਾਂ ਦੀ ਰਚਨਾ ਕਰਨ ਦਾ ਸਮਾਂ 1964 ਤੋਂ 1991 ਤੱਕ ਦਾ ਹੈ । ਭਾਰਤ ਦੇ ਸਮਕਾਲੀ ਇਤਿਹਾਸ ਦੇ ਇਸ ਸਮੇਂ ਦਾ ਫੈਲਾਅ ਅਜੋਕੇ ਰਾਜਸੀ-ਆਰਥਕ ਸੰਕਟ ਦੇ ਲੱਛਣ ਪ੍ਰਗਟ ਹੋਣ ਤੋਂ ਲੈ ਕੇ ਫਿਰਕੂ ਦਹਿਸ਼ਤਗਰਦੀ ਦੀ ਹਿੰਸਾ ਦੇ ਸਿਖਰ ਪਹੁੰਚਣ ਤੱਕ ਫੈਲਿਆ ਹੋਇਆ ਹੈ । ਪਰ ਇਹਨਾਂ ਨਾਵਲਾਂ ਦੇ ਬ੍ਰਿਤਾਂਤ ਦਾ ਸਮਾਂ 1947 ਯਾਨੀ ਕਿ ਪੰਜਾਬ ਦੇ ਬਟਵਾਰੇ ਤੋਂ ਲੈ ਕੇ 1970 ਯਾਨੀ ਕਿ ਨਕਸਲਬਾੜੀਆਂ ਦੇ ਤੌਰ 'ਤੇ ਜਾਣੇ ਜਾਂਦੇ ਕਮਿਊਨਿਸਟ ਇਨਕਲਾਬੀਆਂ ਦੀ ਲਹਿਰ ਦੇ ਪਹਿਲੇ ਗੇੜ ਤੱਕ ਦਾ ਹੈ । ਇਹਨਾਂ ਨਾਵਲਾਂ ਦੀਆਂ ਮਨੁੱਖੀ ਸਥਿਤੀਆਂ ਵਿਚ ਸਮੋਏ ਸਭਿਆਚਾਰ ਦਾ ਮੂਲ ਸੁਭਾਅ ਵਿਚਾਰਧਾਰਕ ਤੌਰ ਤੇ ਉਹਨਾਂ ਕਦਰਾਂ ਕੀਮਤਾਂ ਨਾਲ ਇਕਸਾਰ ਹੈ ਜਿਨ੍ਹਾਂ ਨੂੰ ਪੈਪਸੂ ਦੀ ਪਰਜਾ ਮੰਡਲ ਲਹਿਰ, ਲਾਲ ਕਮਿਊਨਿਸਟ ਪਾਰਟੀ ਦੀ ਮੁਜ਼ਾਰਾ ਲਹਿਰ ਅਤੇ 1960 ਵਿਆਂ ਦੇ ਅੰਤ ਅਤੇ 1970 ਵਿਆਂ ਦੇ ਸ਼ੁਰੂ ਦੀ ਨਕਸਲਬਾੜੀ ਲਹਿਰ ਨੇ ਹੋਂਦ ਵਿਚ ਲਿਆਂਦਾ, ਮਜ਼ਬੂਤ ਕੀਤਾ ਅਤੇ ਪਰਚਾਰਿਆ । 'ਅਣਹੋਏ' ਅਤੇ 'ਪਰਸਾ' ਵਿਚਲੇ ਦੋ ਛੋਟੇ ਕਿਰਦਾਰਾਂ ਰਾਹੀਂ ਪਰਜਾ ਮੰਡਲ ਅਤੇ ਨਕਸਲਬਾੜੀ ਲਹਿਰ ਵਲ ਇਕ ਸੰਖੇਪ ਜਿਹੇ ਇਸ਼ਾਰੇ ਤੋਂ ਬਿਨਾਂ ਇਹ ਲਹਿਰਾਂ ਇਹਨਾਂ ਨਾਵਲਾਂ ਦੇ ਬਿਰਤਾਂਤ ਦਾ ਸਿੱਧੇ ਤੌਰ ਤੇ ਹਿੱਸਾ ਨਹੀਂ ਹਨ । ਫਿਰ ਵੀ ਪੰਜਾਬ ਅਤੇ ਖ਼ਾਸ ਤੌਰ ਤੇ ਪਹਿਲਾਂ ਪੈਪਸੂ ਦਾ ਹਿੱਸਾ ਰਹੇ ਮਾਲਵਾ ਖਿੱਤੇ ਦਾ ਸਭਿਆਚਾਰਕ ਵਾਤਾਵਰਣ, ਜਿਸ ਦੀਆਂ ਜੜ੍ਹਾਂ ਵਿਚ ਇਹਨਾਂ ਲਹਿਰਾਂ ਦੀ ਵਿਚਾਰਧਾਰਾ ਪਈ ਹੈ, ਇਹਨਾਂ ਨਾਵਲਾਂ ਦੇ ਬਿਰਤਾਂਤ ਦੀਆਂ ਮਨੁੱਖੀ ਸਥਿਤੀਆਂ ਵਿਚ ਸਮੋਇਆ ਹੋਇਆ ਹੈ ।

ਪਰਜਾ ਮੰਡਲ ਅਤੇ ਮੁਜ਼ਾਰਾ ਲਹਿਰ ਮੂਲ ਰੂਪ ਵਿਚ ਜ਼ਰਾਇਤੀ ਲਹਿਰਾਂ ਸਨ ਅਤੇ ਇਹ ਰਿਆਸਤਾਂ ਖਾਸ ਤੌਰ ਤੇ ਪਟਿਆਲਾ ਰਿਆਸਤ ਦੀਆਂ ਹਕੂਮਤਾਂ ਅਤੇ ਨਾਲ ਹੀ ਬਰਤਾਨਵੀ ਸਾਮਰਾਜ, ਜਿਸ ਦੀ ਸਰਦਾਰੀ ਹੇਠ ਇਹ ਰਿਆਸਤਾਂ ਆਪਣਾ ਕਾਰ ਵਿਹਾਰ ਚਲਾ ਰਹੀਆਂ ਸਨ, ਦੇ ਜ਼ੁਲਮ ਵਿਰੁਧ ਸੇਧਤ ਸਨ । ਇਸ ਕਰਕੇ ਇਥੋਂ ਦੇ ਲੋਕ ਇਹਨਾਂ ਰਿਆਸਤਾਂ ਅਤੇ ਬਰਤਾਨਵੀ ਸਾਮਰਾਜ ਦੇ ਦੂਹਰੇ ਜ਼ੁਲਮ ਹੇਠ ਪਿਸਦੇ ਰਹੇ ਸਨ । ਕਈ ਵਾਰੀ ਉਹਨਾਂ ਨੂੰ ਉਸ ਜਬਰ ਦਾ ਸਾਹਮਣਾ ਕਰਨਾ ਪੈਂਦਾ ਸੀ ਜਿਸ ਨੂੰ ਰਿਆਸਤਾਂ ਦੀ ਪੁਲਿਸ ਉਹਨਾਂ ਕੋਲੋਂ ਜ਼ਮੀਨ ਦਾ ਮਾਮਲਾ ਵਸੂਲਣ ਲਈ ਢਾਹੁੰਦੀ ਸੀ । ਜਾਬਰ ਨਿਜ਼ਾਮ ਦੇ ਜਬਰ ਦਾ ਦੂਜਾ ਨਮੂਨਾ ਬਿਸਵੇਦਾਰਾਂ ਰਾਹੀਂ ਆਪਣੀ ਜ਼ਮੀਨ ਉਪਰ ਕੰਮ ਕਰਦੇ ਮੁਜ਼ਾਰਿਆਂ ਤੋਂ ਆਪਣੀ ਬਟਾਈ ਦੀ ਰਕਮ ਵਸੂਲ ਕਰਨ ਲਈ ਕੀਤੇ ਜਾਂਦੇ ਜਬਰ ਦਾ ਸੀ । ਕਿਉਂਕਿ ਇਥੋਂ ਦੇ ਲੋਕ ਕਿਸੇ ਵੀ ਤਰ੍ਹਾਂ ਦੀਆਂ ਸ਼ਹਿਰੀ ਅਜ਼ਾਦੀਆਂ ਅਤੇ ਜਮਹੂਰੀ ਹੱਕਾਂ ਤੋਂ ਵਿਰਵੇ ਸਨ, ਇਸ ਲਈ ਇਹਨਾਂ ਉਪਰ ਢਾਹਿਆ ਜਾਂਦਾ ਇਹ ਜਬਰ ਨਿੱਤ ਦਿਨ ਦੀ ਗੱਲ ਸੀ । ਸਰਦਾਰ ਸੇਵਾ ਸਿੰਘ ਠੀਕਰੀਵਾਲਾ ਅਤੇ ਭਗਵਾਨ ਸਿੰਘ ਲੌਂਗੋਵਾਲ ਵਰਗਿਆਂ ਦੀਆਂ ਗ੍ਰਿਫਤਾਰੀਆਂ ਆਮ ਵਰਤਾਰਾ ਸਨ । ਪਰਜਾ ਮੰਡਲ ਲਹਿਰ ਖਾੜਕੂ ਅਕਾਲੀਆਂ, ਕਾਂਗਰਸ ਅਤੇ ਕਮਿਊਨਿਸਟਾਂ ਦਾ ਵਿਸ਼ਾਲ ਜਮਹੂਰੀ ਫਰੰਟ ਸੀ ਜੋ ਕਿ ਤੇਜ਼ੀ ਨਾਲ ਜਗੀਰਦਾਰ ਅਤੇ ਸਾਮਰਾਜ ਵਿਰੋਧੀ ਧਰਮ ਨਿਰਪੱਖ ਸਭਿਆਚਾਰ ਦੇ ਵਿਕਾਸ ਵੱਲ ਵਧ ਰਿਹਾ ਸੀ ।

ਦੂਜੀ ਸੰਸਾਰ ਜੰਗ ਦੇ ਅੰਤ ਤੱਕ ਭਾਰਤ ਦੇ ਕਈ ਹਿੱਸਿਆਂ ਵਿਚ ਜਗੀਰਦਾਰੀ ਨਿਜ਼ਾਮ ਦੀਆਂ ਵਿਰੋਧੀ ਜ਼ਰਾਇਤੀ ਲਹਿਰਾਂ ਉਠੀਆਂ । ਇਹਨਾਂ ਵਿਚੋਂ ਹੈਦਰਾਬਾਦ ਰਿਆਸਤ ਦੀ ਤਿਲੰਗਾਨਾ ਲਹਿਰ ਅਤੇ ਪਟਿਆਲਾ ਰਿਆਸਤ ਵਿਚਲੀ

"

'ਮੜ੍ਹੀ ਦਾ ਦੀਵਾ' ਵਿਚ ਇਹ ਟਾਹਲੀ ਦੀ ਚੌੜੀ, ਸੰਘਣੀ ਛਤਰੀ, ਹੌਲੀ ਹੌਲੀ ਰੁਮਕਦੀ ਠੰਢੀ ਹਵਾ ਅਤੇ ਤਾਜ਼ਾ ਵਾਹੀ ਧਰਤੀ ਵਿਚੋਂ ਉਠਦੀ ਮਹਿਕ ਹੀ ਹੈ ਜੋ ਕਿ ਜਗਸੀਰ ਨੂੰ ਉਸ ਦੀ ਜ਼ਿੰਦਗੀ ਦੀਆਂ ਤਲਖ਼ੀਆਂ ਭੁਲਾ ਦਿੰਦੀ ਹੈ। ਉਸ ਦੀ ਹਸਤੀ ਨਾ ਸਿਰਫ ਆਪਣੀ ਕਿਰਤ ਕਰਨ ਦੀ ਧਰਾਤਲ ਦੇ ਇਹਨਾਂ ਹਿੱਸਿਆਂ ਅਤੇ ਪੱਖਾਂ ਨਾਲ ਇਕਮਿਕ ਹੈ ਸਗੋਂ ਇਕ ਤਣਾਓ-ਗ੍ਰਸਤ ਸਥਿਤੀ ਦੇ ਵਕਤ ਉਸ ਦੇ ਮਨ ਦੀ ਸਥਿਰਤਾ ਨੂੰ ਇਹ ਫਿਰ ਤੋਂ ਪਰਤਾ ਦਿੰਦੇ ਹਨ । ਇਸੇ ਤਰ੍ਹਾਂ ਤਰਖਾਣਾ ਕੰਮ ਕਰਨ ਦੇ ਸੰਦ ਹੀ ਹਨ ਜੋ ਕਿ ਬਿਸ਼ਨੇ ਨੂੰ ਆਪਣੇ ਮਨ ਨੂੰ ਤੜਪਾਉਣ ਵਾਲੇ ਗੁੱਸੇ ਉਪਰ ਕਾਬੂ ਪਾਉਣ ਲਈ ਮਦਦ ਕਰਦੇ ਹਨ ।

"

ਮੁਜ਼ਾਰਾ ਲਹਿਰ ਦੋ ਪ੍ਰਮੁੱਖ ਲਹਿਰਾਂ ਸਨ । ਪਰਜਾ ਮੰਡਲ ਲਹਿਰ ਦੇ ਸਿਆਸੀ ਸਭਿਆਚਾਰ ਨੂੰ ਮੁਜ਼ਾਰਾ ਲਹਿਰ ਹੋਰ ਉੱਚੀ ਸਤਹ ਤਕ ਲੈ ਗਈ । ਇਸ ਲਹਿਰ ਵਿਚ ਰਿਆਸਤ ਦੇ ਹਥਿਆਰਬੰਦ ਬਲਾਂ ਅਤੇ ਬਿਸਵੇਦਾਰਾਂ ਦੇ ਹਥਿਆਰਬੰਦ ਗੈਂਗਾਂ ਦੇ ਵਿਰੁਧ ਸੀਮਤ ਹਥਿਆਰਬੰਦ ਸੰਘਰਸ਼ ਲੜੇ ਗਏ । ਜਗੀਰੂ ਜਬਰ ਦੇ ਖ਼ਿਲਾਫ ਲੋਕਾਂ ਦੇ ਸੰਘਰਸ਼ ਦੀ ਹਥਿਆਰਬੰਦ ਹਿਫਾਜ਼ਤ ਦੀ ਹੁਣ ਤੱਕ ਦੀ ਸਭ ਤੋਂ ਪ੍ਰਸਿੱਧ ਮਿਸਾਲ ਮੁਜ਼ਾਰਾ ਲਹਿਰ ਦਾ ਕਿਸ਼ਨਗੜ੍ਹ ਮੋਰਚਾ ਹੈ ।

ਇਹ ਦੋਵੇਂ ਲਹਿਰਾਂ ਇਕ ਅਜਿਹੀ ਸਮਾਨੰਤਰ ਖਾੜਕੂ, ਧਰਮ ਨਿਰਪੱਖ ਅਤੇ ਸਥਾਪਤੀ ਵਿਰੋਧੀ ਰਾਜਸੀ ਵਿਚਾਰਧਾਰਾ ਦੇ ਚੌਖਟੇ ਨੂੰ ਬਨਾਉਣ ਵਾਲੀਆਂ ਸਨ ਜੋ ਕਿ ਸਮਕਾਰੀ ਸਮੇਂ ਵਿਚ ਫਿਰਕੂ ਆਧਾਰ 'ਤੇ ਉਸਰੀ ਮੁਖਧਾਰਾ ਦੀ ਰਾਜਨੀਤੀ ਤੋਂ ਪਰ੍ਹੇ ਸੀ । ਖਾੜਕੂ ਹੋਣ ਦੇ ਨਾਲ ਨਾਲ ਇਹ ਲਹਿਰਾਂ ਮੁਜ਼ਾਰੇ ਦੀ ਉਸ ਜ਼ਮੀਨ ਉਪਰ ਹੱਕ ਦੀ ਜ਼ਾਮਨੀ ਭਰਦੀਆਂ ਸਨ ਜਿਸ ਨੂੰ ਕਿ ਉਹ ਵਾਹੁੰਦਾ ਸੀ । ਦੂਸਰੇ ਸ਼ਬਦਾਂ ਵਿਚ ਇਹਨਾਂ ਲਹਿਰਾਂ ਦਾ ਰਾਜਸੀ ਪ੍ਰੋਗਰਾਮ ਕਿਰਤ ਅਤੇ ਪੈਦਾਵਾਰੀ ਸਾਧਨਾਂ, ਜੋ ਕਿ ਇਸ ਸਥਿਤੀ ਵਿਚ ਜ਼ਮੀਨ ਸੀ, ਵਿਚਕਾਰ ਇਕ ਸਹਿਜੀਵਤਾ ਦਾ ਰਿਸ਼ਤਾ ਮੁੜ ਤੋਂ ਸਥਾਪਤ ਕਰਨਾ ਸੀ । ਅਖੀਰ ਤੇ ਇਹ ਵੀ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਇਹਨਾਂ ਲਹਿਰਾਂ ਦੇ ਮੂਲ ਸੁਭਾਅ ਵਿਚ ਲੋਕਾਂ ਅੰਦਰ ਮਕਬੂਲ ਹੋਣ ਦੀ ਜ਼ਬਰਦਸਤ ਸੰਭਾਵਨਾ ਸੀ ਕਿਉਂਕਿ ਇਹਨਾਂ ਦੀ ਕੇਂਦਰੀ ਧੁੱਸ ਜਿਉਣਾ ਮੌੜ ਅਤੇ ਮਿਰਜ਼ੇ ਵਰਗੇ ਨਾਇਕਾਂ ਦੇ ਨਾਇਕਤਵ ਸੰਗ ਭਰਪੂਰ ਅਮਲ ਨਾਲ ਮੇਲ ਖਾਂਦੀ ਸੀ । ਇਹਨਾਂ ਲਹਿਰਾਂ ਦੇ ਰਾਜਸੀ ਸੁਭਾਅ ਅਤੇ ਲੋਕ ਨਾਇਕਾਂ ਦੇ ਖਾੜਕੂ ਅਮਲਾਂ ਵਿਚ ਇਕ ਅਜਿਹੀ ਵਿਚਾਰਧਾਰਕ ਸਾਂਝ ਸੀ ਜੋ ਕਿ ਇਹਨਾਂ ਦੇ ਘੇਰੇ ਨੂੰ ਮਾਨਵ ਵਿਗਿਆਨੀ ਮਹੱਤਤਾ ਵਾਲੇ ਪੱਧਰ ਤੱਕ ਵਿਸ਼ਾਲ ਕਰਦੀ ਸੀ।

ਮੁਜ਼ਾਰਾ ਲਹਿਰ ਤੋਂ ਬਾਅਦ ਅਜਿਹੀ ਕੋਈ ਸਮਾਜਕ ਅਤੇ ਰਾਜਸੀ ਲਹਿਰ ਨਹੀਂ ਹੈ ਜਿਸਦਾ ਕੋਈ ਆਪਣਾ ਸਿਫ਼ਤੀ ਤੌਰ ਤੇ ਵੱਖਰਾ ਵਿਸ਼ੇਸ਼ ਸਥਾਨ ਹੋਵੇ । ਭਾਵੇਂ ਇਸ ਲਹਿਰ ਤੋਂ ਪਿਛੋਂ ਵੀ ਪੰਜਾਬ ਵਿਚ ਖ਼ੁਸ਼ ਹੈਸੀਅਤੀ ਟੈਕਸ ਦੇ ਖ਼ਿਲਾਫ਼ ਅਤੇ ਅਬਾਦਕਾਰਾਂ ਨੂੰ ਜ਼ਮੀਨ ਦਾ ਹੱਕ ਦਿਵਾਉਣ ਲਈ ਵੱਡੀ ਪੱਧਰ ਤੇ ਲੋਕਾਂ ਦੀ ਸ਼ਮੂਲੀਅਤ ਵਾਲੀਆਂ ਲਹਿਰਾਂ ਚੱਲੀਆਂ ਪਰ ਇਹਨਾਂ ਲਹਿਰਾਂ ਵਿਚ ਪੰਜਾਬੀ ਸਭਿਆਚਾਰ ਦੇ ਖਾੜਕੂ ਨਾਇਕਤਵ ਵਾਲੇ ਸਭਿਆਚਾਰ ਦਾ ਹਿੱਸਾ ਬਣਨ ਦੀ ਸੰਭਾਵਨਾ ਨਹੀਂ ਸੀ । ਸੱਠਵਿਆਂ ਤੱਕ ਪਹੁੰਚਦੇ ਪਹੁੰਚਦੇ ਕੌਮੀ ਨਵਉਸਾਰੀ ਵਾਲੇ ਸਮਝੇ ਜਾ ਰਹੇ ਮਾਡਲ ਦੇ ਅੰਦਰ ਪਈ ਬੀਮਾਰੀ ਦੇ ਪਹਿਲੇ ਲੱਛਣ ਪ੍ਰਗਟ ਹੋਣ ਨਾਲ ਸਮਾਜ ਅੰਦਰ ਅੰਸਤੁਸ਼ਟੀ ਦੀਆਂ ਪਹਿਲੀਆਂ ਨਿਸ਼ਾਨੀਆਂ ਵੀ ਦਿਸਣ ਲੱਗੀਆਂ । ਇਹ ਅਸਲ ਵਿਚ ਉਸ ਆਰਥਕ ਸੰਰਚਨਾ ਦੇ ਸੰਕਟ ਦੇ ਲੱਛਣ ਸਨ ਜੋ ਕਿ ਸਾਡੀ ਰਾਜਨੀਤਕ ਸਥਾਪਤੀ ਨੇ 1947 ਤੋਂ ਬਾਅਦ ਰਚੀ ਸੀ । 1967 ਵਿਚ ਇਕ ਚਿੰਗਾਰੀ ਦੇ ਵਾਂਗ ਇਹਨਾਂ ਸੰਕਟਾਂ ਦੇ ਕਾਰਨ ਇਕ ਹੋਰ ਲਹਿਰ ਨੇ ਜਨਮ ਲਿਆ ਜੋ ਕਿ ਨਕਸਲਬਾੜੀ ਦੇ ਨਾਂ ਨਾਲ ਜਾਣੀ ਜਾਂਦੀ ਹੈ । ਵਿਚਾਰਧਾਰਕ ਅਤੇ ਸਭਿਆਚਾਰਕ ਤੌਰ ਤੇ ਇਸ ਲਹਿਰ ਨੇ 1947-48 ਦੇ ਸਮੇਂ ਵਿਚ ਚਲੀਆਂ ਜ਼ਰਾਇਤੀ ਲਹਿਰਾਂ ਨਾਲ ਆਪਣਾ ਸਜੀਵ ਰਿਸ਼ਤਾ ਬਣਾ ਲਿਆ । ਇਹਨਾਂ ਲਹਿਰਾਂ ਦੇ ਖਾੜਕੂ ਸੁਭਾਅ, ਇਹਨਾਂ ਉਪਰ ਕੀਤੇ ਗਏ ਗ਼ੈਰ ਮਨੁੱਖੀ ਤਸ਼ਦਦ ਅਤੇ ਸ਼ਹਾਦਤ ਨਾਲ ਰਲਗੱਡ ਹੁੰਦੀ ਇਹਨਾਂ ਦੀ ਸੂਰਬੀਰਤਾ ਕਰਕੇ ਇਹਨਾਂ ਨੂੰ ਇਕ ਸਾਂਝਾ ਅਰਥ ਰੱਖਣ ਵਾਲੀ ਪਹਿਚਾਣ ਦੇ ਅਨੁਸਾਰ ਪ੍ਰੀਭਾਸ਼ਤ ਕੀਤਾ ਜਾ ਸਕਦਾ ਹੈ । ਲੋਕਾਂ ਦੇ ਮਨਾਂ ਤੇ ਆਪਣਾ ਗ਼ਲਬਾ ਰੱਖਣ ਵਾਲੇ ਸੂਰਬੀਰਤਾ ਦੇ ਪ੍ਰਵਚਨ ਦਾ ਇਕ ਹੋਰ ਮਹੱਤਵਪੂਰਨ ਫੈਲਾਅ ਉਹਨਾਂ ਲੋਕਧਾਰਾਈ ਨਾਇਕਾਂ ਦੇ ਅਮਲਾਂ ਵਿਚ ਦੇਖਿਆ ਜਾ ਸਕਦਾ ਹੈ ਜੋ ਕਿ ਆਪਣੇ ਆਦਰਸ਼

ਵਾਸਤੇ ਡੱਟ ਕੇ ਖੜ੍ਹੇ, ਲੜੇ ਅਤੇ ਆਖ਼ਰ ਵਿਚ ਇਕੱਲੇ ਹੀ ਮਾਰੇ ਗਏ । ਲੋਕਾਂ ਦੇ ਮਨਾਂ ਵਿਚ ਵਸੇ ਇਸ ਪ੍ਰਵਚਨ ਦਾ ਖੇਤਰ ਇਤਿਹਾਸਕ ਵੀ ਰਿਹਾ ਹੈ ਅਤੇ ਮਾਨਵ ਵਿਗਿਆਨੀ ਵੀ । ਪਰ ਇਹ ਜ਼ਰੂਰ ਹੈ ਕਿ ਇਸ ਦਾ ਵਾਸ ਸਥਾਪਤੀ ਦੇ ਖੇਤਰ ਵਿਚ ਕਿਤੇ ਵੀ ਨਹੀਂ ਰਿਹਾ । ਸਮਾਜ ਵਿਚ ਇਸ ਦੀ ਜਗਹ ਜ਼ਰੂਰੀ ਤੌਰ 'ਤੇ ਦਾਬੂ ਸ਼ਕਤੀ ਦੇ ਅਧਾਰ 'ਤੇ ਸਥਾਪਤ ਰਿਸ਼ਤਿਆਂ ਵਿਚ ਨਾ ਹੋ ਕੇ ਹਮੇਸ਼ਾ ਹੀ ਇਹਨਾਂ ਤੋਂ ਬਾਹਰ ਰਹੀ ਹੈ ।

ਲੋਕਾਂ ਦੇ ਮਨਾਂ ਵਿਚ ਵੱਸੇ ਉਪਰ ਦਰਜ ਪ੍ਰਵਚਨ ਦਾ ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਅਜਿਹੀ ਮਨੁੱਖੀ ਸਥਿਤੀ ਵਿਚ ਬਾਰ ਬਾਰ ਪ੍ਰਗਟਾਅ ਹੁੰਦਾ ਹੈ ਜਿਸ ਵਿਚ ਬਾਰ ਬਾਰ ਪ੍ਰਗਟਾਅ ਮਨੁੱਖ ਅਤੇ ਉਸ ਦੀ ਕਿਰਤ ਵਿਚਲਾ ਰਿਸ਼ਤਾ ਸਹਿਜੀਵਤਾ ਦਾ ਹੈ । ਇਸ ਮਨੁੱਖੀ ਸਥਿਤੀ ਦੇ ਵਿਚ ਵਸਦੇ ਤੱਤ ਦੀ ਵਾਸਤਵਿਕਤਾ ਇਤਿਹਾਸਕ ਪਦਾਰਥਵਾਦ ਦੀਆਂ ਉਹਨਾਂ ਧਾਰਨਾਵਾਂ ਵਿਚ ਵੀ ਦੇਖੀ ਜਾ ਸਕਦੀ ਹੈ ਜਿਹਨਾਂ ਅਨੁਸਾਰ ਮਨੁੱਖ ਦੀ ਜੀਵ ਵਿਗਿਆਨੀ (Biological) ਪਰਜਾਤੀ (Species) ਹੋਮੋ ਸੇਪੀਅਨਜ਼ (Homo sapiens) ਦਾ ਇਨਸਾਨ ਬਣਨ ਦਾ ਅਮਲ ਉਸ ਦੁਆਰਾ ਕੀਤੀ ਕਿਰਤ ਰਾਹੀਂ ਹੀ ਪੂਰਾ ਹੁੰਦਾ ਹੈ । ਇਸ ਤਰ੍ਹਾਂ ਇਨਸਾਨ ਬਣਨ ਦੇ ਅਮਲ ਅਤੇ ਕਿਰਤ ਦੇ ਸਿਧਾਂਤ ਦਾ ਆਪਸ ਵਿਚਦੀ ਨਹੁੰ ਮਾਸ ਦਾ ਰਿਸ਼ਤਾ ਹੈ । ਕਿਉਂਕਿ ਗੁਰਦਿਆਲ ਸਿੰਘ ਦੇ ਨਾਵਲਾਂ ਦਾ ਬਿਰਤਾਂਤ ਮੁੱਖ ਤੌਰ ਤੇ ਜ਼ਰਾਇਤੀ ਹਾਲਤਾਂ ਅਤੇ ਧਰਾਤਲ ਦੇ ਪਰ੍ਹਾਂ ਕਦੇ ਨਹੀਂ ਜਾਂਦਾ, ਇਸ ਲਈ ਇਹਨਾਂ ਵਿਚ ਕਿਰਤ ਦਾ ਕੇਂਦਰ ਬਿੰਦੂ ਖੇਤੀ ਬਾੜੀ ਹੀ ਰਹੀ ਹੈ । ਇਸੇ ਕਰਕੇ ਇਹਨਾਂ ਨਾਵਲਾਂ ਦਾ ਬਿਰਤਾਂਤ ਕਿਸਾਨੀ ਅਤੇ ਇਸ ਨਾਲ ਸੰਬੰਧਤ ਕਿੱਤਿਆਂ ਉੱਪਰ ਹੀ ਕੇਂਦ੍ਰਿਤ ਰਿਹਾ ਹੈ । 'ਅਣਹੋਏ' ਵਿਚ ਬਿਸ਼ਨੇ ਅਤੇ ਉਸ ਦੇ ਘਰ ਵਾਲੀ, 'ਮੜ੍ਹੀ ਦਾ ਦੀਵਾ' ਵਿਚ ਜਗਸੀਰ ਅਤੇ ਉਸ ਜ਼ਮੀਨ ਦੇ ਟੁਕੜੇ ਅਤੇ ਟਾਹਲੀ ਦੀ ਜਿਸ ਨੂੰ ਕਿ ਉਹ 'ਆਪਣੀ' ਕਹਿੰਦਾ ਹੈ, 'ਅੱਧ ਚਾਨਣੀ ਰਾਤ' ਵਿਚ ਮੋਦਨ ਅਤੇ ਉਸ ਦੁਆਰਾ ਵਾਹੀ ਬੀਜੀ ਜਾਂਦੀ ਜ਼ਮੀਨ, ਖੇਤ ਵਿਚਲੇ ਉਸ ਦੇ ਘਰ ਦੀ ਅਤੇ 'ਪਰਸਾ' ਵਿਚ ਪਰਸੇ ਅਤੇ ਉਸ ਦੀ ਜ਼ਮੀਨ ਅਤੇ ਆਮ ਜ਼ਿੰਦਗੀ ਦੀ ਇਕਮਿਕਤਾ ਹੀ ਇਹਨਾਂ ਪ੍ਰਮੁੱਖ ਨਾਵਲਾਂ ਵਿਚਲੀ ਮਨੁੱਖੀ ਸਥਿਤੀ ਦਾ ਅਧਾਰ ਹੈ । ਇਹਨਾਂ ਨਾਵਲਾਂ ਦੇ ਬਿਰਤਾਂਤ ਦੇ ਸ਼ੁਰੂ ਵਿਚ ਇਹਨਾਂ ਵਿਚਲੇ ਜੁਗਰਾਫਿਆਈ ਬ੍ਰਹਿਮੰਡ ਵਿਚ ਇਹਨਾਂ ਸਥਾਨਾਂ ਦਾ ਬਿਆਨ ਇਕ ਭਰਪੂਰਤਾ ਵਾਲੀ ਹਿਤਕਾਰੀ ਹੋਂਦ ਅਤੇ ਇਕ ਭਰਵੀਂ ਖ਼ੁਸ਼ੀ ਤੇ ਸੰਤੁਸ਼ਟਤਾ ਦੀ ਤਸਵੀਰ ਪੇਸ਼ ਕਰਦਾ ਹੈ । ਆਪਣੇ ਘਰ ਵਿਚਲੀ ਜ਼ਿੰਦਗੀ ਜਿਸ ਨੂੰ ਬਿਸ਼ਨਾ ਅਤੇ ਦਯਾ ਕੌਰ ਹਮੇਸ਼ਾ ਯਾਦ ਰਖਦੇ ਹਨ ਅਤੇ ਜਿਸ ਲਈ ਉਹ ਤਾਂਘਦੇ ਹਨ, ਇਕ ਅਜਿਹੀ ਜ਼ਿੰਦਗੀ ਹੈ ਜਿਸ ਵਿਚ ਬਿਸ਼ਨੇ ਦਾ ਛੋਟਾ ਭਰਾ ਭਗਤਾ ਅਤੇ ਬਾਕੀ ਸਾਰੇ ਇਸ ਭਰਪੂਰ ਜ਼ਿੰਦਗੀ ਦਾ ਹਿੱਸਾ ਹਨ । ਇਹ ਇਕ ਅਜਿਹੀ ਜਸ਼ਨਾਂ ਭਰੀ ਜ਼ਿੰਦਗੀ ਦਾ ਤਸਵੁੱਰ ਹੈ ਜੋ ਕਿ ਇਕ ਕਾਮਯਾਬ ਕਿਰਤ ਦੇ ਸਭ ਦੀਆਂ ਜ਼ਿੰਦਗੀਆਂ ਨੂੰ ਭਰਪੂਰ ਕਰਨ ਦੇ ਮੂਲ ਸੁਭਾਅ ਵਿਚੋਂ ਪੈਦਾ ਹੁੰਦਾ ਹੈ । 'ਮੜ੍ਹੀ ਦਾ ਦੀਵਾ' ਵਿਚ ਇਹ ਟਾਹਲੀ ਦੀ ਚੌੜੀ, ਸੰਘਣੀ ਛਤਰੀ, ਹੌਲੀ ਹੌਲੀ ਰੁਮਕਦੀ ਠੰਢੀ ਹਵਾ ਅਤੇ ਤਾਜ਼ਾ ਵਾਹੀ ਧਰਤੀ ਵਿਚੋਂ ਉਠਦੀ ਮਹਿਕ ਹੀ ਹੈ ਜੋ ਕਿ ਜਗਸੀਰ ਨੂੰ ਉਸ ਦੀ ਜ਼ਿੰਦਗੀ ਦੀਆਂ ਤਲਖ਼ੀਆਂ ਭੁਲਾ ਦਿੰਦੀ ਹੈ। ਉਸ ਦੀ ਹਸਤੀ ਨਾ ਸਿਰਫ ਆਪਣੀ ਕਿਰਤ ਕਰਨ ਦੀ ਧਰਾਤਲ ਦੇ ਇਹਨਾਂ ਹਿੱਸਿਆਂ ਅਤੇ ਪੱਖਾਂ ਨਾਲ ਇਕਮਿਕ ਹੈ ਸਗੋਂ ਇਕ ਤਣਾਓ-ਗ੍ਰਸਤ ਸਥਿਤੀ ਦੇ ਵਕਤ ਉਸ ਦੇ ਮਨ ਦੀ ਸਥਿਰਤਾ ਨੂੰ ਇਹ ਫਿਰ ਤੋਂ ਪਰਤਾ ਦਿੰਦੇ ਹਨ । ਇਸੇ ਤਰ੍ਹਾਂ ਤਰਖਾਣਾ ਕੰਮ ਕਰਨ ਦੇ ਸੰਦ ਹੀ ਹਨ ਜੋ ਕਿ ਬਿਸ਼ਨੇ ਨੂੰ ਆਪਣੇ ਮਨ ਨੂੰ ਤੜਪਾਉਣ ਵਾਲੇ ਗੁੱਸੇ ਉਪਰ ਕਾਬੂ ਪਾਉਣ ਲਈ ਮਦਦ ਕਰਦੇ ਹਨ । ਬਿਸ਼ਨੇ ਨੂੰ ਇਹ ਗੁੱਸਾ ਸਮਾਜ ਵਿਚ ਇਖਤਿਆਰੀ ਸ਼ਕਤੀਆਂ ਦੇ ਉਹਨਾਂ ਮਾਲਕਾਂ ਤੇ ਆਉਂਦਾ ਹੈ ਜਿਨ੍ਹਾਂ ਨੂੰ ਕਿ ਉਹ ਅੰਤਾਂ ਦੀ ਨਫ਼ਰਤ ਕਰਦਾ ਹੈ। 'ਪਰਸਾ' ਵਿਚ ਜ਼ਿੰਦਗੀ ਦੀ ਹਿੰਮਤ ਬਨਾਉਣ ਵਾਲੀ ਇਕੋ ਇਕ ਸ਼ਕਤੀ ਪਰਸੇ ਦੀ, ਉਸ ਦੇ ਛੋਟੇ ਪੁੱਤਰ ਬਸੰਤੇ ਦੀ, ਉਹਨਾਂ ਦੇ ਬਲਦ ਮੀਣੇ ਦੀ ਅਤੇ ਉਹਨਾਂ ਦੁਆਰਾ ਵਾਹੀ ਜਾਂਦੀ ਜ਼ਮੀਨ ਦੀ ਇਕਮਿਕਤਾ ਵਿਚ ਹੀ ਪਈ ਹੈ । ਪਰਸਾ ਉਹਨਾਂ ਸਭਨਾ ਨੂੰ ਨਫ਼ਰਤ ਕਰਦਾ ਹੈ ਅਤੇ ਆਪਣੀ ਜ਼ਿੰਦਗੀ ਵਿਚੋਂ ਖ਼ਾਰਜ ਕਰ ਦਿੰਦਾ ਹੈ ਜੋ ਕਿ ਕਿਰਤ ਦੇ ਨਿਰਧਾਰਤ ਖੇਤਰ ਵਿਚੋਂ ਬਾਹਰ ਜਾਂਦਾ ਹੈ ਅਤੇ ਇਹ ਭਾਵੇਂ ਉਸ ਦੇ ਆਪਣੇ ਪੁੱਤਰ ਹੀ ਕਿਉਂ ਨਾ ਹੋਣ।

ਉਪਰੋਕਤ ਬਹਿਸ ਅਧੀਨ ਆਈਆਂ ਸਮਾਜਕ ਅਤੇ ਰਾਜਸੀ ਲਹਿਰਾਂ ਦੀ ਵਿਚਾਰਧਾਰਕ ਧੁੱਸ ਅਤੇ ਨਾਲ ਹੀ ਅਧਿਐਨ ਅਧੀਨ ਨਾਵਲਾਂ ਦੇ ਕੇਂਦਰੀ ਪਾਤਰਾਂ ਦੀ ਕਿਰਤ ਨਾਲ ਇਕਮਿਕਤਾ ਦੀ ਮਨੁੱਖੀ ਸਥਿਤੀ ਦਾ ਸਿੱਧਾ ਵਿਰੋਧ ਉਹਨਾਂ ਵਿਅਕਤੀਆਂ ਜਾਂ ਉਹਨਾਂ ਦੀ ਹਸਤੀ ਵਿਚ ਸਮੋਈਆਂ ਉਹਨਾਂ ਸ਼ਕਤੀਆਂ ਨਾਲ ਹੈ ਜਿਨ੍ਹਾਂ ਨੇ ਸਿਰਫ਼ ਆਪਣੇ ਲਈ ਹੀ ਪੈਦਾਵਾਰ ਦੇ ਸਾਧਨ ਅਤੇ ਧੰਨ ਦੌਲਤ ਨੂੰ ਹਥਿਆ ਲਿਆ ਹੈ। ਰਾਜ ਮਸ਼ੀਨਰੀ ਦੀ ਸ਼ਕਲ ਵਿਚ ਪਈ ਸ਼ਕਤੀ ਦੀ ਸਿਖਰ ਤੋਂ ਲੈ ਕੇ ਭੋਂ ਮਾਲਕ ਜਮਾਤ ਅਤੇ ਇਹਨਾਂ ਨਾਲ ਹੀ ਮੇਲ ਖਾਂਦੇ ਮੰਡੀਆਂ ਵਿਚਲੇ ਦੌਲਤ ਦੇ ਮਾਲਕਾਂ ਤੱਕ ਇਕ ਅਜਿਹੇ ਦਾਬੂ ਸ਼ਕਤੀ ਨਾਲ ਭਰਪੂਰ ਰਾਜਸੀ, ਆਰਥਕ ਅਤੇ ਵਿਚਾਰਧਾਰਕ ਪ੍ਰਵਚਨ ਦੇ ਲਿਖਾਇਕ ਹਨ ਜੋ ਕਿ ਕਿਰਤ ਅਤੇ ਮਨੁੱਖ ਦੇ ਸਹਿਜੀਵਤ ਰਿਸ਼ਤੇ ਦੇ ਪ੍ਰਵਚਨ ਦੇ ਮੂਲ ਰੂਪ ਵਿਚ ਵਿਰੋਧ ਵਿਚ ਖੜ੍ਹਨ ਵਾਲਾ ਹੈ । ਇਸ ਵਿਰੋਧੀ ਪ੍ਰਵਚਨ ਦਾ ਵਿਚਾਰਧਾਰਕ ਤੱਤ ਉਸ ਕੇਂਦਰਮੁਖੀ ਸ਼ਕਤੀ (Centripetal Force) ਵਿਚ ਪਿਆ ਹੈ ਜੋ ਕਿ ਹਰ ਅਜ਼ਾਦ

ਹਸਤੀ ਨੂੰ ਆਪਣੇ ਵਿਚ ਹੀ ਜਜ਼ਬ ਕਰਕੇ ਆਪਣੀ ਸ਼ਕਤੀ ਦੇ ਅਸਰ ਵਾਲੇ ਖੇਤਰ ਨੂੰ ਫੈਲਾਉਣ ਲਈ ਤਹੂ ਰਹਿੰਦੀ ਹੈ । ਆਪਣੇ ਹੀ ਕੇਂਦਰ ਵਲ ਖਿੱਚਣ ਵਾਲੇ ਮਨੋਵਿਗਿਆਨਕ ਮੂਲ ਸੁਭਾਅ ਕਰਕੇ ਇਸ ਪ੍ਰਵਚਨ ਨਾਲ ਆਪਣਾ ਹੀ ਇਖਤਿਆਰ ਸਥਾਪਤ ਕਰਨ ਵਾਲੀ ਸ਼ਕਤੀ, ਇਸ ਦੇ ਹੀ ਅਨੁਸਾਰ ਹੋਂਦ ਵਿਚ ਆਈ ਰਾਜ ਸ਼ਕਤੀ ਅਤੇ ਆਪਣੇ ਆਪ ਨੂੰ ਬਰਕਰਾਰ ਰੱਖਣ ਲਈ ਤੇ ਆਪਣੀ ਹੋਂਦ ਲਈ ਖ਼ਤਰਾ ਪੈਦਾ ਕਰਨ ਵਾਲੇ ਵਿਅਕਤੀਆਂ ਅਤੇ ਸ਼ਕਤੀਆਂ ਖਿਲਾਫ਼ ਹਿੰਸਕ ਤਾਕਤ ਦੀ ਵਰਤੋਂ ਬਹੁਤ ਨੇੜੇ ਤੋਂ ਜੁੜੀ ਹੋਈ ਹੈ । ਆਪਣੇ ਧੱਕੜ ਅਤੇ ਦਬਦਬੇ ਵਾਲੇ ਸੁਭਾਅ ਕਰਕੇ ਇਹ ਪ੍ਰਵਚਨ ਹਮੇਸ਼ਾ ਹੀ ਆਪਣੇ ਵਿਰੋਧੀ ਦੀ ਹੋਂਦ ਪ੍ਰਤੀ ਅਸਹਿਣਸ਼ੀਲ ਰਹਿੰਦਾ ਹੈ ।

ਇਹਨਾਂ ਨਾਵਲਾਂ ਦੇ ਬਿਰਤਾਂਤ ਇਹਨਾਂ ਦੋ ਵਿਰੋਧੀ ਵਿਚਾਰਧਾਰਕ ਪ੍ਰਵਚਨਾਂ ਸਦਕਾ ਹੀ ਇਕ ਸਥਿਤੀ ਤੋਂ ਅਗਲੀ ਪਰ ਗੁੰਝਲਦਾਰ ਸਥਿਤੀ ਵੱਲ ਅੱਗੇ ਵਧਦੇ ਹੈ । ਕਿਉਂਕਿ ਬਿਰਤਾਂਤ ਦੇ ਅੱਗੇ ਵਧਣ ਦੇ ਪਿੱਛੇ ਇਹ ਵਿਰੋਧਤਾਈ ਹੀ ਕਾਰਨ ਹੈ, ਇਸ ਲਈ ਇਹਨਾਂ ਦੀ ਇਮਾਰਤ ਦੀ ਬਣਤਰ ਦੇ ਪਿੱਛੇ ਵੀ ਇਹੀ ਇਕੋ ਇਕ ਕਾਰਜ ਨੀਤੀ ਹੈ । ਇਸੇ ਕਰਕੇ ਇਹਨਾਂ ਨਾਵਲਾਂ ਦਾ ਨਿਰਮਾਣਾਤਮਕ ਰੂਪ ਅਤੇ ਇਹਨਾਂ ਦਾ ਵਿਸ਼ਾ ਵਸਤੂ ਇਕ ਦੂਜੇ ਵਿਚ ਰਲਗੱਡ ਹਨ । 'ਅਣਹੋਏ' ਵਿਚ ਰਾਜ ਤੇ ਇਸ ਦੀ ਮਸ਼ੀਨਰੀ ਤੇ ਠੋਲ੍ਹੇ, ਸੇਠ ਤੋਤੀ ਮੱਲ, ਭਗਤਾ ਤੇ ਉਸ ਦਾ ਵੱਡਾ ਪੁੱਤਰ ; 'ਮੜ੍ਹੀ ਦਾ ਦੀਵਾ' ਵਿਚਲੇ ਭੰਤਾ, ਉਸ ਦੀ ਮਾਂ ਅਤੇ ਪਤਨੀ ; 'ਅਧ ਚਾਨਣੀ ਰਾਤ' ਵਿਚਲੇ ਘਣਾ, ਉਸ ਦੇ ਪੁੱਤਰ ਅਤੇ ਮੋਦਨ ਦਾ ਛੋਟਾ ਭਰਾ ਸੱਜਣ; 'ਪਰਸਾ' ਵਿਚਲੇ ਪਰਸੇ ਦੇ ਵੱਡੇ ਪੁੱਤਰ ਅਤੇ ਉਹ ਸਾਰਾ ਸੰਸਾਰ ਜੋ ਸਥਾਪਤੀ ਦੇ ਨਾਲ ਖੜ੍ਹਾ ਹੈ, ਆਪਣਾ ਹੀ ਇਖਤਿਆਰ ਸਥਾਪਤ ਕਰਨ ਵਾਲੀ ਸ਼ਕਤੀ ਨਾਲ ਸੰਬੰਧਤ ਵਿਚਾਰਧਾਰਕ ਪ੍ਰਵਚਨ ਦੀ ਨੁਮਾਇੰਦਗੀ ਕਰਨ ਵਾਲੇ ਹਨ । ਇਹ ਸਾਰੇ ਸਥਾਪਤੀ ਦਾ ਕੇਂਦਰੀ ਧੁਰਾ ਹਨ । ਦਾਬੂ ਸ਼ਕਤੀ ਅਤੇ ਅਸਤਿਤਵਾਦੀ ਆਜ਼ਾਦੀ ਦੇ ਅਲਮਬਰਦਾਰਾਂ ਦੇ ਆਪਸੀ ਵਿਰੋਧ ਦੀਆਂ ਦੋ ਉਘੜਵੀਆਂ ਮਿਸਾਲਾਂ ਵਿਚ ਇਕ ਤਾਂ 'ਅਣਹੋਏ' ਵਿਚ ਬਿਸ਼ਨੇ ਦੀ ਕਨੂੰਨੀ ਤੌਰ ਤੇ ਆਪਣੇ ਘਰ ਨੂੰ ਰਾਜ ਵਾਸਤੇ ਖਾਲੀ ਕਰਨ ਤੋਂ ਕੀਤੀ ਨਾਂਹ ਕਰਕੇ ਕੈਦ ਕੱਟਣ ਨੂੰ ਮਨਜ਼ੂਰ ਕਰਨਾ ਹੈ ਅਤੇ ਦੂਸਰੀ 'ਪਰਸਾ' ਵਿਚ ਬਸੰਤੇ ਦਾ ਨਕਸਲਾਈਟ ਬਣਨਾ ਅਤੇ ਅੰਤ ਨੂੰ ਪੁਲਿਸ ਹੱਥੋਂ ਮਾਰਿਆ ਜਾਣਾ ਹੈ ।

ਦਾਬੂ ਸ਼ਕਤੀ ਅਤੇ ਅਜ਼ਾਦੀ ਦੇ ਪ੍ਰਵਚਨਾਂ ਦੇ ਅੰਦਰ ਵਸੀ ਆਪਸੀ ਵਿਰੋਧਤਾ ਕਰਕੇ ਅਤੇ ਸ਼ਕਤੀ ਦੇ ਸੰਕਲਪ 'ਤੇ ਅਧਾਰਤ ਰਿਸ਼ਤਿਆਂ ਦੁਆਰਾ ਸਦਾ ਦੀ ਸਥਾਪਤੀ ਦੇ ਅਦਾਰਿਆਂ ਉਪਰ ਕਾਬਜ਼ ਹੋਣ ਕਰਕੇ, ਆਪਣੀ ਅਸਤਿਤਵਾਦੀ ਅਜ਼ਾਦੀ ਦੇ ਅਧਾਰ 'ਤੇ ਆਪਣੀ ਜ਼ਿੰਦਗੀ ਜਿਉਣ ਵਾਲਿਆਂ ਕੋਲ ਇਹਨਾਂ ਨਾਵਲਾਂ ਦੇ ਅੰਦਰ ਸਮਾਜ ਵਿਚ ਰਹਿਣ ਲਈ ਕੋਈ ਸਥਾਨ ਨਹੀਂ ਹੁੰਦਾ ਅਤੇ ਇਸ ਲਈ ਉਹ ਜਾਂ ਤਾਂ ਸਮਾਜ ਦੇ ਹਾਸ਼ੀਏ ਤੇ ਰਹਿੰਦੇ ਹਨ ਜਾਂ ਫਿਰ ਬਿਲਕੁਲ ਬਾਹਰ । ਉਹਨਾਂ ਦਾ ਘਰ ਹਮੇਸ਼ਾਂ ਹੀ ਜਾਂ ਤਾਂ ਪਿੰਡ ਦੇ ਬਾਹਰ ਹੁੰਦਾ ਹੈ ਅਤੇ ਜਾਂ ਫਿਰ ਵੱਧ ਤੋਂ ਵੱਧ, ਇਸ ਦੀ ਫਿਰਨੀ ਤੇ । ਉਹ ਇਕ ਤਰ੍ਹਾਂ ਨਾਲ ਸਮਾਜ ਦੀ ਮੁੱਖਧਾਰਾ ਤੋਂ ਟੁੱਟ ਕੇ ਬੇਗਾਨਗੀ ਦੀ ਸਥਿਤੀ ਵਿਚ ਹੁੰਦੇ ਹਨ । 'ਅਣਹੋਏ' ਵਿਚ ਰਾਜ ਮਸ਼ੀਨਰੀ ਦੁਆਰਾ ਆਪਣੇ ਘਰ ਤੋਂ ਉਜਾੜਨ ਤੋਂ ਬਾਅਦ ਬਿਸ਼ਨਾ ਮੰਡੀ ਦੇ ਬਾਹਰਵਾਰ ਸਥਿਤ ਹਾਤੇ ਵਿਚ ਜਾ ਕੇ ਰਹਿਣ ਲੱਗ ਪੈਂਦਾ ਹੈ । ਦਯਾ ਕੌਰ ਦੀ ਮੌਤ ਤੋਂ ਬਾਅਦ ਜਦੋਂ ਉਹ ਮੰਡੀ ਵਾਪਸ ਪਰਤ ਆਉਂਦਾ ਹੈ ਤਾਂ ਵੀ ਉਹ ਮੰਡੀ ਦੀਆਂ ਹਦੂਦਾਂ ਤੋਂ ਬਾਹਰ ਅਤੇ ਭਗਤੇ ਦੀ ਵਰਕਸ਼ਾਪ ਦੇ ਨੇੜੇ ਰਹਿਣਾ ਪਸੰਦ ਕਰਦਾ ਹੈ । ਇਸੇ ਤਰ੍ਹਾਂ ਉਸ ਦਾ ਭਤੀਜਾ ਮਾਘੀ ਕਦੇ ਵੀ ਉਸ ਘਰ ਵਿਚ ਰਹਿਣਾ ਪਸੰਦ ਨਹੀਂ ਕਰਦਾ ਜਿਸ ਨੂੰ ਕਿ ਉਸ ਦੇ ਬਾਪ ਭਗਤੇ ਨੇ ਰਾਜ ਨਾਲ ਸਮਝੌਤਾ ਕਰਕੇ ਬਣਾਇਆ ਸੀ। ਦੂਸਰੇ ਪਾਸੇ ਬਿਸ਼ਨੇ ਨੇ ਕਦੇ ਵੀ ਇਸ ਖਾਤਰ ਰਾਜ ਨਾਲ ਕੋਈ ਸਮਝੌਤਾ ਨਹੀਂ ਕੀਤਾ ਸੀ । 'ਮੜ੍ਹੀ ਦਾ ਦੀਵਾ' ਵਿਚ ਜਗਸੀਰ ਦੀ ਸਥਿਤੀ ਦਲਿਤ ਸਮਾਜ ਦੀ ਆਮ ਸਥਿਤੀ ਦੇ ਵਾਂਗਰ ਹੀ ਹੈ ਕਿਉਂਕਿ ਉਹਨਾਂ ਦੇ ਰਹਿਣ ਵਾਲੀ ਥਾਂ ਹਮੇਸ਼ਾ ਹੀ ਪਿੰਡ ਤੋਂ ਬਾਹਰ ਹੀ ਰਹੀ ਹੈ । ਪਰ ਜਗਸੀਰ ਦੀ ਸਥਿਤੀ ਦੀਆਂ ਆਪਣੀਆਂ ਖ਼ਾਸ ਵਿਸ਼ੇਸ਼ਤਾਵਾਂ ਹਨ ਕਿਉਂਕਿ ਉਹ ਆਪਣੀ ਜ਼ਿੰਦਗੀ ਵਿਚ ਕਿਸੇ ਸੰਕਟ ਜਾਂ ਵਿਰੋਧਾਭਾਸ ਦੀ ਹਾਲਤ ਵਿਚ ਪਿੰਡ ਦੇ ਅੰਦਰੋਂ ਜਾਣ ਦੀ ਬਜਾਇ ਹਮੇਸ਼ਾ ਹੀ ਫਿਰਨੀ ਉਤੋਂ ਦੀ ਹੀ ਜਾਂਦਾ ਸੀ। 'ਅੱਧ ਚਾਨਣੀ ਰਾਤ' ਵਿਚ ਮੋਦਨ ਆਪਣੀ ਮਰਜ਼ੀ ਨਾਲ ਹੀ ਆਪਣੇ ਖੇਤ ਵਿਚ ਬਣੇ ਘਰ ਵਿਚ ਜਾ ਕੇ ਰਹਿਣ ਲੱਗ ਪੈਂਦਾ ਹੈ ਜਦੋਂ ਉਸ ਨੂੰ ਆਪਣੇ ਭਰਾ ਸੱਜਣ ਅਤੇ ਘਣੇ ਦੇ ਵਿਚਕਾਰ ਹੋਏ ਸਮਝੌਤੇ ਦਾ ਪਤਾ ਲਗਦਾ ਹੈ । ਇਸੇ ਤਰ੍ਹਾਂ ਅਸੀਂ ਦੇਖਦੇ ਹਾਂ ਪਰਸਾ ਅਤੇ ਉਸਦਾ ਛੋਟਾ ਪੁੱਤਰ ਬਸੰਤਾ ਵੀ ਆਪਣੀ ਮਰਜ਼ੀ ਨਾਲ ਹੀ ਅੰਦਰਲਾ ਘਰ ਛੱਡ ਕੇ ਬਾਹਰ ਖੇਤਾਂ ਵਿਚ ਰਹਿਣ ਲੱਗ ਪੈਂਦੇ ਹਨ। ਪਿੰਡ ਦੀ ਅਬਾਦੀ ਤੋਂ ਬਾਹਰ ਸਥਿਤ ਥਾਵਾਂ, ਜਿਹਨਾਂ ਵਿਚ ਕਿ ਇਹ ਕਿਰਦਾਰ ਰਹਿੰਦੇ ਹਨ, ਅੰਦਰ ਸਮੋਏ ਅਰਥ ਇਹਨਾਂ ਦੇ ਉਸ ਸੰਵੇਦਨਸ਼ੀਲ ਸੁਭਾਅ ਵੱਲ ਇਸ਼ਾਰਾ ਕਰਦੇ ਹਨ ਜਿਸ ਅਨੁਸਾਰ ਇਹਨਾਂ ਕਿਰਦਾਰਾਂ ਦਾ ਉਹਨਾਂ ਲੋਕਾਂ ਨਾਲ ਰਹਿਣਾ ਔਖਾ ਲਗਦਾ ਹੈ ਜਿਹੜੇ ਜਾਂ ਤਾਂ ਸਥਾਪਤੀ ਦਾ ਹਿੱਸਾ ਹਨ ਜਾਂ ਜੋ ਆਪਣੇ ਲਈ ਕੋਈ ਨਿਵੇਕਲਾ ਅਤੇ ਮਖ਼ਸੂਸ ਥਾਂ ਨਹੀਂ ਬਣਾਉਂਦੇ । ਪਿੰਡ ਤੋਂ ਬਾਹਰਲੀ ਥਾਂ ਇਹਨਾਂ ਕਿਰਦਾਰਾਂ ਵਿਚ ਉਸ ਮਨੋਵਿਗਿਆਨਕ ਪਰਵਿਰਤੀ ਦੀ ਵੀ ਨਿਸ਼ਾਨਦੇਹੀ ਕਰਦੀ ਹੈ ਜਿਸ ਕਰਕੇ ਇਹ ਸਮਾਜ ਤੇ ਕਾਬਜ਼ ਸ਼ਕਤੀਆਂ ਦੇ ਖ਼ਿਲਾਫ ਕਦੇ ਵੀ ਕੋਈ ਸਮਝੌਤਾ ਨਾ ਕਰਕੇ

> 'ਪਰਸਾ' ਹੀ ਇਕ ਅਜਿਹਾ ਨਾਵਲ ਹੈ ਜੋ ਗੁਰਦਿਆਲ ਸਿੰਘ ਦੇ ਨਾਵਲਾਂ ਦੇ ਬਿਰਤਾਂਤ ਨੂੰ ਘੁਸਮੁਸੇ ਦੇ ਖੇਤਰ ਵਿਚੋਂ ਬਾਹਰ ਲੈ ਕੇ ਜਾਂਦਾ ਹੈ ।

ਵਿਦਰੋਹ ਕਰਨ ਦੇ ਰਾਹ ਪੈਂਦੇ ਹਨ । ਹੋਰ ਸ਼ਬਦਾਂ ਵਿਚ ਇਹ ਇਹਨਾਂ ਕਿਰਦਾਰਾਂ ਦੂਜੀਆਂ ਵਿਚ ਇਕ ਅਜਿਹੇ ਸਥਾਨ ਦਾ ਐਲਾਨ ਕਰਨਾ ਵੀ ਹੈ ਜਿਸਨੂੰ ਕਿ ਇਹ ਆਪਣਾ ਕਹਿ ਸਕਣ ।

ਇਹਨਾਂ ਕਿਰਦਾਰਾਂ ਦੀਆਂ ਹਸਤੀਆਂ ਦੇ ਸੁਭਾਅ ਅਤੇ ਪਿੰਡ ਦੇ ਬਾਹਰ ਸਥਿਤ ਇਹਨਾਂ ਦੇ ਰਹਿਣ ਦੀਆਂ ਥਾਵਾਂ ਵਿਚ ਸਮੋਏ ਅਰਥਾਂ ਦੇ ਸੰਦਰਭ ਵਿਚ ਦੇਖਿਆਂ ਇਹ ਨਿਰਣਾ ਕੱਢਿਆ ਜਾ ਸਕਦਾ ਹੈ ਕਿ ਇਹ ਕਿਰਦਾਰ ਸਮਾਜ ਦੀ ਦਾਬੂ ਸ਼ਕਤੀ ਦੀ ਜੁਗਤ ਦੇ ਅਰਥਾਂ ਦੇ ਵਿਪਰੀਤ ਅਰਥਾਂ ਦੀ ਨੁਮਾਇੰਦਗੀ ਕਰਦੇ ਹਨ । ਇਹਨਾਂ ਕਿਰਦਾਰਾਂ ਅਤੇ ਸਮਾਜ ਦੀ ਸਥਿਤੀ ਆਪਸ ਵਿਚ ਦੀ ਬਿਲਕੁਲ ਅਸੰਗਤੀ ਦੀ ਸਥਿਤੀ ਹੈ । ਇਸ ਕਰਕੇ ਇਹ ਇਕ ਦੂਜੇ ਤੋਂ ਮੁਕੰਮਲ ਤੌਰ 'ਤੇ ਅਲਹਿਦਗੀ ਦੀ ਸਥਿਤੀ ਵਿਚ ਹਨ । ਇਹਨਾਂ ਵਿਚੋਂ ਇਕ ਧਿਰ ਦੂਜੀ ਨੂੰ ਜੋਖਮ ਵਿਚ ਪਾ ਕੇ ਹੀ ਜ਼ਿੰਦਾ ਰਹਿ ਸਕਦੀ ਹੈ । ਪਰ ਇਹਨਾਂ ਦੋ ਸਿਰੇ ਦੀਆਂ ਅਤੇ ਆਪਸ ਵਿਚ ਦੀ ਪੂਰੀ ਤਰ੍ਹਾਂ ਦੋ ਧੜ੍ਹਿਆਂ ਦੀਆਂ ਸਥਿਤੀਆਂ ਵਿਚਲੀ ਲੜਾਈ ਵਿਚ ਦੋਹਾਂ ਦਾ ਪਲੜਾ ਇਕਸਾਰ ਨਾ ਹੋ ਕੇ ਅਸਾਵਾਂ ਹੈ । ਇਹ ਜੰਗ ਦਾਬੂ ਸ਼ਕਤੀ ਦੇ ਢਾਂਚੇ ਦੀ ਇਕੱਠੀ ਕੀਤੀ ਹੋਈ ਤਾਕਤ ਅਤੇ ਨਿਜੀ ਵਿਅਕਤੀਆਂ, ਭਾਵੇਂ ਕਿ ਉਹ ਕਿੰਨੇ ਵੀ ਬਹਾਦਰ ਕਿਉਂ ਨਾ ਹੋਣ, ਵਿਚਕਾਰ ਹੈ। ਇਸ ਜੰਗ ਵਿਚ ਇਹ ਵਿਅਕਤੀ ਆਪਣੇ ਪੂਰੇ ਜਾਹੋ ਜਲਾਲ ਨਾਲ ਲੜ ਕੇ ਮਰ ਜਾਂਦੇ ਹਨ । ਦਾਰਸ਼ਨਿਕ, ਵਿਹਾਰਕ ਅਤੇ ਚੇਤਨ ਨਜ਼ਰ ਆਉਣ ਵਾਲੇ ਪਰਸੇ ਨੂੰ ਛੱਡ ਕੇ ਬਾਕੀ ਤਿੰਨੇ ਨਾਵਲਾਂ ਦੇ ਕੇਂਦਰੀ ਕਿਰਦਾਰ ਜ਼ਰੂਰੀ ਤੌਰ ਤੇ ਹੀ ਆਪਣੇ ਅੰਤ ਵੱਲ ਵਧਦੇ ਹਨ । ਇਹਨਾਂ ਤਿੰਨਾਂ ਨਾਇਕਾਂ ਬਾਰੇ ਇਹ ਜ਼ਿਆਦਾ ਮਹੱਤਵਪੂਰਨ ਨਹੀਂ ਹੈ ਕਿ ਉਹ ਮੌਤ ਨੂੰ ਕਿਸ ਤਰ੍ਹਾਂ ਗਲ ਲਾਉਂਦੇ ਹਨ । ਮਹੱਤਤਾ ਇਸ ਵਿਚ ਹੈ ਕਿ ਉਹਨਾਂ ਨੇ ਇਕ ਅਜਿਹੀ ਜ਼ਿੰਦਗੀ ਨੂੰ ਜੀਵਿਆ ਜਿਸਦਾ ਇਕੋ ਇਕ ਉਤਰ ਉਹਨਾਂ ਦੀ ਮੌਤ ਹੀ ਸੀ । ਜਦੋਂ ਕਿ ਬਿਸ਼ਨੇ ਅਤੇ ਮੋਦਨ ਨੇ ਆਪਣੇ ਆਪਣੇ ਜੀਵਨ ਵਿਚ ਆਪਣੇ ਕਦੇ ਵੀ ਸਮਝੌਤਾ ਨਾ ਕਰਨ ਦੇ ਅੰਦਾਜ਼ ਨੂੰ ਕਾਇਮ ਰੱਖਿਆ ਅਤੇ ਇਸੇ ਲਈ ਹੀ ਇਹ ਲਗਦਾ ਰਿਹੈ ਕਿ ਉਹ ਆਪਣੀ ਮੌਤ ਨੂੰ ਅਵਾਜ਼ ਮਾਰ ਰਹੇ ਸਨ, ਜਗਸੀਰ ਆਪਣੇ ਵਰਗੇ ਉਹਨਾਂ ਲੋਕਾਂ ਦੀ ਭੈੜੀ ਹਾਲਤ ਪ੍ਰਤੀ ਚੇਤਨ ਹੋ ਕੇ ਮਰਦਾ ਹੈ ਜਿਨ੍ਹਾਂ ਕੋਲ ਨਾ ਹੀ ਜ਼ਮੀਨ ਹੁੰਦੀ ਹੈ ਅਤੇ ਘੁਰਨਿਆਂ ਵਰਗੇ ਘਰਾਂ ਤੋਂ ਬਿਨਾਂ ਰਹਿਣ ਨੂੰ ਅਜਿਹਾ ਕੋਈ ਥਾਂ ਨਹੀਂ ਹੁੰਦਾ ਜਿਸ ਨੂੰ ਉਹ ਆਪਣਾ ਕਹਿ ਸਕਣ ਅਤੇ ਜਿਨ੍ਹਾਂ ਦੇ ਕੋਲ ਸਮਾਜ ਵਿਚੋਂ ਲਗਾਤਾਰ ਛੇਕੇ ਜਾਣ ਦੀ ਭਾਵਨਾ ਤੋਂ ਬਗੈਰ ਜ਼ਿੰਦਗੀ ਬਸਰ ਕਰਨ ਲਈ ਕੁਝ ਵੀ ਨਹੀਂ ਹੈ ।

ਗੁਰਦਿਆਲ ਸਿੰਘ ਦੇ ਇਹਨਾਂ ਨਾਵਲਾਂ ਦੇ ਕੇਂਦਰੀ ਕਿਰਦਾਰਾਂ ਦੀਆਂ ਹਸਤੀਆਂ ਦੇ ਬਿਲਕੁਲ ਉਲਟ ਦਾਬੂ ਸ਼ਕਤੀ ਦੀ ਜੁਗਤ ਉਪਰ ਆਪਣੇ ਹੱਕ ਦਾ ਦਾਅਵਾ ਕਰਨ ਵਾਲਿਆਂ ਦੀਆਂ ਹਸਤੀਆਂ ਵੱਖਰੇ ਢੰਗਾਂ ਅਤੇ ਰੰਗਾਂ ਵਿਚ ਪੇਸ਼ ਕੀਤਾ ਗਿਆ ਹੈ । ਜਦੋਂ ਕਿ ਉਪਰ ਬਹਿਸ ਅਧੀਨ ਲਿਆਂਦੇ ਕੇਂਦਰੀ ਕਿਰਦਾਰਾਂ ਦੀਆਂ ਹਸਤੀਆਂ ਨੂੰ ਉਹਨਾਂ ਦੇ ਸੁੰਦਰ ਐਥਲੈਟਿਕ ਸਰੀਰਾਂ, ਉਹਨਾਂ ਦੀ ਜਿਸਮਾਨੀ ਸ਼ਕਤੀ, ਆਹਮੋ ਸਾਹਮਣੀ ਲੜਾਈ ਵਿਚ ਅਤੇ ਆਪਣੇ ਆਪਣੇ ਕਿੱਤਿਆਂ ਵਿਚ ਉਹਨਾਂ ਦੀ ਮੁਹਾਰਤ ਰਾਹੀਂ ਪੇਸ਼ ਕੀਤਾ ਗਿਆ ਹੈ, ਦਾਬੂ ਸ਼ਕਤੀ ਦੀ ਨੁਮਾਇੰਦਗੀ ਕਰਨ ਵਾਲੇ ਕਿਰਦਾਰਾਂ ਨੂੰ ਉਹਨਾਂ ਦੀ ਬਦਸੂਰਤੀ ਅਤੇ ਉਹਨਾਂ ਦੇ ਬੇਢਬੇ ਸਰੀਰਾਂ ਅਤੇ ਕੱਪੜਿਆਂ ਦੇ ਨਾਲ ਨਾਲ ਉਹਨਾਂ ਦੀ ਕਾਇਰਤਾ ਅਤੇ ਕਮਜ਼ੋਰੀ ਆਦਿ ਨੂੰ ਅੱਗੇ ਲਿਆ ਕੇ ਪੇਸ਼ ਕੀਤਾ ਗਿਆ ਹੈ । ਇਥੋਂ ਤੱਕ ਕਿ ਬੁਰਾਈ ਦੇ ਇਹਨਾਂ ਮੁਜੱਸਮਿਆਂ ਦੇ ਨਾਂ ਵੀ ਨਾਇਕਤਵ ਨਾਲ ਭਰਪੂਰ ਕਿਰਦਾਰਾਂ ਦੇ ਬਿਲਕੁਲ ਉਲਟ ਅਰਥਾਂ ਵਾਲੇ ਹਨ । ਠੋਲਾ, ਤੋਤੀ ਰਾਮ, ਘਣਾ, ਭੰਤਾ ਆਦਿ ਅਜਿਹੇ ਨਾਮ ਹਨ ਜੋ ਕਿ ਪੰਜਾਬੀ ਸਭਿਆਚਾਰ ਵਿਚ ਕਿਸੇ ਕਿਸਮ ਦੀ ਸੁੰਦਰਤਾ ਦਾ ਖ਼ਿਆਲ ਤੱਕ ਪੈਦਾ ਨਹੀਂ ਕਰਦੇ । ਦਾਬੂ ਸ਼ਕਤੀ ਦੇ ਇਹਨਾਂ ਨੁਮਾਇੰਦਿਆ ਦੇ ਧੁਰ ਅੰਦਰ ਵਸੀ ਕਾਇਰਤਾ ਦੀ ਇਕ ਮਿਸ਼ਾਲ ਘਣੇ ਦੀ ਡਰ ਨਾਲ ਭਰੀ ਚੀਕ ਅਤੇ ਉਸ ਦਾ ਗਿੜਗਿੜਾਉਣਾ ਹੈ ਜਦੋਂ ਕਿ ਮੋਦਨ ਉਸ ਨੂੰ ਮਾਰ ਰਿਹਾ ਹੁੰਦਾ ਹੈ । ਇਸ ਦੇ ਉਲਟ ਮੋਦਨ ਉਸ ਵੇਲੇ ਵੀ ਬਹੁਤ ਸਥਿਰ ਅਤੇ ਸ਼ਾਂਤ ਚਿੱਤ ਰਹਿੰਦਾ ਹੈ ਜਦੋਂ ਕਿ ਉਸ ਦੀ ਮੌਤ ਉਸ ਵੱਲ ਵਧਦੀ ਨਜ਼ਰ ਆ ਰਹੀ ਹੁੰਦੀ ਹੈ । 'ਅਣਹੋਏ' ਵਿਚ ਚੌਧਰੀ ਗੋਕਲ ਚੰਦ, ਠੋਲ੍ਹਾ ਅਤੇ ਤੋਤੀ ਮੱਲ ਵਰਗੇ ਕਿਰਦਾਰਾਂ ਦੇ ਪੇਸ਼ਕਾਰੀ ਬਦਸੂਰਤੀ ਅਤੇ ਬੇਢਬੇਪਨ ਦੇ ਨੇੜੇ ਤੇੜੇ ਦੀ ਹੈ । ਜਦੋਂ ਇਹ ਕਿਰਦਾਰ ਬਿਰਤਾਂਤ ਵਿਚ ਦਿਖਾਈ ਦਿੰਦੇ ਹਨ ਤਾਂ ਇਹਨਾਂ ਦੇ ਸਰੀਰਾਂ ਅਤੇ ਇਹਨਾਂ ਦੇ ਕਪੜਿਆਂ ਦੇ ਰੰਗਾ ਦੀ ਬੇਮੇਲਤਾ, ਇਹਨਾਂ ਦੇ ਸਰੀਰ ਦੇ ਵਾਧੂ ਮੋਟਾਪੇ ਅਤੇ ਇਹਨਾਂ ਮੋਟੇ ਤੇ ਕਾਲੇ ਹੋਏ ਗਿੱਟਿਆਂ ਉਪਰ ਖ਼ਾਸ ਜ਼ੋਰ ਦਿੱਤਾ ਹੈ । ਇਹੋ ਜਿਹੀ ਪੇਸ਼ਕਾਰੀ ਹੀ ਜਾਇਦਾਦ 'ਤੇ ਮਾਣ

ਕਰਨ ਵਾਲੀਆਂ ਔਰਤਾਂ ਦੀ ਹੈ । 'ਮੜ੍ਹੀ ਦਾ ਦੀਵਾ' ਵਿਚ ਭੰਤੇ ਦੀ ਮਾਂ ਅਤੇ ਪਤਨੀ ਅਤੇ 'ਅਣਹੋਏ' ਵਿਚ ਭਗਤੇ ਦੀ ਪਤਨੀ ਨੂੰ ਇਸ ਤਰ੍ਹਾਂ ਮੋਟੇ ਅਤੇ ਹੱਟੇ ਕੱਟੇ ਸਰੀਰਾਂ ਵਾਲੀਆਂ ਦਿਖਾਈਆਂ ਗਈਆਂ ਹਨ ਕਿ ਉਹਨਾਂ ਕੋਲੋਂ ਆਪਣੇ ਉਪਰ ਬਹੁਤ ਹਉਮੈ ਦੀ ਬੋਅ ਆਉਂਦੀ ਹੈ । ਇਸੇ ਹਉਮੈ ਕਰਕੇ ਹੀ ਉਹ ਹਮੇਸ਼ਾ ਆਪਣੇ ਢਾਕਾਂ ਤੇ ਹੱਥ ਰੱਖ ਕੇ ਰੋਅਬ ਨਾਲ ਬੋਲਦੀਆਂ ਹਨ । ਦਾਬੂ ਸ਼ਕਤੀ ਦੇ ਇਹਨਾਂ ਮਾਲਕਾਂ ਦੀ ਪੇਸ਼ਕਾਰੀ ਸਾਡੇ ਮਨਾਂ ਵਿਚ ਹਿਕਾਰਤ, ਘਿਰਣਾ ਅਤੇ ਬਹੁਤ ਵਾਰੀ ਹਾਸਾ ਪੈਦਾ ਕਰਦੀ ਹੈ । ਪਰ ਸ਼ਕਤੀ ਉਪਰ ਉਹਨਾਂ ਦਾ ਕਬਜ਼ਾ ਅਤੇ ਅਧਿਕਾਰ ਉਸੇ ਤਰ੍ਹਾਂ ਬਰਕਰਾਰ ਰਹਿੰਦਾ ਹੈ । ਸਮਕਾਲੀ ਸਮਾਜ ਦੀਆਂ ਸ਼ਕਤੀ 'ਤੇ ਅਧਾਰਤ ਕਦਰਾਂ ਕੀਮਤਾਂ ਦੀ ਜਿੱਤ ਪੱਕੀ ਅਤੇ ਚਿਰ ਸਥਾਈ ਹੀ ਪਰਤੀਤ ਹੁੰਦੀ ਹੈ। ਪਰ ਇਹਨਾਂ ਕਦਰਾਂ ਕੀਮਤਾਂ ਦੀ ਪਦਾਰਥਕ ਜਿੱਤ ਦਾ ਇਹ ਉੱਕਾ ਹੀ ਮਤਲਬ ਨਹੀਂ ਹੈ ਕਿ ਉਹਨਾਂ ਦੀ ਇਖ਼ਲਾਕੀ ਜਿੱਤ ਵੀ ਹੋ ਗਈ ਹੈ । ਬਿਨਾਂ ਸ਼ੱਕ ਇਖ਼ਲਾਕੀ ਪੱਧਰ ਦੀ ਜਿੱਤ ਨਾਇਕਤਵ ਨਾਲ ਭਰਪੂਰ ਕਿਰਦਾਰਾਂ ਦੇ ਖੇਮੇ ਦੀ ਹੀ ਹੁੰਦੀ ਹੈ । ਖਾਸ ਤੌਰ ਤੇ 'ਮੜ੍ਹੀ ਦਾ ਦੀਵਾ', 'ਅਣਹੋਏ' ਅਤੇ 'ਅੱਧ ਚਾਨਣੀ ਰਾਤ' ਵਿਚ ਸਾਡੇ ਮੁੱਖ ਕਿਰਦਾਰਾਂ ਦਾ ਬਹਾਦਰੀ ਭਰਿਆ ਸੰਘਰਸ਼ ਆਪਣੇ ਸਿਖ਼ਰ 'ਤੇ ਉਹਨਾਂ ਦੇ ਕਦੇ ਨਾ ਝੁਕਣ ਵਾਲੇ ਅਤੇ ਨਾ ਹੀ ਸਮਝੌਤਾ ਕਰਨ ਵਾਲੇ ਦ੍ਰਿੜ ਇਰਾਦਿਆਂ ਕਰਕੇ ਪਹੁੰਚਦਾ ਹੈ, ਪਰ ਅਸਲੀਅਤ ਵਿਚ ਇਸ ਨੂੰ ਪ੍ਰਾਪਤ ਇਕ ਅਜਿਹੇ ਮਹੌਲ ਵਿਚ ਕੀਤਾ ਜਾਂਦਾ ਹੈ ਜਿਸ ਨੂੰ ਦਿਨੇ ਸੂਰਜ ਦੀ ਰੌਸ਼ਨੀ ਨਹੀਂ ਸਗੋਂ ਰਾਤ ਨੂੰ ਚੰਦ ਦੀ ਮੱਧਮ ਰੌਸ਼ਨੀ ਚਮਕਾਉਂਦੀ ਹੈ । ਇਹਨਾਂ ਨਾਵਲਾਂ ਵਿਚ ਰਵਾਇਤੀ ਕੱਚੇ ਘਰਾਂ, ਖੁਲ੍ਹੇ ਖੇਤਾਂ ਵਿਚ ਦੀ ਰਾਹ ਬਣਾਉਂਦੀਆਂ ਧੂੜ ਭਰੀਆਂ ਪਹੀਆਂ, ਵੱਡੇ ਦਰਖਤਾਂ ਦੇ ਸੰਘਣੇ ਫੈਲੇ ਹੋਏ ਛਤਰਾਂ, ਪੱਕੀਆਂ ਫਸਲਾਂ ਅਤੇ ਖੁਲ੍ਹੇ ਫੈਲੈ ਹੋਏ ਖੇਤਾਂ ਨੂੰ ਚੰਦ ਦੀ ਚਾਨਣੀ ਨਾਲ ਹੀ ਰੁਸ਼ਨਿਆਉਣ ਦੇਦ੍ਰਿਸ਼ਾਂ ਦੇ ਬਾਰ ਬਾਰ ਪ੍ਰਗਟ ਹੁੰਦੇ ਪੈਟਰਨ ਹਨ । ਲਗਭਗ ਸਾਰੀਆਂ ਹੀ ਅਸਤਿਤਵਾਦੀ ਮਹੱਤਤਾ ਵਾਲੀਆਂ ਸਥਿਤੀਆਂ ਨੂੰ ਅਜਿਹੇ ਵਾਤਾਵਰਨ ਵਿਚ ਹੀ ਬਿਆਨਿਆ ਗਿਆ ਹੈ ਜਿਥੇ ਨਾਵਲਾਂ ਦੀ ਧਰਾਤਲ ਦੇ ਵੱਖ ਵੱਖ ਹਿੱਸਿਆਂ ਦੀਆਂ ਹੱਦਾਂ ਇਕ ਦੂਜੇ ਵਿਚ ਰਲਗੱਡ ਹੋਈਆਂ ਜਾਂ ਸਮੋਈਆਂ ਹੋਈਆਂ ਦਿਖਾਈ ਦਿੰਦੀਆਂ ਹਨ । 'ਅੱਧ ਚਾਨਣੀ ਰਾਤ' ਵਿਚ ਮੋਦਨ ਦੇ ਜੇਲ੍ਹ ਵਿਚੋਂ ਵਾਪਸ ਆਉਣ, ਉਸ ਦੁਆਰਾ ਖੇਤਾਂ ਵਿਚ ਘਣੇ ਨੂੰ ਲਲਕਾਰਾ ਮਾਰਨ ਅਤੇ 'ਮੜ੍ਹੀ ਦਾ ਦੀਵਾ' ਵਿਚ ਜਗਸੀਰ ਦੁਆਰਾ ਟਾਹਲੀ ਦੇ ਦਰਖਤ ਅਤੇ ਉਸ ਹੇਠਲੀ ਆਪਣੇ ਬਾਪ ਦੀ ਮੜ੍ਹੀ ਨੂੰ ਦੇਖਣ ਅਤੇ ਆਪਣੇ ਵਰਗੇ ਲੋਕਾਂ ਦੀ ਮੰਦੀ ਹਾਲਤ ਬਾਰੇ ਉਪਜੀ ਪਹਿਲੀ ਚੇਤਨਤਾ ਨੂੰ ਚੰਦ ਚਾਨਣੀ ਰਾਤ ਦੀ ਮੱਧਮ ਰੌਸ਼ਨੀ ਵਿਚ ਇਹਨਾਂ ਅਸਤਿਤਵਾਦੀ ਸਥਿਤੀਆਂ ਦੀ ਧਰਾਤਲ ਨੂੰ ਰੁਸ਼ਨਾਉਣ ਦੇ ਸੰਦਰਭ ਵਿਚ ਇਹਨਾਂ ਨੂੰ ਖਾਸ ਅਰਥ ਦਿਤੇ ਗਏ ਹਨ । ਇਸ ਮੱਧਮ ਰੌਸ਼ਨੀ ਵਾਲੇ ਵਾਤਾਵਰਣ ਵਿਚ ਯਥਾਰਥ ਇਕ ਵੱਖਰਾ ਹੀ ਰੰਗ ਅਤੇ ਸ਼ਕਲ ਇਖਤਿਆਰ ਕਰ ਲੈਂਦਾ ਹੈ । ਬਿਰਤਾਂਤ ਵਿਚ ਇਸ ਤਰ੍ਹਾਂ ਪ੍ਰਗਟਾਏ ਯਥਾਰਥ ਅਤੇ ਇਸ ਵਿਚਲੇ ਕਿਰਦਾਰਾਂ ਦੀਆਂ ਮਨੁੱਖੀ ਸਥਿਤੀਆਂ ਦੇ ਆਪਸੀ ਸੰਬੰਧਾਂ ਦਾ ਨਾਵਲਾਂ ਦੇ ਵਿਸ਼ਾ ਵਸਤੂ ਦੇ ਨਜ਼ਰੀਏ ਤੋਂ ਵਿਸ਼ੇਸ਼ ਮਹੱਤਵ ਹੈ। ਸਾਫ਼ ਰੂਪ ਰੇਖਾ ਤੋਂ ਬਗ਼ੈਰ ਇਹ ਯਥਾਰਥ ਮਨ ਦੀ ਇਕ ਅਜਿਹੀ ਸਥਿਤੀ ਦਾ ਚਿਹਨ ਹੈ ਜੋ ਕਿ ਅਜੇ ਤੱਕ ਪੂਰਨ ਰੂਪ ਵਿਚ ਚੇਤਨ ਨਹੀਂ ਹੋਇਆ ਹੈ। ਇਹਨਾਂ ਨਾਵਲਾਂ ਦੇ ਕੇਂਦਰੀ ਪਾਤਰਾਂ ਦੇ ਮਨਾਂ ਅੰਦਰ ਵਸਦੇ ਗ਼ੁੱਸੇ ਅਤੇ ਬਗ਼ਾਵਤ ਨੇ ਅਜੇ ਤੱਕ ਪੂਰੀ ਤਰ੍ਹਾਂ ਚੇਤਨ ਅਤੇ ਸੋਚ ਸਮਝ ਕੇ ਬਣਾਈ ਰੂਪ ਰੇਖਾ ਇਖਤਿਆਰ ਨਹੀਂ ਕੀਤੀ ਹੈ । ਦੂਸਰੇ ਸ਼ਬਦਾਂ ਵਿਚ ਇਹ ਚੇਤਨਤਾ ਤੋਂ ਪਹਿਲਾਂ ਦੀ ਪਈ ਇਕ ਅਜਿਹੀ ਮਨੋਸਥਿਤੀ ਵੱਲ ਇਸ਼ਾਰਾ ਕਰਦਾ ਹੈ ਜਿਸ ਵਿਚ ਅਜਿਹੇ ਗ਼ੁੱਸੇ ਦੀ ਮਨੁੱਖੀ ਮਨ ਵਿਚ ਮੁੱਢ ਕਦੀਮ ਤੋਂ ਬੁਰਾਈਆਂ ਖ਼ਿਲਾਫ਼ ਪਏ ਗ਼ੁੱਸੇ ਨਾਲ ਤੁਲਨਾ ਕੀਤੀ ਜਾ ਸਕਦੀ ਹੈ । ਪਰ ਇਹ ਗ਼ੁੱਸਾ ਅਤੇ ਬਗ਼ਾਵਤ ਦੀ ਭਾਵਨਾ ਯਕੀਨੀ ਤੌਰ ਤੇ ਸਮਾਜ ਅੰਦਰ ਦਾਬੂ ਸ਼ਕਤੀ ਦੇ ਕੇਂਦਰ ਨੂੰ ਆਪਣੇ ਤੋਂ ਬੇਗਾਨਾ ਅਤੇ ਵਿਰੋਧੀਆਂ ਵਾਲੇ ਸਥਾਨ ਤੇ ਰੱਖ ਕੇ ਉਸ ਨਾਲ ਸੰਵਾਦ ਰਚਾਉਣ ਦੀ ਸਥਿਤੀ ਵਿਚ ਹੈ। ਆਪਣੀ ਚੇਤਨਤਾ ਤੋਂ ਪਹਿਲਾਂ ਦੀ ਸਥਿਤੀ ਵਿਚ ਹੋਣ ਕਰਕੇ ਇਹ ਗ਼ੁਸਾ ਅਤੇ ਬਗ਼ਾਵਤ ਦੀ ਭਾਵਨਾ ਇਹਨਾਂ ਨਾਵਲਾਂ ਦੀਆਂ ਕਈ ਸਥਿਤੀਆਂ ਵਿਚ ਨਿਰਾਸ਼ਾਵਾਦ ਨਾਲ ਵੀ ਆਪਣੀ ਸਾਂਝ ਬਣਾਉਂਦੀ ਹੈ। 'ਮੜ੍ਹੀ ਦਾ ਦੀਵਾ' ਵਿਚ ਜਗਸੀਰ ਅਤੇ ਰੌਣਕੀ ਆਪਣੀਆਂ ਜ਼ਿੰਦਗੀਆਂ ਦੀਆਂ ਹਾਲਤਾਂ ਬਾਰੇ ਗੱਲਾਂ ਕਰਦੇ ਹੋਏ ਇਹ ਸੋਚਦੇ ਹਨ ਕਿ ਇਹ ਉਹਨਾਂ ਨੂੰ ਅੰਦਰੋਂ ਹੀ ਖਾ ਰਹੇ ਹਨ । ਇਸ ਨਾਵਲ ਵਿਚ ਲੋਕਧਾਰਾਈ ਸਿਆਣਪ ਦੀ ਤਰਜਮਾਨੀ ਕਰਨ ਵਾਲੀ ਕਹਾਉਤ ਨੂੰ ਇਹ ਕਾਫ਼ੀ ਵਾਰ ਦੁਹਰਾਉਂਦੇ ਹਨ :

ਬੰਦਿਆਂ ਤੇਰੀਆਂ ਦਸ ਦੇਹੀਆਂ

ਇਕੋ ਗਈ ਵਿਹਾ ਨੌਂ ਕਿੱਧਰ ਗਈਆਂ

ਇਸ ਵਿਚ ਜ਼ਿੰਦਗੀ ਬਾਰੇ ਕਿਹਾ ਗਿਆ ਹੈ ਕਿ ਇਸ ਦੇ ਦਸ ਵੱਖਰੇ ਵੱਖਰੇ ਰੂਪ ਹਨ ਪਰ ਉਹਨਾਂ ਦੀ ਹਾਲਤ ਵਿਚ ਤਾਂ ਇਕ ਰੂਪ ਨੇ ਹੀ ਉਹਨਾਂ ਨੂੰ ਤਹਿਸ ਨਹਿਸ ਕਰ ਦਿਤਾ ਹੈ ਅਤੇ ਇਸ ਲਈ ਬਾਕੀ ਨੌਵਾਂ ਤੋਂ ਕੋਈ ਉਮੀਦ ਰੱਖਣੀ ਬੇਕਾਰ ਹੀ ਹੈ । 'ਮੜ੍ਹੀ ਦਾ ਦੀਵਾ' ਵਿਚ ਹੀ ਜਗਸੀਰ ਦੇ ਮਨ ਵਿਚ ਆਪਣੇ ਵਰਗੇ ਦਲਿਤ ਲੋਕਾਂ ਦੀ ਮੰਦੀ ਹਾਲਤ ਬਾਰੇ ਚੇਤਨਤਾ ਆਪਣੀ ਜ਼ਿੰਦਗੀ ਦੇ ਅਖੀਰ ਵਿਚ ਮੱਧਮ ਜਿਹੇ ਰੂਪ ਵਿਚ ਹੀ ਪੈਦਾ ਹੁੰਦੀ ਹੈ । ਪਰ ਇਸ ਚੇਤਨਤਾ ਦੇ ਪੈਦਾ

ਹੋਣ ਤੋਂ ਬਾਅਦ ਉਹ ਬਾਹਰੀ ਦੁਨੀਆਂ ਤੋਂ ਬਿਲਕੁਲ ਅਲੱਗ ਥਲੱਗ ਪੈ ਜਾਂਦਾ ਹੈ ਅਤੇ ਆਪਣੇ ਘੋਰਨੇ ਵਰਗੇ ਘਰ ਦੇ ਅੰਦਰ ਹੀ ਆਪਣੀ ਜਾਨ ਦੇ ਦਿੰਦਾ ਹੈ।

ਨਾਵਲਾਂ ਦੇ ਕੇਂਦਰੀ ਕਿਰਦਾਰਾਂ ਦੀ ਚੇਤਨਤਾ ਵਿਚ ਸਾਫ਼ ਰੂਪਰੇਖਾ ਦੀ ਅਣਹੋਂਦ ਦੀ ਇਕ ਹੋਰ ਮਿਸਾਲ 'ਮੜ੍ਹੀ ਦਾ ਦੀਵਾ' ਅਤੇ 'ਅੱਧ ਚਾਨਣੀ ਰਾਤ' ਵਿਚ ਉਹਨਾਂ ਦੀ ਦਬਦਬੇ ਵਾਲੀ ਸ਼ਕਤੀ ਦੇ ਨੁਮਾਇੰਦਿਆਂ ਨਾਲ ਲੜਾਈ ਸ਼ਾਮ ਦੇ ਵੇਲੇ ਹੋਣਾ ਹੈ ਅਤੇ ਉਹ ਵੀ ਸ਼ਰਾਬ ਦੇ ਨਸ਼ੇ ਦੇ ਅਸਰ ਹੇਠ । 'ਅਣਹੋਏ' ਵਿਚ ਬਿਸ਼ਨਾ ਭਾਵੇਂ ਰਾਜ ਮਸ਼ੀਨਰੀ ਦੇ ਹੁਕਮਾਂ 'ਤੇ ਘਰ ਖਾਲੀ ਕਰਵਾਉਣ ਵੇਲੇ ਅਤੇ ਇਸ ਦੇ ਵਿਰੋਧ ਵਿਚ ਰਿਆਸਤ ਦੇ ਦਰਬਾਰ ਵਿਚ ਪੇਸ਼ ਹੋਣ ਵੇਲੇ ਆਪਣੇ ਬਾਗ਼ੀ ਵਿਹਾਰ ਤੇ ਦ੍ਰਿੜ ਰਹਿੰਦਾ ਹੈ, ਪਰ ਆਪਣੀ ਧੌਂਸ ਜਮਾਉਣ ਵਾਲੀ ਸ਼ਕਤੀ ਦੇ ਸਰਗਨੇ ਠੋਲ੍ਹੇ ਉਪਰ ਨਾਵਲ ਦੀ ਸਿਖਰਲੀ ਸਥਿਤੀ ਦੇ ਵੇਲੇ ਹਮਲਾ ਕਰਨ ਵਕਤ ਉਹ ਵੀ ਸ਼ਰਾਬ ਦੇ ਨਸ਼ੇ ਵਿਚ ਸੀ । ਇਸ ਹਮਲੇ ਵਿਚ ਉਸ ਨੇ ਆਪਣਾ ਫਕਰਾਂ ਵਾਲਾ ਸਹਿਜਮਈ ਸੰਤੁਲਨ ਗਵਾ ਲਿਆ ਅਤੇ ਇਹੀ ਉਸ ਦੇ ਅੰਤ ਦਾ ਕਾਰਨ ਬਣਿਆ । ਚੇਤਨਤਾ ਤੋਂ ਪਹਿਲਾਂ ਦੀ ਮਨੋਅਵਸਥਾ ਦੇ ਸੰਦਰਭ ਵਿਚ ਹੀ ਇਹਨਾਂ ਕੇਂਦਰੀ ਕਿਰਦਾਰਾਂ ਦੇ ਅੰਤਰੀਵ ਮਨਾਂ ਦੇ ਅੰਦਰ ਬਾਰ ਬਾਰ ਉਠਦੇ ਗੁੱਸੇ ਦੇ ਤਿੱਖੇ ਵੇਗ ਨਾਲ ਭਰੇ ਤੂਫਾਨਾਂ ਦੇ ਅਰਥਾਂ ਨੂੰ ਸਮਝਿਆ ਜਾ ਸਕਦਾ ਹੈ । ਗੁੱਸੇ ਦੇ ਵੇਗ ਦੇ ਇਹ ਵਾਵਰੋਲੇ ਉਹਨਾਂ ਦੀਆਂ ਹਸਤੀਆਂ ਨੂੰ ਅੰਦਰੋਂ ਤੇ ਬਾਹਰੋਂ ਸਾੜ ਦਿੰਦੇ ਹਨ, ਉਹਨਾਂ ਦੀਆਂ ਅੱਖਾਂ ਨੂੰ ਲਾਲ ਕਰ ਦਿੰਦੇ ਹਨ ਅਤੇ ਉਹਨਾਂ ਕੋਲੋਂ ਉਹਨਾਂ ਦੀ ਜ਼ੁਬਾਨ ਖੋਹ ਲੈਂਦੇ ਹਨ । ਉਹ ਆਪਣੀ ਨੀਂਦ ਗੁਆ ਬੈਠਦੇ ਹਨ । ਇਹ ਸਥਿਤੀ ਕਿਸੇ ਇਹੋ ਜਿਹੇ ਵਿਦਰੋਹ ਦੀ ਨਹੀਂ ਹੈ ਜਿਸ ਨੂੰ ਕਿ ਚੇਤਨ ਪੱਧਰ ਤੇ ਜਥੇਬੰਦ ਕੀਤਾ ਹੋਵੇ । ਪਰ ਇਹ ਸਥਿਤੀ ਇਕ ਬੇਸੁਧ ਅਵਸਥਾ ਹੈ ਜਿਸ ਵਿਚ ਮਨੁੱਖ ਆਪਣੇ ਅੰਦਰ ਵਿਗਸ ਰਹੇ ਗ਼ੁੱਸੇ ਕਰਕੇ ਹੀ ਕੋਈ ਕਾਰਜ ਕਰਦਾ ਹੈ । ਪਰ ਦਾਬੂ ਸ਼ਕਤੀ ਦੀ ਪੂਰੀ ਸੰਰਚਨਾ ਦੇ ਖ਼ਿਲਾਫ ਉਸ ਦੇ ਮਨ ਦੀ ਬੇਅਰਾਮੀ ਜਾਰੀ ਰਹਿੰਦੀ ਹੈ ਅਤੇ ਉਹਨਾਂ ਦੀ ਇਸ ਨਾਲ ਟੱਕਰ ਉਵੇਂ ਹੀ ਚਲਦੀ ਰਹਿੰਦੀ ਹੈ ।

ਕਿਤੇ ਵੀ ਸਮਝੌਤਾ ਨਾ ਕਰਨ ਵਾਲੀ ਮਨੋਸਥਿਤੀ, ਭਾਵੇਂ ਘੁਸਮੁਸੇ ਵਾਲੇ ਮਹੌਲ ਵਿਚ ਹੀ ਸਹੀ, ਦਾਬੂ ਸ਼ਕਤੀ ਦੇ ਨੁਮਾਇੰਦਿਆ ਨਾਲ ਲਗਾਤਾਰ ਯੁੱਧ ਵਾਲੀ ਸਥਿਤੀ ਹੈ। ਆਪਣੇ ਸੁਖ ਅਰਾਮ ਤੋਂ ਬੇਪਰਵਾਹ ਹੋ ਕੇ ਇਹਨਾਂ ਪਾਤਰਾਂ ਦੁਆਰਾ ਹਮੇਸ਼ਾ ਮਰਨ ਲਈ ਤਿਆਰ ਰਹਿਣ ਵਰਗੀਆਂਕੁਝ ਅਜਿਹੀਆਂ ਸੰਕਲਪਾਤਮਕ ਧਾਰਨਾਵਾਂ ਹਨ ਜੋ ਕਿ ਅਧਿਐਨ ਅਧੀਨ ਆਏ ਨਾਵਲਾਂ ਦੇ ਤਾਣੇ ਬਾਣੇ ਨੂੰ ਬਣਾਉਂਦੀਆਂ ਹਨ । ਬਗ਼ਾਵਤ ਦੇ ਸੁਰਾਂ ਨਾਲ ਭਰੇ ਇਹਨਾਂ ਚਿਹਨਾਂ ਦੀ ਜਿਉਣਾ ਮੌੜ ਅਤੇ ਮਿਰਜ਼ੇ ਵਰਗੇ ਨਾਇਕਾਂ ਦੇ ਕਾਰਨਾਮਿਆਂ ਦੇ ਸਭਿਆਚਾਰਕ ਅਰਥਾਂ ਅਤੇ ਨਾਲ ਹੀ ਵੀਹਵੀਂ ਸਦੀ ਦੀਆਂ ਖਾੜਕੂ ਜ਼ਰਾਇਤੀ ਲਹਿਰਾਂ ਨਾਲ ਸਾਂਝ ਨੂੰ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ । 'ਅਣਹੋਏ' ਅਤੇ 'ਪਰਸਾ' ਨੂੰ ਛੱਡ ਕੇ ਇਹਨਾਂ ਲਹਿਰਾਂ ਦੇ ਸਿੱਧੇ ਜ਼ਿਕਰ ਦੀ ਇਹਨਾਂ ਨਾਵਲਾਂ ਵਿਚ ਅਣਹੋਂਦ ਕੋਈ ਜ਼ਿਆਦਾ ਮਹੱਤਵ ਨਹੀਂ ਰਖਦੀ । ਇਹਨਾਂ ਨਾਵਲਾਂ ਦੇ ਅਰਥ ਬਗ਼ਾਵਤ, ਸਚਾਈ, ਨਿੱਜੀ ਅਜ਼ਾਦੀ, ਇਨਸਾਫ਼, ਬਹਾਦਰੀ ਅਤੇ ਕੁਰਬਾਨੀ ਆਦਿ ਨਾਲ ਇਹਨਾਂ ਦੇ ਬਿਰਤਾਂਤ ਦੇ ਸਹਿਜੀਵੀ ਰਿਸ਼ਤੇ ਵਿਚ ਹੀ ਦੇਖੇ ਜਾ ਸਕਦੇ ਹਨ ।

### ਪੋਸਟਸਕਰਿਪਟ

'ਪਰਸਾ' ਹੀ ਇਕ ਅਜਿਹਾ ਨਾਵਲ ਹੈ ਜੋ ਗੁਰਦਿਆਲ ਸਿੰਘ ਦੇ ਨਾਵਲਾਂ ਦੇ ਬਿਰਤਾਂਤ ਨੂੰ ਘੁਸਮੁਸੇ ਦੇ ਖੇਤਰ ਵਿਚੋਂ ਬਾਹਰ ਲੈ ਕੇ ਜਾਂਦਾ ਹੈ । ਭਾਵੇਂ ਪਰਸਾ ਵੀ ਇਕ ਅਜਿਹੀ ਸਮਝੌਤਾ ਨਾ ਕਰਨ ਵਾਲੀ ਜ਼ਿੰਦਗੀ ਜਿਉਂਦਾ ਹੈ ਜੋ ਕਿ ਸਮਾਜਕ ਅਤੇ ਅਸਮਾਜਿਕ ਵਿਚਕਾਰਲੀ ਸਰਹੱਦ 'ਤੇ ਸਥਿਤ ਹੈ, ਪਰ ਉਸ ਦੇ ਕੋਲ ਅਜਿਹੀ ਤਕੜੀ ਮਾਨਸਿਕ ਸ਼ਕਤੀ ਹੈ ਜੋ ਕਿ ਹਰ ਤਰ੍ਹਾਂ ਦੀ ਦਾਬੂ ਸ਼ਕਤੀ ਨਾਲ ਲਗਾਤਾਰ ਯੁੱਧ ਕਰਨ ਲਈ ਉਸ ਨੂੰ ਕਾਇਮ ਰੱਖਦੀ ਹੈ। ਸ਼ਾਇਦ ਇਹ ਇਸ ਕਰਕੇ ਹੈ ਕਿ ਉਸ ਦੀ ਜ਼ਿੰਦਗੀ ਲਈ ਪ੍ਰਤੀਬੱਧਤਾ ਪ੍ਰਤੱਖ ਰੂਪ ਵਿਚ ਪ੍ਰਗਟ ਹੁੰਦੀ ਹੈ ਜੋ ਕਿ ਉਸ ਦੇ ਦੂਸਰੇ ਨਾਵਲਾਂ ਵਿਚ ਕਾਫ਼ੀ ਹੱਦ ਤੱਕ ਛੁਪੀ ਹੀ ਰਹੀ ਹੈ । ਇਹ ਸ਼ਾਇਦ ਇਸ ਕਰਕੇ ਵੀ ਹੈ ਕਿ ਪਰਸੇ ਨੇ ਉਸ ਅਗਾਂਹ ਵਧੂ ਰਾਜਸੀ ਖਾੜਕੂਵਾਦ ਨੂੰ ਆਪਣੀ ਹੋਂਦ ਦਾ ਹਿੱਸਾ ਬਣਾਇਆ ਜਿਸ ਲਈ ਉਸ ਦੇ ਪੁੱਤਰ ਬਸੰਤੇ ਨੇ ਆਪਣੀ ਜਾਨ ਵਾਰ ਦਿੱਤੀ । ਇਸੇ ਕਰਕੇ ਹੀ 'ਪਰਸਾ' ਵਿਚ ਪਰਸੇ ਨੇ ਜਿਹਨਾਂ ਕਦਰਾਂ ਕੀਮਤਾਂ 'ਤੇ ਪੂਰੀ ਉਮਰ ਪਹਿਰਾ ਦਿਤਾ ਉਹਨਾਂ ਦੀ ਅਤੇ ਲੋਕਧਾਰਾ ਦੇ ਨਾਇਕਾਂ ਅਤੇ ਜ਼ਰਾਇਤੀ ਤੇ ਇਨਕਲਾਬੀ ਲਹਿਰਾਂ ਵਿਚ ਵਿਚਾਰਧਾਰਕ ਸਾਂਝ ਚੇਤਨ ਵੀ ਹੈ ਅਤੇ ਪ੍ਰਤੱਖ ਵੀ। ਇਹ ਪਰਸੇ ਦੀ ਚੇਤਨਤਾ ਦਾ ਉੱਚਾ ਪੱਧਰ ਹੀ ਸੀ ਜਿਸ ਕਰਕੇ ਉਹ ਧਰਮ ਦੇ ਰਵਾਇਤੀ ਸਿਸਟਮ ਨੂੰ ਅਸਾਨੀ ਨਾਲ ਹਰਾ ਦਿੰਦਾ ਹੈ, ਇਕ ਵਿਹਾਰਕ ਅਮਲ ਦੇ ਰਾਹ ਪੈਂਦਾ ਹੈ, ਸਭਿਆਚਾਰਕ ਪ੍ਰਤੀਮਾਨਾਂ ਨੂੰ ਉਲੰਘ ਕੇ ਚੇਤਨ ਪੱਧਰ 'ਤੇ ਮੁਖਤਿਆਰ ਕੌਰ ਨਾਲ ਰਿਸ਼ਤਾ ਬਣਾਉਂਦਾ ਹੈ ਅਤੇ ਇਹ ਸਭ ਕੁਝ ਕਰਕੇ ਸਮਾਜ ਦੇ ਅੰਦਰਲੇ ਅਤੇ ਬਾਹਰਲੇ ਸਥਾਨਾਂ ਵਿਚ ਪਈ ਵੰਡ ਨੂੰ ਭੌਤਿਕ ਅਤੇ ਪਰਾਭੌਤਿਕ ਪੱਧਰ ਤੇ ਖਤਮ ਕਰਨ ਦੀ ਕੋਸ਼ਿਸ਼ ਕਰਦਾ ਹੈ । **ਇਸ ਤਰ੍ਹਾਂ ਜ਼ਿੰਦਗੀ ਦੀ ਮਸ਼ਾਲ ਜਗਦੀ ਰਹਿੰਦੀ ਹੈ ।**

• •

## • *ਹੋਂਦ*

ਜੋ ਸੋਚਨੇ ਆਂ ਉਹ ਹੁੰਦਾ ਨਹੀਂ
ਜੋ ਹੁੰਦਾ ਉਹ ਸੋਚਾਂ ਤੋਂ ਅਗੇਰੇ
ਭਾਵੇਂ ਡੱਕੇ ਲਾਵਣ ਬੰਨ੍ਹ ਬਥੇਰੇ
ਹੋਣੀ ਪੁੰਗਰ ਰਾਹ ਲੱਭ ਲੈਣਾ
ਅਣਹੋਣੀ ਨਾਲ਼ ਸਾਂਝ ਸਵੇਰੇ
ਜੇਕਰ ਜਾਣੀ ਹੋਂਦ ਅਸਾਂ ਦੀ
ਪੂਰੇ ਹੋ ਗਏ ਅਸੀਂ ਅਧੀਰੇ

## • *ਹਯਾਤੀ ਦੀ ਅਖ਼ੀਰਲੀ ਰਾਤ*

*(ਮਾਂ ਦੇ ਨਾਂ)*

ਕਿਉਂ ਮੁੱਕਦੀ ਨਹੀਂ ਐਹ ਰਾਤ
ਜਿਹੜੀ ਅੰਦਰ ਲਹਿ ਗਈ ਪਿਛਲੇ ਪੈਰੀਂ
ਉਹ ਅੱਖ ਕਿਉਂ ਭੁੱਲਦੀ ਨਹੀਂ
ਜਿਹੜੀ ਬੰਦ ਅੱਖੀਂ ਤੱਕਦੀ ਰਹੀ
ਕਿਉਂ ਭੁੱਲਦੇ ਨਹੀਂ ਉਹ ਸਾਹ
ਜਿਹੜੇ ਹਯਾਤੀ ਦਾ ਥਕੇਵਾਂ ਝੱਲਦੇ
ਰੁਕ ਰੁਕ ਟੁਰਦੇ ਰਹੇ

ਕਿਉਂ ਕੋੜ੍ਹ ਹੋਏ ਉਹ ਸੁਪਨੇ
ਜਿਹੜੇ ਸੱਚ ਵਾਂਙ ਨਜ਼ਰੀਂ ਪਏ
ਉਹ ਪੀੜਾਂ ਕਿਉਂ ਸਾਂਭ ਰੱਖੀਆਂ
ਜਿਹੜੀਆਂ ਨਾਲ਼ ਲਹੂ ਦੇ ਰਲ਼ੀਆਂ
ਰਾਤ ਦੀ ਕਾਲਕ ਨਾਲ਼ ਪੀੜਾਂ ਤੋਂ ਮੁਕਤੀ ਹੋਈ
ਸਾਹ ਥੰਮ੍ਹੇ, ਵੇਲੇ ਦੀ ਵੰਡ ਹੋਈ
ਸਰਘੀ ਚਾਨਣ ਮੁੱਖ ਸਜਿਆ
ਚਿੱਕੜ ਲੀੜੇ ਧੁਲ ਚਿੱਟੇ ਹੋਏ
ਚਟਾਈ ਰਲ਼ ਦਿਨ ਦਾ ਚਾਨਣ ਸੁਲੱਖਣੀ ਥਈ

## • *ਅਣਖਿੜੀ ਕਲੀ ਦੇ ਨਾਂ*

**(ਤਿੰਨ ਵਰ੍ਹੇ, ਨੌਂ ਮਹੀਨੇ ਤੇ ਤੇਰਾਂ ਦਿਨ ਦਾ ਸਾਕ)**

ਤੂੰ ਮੇਰੇ ਸਾਹਵਾਂ ਨਾਲ਼ ਟੁਰਦੀ ਰਹੀ
ਤਿੰਨ ਵਰ੍ਹੇ ਤੇ ਤੇਰ੍ਹਾਂ ਦਿਨ ਲੋਕਾਂ ਨੂੰ
ਨਜ਼ਰੀਂ ਪਈ
ਨੌਂ ਮਹੀਨੇ ਮੇਰੀ ਕੁੱਖੀਂ ਸਾਹ ਲੈਂਦੀ
ਮੇਰੀ ਵਾਜ ਸੁਣੀਂਦੀ
ਆਪਣੇ ਸੁਪਨੇ ਮੇਰੀ ਅੱਖੀਂ ਵੇਖਦੀ
ਮੇਰੇ ਹਾਸਿਆਂ ਵਿਚ ਹੱਸਦੀ
ਮੇਰੇ ਹੰਝੂਆਂ ਵਿਚ ਰੋਂਦੀ
ਮੇਰੀ ਹਿੱਕ ਨਾਲ਼ ਹਿੱਕ ਜੋੜ ਉਲਾਰ ਕਰਦੀ
ਨਾਲ਼ ਮੇਰੇ ਸੁਪਨਿਆਂ ਖੇਡਾਂ ਖੇਡਦੀ
ਅਲ੍ਹੜ ਬਲ੍ਹੜ ਗਾ ਮਿੱਠੀ ਨੀਂਦ ਸੁਆਂਦੀ
ਤਾਰ ਤਾਰ ਜੋੜਵੇਂ ਤੰਦ ਬਣਾਂਦੀ
ਅਚਨਚੇਤ, ਸਾਹ ਗਲਮੀਂ ਫਸਿਆ
ਪੀੜਾਂ ਲੈ, ਤਨ ਹੜਿਆ
ਚੀਕਾਂ ਤੇਰੀਆਂ ਵਾਜੇ ਰਲ਼ੀਆਂ
ਵੇਖ ਮੁੱਖ ਮੁਸਕਾਨਾਂ ਬੱਜੀਆਂ
ਮੇਰੀ ਹੋਂਦ ਇਕ ਨਵੀਂ ਵਜੂਦੇ ਪਈ
ਸੁਪਨਿਆਂ ਬੂਹੇ ਆਣ ਖਲੋ ਕਿਕਲੀ ਪਾਈ
ਫੁੱਲਾਂ ਦੀ ਵਾਸ਼ਨਾ ਹਰ ਪਾਸੇ ਖਿੱਲਰੀ
ਸਭ ਸੁਪਨੇ ਸੱਚ ਥਏ
ਮੁੜ ਇਕ ਦਿਨ ਹਨੇਰੀ ਝੁੱਲੀ, ਬੱਦਲ਼ ਗੱਜਿਆ
ਨਾਲ਼ ਹਨੇਰੀ ਜੁੱਸਾ ਤੈਂਡਾ ਮਿੱਟੀ ਰਲ਼ਿਆ
ਰੇਤੀ ਪੈਰਾਂ ਹੇਠ ਵਗ ਗਈ
ਵਾਅ ਬੰਦ ਮੁੱਠ 'ਚੋਂ ਕਿਰ ਗਈ
ਇੰਜ ਜਾਪਿਆ ਵਜੂਦੇ ਟੁੱਟੀ ਤਾਰ
ਮੁੜ ਹੋਂਦ ਰਲ਼ੀ

•



[ਸਮੀਨਾ ਆਸ਼ਮਾ ਦੀਆਂ ਨਜ਼ਮਾਂ ਦੀ ਕਿਤਾਬ
**ਵੇਲਾ ਸਿਮਰਨ ਦਾ**
(ਕਿਤਾਬ ਤ੍ਰਿੰਞਣ, ਲਹੌਰ, 2009 ) ਛਪ ਚੁੱਕੀ ਏ।]



## • ਬੂਹਾ ਬੰਦ ਕਰੇਂਦੀਏ

ਤੈਂਡੇ ਨਾਂ ਦੀ ਰੋਜ਼ ਚੰਬੇਲੜੀ
ਮੈਂਡੇ ਸੁੱਕੇ ਸੀਨੇ ਜਾਗਦੀ।
ਤੈਂਡੇ ਸੂਰਜ ਨਾਲ਼ ਸਵੇਲੜੇ
ਤੈਂਡੇ ਵਿਹੜੇ ਖੇਡਦੇ ਵੇਲੜੇ।
ਨਿਤ ਹੌਲ਼ੀ ਹੌਲ਼ੀ ਖੋਲ੍ਹਦੇ
ਮੈਂਡੇ ਸਾਹਵਾਂ ਵੱਜੀ ਤਾਕੜੀ[1]।

ਤੈਂਡੀ ਨੀਲੀ ਸਾਵੀ ਚੁੰਨੀਆਂ
ਤੈਂਡੇ ਹੋਠੀਂ ਖਿੜਦੀ ਚੁੰਮੀਆਂ
ਆ ਦੂਰ ਸਮੁੰਦਰ ਰੁੰਨੀਆਂ
ਤੈਂਡੇ ਸਾਹਵਾਂ ਪਾਣੀ ਗੇੜਿਆ
ਦਿਨ ਔਖਾ ਆਣ ਸਹੇੜਿਆ
ਮੈਂਡੀ ਰਾਤ ਉਦਾਸ ਅਕੇਲੜੀ
ਮੈਂਡਾ ਬਿਸਤਰ ਪੈਂਡੇ ਟੋਰਦਾ।

ਮੈਂ ਸੁੱਤਾ ਹੋਰ ਦੇ ਹੋਰ ਦਾ
ਮੈਂਡੇ ਪਿੰਡੇ ਅੰਦਰ ਭਉਂਦੀਏ
ਮੈਂਡੇ ਖ਼ਾਬਾਂ ਦੇ ਵਿਚ ਰੋਂਦੀਏ
ਨੀ ਬੂਹਾ ਬੰਦ ਕਰੇਂਦੀਏ
ਮੈਨੂੰ ਥੋਹੜਾ ਹੋਰ ਉਡੀਕ॥

## • ਢੋਲ ਸਪਾਹੀਆ

ਢੋਲ ਸਪਾਹੀਆ
ਕਿਹੜੇ ਦੇਸ ਦੀ ਮਿੱਟੀ ਖਾ ਗਈ
ਯਾਰੀ ਆਲ਼ਾ ਬੂਟਾ

ਕਿਹੜੀ ਰੁੱਤ ਦਾ ਪਾਣੀ ਪੀ ਕੇ
ਪੀਲ਼ੇ ਹੋਏ ਸੰਗ
ਬੇਰੀ ਉੱਤੇ ਬੇਰਾਂ ਦੇ ਵਿਚ ਨਿੱਕੇ ਵੱਡੇ ਕੀੜੇ ਪੈ ਗਏ
ਭੁੱਖਾ ਹੋਇਆ ਝੰਗ

ਢੋਲ ਸਪਾਹੀਆ
ਕਿਹੜੇ ਘਰ ਦੀ ਰੋਟੀ ਖਾ ਕੇ
ਢਿੱਲੇ ਹੋਏ ਪੈਰ
ਕਿਹੜੀ ਚਾਹ ਦਾ ਕੋਪ[2] ਵੰਞਾ ਕੇ
ਭੁੱਲੀ ਪਿਆ ਸ਼ਹਿਰ

ਢੋਲ ਸਪਾਹੀਆ
ਰੱਤੇ ਰੰਗ ਦੀ ਚੁੰਨੀ ਕਰ ਕੇ
ਵਤਨੀਂ ਤੇਲ[3] ਦੀ ਘਾਣੀ ਕੱਢ ਕੇ
ਆਟਾ ਗੁੰਨ੍ਹ ਕੇ
ਬੂਹੇ ਵਿਚ ਆ ਬੈਠੀਆਂ
ਤੇ ਡੀਗਰ[4] ਮੁੱਕਦੀ ਵੈਂਦੀ ਆ॥

## • *ਮੇਰੀ ਜਾਨ*

ਮੈਂ ਤੈਨੂੰ ਪਧਰਾੜ[5] ਦੀਆਂ
ਉੱਚੀਆਂ ਢੋਕਾਂ ਵਾਂਙ ਪਿਆਰ ਕੀਤੈ
ਮੈਂ ਤੈਨੂੰ ਇੰਞ ਤੱਕਿਐ
ਜਿਵੇਂ ਫ਼ਜਰੀਂ ਵੇਲੇ
ਅਪਣੇ ਜੱਦੀ ਘਰ ਦੇ ਵਿਹੜੇ ਵਿਚ ਲੱਥੀ
ਚਿੜੀਆਂ ਨੂੰ ਤੱਕਦਾ ਹੋਵਾਂ

ਮੈਂ ਤੈਨੂੰ ਇੰਞ ਛੁਹਿਐ
ਜਿਵੇਂ ਹਾੜ੍ਹ ਜੇਠ ਦੀ ਗਰਮੀ ਵਿਚ
ਰਜਿੱਕੀ[6] ਖੂਹੀ ਤੋਂ ਭਰਿਆ ਪਾਣੀ ਦਾ ਕੋਰਾ ਘੜਾ ਹੋਵੇਂ

ਮੈਂ ਤੈਂਡੇ ਸੰਗ ਇੰਞ ਟੁਰਿਆ ਵਾਂ
ਜਿਵੇਂ ਕੁੱਪਰਾਂ[7] ਦੇ ਰੜੇ ਮਦਾਨਾਂ ਉੱਤੇ ਧੁੱਪ ਟੁਰਦੀ ਏ

ਮੈਂ ਤੈਨੂੰ ਆਪਣੇ ਦਾਦੇ ਦੇ ਫ਼ੋਟੋ ਵਾਂਙ ਸਾਂਭ ਸਾਂਭ ਰੱਖਿਐ
ਤੇ ਅਪਣੀ ਨਾਨੀ ਦੀ ਕਬਰ ਵਾਂਙ ਭੁੱਲ ਗਿਆਂ

•

1. ਤਾਕੀ 2. ਕੱਪ, ਪਿਆਲਾ 3. ਦੇਸੀ ਸਰ੍ਹੋਂ ਦਾ ਤੇਲ 4. ਦਿਨ ਦਾ ਤੀਸਰਾ ਪਹਿਰ 5. ਸਰਗੋਧੇ ਨੇੜੇ ਮੇਰੀ ਜੰਮਣ ਥਾਂ
6. ਰਾਜੇ ਕੀ। ਅਵਾਣਾਂ ਦਾ ਗੋਤ ਰਜਾਲ ਵੀ ਏ 7. ਮੇਰਾ ਨਾਨਕਾ ਪਿੰਡ

# ਅਨੰਤ ਬ੍ਰਹਮੰਡ ਗੁਰਬਾਣੀ ਦਾ ਜੁਗਰਾਫ਼ੀਆ ਹੈ—*ਅਮਰਜੀਤ ਚੰਦਨ*

*-ਮੁਲਾਕਾਤੀ :* ***ਸਵਰਾਜਬੀਰ***

**ਸਵਰਾਜਬੀਰ:** ਖ਼ੂਨੀ ਨਕਸਲਵਾਦ ਦੇ ਲਹੂ ਭਿੱਜੇ ਪਛਾਵਿਆਂ 'ਚ ਕਵੀ ਹੋਣ ਵਜੋਂ ਤੇ ਹੁਣ ਮਹਾਨਗਰ ਲੰਡਨ ਵਿਚ ਰਹਿੰਦਿਆਂ ਤੁਸੀਂ ਕੀ ਮਹਿਸੂਸ ਕਰਦੇ ਹੋ।

*ਅਮਰਜੀਤ ਚੰਦਨ* : ਨਕਸਲਵਾਦ ਤਾਂ ਲੇਨਿਨ ਦੇ ਕਹਿਣ ਵਾਂਙ ਬਚਪਣੇ ਦਾ ਰੋਗ ਸੀ। ਮਾਰਕਸ ਨੇ ਮੁਲਕਾਂ ਕੌਮਾਂ ਦੇ ਵੱਡੇ ਹਾਦਸਿਆਂ ਨੂੰ 'ਇਤਿਹਾਸਕ ਅਟੱਲਤਾ' ਆਖਿਆ ਸੀ। ਉਹ ਸ਼ਬਦ ਨਿੱਜੀ ਜੀਵਨ 'ਤੇ ਵੀ ਲਾਗੂ ਕੀਤੇ ਜਾ ਸਕਦੇ ਨੇ। ਮੇਰੇ ਘਰ ਵਿਚ ਗ਼ਦਰ ਕਿਰਤੀ ਲਹਿਰ ਦੀਆਂ ਨਿੱਤ ਹੁੰਦੀਆਂ ਗੱਲਾਂ, ਭਗਤ ਸਿੰਘ ਤੇ ਵੀਅਤਨਾਮ- ਗੁਰਦੁਆਰੇ ਸ਼ਹੀਦਾਂ ਦਾ ਧਿਆਨ ਧਰ ਕੇ ਕੀਤੀਆਂ ਅਰਦਾਸਾਂ ਨੇ ਤਾਂ ਰੰਗ ਲਿਆਉਣਾ ਈ ਸੀ। ਅਸਾਂ ਵੀ ਇਨਕਲਾਬ ਦੀ ਗੱਡੀ ਨੱਸ ਕੇ ਫੜ ਲਈ। ਪਤਾ ਨਾ ਸੀ ਕਿ ਇੰਜਣ ਦਾ ਡਰੈਵਰ ਤੇ ਗਾਰਡ ਮਨੋਰੋਗੀ ਹੈ।

ਕਲਮ ਮੇਰਾ ਹਥਿਆਰ ਸੀ। ਤੇ ਬੰਬ ਖਿਡੌਣਾ। ਹੋ ਚੀ ਮਿਨ੍ਹ ਦੀ ਕਵਿਤਾ ਸੀ ਅਖੇ ਕਵੀ ਨੂੰ ਹਮਲਾ ਕਰਨ ਦੀ ਜਾਚ ਵੀ ਆਉਣੀ ਚਾਹੀਦੀ ਹੈ। ਮੇਰਾ ਮਨ ਅਪਣੇ ਵੇਲੇ ਦੇ ਦੁਨੀਆ ਦੇ ਕਮਿਉਨਿਸਟ ਕਵੀਆਂ ਦੇ ਨਾਵਾਂ ਨਾਲ ਘਿਰਿਆ ਰਹਿੰਦਾ ਸੀ। ਫ਼ੈਜ਼, ਹਿਕਮਤ, ਨਰੂਦਾ, ਬ੍ਰੈਸ਼ਟ, ਰਿਤਸੋਸ। ਗੱਲ-ਗੱਲ ਚ ਉਨ੍ਹਾਂ ਦੀ ਰੀਸ ਕਰਨ ਨੂੰ ਦਿਲ ਕਰਦਾ ਸੀ। ਮੈਂ ਪਰਚੇ ਕੱਢੇ; ਕਿਤਾਬਾਂ ਛਾਪੀਆਂ। ਕਵਿਤਾਵਾਂ ਲਿਖੀਆਂ; ਬਾਹਰ ਵੀ; ਜੇਲ ਜਾ ਕੇ ਵੀ। ਪਰ ਆਪ ਕਦੇ ਚੱਕ-ਲਾ-ਚੱਕ-ਲਾ ਵਾਲ਼ੀ ਕਵਿਤਾ ਨਹੀਂ ਲਿਖੀ। ਮੇਰੇ ਬੰਬ ਵਾਲ਼ੇ ਝੋਲੇ 'ਚ ਲਾਲ ਸਿੰਘ ਦਿਲ ਦੀ ਕਵਿਤਾ ਵੀ ਪਈ ਹੁੰਦੀ ਸੀ: 'ਕੀ ਉਨ੍ਹਾਂ ਬੋਲਾਂ ਦਾ ਨਾਂ ਹੈ?' ਕਵੀ ਹੋਣਾ, ਕਵਿਤਾ ਲਿਖਣੀ, ਕਵਿਤਾ ਮਾਣਨੀ, ਸਭ ਤੋਂ ਵਧ ਕੇ ਕਵਿਤਾ ਜੀਉਣੀ- ਇਹ ਬਹੁਤ ਹੀ ਨਿਜੀ ਵਰਤਾਰਾ ਹੈ।

ਮੈਨੂੰ ਲੰਦਨ ਰਹਿੰਦੇ ਨੂੰ ਚਾਲ਼ੀ ਸਾਲ ਹੋ ਜਾਣੇ ਹਨ। ਇਹ ਸੋਚ ਕੇ ਹੀ ਹੌਲ ਪੈਂਦਾ ਹੈ। ਕਿਹੜਾ ਪੰਜਾਬ ਮੈਂ ਢੋਈ ਫਿਰਦਾ ਹਾਂ ? ਲੰਦਨ ਹੁਣ ਮੈਨੂੰ ਅਪਣਾ ਘਰ ਲਗਦਾ ਹੈ। ਇਸ ਧਰਤੀ 'ਚ ਕੋਈ ਚੀਜ਼ ਹੋਣੀ ਹੈ ਕਿ ਮੈਂ ਏਨਾ ਕੁਝ ਰਚ ਲਿਖ ਲਿਆ ਹੈ। ਪਰਦੇਸ ਰੋਗ ਹੈ। ਇਹਦੀ ਇਕੱਲ ਬੜੀ ਘਾਤਕ ਹੈ। ਲੰਦਨ ਚ ਰਹਿੰਦਾ ਮਾਰਕਸ ਆਪ ਪਰਦੇਸੀ ਸੀ। ਪਰ ਉਹਨੇ ਇਸ ਵਿਜੋਗ (ਏਲੀਏਨੇਸ਼ਨ) ਦੀ ਗੱਲ ਨਹੀਂ ਕੀਤੀ।

ਕੱਚੀ ਉਮਰ 'ਚ ਕਿਸੇ ਗੱਲ ਦੀ ਚਿੰਤਾ ਨਾ ਸੀ; ਅਪਣੀ ਜਾਨ ਬਚਾਉਣ ਦੀ ਵੀ ਨਹੀਂ। ਉਮਰ ਨਾਲ ਚਿੰਤਾ ਵੀ ਵਧ ਜਾਂਦੀ ਹੈ। ਇਹ ਚਿਖਾ ਨਾ ਬਣੇ; ਚਿੰਤਨ ਬਣ ਜਾਵੇ, ਤਾਂ ਤਖ਼ਲੀਕ ਦੇ ਲੇਖੇ ਲਗਦੀ ਹੈ। ਲੰਦਨ ਰਹਿੰਦਿਆਂ ਮੈਂ ਬੜੇ ਨੇਕ ਬੰਦਿਆਂ ਸਾਹਿਤ ਦੇ ਸਾਧਕਾਂ ਦੀ ਸੰਗਤ ਵਿਚ ਬਹੁਤ ਕੁਝ ਸਿੱਖਿਆ। ਇਹ ਸੰਗਤ ਪੰਜਾਬ ਵਿਚ ਨਹੀਂ ਮਿਲਣੀ ਸੀ। ਖੌਰੇ ਸ਼ਰਫ਼, ਪੂਰਨ ਸਿੰਘ, ਚਾਤ੍ਰਿਕ, ਦਾਮਨ ਹੁਰਾਂ ਦੇ ਵੇਲਿਆਂ ਵਿਚ ਜੁੜਦੀ ਹੋਣੀ ਹੈ।

**ਸ:** ਅਪਣੇ ਲਿਖੇ ਸ਼ਬਦਾਂ ਦਾ ਅਨੁਨਾਦ (ਰੈਜ਼ੋਨੈਂਸ) ਤੁਹਾਨੂੰ ਪਹਿਲਾਂ ਵੀ ਹੁਣ ਵਾਂਗ ਈ ਸੁਣੀਂਦਾ ਸੀ ?

**ਅ:** ਹਰ ਸ਼ਬਦ ਹੈ ਬਾਜਾ, ਸਾਹ ਬਜਾਵੈ। ਇਹ ਬਾਜਾ ਵੱਜਦਾ ਮੈਨੂੰ ਪਹਿਲਾਂ ਨਹੀਂ ਸੀ ਸੁਣਦਾ। ਇਸ ਬਾਰੇ ਮੈਂ ਕਈ ਕਵਿਤਾਵਾਂ ਲਿਖੀਆਂ ਨੇ ਤੇ ਦੋ ਲੇਖ ਵੀ। ਇਨ੍ਹਾਂ ਦੀ ਕਿਤਾਬ ***ਸੱਚੀ ਟਕਸਾਲ*** ਹੁਣੇ ਛਪੀ ਹੈ। ਆਦਿਕਾ ਨਾਮੀਗਿਰਾਮੀ ਭਾਸ਼ਾਵਿਦ ਪ੍ਰੋਫ਼ੈਸਰ ਹਰਜੀਤ ਸਿੰਘ ਗਿੱਲ ਨੇ ਲਿਖੀ ਹੈ।

ਹਰ ਸ਼ਬਦ ਤਾਵੀਜ਼ ਹੈ। ਸਾਡੇ ਕੋਲ਼ ਸ਼ਬਦ ਬਹੁਤ ਥੋੜੇ ਹਨ। ਬੰਦਾ ਏਨਾ ਕੁਝ ਸੋਚਦਾ, ਜੀਰਦਾ ਹੈ; ਉਹ ਦੱਸਣ ਲਈ

ਭਾਸ਼ਾ ਨਾਕਾਫ਼ੀ ਹੈ। ਫ਼ਲਸਫ਼ੀ ਵਿਟਗੈਂਨਸ਼ਟਾਈਨ ਇਸ ਵਿਸ਼ਾਦ ਦਾ ਮਾਰਿਆ ਸੀ। ਇਸ ਦੁੱਖ ਦਾ ਇਲਾਜ ਉਹਨੇ ਚੁੱਪ ਵਿਚ ਲੱਭਿਆ ਸੀ। ਇਹ ਸ਼ਬਦ ਜੋ ਮੈਂ ਹੁਣ ਮਨ ਵਿਚ ਬੋਲਦਾ ਲਿਖ ਰਿਹਾਂ, ਇਹ ਮੇਰੇ ਬਣਾਏ ਹੋਏ ਤਾਂ ਨਹੀਂ। ਹਰ ਸ਼ਬਦ ਸਦੀਆਂ ਦਾ ਪੰਧ ਗਾਹ ਕੇ ਸਾਡੇ ਕੋਲ਼ ਅੱਪੜਦਾ ਹੈ। ਸਾਰੇ ਬ੍ਰਹਮਗਿਆਨੀ ਤੇ ਸੰਸਾਰਕ ਨਰੂਦਾ ਵੀ ਆਖਦਾ ਹੈ ਕਿ ਸਾਰੀ ਲੀਲਾ ਸ਼ਬਦ ਵਿਚ ਹੀ ਵਰਤਦੀ ਹੈ। ਅਰਥ ਸ਼ਬਦ ਤੋਂ ਕਿਤੇ ਬਾਹਰ ਪਿਆ ਹੁੰਦਾ ਏ, ਪਰ ਇਹ ਦੱਸਿਆ ਸ਼ਬਦ ਵਿਚ ਹੀ ਜਾਂਦਾ ਹੈ। ਕੋਈ ਅਰਥ ਸਥਿਰ ਨਹੀਂ। ਙ ਤੇ ਞ ਅੱਖਰ ਹੁਣ ਮੈਂ ਹੀ ਵਰਤਦਾਂ। ਇਹ ਬੜੇ ਵਿਚਾਰੇ-ਜਿਹੇ ਲੱਗੇ, ਤਾਂ ਮੈਂ ਇਨ੍ਹਾਂ ਦੇ ਨਾਂ ਦੀ ਕਵਿਤਾ ਲਿਖੀ। ਕਿਸੇ ਗੁਰਮੁਖ ਬੀਬੀ ਨਾਲ਼ ਮੇਰਾ ਸੌਦਾ ਹੋਇਆ। ਉਹਨੇ ਹਰ ਸਵੇਰ ਮੈਨੂੰ ਕੋਈ ਸ਼ਬਦ ਘੱਲਣਾ ਤੇ ਮੈਂ ਉਹਦੇ 'ਤੇ ਬਿਰਤੀ ਲਾ ਕੇ ਕਵਿਤਾ ਲਿਖਣੀ।

**ਸ**: ਗੁਰਬਾਣੀ ਨਾਲ ਤੁਹਾਡਾ ਨੇੜ ਕਿਤਰਾਂ ਹੋਇਆ ?

**ਅ**: ਅਸੀਂ ਪੰਜਾਬੀ ਗੁਰਾਂ ਦੇ ਨਾਂ ਉਨ੍ਹਾਂ ਦੀ ਬਾਣੀ ਦੇ ਨਾਂ 'ਤੇ ਹੀ ਤਾਂ ਜੀਉਂਦੇ ਹਾਂ। ਮੇਰੀ ਅਣਪੜ੍ਹ ਮਾਂ ਨੂੰ ਜਪੁ ਜੀ ਦੀ ਡੇੜ੍ਹ ਕੁ ਪੌੜੀ ਆਉਂਦੀ ਸੀ। ਅਪਣੇ ਬੋਲੀ ਵੀ ਹੈ—ਬਾਬੇ ਨਾਨਕ ਨੇ ਪੌੜੀਆਂ ਸੁਰਗ ਨੂੰ ਲਾਈਆਂ। ਮੇਰੀ ਮਾਂ ਦੀ ਆਸਥਾ ਕਿਸੇ ਦਿਖਾਵੇ ਦੇ ਟੀਕਾਕਾਰ ਕਥਾਵਾਚਕ ਨਾਲੋਂ ਘਟ ਨਾ ਸੀ।

ਗੁਰਬਾਣੀ ਨਾਲ ਮੇਰਾ ਰਿਸ਼ਤਾ ਜਗਿਆਸੂ ਵਾਲ਼ਾ ਹੈ। ਮੈਂ ਨਿਤਨੇਮੀ ਨਹੀਂ। ਬਚਪਨ ਵਿਚ ਕੀਤਾ ਪਾਠ ਮਨ ਵਿਚ ਵਸਿਆ ਹੋਇਆ ਹੈ। ਰਚਨਹਾਰਿਆਂ ਨਾਲ਼ ਉਡਾਰੀਆਂ ਲਾਉਣ ਦਾ ਅਪਣਾ ਆਨੰਦ ਹੈ। ਗੁਰਬਾਣੀ ਦੇ ਹਵਾਲੇ ਲੱਭਣੇ ਕੰਪਿਊਟਰ ਨੇ ਬੜੇ ਸੌਖੇ ਕਰ ਦਿੱਤੇ ਨੇ। ਭਾਈ ਕਾਹਨ ਸਿੰਘ ਦਾ ਵੀ ਬੜਾ ਆਸਰਾ ਹੈ।

ਗੁਰਬਾਣੀ ਪੰਚਨਦ ਦਾ ਮੂਲ਼ ਸ੍ਰੋਤ ਹੈ। ਇਹ ਅਪਣੇ ਹੀ ਪੱਥਰ ਚੋਂ ਸਿੰਮਦੇ ਦਰਿਆ ਦੀ ਪ੍ਰਥਮ ਬੂੰਦ ਹੈ ਤੇ ਆਪ ਹੀ ਉਹ ਸਮੁੰਦਰ ਹੈ, ਜਿਸ ਵਿਚ ਇਹ ਦਰਿਆ ਵਿਚ ਜਾ ਕੇ ਸਮਾ ਜਾਂਦਾ ਹੈ।

ਸਾਰਾ ਕਾਮਰੇਡੀ ਸਾਹਿਤ ਇਸ ਗੱਲੋਂ ਅਵੇਸਲ਼ਾ ਰਿਹਾ ਕਿ ਪੰਜਾਬੀਅਤ ਤਿੰਨ ਮੁੱਖ ਸੋਮੇ ਹਨ: ਲੋਕਬਾਣੀ, ਸੂਫ਼ੀਬਾਣੀ ਤੇ ਗੁਰਬਾਣੀ। ਸੇਖੋਂ ਲੋਕਬਾਣੀ ਨੂੰ 'ਨਿਮਨ ਸਾਹਿਤ' ਕਹਿੰਦਾ ਸੀ; ਜਨਾਬ ਪਾਸ਼ ਗੁਰਬਾਣੀ ਨੂੰ 'ਸੂਡੋ ਰਹੱਸਵਾਦ' ਆਂਹਦੇ ਸਨ ਤੇ ਸੂਫ਼ੀਬਾਣੀ ਮੁਸਲਮਾਨਾਂ ਦੀ ਲਿਖੀ ਹੋਣ ਕਰਕੇ ਅਸਾਂ ਕਿਤੇ ਪਾਸੇ ਰੱਖੀ ਛੱਡੀ।

ਗੁਰਬਾਣੀ ਨਾਲ਼ ਮੇਰਾ ਰਿਸ਼ਤਾ ਮੇਰੀ ਹਰ ਕਵਿਤਾ ਵਿਚ ਖ਼ਾਸ ਕਰ *ਪੈਂਤੀ* ਕਿਤਾਬ ਵਿਚ ਜ਼ਾਹਿਰ ਹੈ। ਗੁਰਬਾਣੀ-ਪਰੇਰੇ ਕਵੀ ਜਸਵੰਤ ਸਿੰਘ ਨੇਕੀ ਤੋਂ ਇਹਦੀ ਆਦਿਕਾ ਮੈਂ ਪ੍ਰਕਾਸ਼ਕ ਨੂੰ ਆਖ ਕੇ ਲਿਖਵਾਈ ਸੀ। ਸੇਖੋਂ ਐਂਡ ਕੰਪਨੀ ਦੇ ਸਤਾਲਿਨਵਾਦੀਆਂ ਦੇ ਸਤਾਏ ਨੇਕੀ ਜੀ ਆਦਿਕਾ ਵਿਚ ਅਪਣੀ ਕਿੜ੍ਹ ਕੱਢਣ ਲਗ ਪਏ। ਨੇਕੀ ਦੀ ਅਪਣੀ ਕਵਿਤਾ ਚੀਨੇ ਕਬੂਤਰ ਦੀ ਉਡਾਰੀ ਜਿੰਨੀ ਹੈ; ਇਹ ਬ੍ਰਹਮੰਡਾਂ ਦੇ ਦਰਸ਼ਨ ਨਹੀਂ ਕਰਵਾਂਦੀ। ਪ੍ਰੀਤਮ ਸਿੰਘ ਸਫ਼ੀਰ ਦਾ ਵੀ ਇਹਾ ਹਾਲ ਹੈ। ਇਹ ਦੋਹਵੇਂ ਕਵੀ ਲੋਕ ਲਹਿਰ ਦੇ ਨੇੜੇ ਵੀ ਨਹੀਂ ਟਪਕੇ, ਜਦ ਕਿ ਨਾਨਕਪੰਥ ਹੈ ਈ, ਲਾਲੋ ਦੀ ਬਾਂਹ ਫੜਨ ਵਾਲ਼ਾ ਪੰਥ। ਖ਼ਾਲਿਸਤਾਨੀਆਂ ਨੂੰ ਸਿਆਸੀ ਪ੍ਰਚਾਰ ਵਾਸਤੇ ਭਾਵੇਂ ਕਮਿਊਨਿਸਟਾਂ ਵਾਂਙ ਸਾਹਿਤ ਦੀ ਲੋੜ ਨਹੀਂ, ਪਰ ਉਨ੍ਹਾਂ ਕੋਲ਼ ਪਾ-ਲਾਹ ਕੇ ਇਕੋ ਦਸਵਾਂ ਦਵਾਰੀ ਹਰਿੰਦਰ ਸਿੰਘ ਮਹਿਬੂਬ ਹੈ। ਇਹਦੀ ਇਕ ਕਵਿਤਾ ਪੜ੍ਹ ਲਈ, ਸਮਝੋ ਸਾਰੀਆਂ ਪੜ੍ਹ ਲਈਆਂ। ਭੋਲ਼ਾ ਇਹ ਨਹੀਂ ਸੀ ਜਾਣਦਾ ਕਿ ਗੁਰਬਾਣੀ ਵਿਚੋਂ ਜੀਆਘਾਤੀ, ਪੰਜਾਬਘਾਤੀ, ਪੰਥਘਾਤੀ, ਆਤਮਘਾਤੀ ਖ਼ਾਲਿਸਤਾਨ ਨਹੀਂ ਨਿਕਲਦਾ। ਅਨੰਤ ਬ੍ਰਹਮੰਡ ਗੁਰਬਾਣੀ ਦਾ ਜੁਗਰਾਫੀਆ ਹੈ।

ਮੈਂ ਇਹ ਨਹੀਂ ਜਾਣ ਸਕਿਆ ਕਿ ਗੁਰੂ ਸਾਹਿਬਾਨ ਦੁਨਿਆਵੀ ਰਿਸ਼ਤਿਆਂ ਨੂੰ ਬੰਧਨ ਕਿਉਂ ਮੰਨਦੇ ਹਨ। ਇਹੀ ਰਿਸ਼ਤੇ ਮੇਰੀ ਜੀਵਨ ਸ਼ਕਤੀ ਹੈ। ਗੁਰਬਾਣੀ ਵਿਚ ਪੁਤ ਸ਼ਬਦ ਨੌਂ ਵਾਰ ਆਉਂਦਾ ਹੈ ਤੇ ਪੁਤ ਦਾ ਸਮਅਰਥੀ ਸ਼ਬਦ ਸੁਤ ਕਿਆਸੀ ਵਾਰ। ਧਰਮ ਵਿਚ ਇਹ ਰਿਸ਼ਤਾ ਤਾਂ ਕੀ ਹਰ ਰਿਸ਼ਤਾ ਬੰਧਨ ਮੰਨਿਆ ਗਿਆ ਹੈ। (ਬੰਧਨ ਸੁਤ ਕੰਨਿਆ ਅਰੁ ਨਾਰਿ॥ ਆਸਾ ਮਹਲਾ ੧॥) ਗੁਰੂ ਸਾਹਿਬਾਨ ਦਸਦੇ ਹਨ ਕਿ ਇਕੋ ਸੱਚਾ ਰਿਸ਼ਤਾ ਪਾਰਬ੍ਰਹਮ ਦਾ ਹੈ। ਮੈਂ ਅਪਣੀ ਕਿਸੇ ਕਵਿਤਾ ਵਿਚ ਦਸਮੇਸ਼ ਗੁਰੂ ਨੂੰ ਅਪਣੇ ਬੱਚਿਆਂ ਨਾਲ਼ ਲਾਡ ਕਰਦਿਆਂ ਚਿਤਵਿਆ ਹੈ। ਨਾਨਕ ਬਾਬਾ ਵੀ ਅਪਣੇ ਪੁੱਤਾਂ ਨਾਲ ਮਲ੍ਹਾਰ ਕਰਦਾ ਈ ਹੋਣੈ।

**ਸ**: ਭਲੇ ਦਿਨਾਂ ਵਿਚ ਪੰਜਾਬੀ ਕਵਿਤਾ ਕੀ ਆਂਹਦੀ ਸੀ ਤੇ ਹੁਣ ਕੀ ਆਂਹਦੀ ਹੈ ?

**ਅ**: ਪਹਿਲਾਂ ਤਾਂ ਕੁਝ ਆਂਹਦੀ ਸੀ; ਹੁਣ ਕੱਖ ਵੀ ਨਹੀਂ ਆਂਹਦੀ। ਸੰਨ ਚੁਰਾਸੀ ਮਗਰੋਂ ਕਵਿਤਾ 'ਚ ਵੀ ਨ੍ਹੇਰਾ ਛਾ ਗਿਆ। ਇਹਨੂੰ ਓਸ਼ੋਵਾਦ, ਹਿੰਦੀ ਕਵਿਤਾ ਦੀ ਭੌਂਡੀ ਨਕਲ ਤੇ ਸੈਂਕੜੇ 'ਹਾਇਕੂਆਂ' ਦੇ ਠੁੰਮ੍ਹਣੇ ਵੀ ਨਹੀਂ ਖਲ੍ਹਾਰ ਸਕੇ। ਮੋਹਨ ਸਿੰਘ ਦੇ ਕਹਿਣ ਵਾਂਙ ਬਿਨਾਂ ਧਾਗੇ ਤੋਂ ਮੋਮਬੱਤੀ ਬਾਲਣ ਵਾਲੇ ਪ੍ਰਯੋਗੀ ਇਕ ਵੀ ਯਾਦਗਾਰੀ ਕਵਿਤਾ ਨਹੀਂ ਲਿਖ

ਸਕੇ। ਹੁਣ ਦੀ "ਜਲੌਅ ਨਾਲ ਜਲਵਾਗਰ" ਹੁੰਦੀ ਕਵਿਤਾ ਦਾ ਨਮੂਨਾ ਮੁਲਾਹਿਜ਼ਾ ਹੋਵੇ:

*ਮੁਹੱਬਤ ਦੀਆਂ ਪੈੜਾਂ 'ਤੇ ਕਈ ਚਿਹਰਿਆਂ ਨੂੰ ਦੇਖਿਆ ਰਿਸ਼ਤਿਆਂ ਦੀ ਦਲਦਲ ਵਿਚ*
*ਉਡੀਕ ਦੇ ਮੋਹਵੰਤੇ ਸਿਰਨਾਵਿਆਂ ਦੀ ਦਸਤਕ ਦਿੰਦੀ*
*ਨਜ਼ਰਾਂ 'ਚ ਤਰਦੇ ਬੇਬੋਲ ਕਿਰਮਚੀ ਬਰੇਤੇ ਲਿਖਦੇ ਰਹੇ ਕਾਲੇ ਕੋਹਾਂ ਦੀ ਕਥਾ ਦੇ ਸਰੋਕਾਰ*
*ਰੇਸ਼ਮੀ ਇਬਾਰਤਾਂ ਦੇ ਅੰਗਸੰਗ ਪਤਾ ਨਹੀਂ ਕਿਉਂ*
*ਜਿਸਮ ਦੇ ਸਫਰ ਚੋਂ ਤਾਬੂਤ ਮੌਲ ਪਿਆ ਆਵਾਜ਼ਾਂ 'ਚ ਉਨੀਂਦੇ ਦੀਆਂ ਚੁੱਭੀਆਂ ਛਿਲਤਰਾਂ*
*ਹਨੇਰੇ ਦੇ ਹੱਥ 'ਚ ਫੜੀ ਵੱਜ ਪਈਆਂ ਪਾਕੀਜ਼ਗੀ ਦੇ ਖੰਡਰ ਦੀਆਂ ਖੜਤਾਲਾਂ*
*ਪਿਘਲਣ ਲੱਗੇ ਲਟਕਦੀਆਂ ਰੁੱਸੀਆਂ ਲਾਲਟੈਣਾਂ ਦੇ ਲਲਾਟ ਗ਼ਾਮਜ਼ਨ ਰਾਹਵਾਂ ਦੇ ਰੂਬਰੂ*
*ਛਾਲਿਆਂ ਵਿਚਕਾਰ ਜੰਮੀਂ ਪੀਕ ਚਮੜੀ ਦੇ ਪਾਣੀਆਂ ਵਿਚੋਂ ਉਛਲੀ ਜਿਸਮਾਂ 'ਤੇ ਟੰਗੇ ਆਕਾਸ਼ ਵਿਚ*

**ਸ**: ਪੰਜਾਬ ਤੋਂ ਦੂਰ ਬੈਠਾ ਪੰਜਾਬੀ ਕਵੀ ?

**ਅ**: ਯੂਰਪ ਅਮਰੀਕਾ ਦੇ ਸ਼ਹਿਰਾਂ 'ਚ ਯੂਨੀਵਰਸਟੀਆਂ ਵਿਚ ਪੰਜਾਬੀ ਵਿਚ ਕਵਿਤਾ ਪੜ੍ਹਦਿਆਂ ਲਗਦਾ ਏ, ਜਿਵੇਂ ਮੇਰੀ ਮਾਂ-ਬੋਲੀ ਉੱਚੇ ਪੀੜ੍ਹੇ 'ਤੇ ਬੈਠੀ ਹੈ। ਮਾਣ ਹੁੰਦਾ। ਪਰਦੇਸ ਵਿਚ ਤਾਂ ਬੰਦਾ ਪੰਜਾਬ ਦੇ ਹੋਰ ਨੇੜੇ ਜਾਂਦੈ। ਮੇਰੀ ਕੋਈ ਕਵਿਤਾ ਇੰਜ ਤੁਰਦੀ ਹੈ: ਪੰਜਾਬ ਮੇਰਾ ਤਾਂ ਦੁਨੀਆ ਜਿੱਡਾ/ਪੰਜਾਬ ਮਿਰਾ ਅਣਹੱਦ ਹੈ। ਇਸ ਵਿਚ ਸੱਭੇ ਦਰਿਆ ਵਹਿੰਦੇ...।- ਲਹੌਰ ਕੋਈ ਨੌਜਵਾਨ ਮੈਨੂੰ ਪੁੱਛਦਾ: "ਤੁਸੀਂ ਪੰਜਾਬੀ ਸ਼ਾਇਰ ਓ ਜਾਂ ਸ਼ਾਇਰ ?" ਲਹੌਰ 'ਚ ਖੜ੍ਹ ਕੇ ਜਿਥੇ ਪੰਜਾਬੀ ਰੁਲ ਰਹੀ ਹੈ, ਮੈਂ ਇਹੀ ਆਖਣਾ ਸੀ: "ਪੰਜਾਬੀ ਸ਼ਾਇਰ।" ਮੈਨੂੰ ਮਗਰੋਂ ਸਮਝ ਆਈ ਕਿ ਉਹ ਮੁੰਡਾ ਮੇਰੇ ਮੂੰਹੋਂ ਸੁਣਨਾ ਚਾਹੁੰਦਾ ਦੀ ਕਿ ਮੈਂ ਸ਼ਾਇਰ ਹਾਂ। ਉਹ ਸੱਚਾ ਸੀ।

**ਸ**: ਤੁਹਾਤੋਂ ਕਿਹੜੀ ਚੀਜ਼ ਲਿਖਵਾਂਦੀ ਏ ?

**ਅ**: ਪਿਆਰ। ਮੇਰੀ ਕਵਿਤਾ **ਤਾਵੀਜ਼** ਪੜ੍ਹੋ। ਮਿਤਰਾਂ ਦੀਆਂ ਨਿਸ਼ਾਨੀਆਂ। ਕੋਈ ਵੀ ਦਿਲਾਸੇ ਵਾਲਾ ਬੋਲ। ਭੰਗਿਮਾ। ਤੱਕਣੀ। ਛੁਹ। ਗੰਧ। ਕੁਝ ਵੀ ਜੋ ਤਨ ਮਨ ਨੂੰ ਛੂਹ ਜਾਵੇ। ਕੋਰੀ ਕਲਪਨਾ ਵੀ ਲਿਖੀਅ ਕੇ ਅਨੁਭਵ ਹੋ ਜਾਂਦੀ ਏ; ਯਥਾਰਥ ਬਣ ਜਾਂਦੀ ਏ। ਹਰ ਸ਼ਬਦ ਬੀਜ ਵਾਂਙ ਹੈ। ਇਕ ਬੀ ਵਿਚ ਅਨੇਕ ਬਣ ਸਿਮਟੇ ਪਏ ਹੁੰਦੇ ਨੇ। ਓਵੇਂ ਹਰ ਸ਼ਬਦ ਵਿਚ ਸਮਾਏ ਅਰਥਾਂ ਦਾ ਪਾਰਾਵਾਰ ਨਹੀਂ।

ਕੋਈ ਨਹੀਂ ਦਸ ਸਕਿਆ ਕਿ ਉਹ ਕਿਹੜੀ ਸ਼ਕਤੀ ਹੈ, ਜੋ ਲਿਖਾਰੀ ਕੋਲੋਂ ਲਿਖਵਾਂਦੀ ਏ।

ਰਾਜਿੰਦਰ ਸਿੰਘ ਬੇਦੀ ਆਖਦਾ ਸੀ ਕਿ ਜਦ ਲਿਖਾਰੀ ਲਿਖਦਾ ਏ, ਓਦੋਂ ਉਹ ਜਾਂ ਆਪ ਹੁੰਦਾ ਹੈ ਤੇ ਜਾਂ ਰੱਬ। ਕਵਿਤਾ ਲਿਖ ਕੇ ਧੀਰਜ ਹੁੰਦਾ। ਸ਼ੁਕਰਾਨੇ ਨਾਲ਼ ਸਿਰ ਝੁਕਦਾ। ਫਿਰ ਅਪਣੇ ਬਹੁਤੇ-ਮਹਿੰਗੇ ਮਿਤ੍ਰਾਂ ਨੂੰ ਵਾਚਣ ਲਈ ਘੱਲਦਾ। ਪਹਿਲ-ਪ੍ਰਥਮਾ ਪਾਠਕ ਹੋਣ ਤੋਂ ਵਡੇਰਾ ਮਾਣ ਹੋਰ ਕਿਹੜਾ ਹੋਣਾ ?

**ਸ**: ਅੱਜ ਦੇ ਜ਼ਮਾਨੇ 'ਚ ਸ਼ਾਇਰ ਹੋਣਾ ਕੀ ਮਾਅਨੇ ਰਖਦਾ ? ਅੱਜ ਕਵਿਤਾ ਦਾ ਕੋਈ ਮਤਲਬ ਰਹਿ ਵੀ ਗਿਆ ਏ ? ਕਮ-ਅਜ਼-ਕਮ ਪੂਰਬੀ ਪੰਜਾਬ ਵਿਚ ?

**ਅ**: ਮੇਰੀ ਕਵਿਤਾ **ਕਾਗ਼ਜ਼** 'ਚ ਇਹ ਸਤਰ ਏ: ਜਦੋਂ ਕਾਗ਼ਜ਼ ਨਹੀਂ ਸੀ, ਓਦੋਂ ਕਵਿਤਾ ਸੀ/ਜਦੋਂ ਇਨਸਾਨ ਨਹੀਂ ਸੀ, ਕਵਿਤਾ ਓਦੋਂ ਵੀ ਸੀ। ਸੋ ਕਵਿਤਾ ਆਦਿ-ਜੁਗਾਦੀ ਹੈ। ਕਵਿਤਾ ਅਲਾਦੀਨ ਦਾ ਚਿਰਾਗ਼ ਨਹੀਂ। ਇਹਤੋਂ ਸਾਨੂੰ ਕਿਸੇ ਚਮਤਕਾਰ ਦੀ ਝਾਕ ਨਹੀਂ ਰੱਖਣੀ ਚਾਹੀਦੀ। ਏਨਾ ਹੀ ਕਾਫ਼ੀ ਹੈ ਕਿ ਇਹ ਔਖੀ ਵੇਲੇ ਬੰਦੇ ਦੀ ਬਾਂਹ ਫੜਦੀ ਹੈ; ਉਹਨੂੰ ਡਿਗਣ ਨਹੀਂ ਦਿੰਦੀ। ਇਹਦਾ ਸਮਾਜੀ ਮਤਲਬ ਭਲੇ ਵੇਲਿਆਂ 'ਚ ਬਹੁਤ ਸੀ- ਸ਼ਰਫ਼, ਦਾਮਨ, ਰਜਬ ਅਲੀ, ਮੁਸਾਫ਼ਰ, ਸੋਹਣ ਸਿੰਘ ਸੀਤਲ ਤੇ ਪਹਿਲੀਆਂ ਚਾਰ ਕਿਤਾਬਾਂ ਵਾਲ਼ੇ ਮੋਹਨ ਸਿੰਘ ਦੇ ਵੇਲੇ। ਅਜੋਕੇ ਪੂਰਬੀ ਪੰਜਾਬ ਵਿਚ ਉਡਤਾ ਪੰਜਾਬ ਦੇ ਗੀਤਕਾਰ ਦੀ ਕੀਤੀ ਚੱਵਲ ਤੁਕਬੰਦੀ ਦਾ ਹਜ਼ਾਰਹਾ ਲੋਕਾਂ ਵਾਸਤੇ ਸ਼ਾਇਦ ਕੋਈ ਮਤਲਬ ਹੋਵੇਗਾ।

ਹੁਣ ਕਵੀ ਹੋਣ ਦਾ ਮਤਲਬ ਕਿਤੇ 'ਢੀਠ' ਹੋਣਾ ਤਾਂ ਨਹੀਂ ?! ਸਰਮਾਏ ਦਾ ਕਲ਼ਯੁਗੀ ਰੱਬ ਸਭ ਕੁਝ ਤਬਾਹ ਕਰੀ ਜਾ ਰਿਹਾ ਤੇ ਕਵੀ ਹੈ ਕਿ ਹਾਲੇ ਵੀ ਬੈਠਾ ਆਸ ਦਾ ਤਿਣਕਾ ਫੜ ਕੇ ਕਵਿਤਾ ਲਿਖੀ ਜਾਂਦਾ ਏ। ਹੁਣ ਵੀ ਕਵੀ ਹੋਣ ਦਾ ਮਤਲਬ ਹੈ— ਨਕੀਰ ਫ਼ਰਿਸ਼ਤਾ ਹੋਣਾ, ਜਿਹਦਾ ਧਰਮ ਏ, ਬੰਦੇ ਦੇ ਸੱਜੇ ਮੋਢੇ 'ਤੇ ਬੈਠ ਉਹਦੇ ਨੇਕ ਕੰਮਾਂ ਦਾ ਲੇਖਾ ਲਿਖਣਾ।

• •

## ਵਰਣਮਾਲ

ਆਪੇ ਸਬਦ ਆਪੇ ਨੀਸਾਨ
– ਬਿਲਾਵਲੁ ਮਹਲਾ ੧

ਸਚੁ ਕਾਗਦੁ ਕਲਮ ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ॥
ਮਾਝ, ਮਹਲਾ ੩

ਇੱਕੋ ਅਲਫ਼ ਤੇਰੀ ਦਰਕਾਰ...
– ਬੁੱਲ੍ਹੇ ਸ਼ਾਹ

ਪੈਂਤੀ ਅੱਖਰੀ ਸਭ ਤੋਂ ਵੱਖਰੀ
ਗਾਨੀ ਮਾਲ਼ਾ ਤ੍ਰੀਹ ਪੰਜ ਮਣਕੇ
ਪੰਜਾਬੋ ਦੇ ਗਲ਼ ਲਟਕੇ ਸੋਹਵਣ

ਅਨੰਤ ਸਮੋਇਆ ਜਿਸ ਮੇਂ ਉਹ ਜੁ ਬਿੰਦੂ
ਤੁਰਦਾ ਵਧਦਾ ਵੱਗਣੇ ਲਗਦਾ ਬਣਦਾ ਰੇਖਾ
ਰੇਖਾ ਬਣਦੀ ਘੁੰਡੀ
ਪਹਿਲ ਪ੍ਰਥਮਾ ਅੱਖਰ ਕੁੰਜੀ
ਜਿਸ ਨਾ' ਸੱਭੋ ਤਾਲ਼ੇ ਖੁੱਲ੍ਹਦੇ
ਗੁੰਝਲ਼ ਗੁੱਥਲੀ ਗੋਰਖ ਧੰਦਾ ਖੁੱਲ੍ਹ ਜਾਂਦਾ ਹਰ ਜੰਦਰਾ

ਸਾਰੇ ਅੱਖਰ ਨਿਕਲ਼ੇ ਊੜੇ ਵਿੱਚੋਂ
ਬਾਲਕ ਨਾਨਕ ਪਾਇਆ ਪੂਰਨਾ ਪੱਟੀ ਉੱਤੇ
ਯਕਦਮ ਪਿੰਜਰਾ ਖੁੱਲ੍ਹਾ
ਪੰਛੀ ਦੂਰ ਉਡਾਰੀ ਮਾਰਨ ਲੱਗਾ
ਉਡ ਜਾਣਾ ਉਡ ਜਾਣਾ ਹੋਣਾ ਮੁਕਤਾ

ਫਿਰ ਬਾਬੇ ਸਬਦੁ ਅਲਾਹਿਓ:
ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥

ਮਿੱਟੀ ਉੱਤੇ ਰੂਹ ਦੀ ਚਮੜੀ ਉੱਤੇ ਪਿੰਡੇ ਉੱਤੇ
ਪੱਟੀ ਤੇ ਆਕਾਸ਼ ਦੇ ਉੱਤੇ
ਬੰਦਾ ਵਾਹਣੇ ਲੱਗਿਆ ਕਾਟੇ ਮਾਟੇ ਘੁੱਗੂ ਘੋੜੇ
ਕੀਟ ਪਤੰਗੇ ਰੱਬ ਦੀਆਂ ਸ਼ਕਲਾਂ
ਬਣਦੇ ਬਣਦੇ ਬਣ ਗਏ ਅੱਖਰ
ਹੋ ਹਰਿਆਨ ਓ ਓ ਕਰਦਾ
ਊੜਾ ਬਣਿਆ ਨਾਮ ਸ਼ਿਵਾਂ ਦਾ ਨਾਮ ਬ੍ਰਹਮੋ
ਓਅਮ ਇਕਓਅਮਕਾਰ ਥੀਆ

ਹਰ ਅੱਖਰ ਜਿਉਂ
ਮਨਸਰੋਵਰ
ਪਈ ਕੁਠਾਲ਼ੀ
ਏਕਮ ਦਾ ਚੰਨ
ਨਿਤ ਫ਼ਲ਼ਦੀ ਕੁੱਖ ਜੁ
ਕ਼ਾਸਾ ਸਿੱਪੀ ਬੂੰਦ ਸਵਾਂਤੀ
ਛਾਯਾ ਪਾਤਰ ਅਮ੍ਰਿਤ ਭਾਂਡਾ
ਛੰਨਾ ਕੌਲੀ ਤਾਸੀ
ਫ਼ਕੀਰ ਦੀ ਚਿੱਪੀ
ਖੂਹ ਦੀ ਟਿੰਡੜੀ ਭਰਦੀ ਹੁੰਦੀ ਸੱਖਣੀ ਸੱਖਣੀ ਹੁੰਦੀ ਭਰਦੀ
ਸੰਮਲ ਕੇ ਬੁੱਕ ਭਰਿਆ
ਆਕਾਸ਼ ਚੰਦੋਆ ਮੂਧਾ ਹੋਆ

ਅੱਖਰ ਮਹਿਮਾ
ਕਾਇਆ ਕਾਗਦ
ਕਾਦਰ ਰਚਿਆ
ਕਾਤਬ ਲਿਖਿਆ
ਪਾਠੀ ਪਾਠ ਪਠਾਇਆ

ਕੋਰੀ ਕਿਰਤ ਕਮਾਈ ਕਾਗਜ਼ੀਏ
ਕਲਮ ਘੜੇਂਦਾ ਭਾਈ ਮਨੀ ਸਿੰਘ
ਲਿਖਸੀ ਪੋਥੀ ਬਿਨ ਮਸਾਵਣੀਆ

ਲੇਖਕ ਯੋਧਾ ਕਹਿੰਦਾ:ਇਹ ਕਾਗਦ ਨਾਹੀ ਨਿਆਂ ਦਾ ਝੰਡਾ
ਧੰਨ ਕਿਰਸਾਨ ਲੇਖਾਰੀ
ਬੀਜਕ ਕੇਰੇ ਫੁਟਦੇ ਜਗਮਗ ਕਰਦੇ
ਝੂਮੇ ਫ਼ਸਲ ਹਰੂਫ਼ੀ[1]
ਇਤਨੇ ਰੰਗ ਕਦੇ ਗਿਣੇ ਨਾ ਜਾਣੇ
ਕਿਰਤੀ ਪੰਜਾ ਲੱਗਿਆ ਪੱਥਰ ਛਾਪਾ
ਵਿਸ਼ਕਰਮਾ ਸਿੱਕਾ ਢਲ਼ਿਆ ਅੱਖਰ ਘੜਿਆ
ਹਰ ਸ਼ਬਦ ਜਿਉਂ ਕੁੰਭਕ ਰਚਿਆ ਅਰਥ ਪੂਰਿਆ
ਅਪਣੇ ਚੰਮ ਦੀਆਂ ਜੁੱਤੀਆਂ ਕਰਕੇ
ਵਿਚ ਪਰਮੇਸਰ ਪੈਰ ਧਰਾਇਆ
ਜੁੜ ਕਰ ਅੱਖਰ ਅੱਖਰ ਤਾਣੀ ਸੁਲ਼ਝੀ
ਧਾਗਾ ਰੰਗਲਾ ਸੂਈ ਦਾ ਨੱਕਾ ਪੋਟੇ ਪੁੜਿਆ
ਲਹੂ ਦਾ ਟੇਪਾ ਚੱਦਰ ਰੰਗੀ
ਜਾਣ ਲਿਖਾਰੀ ਲਿਖਿਆ ਤਨ ਮਨ ਓਢਣ ਬਣਿਆ ਸ਼ਹੁ ਨੂੰ ਮਿਲਣਾ

ਬਲ਼ਦੀ ਅੱਗ ਵਿਚ ਕਾਗਤ ਬਲ਼ਦਾ ਸਣੁ ਮਸਵਾਣੀ
ਬਲ਼ਦੇ ਅੱਖਰ ਹੋਰ ਵੀ ਲਿਸ਼ਕਣ ਰਾਖ ਨਾ ਹੋਵਣ

ਅੱਖਰ ਸੈਲ ਪੱਥਰ ਦੇ ਉੱਤੇ
ਖੁਣਿਆ ਗੱਭਰੂ ਬਾਂਹ ਦੇ ਉੱਤੇ
ਮੋਰਨੀ ਪੱਟ ਸੁਹਾਵੇ ਨੱਚੇ

ਨੱਢੜੀ ਅਪਣੀ ਪਿੱਠ 'ਪਰ ਪ੍ਰੇਮੀ ਨਾਮ ਲਿਖਾਇਆ

ਹਰ ਅੱਖਰ ਉੜਨ ਖਟੋਲਾ
ਬਾਲ ਅਵਾਣਾ ਚੜ੍ਹ ਕਰ ਬਹਿੰਦਾ
ਬ੍ਰਹਮੰਡਾਂ ਦੀ ਸੈਲ ਕਰੇਂਦਾ
ਮਾਂ ਹਾਕਾਂ ਮਾਰ ਬੁਲਾਵੇ
ਪੁਤਰ ਮੁੜ ਘਰ ਆਵੇ

ਖੇਡਾਂ ਖੇਡੇ ਰੇਤਾ ਦਾ ਘਰ
ਵਗਦੀ ਨਦੀ ਕਿਨਾਰੇ
ਹਰ ਘਰ ਅੱਖਰ ਦੇ ਵਿਚ ਵੱਸਦਾ
ਵਿਚ ਵਿਚ ਰੱਖਿਓ ਮੋਰੀਆਂ ਆਲ਼ੇ
ਆਲ਼ੇ ਦੇ ਵਿਚ ਬਲ਼ਦਾ ਦੀਵਟ
ਜਿਸ ਥੱਲੇ ਅੰਧੇਰ ਨਹੀਂ ਹੈ

ਹਰਫ਼ ਕੋਈ ਕਲਬੂਤ ਕਿ ਜਿਸ ਵਿਚ
ਪੈਰ ਅਰਥ ਦਾ ਟਿਕਿਆ
ਤੁਰਨੇ ਲਗਦਾ ਲਫ਼ਜ਼ ਪਤਾ ਨਾ ਚਲਦਾ
ਕਿਥੇ ਅਗਲਾ ਕ਼ਦਮ ਅਗਾਹਾਂ ਰੱਖਣਾ[2]

ਅੱਖਰ ਅੱਖਰ ਮਾਖਿਓਂ ਛੱਤਾ
ਸਭ ਰਸ ਰਾਤਾ ਸਭ ਰੰਗ ਰੱਤਾ

ਬੋਲੀ ਜੀਕਣ ਪੰਛੀ ਲਟਪਟ ਤੀਲਾ ਤੀਲਾ ਕਰ ਕੇ ਕੱਠਾ
ਅਪਣਾ ਘਰ ਬਣਾਇਆ ਬੰਦੇ
ਉਸਦਾ ਰੱਖਿਆ ਨਾਮ ਆਲ੍ਹਣਾ
ਅੱਜ ਤਾਈਂ ਜੋ ਨਿਜ ਹੋਇਆ ਨਿਤ ਹੋਇਆ
ਇੱਕੋ ਓਸ ਸ਼ਬਦ ਦੇ ਅੰਦਰ ਰਹਿੰਦਾ ਵਰਤ ਰਿਹਾ ਹੈ

ਕ਼ਲਮ ਦੀ ਪੂਣੀ ਤੰਦ ਛੁਹਾਂਦੀ
ਅੱਖਰ ਦੇ ਨਾਲ਼ ਅੱਖਰ ਜੁੜਦਾ
ਲਗ ਦੇ ਨਾਲ਼ ਮਾਤ੍ਰਾ ਲਗਦੀ
ਤਾਣੀ ਦੇ ਵਿਚ ਚਿੰਤਾ ਊਰੀ ਘੁੰਮਦੀ
ਬੁਣਤੀ ਬਣ ਬਣ ਪੈਂਦੀ
ਵੱਜਦਾ ਸਾਹ ਦਾ ਪੰਜਾ
ਲੰਘ ਕਰ ਸੂਈ ਦੇ ਨੱਕਿਓਂ
ਕੱਪੜ ਰੂਪ ਸੁਹਾਂਦਾ ਪਿੰਡਾ
ਜਗਦੀ ਜੀਵਨ ਪੋਥੀ ਲੋਆਂ ਵੰਡਦੀ

ਪਿਆਰੇ ਨੂੰ ਮਨ ਵਿਚ ਵਸਾ ਕੇ
ਗੁਰਮੁਖ ਬੰਦੇ ਜੋ ਵੀ ਵਾਹਿਆ
ਸੱਜਿਓਂ ਖੱਬੇ
ਖੱਬਿਓਂ ਸੱਜੇ
ਉੱਤੋਂ ਹੇਠਾਂ

ਹੇਠੋਂ ਉੱਤੇ
ਅੱਖਰ ਮਾਲ਼ਾ
ਹਰ ਲਿਪੀ ਹੈ ਗੁਰੂ ਦੀ ਲਿਪੀ ਧੁਰੋਂ ਗੁਰਮੁਖੀ
ਪਹਲਵੀ[3] ਰੋਮਨ ਦੇਵਨਾਗਰੀ ਹਿਬਰਾਨੀ ਅਰਬੀ ਚੀਨ ਜਪਾਨੀ

ਇਸ ਲਿਪੀ ਦੇ ਹਰਫ਼ਾਂ ਦੀ ਨਹੀਂ ਕੋਈ ਵੀ ਗਿਣਤੀ
ਅੰਧੇ ਅੰਧੇਰੇ ਵਿਚ ਵੀ ਪੜ੍ਹਨਾ ਜਾਣਨ

ਨੰਗੀ ਤਹਰੀਰ ਦੀ ਸ਼ੋਖ਼ੀ ਨਿਤ ਰੂਪ ਵਟਾਂਦੀ
ਪੈਰਹਨ ਇਸਦਾ ਕਦੇ ਕਾਗ਼ਜ਼ੀ[4] ਕਦੇ ਤਾਂ ਖ਼ਾਕੀ ਕਦੇ ਹੈ ਨੂਰੀ

ਙੰਙਾ ਵੰਵਾ[5]
ਹਰਫ਼ਨ ਹਰਫ਼ਨ[6]
◆
2-7 ਜੁਲਾਈ 2016

## ਅੱਥ

ਮੇਰੇ ਕੋਲ਼ ਕੋਲ਼ ਨਾ ਆ
ਮੈਂ ਅੱਥ ਵਾਂਙ ਕਿਰ ਜਾਂਗੀ।

– ਰੁੱਤ ਹੱਸੇ ਰੁੱਤ ਰੋਏ, ਸੁਰਿੰਦਰ ਅਤੈ ਸਿੰਘ, 2016

ਵਾਹ ਮਝੈਲਣ ਤੂੰ ਜੋੜੇਂ ਬੋਲ ਮਿਜਾਜੀ
ਅੱਥਰੂ ਨੂੰ ਅੱਥ ਕਰ ਆਖੇਂ
ਤੂੰ ਇਸ ਦੀ ਵੱਥ ਵਧਾਈ
ਅਜਬ ਕਲਾ ਵਰਤਾਈ

ਕਿਸਦੀ ਕੀਤੀ ਰੁਸ਼ਨਾਸੀ
ਕਿਰਿਆ ਅੱਖਰ ਰੂ ਹੰਝ ਦੇ ਵਾਂਙਣ
ਤੇਰੇ ਕੋਲ਼ ਕੋਲ਼ ਕੋਈ ਆਇਆ
ਕਿਰ ਗਈ ਤੂੰ ਸਾਰੀ ਦੀ ਸਾਰੀ
ਅੱਖ ਹੋ ਗਈ ਸੱਖਣੀ     ਤੱਕਣੀ ਰੌਣਕ ਲਾਈ

ਇਕ ਅੱਖਰ ਕਿਰਿਆ ਅੱਥ ਨਾਲ਼ੋਂ

1. ਇਸਲਾਮੀ ਰੂਪ-ਵਿਗਿਆਨੀ (ਮੌਰਫ਼ੌਲੌਜੀ) ਲਹਿਰ ਇਲਮੁਲ-ਹਰੂਫ਼ ਜਾਂ ਹਰੂਫ਼ੀ ਜਿਹਦੇ ਬੰਦੇ ਹਰਫ਼ਾਂ ਚ ਰੱਬ ਦੇਖਦੇ ਸਨ
2. ਗ਼ਾਲਿਬ: 'ਹੈ ਕਹਾਂ ਤਮੰਨਾ ਕਾ ਦੂਸਰਾ ਕ਼ਦਮ ਯਾ ਰਬ। ਹਮ ਨੇ ਦਸ਼ਤ-ਏ-ਇਮਕਾਂ ਕੋ ਨਕ਼ਸ਼-ਏ-ਪਾ ਪਾਯਾ॥' – ਸੰਭਾਵਨਾ ਦਾ ਮਾਰੂਥਲ ਮੈਨੂੰ ਤੇਰੀ ਇੱਕੋ ਹੀ ਪੈੜ ਲਗਦੀ ਹੈ; ਰੱਬ ਜੀ ਮੈਂ ਤਮੰਨਾ ਦਾ ਅਗਲਾ ਕਦਮ ਕਿਥੇ ਚਾ ਰੱਖਾਂ?
3. ਫ਼ਾਰਸੀ
4. ਗ਼ਾਲਿਬ: 'ਕਾਗ਼ਜ਼ੀ ਹੈ ਪੈਰਹਨ ਇਸ ਸ਼ੋਖ਼ੀ-ਏ-ਤਹਰੀਰ ਕਾ'
5. ਙ ਦਾ ਅਰਥ ਹੈ – ਭੋਗ ਦੀ ਇੱਛਾ, ਛੁਹ, ਭੈਰੋਂ ਦੇਵ ਤੇ ਵ ਦਾ ਅਰਥ ਹੈ – ਗਾਉਣਾ, ਬੈਲ, ਤਿਰਛੀ ਚਾਲ, ਘੁਰਘੁਰ। – ਮਹਾਨ ਕੋਸ਼
6. ਅੱਖਰ ਅੱਖਰ

ਸਾਹ ਜੁੜਿਆ ਸੀ ਜਾਂ ਟੁੱਟਾ ਸੀ
ਜਾਂ ਦੁਖਦੀ ਰਗ ਨੇ ਟਸ ਟਸ ਕੀਤੀ

ਹਰ ਅੱਖਰ ਸਾਹ ਸਾਹ ਕਰਦਾ
ਇਕ ਸਾਹ ਜੀਉਂਦਾ ਇਕ ਸਾਹ ਮਰਦਾ
ਹਿਚਕੀ ਆਈ ਜਾਂ ਅੱਖ ਫੜਕੀ ਸੀ
ਜੀਭਾ ਥਥਲੀ
ਤਾਲ ਸੀ ਖੁੱਥੀ
ਜਾਂ ਦਿਲ ਦੀ ਧੜਕਣ ਖੁੰਝੀ
ਕੋਈ ਕੰਡਾ ਰੂਹ ਵਿਚ ਪੁੜਿਆ
ਵੈਦ ਦਿਲੇ ਨੂੰ ਹਾਕ ਸੀ ਮਾਰੀ
ਅੱਖਰ ਬੋਲ ਨਾ ਸਕਿਓਂ ਪੀੜ-ਪਰੁੱਚਾ
ਜਾਂ ਸਾਹ ਰੋਕ ਯਾਦ ਸੀ ਕਰਦੀ
ਉਹ ਯਾਦ ਰਿਹਾ ਨਾ
ਯਾਦ ਨਾ ਆਇਆ
ਦਿਲ ਵਿਚ ਸੀ ਪਰ ਦੂਰ ਬੜਾ ਸੀ
ਵਾਜਾਂ ਮਾਰ ਬੁਲਾਇਆ ਕੋਲ਼ ਨਾ ਆਇਆ
ਭਰ ਆਈਆਂ ਅੱਖੀਆਂ
ਅੱਥਰੂ ਰਿਹਾ ਅਣਕਿਰਿਆ
ਕੋਈ ਬੋਲ ਰਹਿਆ ਅਣਕਥਿਆ

## ਮੰਗਲ ਬਾਜਾ

ਮਾਂ ਨੇ ਖਿਡਾਉਣਾ ਮੈਨੂੰ ਬਿਨ-ਮੰਗਿਆਂ ਹੀ ਲਿਆ ਦਿੱਤਾ। ਇਹ ਸੀ ਨਿੱਕਾ-ਜਿਹਾ ਹਾਰਮੋਨੀਅਮ। ਉਹ ਇਸ ਨਿੱਕੀ-



ਹਰਿਭਜਨ ਸਿੰਘ ਦੀ ਵਿਰਾਸਤ ਮਦਨ ਗੋਪਾਲ ਸਿੰਘ
ਚਿਤ੍ਰਕਾਰ: ਲੀਲਾ ਮੁਖਰਜੀ, 1980

ਜਿਹੀ ਸੁਗਾਤ ਨੂੰ ਸਿਰ 'ਤੇ ਇਉਂ ਚੁਕ ਕੇ ਘਰ ਲਿਆਈ, ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਚੁੱਕੀ ਆ ਰਹੀ ਹੋਵੇ।
– ਹਰਿਭਜਨ ਸਿੰਘ, ਚੋਲ਼ਾ ਟਾਕੀਆਂ ਵਾਲ਼ਾ, 1994

ਅਜਬ ਖਿਡੌਣਾ ਮਨ ਰਿਝੌਣਾ ਬਿਨ–ਮੰਗਿਆਂ ਜੁ ਮਿਲਿਆ
ਮੰਗਲ ਬਾਜਾ ਲਾਖੇ ਰੰਗ ਦਾ ਸੁਹਣ ਸੁਣੱਖਾ
ਵਿਚ ਜੜਿਆ ਤਾਂਬਾ ਲੱਕੜ ਚਮੜਾ ਪੱਲਾ

ਅਲੂੰਆਂ ਮੁੰਡਾ
ਕੋਠੇ ਚੜ੍ਹ ਕੇ ਬੈਠਾ ਇਕਲ਼ਵਾਂਝੇ ਕੱਲਮਕੱਲਾ
ਸਿਰ 'ਤੇ ਸੂਰਜ
ਕੱਲਾ ਰੁੱਖ ਉਜਾੜ ਚ ਉੱਗਿਆ
ਜਿਸਦਾ ਨਾ ਪਰਛਾਵਾਂ

ਹਰਦਮ ਯਾਦ ਹੈ ਵਰਤੇ–
ਕੁੱਖ ਵਰਗੀ ਜੰਮਣ ਭੋਇੰ ਛੱਡ ਤੁਰਨੇ ਲੱਗਾ
ਨਾਰੀ ਵਾਲ਼ ਖਿਲਾਰੀ ਜ਼ੋਰ ਜ਼ੋਰ ਸਿਰ ਮਾਰੇ
ਕੋਲ਼ ਖਲੋਤੇ ਨਦੀ ਕਿਨਾਰੇ
ਗੁਰਮੁਖ ਢੋਲ ਵਜਾਵਣ ਗਾਵਣ:
ਚਲੋ ਸਿੰਘੋ ਚਲ ਦਰਸ਼ਨ ਕਰੀਏ

ਮੋਈ ਮਾਂ ਰਾਣੀ ਕੋਈ ਨਾ ਹਾਣੀ
ਵਾਜ ਨਿਆਣੀ ਆਪੇ ਨੂੰ ਭਰਮਾਉਂਦੀ
ਗਾਉਂਦੀ ਹੇਕ ਰਲ਼ਾਉਂਦੀ
ਕਾਲ਼ਾ ਚਿੱਟਾ ਚਿੱਟਾ ਕਾਲ਼ਾ ਰੰਗ ਦਬਾ ਕਰ
ਨਾਲ਼ ਵਜੰਦਾ ਬਾਜਾ ਕੱਢਦਾ ਵਾਜਾਂ
ਟੂੰ ਟਾਂ ਟੂੰ ਟਾਂ

ਬਾਜਾ ਹੋਕਾ ਦੇਂਦਾ:
ਆ ਗਿਆ ਬਾਬਾ ਵੈਦ ਰੋਗੀਆਂ ਦਾ


ਬਾਜਾ ਬਿਰਲਾਪ ਕਰੇਂਦਾ:
ਮੇਰਾ ਬਚਪਨ ਕਦ ਆਵੇਗਾ?
ਬਹੁੜੇਗਾ ਕਦ ਵੈਦ ਜੁ ਭੋਲ਼ਾ
ਕਮ ਨਾ ਹੋਂਦੀ ਕਰਕ ਕਲ਼ੇਜੇ
ਕਿੱਥੇ ਕੀਹਨੇ ਡਿੱਠਾ
ਜੋਗੀਆਂ ਦਾ ਉਹ ਜੋਗੀਆ

ਕੋਈ ਸੁਰ ਨਾ ਅੰਤਿਮ
ਉਡੀਕ ਨਾ ਲੱਥੇ
ਵਿਰਸੇ ਵਿਚ ਛਡ ਜਾਣਾ ਬਾਜਾ
ਇਸ ਬਾਲਕ ਨੇ ਅਪਣੇ ਬਾਲਕ ਖ਼ਾਤਿਰ
ਇਹ ਖਿਡੌਣਾ ਮਨ ਰਿਝੌਣਾ ਦੁੱਖਦੇਵਾ ਸੁੱਖਦੇਵਾ

ਟੂੰ ਟਾਂ ਟੂੰ ਟਾਂ ਟੂੰ ਟਾਂ

• •

**ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂਵਾਲੀਆ**
**ਜਨਮ ਸ਼ਤਾਬਦੀ 1916-2016**



ਕਵੀਸ਼ਰ ਪਾਰਸ, 1960 ਵਿਚ

# ਕਰਨੈਲ ਕਵੀਸ਼ਰ ਨੂੰ ਦੁਨੀਆ ਯਾਦ ਕਰੂਗੀ ਯਾਰੋ

*-ਭਗਵਾਨ ਸਿੰਘ ਜੋਸ਼*

ਗੱਲ ਉੱਨੀ ਸੌ ਸੱਠਾਂ ਦੀ ਹੈ: ਕੋਈ ਮੁੱਛ-ਫੁੱਟ ਮੁੰਡਾ, ਕੁੜਤਾ-ਪਜਾਮਾ ਪਾਈ ਤੇ ਹੱਥ ਵਿਚ 'ਕੇਹਰ ਸਿੰਘ ਦੀ ਮੌਤ' ਨਾਂ ਵਾਲ਼ਾ ਕਿੱਸਾ ਫੜੀ ਅਪਣੇ ਪਿਤਾ ਨਾਲ਼ ਕਿਸੇ ਬਸ ਸਟੈਂਡ 'ਤੇ ਖੜ੍ਹਾ ਹੈ। ਕਿੱਸੇ ਪੜ੍ਹਨ ਦਾ ਸ਼ੌਕ ਉਸ ਮੁੰਡੇ ਨੂੰ 'ਜਾਨੀ ਚੋਰ' ਤੇ 'ਤੋਤਾ ਮੈਨਾ' ਕਿੱਸਿਆਂ ਨੂੰ ਸੁਣਨ ਤੋਂ ਬਾਅਦ ਜਾਗਿਆ ਹੈ।

ਪਿੰਡ ਭਾਗਸਰ ਦਾ ਉਹ ਮੁੰਡਾ ਮੈਂ ਹੀ ਹਾਂ।

ਸਾਡੇ ਘਰ ਵਿਚ ਕੋਈ ਵੀ ਪੜ੍ਹਿਆ-ਲਿਖਿਆ ਨਹੀਂ ਸੀ, ਤੇ ਮੇਰੇ ਪਿਤਾ ਜੀ ਨੂੰ ਕਿੱਸੇ ਪੜ੍ਹਨ ਦੀ ਮੇਰੀ ਇਹ ਆਦਤ ਬਹੁਤ ਅੱਖਰਦੀ ਸੀ; ਭਾਵੇਂ ਕਿ ਆਪ ਸੁਲ਼ਝੇ ਹੋਏ ਇਨਸਾਨ ਸਨ। ਪਰ ਕੁਦਰਤ ਦੀ ਖੇਡ ਦੇਖੋ ਕਿ ਮੇਰੇ ਪਿਤਾ ਜੀ ਨੂੰ ਐਸਾ ਸੀਰੀ ਮਿਲ਼ ਗਿਆ, ਜਿਹਨੂੰ ਪੈਂਤੀ-ਅੱਖਰੀ ਵਿਚ ਪੰਜਾਬੀ ਪੜ੍ਹਨ ਉੱਪਰ ਕਮਾਲ ਹਾਸਲ ਸੀ। ਉਹਦਾ ਨਾਂ ਗੁਰਦੇਵ ਸੀ। ਗੁਰਬਾਣੀ ਦਾ ਉਹ ਨਿਪੁੰਨ ਪਾਠੀ ਸੀ। ਇਹ ਸ਼ਾਇਦ ਗੁਰਬਾਣੀ ਦਾ ਅਸਰ ਹੀ ਸੀ ਕਿ ਉਹ ਦਸਾਂ ਨਹੁੰਆਂ ਦੀ ਸੁੱਚੀ ਕਿਰਤ-ਕਮਾਈ ਕਰ ਕੇ ਪੇਟ ਪਾਲਣ ਵਿਚ ਵਿਸ਼ਵਾਸ ਰਖਦਾ ਸੀ। 'ਪੁਰਾਤਨ ਵੱਡੀ ਜਨਮ ਸਾਖੀ' ਮੈਂ ਉਹਦੇ ਘਰ ਹੀ ਰੁਮਾਲਿਆਂ ਵਿਚੋਂ ਕੱਢ ਕੇ ਦੇਖੀ ਸੀ। ਇਸ ਤੋਂ ਪਹਿਲਾਂ ਮੈਂ ਐਡੀ ਵੱਡ-ਆਕਾਰੀ ਕਿਤਾਬ ਕਦੇ ਹੱਥ ਲਾ ਕੇ ਵੀ ਨਹੀਂ ਸੀ ਦੇਖੀ। ਲੋਕਾਂ ਦੀਆਂ ਨਜ਼ਰਾਂ ਵਿਚ ਉਹਦਾ ਸਾਡੇ ਘਰ ਵਿਚ ਦਰਜਾ ਭਾਵੇਂ ਸੀਰੀ ਦਾ ਹੀ ਸੀ, ਪਰ ਮੇਰੇ ਪਿਤਾ ਨਾਲ ਉਹਦੀ ਨੇੜਤਾ ਸਾਡੇ ਘਰ ਦੇ ਜੀਅ ਵਰਗੀ ਹੀ ਸੀ; ਨੇੜਤਾ ਏਨੀ ਕਿ ਕਦੇ-ਕਦੇ ਖ਼ਾਸ ਮੌਕਿਆਂ ਉੱਤੇ ਮੇਰੇ ਪਿਤਾ ਜੀ ਤੇ ਸੀਰੀ ਦੋਵੇਂ ਘਰ ਦੀ ਕੱਢੀ ਦਾਰੂ ਇਕੱਠੇ ਬੈਠ ਕੇ ਪੀ ਲੈਂਦੇ। ਗੁਰਦੇਵ ਸਬਜ਼ੀ ਵਾਲ਼ੀ ਕਿਆਰੀ ਵਿੱਚੋਂ ਗੰਢਾ ਪੁੱਟ ਕੇ ਨਲ਼ਕੇ 'ਤੇ ਜਾਂ ਆਡ ਵਿਚ ਧੋਂਦਾ, ਗੰਢੇ ਨੂੰ ਗੋਡੇ ਉੱਪਰ ਰੱਖ ਕੇ ਉੱਤੋਂ ਮੁੱਕਾ ਮਾਰਦਾ ਤੇ ਪਿਆਜ਼ ਦੇ ਟੁਕੜਿਆਂ ਉੱਪਰ ਲੂਣ ਭੁੱਕ ਕੇ ਮੇਰੇ ਪਿਤਾ ਨੂੰ ਫੜਾਉਂਦਾ। ਦਾਰੂ ਪੀਂਦਿਆਂ ਮੇਰਾ ਬਾਪੂ ਤੇ ਸੀਰੀ ਸਿਆਣੀਆਂ-ਸੰਜੀਦਾ ਗੱਲਾਂ ਕਰਦੇ।

ਸਾਡਾ ਸੀਰੀ ਨਿਰਾ ਆਮ ਸੀਰੀ ਹੀ ਨਹੀਂ ਸੀ: ਉਹਦੇ ਕੋਲ਼ ਗਾਉਣ ਦਾ ਹੁਨਰ ਵੀ ਸੀ। ਜਦੋਂ ਵੀ ਮੌਕਾ ਮਿਲ਼ਦਾ, ਉਹ ਅਪਣੀ



ਭਗਵਾਨ ਸਿੰਘ ਜੋਸ਼ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਇਤਿਹਾਸ ਦੇ ਪ੍ਰੋਫ਼ੈਸਰ ਹਨ ਤੇ ਇਨ੍ਹਾਂ ਨੇ ਪੰਜਾਬੀ ਕਮਿਊਨਿਸਟ ਲਹਿਰ ਤੇ ਭਾਰਤੀ ਕੌਮੀ ਲਹਿਰ ਦੀ ਭਰਵੀਂ ਖੋਜ ਵਾਲੀਆਂ ਕਿਤਾਬਾਂ ਲਿਖੀਆਂ ਹਨ। ਇਹ ਲੇਖ ਕਵੀਸ਼ਰ ਪਾਰਸ ਬਾਰੇ ਛਪ ਰਹੀ ਕਿਤਾਬ *ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂਵਾਲੀਆ : ਜਨਮ ਸ਼ਤਾਬਦੀ 1916-2016* (ਸੰਪਾਦਕ : ਇਕਬਾਲ ਰਾਮੂਵਾਲੀਆ, ਪ੍ਰਕਾਸ਼ਕ ਕੌਪਰ ਕੌਇਨ) ਵਿਚ ਹੋਵੇਗਾ।

ਮੱਧਮ ਪਰ ਸੁਰੀਲੀ ਆਵਾਜ਼ ਵਿਚ ਮੇਰੇ ਪਿਤਾ ਨੂੰ ਛੰਦਾਂ ਵਿਚ ਲਿਖੇ ਕਿੱਸੇ ਗਾ ਕੇ ਸੁਣਾਉਂਦਾ। ਗੁਰਦੇਵ ਜਦ ਗਾ ਕੇ ਸੁਣਾਉਂਦਾ, ਮੈਂ ਅਕਸਰ ਹੀ ਹਾਜ਼ਰ ਹੁੰਦਾ ਤੇ ਕਿਸੇ ਜਾਦੂਮਈ ਅਸਰ ਹੇਠ ਕੀਲਿਆ ਹੋਇਆ ਉਹਦੀ ਸੁਰੀਲੀ ਗਾਇਕੀ ਨੂੰ ਹੈਰਾਨੀ ਨਾਲ਼ ਚੁੱਪਚਾਪ ਸੁਣਦਾ ਰਹਿੰਦਾ।

ਉਹ ਸਰਲ ਤੇ ਸਪੱਸ਼ਟ ਕਿੱਸਾਕਾਰੀ ਦਾ ਜ਼ਮਾਨਾ ਸੀ। ਕਿੱਸਿਆਂ ਦੇ ਨਾਂ ਵੀ ਅਜੀਬ-ਜਿਹੇ ਹੁੰਦੇ, ਜਿਵੇਂ 'ਨੂੰਹ-ਸੱਸ ਦਾ ਝਗੜਾ', 'ਲੱਸੀ-ਚਾਹ ਦਾ ਝਗੜਾ', 'ਕੁੱਢਰ ਰੰਨ', 'ਭਾਨੀਮਾਰਾਂ ਦੀ ਕਰਤੂਤ', 'ਕਿੱਸਾ ਲੰਡੇ ਤੇ ਮੀਣੀ ਦਾ' ਆਦਿਕ। ਔਰਤਾਂ ਦੇ ਚਰਿਤਰ ਬਾਰੇ ਲਿਖੀਆਂ ਸਾਰੀਆਂ ਭੈੜੀਆਂ ਗੱਲਾਂ (ਪਾਪੂਲਰ ਪ੍ਰੈਜੁਡਿਸਜ਼) ਦੀ ਇਨ੍ਹਾਂ ਕਿੱਸਿਆਂ ਵਿਚ ਭਰਮਾਰ ਹੁੰਦੀ। ਮਿਸਾਲ ਦੇ ਤੌਰ 'ਤੇ ਇਕ ਕਿੱਸੇ ਵਿਚ ਇਹ ਲਿਖਿਆ ਸੀ :

> ਰੰਨਾਂ ਚੈਂਚਲਹਾਰੀਆਂ / ਚੈਂਚਲ ਕੰਮ ਕਰੇਣ।
> ਦਿਨ ਨੂੰ ਅੰਦਰ ਡਰਦੀਆਂ / ਰਾਤੀਂ ਝਨਾਂ ਤਰੇਣ।

ਇਕ ਹੋਰ ਕਿੱਸੇ ਦੀਆਂ ਸਤਰਾਂ ਵਿਚ ਕੁਝ ਜਾਤਾਂ ਨੂੰ ਇਸ ਤਰ੍ਹਾਂ ਨੌਲ਼ਿਆ ਹੁੰਦਾ ਸੀ:

> ਪਹਿਲਾਂ ਸੋਚੇ ਬਾਣੀਆ, ਸਿਰ ਪੈ ਗਈ ਤੋਂ ਜੱਟ,
> 'ਫਲਾਣੀ' 'ਫਲਾਣੀ' ਜਾਤ ਨੂੰ, ਕਦੇ ਨਾ ਆਵੇ ਮੱਤ।

ਏਸੇ ਤਰ੍ਹਾਂ ਹੀ ਇਕ ਕਿੱਸਾ ਸੀ 'ਕੁੱਢਰ ਰੰਨ' ਦਾ ਦਲ਼ਿਆ'; ਇਸ ਵਿਚ ਵੀ ਗਪੌੜਸੰਖੀ ਬੇਪਰਵਾਹ ਔਰਤ ਨੂੰ ਛੁਟਿਆ ਕੇ ਸਚਿਆਰ ਔਰਤ ਨੂੰ ਵਡਿਆਉਣ ਦਾ ਯਤਨ ਸੀ।

ਮੌਖਿਕ-ਸੰਚਾਰ (ਓਰੈਲਟੀ) ਉੱਤੇ ਟਿਕੇ ਪੇਂਡੂ ਸਮਾਜ ਤੇ ਸੱਭਿਆਚਾਰ ਵਿਚ ਪੇਂਡੂ ਜਨਤਾ ਦਾ ਦਿਲ ਪਰਚਾਉਣ ਲਈ ਐਸੇ ਛਪੇ ਹੋਏ ਕਿੱਸਿਆਂ ਦੀ ਮਾਰਕਿਟ ਬਣ ਰਹੀ ਸੀ, ਜਿਹੜੀ ਉੱਨੀਵੀਂ ਸਦੀ ਤੋਂ ਚੱਲੇ ਆ ਰਹੇ ਛਪੇ-ਹੋਏ ਧਾਰਮਿਕ ਮੁਹਾਂਦਰੇ ਵਾਲ਼ੇ ਸਾਹਿਤ ਦੇ ਸਮਾਨੰਤਰ ਚੱਲ ਰਹੀ ਸੀ। ਇਸ ਸੰਬੰਧ ਵਿਚ ਪੇਂਡੂ ਲੋਕ ਅਕਸਰ ਹੀ ਕਿਹਾ ਕਰਦੇ ਸਨ: ਮੁੰਡੇ ਤਾਂ 'ਆਹ' ਕਿੱਸੇ ਪੜ੍ਹਦੇ ਐ, ਤੇ 'ਬਾਬੇ' 'ਓਹ'! ਕਿੱਸਾਕਾਰੀ ਦੇ ਇਸ ਰਲ਼ਗੱਡ ਮਾਹੌਲ ਵਿਚ ਜ਼ਿਕਰਯੋਗ ਗਿਣਤੀ ਉਨ੍ਹਾਂ ਪਰੌੜ੍ਹ ਲੋਕਾਂ ਦੀ ਵੀ ਸੀ, ਜਿਨ੍ਹਾਂ ਨੂੰ ਧਾਰਮਿਕ ਤੇ ਹਲਕੇ-ਰੰਗ ਵਾਲ਼ੇ ਕਿੱਸਿਆਂ ਦੀ ਥਾਂ ਸੰਜੀਦਾ ਮੁਹਾਂਦਰੇ ਵਾਲ਼ੇ ਵੱਖਰੀ ਕਿਸਮ ਦੇ ਪ੍ਰਵਚਨੀ ਗ੍ਰੰਥ ਪੜ੍ਹਨ ਦਾ ਵੱਡਾ ਸ਼ੌਕ ਸੀ। ਇਨ੍ਹਾਂ ਪ੍ਰਵਚਨੀ ਗ੍ਰੰਥਾਂ ਵਿੱਚੋਂ ਬੇਹੱਦ ਮਕਬੂਲ ਸੀ – ਸਾਧੂ ਦਯਾ ਸਿੰਘ ਆਰਿਫ਼ ਦਾ ਲਿਖਿਆ ਹੋਇਆ 'ਜ਼ਿੰਦਗੀ ਬਿਲਾਸ'; ਏਨਾ ਮਕਬੂਲ ਕਿ ਪਿੰਡਾਂ ਦੀਆਂ ਸੱਥਾਂ ਵਿਚ ਇਹਨੂੰ ਅਕਸਰ ਹੀ ਉੱਚੀ ਆਵਾਜ਼ ਵਿਚ ਗਾ ਕੇ ਪੜ੍ਹਿਆ ਤੇ ਮਾਣਿਆ ਜਾਂਦਾ ਸੀ। 'ਜ਼ਿੰਦਗੀ ਬਿਲਾਸ' ਦੇ ਅਨੇਕ ਸੰਸਕਰਣ ਛਪ ਚੁੱਕੇ ਸਨ। ਮੇਰੇ ਮਾਮੇ ਨੂੰ ਇਹ ਗ੍ਰੰਥ ਪੂਰੇ ਦਾ ਪੂਰਾ ਜ਼ਬਾਨੀ ਯਾਦ ਸੀ। ਇਹ ਗ੍ਰੰਥ ਮੁੱਖ ਤੌਰ 'ਤੇ ਸੂਫ਼ੀ ਰੰਗਤ ਵਾਲ਼ਾ ਸੀ ਤੇ ਇਸ ਵਿਚ 'ਫ਼ੋਕ ਵਿਜ਼ਡਮ' (ਲੋਕ-ਸਿਆਣਪ) ਤੇ 'ਜੱਟ ਖਰੜ ਗਿਆਨ' ਪੇਸ਼ ਕੀਤਾ ਗਿਆ ਸੀ। ਇਸ ਵਿਚ ਬੰਦੇ ਦੀ ਉਮਰ ਨੂੰ ਸੌ ਸਾਲਾਂ ਦੀ ਮੰਨ ਕੇ, ਹਰ ਸਾਲ (ਯਾਨੀ ਹਰ ਪੜਾਅ) ਵਿਚ ਬੰਦੇ ਦੇ ਸੁਭਾਅ ਦੀਆਂ ਖ਼ਾਸੀਅਤਾਂ ਨੂੰ ਉਜਾਗਰ ਕੀਤਾ ਹੋਇਆ ਸੀ ਅਤੇ ਨਾਲ਼ ਹੀ ਉਸ ਖ਼ਾਸ ਪੜਾਅ ਦੌਰਾਨ ਜ਼ਿੰਦਗੀ ਨੂੰ 'ਸਹੀ' ਤਰੀਕੇ ਨਾਲ਼ ਜੀਣ ਦੀਆਂ ਨਸੀਹਤਾਂ ਵੀ ਦਰਜ ਸਨ। ਮਿਸਾਲ ਵਜੋਂ ਹੇਠ-ਦਿੱਤੀਆਂ ਲੋਕ-ਸੱਚਾਈਆਂ ਵਰਗੀਆਂ ਨਸੀਹਤਾਂ ਇਸ ਗ੍ਰੰਥ ਵਿਚ ਥਾਂ-ਪੁਰ-ਥਾਂ ਮਿਲ਼ਦੀਆਂ ਸਨ :

> ਖਾ ਲੈ ਖ਼ਰਚ ਲੈ, ਪੁੰਨ ਤੇ ਦਾਨ ਕਰ ਲੈ, ਦੌਲਤ ਵਿਚ ਖ਼ਜ਼ਾਨੇ ਦੇ ਪੜੀ ਰਹਿਣੀ।
> ਚੰਦ ਰੋਜ਼ ਤੂੰ ਸੜਕ 'ਤੇ ਸੈਰ ਕਰ ਲੈ, ਬੱਘੀ ਵਿਚ ਤਬੇਲੇ ਦੇ ਖੜ੍ਹੀ ਰਹਿਣੀ।
> ਆਖ਼ਿਰ ਉਮਰ ਦੀ ਡੋਰ ਨੇ ਟੁੱਟ ਜਾਣਾ, ਗੁੱਡੀ ਸਦਾ ਨ੍ਹੀਂ ਅਰਸ਼ 'ਤੇ ਚੜ੍ਹੀ ਰਹਿਣੀ।

ਦਯਾ ਸਿੰਘ ਆਰਿਫ਼ ਦੀ ਇਕ ਹੋਰ ਪ੍ਰਸਿੱਧ ਟੂਕ ਹੈ:

> ਦਯਾ ਸਿੰਘ ਜਹਾਨ 'ਤੇ ਕੌਣ ਐਸਾ,
> ਜੀਹਦਾ ਮੁੱਢ ਦੇ ਵਾਂਗ ਅਖ਼ੀਰ ਹੋਵੇ।

ਇਵੇਂ ਹੀ ਇਕ ਹੋਰ ਨਸੀਹਤ ਉਜਾਗਰ ਕਰਨ ਲਈ ਦਯਾ ਸਿੰਘ ਨੇ ਲਿਖਿਆ:

> ਤਾਹੀਓਂ ਹਰੜ ਬਹੇੜਿਆ ਵਿਕੇਂ ਸਸਤਾ, ਖ਼ੁਸ਼ਬੂ ਤੁਧ ਵਿਚ ਮਿਸਲ ਕਾਫ਼ੂਰ ਹੈ ਨਾ।
> ਤਾਹੀਓਂ ਇਲਮ ਦੇ ਵਿਚ ਰਹਿ ਗਇਓਂ ਊਣਾ, ਖਾਧੀ ਕਿਸੇ ਉਸਤਾਦ ਤੋਂ ਘੂਰ ਹੈ ਨਾ।
> ਕੀਤਾ ਕਿਸੇ ਦਾ ਦਿਲੋਂ ਵਿਸਾਰ ਦੇਣਾ, ਭਲਿਆਮਾਣਸਾਂ ਦਾ ਦਸਤੂਰ ਹੈ ਨਾ।

ਉਸ ਜ਼ਮਾਨੇ ਵਿਚ 'ਜੱਟ ਖਰੜ-ਗਿਆਨ' ਦੀ ਇਹ ਧਾਰਣਾ ਸੀ ਕਿ

> ਛੋਟੇ ਹੁੰਦਿਆਂ ਚਾਰੀਆਂ ਮੱਝਾਂ, ਵੱਡੇ ਹੋ ਹਲ਼ ਵਾਹਿਆ।
> ਬੁੱਢੇ ਹੋਏ ਨੇ ਫੇਰੀ ਮਾਲ਼ਾ ਰੱਬ ਦਾ ਉਲਾਂਭਾ ਲਾਹਿਆ।

ਪੱਕੀ ਉਮਰ ਬਾਰੇ ਇਸੇ ਧਾਰਨਾ ਨੂੰ ਸਾਧੂ ਦਯਾ ਸਿੰਘ ਆਰਿਫ਼ ਅਪਣੇ ਅੰਦਾਜ਼ ਵਿਚ ਇੰਜ ਲਿਖਦਾ ਹੈ:

ਦਯਾ ਸਿੰਘ ਅਰੋਤਰੀ ਪਕੜ ਮਾਲ਼ਾ
ਰੁੱਸੇ ਰੱਬ ਨੂੰ ਫੇਰ ਮਨਾਉਣ ਲੱਗਾ।

ਸੋ ਉੱਨੀ ਸੌ ਸੱਤਰਾਂ ਤੀਕ ਮਾਲਵੇ ਦੇ ਲੋਕਾਂ, ਖ਼ਾਸ ਕਰ ਜੱਟਾਂ, ਉੱਪਰ ਸਿੱਖੀ ਦਾ ਹਲਕਾ-ਜਿਹਾ ਮੁਲੰਮਾ ਹੀ ਚੜ੍ਹਿਆ ਹੋਇਆ ਸੀ। ਉਹ ਸੱਭਿਆਚਾਰਕ ਕਦਰਾਂ-ਕੀਮਤਾਂ ਦੇ ਮਾਮਲਿਆਂ ਵਿਚ ਜ਼ਿੰਦਗੀ ਦੇ ਰੋਜ਼ਮੱਰਾ ਦੇ ਵਿਹਾਰ ਵਿਚ ਹਾਲੇ ਸਤਾਰਵੀਂ-ਅਠਾਰਵੀਂ ਸਦੀ ਦੇ ਮੁਹਾਵਰੇ ਹੀ ਵਰਤ ਰਹੇ ਸਨ। ਇਹ ਉਹ ਵੇਲਾ ਸੀ, ਜਦੋਂ ਪ੍ਰਸਿੱਧ ਲੋਕ-ਗਾਇਕ ਯਮਲ਼ੇ 'ਜੱਟ' ਦਾ ਇਹ ਗੀਤ ਗੁਰਦਵਾਰਿਆਂ ਤੇ ਘਰਾਂ ਦੇ ਬਨੇਰਿਆਂ ਉੱਪਰ ਟਿਕਾਏ ਧੁਤਰੂਆਂ ਰਾਹੀਂ ਪਿੰਡਾਂ ਵਿਚ ਗੂੰਜਦਾ ਹੁੰਦਾ ਸੀ:

ਸਤਿਗੁਰ ਨਾਨਕ ਆ ਜਾ, ਦੁਖੀਆਂ ਨੂੰ ਦੀਦ ਦਿਖਾ ਜਾ।
ਦੁਨੀਆਂ ਪਈ ਪੁਕਾਰਦੀ, ਤੇਰੇ ਹੱਥ ਵਿਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ।

ਇਕਤਾਰੇ ਉੱਤੇ ਗਾਇਆ ਯਮਲ਼ੇ 'ਜੱਟ' ਦਾ ਇਹ ਗੀਤ ਮਾਲਵੇ ਵਿਚ ਦੀ ਗਲ਼ੀ-ਗਲ਼ੀ, ਘਰ-ਘਰ ਤੇ ਹਰ ਇਕੱਠ ਵਿਚ ਮਕਬੂਲ ਹੋਇਆ ਸੀ। ਪਿੰਡਾਂ ਵਿਚ ਜਦੋਂ ਵਿਆਹ ਸ਼ਾਦੀ-ਤਿਹਾਰ ਦਾ ਕੋਈ ਮੌਕਾ ਹੁੰਦਾ, ਤਾਂ ਤਵਿਆਂ 'ਚ ਭਰੀ ਗਾਇਕੀ ਨੂੰ ਸਪੀਕਰ ਰਾਹੀਂ ਵਜਾਉਣ ਦੀ ਸ਼ੁਰੂਆਤ ਇਸੇ ਗੀਤ ਨਾਲ਼ ਹੋਇਆ ਕਰਦੀ ਸੀ। ਪਰ ਪੰਦਰਾਂ ਕੁ ਮਿੰਟਾਂ ਬਾਅਦ ਪਾਪੂਲਰ ਸੱਭਿਆਚਾਰ ਉੱਚੀ ਸੁਰ ਵਿਚ ਧਾਵਾ ਬੋਲਦਾ:

ਤੇਰੇ ਨੀ ਕਰਾਰਾਂ ਮੈਨੂੰ ਪੱਟਿਆ
ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ

ਜਾਂ

ਚੱਕ ਲਿਆਈਂ ਮੋਰ ਬਣ ਕੇ
ਮੇਰੀ ਡਿੱਗ ਪੀ' ਚਰ੍ਹੀ ਦੇ ਵਿਚ ਗਾਨੀ

ਜਾਂ

ਇਕ ਤੇਲ ਦੀ ਪਲ਼ੀ, ਇਕ ਲੂਣ ਦੀ ਡਲ਼ੀ
ਉੱਤੇ ਕੁੱਤੇ ਦੀ ਪੂਛ ਘਸਾ ਲੈ ਵੇ,
ਤੇਰਾ ਫ਼ਾਇਦਾ ਹੋ ਜੂ

ਉਨ੍ਹੀਂ ਦਿਨੀਂ ਮਾਲਵੇ ਦੇ ਲੋਕਾਂ 'ਤੇ ਕਾਂਗਰਸ ਵਿਚਾਰਧਾਰਾ ਤੇ ਕੌਮੀ ਵਿਚਾਰਧਾਰਾ ਦਾ ਵੀ ਅਸਰ ਨਹੀਂ ਸੀ ਹੋਇਆ। ਮਾਲਵੇ ਦੇ ਲੋਕ, ਖ਼ਾਸ ਕਰ ਜੱਟ, ਆਜ਼ਾਦੀ ਤੋਂ ਬਾਅਦ, ਕਿਵੇਂ ਅਕਾਲੀ ਪਾਰਟੀ ਦੀ ਸਿੱਖੀ ਦੇ ਪ੍ਰਭਾਵ ਹੇਠ ਆਏ, ਕਿਵੇਂ ਹੌਲ਼ੀ-ਹੌਲ਼ੀ ਇਨ੍ਹਾਂ ਪਿੰਡਾਂ ਵਿਚ ਇਕ-ਇਕ ਕਰਕੇ ਗੁਰਦਵਾਰੇ ਬਣਨ ਲੱਗੇ, ਇਹ ਅਪਣੇ-ਆਪ ਵਿਚ ਦਿਲਚਸਪ ਇਤਿਹਾਸ ਹੈ, ਜਿਹਨੂੰ ਕਿਸੇ ਨਹੀਂ ਲਿਖ ਸਕਣਾ; ਕਿਉਂਕਿ ਪੰਜਾਬ ਵਿਚ ਓਦੋਂ ਵਿਦਿਆ ਤੇ ਸਮਾਜਕ ਰੀਤਾਂ ਦੇ ਰੰਗਾਂ ਨੂੰ ਸਾਂਭਣ ਦੀ ਰੁਚੀ ਨਾਮ ਦੀ ਚੀਜ਼ ਹੈ ਹੀ ਨਹੀਂ ਸੀ। ਇਹ ਇਸ ਵਧ ਰਹੇ ਪ੍ਰਭਾਵ ਸਦਕਾ ਹੀ ਸੀ ਕਿ ਹੌਲ਼ੀ-ਹੌਲ਼ੀ ਅਕਾਲੀ ਪਾਰਟੀ ਦੀ ਵਾਗਡੋਰ ਮਾਲਵੇ ਦੇ ਰੱਜੇ-ਪੁੱਜੇ ਤੇ ਖਾਂਦੇ-ਪੀਂਦੇ ਜੱਟਾਂ ਵੱਲ ਖਿਸਕਦੀ-ਖਿਸਕਦੀ ਉਨ੍ਹਾਂ ਦੇ ਮਜ਼ਬੂਤ ਹੱਥਾਂ ਵਿਚ ਬੱਝ ਗਈ।

***

ਇੱਥੇ ਪਹੁੰਚ ਕੇ ਪਾਠਕ ਪੁੱਛ ਸਕਦਾ ਹੈ: ਭਗਵਾਨ ਸਿਆਂ, ਗੱਲ ਤਾਂ ਤੇਰੀ ਠੀਕ ਹੈ; ਪਰ ਇਹਦਾ ਕਰਨੈਲ ਕਵੀਸ਼ਰ ਨਾਲ ਕੀ ਸੰਬੰਧ ਹੈ?!

ਸੰਬੰਧ ਇਹ ਕਿ ਉੱਪਰ-ਦੱਸੀਆਂ ਸੱਭਿਆਚਾਰਕ ਪ੍ਰਵਿਰਤੀਆਂ ਬਹੁਤ ਦੇਰ ਤੋਂ ਚਲਦੇ ਆ ਰਹੇ ਮਾਹੌਲ ਤੇ ਕਿਸਾਨੀ ਸੁਭਾਅ ਨੂੰ ਬਦਲਣ ਵਿਚ ਕਰਨੈਲ ਕਵੀਸ਼ਰ ਦਾ ਵੀ ਬਹੁਤ ਵੱਡਾ ਸੀਰ ਹੈ। ਉਹਨੇ ਇਸ ਸੱਭਿਆਚਾਰ ਦੀਆਂ ਹਾਂ-ਪੱਖੀ ਗੱਲਾਂ ਲੈ ਕੇ, ਸੂਫ਼ੀ ਸਿੱਖੀ ਤੇ ਸਾਫ਼-ਸੁਥਰੇ ਪੰਜਾਬੀ ਰੋਮਾਂਸ ਵਾਲ਼ੇ ਸੁਭਾਅ ਨੂੰ ਮੇਲ਼ ਕੇ ਨਵੇਂ ਸੱਭਿਆਚਾਰਕ ਮੁਹਾਵਰੇ ਨੂੰ ਈਜਾਦ ਕੀਤਾ; ਐਸਾ ਮੁਹਾਵਰਾ, ਜੋ ਗਿਆਨ ਵੀ ਸੀ, ਮਿੱਥਾਂ ਵਾਲ਼ਾ ਵੀ ਸੀ, ਜੀਵਨ ਦੀਆਂ ਤਲਖ਼ੀਆਂ ਵਾਲ਼ਾ ਤੇ ਮਨੁੱਖ ਨੂੰ ਚੰਗਾ ਬਣਨ, ਭੈੜੀਆਂ ਗੱਲਾਂ ਛੱਡਣ ਤੇ ਜੀਵਨ-ਸੁਧਾਰ ਦੀ ਨਸੀਹਤ ਵੀ ਕਰਦਾ ਸੀ। ਸਭ ਤੋਂ ਵੱਡੀ ਗੱਲ ਇਹ ਕਿ ਇਸ ਉੱਪਰ ਸਿੱਖੀ ਜਜ਼ਬੇ ਦੀ ਡੂੰਘੀ ਛਾਪ ਉੱਕਰੀ ਹੋਈ ਸੀ। ਇਸ ਸਿੱਖੀ ਨੂੰ ਮਾਲਵੇ ਵਿਚ ਫੈਲਾਉਣ ਦਾ ਕੰਮ ਕਰਨੈਲ ਕਵੀਸ਼ਰ ਨੇ ਓਨਾ ਹੀ ਕੀਤਾ, ਜਿੰਨਾ ਮਾਲਵੇ ਦੇ ਢਾਡੀ ਜੱਥਿਆਂ, ਖ਼ਾਸ ਕਰ ਟਹਿਲ ਸਿੰਘ ਭੁੱਟੀਵਾਲ਼ੇ ਨੇ। ਸੱਭਿਆਚਾਰ ਦੇ ਇਤਿਹਾਸਕਾਰ ਕਰਨੈਲ ਕਵੀਸ਼ਰ ਵਰਗੇ ਬੰਦੇ ਦੇ ਇਤਿਹਾਸਕ ਰੋਲ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਨ। ਕਿਸੇ ਸਮਾਜ ਵਿਚ ਅਸਲੀ ਤਬਦੀਲੀ ਸੱਭਿਆਚਾਰਕ ਤਬਦੀਲੀ ਹੀ ਹੁੰਦੀ ਹੈ। ਉਹਨੇ ਬੂਝੜ ਜੱਟ ਦੇ ਸੱਭਿਆਚਾਰ ਨੂੰ ਸੁਲ਼ਝੇ ਹੋਏ ਤੇ ਸੰਭਲ਼ੇ ਹੋਏ ਅਗਾਂਹਵਧੂ ਵਿਚਾਰਾਂ ਦੀ ਪਿਓਂਦ ਲਾਈ। ਉਨ੍ਹਾਂ ਨੂੰ ਲੋਕਰਾਜੀ ਚੇਤਨਾ ਦੇ ਦੁਆਰ ਵੱਲ ਪ੍ਰੇਰਿਆ; ਹਾਲਾਂ ਕਿ ਇਸ ਉੱਪਰ ਸਿੱਖੀ ਦੀ ਛਾਪ ਵੀ ਕਾਇਮ ਰੱਖੀ ਹੋਈ ਸੀ।

ਕਰਨੈਲ ਸਿੰਘ ਦੀ ਕਵੀਸ਼ਰੀ ਮਲਵੱਈ ਮੁਹਾਵਰੇ ਦਾ ਮੁਕੰਮਲ ਸ਼ਬਦਕੋਸ਼ ਹੈ।

ਇਹਦੀ ਕਵੀਸ਼ਰੀ ਨਾਲ਼ ਮੇਰੀ ਮੁਲਕਾਤ ਕਦੋਂ ਤੇ ਕਿਵੇਂ ਹੋਈ, ਇਹ ਘਟਨਾ ਵੀ ਮੇਰੇ ਚੇਤੇ ਵਿਚ ਉਂਜ ਦੀ ਉਂਜ ਸੱਜਰੀ ਹੈ। ਮੈਂ ਜੈਤੋ ਤੋਂ ਪੰਜ ਕੁ ਮੀਲ ਦੀ ਵਿੱਥ 'ਤੇ ਅਪਣੇ ਨਾਨਕੇ ਪਿੰਡ ਰੋੜੀ-ਕਪੂਰੇ ਹਰ ਸਾਲ ਗਰਮੀ ਦੀਆਂ ਛੁੱਟੀਆਂ ਦੀਆਂ ਮੌਜਾਂ ਮਾਨਣ ਜਾਇਆ ਕਰਦਾ ਸੀ। ਮੇਰੇ ਨਾਨਕੇ-ਘਰ ਮੱਕੀ ਦੀਆ ਛੱਲੀਆਂ ਤੇ ਖ਼ਰਬੂਜ਼ੇ-ਖੱਖੜੀਆ ਦੀ ਭਰਮਾਰ ਹੁੰਦੀ ਸੀ, ਇਸ ਲਈ ਨਾਨੀ ਕੋਲ਼ ਜਾਣ ਦਾ ਚਾਅ ਉੱਮੜ੍ਹ-ਉੱਮੜ੍ਹ ਪੈਂਦਾ ਸੀ। ਇਕ ਦਿਨ ਜਦ ਮੇਰਾ ਮਿੱਤਰ ਜੰਟਾ ਮੈਨੂੰ ਖੇਡਣ ਲਈ ਬੁਲਾਉਣ ਆਇਆ, ਤਾਂ ਉਹਦੇ ਹੱਥ ਵਿਚ ਕਿਤਾਬਚੀ ਵੀ ਫੜੀ ਹੋਈ ਸੀ। ਮੇਰੇ ਪੁੱਛਣ 'ਤੇ ਕਿ ਇਹ ਕੀ ਹੈ, ਉਹ ਬੋਲਿਆ: ਇਹ ਤਾਂ ਬੇਲੀਆ ਪੜ੍ਹ ਕੇ ਹੀ ਪਤਾ ਲੱਗੂ! ਜਦ ਮੈਂ ਇਹ ਕਿਤਾਬਚਾ ਖੋਲ੍ਹਿਆ, ਤਾਂ ਪਹਿਲੀ ਕਵੀਸ਼ਰੀ ਨੇ ਹੀ ਮੈਨੂੰ ਜਕੜ ਲਿਆ।

> ਕਿਉਂ ਫੜੀ ਸਿਪਾਹੀਆਂ ਨੇ, ਭੈਣੋਂ ਇਹ ਹੰਸਾਂ ਦੀ ਜੋੜੀ।
> ਕਿਉਂ ਪਕੜ ਮਸੂਮਾਂ ਨੂੰ ਨੀ ਇਹ ਲਈ ਪੁਲ਼ਸੀਏ ਜਾਂਦੇ।
> ਤਕ ਨੂਰ ਇਲਾਹੀ ਨੂੰ, ਨਿਉਂ ਨਿਉਂ ਪਰਬਤ ਸੀਸ ਨਿਵਾਂਦੇ।
> ਹੈ ਨਾਲ਼ ਹਕੂਮਤ ਦੇ ਇਨ੍ਹਾਂ ਦੀ ਕੀ ਪਈ ਮਰੋੜੀ।
> ਕਿਉਂ ਫੜੀ ਸਿਪਾਹੀਆਂ ਨੇ, ਭੈਣੋਂ ਇਹ ਹੰਸਾਂ ਦੀ ਜੋੜੀ॥

ਇਸ ਕਵੀਸ਼ਰੀ ਤੋਂ ਪਹਿਲਾਂ ਸਿੱਖੀ ਦਾ ਮੇਰਾ ਗਿਆਨ ਦਸ ਗੁਰੂਆਂ ਦੇ ਨਾਵਾਂ ਤਕ ਹੀ ਸੀ। ਅਸਲੀ ਸਿੱਖੀ ਕੀ ਹੈ? ਆਉਣ ਵਾਲ਼ੇ ਸਾਲਾਂ ਦੌਰਾਨ ਇਸ ਸਵਾਲ ਦੇ ਜਵਾਬ ਦੀ ਕਹਾਣੀ ਨੇ ਮੈਨੂੰ ਲੰਬੇ ਰਸਤੇ 'ਤੇ ਚਲਾ ਕੇ ਦੂਰ ਤੀਕ ਲੈ ਜਾਣਾ ਸੀ।

ਨਾਨਕਿਆਂ ਤੋਂ ਘਰ ਮੁੜਦਿਆਂ ਮੈਂ ਜੈਤੋ ਦੇ ਕਿੱਸਾ-ਫ਼ਰੋਸ਼ ਤੋਂ ਕਰਨੈਲ ਕਵੀਸ਼ਰ ਵਾਲ਼ਾ ਕਿੱਸਾ ਖ਼ਰੀਦ ਲਿਆ। ਆਪ ਪੜ੍ਹਿਆ ਤੇ ਸਕੂਲ ਵਿਚ ਅਪਣੇ ਜਮਾਤੀਆਂ ਨੂੰ ਸੁਣਾਇਆ। ਮਨ ਵਿਚ ਆਇਆ, ਕਿਉਂ ਨਾ ਕਰਨੈਲ ਕਵੀਸ਼ਰ ਵਾਂਗ ਅਪਣਾ ਜੱਥਾ ਬਣਾਇਆ ਜਾਵੇ। ਜੱਗੇ ਤੇ ਜਗੀਰ ਨਾਲ਼ ਗੱਲ ਕੀਤੀ, ਉਨ੍ਹਾਂ ਨੂੰ ਗੱਲ ਪਸੰਦ ਆਈ। ਜਿਵੇਂ ਤਵੇ ਵਿਚ ਕਰਨੈਲ ਕਵੀਸ਼ਰ ਤੇ ਉਹਦੇ ਸਾਥੀ 'ਚੰਦ ਤੇ ਰਣਜੀਤ ਸਣੇ ਕੁੜੀਆਂ ਖੜ੍ਹੀਆਂ ਪੀਸਣ ਦੰਦੀਆਂ' ਬੋਲਦੇ ਸਨ, ਬੱਸ ਉਨ੍ਹਾਂ ਦੀ ਰੀਸ ਕਰਨੀ ਸ਼ੁਰੂ ਕਰ ਦਿੱਤੀ। ਅਸੀਂ ਖੇਤਾਂ ਵਿਚ ਜਾਂਦੇ। ਪਹਿਲਾਂ ਮੈਂ ਛੰਦ ਦੀਆ ਤਿੰਨ ਚਾਰ ਸਤਰਾਂ ਬੋਲਦਾ ਤੇ ਮੇਰੇ ਮਗਰੋਂ ਮੇਰੇ ਦੋਵੇਂ ਸਾਥੀ, ਕਰਨੈਲ ਕਵੀਸ਼ਰ ਦੇ ਸਾਥੀਆਂ ਵਾਂਗ ਰਲ਼ ਕੇ ਗਾਉਂਦੇ। ਛੰਦ ਦੇ ਅੰਤ ਵਿਚ ਅਸੀਂ ਤਿੰਨੇ ਬਾਹਾਂ ਉਲਾਰ ਕੇ ਉਸ ਛੰਦ ਦੀਆਂ ਆਖ਼ਿਰੀ ਸਤਰਾਂ ਦੁਹਰਾਉਂਦੇ; ਇਓਂ ਲੱਗਣ ਲੱਗਿਆ ਜਿਵੇਂ ਅਸੀਂ ਸਟੇਜ ਉੱਪਰ ਭਰਵੇਂ ਇਕੱਠ ਦੇ ਸਾਹਮਣੇ ਕਵੀਸ਼ਰੀ ਗਾ ਰਹੇ ਹੋਈਏ। ਦੋ-ਤਿੰਨ ਦਿਨਾਂ ਵਿਚ ਹੀ ਸਾਨੂੰ 'ਕਿਉਂ ਫੜੀ ਸਿਪਾਹੀਆਂ ਨੇ' ਪੂਰੀ ਕਵੀਸ਼ਰੀ ਯਾਦ ਹੋ ਗਈ।

ਉਧਰ ਸਾਡੇ ਗਿਆਨੀ ਟੀਚਰ ਨੇ ਅੱਠਵੀਂ ਨੌਵੀਂ ਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਦੀ ਸਾਹਿਤ ਸਭਾ ਬਣਾਈ ਹੋਈ ਸੀ। ਅਜੀਤ ਕੌਰ ਦੀ ਕਿਤਾਬ 'ਧੁੱਪ ਵਾਲ਼ਾ ਸ਼ਹਿਰ' ਮੈਂ ਓਦੋਂ ਹੀ ਵੇਖੀ ਸੀ। ਅਗਲੇ ਮਹੀਨੇ ਜਦੋਂ ਸਾਹਿਤ ਸਭਾ ਦੀ ਮੀਟਿੰਗ ਹੋਈ, ਤਾਂ ਉਸਦੇ ਅੰਤ ਵਿਚ ਗਿਆਨੀ ਮਾਸਟਰ ਨੱਥਾ ਸਿੰਘ ਨੇ ਪੁੱਛਿਆ: ਕਿਉਂ ਬਈ ਕਿਸੇ ਹੋਰ ਨੇ ਕੁਝ ਸੁਣਾਉਣਾ ਹੈ? ਸੰਗਣ ਦੀ ਲੋੜ ਨਹੀਂ! ਜੋ ਵੀ ਸੁਣਾਓਂਗੇ, ਸਭ ਠੀਕ ਹੈ। ਚੁਟਕਲਾ, ਛੋਟੀ ਕਹਾਣੀ, ਗੀਤ; ਸਭ ਕੁਛ ਮਨਜ਼ੂਰ ਹੈ।

ਗਿਆਨੀ ਜੀ ਨੇ ਕਲਾਸ ਦੇ ਸਭ ਤੋਂ ਸ਼ਰਾਰਤੀ ਮੁੰਡੇ – ਜਿਹਨੂੰ ਸਾਰੀ ਜਮਾਤ ਡੱਡੂ ਕਹਿੰਦੀ ਸੀ – ਵੱਲ ਵੇਖਿਆ। ਉਹ ਅਚਾਨਕ ਉੱਠਿਆ ਤੇ ਸਾਡੇ ਵੱਲ ਉਂਗਲ਼ ਕਰ ਕੇ ਬੋਲਿਆ: ਮਾਸਟਰ ਜੀ, ਆਹ ਤਿੰਨੇ ਜਣੇ ਕਵੀਸ਼ਰੀ ਕਰਦੇ ਐ, ਖੇਤਾਂ ਚ ਜਾ ਕੇ!

ਬਸ ਫਿਰ ਕੀ ਸੀ। ਡਰ ਦੀ ਅਜੀਬ-ਜਿਹੀ ਠੰਢੀ ਲਹਿਰ ਸਾਡੇ ਸਰੀਰਾਂ ਵਿੱਚ ਦੀ ਲੰਘ ਗਈ। ਸਾਰੇ ਸਕੂਲ ਅੱਗੇ ਖੜ੍ਹੇ ਹੋ ਕੇ ਕੁਝ ਬੋਲਣ ਦਾ ਹੌਸਲਾ ਕਰਨਾ ਅਜੇ ਸਾਡੇ ਵੱਸੋਂ ਬਾਹਰ ਸੀ।

'ਉੱਠੋ, ਉੱਠੋ!' ਸਾਰੇ ਬੋਲਣ ਲੱਗੇ, ਤਾੜੀਆਂ ਮਾਰਨ ਲੱਗੇ।

ਗਿਆਨੀ ਮਾਸਟਰ ਨੱਥਾ ਸਿੰਘ ਵੀ ਹੱਲਾਸ਼ੇਰੀ ਦੇਣ ਲੱਗਾ।

ਅਸੀਂ ਤਿੰਨੇ ਖੜ੍ਹੇ ਹੋਏ, ਤੇ ਕਵੀਸ਼ਰੀ ਕਰਨ ਲੱਗੇ:

> ਕਿਉਂ ਫੜੀ ਸਿਪਾਹੀਆਂ ਨੇ, ਭੈਣੋਂ ਇਹ ਹੰਸਾਂ ਦੀ ਜੋੜੀ।
> ਕਿਉਂ ਪਕੜ ਮਸੂਮਾਂ ਨੂੰ ਨੀ ਇਹ ਲਈ ਪੁਲ਼ਸੀਏ ਜਾਂਦੇ।
> ਤੱਕ ਨੂਰ ਇਲਾਹੀ ਨੂੰ, ਨਿਉਂ ਨਿਉਂ ਪਰਬਤ ਸੀਸ ਨਿਵਾਂਦੇ।
> ਹੈ ਨਾਲ਼ ਹਕੂਮਤ ਦੇ, ਏਹਨਾਂ ਦੀ ਕੀ ਪਈ ਮ੍ਰੋੜੀ।
> ਕਿਉਂ ਫੜੀ ਸਿਪਾਹੀਆਂ ਨੇ, ਭੈਣੋਂ ਇਹ ਹੰਸਾਂ ਦੀ ਜੋੜੀ।
> ਤੱਕ ਕੇ ਤੇ ਸ਼ਕਲਾਂ ਨੂੰ, ਸੂਰਜ ਡਿਗਦਾ ਬਾਏਂ ਦਹਿਣੇ।
> ਅੱਖੀਆਂ ਦੀ ਜੋਤ ਅੱਗੇ, ਜਾਂਦੇ ਸੂਰਜ ਚੰਦ ਗ੍ਰਹਿਣੇ।
> ਪਾਨਾਂ ਜਹੀਆਂ ਬੁੱਲ੍ਹੀਆਂ 'ਤੇ, ਰਹੀਆਂ ਹੱਸ ਦਿਵਾਲ਼ੀ ਲੋਹੜੀ।

ਕਿਉਂ ਫੜੀ ਸਿਪਾਹੀਆਂ ਨੇ, ਭੈਣੋਂ ਇਹ ਹੰਸਾਂ ਦੀ ਜੋੜੀ॥

ਜਦੋਂ ਕਵੀਸ਼ਰੀ ਖ਼ਤਮ ਹੋਈ, ਤਾਂ ਸਾਰੇ ਸਕੂਲ ਤੇ ਟੀਚਰਾਂ ਨੇ ਐਨੇ ਜ਼ੋਰ ਦੀ ਤਾੜੀਆਂ ਮਾਰੀਆਂ ਕਿ ਸਾਰਾ ਚੌਗਿਰਦਾ ਗੂੰਜ ਉੱਠਿਆ। ਸਾਨੂੰ ਸੱਚ ਨਾ ਆਵੇ ਕਿ ਸਾਡੀ ਕਵੀਸ਼ਰੀ ਨੇ ਸ੍ਰੋਤਿਆਂ ਨੂੰ ਏਨਾ ਨਿਹਾਲ ਕਰ ਦਿੱਤਾ।

ਗਿਆਨੀ ਜੀ ਬੋਲੇ: ਤੁਸੀਂ ਤਾਂ ਛੁਪੇ ਰੁਸਤਮ ਨਿੱਕਲ਼ੇ!

ਬੱਸ ਉਨ੍ਹਾਂ ਦਸ ਚਮਤਕਾਰੀ ਮਿੰਟਾਂ ਵਿਚ ਅਸੀਂ ਕੁਝ ਹੋਰ ਹੀ ਹੋ ਗਏ। ਅਗਲੇ ਦਿਨ ਗਿਆਨੀ ਜੀ ਨੇ ਕਲਾਸ ਵਿਚ ਏਲਾਨ ਕਰ ਦਿੱਤਾ: 'ਅੱਜ ਤੋਂ ਕਲਾਸ ਦਾ ਮਨੀਟਰ ਭਗਵਾਨ ਹੋਵੇਗਾ!'

ਕਰਨੈਲ ਕਵੀਸ਼ਰ ਨੇ ਮੈਨੂੰ ਕੇਵਲ ਮਨੀਟਰ ਹੀ ਨਹੀਂ ਬਣਾਇਆ, ਸਗੋਂ ਕਲਪਨਾ ਦੇ ਐਸੇ ਘੋੜੇ 'ਤੇ ਅਸਵਾਰ ਕਰ ਦਿੱਤਾ, ਜੋ ਮੈਨੂੰ ਇਕ ਹੋਰ ਹੀ ਸੰਸਾਰ ਵਿਚ ਉਡਾਉਣ ਲੱਗਾ। ਬਾਅਦ ਵਿਚ ਸਾਹਿਤ, ਇਤਿਹਾਸ ਤੇ ਸਮਾਜ-ਸ਼ਾਸਤਰ ਵਿਚ ਮੇਰੀ ਡੂੰਘੀ ਦਿਲਚਸਪੀ ਦੀਆਂ ਕਰੂੰਬਲ਼ਾਂ ਏਸੇ ਕਵੀਸ਼ਰੀ ਵਿੱਚੋਂ ਹੀ ਫੁੱਟੀਆਂ। ਕਰਨੈਲ ਸਿੰਘ ਦੀ ਕਵੀਸ਼ਰੀ ਤੋਂ ਲੱਗੀ ਪੜ੍ਹਨ-ਲਿਖਣ ਦੀ ਚੇਟਕ ਨੇ ਹੀ ਮੈਨੂੰ ਖੋਜ ਕਰਨ ਵੱਲ ਲਾਇਆ; ਯੂਨੀਵਰਸਿਟੀਆਂ ਵੱਲ ਤੋਰਿਆ।

ਸਾਡੇ ਲਈ ਕਰਨੈਲ ਸਿੰਘ ਦੀ ਕਵੀਸ਼ਰੀ ਕੇਵਲ ਲਫ਼ਜ਼ਾਂ ਦਾ ਤਾਣਾਬਾਣਾ ਹੀ ਨਹੀਂ ਸੀ; ਉਹ ਅਪਣੇ ਲਫ਼ਜ਼ਾਂ ਨਾਲ਼ ਤਸਵੀਰ ਬਣਾਉਂਦਾ ਸੀ: ਗੁਰੂ ਦੇ ਬੱਚਿਆਂ ਦੀ ਤਸਵੀਰ।

ਲਛਮਣ ਤੇ ਰਾਮ ਕੁੜੇ, ਜਾਂ ਇਹ ਰੂਪ ਬਸੰਤ ਦੋਵੇਂ।
ਮਾਤਾ ਮਤਰੇਈ ਨੇ, ਕੱਢੇ ਘਰੋਂ ਹੋਣਗੇ ਓਵੇਂ।
ਰਹੇ ਕਿੱਧਰ ਫੁਲੇਰੇ ਜਾ, ਟਹਿਣੀ ਸਣੇ ਫੁੱਲਾਂ ਦੇ ਤੋੜੀ।
ਕਿਉਂ ਫੜੀ ਸਿਪਾਹੀਆਂ ਨੇ, ਭੈਣੋਂ ਇਹ ਹੰਸਾਂ ਦੀ ਜੋੜੀ॥

ਇਹ ਕਵੀਸ਼ਰੀ ਗਾਉਂਦਿਆਂ ਸਾਨੂੰ ਲਗਦਾ ਸੀ ਕਿ ਅਸੀਂ ਗੁਰੂ ਦੇ ਛੋਟੇ ਸਾਹਿਬਜ਼ਾਦਿਆਂ ਦੇ ਨਾਲ਼-ਨਾਲ਼ ਤੁਰ ਰਹੇ ਸਾਂ, ਤੇ ਉਨ੍ਹਾਂ ਨਾਲ਼ ਹੋ ਰਹੇ ਤਸ਼ੱਦਦ ਨੂੰ ਦੇਖ ਰਹੇ ਹਾਂ।

ਸਮਝਣ ਵਿਚ ਆਉਂਦੀ ਨਾ, ਗ਼ਲਤੀ ਕਰ ਬੈਠੇ ਐ ਕਾਹਦੀ।
ਔਹ ਪੂਜਣਯੋਗ ਬੁੜ੍ਹੀ, ਹੋਊ ਜਾਂ ਨਾਨੀ ਜਾਂ ਦਾਦੀ।
ਵੱਢ ਲੱਕੜਹਾਰਾ ਨਾ ਦੇਵੇ ਕਲਪ ਬ੍ਰਿਛ ਦੀ ਮੋਹੜੀ॥

ਕਰਨੈਲ ਦੀ ਇਹ ਕਵੀਸ਼ਰੀ ਗਾਉਂਦੇ-ਗਾਉਂਦੇ ਅਸੀਂ ਆਪ ਹੀ ਰੋਣ ਲੱਗ ਪੈਂਦੇ ਸਾਂ। ਕਿਸੇ ਡਰ-ਭੈਅ ਤੋਂ ਮੁਕਤ ਸ਼ਾਹਜ਼ਾਦਿਆਂ ਦਾ ਸਿਰੜ ਸਾਨੂੰ ਧੂਹ ਪਾਉਂਦਾ ਸੀ।

ਮੇਰੇ ਲਈ ਅੱਜ ਵੀ ਸਿੱਖੀ ਜਜ਼ਬਾ ਵਧੇਰੇ ਤੇ ਵਿਚਾਰ ਘੱਟ ਹੈ। ਇਹਦਾ ਮੂਲ ਕਾਰਣ ਇਹ ਕਿ ਕਰਨੈਲ ਕਵੀਸ਼ਰ ਨੂੰ ਮਲਵੱਈ ਮੁਹਾਵਰੇ ਉੱਤੇ ਪਕੜ ਤਾਂ ਪੱਕੀ ਸੀ ਹੀ, ਪਰ ਉਹਨੂੰ ਸਿੱਖੀ ਦੀ ਰੂਹ ਦੀ ਵੀ ਬੜੀ ਡੂੰਘੀ ਸਮਝ ਸੀ। ਉਸ ਸਮਝ ਦੀ ਇਕ ਤੰਦ ਮੈਂ ਵੀ ਉਹਤੋਂ ਲੈ ਕੇ ਅਪਣੇ ਦਿਲ ਵਿਚ ਗੁੰਦ ਲਈ।

ਤੇ ਇਹ ਤੰਦ ਹੁਣ ਵੀ ਮੇਰੇ ਨਾਲ਼-ਨਾਲ਼ ਤੁਰ ਰਹੀ ਹੈ।

◆ ◆

ਅਕਲਪਾਰੇ

## ਪੰਜਾਬੀ ਟੈਗੋਰ

'ਪੰਜਾਬੀ ਕੀਟਸ' (ਸ਼ਿਵ ਕੁਮਾਰ ਬਕੌਲ ਪ੍ਰੋ-ਸੰਤ ਸਿੰਘ ਸੇਖੋਂ), 'ਪੰਜਾਬੀ ਮਾਇਕੋਵਸਕੀ' (ਸੁਖਿੰਦਰ ਬਕੌਲ ਉਨ੍ਹਾਂ ਦੇ ਵੱਡੇ ਵੀਰ ਜੀ ਡਾ-ਗੁਰਭਗਤ ਸਿੰਘ), 'ਪੰਜਾਬੀ ਲੋਰਕਾ' (ਪਾਸ਼ ਬਕੌਲ ਡਾ-ਚਮਨ 'ਜੇਐਨਯੂ' ਤੇ ਹੋਰ) ਤੋਂ ਬਾਅਦ ਇਕ ਹੋਰ ਨਵੀਨਤਮ ਲੱਭਤ ਇਹ ਹੈ ਕਿ ਗ਼ਜ਼ਲ ਦੇ ਬਾਦਸ਼ਾਹ, ਤੀਹ ਨਾਵਲਾਂ ਦੇ ਕਰਤਾ ਤੇ "ਪੰਜਾਬ ਦੀ ਆਵਾਜ਼" ਰੋਜ਼ਾਨਾ ਅਜੀਤ ਦੇ ਬਾਨੀ ਡਾ. ਸਾਧੂ ਸਿੰਘ ਹਮਦਰਦ ਐੱਮ ਏ ਪੀਐਚ ਡੀ 'ਪੰਜਾਬ ਦੇ ਟੈਗੋਰ' ਹਨ/ਸਨ।

ਹਵਾਲਾ: "ਪੰਜਾਬ ਦੀ ਆਵਾਜ਼" ਰੋਜ਼ਾਨਾ ਅਜੀਤ (23 ਜੁਲਾਈ 2016) ਵਿਚ ਛਪੀ ਪੁਸਤਕ ਪੜਚੋਲ: ਪੰਜਾਬੀ ਟੈਗੋਰ ਸਾਧੂ ਸਿੰਘ ਹਮਦਰਦ, ਲੇਖਕ: ਪ੍ਰਿੰ-ਗੁਰਮੁਖ ਸਿੰਘ ਸਿੱਧੂ, ਪ੍ਰਕਾਸ਼ਕ: ਕੁੰਭ ਜ਼ੀਰਕਪੁਰ।



# ਬੰਦਾ ਬਹਾਦਰ : ਬਦਲਵੀਂ ਦ੍ਰਿਸ਼ਟੀ

## *-ਤੇਜਵੰਤ ਸਿੰਘ ਗਿੱਲ*

ਬੰਦਾ ਬਹਾਦਰ ਦੇ ਵਿਅਕਤਿਤਵ, ਜੀਵਨ, ਸੰਘਰਸ਼ ਅਤੇ ਗੌਰਵ ਬਾਰੇ ਵਚਿੱਤਰ ਤਰ੍ਹਾਂ ਦਾ ਬਿਰਤਾਂਤ ਪ੍ਰਚਲਿਤ ਹੈ। ਇਸ ਵਿਚ ਖੱਪੇ, ਵਿਰੋਧ ਅਤੇ ਦਵੰਦ ਵੀ ਅਨੇਕ ਹਨ। ਇਉਂ ਲੱਗਦਾ ਹੈ ਦੰਦ-ਕਥਾ ਅਤੇ ਪਰਿਕਲਪਨਾ ਦੀ ਹੀ ਇਹ ਉਪਜ ਹੈ। ਸਿਮਰਿਤੀ, ਕਲਪਨਾ ਅਤੇ ਦ੍ਰਿਸ਼ਟੀ ਨੂੰ ਇਸ ਖ਼ਾਤਰ ਘੱਟ ਵਰਤਿਆ ਗਿਆ ਹੈ। ਇਸ ਦਾ ਨਤੀਜਾ ਸਾਹਮਣੇ ਹੈ। ਵੱਖ-ਵੱਖ ਮੱਤਾਂ ਨੂੰ ਪ੍ਰਣਾਏ ਬਿਰਤਾਂਤਕਾਰਾਂ ਨੇ ਉਸ ਬਾਰੇ ਜੋ ਯੋਗ ਲੱਗਾ, ਕਹਿ ਦਿੱਤਾ। ਤੱਥਾਂ ਦੀ ਥਾਂ ਅਟਕਲਾਂ ਤੋਂ ਵਧੇਰੇ ਕੰਮ ਲਿਆ ਗਿਆ। ਬਿਰਤਾਂਤ ਵਿਚ ਵਾਰਤਾ ਦਾ ਕੇਂਦਰੀ ਸਥਾਨ ਬਣ ਗਿਆ।

ਇਸ ਮੁਤਾਬਿਕ ਜੰਮੂ ਪ੍ਰਾਂਤ ਦੇ ਰਾਜੌਰੀ ਖੇਤਰ ਵਿਚ ਉਸ ਦਾ ਜਨਮ ਹੋਇਆ। ਲਛਮਣ ਦਾਸ ਉਸ ਦਾ ਨਾਂ ਰੱਖਿਆ ਗਿਆ ਜੋ ਬਚਪਨ ਤੋਂ ਹੀ ਸ਼ਿਕਾਰ ਖੇਡਣ ਦਾ ਸ਼ੌਕੀਨ ਸੀ। ਇਕ ਵਾਰ ਉਹ ਅਜੇਹੀ ਹਿਰਨੀ ਨੂੰ ਫੁੰਡ ਬੈਠਾ ਜੋ ਸੂਣ ਕਿਨਾਰੇ ਸੀ। ਹਿਰਨੀ ਦੀਆਂ ਅੱਖਾਂ ਵਿਚ ਆਏ ਤਰਸ ਭਾਵ ਨੂੰ ਦੇਖ ਕੇ ਉਸ ਨੇ ਬਹੁਤ ਪੀੜਤ ਮਹਿਸੂਸ ਕੀਤਾ। ਅੱਧਮੋਏ ਪਠੇਰੂਆਂ ਦੀ ਤੜਪ ਨੇ ਤਾਂ ਉਸ ਨੂੰ ਸੰਕਟ ਵਿਚ ਪਾ ਦਿੱਤਾ। ਸੁੱਖ ਅਤੇ ਐਸ਼ ਦਾ ਰਹਿਣ ਸਹਿਣ ਤਿਆਗ ਕੇ ਉਹ ਰਮਤਾ ਸਾਧੂ ਬਣ ਗਿਆ। ਇਲਾਕੇ ਦੇ ਕਿਸੇ ਤਪ-ਸਥਾਨ ਵਿਚ ਦਿਨ ਕਟੀ ਕਰਨਾ ਉਸ ਨੂੰ ਕਾਫ਼ੀ ਨਾ ਲੱਗਿਆ। ਘੁੰਮਦਾ ਘੁਮਾਂਦਾ ਉਹ ਦੋ ਹਜ਼ਾਰ ਕੋਹ ਤੈਅ ਕਰ ਗਿਆ। ਨਰਬਦਾ ਦਰਿਆ ਦੇ ਕੰਢੇ ਉਸ ਨੇ ਟਿਕਾਣਾ ਕਰ ਲਿਆ। ਤਪ ਕਰਨਾ ਉਸ ਦਾ ਮੰਤਵ ਨਹੀਂ ਸੀ। ਜਾਦੂ, ਮੰਤਰ ਅਤੇ ਟੂਣੇ ਨੂੰ ਉਸ ਨੇ ਆਪਣਾ ਵਿਹਾਰ ਬਣਾ ਲਿਆ। ਆਪਣਾ ਨਾਂ ਬਦਲ ਕੇ ਉਸ ਨੇ ਮਾਧੋ ਦਾਸ ਰੱਖ ਲਿਆ।

ਹਿਰਨੀ ਨੂੰ ਉਸ ਦੇ ਪਠੇਰੂਆਂ ਸਮੇਤ ਫੁੰਡ ਨਾਲ ਉਸ ਨੂੰ ਜੋ ਘਣੀ ਪੀੜਾ ਹੋਈ ਸੀ, ਇਹ ਵਿਹਾਰ ਉਸ ਦੇ ਅਨੁਕੂਲ ਨਹੀਂ ਸੀ। ਪਰ ਇਸ ਦੀ ਉਸ ਨੂੰ ਕੋਈ ਚਿੰਤਾ ਨਹੀਂ ਸੀ। ਉਦਾਲੇ ਦੇ ਲੋਕਾਂ ਵਿਚ ਜੋ ਉਸ ਦੀ ਮਹਿਮਾ ਬਣੀ, ਉਹ ਉਸ ਦੀ ਹਉਮੈ ਨੂੰ ਤ੍ਰਿਪਤ ਕਰਨ ਲਈ ਕਾਫ਼ੀ ਸੀ। ਜੇ ਅਜੋਕੀ ਸਾਹਿਤਕ ਪ੍ਰਣਾਲੀ ਵਿਚ ਗੱਲ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਕਿ ਜਾਦੂਮਈ ਯਥਾਰਥਵਾਦ ਉਸ ਦੇ ਸਿਰ ਚੜ੍ਹ ਬੋਲਣ ਲੱਗ ਪਿਆ। ਆਪਣੇ ਆਪ ਨੂੰ ਕਰਾਮਾਤੀ ਮੰਨਣ ਦਾ ਉਸ 'ਤੇ ਭੂਤ ਸਵਾਰ ਹੋ ਗਿਆ। ਇਹ ਕੁਲ ਬਿਰਤਾਂਤ ਅਦਭੁਤ ਤਾਂ ਬਹੁਤ ਸੀ ਪਰ ਵਿਵੇਕ ਦਾ ਇਸ ਵਿਚ ਪੂਰੀ ਤਰ੍ਹਾਂ ਅਭਾਵ ਸੀ। ਪੈਂਠ ਹੀ ਇਸ ਦਾ ਕੁਲ ਸਾਰ ਸੀ।

ਇਹ ਕੱਚ ਦਾ ਪਸਾਰ ਸੀ ਜਿਸ ਦੇ ਨਿਰਵੇਚਨ ਲਈ ਗੁਰੂ ਗੋਬਿੰਦ ਸਿੰਘ ਦਾ ਆਗਮਨ ਦਰਕਾਰ ਸੀ। ਅਜੋਕੀ ਸਾਹਿਤ ਪ੍ਰਣਾਲੀ ਵਿਚ ਗੱਲ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਕਿ ਦੈਵੀ ਯਥਾਰਥਵਾਦ ਉਨ੍ਹਾਂ ਦਾ ਈਮਾਨ ਸੀ। ਜੇ ਇਕ ਪਾਸੇ ਉਨ੍ਹਾਂ ਦਾ ਦਾਅਵਾ ਹੈ "ਮੈਂ ਹੂੰ ਪਰਮ ਪੁਰਖ ਕੋ ਦਾਸਾ/ਦੇਖਣ ਆਇਉ ਜਗਤ ਤਮਾਸ਼ਾ" ਤਾਂ ਦੂਜੇ ਪਾਸੇ ਇਹ ਭਾਵਨਾ "ਇਨ੍ਹੀਂ ਕਿ ਕ੍ਰਿਪਾ ਸੇ ਸਜੇ ਹਮ ਹੈਂ/ਨਹੀਂ ਮੋ ਸੇ ਗਰੀਬ ਕਰੋਰ ਪਰੇ ਹੈ" ਵੀ ਉਨ੍ਹਾਂ ਦੀ ਬਿਰਤੀ ਵਿਚ ਬਹੁਤ ਪ੍ਰਬਲ ਸੀ। ਨਾਟਕ ਚੇਟਕ ਦੀ ਆਵਾਜ਼ ਬੁਲੰਦ ਕਰਨ ਵਾਲੇ ਦਾਅਵੇ ਅਨੁਸਾਰ ਗੁਰੂ ਸਾਹਿਬ ਦਾ ਮਾਧੋ ਦਾਸ ਨਾਲ ਮੇਲ ਸੁਭਾਵਕ ਹੀ ਹੋਣਾ ਸੀ। ਇਸ ਲਈ ਬਿਰਤਾਂਤ ਵਿਚ ਆਉਂਦਾ ਕਿ ਗੁਰੂ ਸਾਹਿਬ ਉਸ ਦੇ ਸਥਾਨ 'ਤੇ ਜਾ ਪਹੁੰਚੇ। ਨੱਥਾ ਮੱਲ ਢਾਡੀ ਦੀ ਕਿਰਤ **ਅਮਰਨਾਮਾ** ਦਰਸਾਂਦੀ ਹੈ ਕਿ ਗੁਰੂ ਸਾਹਿਬ ਨੇ ਉਸ ਦੇ ਸਥਾਨ ਪਹੁੰਚ ਕੇ ਅਜੀਬ ਹਰਕਤਾਂ ਕੀਤੀਆਂ। ਉਨ੍ਹਾਂ ਦਾ ਤਾਤਪਰਯ ਉਸ ਨੂੰ ਤੈਸ਼ ਵਿਚ ਲਿਆ ਕੇ ਇਹ ਸਿੱਧ ਕਰਨਾ ਸੀ ਕਿ ਜਿਸ ਜਾਦੂਮਈ ਸ਼ਕਤੀ ਦਾ ਉਹ ਆਪਣੇ ਆਪ ਨੂੰ ਪੁੰਜ ਸਮਝਦਾ ਸੀ ਉਹ ਕੱਚ ਦੇ ਮੁਜੱਸਮੇ ਤੋਂ ਵੱਧ ਕੁਝ ਨਹੀਂ।

ਉਸ ਨੂੰ ਇਹ ਸਮਝਣ ਵਿਚ ਬਹੁਤਾ ਸਮਾਂ ਨਾ ਲੱਗਾ। ਗੁਰੂ ਸਾਹਿਬ ਦੇ ਚਰਨਾਂ 'ਤੇ ਡਿੱਗ ਕੇ ਉਸ ਨੇ ਖ਼ਿਮਾ ਮੰਗੀ ਅਤੇ ਉਨ੍ਹਾਂ ਦਾ ਸਿੱਖ ਬਣ ਜਾਣ ਦੀ ਇਲਤਜ਼ਾ ਕੀਤੀ। ਬਿਰਤਾਂਤ ਅਨੁਸਾਰ ਗੁਰੂ ਸਾਹਿਬ ਨੇ ਉਸ ਦੀ ਬੇਨਤੀ ਸਵੀਕਾਰ ਕਰ ਲਈ। ਅੰਮ੍ਰਿਤ ਛਕਾ ਕੇ ਉਸ ਨੂੰ ਆਪਣਾ ਸਿੱਖ ਸਜਾ ਲਿਆ। ਐਨਾ ਹੀ ਨਹੀਂ ਪੰਜਾਬ ਜਾ ਕੇ ਉਸ ਮਹਾਨ ਕਾਰਜ ਨੂੰ ਚਰਮਸੀਮਾ ਤਕ ਪਹੁੰਚਾਣ ਦਾ ਆਦੇਸ਼ ਦਿੱਤਾ। ਉਸ ਦੀ ਸੰਗਤ ਲਈ ਜਿਸ ਵਿਚ ਸਿੱਖ ਰਹਿਤ ਮਰਿਆਦਾ ਦਾ ਪਾਲਣ ਜ਼ਰੂਰੀ ਸੀ, ਉਨ੍ਹਾਂ ਨਾਲ ਆਪਣੇ ਸਿਦਕੀ ਸਿੱਖ ਭੇਜ ਦਿੱਤੇ। ਮਾਧੋ ਦਾਸ ਤੋਂ ਉਸ ਦਾ ਨਾਮ ਬੰਦਾ ਬਹਾਦਰ ਕਰ ਦਿੱਤਾ ਜਿਸ ਦੇ ਅੰਤਰਗਤ ਸਿੰਘ ਪਦ ਬਾਅਦ ਦੇ ਬਿਰਤਾਂਤਕਾਰਾਂ ਨੂੰ ਸੁਤੇਸਿਧ ਵਿਚਰਦਾ ਪ੍ਰਤੀਤ ਹੋਇਆ। ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨੇ ਤਾਂ ਇਹ ਧਾਰਨਾ ਵੀ ਕਲਮਬੰਦ ਕਰ ਦਿੱਤੀ ਕਿ ਅੰਮ੍ਰਿਤ ਛਕਣ ਉਪਰੰਤ ਉਸ ਦਾ ਨਾਂ ਗੁਰਬਖ਼ਸ਼ ਸਿੰਘ ਹੋ ਗਿਆ। ਇਹ ਵੱਖਰੀ ਗੱਲ ਹੈ ਕਿ ਇਹ ਨਾਂ ਲੋਕਾਂ ਦੇ ਤਾਂ ਕੀ ਉਸ ਦੇ ਨਿਕਟਵਰਤੀ ਸੰਗੀਆਂ ਸਾਥੀਆਂ ਦੇ ਮੂੰਹਾਂ 'ਤੇ ਵੀ ਨਾ ਚੜ੍ਹਿਆ ਤਾਂ ਜੋ ਇਹ ਬਿਰਤਾਂਤ ਊਣਾ ਨਾ ਲੱਗੇ। ਇਹ ਵੀ ਆਖਿਆ ਗਿਆ ਕਿ ਗੁਰੂ ਸਾਹਿਬ ਨੇ ਪੰਜਾਬ ਵਿਚ ਰਹਿ ਰਹੇ ਆਪਣੇ ਸਿਦਕ ਸਿੱਖਾਂ ਦੇ ਨਾਂ ਵੀ ਭੇਜੇ ਅਤੇ ਉਨ੍ਹਾਂ ਨੂੰ ਬੰਦਾ ਬਹਾਦਰ ਦੀ ਸਹਾਇਤਾ ਕਰਨ ਲਈ ਆਦੇਸ਼ ਦਿੱਤਾ। ਇਸ ਆਦੇਸ਼ ਦੀ ਪੈਰਵੀ ਕਰਨ ਨੂੰ ਉਨ੍ਹਾਂ ਸਿੱਖਾਂ ਨੇ ਆਪਣਾ ਈਮਾਨ ਸਮਝਿਆ।

ਕੀ ਸਭ ਕੁਝ ਇਸ ਬਿਰਤਾਂਤ ਅਨੁਸਾਰ ਵਾਪਰਿਆ ? ਜੇ ਗੁਰੂ ਸਾਹਿਬ ਦੀ ਬਿਰਤੀ ਵਿਚ ਦੂਜੀ ਧਾਰਨਾ ਕਿ ਉਨ੍ਹਾਂ ਦੀ ਸਿਰਜਣਾ ਦਾ ਸਿਹਰਾ ਜਨਤਾ ਨੂੰ ਜਾਂਦਾ ਸੀ, ਇਹ ਉਹ ਬਖਸ਼ਿਸ਼ ਸੀ ਜਿਸ ਤੋਂ ਬਿਨਾਂ ਉਨ੍ਹਾਂ ਨਿਗੂਣਾ ਰਹਿ ਜਾਣਾ ਸੀ ਤਾਂ ਇਸ ਦੀ ਲੋਅ ਵਿਚ ਉਪਰੋਕਤ ਬਿਰਤਾਂਤ ਮਨਘੜਤ ਪ੍ਰਤੀਤ ਹੁੰਦਾ ਹੈ। ਸਾਰਾ ਨਹੀਂ ਤਾਂ ਬਹੁਤਾ ਇਹ ਕੱਚ ਦਾ ਲਖਾਇਕ ਸੀ, ਸੱਚ ਤੋਂ ਊਣਾ ਜਿਸ 'ਤੇ ਪਹਿਰਾ ਦੇਣ ਨੂੰ ਉਹ ਆਪਣਾ ਕਸਬ ਮੰਨਦੇ ਸਨ। ਇਸ ਦਾ ਪ੍ਰਮਾਣ ਇਹ ਹੈ ਕਿ ਸੈਨਾਪਤਿ ਦੀ ਅਸਲ ਨੂੰ ਪ੍ਰਣਾਈ ਅਤੇ ਕਾਵਿ ਗੁਣਾਂ ਨਾਲ ਗੁੰਦੀ ਰਚਨਾ **ਗੁਰ ਸੋਭਾ** ਵਿਚ ਉਪਰੋਕਤ ਬਿਰਤਾਂਤ ਦਾ ਕੋਈ ਸੰਕੇਤ ਨਹੀਂ। ਏਥੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਸੈਨਾਪਤਿ ਗੁਰੂ ਗੋਬਿੰਦ ਸਿੰਘ ਦਾ ਸਮਕਾਲੀ ਸੀ। ਗੁਰੂ ਸਾਹਿਬ ਦੇ ਦਰਬਾਰ ਦਾ ਸ਼ਿੰਗਾਰ, ਬਵੰਜਾ ਕਵੀਆਂ ਵਿਚ ਉਸ ਦਾ ਸਨਮਾਣਯੋਗ ਸਥਾਨ ਸੀ। ਪ੍ਰਵਾਨਿਤ ਅਨੁਮਾਨ ਅਨੁਸਾਰ ਇਹ ਰਚਨਾ 1711 ਈਸਵੀ ਤੱਕ ਮੁਕੰਮਲ ਹੋ ਗਈ ਸੀ।

ਇਸ ਪ੍ਰਕਾਰ ਦੀ ਰਚਨਾ ਬਾਰੇ ਕਿੰਤੂ ਹੋ ਸਕਦਾ ਹੈ ਕਿ ਇਸ ਵਿਚ ਬਿਰਤਾਂਤ ਸੂਖਮ ਅਤੇ ਸੰਖੇਪ ਹੁੰਦਾ ਹੈ। ਸਥੂਲਤਾ ਅਤੇ ਵਿਸਥਾਰ ਦੀ ਇਸ ਵਿਚ ਲੋੜ ਨਹੀਂ ਸਮਝੀ ਜਾਂਦੀ। ਇਹ ਧਾਰਨਾ **ਗੁਰ ਸੋਭਾ** 'ਤੇ ਪੂਰੀ ਤਰ੍ਹਾਂ ਢੁਕਦੀ ਹੈ ਪਰੰਤੂ ਇਸ ਦਾ ਖ਼ੁਦ-ਬ-ਖ਼ੁਦ ਇਹ ਭਾਵ ਨਹੀਂ ਬਣ ਜਾਂਦਾ ਕਿ ਨਿਰਣਾਇਕ ਘਟਨਾ ਦਾ ਇਸ ਵਿਚ ਸੰਕੇਤਕ ਵਰਨਣ ਤਕ ਨਾ ਹੋਵੇ। ਨਿਮਨ ਦਿੱਤੇ ਬੰਦਾਂ ਵਿਚ ਖਾਲਸਾ ਦੀ ਸਿਰਜਣਾ ਦਾ ਸੰਕੇਤਕ ਵਰਨਣ ਹੈ ਪਰੰਤੂ ਜਿਨ੍ਹਾਂ ਪੱਖਾਂ ਵੱਲ ਸੰਕੇਤ ਹਨ, ਉਨ੍ਹਾਂ ਨੂੰ ਗ੍ਰਹਿਣ ਕਰਨ ਵਿਚ ਕੋਈ ਔਖ ਪੇਸ਼ ਨਹੀਂ ਹੁੰਦੀ :

*ਚੇਤ ਮਾਸ ਬੀਤਉ ਸਕਲ ਮੇਲ ਭਯੋ ਅਪਾਰ*
*ਬੈਸਾਖੀ ਕੇ ਦਰਸ ਪੈ ਸਤਿਗੁਰ ਕੀਯੋ ਬਿਚਾਰ।*
*ਸੰਗਤ ਦਰਸ਼ਨ ਕਰਤ ਸਬ ਨਗਰ ਬਿਸਥਾਰ*
*ਹੁਐ ਦਇਆਲ ਦਰਸ਼ਨ ਦੀਓ ਕਰਨਹਾਰ ਕਰਤਾਰ।*
*ਗੋਬਿੰਦ ਸਿੰਘ ਕਹੀ ਖੁਸ਼ੀ ਸੰਗਤਿ ਕਰੀ ਨਿਹਾਲ*
*ਕੀਉ ਪ੍ਰਗਟ ਤਬ ਖਾਲਸਾ ਚਕਿਓ ਸਗਲ ਜੰਜਾਲ।*
*ਸਬ ਸਮੂਹ ਸੰਗਤਿ ਮਿਲੀ ਸਭ ਸਤਿਲੁਜ ਕੇ ਤੀਰ*
*ਕੇਤਕ ਭਏ ਖਾਲਸਾ ਕੇਤਕ ਭਏ ਅਧੀਰ।*
*ਤਜ ਮਸੰਦ ਪ੍ਰਭ ਏਕ ਜਪ ਯਹ ਬਿਬੇਕ ਤਰਾਂ ਕੀਨ*
*ਸਤਿਗੁਰ ਸੋ ਸੇਵਕ ਮਿਲੇ ਨੀਰ ਮਹਿ ਜੋ ਮੀਨ।*

ਇਨ੍ਹਾਂ ਬੰਦਾਂ ਵਿਚ ਕਈ ਨਿਰਣਾਯਕ ਗੱਲਾਂ ਵੱਲ ਸੰਕੇਤ ਹਨ। ਗੁਰੂ ਸਾਹਿਬ ਦਾ ਅਹਿਮ ਫ਼ੈਸਲਾ ਜੋ ਖਾਲਸਾ ਦੀ ਸਿਰਜਣਾ ਨਾਲ ਸੰਬੰਧ ਰੱਖਦਾ ਸੀ, ਉਨ੍ਹਾਂ ਵਿਚੋਂ ਸਭ ਤੋਂ ਅਹਿਮ ਸੀ। ਸੰਗਤਿ ਨੂੰ ਦਰਸ਼ਨ ਦੇਣਾ ਉਪਕਾਰ ਸਮਾਨ ਸੀ ਪਰੰਤੂ ਇਸ ਦਾ ਮਹੱਤਵ ਸਰੀਰਕ ਹਾਜ਼ਰੀ ਤਕ ਸੀਮਤ ਨਹੀਂ ਸੀ। ਫ਼ਲਸਰੂਪ ਸੰਗਤ ਦੇ ਹੁਲਾਸ ਦੀ ਕੋਈ ਸੀਮਾ ਨਹੀਂ ਸੀ। ਕਿਵੇਂ ਇਹ ਅਸੀਮ ਹੈ, ਇਸ ਦਾ ਕੋਈ ਵਿਸਥਾਰ ਨਹੀਂ। ਸੰਗਤ ਵਿਚ ਉਤਸ਼ਾਹ ਇਸ ਕਰਕੇ ਵੀ ਹੈ ਕਿ ਉਸ ਦਾ ਕਰਨਹਾਰ ਕਰਤਾਰ ਨਾਲ ਸਿੱਧਾ ਸੰਬੰਧ ਜੁੜ ਗਿਆ ਹੈ। ਪਹਿਲਾਂ ਇਸ ਦਾ ਮਾਧਿਅਮ ਮਸੰਦਾਂ ਦੀ ਵਿਚੋਲਗੀ ਰਾਹੀਂ ਸੀ ਜਿਸ ਵਿਚ ਉਪਰੋਕਤ ਮਾਧਿਅਮ ਨੇ ਕਈ ਤਰ੍ਹਾਂ ਦੇ ਵਿਗਾੜ ਪੈਦਾ ਕੀਤੇ ਹੋਏ ਸਨ। ਮੁੱਖ ਵਿਗਾੜ ਦੂਰੀ ਦਾ ਸੀ ਜਿਸ ਦੇ ਲੋਪ ਹੋ ਜਾਣ ਨਾਲ ਮੀਨ ਦੇ ਨੀਰ ਵਿਚ ਅਭੇਦ ਹੋ ਜਾਣ ਦੀ ਸੰਭਾਵਨਾ ਬਣ ਗਈ ਹੈ।

ਸੈਨਾਪਤਿ ਅਨੁਸਾਰ, ਇਹੋ ਇਸ ਦਾ ਮੁੱਖ ਮੰਤਵ ਸੀ ਪਰ ਇਸ ਦਾ ਮਹੱਤਵ ਇਸ ਅਭੇਦਤਾ ਨਾਲ ਖ਼ਤਮ ਨਹੀਂ ਸੀ ਹੋ ਜਾਂਦਾ। ਉਪਰੋਕਤ ਬੰਦਾਂ ਵੱਲ ਇਸ ਦਾ ਕੋਈ ਖੁਲਾਸਾ ਨਹੀਂ ਹੋਇਆ ਪਰੰਤੂ ਨਿਮਨ ਜਿਹਾ ਸੰਕੇਤ ਇਸ ਤੋਂ ਜ਼ਰੂਰ ਗ੍ਰਹਿਣ ਹੋ ਜਾਂਦਾ ਹੈ। ਉਹ ਹੈ ਕਿ ਜੇ ਸੰਗਤ ਇਸ ਪ੍ਰਕਾਰ ਗੁਰੂ ਸਾਹਿਬ ਨਾਲ ਅਭੇਦ ਅਨੁਭਵ ਨਾ ਕਰਦੀ ਤਾਂ ਖਾਲਸਾ ਦੀ ਸਿਰਜਣਾ ਨੇਪਰੇ ਨਹੀਂ ਸੀ ਚੜ੍ਹਨੀ। ਪਹਾੜੀ ਰਾਜਿਆਂ ਦੇ ਮਨਾਂ ਵਿਚ ਇਹ ਤੌਖ਼ਲਾ ਵੀ ਨਹੀਂ ਸੀ ਹੋਣਾ ਕਿ ਗੁਰੂ ਸਾਹਿਬ ਦੀ ਨਿੱਗਰ ਹੋ ਰਹੀ ਸ਼ਕਤੀ ਉਨ੍ਹਾਂ ਲਈ ਖ਼ਤਰਾ ਖੜ੍ਹਾ ਕਰ ਰਹੀ ਸੀ। ਅਸਲ ਵਿਚ ਗੁਰੂ ਸਾਹਿਬ ਦਾ ਮੰਤਵ ਉਨ੍ਹਾਂ ਨੂੰ ਨਿਰਬਲ ਕਰਨਾ ਨਹੀਂ ਸੀ ਬਲਕਿ ਮੁਗਲ ਸਲਤਨਤ ਤੋਂ ਭੈਅ ਖਾ ਜਿਸ ਨਿਰਬਲਤਾ ਦੇ ਉਹ ਭਾਗੀ ਬਣ ਚੁੱਕੇ ਸਨ, ਉਸ ਤੋਂ ਉਨ੍ਹਾਂ ਨੂੰ ਨਵਿਰਤ ਕਰਨਾ ਸੀ। ਅਣਖ ਤੋਂ ਵਿਛੁੰਨੇ ਉਹ ਗੁਰੂ ਸਾਹਿਬ ਦੇ ਮੰਤਵ ਦੀ ਥਾਹ ਪਾਉਣ ਦੇ ਅਯੋਗ ਸਨ। ਨਤੀਜੇ ਦੇ ਤੌਰ 'ਤੇ ਉਹ ਮੁਗ਼ਲ ਸਲਤਨਤ ਦੇ ਹੀ ਚਰਨੀਂ ਜਾ ਡਿੱਗੇ ਜਿਸ ਲਈ ਉਨ੍ਹਾਂ ਦੀ ਇੱਜ਼ਤ ਅਤੇ ਆਬਰੂ ਕੋਈ ਅਰਥ ਨਹੀਂ ਸੀ ਰੱਖਦੀ। ਗੁਰੂ ਸਾਹਿਬ ਦਾ ਸਾਥ ਦੇਣ ਦੀ ਥਾਂ, ਉਹ ਮੁਗਲ ਸਲਤਨਤ ਦੇ ਗੁਮਾਸ਼ਤੇ ਬਣ ਗਏ। ਇਸ ਪ੍ਰਕਾਰ ਇਤਿਹਾਸ ਨੂੰ ਉਲਟ ਚਾਲ ਦੇਣ ਵਾਲੇ ਕਾਰਿੰਦੇ ਬਣ ਕੇ ਉਨ੍ਹਾਂ ਗੁਰੂ ਸਾਹਿਬ ਦਾ ਅਨੰਦਪੁਰ ਤੋਂ ਪ੍ਰਸਥਾਨ ਅਨਿਵਾਰੀ ਕਰ ਦਿੱਤਾ। ਇਹ ਵੱਖਰੀ ਗੱਲ ਸੀ ਕਿ ਅਨੰਦਪੁਰ ਨੂੰ ਦੁਬਾਰਾ ਆਪਣੇ ਆਸ਼ਿਆਂ ਅਨੁਸਾਰ ਆਬਾਦ ਦੇਖਣ ਦੀ ਤਮੰਨਾ ਅੰਤ ਤਕ ਗੁਰੂ ਸਾਹਿਬ ਦੇ ਮਨ ਵਿਚ ਵੱਸੀ ਰਹੀ। ਤਾਂਹੀਓਂ ਤਾਂ ਨਿਚਲਾ ਬੰਦ ਆਵਰਤੀ ਮੰਤਵ ਦਾ ਰੂਪ ਧਾਰ **ਗੁਰ ਸੋਭਾ** ਦੇ ਅੰਤਲੇ ਪੰਨੇ 'ਤੇ ਕਈ ਵਾਰ ਆਉਂਦਾ ਹੈ :

*ਤਲ ਭਾਗ ਭਯਾ ਤੁਮ ਕਾਹਿ ਕਹੋ*
*ਗੜ੍ਹ ਆਨੰਦ ਫਿਰ ਬਸਵਹਿਗੇਂ।*

ਇਸ ਦੇ ਆਵਰਤੀ ਮੰਤਵ ਹੋ ਨਿਬੜਣ ਪਿੱਛੇ ਉਹ ਕੁਲ ਅਕਾਂਖਿਆ ਪ੍ਰਬਲ ਸੀ ਜਿਸ ਦਾ ਪ੍ਰਮਾਣ ਗੁਰੂ ਸਾਹਿਬ ਨੇ ਅਨੰਦਪੁਰ ਨੂੰ ਵਿਦਿਆ, ਕਾਵਿ ਕਲਾ ਅਤੇ ਸਰੀਰਕ ਸਿਖਿਆ ਦਾ ਕੇਂਦਰ ਬਣਾ ਦਿੱਤਾ ਸੀ। ਅਨੰਦਪੁਰ ਤੋਂ ਪ੍ਰਸਥਾਨ ਕਰਨ ਨਾਲ ਇਹ ਮਨਸੂਬਾ ਢਹਿ ਢੇਰੀ ਹੋ ਕੇ ਰਹਿ ਗਿਆ। ਇਹੋ ਹੀ ਨਹੀਂ ਕਿ ਆਪਣੀਆਂ ਮਹਿਲਾਵਾਂ ਤੋਂ ਵਿੱਛੜ ਕੇ ਉਨ੍ਹਾਂ ਨੂੰ ਮਾਲਵੇ ਦੇ ਜੰਗਲਾਂ ਵਿਚ ਕਈ ਵਾਰ ਤਾਂ ਇਕੱਲੇ ਹੀ ਵਿਚਰਨਾ ਪਿਆ। ਚਮਕੌਰ ਸਾਹਿਬ ਹੋਏ ਭੇੜ ਵਿਚ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਚਸ਼ਮਦੀਦ ਗਵਾਹ ਵੀ ਬਣਨਾ ਪਿਆ। ਛੋਟੇ ਸਾਹਿਬਜ਼ਾਦਿਆਂ ਦਾ ਨੀਂਹ ਵਿਚ ਚਿਣੇ ਜਾਣਾ, ਜਿਨ੍ਹਾਂ ਦੇ ਗ਼ਮ ਵਿਚ ਗੁਰੂ ਸਾਹਿਬ ਦੀ ਮਾਤਾ ਨੇ ਵੀ ਪ੍ਰਾਣ ਤਿਆਗ ਦਿੱਤੇ, ਅਜੇਹਾ ਭਾਣਾ ਸੀ ਜਿਸ ਨੂੰ ਸਹਿ ਸਕਣਾ ਉਨ੍ਹਾਂ ਦੇ ਹੀ ਹਿੱਸੇ ਆਇਆ। ਭੇਸ ਬਦਲਣ ਨੂੰ ਬਚਾਅ ਦੀ ਨੀਤੀ ਮਿਥ ਕੇ ਉਹ ਦੋਖੀਆਂ ਤੋਂ ਆਪਣਾ ਬਚਾਅ

ਕਰਦੇ ਰਹੇ। ਘੋਰ ਔਕੜਾਂ ਦੇ ਬਾਵਜੂਦ ਉਹ ਆਪਣੇ ਨਿਸਚੇ ਤੋਂ ਥਿੜਕੇ ਨਾ ਬਲਕਿ ਇਸ ਦੇ ਅੰਤ ਨੂੰ ਕਾਰਗਰ ਸਿੱਧ ਹੋਣ ਵਿਚ ਯਕੀਨ ਰੱਖਦੇ ਰਹੇ। ਇਸ ਮਨੋਸਥਿਤੀ ਦੀ ਹਿਰਦੇਵੇਦਕ ਉਦਾਹਰਣ ਸੀ ਨਿਚਲਾ ਸ਼ਬਦ ਜੋ ਮਾਛੀਵਾੜੇ ਦੇ ਜੰਗਲ ਵਿਚ ਇਕੱਲੇ ਭਟਕਣ ਸਮੇਂ ਮੰਨਿਆ ਜਾਂਦਾ ਉਨ੍ਹਾਂ ਕਲਮਬੰਦ ਕੀਤਾ :

*ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ*
*ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣ / ਨਾਗ ਨਿਵਾਸਾਂ ਦੇ ਰਹਿਣਾ ॥*
*ਸੂਲ ਸੁਰਾਹੀ ਖੰਜਰ ਪਿਆਲਾ / ਬਿੰਗ ਕਸਾਈਆਂ ਦਾ ਸਹਿਣਾ ॥*
*ਯਾਰੜੇ ਦਾ ਸਾਨੂੰ ਸੱਥਰ ਚੰਗਾ / ਭੱਠ ਖੇੜਿਆਂ ਦਾ ਰਹਿਣਾ ॥*

ਸੰਤ ਸਿੰਘ ਸੇਖੋਂ ਦਾ ਵਿਚਾਰ ਹੈ ਕਿ ਇਹ ਸ਼ਬਦ ਖ਼ੁਦ ਗੁਰੂ ਸਾਹਿਬ ਦੀ ਰਚਨਾ ਹੋਣ ਦੀ ਥਾਂ, ਉਨ੍ਹਾਂ ਦੇ ਕਿਸੇ ਪੈਰੋਕਾਰ ਦੀ ਰਚਨਾ ਹੈ, ਜਿਹੜਾ ਚਮਕੌਰ ਸਾਹਿਬ ਦੇ ਭੇੜ ਦੌਰਾਨ ਉਨ੍ਹਾਂ ਤੋਂ ਵਿਛੜ ਕੇ ਏਧਰ ਉਧਰ ਭਟਕ ਰਿਹਾ ਸੀ। ਇਹ ਬਦਲਵਾਂ ਵਿਚਾਰ ਹੋਰ ਵੀ ਰੋਚਿਕ ਲੱਗਣ ਲੱਗ ਪੈਂਦਾ ਹੈ ਜੇ ਸੇਖੋਂ ਹੋਰਾਂ ਦੀ ਆਪਣੀ ਰਚਨਾ ਨੂੰ ਇਸ ਦੇ ਸਮਾਨ ਰੱਖ ਕੇ ਨਿਹਾਰਿਆ ਜਾਵੇ ਜਿਸ ਵਿਚ ਮਾਛੀਵਾੜੇ ਦੇ ਉਜਾੜ ਵਿਚ ਸੁੱਤੇ ਪਏ ਗੁਰੂ ਗੋਬਿੰਦ ਸਿੰਘ 'ਤੇ ਇਕ ਮੁਟਿਆਰ ਦੀ ਨਜ਼ਰ ਪੈਂਦੀ ਹੈ। ਆਪਣੇ ਵਿਚਾਰਾਂ ਅਤੇ ਪ੍ਰਭਾਵਾਂ ਨੂੰ ਉਹ ਇਸ ਪ੍ਰਕਾਰ ਪ੍ਰਗਟ ਕਰਦੀ ਹੈ :

*ਸੂਲਾਂ ਦੀ ਸੇਜ 'ਤੇ ਸੁੱਤਾ ਕਰਕੇ ਇੱਟ ਸਿਰ੍ਹਾਣਾ*
*ਨਗਰਾਂ ਪਿੰਡਾਂ ਵਿਚ ਨਾ ਮਿਲਿਆ ਇਸ ਨੂੰ ਕੋਈ ਟਿਕਾਣਾ ?*
*ਕਿੱਥੋਂ ਆਇਆ ਇਹ ਪਰਦੇਸੀ ਤੇ ਕਿਧਰ ਨੂੰ ਜਾਣਾ ?*
*ਜਾਂ ਕੋਈ ਰਾਜ ਧਰੋਹੀ ਹੈ ਇਹ ਦੁਖੀਆਂ ਦਰਦ ਰੰਞਾਣਾ ?*

*ਬਸਤਰ ਮੈਲੇ ਕਈ ਦਿਨਾਂ ਦੇ ਦੱਸਣ ਕੋਈ ਕਹਾਣੀ*
*ਕਾਹਨੂੰ ਪਾਏ ਝਮੇਲੇ ਇਸ ਨੇ ਦੁੱਖਾਂ ਵਿਚ ਜ਼ਿੰਦਗਾਨੀ ?*
*ਨਖਸ਼ਿਖ ਤੋਂ ਜਾਪੇ ਕੋਈ ਜੋਧਾ, ਮੱਥਿਓਂ ਗੁਣੀ ਗਿਆਨੀ।*
*ਕੌਣ ਪਿਆਰੀ ਵਿਛੜੀ ਇਸ ਤੋਂ, ਕਿਸ ਦਾ ਇਹ ਦਿਲਜਾਨੀ ?*

*ਉੱਠੇ ਤਾਂ ਪੁਛਾਂਗੀ ਇਸ ਤੋਂ, ਬਾਤ ਦਿਲੇ ਦੀ ਦੱਸੇ,*
*ਪ੍ਰੇਮ ਕਿਸੇ ਬੇਕਦਰੀ ਦਾ ਹੈ, ਤਾਂ ਉਸ ਪਾਸੋਂ ਨੱਸੇ*
*ਛੱਡੇ ਰਾਜ-ਧ੍ਰੋਹ, ਕਿਉਂ ਪਾਏ ਐਵੇਂ ਗਲ ਨੂੰ ਰੱਸੇ ?*
*ਇਹ ਜੱਗ ਵੱਸਣ ਜੋਗ ਨਾ ਇਸਦੇ, ਦਿਲ ਮੇਰੇ ਵਿਚ ਵੱਸੇ।*

ਏਥੇ ਇਕ ਹੋਰ ਰਹੱਸ ਨਾਲ ਸਾਹਮਣਾ ਹੋ ਜਾਂਦਾ ਹੈ। ਜੇ ਮੁੱਢਲੇ ਸ਼ਬਦ ਵਿਚਲਾ ਮਿੱਤਰ ਪਿਆਰਾ ਅਕਾਲ ਪੁਰਖ ਹੈ ਅਤੇ ਉਸ ਦਾ ਰਚਨਾਕਾਰ ਗੁਰੂ ਗੋਬਿੰਦ ਸਿੰਘ ਖ਼ੁਦ ਹੈ ਤਾਂ ਇਹ ਮੰਨਿਆ ਜਾ ਸਕਦਾ ਹੈ ਕਿ ਉਨ੍ਹਾਂ ਨਾਲ ਜੋ ਅਨੁਮਾਨ ਅਨੁਸਾਰ ਵਾਪਰਿਆ, ਉਹ ਸੱਚ ਹੈ। ਅਕਾਲ ਪੁਰਖ ਦੀ ਮਰਜ਼ੀ ਸੀ ਕਿ ਉਹ ਦੱਖਣ ਨੂੰ ਪਧਾਰਣ ਅਤੇ ਕੁਝ ਅਜਿਹੀਆਂ ਘਟਨਾਵਾਂ ਘਟ ਜਾਣ ਕਿ ਖ਼ੁਦ ਵਾਪਸ ਆਉਣ ਦੀ ਥਾਂ ਉਹ ਆਪਣੇ ਪ੍ਰਤੀਨਿਧ ਨੂੰ ਭੇਜਣ ਜੋ ਪੰਜਾਬ ਵਿਚ ਉਹ ਕੁਝ ਕਰ ਦਿਖਾਵੇ ਜੋ ਇਸ ਦੇ ਇਤਿਹਾਸ ਵਿਚ ਪਹਿਲਾਂ ਕਦੇ ਨਹੀਂ ਸੀ ਹੋਇਆ। ਜੇ ਉਨ੍ਹਾਂ ਦੇ ਕਿਸੇ ਸਿਦਕੀ ਸਿੱਖ ਨੂੰ ਇਸ ਸ਼ਬਦ ਦਾ ਸੰਬੋਧਨ ਮੰਨ ਲਿਆ ਜਾਵੇ ਤਾਂ ਗੁਰੂ ਸਾਹਿਬ ਦੇ ਦੱਖਣ ਪਧਾਰਣ ਨੂੰ ਪਲਾਇਣ ਵਜੋਂ ਨਹੀਂ ਮੰਨਿਆ ਜਾ ਸਕਦਾ। ਉਸ ਦੀ ਰੀਸ ਵਿਚ ਲਿਖੀ ਗਈ ਦੂਜੀ ਰਚਨਾ ਇਸ ਗੱਲ ਦਾ ਧਰਵਾਸ ਦਿਵਾਉਂਦੀ ਹੈ ਕਿ ਜੋ ਭਾਣਾ ਬਿਰਤਾਂਤਕਾਰਾਂ ਅਨੁਸਾਰ ਵਾਪਰਿਆ ਭਾਵ ਗੁਰੂ ਸਾਹਿਬ ਦਾ ਫੱਟੜ ਹੋਣਾ ਅਤੇ ਆਪਣੀ ਥਾਂ ਬੰਦਾ ਬਹਾਦਰ ਨੂੰ ਸਿੰਘ ਸਜਾ ਕੇ ਭੇਜਣਾ, ਉਹ ਉਨ੍ਹਾਂ ਦੇ ਸੂਰਬੀਰ, ਦੂਰਅੰਦੇਸ਼, ਵਿਦਰੋਹੀ, ਨਿਡਰ ਅਤੇ ਦਿਲਕਸ਼ ਹੋਣ ਅੱਗੇ ਪ੍ਰਸ਼ਨ-ਚਿੰਨ੍ਹ ਲਗਾ ਦਿੰਦਾ ਹੈ। ਸਿਮਰਿਤੀ, ਕਲਪਨਾ ਅਤੇ ਦ੍ਰਿਸ਼ਟੀ ਨੂੰ ਆਧਾਰ ਮਿਥ ਕੇ ਪ੍ਰਸ਼ਨ-ਚਿੰਨ੍ਹ ਤੋਂ ਪਾਰ ਜਾਇਆ ਜਾ ਸਕਦਾ ਹੈ। ਪਰ ਦੂਜੇ ਪਾਸੇ ਅਟਕਲਾਂ ਦੀ ਪ੍ਰਕਿਰਤੀ ਅਤੇ ਪ੍ਰਕਿਰਿਆ ਐਨੀ ਮਿਕਦਾਰ ਵਿਚ ਤੱਥਾਂ ਨੂੰ ਪੇਸ਼ ਕਰਨ ਦੇ ਵਿਚ ਹੈ ਕਿ ਉਨ੍ਹਾਂ ਤੋਂ ਪਾਰ ਜਾਣ ਦੀ ਅਕਾਂਖਿਆ ਨੂੰ ਅਣ-ਅਵੱਸ਼ਕ ਸਿੱਧ ਕਰਨ ਦੀ ਨੌਬਤ ਬਣ ਜਾਂਦੀ ਹੈ।

ਪੂਰਨ ਰੂਪ ਵਿਚ ਤਾਂ ਭਾਵੇਂ ਨਹੀਂ, ਕੁਝ ਹੱਦ ਤਕ ਇਸ ਭੁਲਾਵਾ-ਪਾਊ ਅਮਲ ਦੀ ਥਾਹ ਪਾਈ ਜਾ ਸਕਦੀ ਹੈ। ਮੁੱਢਲਾ

ਕਾਰਨ ਇਸ ਦਾ ਇਹ ਪ੍ਰਤੀਤ ਹੁੰਦਾ ਹੈ ਕਿ ਬਿਰਤਾਂਤਕਾਰ, ਮੁਸਲਮਾਨ ਸਨ ਜਾਂ ਗ਼ੈਰ ਮੁਸਲਮਾਨ, ਗ਼ੈਰ-ਸਿੱਖ ਸਨ ਜਾਂ ਸਿੱਖ ਉਨ੍ਹਾਂ ਨੂੰ ਕੁਲ ਵਰਤਾਰੇ ਦਾ ਨਿਰਵੇਚਨ ਕਰਨ ਦੀ ਥਾਂ ਆਪਣੇ ਮੱਤ ਅਨੁਸਾਰ ਸਥਿਤੀ ਦਾ ਵਿਵੇਚਨ ਕਰਨ ਦਾ ਫ਼ਿਕਰ ਲੱਗਾ ਹੋਇਆ ਸੀ। ਜਿਥੋਂ ਤਕ ਮੁਸਲਮਾਨ ਬਿਰਤਾਂਤਕਾਰਾਂ ਦੀ ਗੱਲ ਸੀ, ਭਾਵੇਂ ਖਾਫੀ ਖਾਨ ਸੀ ਜਾਂ ਕੋਈ ਹੋਰ, ਉਹ ਮੁਗ਼ਲ ਰਾਜ ਦੇ ਪ੍ਰਬੰਧ ਵਿਚ ਤਾਂ ਕਾਫ਼ੀ ਤਰੁੱਟੀਆਂ ਦੇਖਦੇ ਸਨ ਪਰੰਤੂ ਇਸ ਦੇ ਖ਼ਾਤਮੇ ਦਾ ਕਦੇ ਤਸੱਵਰ ਨਹੀਂ ਕਰਦੇ ਸਨ। ਜਿਸ ਸਿਰੜ ਨਾਲ ਸਿੱਖਾਂ ਨੇ ਇਸ ਵਿਰੁੱਧ ਵਿਦਰੋਹ ਕੀਤਾ, ਉਸ ਤੋਂ ਉਹ ਅਚੰਭਿਤ ਵੀ ਸਨ ਪਰ ਨਾਲ ਹੀ ਉਨ੍ਹਾਂ ਵੱਲੋਂ ਜੋ ਬਦਲਵੇਂ ਜ਼ੁਲਮ ਢਾਹੇ ਗਏ, ਉਨ੍ਹਾਂ ਨੂੰ ਲੋੜ ਤੋਂ ਵੱਧ ਕਰੜੇ ਹੱਥੀਂ ਲੈਂਦੇ ਸਨ। ਸਿੱਖਾਂ ਵੱਲੋਂ ਕੀਤੇ ਵਿਦਰੋਹ ਅਤੇ ਇਸ ਨੂੰ ਤੋੜ ਤਕ ਲੈ ਜਾਣ ਲਈ ਵਿੱਢੇ ਸੰਘਰਸ਼ ਵਿਚ ਉਹ ਛਿਟਰ ਪਾਉਣ ਦੇ ਚਾਹਵਾਨ ਸਨ। ਸਭ ਤੋਂ ਕਾਰਗਰ ਢੰਗ ਉਨ੍ਹਾਂ ਕੋਲ ਸੀ ਬੰਦਾ ਬਹਾਦਰ ਨੂੰ ਨੇਤਾ ਦੀ ਥਾਂ ਗੁਰੂ ਵਜੋਂ ਪੇਸ਼ ਕਰਨਾ ਅੰਦਰਖਾਤੇ ਇਸ ਮੰਤਵ ਨਾਲ ਕਿ ਇਹ ਗਿਆਰਵਾਂ ਗੁਰੂ ਬਣ ਬੈਠਾ ਸੀ। ਉਸ ਦਾ ਅਜੇਹਾ ਕਰਨਾ ਗੁਰੂ ਗੋਬਿੰਦ ਸਿੰਘ ਦੀ ਸਿੱਖਿਆ ਤੋਂ ਮੁਨਕਰ ਹੋਣ ਦੇ ਤੁਲ ਨਹੀਂ ਸੀ ਜਿਨ੍ਹਾਂ ਉਸ ਨੂੰ ਆਪਣਾ ਪ੍ਰਤੀਨਿਧ ਬਣਾ ਕੇ ਪੰਜਾਬ ਭੇਜਿਆ ਸੀ ਤਾਂ ਜੋ ਉਨ੍ਹਾਂ ਦਾ ਇਲਜ਼ਾਮ ਬੁਰੇ ਦੇ ਘਰ ਤਕ ਅਸਰ ਕਰ ਦਿਖਾਵੇ ਉਹ ਉਸ ਲਈ ਉਪਹਾਸ, ਮਜ਼ਾਕ, ਅਪਮਾਨ, ਘਿਰਣਾ ਅਤੇ ਤ੍ਰਿਸਕਾਰ ਦੀ ਅਧਿਕ ਵਰਤੋਂ ਕਰਦੇ ਸਨ। ਸਿੱਖ ਇਤਿਹਾਸ ਵਿਚ ਵਿਚਰੇ ਕਿਸੇ ਧਾਰਮਿਕ ਅਤੇ ਰਾਜਸੀ ਬੰਦੇ ਬਾਰੇ ਇਸ ਤਰ੍ਹਾਂ ਦੇ ਪਦ ਪਹਿਲਾਂ ਕਦੇ ਨਹੀਂ ਸਨ ਵਰਤੇ ਗਏ।

ਵਾਸਤਵ ਵਿਚ, ਮੁਸਲਮਾਨ ਬਿਰਤਾਂਤਕਾਰ ਦਾ ਸਰੋਕਾਰ ਉਸ ਪੜਾਅ ਦੇ ਵਰਤਮਾਨ ਨਾਲ ਸੰਬੰਧ ਰੱਖਦਾ ਸੀ। ਜੇ ਵਰਤਮਾਨ ਵਿਚ ਬੰਦਾ ਬਹਾਦਰ ਦੀ ਸਰਪ੍ਰਸਤੀ ਅਧੀਨ ਮੁਗਲੀਆ ਸਰਪ੍ਰਸਤੀ ਨੂੰ ਢਾਹ ਲਗਾ ਰਹੇ ਸਨ ਤਾਂ ਇਸ ਬਾਰੇ ਉਨ੍ਹਾਂ ਨੂੰ ਕੋਈ ਸ਼ੰਕਾ ਨਹੀਂ ਸੀ ਕਿ ਜੋ ਵਧੀਕੀਆਂ ਸਿੱਖ ਸੰਘਰਸ਼ ਵਿਚ ਆ ਸਮਾਈਆਂ ਸਨ, ਉਨ੍ਹਾਂ ਨੇ ਉਸ ਦਾ ਭਵਿੱਖ ਉਜਲਾ ਨਹੀਂ ਸੀ ਰਹਿਣ ਦੇਣਾ। ਮੁਗਲੀਆ ਨਿਜ਼ਾਮ ਕੋਈ ਸੁਧਾਰ ਤਾਂ ਭਾਵੇਂ ਨਾ ਲਿਆ ਸਕੇ ਪਰੰਤੂ ਬੰਦਾ ਬਹਾਦਰ ਦੀ ਸਰਪ੍ਰਸਤੀ ਅਧੀਨ ਜੋ ਵਧੀਕੀਆਂ ਹੋ ਰਹੀਆਂ ਸਨ, ਉਹੀ ਵਿਦਰੋਹ ਨੂੰ ਢਾਹ ਲਾਉਣ ਲਈ ਕਾਫ਼ੀ ਹੀ ਨਹੀਂ ਜ਼ਰੂਰੀ ਵੀ ਸਨ। ਉਨ੍ਹਾਂ ਦੇ ਪਰਤੱਖਣ ਵਿਚ ਅਜੇਹੇ ਅੰਸ਼ ਨਿਸਚੇ ਹੀ ਸਨ ਜੋ ਉਨ੍ਹਾਂ ਦੇ ਨੀਝ ਭਰਪੂਰ ਹੋਣ ਦੀ ਗਵਾਹੀ ਭਰਦੇ ਸਨ। ਪਰ ਇਸ ਵਿਚ ਸਿਮਰਿਤੀ, ਕਲਪਨਾ ਅਤੇ ਦ੍ਰਿਸ਼ਟੀ ਦਾ ਦਖ਼ਲ ਇਸ ਕਦਰ ਨਹੀਂ ਸੀ ਜੋ ਮੁਸਲਮਾਨੀ ਨਿਜ਼ਾਮ ਦੇ ਅਤੀਤ ਵਿਚ ਜੋ ਗੌਰਵਮਈ ਸੀ ਉਸ ਦਾ ਦੁਖਾਂਤ ਵਰਤਮਾਨ ਦੇ ਸੰਕਟ ਅਤੇ ਭਵਿੱਖ ਦੇ ਨਿਘਾਰ ਵਿਚ ਤਸੱਵਰ ਕਰਨ ਹਿੱਤ ਉਨ੍ਹਾਂ ਦੀ ਅਗਵਾਈ ਕਰ ਸਕਦਾ।

ਗ਼ੈਰ-ਸਿੱਖ, ਨਾਲ ਹੀ ਗ਼ੈਰ-ਮੁਸਲਮਾਨ ਬਿਰਤਾਂਤਕਾਰ ਅਤੀਤ ਨਾਲ ਓਤਪੋਤ ਖ਼ੁਸ਼-ਫ਼ਹਿਮੀ ਦਾ ਸ਼ਿਕਾਰ ਸਨ। ਉਨ੍ਹਾਂ ਲਈ ਮਾਧੋ ਦਾਸ ਦਾ ਰਾਜਪੂਤ ਪਿਛੋਕੜ ਹੁਲਾਸ ਦਾ ਮੁੱਦਾ ਸੀ। ਉਸ ਦੇ ਰਮਤਾ ਸਾਧੂ ਅਤੇ ਕਰਮਯੋਗੀ ਬਣ ਜਾਣ ਨਾਲ ਇਸ ਦਾ ਵਿਨਾਸ਼ ਨਹੀਂ ਹੋਇਆ ਸੀ। ਇਨ੍ਹਾਂ ਦੀ ਤੈਹ ਹੇਠ ਉਹ ਦਬ ਜ਼ਰੂਰ ਗਿਆ ਸੀ ਜਿਸ ਨੂੰ ਜਗਾਣ ਖ਼ਾਤਰ ਕਿਸੇ ਚਿੰਗਾੜੀ ਦੀ ਲੋੜ ਸੀ। ਇਹ ਚਿੰਗਾੜੀ ਗੁਰੂ ਗੋਬਿੰਦ ਸਿੰਘ ਕੋਲੋਂ ਨਸੀਬ ਹੋਈ ਜਿਨ੍ਹਾਂ ਉਸ ਨੂੰ ਆਪਣਾ ਜਾਨਸ਼ੀਨ ਮੰਨ ਲਿਆ। **ਬੰਦਾ ਬੈਰਾਗੀ** ਦੇ ਲੇਖਕ ਭਾਈ ਪਰਮਾਨੰਦ ਅਨੁਸਾਰ ਤਾਂ ਉਸ ਨੂੰ ਸਿੰਘ ਸਜਣ ਦੀ ਕੋਈ ਲੋੜ ਨਹੀਂ ਸੀ। ਜਿਵੇਂ ਕੋਈ ਸੰਕੇਤ, ਸੁਝਾਅ ਜਾਂ ਆਦੇਸ਼ ਕਿਸੇ ਅਦੁੱਤੀ ਤਬਦੀਲੀ ਲਈ ਬਹਾਨਾ ਹੀ ਬਣ ਜਾਵੇ, ਇਹੋ ਕਰਤੱਵ ਲਭਾਇਆ ਗੁਰੂ ਸਾਹਿਬ ਦੇ ਸੁਝਾਅ ਨੇ, ਜਿਸ ਨੂੰ ਪ੍ਰਵਾਨ ਕਰਦੇ ਸਾਰ ਬੰਦਾ ਬਹਾਦਰ ਸੂਰਮਗਤੀ, ਯੁੱਧ-ਨੀਤੀ ਅਤੇ ਉਦਾਰਤਾ ਦਾ ਪੁੰਜ ਬਣ ਗਿਆ। ਨਤੀਜਾ ਇਹ ਹੋਇਆ ਕਿ ਕੁਝ ਸਾਲਾਂ ਵਿਚ ਹੀ ਉਸ ਨੇ ਉਹ ਚਮਤਕਾਰ ਕਰ ਦਿਖਾਇਆ ਜਿਸ ਨੇ ਟਾਕਰੇ ਵਿਚ ਗੁਰੂ ਸਾਹਿਬ ਦੇ ਕਰਨਹਾਰ ਕਰਤਾਰ ਹੋਣ ਨੂੰ ਵੀ ਮਾਤ ਪਾ ਦਿੱਤਾ। ਉਸ ਨੂੰ ਕੁਰਾਹੀਆ ਗਰਦਾਨ ਕੇ ਜਿਹੜੇ ਛੇ ਸਾਲਾਂ ਦੇ ਸ਼ਾਨਾਮੱਤੇ ਇਤਿਹਾਸ ਨੂੰ ਸਿੱਖ ਬਿਰਤਾਂਤਕਾਰ ਖਾਰਿਜ ਕਰੀ ਬੈਠੇ ਸਨ, ਉਸ ਨੂੰ ਭਾਈ ਪਰਮਾਨੰਦ ਨੇ ਚਮਤਕਾਰੀ ਹੋਣ ਦੀ ਉਪਾਧੀ ਦੇ ਦਿੱਤੀ।

ਇਸ ਕੋਟੀ ਦੇ ਅਗਲੇ ਬਿਰਤਾਂਤਕਾਰਾਂ, ਜਿਨ੍ਹਾਂ ਵਿਚ ਡਾਕਟਰ ਹਰੀ ਰਾਮ ਗੁਪਤਾ ਨੂੰ ਸਭ ਤੋਂ ਸੂਝਵਾਨ ਮੰਨਿਆ ਗਿਆ, ਭਿੰਨ ਪੱਖਾਂ ਨੂੰ ਵਿਚਾਰਗੋਚਰਾ ਕਰਕੇ ਸਮਾਨ ਜਹੇ ਪਰਿਣਾਮ ’ਤੇ ਪਹੁੰਚਣ ਦਾ ਹੀਲਾ ਕੀਤਾ। ਉਸ ਦੀ ਇਹ ਧਾਰਨਾ ਬਣੀ ਕਿ ਬੰਦਾ ਬਹਾਦਰ ਨੂੰ ਅੰਮ੍ਰਿਤ ਨਾ ਛਕਾਉਣਾ ਗੁਰੂ ਸਾਹਿਬ ਦਾ ਸੋਚਿਆ ਸਮਝਿਆ ਵਿਚਾਰ ਸੀ। ਸ਼ਕਲ, ਸੂਰਤ, ਕੱਦ ਕਾਠ, ਚਿਹਰੇ ਮੁਹਰੇ ਵਿਚ ਐਨ ਗੁਰੂ ਸਾਹਿਬ ਨਾਲ ਮਿਲਦਾ ਜੁਲਦਾ ਹੋਣ ਕਾਰਨ ਉਸ ਨੂੰ ਰਾਜਸੀ ਜਾਨਸ਼ੀਨ ਮੰਨਣ ਵਿਚ ਦਸਵੇਂ ਪਾਤਸ਼ਾਹ ਨੂੰ ਕੋਈ ਝਿਜਕ ਨਹੀਂ ਸੀ ਹੋ ਸਕਦੀ। ਇਹ ਤਾਂ ਸਗੋਂ ਇਉਂ ਸੀ ਜਿਵੇਂ ਕੁਦਰਤ ਨੇ ਇਸੇ ਖ਼ਾਤਰ ਦੋਨਾਂ ਵਿਚਕਾਰ ਐਨੀ ਸਮਰੂਪਤਾ ਲਿਆਂਦੀ ਹੋਵੇ। ਦੋਨਾਂ ਦੇ ਬੋਲਚਾਲ ਦਾ ਢੰਗ ਵੀ ਐਨਾ ਸਮਾਨ ਸੀ ਕਿ ਬੰਦਾ ਬਹਾਦਰ ਨੂੰ ਰਾਜਸੀ ਖੇਤਰ ਵਿਚ ਆਪਣਾ ਜਾਨਸ਼ੀਨ ਮਿਥਣਾ ਜਿਵੇਂ ਧੁਰੋਂ ਹੀ ਨਿਸਚਤ ਸੀ। ਧਾਰਮਿਕ ਖੇਤਰ ਵਿਚ ਆਪਣਾ ਜਾਨਸ਼ੀਨ ਥਾਪਣ ਤੋਂ ਗੁਰੂ ਸਾਹਿਬ ਨੇ ਸੰਕੋਚ ਕੀਤਾ। ਕਿਤੇ ਉਹ ਮਗਰੋਂ ਜਾ ਕੇ ਆਪਣੇ ਆਪ ਨੂੰ ਗੁਰੂ ਸਾਹਿਬ ਦੇ

"

ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਬੰਦੀ ਬਣਾਏ ਜਾਣ ਤੋਂ ਮਗਰੋਂ ਸੀ ਕਿ ਪਿੰਜਰ ਬਣੇ ਭੁੱਖ ਨਾਲ ਬੇਹਾਲ, ਪਰ ਕੁਲ ਦੋਜ਼ਖ ਨੂੰ ਅਕਾਲ ਪੁਰਖ ਦਾ ਭਾਣਾ ਮੰਨਣ ਕਾਰਨ ਸੀ ਕਿ ਉਨ੍ਹਾਂ ਦੇ ਵੈਰੀਆਂ ਤਕ ਨੂੰ ਪਹਿਲੀ ਸੋਚ ਬਦਲਣੀ ਪੈ ਗਈ। ਜਲੂਸ ਨੂੜੇ, ਕਲੰਦਰਾਂ ਵਾਂਗ ਪਸ਼ੂਆਂ ਦੀਆਂ ਪਿੱਠਾਂ 'ਤੇ ਬੰਨ੍ਹੇ, ਉਦਾਲੇ ਦੀ ਭੀੜ ਤੋਂ ਗਾਲ੍ਹਾਂ ਦੇ ਝੱਖੜ ਦਾ ਸ਼ਬਦ-ਉਚਾਰਣ ਨਾਲ ਉੱਤਰ ਦਿੰਦੇ ਜਦ ਉਹ ਕਤਲਗਾਹ ਵੱਲ ਵਧ ਰਹੇ ਸਨ ਤਾਂ ਆਪਣੇ ਅਤੇ ਬੰਦਾ ਬਹਾਦਰ ਬਾਰੇ ਜੋ ਧਾਰਨਾਵਾਂ ਬਣ ਚੁੱਕੀਆਂ ਸਨ, ਉਨ੍ਹਾਂ ਵਿਚ 'ਪੈਰਾਡਾਈਮ' ਸ਼ਿਫ਼ਟ ਦੀ ਲੋੜ ਨੂੰ ਉਜਾਗਰ ਕਰ ਰਹੇ ਸਨ।

"

ਸਮਾਨ ਇਸ ਖੇਤਰ ਵਿਚ ਵੀ ਆਪਣੇ ਆਪ ਨੂੰ ਉਨ੍ਹਾਂ ਦਾ ਵਾਰਿਸ ਨਾ ਮੰਨ ਬੈਠੇ, ਇਹ ਤੌਖਲਾ ਠੀਕ ਹੀ ਉਨ੍ਹਾਂ ਦੇ ਮਨ ਵਿਚ ਸਾਹ ਲੈ ਰਿਹਾ ਸੀ। ਭਾਵੇਂ ਬਾਅਦ ਵਿਚ ਬੰਦਾ ਬਹਾਦਰ 'ਤੇ ਇਹ ਦੋਸ਼ ਲੱਗਾ ਪਰੰਤੂ ਇਹ ਨਿਰਾਧਾਰ ਸੀ। ਜਿਸ ਖੇਤਰ ਵਿਚ ਉਸ ਨੂੰ ਜਾਨਸ਼ੀਨ ਥਾਪਿਆ ਗਿਆ, ਬੰਦਾ ਬਹਾਦਰ ਨੇ ਉਸੇ ਵਿਚ ਆਪਣੇ ਜੌਹਰ ਦਿਖਾਏ। ਸ਼ਹਾਦਤ ਦਾ ਜਾਮ ਪੀ ਕੇ ਉਸ ਨੇ ਵਿਸ਼ਵ ਦੇ ਉਨ੍ਹਾਂ ਸੂਰਬੀਰ ਅਤੇ ਪ੍ਰਤਾਪੀ ਵਿਅਕਤੀਆਂ ਵਿਚ ਆਪਣਾ ਨਾਂ ਲਿਖਾ ਲਿਆ ਜਿਨ੍ਹਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ ਅਤੇ ਕਰਮ ਸਿੰਘ ਹਿਸਟੋਰੀਅਨ ਆਦਿ ਸਿੱਖ ਬਿਰਤਾਂਤਕਾਰਾਂ ਲਈ ਅੰਮ੍ਰਿਤ ਛਕਣ ਅਤੇ ਸਿੰਘ ਸਜਣ ਤੋਂ ਪੂਰਬਲਾ ਜੀਵਨ ਬੰਦੇ ਬਹਾਦਰ ਵੱਲੋਂ ਕਿਸੇ ਪਹਿਲੀ ਜੂਨ ਵਿਚ ਬਿਤਾਏ ਵਾਂਗ ਸੀ। ਉਨ੍ਹਾਂ ਦੀ ਨਜ਼ਰ ਵਿਚ ਉਸ ਦਾ ਅਸਲ ਜੀਵਨ ਵਿੱਢ ਪਾ ਦੇਣ ਵਾਲੀ ਇਸ ਅਲੌਕਿਕ ਘਟਨਾ ਉਪਰੰਤ ਹੀ ਆਰੰਭ ਹੋਇਆ। ਉਸ ਪਲ ਗੁਰੂ ਸਾਹਿਬ ਵੱਲੋਂ ਉਸ ਨੂੰ ਸਿੱਖ ਰਹਿਤ ਮਰਯਾਦਾ ਦੀ ਪਾਲਣਾ ਕਰਨ ਦਾ ਆਦੇਸ਼ ਦਿੱਤਾ ਗਿਆ। ਇਹ ਵੀ ਉਸ ਨੂੰ ਜਤਲਾਇਆ ਗਿਆ ਕਿ ਜਦ ਤਕ ਉਹ ਇਸ ਆਦੇਸ਼ ਦਾ ਪਾਬੰਦ ਰਹੇਗਾ, ਉਸ ਨੂੰ ਕੋਈ ਬਿਪਤਾ ਦਰਪੇਸ਼ ਨਹੀਂ ਆਵੇਗੀ। ਗ਼ਾਲਬਨ, ਹੁਣ ਤੱਕ ਉਹ ਕੰਵਾਰਾ ਹੀ ਸੀ ਪਰ ਇਨ੍ਹਾਂ ਬਿਰਤਾਂਤਕਾਰਾਂ ਅਨੁਸਾਰ ਉਸ ਨੂੰ ਸ਼ਾਦੀ ਨਾ ਕਰਵਾਣ ਦੀ ਹਦਾਇਤ ਵੀ ਦਿੱਤੀ ਗਈ। ਇਕ ਪਾਸੇ ਤਾਂ ਇਸ ਆਦੇਸ਼ ਅਨੁਸਾਰ ਉਸ ਨੇ ਸਿੰਘ ਸਜਣ ਤਕ ਤੋਂ ਪਹਿਲਾਂ ਦੇ ਜੀਵਨ ਨੂੰ ਤਿਲਾਂਜਲੀ ਦੇ ਦੇਣੀ ਸੀ, ਦੂਜੇ ਪਾਸੇ ਅਣ-ਵਿਆਹਿਆ ਰਹਿ ਕੇ ਉਸੇ ਜੀਵਨ ਦੀ ਤਰਜ਼ ਨੂੰ ਜਾਰੀ ਰੱਖਣਾ ਸੀ। ਇਸ ਦਵੰਦ ਵਲ ਇਨ੍ਹਾਂ ਬਿਰਤਾਂਤਕਾਰਾਂ ਦਾ ਬਿਲਕੁਲ ਧਿਆਨ ਨਹੀਂ ਗਿਆ। ਜੇ ਸੱਚਮੁੱਚ ਹੀ ਗੁਰੂ ਸਾਹਿਬ ਨੇ ਇਸ ਪ੍ਰਕਾਰ ਦੀ ਕੋਈ ਨਸੀਹਤ ਕਰਨੀ ਸੀ ਤਾਂ ਜੋ ਗੁਰੂ ਨਾਨਕ ਦੇਵ ਨੇ ਭੰਡ, ਉਸ ਨਾਲ ਨਾਤਾ ਜੋੜਨ, ਇਕ ਦੇ ਕਾਲਵਸ ਹੋ ਜਾਣ ਉਪਰੰਤ ਦੂਜੀ ਨਾਲ ਸੰਬੰਧ ਬਣਾਉਣ ਵਾਲੀ ਸਿੱਖਿਆ ਜ਼ਰੂਰ ਧਿਆਨ ਵਿਚ ਰੱਖਣੀ ਸੀ।

ਜੇ ਇਸ ਮੁੱਦੇ ਦਾ ਨਿਰਵੇਚਨ ਕੀਤਾ ਜਾਵੇ ਭਾਵ ਪਰਦੇ ਵਿਚ ਲਿਪਟੇ ਪੱਖ ਨੂੰ ਬੇਪਰਦਾ ਕਰਕੇ ਉਸ ਦੇ ਕੱਚ ਨੂੰ ਉਘਾੜ ਕੇ, ਇਸ ਦੇ ਸੱਚ ਨੂੰ ਉਭਾਰਿਆ ਜਾਵੇ ਤਾਂ ਇਹ ਪਰਤੱਖ ਹੋਣੋਂ ਨਹੀਂ ਰਹਿੰਦਾ ਕਿ ਇਸ ਪਿੱਛੇ ਕੋਈ ਰਾਜਸੀ ਮੰਤਵ ਕੰਮ ਕਰ ਰਿਹਾ ਸੀ। ਉਹ ਸੀ ਸਿੱਖ ਸਮਾਜ ਦੇ ਉਸੇ ਵਰਗ ਦੀ ਸੁਰੱਖਿਆ ਦਾ ਜ਼ਿੰਮਾ ਲੈਣਾ, ਜਿਸ ਨੇ **ਗੁਰ ਸੋਭਾ** ਅਨੁਸਾਰ ਖਾਲਸਾ ਦੀ ਸਿਰਜਣਾ ਪ੍ਰਤੀ ਵੀ ਉਜਰ ਬਠਾਇਆ ਸੀ। ਗੁਰੂ ਗੋਬਿੰਦ ਸਿੰਘ ਦੇ ਜੀਵਨ ਦੌਰਾਨ ਇਸ ਵਰਗ ਦੀ ਕੁਝ ਨਹੀਂ ਸੀ ਵਟੀਂਦੀ। ਹੁਣ ਇਹੋ ਵਰਗ ਮੁਗਲ ਸਲਤਨਤ ਨਾਲ ਕੁਝ ਸ਼ਰਤਾਂ 'ਤੇ ਸੁਲਾਹ ਸਫਾਈ ਕਰਨ ਲਈ ਰਜ਼ਾਮੰਦ ਹੋ ਗਿਆ ਸੀ ਜਦਕਿ ਯੁੱਧ ਦੇ ਨਿੱਗਰ ਅਤੇ ਵਿਸਤ੍ਰਿਤ ਹੋ ਜਾਣ ਨਾਲ ਦੋਨਾਂ ਪਾਸਿਆਂ ਨੂੰ ਭੀੜ ਬਣੀ ਹੋਈ ਸੀ। ਭਾਈ ਨੰਦ ਲਾਲ ਦੀ ਸਲਾਹ 'ਤੇ ਚਲਦਿਆਂ ਗੁਰੂ ਸਾਹਿਬ ਦੀ ਮਹਿਲ ਮਾਤਾ ਸੁੰਦਰੀ ਦੀ ਇਸ ਵਰਗ 'ਤੇ ਸਵੱਲੀ ਨਜ਼ਰ ਸੀ। ਭਾਈ ਮਨੀ ਸਿੰਘ ਦੀ ਕਿਰਪਾਲੂ ਨਜ਼ਰ ਨੇ ਵੀ ਏਧਰ ਹੀ ਧਿਆਨ ਮੋੜੇ ਹੋਏ ਸੀ। ਇਨ੍ਹਾਂ ਗੱਲਾਂ ਕਰਕੇ ਇਸ ਵਰਗ ਨੇ ਤੱਤ ਖਾਲਸਾ ਵਜੋਂ ਆਪਣੇ ਨਾਮਕਰਣ ਨੂੰ ਯੋਗ ਠਹਿਰਾ ਲਿਆ ਸੀ। ਯੁੱਧ ਵਿਚ ਗ੍ਰਸੇ ਵਰਗ ਨੂੰ ਜਿਸ ਵਿਚ ਬਾਜ ਸਿੰਘ, ਉਸ ਦੇ ਭਰਾਵਾਂ ਫਤਹਿ ਸਿੰਘ ਅਤੇ ਆਲੀ ਸਿੰਘ, ਮਾਲੀ ਸਿੰਘ ਆਦਿ ਕੀਰਤੀਵਾਨ ਸੂਰਬੀਰਾਂ ਦਾ ਸ਼ੁਮਾਰ ਹੁੰਦਾ ਸੀ, ਉਸ ਨੂੰ ਬੰਦਈ ਗਰਦਾਨ ਦਿੱਤਾ ਸੀ। ਉਪਰੋਕਤ ਬਿਰਤਾਂਤਕਾਰ ਦੀ ਇਸ ਵੰਡ ਨਾਲ ਪੂਰੀ ਸਹਿਮਤੀ ਸੀ।

ਨਿਰਸੰਦੇਹ ਯੁੱਧ-ਨੀਤੀ ਦੀ ਜਟਿਲਤਾ ਤੋਂ ਇਨਕਾਰ ਨਹੀਂ ਹੋ ਸਕਦਾ ਪਰ ਇਸ ਪੜਾਅ 'ਤੇ ਕੁਝ ਰਿਆਇਤਾਂ ਲੈ ਕੇ ਮੁਗਲ ਸਲਤਨਤ ਨਾਲ ਸੁਲਾਹ ਕਰ ਲੈਣਾ ਯੋਗ ਨਹੀਂ ਸੀ। ਕਿਨ੍ਹੇ ਕਾਰਨਾਂ ਵੱਸ ਜਿਨ੍ਹਾਂ ਵਿਚ ਗੁਰੂ ਸਾਹਿਬ ਨਾਲ ਜੋ ਘੋਰ

ਅਨਿਆਂ ਹੋਇਆ ਸੀ ਉਸ ਦਾ ਬਦਲਾ ਵੀ ਸ਼ਾਮਿਲ ਸੀ, ਨਿੱਸਲ ਚਲੀ ਆ ਰਹੀ ਪੇਂਡੂ ਜਨਤਾ ਜੂਝਣ ’ਤੇ ਉਤਰ ਆਈ ਸੀ। ਇਸ ਦਾ ਵਡੇਰਾ ਭਾਗ ਕਿਸਾਨੀ ਸੀ ਜੋ ਹਜ਼ਾਰਾਂ ਸਾਲਾਂ ਤੋਂ ਕੁਦਰਤ ਨੂੰ ਭਾਵੀ ਜਾਣ ਖਾਧ ਖੁਰਾਕ ਲਈ ਮਿੱਟੀ ਨਾਲ ਮਿੱਟੀ ਬਣ ਕੇ ਭਲੇ ਦਿਨੀਂ ਉਸ ਨੂੰ ਪੂਜਣ, ਬੁਰੇ ਦਿਨੀਂ ਦੁਰਕਾਰਣ ਵਿਚ ਮੁਬਤਲਾ ਰਹੀ ਸੀ। ਪੇਂਡੂ ਰਹਿਤਲ ਦੇ ਭਾਈਚਾਰਕ ਸਹਿਯੋਗੀਆਂ ਨੂੰ ਆਪਣੀ ਧਿਰ ਬਣਾ, ਜਨ-ਸਮੂਹ ਰਾਜਭਾਗ ਦੇ ਕੁਲ ਅਡੰਬਰ ਨੂੰ ਤਹਿਸ-ਨਹਿਸ ਕਰਨ ਤੇ ਉਤਰ ਆਇਆ ਸੀ। ਅਨੇਕ ਪਰਗਨੇ ਅਧਿਕਾਰ ਵਿਚ ਆ ਗਏ ਸਨ, ਸਮਾਣਾ, ਮਲੇਰਕੋਟਲਾ, ਸਰਹਿੰਦ ਆਦਿ ਕਾਫ਼ੀ ਸ਼ਹਿਰਾਂ ’ਤੇ ਵੀ ਇਸਦਾ ਕਬਜ਼ਾ ਹੋ ਗਿਆ ਸੀ। ਜਮਨਾ ਤੋਂ ਰਾਵੀ ਤੱਕ ਦਾ ਪੰਜਾਬ ਇਕ ਪ੍ਰਕਾਰ ਦੇ ਕਿਰਤੀ ਕਿਸਾਨ ਨਿਜ਼ਾਮ ਅਧੀਨ ਆ ਗਿਆ ਸੀ।

ਇਸ ਦੇ ਕਾਰਿੰਦਿਆਂ ਕੋਲ ਕੁਦਰਤ ਵਿਰੁੱਧ ਜੂਝਣ ਦਾ ਅਨੁਭਵ ਕਿਸੇ ਵਿਚਾਰਧਾਰਕ ਪ੍ਰਬੰਧ ਵਿਚ ਢਲਣ ਦੀ ਉਡੀਕ ਵਿਚ ਸੀ ਜੋ ਪਰ ਇਸ ਦੇ ਹਿੱਸੇ ਆਉਣ ਤੋਂ ਖੁੰਝ ਗਈ। ਕੁਝ ਤਾਂ ਉਨ੍ਹਾਂ ਦਾ ਅਨਾੜੀਪਣ ਪਰ ਵਧੇਰੇ ਮੁਗਲ ਸਲਤਨਤ ਵੱਲੋਂ ਸੈਨਾ ਅਤੇ ਜਨੂੰਨ ਦੇ ਬਲਬੂਤੇ ’ਤੇ ਉਭਾਰੇ ਹਨ। ਕਾਰਨ, ਇਸ ਨੂੰ ਸਥਾਪਿਤ ਹੋਣ ਉਪਰੰਤ ਸਥਿਰ ਹੋਣ ਦਾ ਅਵਸਰ ਨਾ ਮਿਲਿਆ। ਸੋ ਇਕ ਦਿਨ ਦੀ ਜਿੱਤ ਦੂਜੇ ਦਿਨ ਦੀ ਹਾਰ ਬਣਨ ਲੱਗ ਪਈ। ਘੇਰੇ ਤੋੜ ਕੇ ਕਿਰਤੀ-ਕਿਸਾਨ ਸੰਘਰਸ਼ ਦੇ ਮੁਖੀਆਂ ਦਾ ਪਹਾੜੀ ਖੇਤਰਾਂ ਵਿਚ ਲੁਕਣਾ ਛਿਪਣਾ ਆਮ ਹੋ ਗਿਆ। ਤੱਤ ਖ਼ਾਲਸਾ ਵਜੋਂ ਵੱਖ ਹੋਏ ਭਾਗ ਦੇ ਮਿਹਣਿਆਂ ਦਾ ਬੋਝ ਵੀ ਵਧਣ ਲੱਗ ਪਿਆ। ਜਿਨ੍ਹਾਂ ਮੁੱਦਿਆਂ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ ਬਨਾਮ ਫ਼ਤਹਿ ਦਰਸ਼ਨ ਆਦਿ ’ਤੇ ਜੋ ਸਾਂਝੀ ਰਾਏ ਬਣ ਚੁੱਕੀ ਸੀ, ਉਨ੍ਹਾਂ ਦਾ ਦੁਬਾਰਾ ਉਭਰਣਾ ਸੁਭਾਵਕ ਹੋ ਗਿਆ। ਗੁਰੂ ਅਖਵਾਉਣਾ ਅਤੇ ਆਪਣੇ ਨਾਂ ਦਾ ਸਿੱਕਾ ਜਾਰੀ ਕਰਨਾ ਜਿਨ੍ਹਾਂ ਦੀ ਕੋਈ ਬੁਨਿਆਦ ਹੀ ਨਹੀਂ ਸੀ, ਉਨ੍ਹਾਂ ਨੇ ਵੀ ਦੋਸ਼ਾਂ ਦੀ ਗਿਣਤੀ ਵਿਚ ਵਾਧਾ ਕਰਨਾ ਆਰੰਭ ਕਰ ਦਿੱਤਾ।

ਇਹ ਤਾਂ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਬੰਦੀ ਬਣਾਏ ਜਾਣ ਤੋਂ ਮਗਰੋਂ ਸੀ ਕਿ ਪਿੰਜਰ ਬਣੇ ਭੁੱਖ ਨਾਲ ਬੇਹਾਲ, ਪਰ ਕੁਲ ਦੋਜ਼ਖ ਨੂੰ ਅਕਾਲ ਪੁਰਖ ਦਾ ਭਾਣਾ ਮੰਨਣ ਕਾਰਨ ਸੀ ਕਿ ਉਨ੍ਹਾਂ ਦੇ ਵੈਰੀਆਂ ਤੱਕ ਨੂੰ ਪਹਿਲੀ ਸੋਚ ਬਦਲਣੀ ਪੈ ਗਈ। ਜਲੂਸ ’ਚ ਨੂੜੇ, ਕਲੰਦਰਾਂ ਵਾਂਗ ਪਸ਼ੂਆਂ ਦੀਆਂ ਪਿੱਠਾਂ ’ਤੇ ਬੰਨ੍ਹੇ, ਉਦਾਲੇ ਦੀ ਭੀੜ ਤੋਂ ਗਾਲ੍ਹਾਂ ਦੇ ਝੱਖੜ ਦਾ ਸ਼ਬਦ-ਉਚਾਰਣ ਨਾਲ ਉੱਤਰ ਦਿੰਦੇ ਜਦ ਉਹ ਕਤਲਗਾਹ ਵੱਲ ਵਧ ਰਹੇ ਸਨ ਤਾਂ ਆਪਣੇ ਅਤੇ ਬੰਦਾ ਬਹਾਦਰ ਬਾਰੇ ਜੋ ਧਾਰਨਾਵਾਂ ਬਣ ਚੁੱਕੀਆਂ ਸਨ, ਉਨ੍ਹਾਂ ਵਿਚ ‘ਪੈਰਾਡਾਈਮ ਸ਼ਿਫ਼ਟ’ ਦੀ ਲੋੜ ਨੂੰ ਉਜਾਗਰ ਕਰ ਰਹੇ ਸਨ। ਜਿਸ ਢੰਗ ਕਿਸੇ ਇਕ ਦੇ ਵੀ ਥਿੜਕ ਜਾਣ ਤੋਂ ਬਿਨਾ ਉਹ ਸ਼ਹੀਦ ਹੋਏ, ਉਸ ਨੇ ਤਾਂ ਜਿਵੇਂ ਇਸ ਲੋੜ ਨੂੰ ਬਾਹਰੀ ਪ੍ਰੇਰਨਾ ਦੀ ਉਪਜ ਨਾ ਰਹਿਣ ਦਿੱਤਾ, ਸਗੋਂ ਸਵੈ-ਪ੍ਰੇਰਿਤ ਹੋਣ ਦਾ ਗੁਣ ਬਖ਼ਸ਼ ਦਿੱਤਾ। ਜਿਨ੍ਹਾਂ ਵੀ ਬਿਰਤਾਂਤਕਾਰਾਂ ਕੋਲ ਇਸ ਦੀ ਸੂਚਨਾ ਪਹੁੰਚੀ ਜਾਂ ਜਿਨ੍ਹਾਂ ਕੁਝ ਬਦੇਸ਼ੀ ਸੈਲਾਨੀਆਂ ਨੇ ਖ਼ੁਦ ਇਹ ਭਾਣਾ ਵਰਤਦਾ ਦੇਖਿਆ, ਉਹ ਸ਼ਹੀਦ ਕੀਤੇ ਜਾ ਰਹੇ ਬੰਦੀਆਂ ਦੀ ਵਡਿਆਈ ਕਰਨੋਂ ਨਾ ਰਹਿ ਸਕੇ। ਦੈਵੀ ਯਥਾਰਥ ਤੋਂ ਪ੍ਰੇਰਿਤ ਇਹ ਦ੍ਰਿਸ਼ ਸੀ ਜਿਸ ਨੂੰ ਹੁਣ ਤਕ ਭਾਵੇਂ ਜਾਦੂਮਈ ਯਥਾਰਥ ਦੀ ਉਪਜ ਮੰਨਿਆ ਗਿਆ ਸੀ।

ਨੌਬਤ ਇਹ ਆ ਬਣੀ ਹੈ ਕਿ ਨਿਰੋਲ ਤੱਥਾਂ ਨੂੰ ਸ੍ਰੇਸ਼ਟ ਮੰਨਣ ਤੋਂ ਸੰਕੋਚ ਕਰਨ ਵਾਲਾ ਬੰਦਾ, ਜਿਸ ਨੂੰ ਉਨ੍ਹਾਂ ਦੇ ਮਨਘੜਤ ਹੋਣ ਦਾ ਸ਼ੰਕਾ ਵੀ ਹੋ ਸਕਦਾ, ਸਿਮਰਿਤੀ, ਕਲਪਨਾ ਅਤੇ ਦ੍ਰਿਸ਼ਟੀ ਨੂੰ ਵਧੇਰੇ ਮੁੱਲਵਾਨ ਗਰਦਾਨ ਸਕਦਾ ਹੈ। ਇਸ ਰੌਂਅ ਵਿਚ ਇਹ ਮੰਨਣਾ ਸੁਭਾਵਕ ਹੈ ਕਿ ਜਿਸ ਪ੍ਰਕਾਰ ਦੇ ਚੋਜ ਨੂੰ ਗੁਰੂ ਗੋਬਿੰਦ ਸਿੰਘ ਨੇ ਰਾਜਸੀ ਵਿਧੀ ਪ੍ਰਵਾਨ ਕੀਤਾ ਹੋਇਆ, ਉਸ ਦੀ ਲੋਅ ਵਿਚ ਉਹ ਬੰਦਾ ਬਹਾਦਰ ਵਜੋਂ ਵਿਚਰ ਵੀ ਸਕਦੇ ਸਨ। ਜਿਸ ਸੰਦਰਭ ਵਿਚ ਉਨ੍ਹਾਂ ਦੇ ਪੜਦਾਦਾ, ਗੁਰੂ ਅਰਜਨ ਦੇਵ ਨੇ ਇਸ ਪਦ ਨੂੰ “ਜਾ ਤੂ ਮੇਰੇ ਵਲ ਹੈ ਤਾ ਕਿਆ ਮੋਹਛੰਦਾ / ਮੈਂ ਸਭੁ ਤੈਨੂੰ ਸੌਂਪਿਆ ਜਾਂ ਤੇਰਾ ਬੰਦਾ” ਵਿਚ ਵਰਤਿਆ ਹੈ, ਉਸ ਤਰ੍ਹਾਂ ਅਨੁਭਵ ਕਰਨਾ ਤਾਂ ਓਨਾ ਸੱਚਾ ਸੁੱਚਾ ਉਦੇਸ਼ ਹੋ ਸਕਦਾ ਸੀ। ਇਸ ਨਾਲ ਬਹਾਦਰ ਦਾ ਵਿਸ਼ੇਸ਼ਣ ਉਨ੍ਹਾਂ ਦੇ ਪੈਰੋਕਾਰਾਂ ਨੇ ਜੋੜ ਲਿਆ ਹੋਵੇਗਾ ਜਿਨ੍ਹਾਂ ਦੀ ਕੋਈ ਘਾਟ ਨਹੀਂ ਸੀ।

ਜੇ ਇਸ ਪ੍ਰਕਾਰ ਦੇ ਅਨੁਮਾਨ ਦਾ ਕੋਈ ਵਿਵੇਕ ਬਣਨਾ ਤਾਂ ਸੰਤ ਸਿੰਘ ਸੇਖੋਂ ਨੇ ਆਪਣੇ ਨਾਟਕ **ਬੰਦਾ ਬਹਾਦਰ** ਵਿਚ ਜੋ ਧਾਰਨਾ ਪੇਸ਼ ਕੀਤੀ ਹੈ, ਉਸ ਨੂੰ ਇਸ ਪੈਰਾਡਾਈਮ ਸ਼ਿਫਟ ਦਾ ਉਦਭਵ ਮੰਨਣ ਤੋਂ ਸੰਕੋਚ ਨਹੀਂ ਹੋ ਸਕਦਾ। ਸੇਖੋਂ ਦੀ ਧਾਰਨਾ ਹੈ ਕਿ ਬੰਦਾ ਬਹਾਦਰ ਦੇ ਭੇਸ ਵਿਚ ਗੁਰੂ ਗੋਬਿੰਦ ਸਿੰਘ ਹੀ ਵਿਚਰੇ ਸਨ। ਸੇਖੋਂ ਹੋਰਾਂ ਦੇ ਸ਼ਬਦਾਂ ਵਿਚ “ਉਸ ਸਮੇਂ ਅਰਥਾਤ 1716 ਤੋਂ ਪਿੱਛੋਂ ਖਾਲਸੇ ਵਿਚ ਬੰਦਾ ਬਹਾਦਰ ਦੇ ਅੰਤ ਵਿਚ ਹਾਰ ਜਾਣ ’ਤੇ ਦਿੱਲੀ ਵਿਚ ਘੋਰ ਤਸੀਹੇ ਸਹਿ ਕੇ ਸ਼ਹੀਦੀ ਪਾ ਜਾਣ ਦੀ ਗੱਲ ਨੂੰ ਗੁਰੂ ਗੋਬਿੰਦ ਸਿੰਘ ਦੇ ਪਰਾਕ੍ਰਮੀ ਜੀਵਨ ਦੇ ਉਤਾਰ ਚੜ੍ਹਾਓ ਦਾ ਸਿਲਸਿਲਾ ਨਾ ਮੰਨਣ ਦੀ ਰੁਚੀ ਨਹੀਂ ਸੀ।” ਇਸ ਕਾਰਨ ਤਾਂ ਇਸ ਉਦਭਵ ਨੂੰ ਨਵੇਂ ਪੈਰਾਡਾਈਮ ਦੇ ਆਰੰਭ ਵਜੋਂ ਲੈਣਾ ਵੀ ਯੋਗ ਹੈ।

• • •



# ਬੰਦਾ ਸਿੰਘ ਬਹਾਦਰ ਦੀ ਕਿਰਦਾਰਕੁਸ਼ੀ : ਜਾਤੀ ਹਉਂ ਅਤੇ ਜਾਤੀ ਅਵਚੇਤਨ

(ਕਰਤਾਰ ਸਿੰਘ ਕਲਾਸਵਾਲੀਆ ਦਾ ਕਿੱਸਾ 'ਬੰਦਾ ਬਹਾਦਰ' ਦੇ ਪ੍ਰਸੰਗ 'ਚ)

*ਹਰਵਿੰਦਰ ਸਿੰਘ*

ਇਹ ਵਰ੍ਹਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦਾ 300ਵਾਂ ਵਰ੍ਹਾ ਹੈ। ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੀ ਸ਼ਹਾਦਤ ਨੂੰ ਵੱਖ-ਵੱਖ ਸੰਸਥਾਵਾਂ ਵੱਲੋਂ ਆਪਣੀ-ਆਪਣੀ ਪਹੁੰਚ-ਦ੍ਰਿਸ਼ਟੀ ਅਤੇ ਵਿੱਤ ਅਨੁਸਾਰ ਯਾਦ ਕੀਤਾ ਜਾ ਰਿਹਾ ਹੈ। ਇਨ੍ਹਾਂ ਜਲਸਿਆਂ ਵਿਚ ਬੰਦਾ ਸਿੰਘ ਬਹਾਦਰ ਦੀ ਕੁਰਬਾਨੀ ਨੂੰ ਯਾਦ ਕਰਨ ਦੇ ਨਾਲ-ਨਾਲ ਪਹਿਲੇ ਸਿੱਖ ਰਾਜ ਦੀ ਪ੍ਰਭੂਸੱਤਾ ਦੇ ਦਾਈਏ ਅਤੇ ਸਿੱਖ ਇਤਿਹਾਸ ਦੀ ਪੁਨਰ-ਮੁਲਾਂਕਣਕਾਰੀ ਕੀਤੀ ਜਾ ਰਹੀ ਹੈ। ਕੀ ਆਪਣੇ ਸਮਕਾਲ ਦੀਆਂ ਚੁਣੌਤੀਆਂ, ਵੰਗਾਰਾਂ, ਵਿਅਕਤੀਗਤ, ਵਿਚਾਰਧਾਰਕ ਮੱਤਭੇਦਾਂ, ਸੱਤਾ ਨਾਲ ਸਹਿਮਤੀਆਂ-ਅਸਹਿਮਤੀਆਂ ਤੋਂ ਕਿਨਾਰਾਕਸ਼ੀ, ਅਲਹਿਦਗੀ ਵਾਲਾ ਪ੍ਰਭਾਵ ਸਿਰਜ ਕੇ, ਇਤਿਹਾਸ ਦੇ ਪੁਨਰ-ਮੁਲਾਂਕਣ ਦਾ ਦਾਈਆ ਕੀਤਾ ਜਾ ਸਕਦਾ ਹੈ...?? ਕੀ ਸਥਾਪਤੀ ਨਾਲ ਨਾਬਰੀ ਅਸਹਿਮਤੀ ਦੀ ਸੁਰ ਰੱਖਣ ਵਾਲਾ, ਸੱਤਾ ਦੇ ਇਤਿਹਾਸ ਦਾ ਕੇਂਦਰ ਜਾਂ ਨਾਇਕ ਹੋ ਸਕਦਾ ਹੈ...? ਪੰਜਾਬ ਅਤੇ ਸਿੱਖ ਇਤਿਹਾਸ ਵਿਚ ਬੰਦਾ ਸਿੰਘ ਬਹਾਦਰ ਦੀ ਬਿੰਬਕਾਰੀ ਸਮਰੂਪ ਨਹੀ ਮਿਲਦੀ। ਸਿੱਖ ਇਤਿਹਾਸ ਦਾ ਸ੍ਰੋਤ ਮੰਨੇ ਜਾਂਦੇ ਕਲਾਸਿਕ ਗ੍ਰੰਥਾਂ 'ਚ ਬੰਦਾ ਸਿੰਘ ਬਹਾਦਰ ਦੀ ਕਿਰਦਾਰਕੁਸ਼ੀ ਕੀਤੀ ਗਈ। ਇਤਿਹਾਸ ਦੇ ਫ਼ਾਰਸੀ, ਪੰਜਾਬੀ ਸ੍ਰੋਤਾਂ 'ਚ ਬੰਦਾ ਸਿੰਘ ਬਹਾਦਰ ਦੀ ਬਿੰਬਕਾਰੀ ਸਮਰੂਪ ਨਾ ਹੋਣ ਦੇ ਕਾਰਨ ਵਿਸ਼ੇਸ਼ ਪ੍ਰਤੀਬੱਧਤਾਵਾਂ, ਵਿਅਕਤੀਗਤ ਮੱਤਭੇਦਾਂ, ਕਾਲਪਨਿਕ ਸਿਆਹ ਵਰਤਾਰਿਆਂ ਦੀ ਭਾਰੂ ਸੁਰ ਅਤੇ ਬੌਧਿਕ ਸੀਮਾਵਾਂ ਦੀ ਅਕਾਂਖਿਆ ਪ੍ਰਤੱਖ ਹੋ ਜਾਂਦੀ ਹੈ। ਸਵਾਲ ਇਹ ਹੈ ਕਿ ਮੁਗ਼ਲ ਕਾਲ ਦੇ ਮੁਸਲਿਮ ਇਤਿਹਾਸਕਾਰਾਂ ਵੱਲੋਂ ਬੰਦੇ ਦੀ ਇਤਿਹਾਸ 'ਚ ਕੀਤੀ ਕਿਰਦਾਰਕੁਸ਼ੀ ਦੇ ਕਾਰਨ ਬੰਦੇ ਵੱਲੋਂ ਮੁਸਲਮਾਨਾਂ 'ਤੇ ਕੀਤੇ ਜ਼ੁਲਮਾਂ ਦੇ ਪ੍ਰਤੀਕਰਮ, ਸੱਤਾ ਦੀਆਂ ਇਬਾਰਤਾਂ ਨੂੰ ਸਿਰਜਣ ਵਾਲੀ ਦ੍ਰਿਸ਼ਟੀ ਮੰਨਿਆ ਜਾ ਸਕਦਾ ਹੈ। ਪਰੰਤੂ ਸਿੱਖ ਇਤਿਹਾਸਕਾਰਾਂ ਦੀ ਅਜਿਹੀ ਕਿਹੜੀ ਮਜਬੂਰੀ ਜਾਂ ਵਿਚਾਰਧਾਰਕ ਮੱਤਭੇਦ ਸਨ ਜਿਸ ਕਰਕੇ ਬੰਦਾ ਬਹਾਦਰ ਦੀਆਂ ਕਾਰਵਾਈਆਂ, ਪ੍ਰਾਪਤੀਆਂ ਨੂੰ ਘਟਾ-ਵਧਾ ਕੇ ਪੇਸ਼ ਕੀਤਾ ਅਤੇ ਉਸ ਦੇ ਕਿਰਦਾਰ ਨੂੰ ਗੰਧਲਾ ਕੀਤਾ। ਹਾਲਾਂਕਿ ਕੇਸਰ ਸਿੰਘ ਛਿੱਬਰ ਦੀ ਲਿਖਤ 'ਬੰਸਾਵਲੀਨਾਮਾ

ਦਸਾਂ ਪਾਤਸ਼ਾਹੀਆਂ ਕਾ' (1769) ਸਿੱਖ ਇਤਿਹਾਸ ਦਾ ਮੂਲ ਸਰੋਤ ਅਤੇ ਬੰਦੇ ਬਹਾਦਰ ਦੀ ਸ਼ਹਾਦਤ ਸੰਬੰਧੀ ਪ੍ਰਮਾਣਿਕ ਗ੍ਰੰਥ ਹੈ। ਇਸ ਗ੍ਰੰਥ ਵਿਚ ਛਿੱਬਰ ਬੰਦੇ ਸੰਬੰਧੀ ਉਸਾਰੂ ਸੋਚ ਅਤੇ ਸਾਕਾਰਾਤਮਕ ਬਿੰਬ ਸੰਖੇਪ ਰੂਪ 'ਚ ਪੇਸ਼ ਕਰਦਾ ਹੈ। ਅਜਿਹਾ ਹੀ ਵਾਪਰਦਾ ਹੈ ਕਿ ਬਾਵਾ ਸਰੂਪ ਦਾਸ ਭੱਲਾ ਆਪਣੇ ਗ੍ਰੰਥ 'ਮਹਿਮਾ ਪ੍ਰਕਾਸ਼' ਵਿਚ ਬੰਦੇ ਦੇ ਬਿੰਬ ਨੂੰ ਗੰਧਲਾ ਕਰਕੇ ਤੱਤ ਖ਼ਾਲਸਿਆਂ ਦੀ ਕੀਤੀ ਗੱਦਾਰੀ, ਸਰਕਾਰੀ ਮੁਗ਼ਲੀਆ ਤੰਤਰ ਨਾਲ ਗੱਠਜੋੜ ਦਾ ਨਕਾਬਪੋਸ਼ੀ ਲਈ ਇਤਿਹਾਸਕ ਚਾਰਾਜੋਈ ਕਰਦਾ ਹੈ। ਸਰੂਪ ਦਾਸ ਭੱਲਾ ਦੇ ਗ੍ਰੰਥ ਤੋਂ ਅਤੇ ਬਾਅਦ ਵਿਚ ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ, ਭਾਈ ਸੰਤੋਖ ਸਿੰਘ, ਕਰਮ ਸਿੰਘ ਹਿਸਟੋਰੀਅਨ ਅਤੇ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਆਦਿ ਇਕ ਦੂਜੇ ਦੇ ਪਦ-ਚਿੰਨ੍ਹਾਂ 'ਤੇ ਚੱਲਦੇ ਹੋਏ ਬੰਦੇ ਦੇ ਬਿੰਬ ਨੂੰ ਦੋਸ਼-ਪੂਰਨ ਦ੍ਰਿਸ਼ਟੀ ਦਾ ਯੋਗਫਲ ਦਰਸਾਉਂਦੇ ਹਨ। ਬਾਵਾ ਸਰੂਪ ਦਾਸ ਭੱਲਾ ਦਾ ਖ਼ਾਨਦਾਨੀ ਪਿਛੋਕੜ, ਬਾਵਾ ਬਿਨੋਦ ਸਿੰਘ, ਕਾਹਨ ਸਿੰਘ ਅਤੇ ਮੀਰੀ ਸਿੰਘ ਤੱਤ ਖ਼ਾਲਸਿਆਂ ਨਾਲ ਸੰਬੰਧਤ ਹੈ। ਸੋ ਸਰੂਪ ਦਾਸ ਭੱਲਾ ਨੇ 'ਮਹਿਮਾ ਪਰਕਾਸ਼' ਵਿਚ ਬੰਦੇ 'ਤੇ ਤੱਤ ਖ਼ਾਲਸਾ ਅਤੇ ਖ਼ਾਲਸਾ ਪੰਥ ਦੀਆਂ ਨਿਅਮਤਾਂ ਨੂੰ ਆਪਹੁਦਰੇਪਣ ਵਜੋਂ ਵਰਤਣ ਦਾ ਦੋਸ਼ ਲਾਇਆ ਹੈ। ਕਿਤੇ ਨਾ ਕਿਤੇ ਇਹ ਸਿੱਖ ਲੇਖਕ ਗੁਰੂਆਂ ਦੇ ਵੰਸ਼ਜ, ਟਕਸਾਲੀ, ਮੂਲ ਸਿੱਖ ਹੋਣ ਦੀ ਹਉਂ, ਜਾਤੀ ਅਵਚੇਤਨ ਦਾ ਸ਼ਿਕਾਰ ਸਨ। ਤੱਤ ਖ਼ਾਲਸਿਆਂ ਦੀ ਕੁਲੀਨਤਾ, ਜਾਤੀ ਹਉਂ, ਈਰਖਾ ਅਤੇ ਬੰਦੇ ਵੱਲੋਂ ਖ਼ਾਲਸਾ ਪੰਥ ਦੀ ਅਗਵਾਈ ਕਰਨ ਨਾਲ ਉਨ੍ਹਾਂ ਦੀ ਖੁੱਸੀ ਸਰਦਾਰੀ, ਚੌਧਰ, ਬੰਦੇ ਬਹਾਦਰ ਦੀ ਕਿਰਦਾਰਕੁਸ਼ੀ ਕਰਨ ਦਾ ਇਕ ਕਾਰਨ ਜਾਪਦਾ ਹੈ। ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਦਾ ਪੁਰਾਣਾ ਤੇ ਮਸ਼ਹੂਰ ਕਿੱਸਾ 'ਬਾਬਾ ਬੰਦਾ ਬਹਾਦੁਰ' ਵਿਚ ਉਪਰੋਕਤ ਵਿਚਾਰਾਂ ਨੂੰ ਤੱਥਕਾਰੀ ਵਜੋਂ ਸਮਝਿਆ ਗਿਆ ਹੈ। ਗਿਆਨੀ ਕਰਤਾਰ ਸਿੰਘ ਦਾ ਇਹ ਕਿੱਸਾ 1914-15 ਦੇ ਆਸ-ਪਾਸ ਪਹਿਲੀ ਵਾਰ ਪ੍ਰਕਾਸ਼ਿਤ ਹੁੰਦਾ ਹੈ। ਗਿਆਨੀ ਕਰਤਾਰ ਸਿੰਘ, ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਗ੍ਰੰਥੀ ਵਜੋਂ ਸੇਵਾ ਨਿਭਾਉਂਦਾ ਰਿਹਾ। ਇਸ ਕਿੱਸੇ ਵਿਚ ਉਸ ਦੇ ਜਾਤੀ ਅਵਚੇਤਨ ਅਤੇ ਤੱਤ ਖ਼ਾਲਸਿਆਂ ਦੀ ਜਾਤੀ ਹਉਂ ਨੂੰ ਪ੍ਰਤੱਖ ਵੇਖਿਆ ਜਾ ਸਕਦਾ ਹੈ। ਦਰਅਸਲ ਇਹ ਕਿੱਸਾ ਗਿਆਨੀ ਗਿਆਨ ਸਿੰਘ ਦੇ 'ਪੰਥ ਪ੍ਰਕਾਸ਼' ਨੂੰ ਆਪਣਾ ਆਧਾਰ ਸ੍ਰੋਤ ਮੰਨਦਾ ਹੈ। ਇਹ ਕਿੱਸਾ ਕਿਉਂ ਲਿਖਿਆ ਗਿਆ ? ਪੰਥ ਨੂੰ ਇਸ ਦਾ ਕੀ ਲਾਭ ਹੋ ਸਕਦਾ ਹੈ, ਇਸ ਸੰਬੰਧੀ ਕਲਾਸਵਾਲੀਆ ਲਿਖਦਾ ਹੈ :

> ਗਿਆਨ ਸਿੰਘ ਗਯਾਨੀ ਜੀ ਗ੍ਰੰਥ ਰਚਿਆ ਨਾਮ ਜਿਸ ਦਾ ਪੰਥ ਪ੍ਰਕਾਸ਼ ਭਾਈ।
> ਹਰ ਕਿਸੇ ਨੂੰ ਉਸ ਦਾ ਬੋਧ ਨਾਹੀਂ ਰਹਿੰਦੇ ਪੜ੍ਹਨ ਤੋਂ ਸਿੰਘ ਨਿਰਾਸ ਭਾਈ।
> ਉਹਨੂੰ ਪੜ੍ਹੇ ਕੋਈ ਵਿਦਵਾਨ ਪੂਰਾ ਹਰ ਕਿਸੇ ਦੇ ਬੋਧ ਨਾ ਪਾਸ ਭਾਈ।
> ਬਾਹਰ ਪਿੰਡਾਂ ਦੇ ਵਿਚ ਨਾ ਸੰਤ ਮਿਲਦੇ ਕਰਨ ਕਥਾ ਜੋ ਨਾਲ ਹੁਲਾਸ ਭਾਈ।
> ਕਿੱਥੋਂ ਜਾ ਕੇ ਸੁਣਨ ਉਹ ਇਹ ਗੱਲਾਂ ਕਿਹੜੇ ਧੰਦਿਆਂ ਦੀ ਫਸੇ ਫਾਸ ਭਾਈ।
> ਉਨ੍ਹਾਂ ਵਾਸਤੇ ਰਚਾਂ ਗ੍ਰੰਥ ਸੋਹਣਾ ਰੱਖ ਪੂਰਿਆਂ ਗੁਰਾਂ ਦੀ ਆਸ ਭਾਈ।[1]

ਕਲਾਸਵਾਲੀਆ ਇਸ ਗ੍ਰੰਥ ਵਿਚ ਬੰਦੇ ਅਤੇ ਗੁਰੂ ਦੇ ਮੇਲ, ਪੰਥ 'ਚ ਪਏ ਵਿਗਾੜ, ਮਾਤਾ ਸੁੰਦਰੀ ਦੇ ਸਰਾਪ ਦੇ ਕੱਚ-ਸੱਚ ਦੀ ਪਰਖ-ਪੜਚੋਲ ਕਰਦਾ ਹੈ।

ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਕਿੱਥੇ ਅਤੇ ਕਿਹੜੇ ਕੁਨਬੇ ਵਿਚ ਹੋਇਆ ? ਇਸ ਸੰਬੰਧੀ ਸਮੁੱਚੇ ਵਿਦਵਾਨ ਇਕ ਮੱਤ ਨਹੀਂ, ਉਹ ਆਪੋ-ਆਪਣੀਆਂ ਦਲੀਲਾਂ ਰਾਹੀਂ ਬੰਦੇ ਦਾ ਜਨਮ ਵੱਖੋ-ਵੱਖ ਥਾਵਾਂ, ਕੁਨਬਿਆਂ 'ਚ ਦੱਸਦੇ ਹੋਏ ਮੋਹੇਆਲ, ਬ੍ਰਾਹਮਣ, ਭਾਰਦਵਾਜ, ਰਾਜਪੂਤ, ਖੱਤਰੀ, ਗੁੱਜਰ ਆਦਿ ਦਰਸਾਉਂਦੇ ਹਨ। ਉਪਰੋਕਤ ਸੁਆਲ ਇਸ ਲਈ ਉਠਾਇਆ ਗਿਆ ਹੈ ਕਿ ਮਨੁੱਖ ਦੀ ਘਾੜਤ, ਸੁਭਾਅ ਵਿਚ ਉਸ ਦੇ ਜਨੈਟਿਕਸ, ਸੋਚ-ਪ੍ਰਬੰਧ, ਸਭਿਆਚਾਰ ਅਤੇ ਸਮਕਾਲੀ ਪ੍ਰਬੰਧ ਕਿੰਨਾ ਰੋਲ ਅਦਾ ਕਰਦੇ ਹਨ। ਮੱਧਕਾਲੀ ਪੰਜਾਬ ਦੀ ਸੰਘਰਸ਼ਸ਼ੀਲ ਖਾੜਕੂ ਧਿਰ ਜੱਟ ਅਤੇ ਖੱਤਰੀ ਮੰਨੀ ਗਈ ਹੈ। ਪੰਜਾਬੀ ਦੀ ਜੀਵਨ-ਅਭਿਆਸ ਦੇ ਵਿਗਾੜਾਂ ਅਤੇ ਸਦੀਆਂ ਦੀ ਚੀੜ੍ਹੀ ਮਾਨਸਿਕਤਾ ਦੁਆਰਾ ਸਿਰਜਿਆ ਲੋਕ-ਅਵਚੇਤਨ, ਜਨ-ਸਿਮਰਤੀਆਂ ਦੀਆਂ ਤੈਹਾਂ ਅਤੇ ਲਹੂ ਦੀਆਂ ਤਾਸੀਰਾਂ 'ਚੋਂ ਜਾਤ-ਪਾਤ ਦੀ ਰਾਜਨੀਤੀ ਨੂੰ ਕਸ਼ੀਦਿਆ ਨਹੀਂ ਜਾ ਸਕਿਆ ਕਿਉਂਕਿ ਇਹ ਚੇਤਨਾ ਪੀੜ੍ਹੀ-ਦਰ-ਪੀੜ੍ਹੀ ਊਰਜਿਤ ਅਤੇ ਸੰਚਾਰਤ ਹੁੰਦੀ ਰਹੀ। ਸੋ ਇਤਿਹਾਸ ਦੇ ਅਜਿਹੇ ਕਈ ਮੁਲੰਮੇ ਹਨ ਜਿਹੜੇ ਜਾਤੀ ਅਵਚੇਤਨ ਦੀ ਨਿਸ਼ਾਨਦੇਹੀ ਕਰਦੇ ਹਨ। ਜਾਤੀ ਅਵਚੇਤਨ ਵਿਚ ਮਨੁੱਖ ਦਾ ਸੋਚ-ਪ੍ਰਬੰਧ, ਕਿੱਤਾ, ਸੁਭਾਅ ਅਤੇ ਦੇਹ ਦੇ ਅੰਦਰਲੇ ਚੇਤਨਾ ਭਰਪੂਰ ਕਣ ਕਾਰਜਸ਼ੀਲ ਹੁੰਦੇ ਹਨ। ਮਨੁੱਖੀ ਮਾਨਸਿਕਤਾ ਦੀ ਸੰਰਚਨਾ ਵਕਤ-ਬੇਵਕਤ ਬਾਹਰੀ ਦਬਾਅ ਅਤੇ ਸ੍ਵੈ-ਸਿਰਜੀ ਜਾਤੀ ਹਉਂ ਦਾ ਪ੍ਰਗਟਾਵਾ ਵੀ ਹੈ। ਸੋ ਅਜੋਕੇ ਗਿਆਨ ਪ੍ਰਬੰਧ ਦੇ ਕਈ ਅਨੁਸ਼ਾਸਨ ਮਾਨਵ-ਵਿਗਿਆਨ, ਵੰਸ਼-ਵਿਗਿਆਨ ਅਤੇ ਹੋਰ ਅਨੁਸ਼ਾਸਨ ਇਸ ਗੱਲ

'ਤੇ ਇਕ ਮੱਤ ਹਨ ਕਿ ਮਨੁੱਖ ਦੇ ਬਚਪਨ ਦੀਆਂ ਮਨੋਬਿਰਤੀਆਂ ਵਿਚ ਅਜਿਹੇ ਬਹੁਤ ਸਾਰੇ ਕਣ ਮੌਜੂਦ ਹੁੰਦੇ ਹਨ ਜੋ ਉਸ ਨੂੰ ਪਰੰਪਰਕ ਅਤੇ ਵਿਰਾਸਤ ਦੇ ਤੌਰ 'ਤੇ ਲਹੂ ਰਾਹੀਂ ਸੰਚਾਰ ਹੁੰਦੇ ਹਨ। ਉਹ ਰੁਚੀਆਂ ਅਤੇ ਕਣ ਸਥਿਤੀਆਂ ਅਨੁਸਾਰ ਊਰਜਿਤ ਹੋ ਜਾਂਦੇ ਹਨ। ਬੰਦੇ ਬਹਾਦਰ ਦਾ ਜਨਮ ਸਧਾਰਨ ਗੁੱਜਰ ਪਰਿਵਾਰ ਵਿਚ ਹੋਇਆ। ਬੰਦੇ ਬਹਾਦਰ ਦਾ ਮਾਨਸਿਕ ਲਗਾਉ ਅਖੌਤੀ ਨੀਵੀਆਂ ਜਾਤਾਂ ਨਾਲ ਮੰਨਿਆ ਜਾਂਦਾ ਹੈ, ਇਸ ਗੱਲ ਦੀ ਗਵਾਹੀ ਇਤਿਹਾਸ ਦੇ ਉਹ ਤੱਥ ਭਰਦੇ ਹਨ ਜਿਹੜੇ ਬੰਦਾ ਸਿੰਘ ਬਹਾਦਰ ਸਿੱਖ ਰਾਜ ਦੀ ਸਥਾਪਨਾ ਕਰਕੇ ਜ਼ਮੀਨਾਂ ਦੇ ਮਾਲਕਾਨਾ ਹੱਕ, ਹਲਵਾਹਕਾਂ ਅਤੇ ਸ਼ੂਦਰ ਮੰਨੇ ਜਾਂਦੇ ਲੋਕਾਂ ਨੂੰ ਸੌਂਪ ਦਿੰਦਾ ਹੈ।

ਜਾਤ-ਪਾਤ ਦੀ ਰਾਜਨੀਤੀ, ਜਾਤੀ ਹਉਂ ਦੀ ਭਾਵਨਾ ਨੂੰ ਅੱਜ ਵੀ ਇਕ ਅਹਿਮ ਤੱਥ ਵਜੋਂ ਵੇਖਿਆ ਜਾਣਾ ਚਾਹੀਦਾ ਹੈ ਕਿ ਪੰਜਾਬ ਜਾਂ ਸਿੱਖੀ ਦੀ ਦਾਬੇ ਵਾਲੀ ਧਿਰ ਗ਼ਰੀਬ-ਨਿਤਾਣੇ-ਪੱਛੜੇ ਸਿੱਖਾਂ ਦਾ ਕਿੰਨਾ ਕੁ ਯੋਗਦਾਨ ਜਾਂ ਉਨ੍ਹਾਂ ਦੇ ਕਦਰ-ਪ੍ਰਬੰਧ ਨੂੰ ਅਹਿਮ ਮੰਨਦੀ ਹੈ ? ਇਥੇ ਜਾਤੀ ਹਉਂ ਜਾਂ ਆਪਣੇ ਆਪ ਨੂੰ ਸਿੱਖੀ ਦੇ ਅਸਲੀ ਵਾਰਿਸ ਹੋਣ ਦੀ ਭਰਮ ਚੇਤਨਾ ਨੇ ਰੇਖਾ ਖਿੱਚੀ ਹੋਈ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਕਿਰਦਾਰਕੁਸ਼ੀ ਅਤੇ ਆਪਸੀ ਵਿਚਾਰਕ ਵਿਰੋਧ ਹੀ ਪ੍ਰਮੁੱਖ ਕਾਰਨ ਹਨ ਕਿਉਂਕਿ ਉਸ ਸਮੇਂ ਦੀ ਸਿੱਖ ਸਫ਼ਾਂ ਦੇ ਮੂਹਰਲੇ ਆਗੂ ਬਾਬਾ ਬਿਨੋਦ ਸਿੰਘ ਤੇ ਹੋਰਾਂ ਦਾ ਬਾਬਾ ਬਹਾਦਰ ਸਿੰਘ ਬਹਾਦਰ ਨੂੰ ਜਿਸ ਲਹਿਜ਼ੇ 'ਚ ਠਿੱਠ ਕਰਦੇ ਹਨ ਉਹ ਸਪੱਸ਼ਟ ਹੈ। ਬਾਬਾ ਬੰਦਾ ਸਿੰਘ ਬਹਾਦਰ ਗ਼ੈਰ-ਖੱਤਰੀ ਅਤੇ ਨਿਮਨ ਸ਼੍ਰੇਣੀ ਨਾਲ ਸੰਬੰਧ ਰੱਖਦੇ ਸਨ। ਸੋ, ਦਾਬੇ ਵਾਲੀ ਧਿਰ, ਜੱਟ-ਖੱਤਰੀ ਅਤੇ ਟਕਸਾਲੀ ਸਿੱਖ ਜਾਂ ਜਿਨ੍ਹਾਂ ਨੂੰ ਸਿੱਖੀ ਵਿਰਾਸਤ ਵਿਚ ਮਿਲੀ ਸੀ, ਉਹ ਆਪਣੀ ਜਾਤੀ ਹਉਂ ਕਾਰਨ ਆਮ ਜਾਂ ਨਵੇਂ ਪਰਿਵਰਤਿਤ ਸਿੱਖਾਂ ਨਾਲੋਂ ਜ਼ਿਆਦਾ, ਕੁਲੀਨ ਅਤੇ ਅਸਲੀ ਸਿੱਖ ਹੋਣ ਦੀ ਭਰਮ ਚੇਤਨਾ ਦੇ ਸ਼ਿਕਾਰ ਸਨ।

ਸੋ ਇਕ ਤੱਥ ਇਹ ਵੀ ਹੈ ਕਿ ਅਜੀਤ ਸਿੰਘ (ਮੁਤਬੰਨਾ ਪੁੱਤਰ) ਬਾਬਾ ਬਿਨੋਦ ਸਿੰਘ ਅਤੇ ਹੋਰ ਸਾਥੀ ਸਰਕਾਰੀ ਸਰਪ੍ਰਸਤੀ ਮਾਨਣ ਲਈ ਉਤਾਵਲੇ ਅਤੇ ਨਿਰੰਤਰ ਸਰਕਾਰ ਦੇ ਸੰਪਰਕ ਵਿਚ ਸਨ। ਡਾ. ਸੁਖਦਿਆਲ ਸਿੰਘ ਲਿਖਦੇ ਹਨ—ਬਾਬਾ ਅਜੀਤ ਸਿੰਘ ਨੇ ਬੰਦਾ ਬਹਾਦਰ ਖ਼ਿਲਾਫ਼ ਬਾਦਸ਼ਾਹ ਦੀ ਜਿੱਤ ਲਈ ਅਰਦਾਸ ਵੀ ਕੀਤੀ। ਇਥੇ ਐੱਮ.ਐੱਸ. ਚਾਂਦਲਾ ਦੀ ਪੁਸਤਕ 'ਚੋਂ ਇਕ ਤੱਥ ਸਾਂਝਾ ਕੀਤਾ ਜਾ ਸਕਦਾ ਹੈ—

> "ਬਾਬਾ ਬਿਨੋਦ ਸਿੰਘ ਲਈ ਤਾਂ ਬੰਦਾ ਸਿੰਘ ਬਹਾਦਰ ਕੇਵਲ ਇਕ ਓਪਰਾ ਹੀ ਨਹੀਂ ਸੀ ਸਗੋਂ ਗ਼ੈਰ-ਖੱਤਰੀ ਵੀ ਸੀ। ਮੁਸਲਿਮ ਸ਼ਹਿਰਾਂ ਦੀ ਲੁੱਟ, ਸਰਹਿੰਦ ਦੀ ਜਿੱਤ ਅਤੇ ਸਿੱਖ-ਰਾਜ ਦੀ ਸਥਾਪਨਾ ਦੀਆਂ ਜੋ ਸ਼ੁਰੂਆਤੀ ਕਾਮਯਾਬੀਆਂ ਬੰਦੇ ਨੂੰ ਮਿਲੀਆਂ ਸਨ ਉਨ੍ਹਾਂ ਕਾਰਨ ਸਿੱਖਾਂ ਅਤੇ ਖ਼ਾਸ ਕਰ ਨੀਵੀਆਂ ਜਾਤਾਂ ਵਾਲਿਆਂ ਵਿਚ ਬੰਦੇ ਦੀ ਬਹੁਤ ਚੜ੍ਹ ਮੱਚੀ ਹੋਈ ਸੀ। ਇਸ ਨਾਲ ਸਿੱਖ ਪੰਥ ਵਿਚ ਸ਼ਾਮਿਲ ਖੱਤਰੀਆਂ ਦੀ ਚੌਧਰ ਨੂੰ ਖ਼ਤਰਾ ਪੈਦਾ ਹੋ ਗਿਆ ਸੀ। ਇਹ ਸਭ ਬਾਬਾ ਬਿਨੋਦ ਸਿੰਘ ਅਤੇ ਰਿਸ਼ਤੇਦਾਰਾਂ ਨੂੰ ਮਨਜ਼ੂਰ ਨਹੀਂ ਸੀ। ਇਸੇ ਕਾਰਨ ਉਨ੍ਹਾਂ ਲਈ ਜ਼ਰੂਰੀ ਹੋ ਗਿਆ ਕਿ ਉਹ ਬੰਦੇ ਦੇ ਪਰ ਕੁਤਰ ਕੇ ਆਪਣੇ ਕੁਨਬੇ ਵਿਚੋਂ ਕਿਸੇ ਨੂੰ ਅੱਗੇ ਲਿਆਉਣ।"[2]

ਕਰਤਾਰ ਸਿੰਘ ਕਲਾਸਵਾਲੀਆ ਦੇ ਕਿੱਸੇ ਵਿਚ ਜ਼ਿਕਰ ਕਰਦਾ ਹੈ ਕਿ ਜਦੋਂ 'ਤੱਤ ਖ਼ਾਲਸੇ' ਬੰਦਈ ਸਿੱਖਾਂ ਦੇ ਡੇਰੇ 'ਚ ਸਰਕਾਰੀ ਸ਼ਹਿ 'ਤੇ ਲੁੱਟ-ਮਾਰ ਕਰਦੇ ਹਨ ਤਾਂ ਬਾਬਾ ਬੰਦਾ ਸਿੰਘ ਬਹਾਦਰ ਨਿਹੋਰੇ ਰੂਪ 'ਚ ਆਪਣੇ ਯੋਗਦਾਨ ਨੂੰ ਚੇਤੇ ਕਰਾਉਂਦਾ ਹੈ :

> ਚੰਗਾ ਕੰਮ ਨਹੀਂ ਕੀਤਾ ਖ਼ਾਲਸਾ ਜੀ, ਕੀਤਾ ਤੁਸੀਂ ਮੇਰੇ ਤੇ ਵਾਰ ਭਾਈ।
> ਬਿੱਲੀ ਸ਼ੀਂਹ ਪੜ੍ਹਾਇਆ ਪਾਪ ਕੀਤਾ, ਆਯਾ ਉਸੇ ਨੂੰ ਖਾਣ ਬੁਰਿਆਰ ਭਾਈ।
> ਕੀਤੀ ਰੱਖਿਆ ਤੁਸਾਂ ਦੀ ਦੁਸ਼ਮਣਾਂ ਥੀਂ ਮੈਂ ਸੀ ਪਾਲਿਆ ਵਾਂਗ ਗੁਲਜ਼ਾਰ ਭਾਈ।
> ਕੀਤਾ ਜੱਟਾਂ ਤੋਂ ਤੁਸਾਂ ਨੂੰ ਮਹਾਰਾਜੇ ਮੁਲਕ ਲੈ ਦਿੱਤਾ ਕਈ ਵਾਰ ਭਾਈ।
> ਤੁਸਾਂ ਜ਼ਰਾ ਮੂਲ ਲਿਹਾਜ਼ ਕੀਤਾ ਬੇ-ਗੁਣੇ ਜਹੇ ਜੱਟ ਗਵਾਰ ਭਾਈ।
> ਜਿਦ੍ਹੇ ਸਾਏ ਹੇਠ ਆਰਾਮ ਕੀਤਾ ਹੋਏ ਉਸ ਦੇ ਕੱਟਣੇ ਹਾਰ ਭਾਈ।[3]

ਉਪਰਲੀਆਂ ਸਤਰਾਂ 'ਚੋਂ ਤੱਤ-ਖ਼ਾਲਸਾ, ਬਾਬਾ ਬਿਨੋਦ ਸਿੰਘ ਅਤੇ ਫ਼ਰੁਖਸੀਅਰ ਕਿਆਂ ਦੇ ਆਪਸੀ ਗੱਠਜੋੜ ਦੀ ਨਿਸ਼ਾਨਦੇਹੀ ਹੁੰਦੀ ਹੈ। ਬੰਦੇ ਬਹਾਦਰ ਦਾ ਨਿਹੋਰਾ, ਤੱਤ ਖ਼ਾਲਸਿਆਂ ਦੇ ਇਖ਼ਲਾਕ ਅਤੇ ਜਨੈਟਿਕਸ ਵੱਲ ਇਸ਼ਾਰਾ ਕਰਦਾ ਹੈ। ਇਸੇ ਬੰਦ 'ਚ ਅਗਾਂਹ ਕਲਾਸਵਾਲੀਏ ਨੇ ਉਨ੍ਹਾਂ ਦੀ 'ਹਉਂ' ਨੂੰ ਚਿਤਰਿਆ ਹੈ, ਜਿਸ 'ਚੋਂ ਜਾਤੀ ਅਵਚੇਤਨ ਅਤੇ ਰਾਜ

ਕਰਨ ਦੀ ਲਾਲਸਾ ਦਾ ਮਨੋਰਥ ਸਪੱਸ਼ਟ ਹੋ ਜਾਂਦਾ ਹੈ :

ਅਸੀਂ ਸਿੰਘ ਸਾਂ ਪੁੱਤ ਪਰਾਂ ਦੇ ਸਾਰੇ ਛੋਟੀ ਉਮਰ ਦੇ ਸ਼ੀਰ ਖ਼ਾਰ ਭਾਈ।
ਸਾਡੇ ਪਿਤਾ ਜੀ ਨੇ ਸਾਡੇ ਪਾਲਨੇ ਨੂੰ ਤੈਨੂੰ 'ਦਾਈ' ਬਣਾਇਆ ਸਾਰ ਭਾਈ।
ਦਾਈ ਪਾਲਦੀ ਮਾਪੇ ਸਾਂਭ ਲੈਂਦੇ ਪੁੱਤ ਮਾਪਿਆਂ ਦੇ ਅੰਤ ਧਾਰ ਭਾਈ।
ਲਾਲਾਂ ਥੁੱਕ ਤੇ ਸੀਂਡ ਮਲ ਮੂਲ ਰਹਿੰਦੀ, ਪਲੇ ਦਾਈਏ ਦੀ ਆਖ਼ਰਕਾਰ ਭਾਈ।
ਉਸੇ ਵਕਤ ਸਾਡੀ ਤੂੰ ਟਹਿਲ ਕੀਤੀ ਹੁਣ ਹੋ ਗਏ ਅਸੀਂ ਹੁਸ਼ਿਆਰ ਭਾਈ।
ਨਹੀਂ ਲੋੜ ਤੇਰੀ ਹੁਣ ਕੁਝ ਸਾਨੂੰ ਲਿਆ ਪਿਤਾ ਦਾ ਘਰ ਸੰਭਾਰ ਭਾਈ।

ਫਿਰ ਕਹਿੰਦਾ ਹੈ ਕਿ—

ਕਾਂ ਪਾਲਦੇ ਕੋਇਲ ਦੇ ਬੱਚਿਆਂ ਨੂੰ ਅੰਤ ਕਾਵਾਂ ਨੂੰ ਜਾਣ ਵਿਸਾਰ ਭਾਈ।
ਤਿਵੇਂ ਨਾਲ ਤੇਰਾ ਸਾਡਾ ਹੈ ਕੀ ਸੀ, ਤੂੰ ਸਾਧ ਤੇ ਅਸੀਂ ਸਰਦਾਰ ਭਾਈ।
ਤੇਰਾ ਮੰਗ ਕੇ ਖਾਵਣਾ ਕੰਮ ਮੁੱਢੋਂ, ਲੁੱਟ ਮਾਰ ਸਾਡਾ ਰੁਜ਼ਗਾਰ ਭਾਈ।
ਅਸੀਂ ਛਤਰੀ, ਜੰਗ ਹੈ ਕੰਮ ਸਾਡਾ, ਤੇਰੀ ਬੰਦਗੀ ਕਰਨ ਹੈ ਕਾਰ ਭਾਈ।
ਭਲਾ ਸ਼ੇਰ ਤੇ ਗਿੱਦੜਾਂ ਸੰਗ ਕਾਹਦਾ, ਬਾਜਾਂ ਨਾਲ ਬਟੇਰ ਵਿਹਾਰ ਭਾਈ[4]

ਸੋ ਉਪਰੋਕਤ ਬੈਂਤਾਂ ਵਿਚੋਂ ਸਪੱਸ਼ਟ ਹੈ ਕਿ ਸ਼ੇਰ–ਗਿੱਦੜਾਂ, ਬਾਜਾਂ–ਬਟੇਰਾਂ ਦੀ ਵਿਹਾਰਕ ਰਾਜਨੀਤੀ ਅਤੇ ਅਭਿਆਸ ਕਿਵੇਂ ਬੰਦੇ ਬਹਾਦਰ ਦੀ ਸ਼ਖ਼ਸੀਅਤ ਦੀ ਕਿਰਦਾਰਕੁਸ਼ੀ ਕਰਨ ਵਾਲੇ ਤੱਤ ਬਣ ਜਾਂਦੇ ਹਨ। ਇਥੇ ਉਲੇਖ ਜ਼ਰੂਰੀ ਹੈ ਕਿ ਭਾਵੇਂ ਉਸ ਸਮੇਂ ਦੇ ਪ੍ਰਬੰਧ ਵਿਚ ਜੱਟ–ਖੱਤਰੀ ਨੂੰ ਕੁਲੀਨ ਵਰਗ ਵਾਲਾ ਰੁਤਬਾ ਪ੍ਰਾਪਤ ਨਹੀਂ ਸੀ ਪਰ ਇਹ ਕੌਮ ਉਤਰੀ ਹਿੰਦੋਸਤਾਨ ਵਿਚੋਂ ਵਿਵਸਥਾ ਨੂੰ ਬਦਲਣ ਲਈ ਬ੍ਰਾਹਮਣਵਾਦੀ ਪ੍ਰਬੰਧ ਅਤੇ ਮੁਗਲੀਆ ਜਾਗੀਰਦਾਰੀ ਪ੍ਰਬੰਧ ਵਿਰੁੱਧ ਲਾਮਬੰਦੀ ਕਰਦੀ ਹੈ। ਇਹ ਰੂਲਿੰਗ ਸਮਾਜ ਵਿਰੁੱਧ ਲੜਨ ਵਾਲੀ ਉੱਚ–ਤਾਕਤ ਸੀ। ਲੜਨ ਵਾਲੀ ਧਿਰ ਦਾ 'ਨਿਮਾਣੀ–ਨਿਤਾਣੀ' ਧਿਰ ਨਾਲੋਂ ਮਾਨਸਿਕ ਸੰਤੁਲਨ ਵੱਖਰਾ ਅਤੇ ਹੌਸਲੇ ਦੀ ਬਿਰਤੀ ਵਾਲਾ ਹੁੰਦਾ ਹੈ। ਉਹ ਆਪ ਵੀ ਇਸ ਭਰਮ ਚੇਤਨਾ (ਜਾਤੀ ਹਉਂ, ਅਵਚੇਤਨ, ਜੁਝਾਰੂ ਬਿਰਤੀ, ਉੱਚ ਤਾਕਤ ਹਉਂ, ਮੂਲ ਧਰਮੀ) ਹੱਠਧਰਮੀ ਕਾਰਨ ਨਵੀਨ ਪਰਵਰਤਿਤ ਹੋਏ ਲੋਕਾਂ ਨੂੰ ਆਪਣੇ ਤੋਂ ਨਿਮਨ ਧਰਾਤਲ ਮੰਨਦੇ ਸਨ। ਇਤਿਹਾਸ ਦੀਆਂ ਅਸੀਂ ਕਈ ਉਦਾਹਰਣਾਂ ਵੇਖ ਸਕਦੇ ਹਾਂ। ਗੁਰੂ ਰਾਮਦਾਸ ਸਾਹਿਬ ਦੇ ਸਮੇਂ ਲੰਗਰ 'ਚ ਨੀਵੀਂ ਜਾਤੀ ਦੇ ਲੋਕਾਂ ਨਾਲ ਲੰਗਰ ਛਕਣ ਤੋਂ ਇਨਕਾਰ ਕਰਨਾ ਆਦਿ।

ਨੰਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਹਾਜ਼ਰੀ ਵਿਚ 'ਖੰਡਾ ਖੋਹਣ' ਦੀ ਘਟਨਾ ਬੰਦੇ ਬਹਾਦਰ ਪ੍ਰਤੀ ਟਕਸਾਲੀ ਸਿੰਘਾਂ ਦੇ ਵਰਤਾਉ ਤੇ ਵਿਹਾਰ ਨੂੰ ਸਪਸ਼ਟ ਕਰ ਦਿੰਦੀ ਹੈ। ਹਾਲਾਂਕਿ ਕਈ ਇਤਿਹਾਸਕਾਰ ਇਸ ਘਟਨਾ ਨੂੰ ਇਤਿਹਾਸਕ ਸੱਚਾਈ ਨਹੀਂ ਮੰਨਦੇ। ਪਰ ਸੁਆਲ ਇਹ ਹੈ ਕਿ ਇਸ ਘਟਨਾ ਦੇ ਪ੍ਰਚਲਤ ਕਰਨ ਜਾਂ ਘੜਨ 'ਚ ਕਿਹੜੀ ਚੇਤਨਾ ਕਾਰਜ ਕਰਦੀ ਹੈ ? ਇਹ ਸਮਝਦਿਆਂ ਕਈ ਪੇਚੀਦਾ ਮਸਲੇ ਹੱਲ ਹੋ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜੇ ਪੁਰਾਣੇ ਆਗੂ ਸਿੰਘਾਂ ਦੀ ਮਾਨਸਿਕਤਾ ਵਿਚ 'ਪਾਤਸ਼ਾਹੀ ਭੋਗਣ' ਜਾਂ 'ਗੁਰਗੱਦੀ ਦੇ ਹੱਕਦਾਰ' ਹੋਣ ਦੀ ਚੇਤਨਾ ਨਿਰੰਤਰ ਕਾਰਜਸ਼ੀਲ ਰਹਿੰਦੀ ਹੈ। ਜਦੋਂ ਬੰਦੇ ਨੂੰ ਗੁਰੂ ਸਾਹਿਬ ਆਪਣੇ 'ਖੰਡੇ' ਦੀ ਬਖ਼ਸ਼ਿਸ਼ ਕਰਦੇ ਹਨ ਤਾਂ ਪੁਰਾਤਨ ਸਿੰਘਾਂ ਦੀ ਈਰਖਾ–ਦਵੈਸ਼ ਤੇ ਲਾਲਸਾ ਨੂੰ ਕਲਾਸਵਾਲੀਆ ਇਉਂ ਚਿਤਰਦਾ ਹੈ :

ਜਿਹੜਾ ਗੁਰੂ ਜੀ ਦੇ ਖੰਡਾ ਗਾਤਰਾ ਸੀ, ਜਿਹਨੂੰ ਰੱਖਦੇ ਗਲ ਦਾ ਹਾਰ ਕਰਕੇ।
ਉਹ ਬੰਦੇ ਦੇ ਗਾਤਰਾ ਪਾ ਦਿੱਤਾ ਖ਼ੁਸ਼ੀ ਨਾਲ ਮਹਾਰਾਜ ਉਤਾਰ ਕਰਕੇ।
ਗ਼ੁੱਸਾ ਚੜ੍ਹ ਗਿਆ ਸਿੰਘਾਂ ਸਾਰਿਆਂ ਨੂੰ ਸਭੋ ਬੋਲ ਉਠੇ ਭਬਕਾਰ ਕਰਕੇ।

ਏਸ ਖੰਡੇ ਦਾ ਨਹੀਂ ਅਧਿਕਾਰ ਏਹਨੂੰ, ਸਾਨੂੰ ਦਿਹੋ ਸਾਡਾ ਅਧਿਕਾਰ ਕਰਕੇ।
ਏਸ ਗੱਲ ਦੇ ਜੋਗ ਏਹ ਨਹੀਂ ਹੈਸੀ, ਖੰਡਾ ਦਿਹੋ ਸਾਨੂੰ ਉਪਕਾਰ ਕਰਕੇ।
ਖੰਡੇ ਵਾਸਤੇ ਅਸਾਂ ਘਰ ਬਾਰ ਛੱਡੇ, ਸਾਕ ਸੰਗ ਧੀ ਪੁੱਤ ਵਿਸਾਰ ਕਰਕੇ।
ਖੰਡੇ ਵਾਸਤੇ ਯੁੱਧ ਅਨੇਕ ਕੀਤੇ, ਮਾਰੇ ਤੁਰਕ ਵੱਡੇ ਹਥਿਆਰ ਕਰਕੇ।
ਤੁਸੀਂ ਖੰਡਾ ਜੇ ਇਸ ਨੂੰ ਬਖ਼ਸ਼ ਦਿੱਤਾ ਅਸੀਂ ਰਹੇ ਖ਼ਾਲੀ ਪੱਲੇ ਝਾੜ ਕਰਕੇ।

ਸਾਧੂ ਪਾਸ ਨਾ ਦੇਵਾਂਗੇ ਜਾਣ ਕਦੀ, ਏਥੋਂ ਮਰਾਂਗੇ ਏਸ ਨੂੰ ਮਾਰ ਕਰਕੇ।[5]

ਇਉਂ ਬੰਦੇ ਬਹਾਦਰ ਦੇ ਨਾਲ ਗੁਰੂ ਸਾਹਿਬ ਵੇਲੇ ਤੋਂ ਹੀ ਈਰਖਾ, ਨਰਾਜ਼ਗੀ, ਉਨ੍ਹਾਂ ਦਾ ਹੱਕ ਖੋਹਣ ਵਾਲੀ ਭਰਮ ਚੇਤਨਾ ਜੁੜੀ ਹੋਈ ਸੀ। ਇਸ ਕਿੱਸੇ ਵਿਚ ਅਨੇਕ ਥਾਵਾਂ 'ਤੇ ਅਜਿਹੀ ਹਉਂ-ਮੂਲਵਾਦੀ, ਭਰਮ ਚੇਤਨਾ, ਜਾਤੀ ਹਉਂ, ਜਾਤੀ ਅਵਚੇਤਨ ਇਤਿਹਾਸ ਵਿਚ ਆਰ-ਪਾਰ ਫੈਲਿਆ ਹੋਇਆ ਹੈ। ਇਸ ਕਿੱਸੇ ਵਿਚ ਕਲਾਸਵਾਲੀਆ ਤੱਤ ਖ਼ਾਲਸਿਆਂ ਅਤੇ ਆਪਣੀ ਪਛਾਣ, ਸਿੱਖ-ਸਿਧਾਂਤਾਂ, ਗੁਰਮੁਖ ਵਜੋਂ ਕਰਵਾਉਣ ਦੀ ਥਾਵੇਂ, ਆਪਣੇ ਕੁਨਬੇ, ਜਾਤੀ ਹਉਂ ਵਾਲੇ ਮਾਹੌਲ ਨਾਲ ਕਰਵਾਉਂਦਾ ਹੈ। ਮਿਸਾਲ ਵਜੋਂ :

**ਨਾਮ ਇਕ ਸਿੰਘ ਬਿਨੋਦ ਹੈਸੀ, ਤੇਹਨ ਜਾਤ ਦਾ ਠੀਕ ਲਿਖਾਇਆ ਜੇ।**
**ਕਾਹਨ ਸਿੰਘ ਭੱਲਾ, ਬਾਜ਼ ਸਿੰਘ, ਜਾਣੋ ਜੱਟ ਜਾਤ ਦਾ ਸਿੰਘ ਸਜਾਇਆ ਜੇ।**[6]

ਜਪੁ ਸਾਹਿਬ ਅਤੇ ਸੁਖਮਨੀ ਪਾਠ ਕਰਦੇ, ਨਿਤਨੇਮ ਦਾ ਨੇਮ ਠਹਿਰਾਇਆ ਏ।
ਬੁੱਧ ਰਹੀ ਚੇਤੰਨ ਹੈ ਹੁਣ ਤੋੜੀ ਜਨਮ ਸੁਫ਼ਲ ਮਾਨੁੱਖ ਦਾ ਪਾਇਆ ਏ।
ਵਿਚ ਹੈ ਅਸਥਾਨ ਕਲਾਸਵਾਲੇ, **ਸਿੰਘ ਖੱਤਰੀ ਆਖ ਸੁਨਾਇਆ ਏ**।[7]

ਹੈ ਗ੍ਰਾਮ ਦਾ ਨਾਉਂ ਕਲਾਸ ਵਾਲਾ ਜਿਥੇ ਜਨਮਿਆ ਏਹ ਗੁਨਾਹਗਾਰ ਬੇਲੀ।
ਇਕ ਗੋਤ ਦੇ ਵਸਦੇ **ਜੱਟ ਏਥੇ ਸਾਰੇ ਬਾਜਵੇ ਈ ਜ਼ਿਮੀਂਦਾਰ ਬੇਲੀ**।
ਹੈ ਪਿੰਡ ਆਦੀ ਵੱਡਾ ਖ਼ਾਨਦਾਨੀ ਬੜੇ ਬੜੇ ਹੋ ਗਏ ਸਰਦਾਰ ਬੇਲੀ।
ਪਹਿਲੀ ਜ਼ਾਤ **ਕਪੂਰ ਹੁਣ ਖ਼ਾਲਸਾ ਹੈ**, ਰਿਹਾ ਨੌਕਰੀ ਨਿੱਤ ਵਿਹਾਰ ਬੇਲੀ।
ਹੈ ਸੀ ਨਾਲ ਸਰਦਾਰਾਂ ਸੰਬੰਧ ਸਾਡਾ, ਜਗਤ ਸਿੰਘ ਦੇ ਰਹੇ ਮੁਖ਼ਤਾਰ ਬੇਲੀ।[8]


ਸੋ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਦਾਰਾਂ, ਰਜਵਾੜਿਆਂ, ਜਗੀਰਦਾਰੀ ਪ੍ਰਬੰਧਾਂ ਤੋਂ ਖਹਿੜਾ ਛੁਡਾ ਕੇ ਕੰਮੀ-ਕਮੀਣਾਂ, ਮਿਹਨਤਕਸ਼ਾਂ, ਕਿਰਤੀਆਂ ਨੂੰ ਸਿੱਖ-ਸੋਚ-ਪ੍ਰਬੰਧ ਦੇ 'ਨਿਆਂਕਾਰੀ ਮਾਡਲ' ਨਾਲ ਜੋੜਿਆ ਸੀ ਪਰੰਤੂ ਮੱਧਕਾਲ ਦੇ ਗਿਆਨਕਾਰੀ ਮਾਡਲ ਵਿਚ ਸਿੱਖ-ਇਤਿਹਾਸਕਾਰਾਂ, ਚਿੰਤਕਾਂ ਦੀ ਮਾਨਸਿਕਤਾ, ਈਰਖਾ, ਜਾਤੀ ਹਉਂ, ਜਾਤੀ ਅਵਚੇਤਨ 'ਚੋਂ ਲਿਖਤ ਆਪਣੀ ਹੋਂਦ ਗ੍ਰਹਿਣ ਕਰਦੀ ਹੈ ਕਿਉਂਕਿ ਜਾਤ ਅਤੇ ਹਉਂ ਦਾ ਦੀਰਘ ਰੋਗ, ਪੰਜਾਬੀ ਭਾਰਤੀ ਸਮਾਜ ਦੀ ਉਪਰਲੀ ਬਣਤਰ ਜਾਂ ਪਰਤ ਦਾ ਮਸਲਾ ਨਹੀਂ ਹੈ, ਇਹ ਜਾਤ ਅਤੇ ਹਉਂ ਦਾ ਮਸਲਾ ਅਵਚੇਤਨੀ ਪੱਧਰ 'ਤੇ ਫਰੀਜ਼ ਹੋ ਚੁੱਕਿਆ ਹੈ। ਇਉਂ ਬੰਦਾ ਬਹਾਦਰ ਪ੍ਰਤੀ ਇਤਿਹਾਸ ਦੀ ਖੋਟ-ਨੀਅਤੀ ਤੇ ਕਿਰਦਾਰਕੁਸ਼ੀ ਕਰਨ ਦੀਆਂ ਅਵਚੇਤਨੀ ਪਰਤਾਂ, ਜਾਤੀ ਜਗੀਰਦਾਰੀ, ਸਮਝੌਤਾਵਾਦੀ ਰੁਚੀਆਂ ਦੀ ਦਲਦਲ 'ਚੋਂ ਊਰਜਿਤ ਹੁੰਦੀਆਂ ਰਹੀਆਂ।

***

## *ਹਵਾਲੇ*


1. ਭਾਈ ਕਰਤਾਰ ਸਿੰਘ ਜੀ ਗਯਾਨੀ ਕਲਾਸਵਾਲੀਏ, ਪੰਨਾ 16.
2. ਐੱਮ.ਐੱਸ. ਚਾਂਦਲਾ, *ਬੰਦਾ ਬਹਾਦਰ*, ਪੰਨਾ 182.
3. ਭਾਈ ਕਰਤਾਰ ਸਿੰਘ ਜੀ ਗਯਾਨੀ ਕਲਾਸਵਾਈਏ, ਪੰਨਾ 230.
4. ਉਹੀ, ਪੰਨੇ 230-31.
5. ਉਹੀ, ਪੰਨੇ 60-61.
6. ਉਹੀ, ਪੰਨਾ 63.
7. ਉਹੀ, ਪੰਨਾ 13.
8. ਉਹੀ, ਪੰਨਾ 300.


***



# ਸਿੱਖ ਰਾਜ ਦਾ ਸੰਸਥਾਪਕ : ਬਾਬਾ ਬੰਦਾ ਸਿੰਘ ਬਹਾਦਰ

*-ਡਾ. ਅਵਤਾਰ ਸਿੰਘ* (ਕੈਨੇਡਾ)

ਸਿੱਖ ਧਰਮ ਦੇ ਬਾਨੀ, ਗੁਰੂ ਨਾਨਕ ਦੇਵ ਜੀ ਦੇ ਬਹੁਮੁੱਲੇ ਬਚਨ ਹਨ :

*'ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ।*
*ਇਤੁ ਮਾਰਗਿ ਪੈਰੁ ਧਰੀਜੈ। ਸਿਰੁ ਦੀਜੈ ਕਾਣਿ ਨ ਕੀਜੈ'।* (**ਗੁਰੂ ਗ੍ਰੰਥ ਸਾਹਿਬ**, 1412)

ਗੁਰਬਾਣੀ ਦੇ ਹੋਰ ਬੀਰ ਰਸੀ ਬੋਲ ਹਨ:

*'ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ'।* (**ਗੁਰੂ ਗ੍ਰੰਥ ਸਾਹਿਬ**, 579-80)

ਅਤੇ

*'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ'।* (**ਗੁਰੂ ਗ੍ਰੰਥ ਸਾਹਿਬ**, 1105, **ਕਬੀਰ**)

ਗੁਰੂ ਹਰਿ ਗੋਬਿੰਦ ਜੀ ਨੇ ਸਮਕਾਲੀਨ ਰਾਜਨੀਤਕ, ਆਰਥਿਕ ਤੇ ਸਮਾਜਕ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ 'ਮੀਰੀ-ਪੀਰੀ ਦਾ ਸਿਧਾਂਤ' ਆਰੰਭ ਕਰਕੇ ਗੁਰਬਾਣੀ ਦਾ ਸੱਚ ਦੁਨੀਆਂ ਸਾਮ੍ਹਣੇ ਲਿਆਂਦਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੀ ਹੋਂਦ ਕਾਇਮ ਰੱਖਣ ਲਈ ਸੰਤ-ਸਿਪਾਹੀ 'ਖਾਲਸੇ' ਦੀ ਸਿਰਜਨਾ ਕਰਕੇ, ਇਕ ਨਿਧੜਕ ਜਰਨੈਲ ਬਾਬਾ ਬੰਦਾ

“

ਬੰਦਾ ਸਿੰਘ ਬਹਾਦਰ ਨੇ ਸਭ ਤੋਂ ਪਹਿਲਾ ਸਿਹਰੀ ਖੰਡਾ ਮਾਰਿਆ। ਉਪਰੰਤ ਸੋਨੀਪਤ ਤੇ ਫਿਰ ਕੈਥਲ ਤੇ ਝਪਟਿਆ। ਇਥੇ ਦਿੱਲੀ ਨੂੰ ਜਾ ਰਹੇ ਸ਼ਾਹੀ ਖ਼ਜ਼ਾਨੇ ਤੇ ਸਿੱਖ ਫੌਜਾਂ ਨੇ ਕਬਜ਼ਾ ਕੀਤਾ। ਫਿਰ ਸਮਾਣੇ ਦੀ ਵਾਰੀ ਆਈ। ਗੁਰੂ ਤੇਗ ਬਹਾਦਰ ਜੀ ਤੇ ਛੋਟੇ ਸ਼ਾਹਿਬਜ਼ਾਦਿਆਂ ਤੇ ਕਾਤਲ ਸਮਾਣੇ ਦੇ ਰਹਿਣ ਵਾਲੇ ਸਨ। ਇਥੇ ਪੂਰਾ ਘਮਸਾਨ ਮੱਚਿਆ। 10 ਹਜ਼ਾਰ ਮੁਲਸਮਾਨ ਸਿੰਘਾਂ ਦੀਆਂ ਤਲਵਾਰਾਂ ਦੀ ਭੇਂਟ ਹੋਏ। ਭਾਈ ਫਤਿਹ ਸਿੰਘ ਨੂੰ ਸਮਾਣੇ ਦਾ ਗਵਰਨਰ ਥਾਪਿਆ ਗਿਆ। ਇਸ ਤੋਂ ਬਾਅਦ ਘੜਾਮ, ਠਸਕਾ, ਸ਼ਾਹਬਾਦ (ਮਾਰਕੰਡਾ) ਤੇ ਮੁਸਤਫ਼ਾਬਾਦ ਨੂੰ ਅਧੀਨ ਕੀਤਾ। ਮੁਸਤਫ਼ਾਬਾਦ ਦੀ ਲੜਾਈ ਵਿਚ ਦੋ ਤੋਪਾਂ ਖਾਲਸੇ ਦੇ ਹੱਥ ਆਈਆ। ਫਿਰ ਕਪੂਰੀ ਤੇ ਸਢੌਰੇ ਨੂੰ ਸੋਧਿਆ। ਮੁਖਲਿਸਗੜ੍ਹ ਦੇ ਕਿਲ੍ਹੇ ਨੂੰ ਜਿੱਤ ਕੇ ਉਸ ਦਾ ਨਾਂ ਲੋਹਗੜ੍ਹ' ਰੱਖਿਆ। ਉਪਰੰਤ ਅੰਬਾਲਾ, ਛੱਤ ਤੇ ਬਨੂੜ ਨੂੰ ਅਧੀਨ ਕੀਤਾ।

”

ਸਿੰਘ ਬਹਾਦਰ ਦੇ ਰੂਪ ਵਿਚ ਪੇਸ਼ ਕੀਤਾ।

ਦਸਮੇਸ਼ ਜੀ ਦੀ ਬਖਸ਼ਿਸ਼ ਦੁਆਰਾ ਬਾਬਾ ਬੰਦਾ ਬਹਾਦਰ ਨੇ ਗੁਰੂ ਜੀ ਦਾ ਮਿਸ਼ਨ ਪੂਰਾ ਕੀਤਾ। ਉਸ ਨੇ ਅਤਿਆਚਾਰੀ ਬਾਦਸ਼ਾਹ ਤੇ ਉਹਦੇ ਅਹਿਲਕਾਰਾਂ ਦੀ ਨੀਂਦ ਹਾਰਮ ਕਰ ਦਿੱਤੀ। ਉਸ ਨੇ ਸਰਹਿੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ ਅਤੇ ਪਹਿਲੀ ਵਾਰ 'ਸਿੱਖ ਰਾਜ ਦੀ ਸਥਾਪਨਾ' ਕੀਤੀ। ਉਸ ਨੇ ਸਿੱਖਾਂ ਨੂੰ ਰਾਜਸੀ ਅਧਿਕਾਰਾਂ ਲਈ ਸੰਘਰਸ਼ ਕਰਦੇ ਰਹਿਣ ਲਈ ਸੇਧ ਦਿੱਤੀ ਅਤੇ ਲਾਜਵਾਬ ਸ਼ਹੀਦੀ ਦੇ ਕੇ ਸ਼ਹੀਦਾਂ ਦੇ ਇਤਿਹਾਸ ਵਿਚ ਆਪਣਾ ਅਦੁੱਤੀ ਯੋਗਦਾਨ ਪਾਇਆ।

ਬੰਦਾ ਸਿੰਘ ਬਹਾਦਰ, ਜਿਸ ਦਾ ਪਹਿਲਾ ਨਾਂ ਲਛਮਣ ਦੇਵ ਸੀ, ਰਾਜਪੂਤੀ ਘਰਾਨੇ ਵਿਚ ਸ੍ਰੀ ਰਾਮ ਦੇਵ ਦੇ ਘਰ ਰਾਜੌਰੀ (ਪੁਣਛ) ਵਿਖੇ 16 ਅਕਤੂਬਰ, 1670 ਈ. ਨੂੰ ਪੈਦਾ ਹੋਇਆ। ਸਮਕਾਲੀਨ ਬਾਦਸ਼ਾਹ, ਔਰੰਗਜ਼ੇਬ ਦੇ ਜੀਵਨ ਦਾ ਮੁੱਖ ਮਨੋਰਥ 'ਪ੍ਰਭੂ-ਸੱਤਾ-ਇਸਲਾਮੀ-ਸਿੱਧਾਂਤ' ਅਨੁਸਾਰ 'ਦਾਰ-ਉਲ-ਹਰਬ' (ਕਾਫਰਾਂ ਦੀ ਧਰਤੀ) ਦੀ ਥਾਂ 'ਦਾਰ-ਉਲ-ਇਸਲਾਮ' (ਇਸਲਾਮ ਦੀ ਧਰਤੀ) ਸਥਾਪਿਤ ਕਰਨਾ ਸੀ'।[1] ਇਸੇ ਲਈ 'ਮੁਗਲ ਬਾਦਸ਼ਾਹ ਨੇ ਹਿੰਦੂਆਂ ਨੂੰ ਇਸਲਾਮ ਵਿਚ ਲਿਆਉਣ ਲਈ ਹਰ ਤਰ੍ਹਾਂ ਦੇ ਸੰਭਵ ਢੰਗ ਅਪਣਾਏ'।[2]

ਲਛਮਣ ਦੇਵ 15 ਵਰ੍ਹਿਆਂ ਦੀ ਉਮਰ ਵਿਚ ਇਕ ਬੈਰਾਗੀ ਟੋਲੇ ਨਾਲ ਰਲ ਕੇ ਮਾਧੋ ਦਾਸ ਬੈਰਾਗੀ ਬਣ ਗਿਆ। ਚਲਦਾ ਫਿਰਦਾ ਉਹ ਨਾਸਿਕ ਦੇ ਨੇੜੇ ਪੰਚਵਟੀ ਵਿਖੇ ਔਘੜ ਨਾਥ ਦਾ ਚੇਲਾ ਬਣਿਆ, ਜਿਸ ਪਾਸੋਂ ਉਹ ਰਿੱਧੀਆਂ, ਸਿੱਧੀਆਂ, ਜਾਦੂ, ਟੂਣੇ ਆਦਿ ਦੀ ਵਿਦਿਆ ਪ੍ਰਾਪਤ ਕਰਕੇ ਨੰਦੇੜ ਵਿਖੇ ਗੋਦਾਵਰੀ ਦੇ ਰਮਣੀਕ ਕਿਨਾਰੇ ਡੇਰਾ ਬਣਾ ਕੇ ਰਹਿਣ ਲੱਗਾ, ਜਿਥੇ ਹੁਣ 'ਗੁਰਦੁਆਰਾ ਬੰਦਾ ਘਾਟ' ਸਥਿਤ ਹੈ। ਮਨੋਕਾਮਨਾਵਾਂ ਪੂਰੀਆਂ ਕਰਾਉਣ ਵਾਲੇ ਲੋਕਾਂ ਦੀ ਬੈਰਾਗੀ ਪਾਸ ਭੀੜ ਲੱਗੀ ਰਹਿੰਦੀ, ਜਿਸ ਕਾਰਣ ਉਹ ਬਹੁਤ ਹੰਕਾਰੀ ਹੋ ਗਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਨੰਦੇੜ ਪਹੁੰਚ ਕੇ 'ਗੁਰਦੁਆਰਾ ਨਗੀਨਾ ਘਾਟ' ਵਾਲੇ ਸਥਾਨ ਤੇ ਡੇਰਾ ਕੀਤਾ। ਕੁਝ ਦਿਨ ਆਰਾਮ ਕਰਕੇ ਸਿੰਘਾਂ ਸਮੇਤ, ਮਾਧੋ ਦਾਸ ਬੈਰਾਗੀ ਦੇ ਡੇਰੇ ਪੁੱਜ ਕੇ ਉਸ ਦੇ ਤਲਿੱਸਮੀ ਪਲੰਘ ਉੱਪਰ ਜਾ ਬਿਰਾਜੇ ਤੇ ਉਸ ਨੂੰ ਉਕਸਾਉਣ ਲਈ ਉਸ ਦੇ ਡੇਰੇ ਦੀ ਵੈਸ਼ਨੋ ਮਰਿਆਦਾ ਭੰਗ ਕਰਨ ਲਈ ਸਿੰਘਾਂ ਨੂੰ ਓਥੇ ਬੱਕਰੇ ਝਟਕਾਉਣ ਲਈ ਆਦੇਸ਼ ਦਿੱਤੇ। ਬੈਰਾਗੀ ਨੇ ਆਪਣੇ ਵੱਸ ਕੀਤੇ ਬੀਰਾਂ ਦੀ ਸਹਾਇਤਾ ਅਤੇ ਯੋਗ ਸ਼ਕਤੀ ਨਾਲ ਪਲੰਘ ਉਲਟਾ ਕੇ ਗੁਰੂ ਜੀ ਦਾ ਅਪਮਾਨ ਕਰਨ ਦਾ ਨਿਸਫਲ ਯਤਨ ਕੀਤਾ। ਅਖ਼ੀਰ ਹਾਰ ਕੇ ਉਸ ਨੇ ਗੁਰੂ ਜੀ ਦੀ ਚਰਨੀਂ ਢਹਿ ਕੇ ਜੋਦੜੀ ਕੀਤੀ : 'ਦਾਤਾ ਜੀ, ਬਖਸ਼ ਦਿਉ, ਮੈਂ ਤੁਹਾਡਾ ਬੰਦਾ' (ਗੁਲਾਮ-ਦਾਸ)। ਮਾਧੋ ਦਾਸ ਬੈਰਾਗੀ ਦੇ ਆਤਮ-ਸਮਾਰਪਣ ਬਾਰੇ ਰਤਨ ਸਿੰਘ ਭੰਗੂ ਦੇ ਸ਼ਬਦ ਹਨ:

> 'ਤਬ ਉਨ ਕਹਯੋ ਮੈਂ ਬੰਦਾ ਤੇਰਾ। ਮੈ ਤੁਹਿ ਸਿੰਘ ਗੁਰੂ ਤੂ ਮੇਰਾ।
> ਪਿਛਲੀ ਬਾਤ ਮਾਫ ਹਮ ਕੀਜੈ। ਅਬ ਹੁਇ ਫਿਰ ਤੇ ਜਬਿ ਆਯੋ ਕੀਜੈ।

ਅਬ ਮੈਂ ਭਯੋਗ ਤੁਮਰੋ ਦਾਸ। ਸੋ ਮੈਂ ਕਰੋਂ ਹੁਕਮ ਹੋਇ ਖਾਸ'।[3]

**ਅਹਿਮਦ ਸ਼ਾਹ ਬਟਾਲੀਆ** ਦੇ ਅਨੁਸਾਰ 'ਗੁਰੂ ਜੀ ਨੇ ਤੁਰੰਤ ਓਸੇ ਸਮੇਂ ਖੰਡੇ ਬਾਟੇ ਦੀ ਪਾਹੁਲ ਦਾ ਪ੍ਰਬੰਧ ਕਰਕੇ ਮਾਧੋ ਦਾਸ ਬੈਰਾਗੀ ਨੂੰ ਸਿੰਘ ਸਜਾ ਦਿੱਤਾ ਤੇ ਆਪਣੇ ਡੇਰੇ ਲੈ ਆਏ'।[4] ਉਸ ਦਾ ਨਵਾਂ ਨਾਂ ਗੁਰਬਖ਼ਸ਼ ਸਿੰਘ ਰੱਖਿਆ ਗਿਆ, ਪਰ ਉਹ ਬੰਦਾ ਸਿੰਘ ਦੇ ਨਾਂ ਨਾਲ ਮਸ਼ਹੂਰ ਹੋ ਗਿਆ।

ਬੰਦਾ ਸਿੰਘ ਨੇ ਗੁਰੂ ਜੀ ਕੋਲ ਰਹਿੰਦਿਆਂ ਸਿੰਘਾਂ ਤੋਂ ਗੁਰੂ ਅਰਜਨ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਨਾਲ ਬੀਤੇ ਦੁਖਾਂਤ ਦਾ ਇਤਿਹਾਸ ਸੁਣਿਆ ਤਾਂ ਉਸ ਦਾ ਰਾਜਪੂਤੀ ਖ਼ੂਨ ਉਬਲਿਆ। ਉਸ ਨੇ ਵੈਰੀਆਂ ਨੂੰ ਸੋਧਣ ਲਈ ਗੁਰੂ ਜੀ ਪਾਸੋਂ ਸੇਵਾ ਮੰਗੀ। ਗੁਰੂ ਜੀ ਨੂੰ ਨਿਧੜਕ ਤੇ ਸਿਰਲੱਥ ਜਰਨੈਲ ਚਾਹੀਦਾ ਸੀ, ਜੋ ਉਨ੍ਹਾਂ ਦੇ ਮਿਸ਼ਨ ਨੂੰ ਪੂਰਾ ਕਰ ਸਕੇ ਅਤੇ ਉਹ ਉਨ੍ਹਾਂ ਨੂੰ 'ਬੰਦਾ ਸਿੰਘ' ਦੇ ਰੂਪ ਵਿਚ ਮਿਲ ਗਿਆ। ਗੁਰੂ ਜੀ ਨੇ ਉਸ ਨੂੰ 'ਬਹਾਦਰ' ਦਾ ਖਿਤਾਬ ਦੇ ਕੇ 'ਬੰਦ ਸਿੰਘ ਬਹਾਦਰ' ਬਣਾ ਦਿੱਤਾ' ਆਪਣੇ ਭੱਥੇ ਵਿਚੋਂ ਪੰਜ ਤੀਰ, ਨਿਸ਼ਾਨ ਸਾਹਿਬ ਅਤੇ ਨਗਾਰਾ ਬਖ਼ਸ਼ ਕੇ ਪੰਜਾਬ ਦੇ ਸਿੰਘਾਂ ਦੇ ਨਾਂ ਚਿੱਠੀ ਦਿੱਤੀ ਕਿ ਉਹ ਬੰਦਾ ਬਹਾਦਰ ਦੀ ਅਗਵਾਈ ਵਿਚ ਧਰਮ ਯੁੱਧ ਵਿਚ ਸ਼ਾਮਿਲ ਹੋਣ। ਇਸ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਹਦਾਇਤਾਂ ਅਤੇ ਆਸ਼ੀਰਵਾਦ ਦੇ ਕੇ ਉਸ ਨੂੰ ਪੰਜਾਬ ਲਈ ਟੋਰਿਆ ਗਿਆ। ਗੁਰਦੇਵ ਸਿੰਘ ਦਿਓਲ ਦੇ ਕਥਨ ਅਨੁਸਾਰ 'ਗੁਰੂ ਜੀ ਨੇ ਉਸ ਨਾਲ 25 ਸਿਰਲੱਥ ਸੂਰਮੇ, ਜਿਨ੍ਹਾਂ ਵਿਚੋਂ 5 ਸਿੰਘ ਪਿਆਰਿਆਂ ਦੇ ਰੂਪ ਵਿਚ ਭੇਜੇ, ਜਿਨ੍ਹਾਂ ਦੇ ਨਾਂ ਸਨ–ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਸ. ਦਇਆ ਸਿੰਘ, ਸ. ਰਣ ਸਿੰਘ ਅਤੇ ਸ. ਬਾਜ਼ ਸਿੰਘ'।[5]

ਬਾਬਾ ਬੰਦਾ ਸਿੰਘ ਬਹਾਦਰ ਅਪਾਣੇ ਸਾਥੀਆਂ ਸਮੇਤ ਵਾਹੋ ਦਾਹੀ ਮੰਜ਼ਲਾਂ ਮਾਰਦਾ ਦਿੱਲੀ ਤੋਂ ਅੱਗੇ, ਬਾਂਗਰ ਦੇ ਇਲਾਕੇ ਵਿਚ ਜਾ ਪਹੁੰਚਿਆ। ਇਥੇ ਉਸ ਨੇ ਗੁਰੂ ਜੀ ਦੇ ਮਿਸ਼ਨ ਦੀ ਪੂਰਤੀ ਲਈ ਸਿੰਘਾਂ ਨੂੰ ਕਮਰਕਸੇ ਕਰਕੇ ਨਿਸਚਿਤ ਸਮੇਂ ਤੇ ਨਿਸਚਿਤ ਸਥਾਨ ਤੇ ਇਕੱਠੇ ਹੋਣ ਲਈ ਸੱਦਾ ਦਿੱਤਾ। ਕਰਨਲ ਨਰਿੰਦਰਪਾਲ ਸਿੰਘ ਅਨੁਸਾਰ : 'ਉਸ ਦੀ ਸੱਦ ਨੇ ਪੰਜਾਬ ਵਿਚ ਇਕ ਹਨੇਰੀ ਝੁਲਾ ਦਿੱਤੀ।...ਪਿੰਡ ਪਿੰਡ ਵਿਚ ਲੋਕ ਆਪਣੀਆਂ ਤਲਵਾਰਾਂ ਨੂੰ ਮਾਂਜਨ ਲਿਸ਼ਕਾਉਣ ਲੱਗ ਪਏ।... ਲੋਕਾਂ ਨੇ ਮੱਝਾਂ ਵੇਚ ਦਿੱਤੀਆਂ ਤੇ ਘੋੜੇ ਖਰੀਦ ਲਏ'।[6]

ਗੁਰੂ ਜੀ ਦੇ ਬੰਦੇ ਦੀ ਆਵਾਜ਼ ਦੇਣ ਤੇ ਸਿੰਘਾਂ ਦੇ ਅਨੇਕਾਂ ਜਥੇ ਧਰਮ ਯੁੱਧ ਵਿਚ ਆ ਸ਼ਾਮਿਲ ਹੋਏ–ਸਲੌਦੀ ਦੇ ਸ. ਅਲੀ ਸਿੰਘ ਤੇ ਮਾਲੀ ਸਿੰਘ, ਭਾਈ ਭਗੂਤ ਦਾ ਪੋਤਰਾ–ਸ. ਫਤਿਹ ਸਿੰਘ, ਭਾਈ ਰੂਪੇ ਦੇ ਦੋ ਪੋਤਰੇ–ਸ. ਧਰਮ ਸਿੰਘ ਤੇ ਕਰਮ ਸਿੰਘ ਆਪਣੇ ਘੋੜ ਸਵਾਰਾਂ ਦੇ ਹਥਿਆਰਾਂ ਸਮੇਤ ਹਾਜ਼ਰ ਹੋਏ। ਫੂਲਕੀਆਂ ਬੰਸ ਦੇ ਸ. ਰਾਮ ਸਿੰਘ ਤੇ ਤ੍ਰਿਲੋਕ ਸਿੰਘ ਨੇ ਕੁੱਝ ਘੋੜ ਸਵਾਰ ਤੇ ਰਸਦ ਭੇਜੀ। ਮਾਲਵੇ ਦੇ ਦੋ ਹੋਰ ਸ. ਬੰਤਾ ਸਿੰਘ ਤੇ ਬਖਤਾ ਸਿੰਘ ਵੀ ਸ਼ਾਮਿਲ ਹੋਏ। ਦਿਨਾਂ ਵਿਚ ਹੀ ਇਹ ਦਲ ਹਜ਼ਾਰਾਂ ਦੀ ਗਿਣਤੀ ਵਿਚ ਹੋ ਗਿਆ।

ਬੰਦਾ ਸਿੰਘ ਬਹਾਦਰ ਨੇ ਸਭ ਤੋਂ ਪਹਿਲਾ ਸਿਹਰੀ ਖੰਡਾ ਮਾਰਿਆ। ਉਪਰੰਤ ਸੋਨੀਪਤ ਤੇ ਫਿਰ ਕੈਥਲ ਤੇ ਝਪਟਿਆ। ਇਥੇ ਦਿੱਲੀ ਨੂੰ ਜਾ ਰਹੇ ਸ਼ਾਹੀ ਖ਼ਜਾਨੇ ਤੇ ਸਿੱਖ ਫੌਜਾਂ ਨੇ ਕਬਜ਼ਾ ਕੀਤਾ। ਫਿਰ ਸਮਾਣੇ ਦੀ ਵਾਰੀ ਆਈ। ਗੁਰੂ ਤੇਗ ਬਹਾਦਰ ਜੀ ਤੇ ਛੋਟੇ ਸ਼ਾਹਿਬਜ਼ਾਦਿਆਂ ਤੇ ਕਾਤਲ ਸਮਾਣੇ ਦੇ ਰਹਿਣ ਵਾਲੇ ਸਨ। ਇਥੇ ਪੂਰਾ ਘਮਸਾਨ ਮੱਚਿਆ। 10 ਹਜ਼ਾਰ ਮੁਲਸਮਾਨ, ਸਿੰਘਾਂ ਦੀਆਂ ਤਲਵਾਰਾਂ ਦੀ ਭੇਂਟ ਹੋਏ। ਭਾਈ ਫਤਿਹ ਸਿੰਘ ਨੂੰ ਸਮਾਣੇ ਦਾ ਗਵਰਨਰ ਥਾਪਿਆ ਗਿਆ। ਇਸ ਤੋਂ ਬਾਅਦ ਘੜਾਮ, ਠਸਕਾ, ਸ਼ਾਹਬਾਦ (ਮਾਰਕੰਡਾ) ਤੇ ਮੁਸਤਫ਼ਾਬਾਦ ਨੂੰ ਅਧੀਨ ਕੀਤਾ। ਮੁਸਤਫਾਬਾਦ ਦੀ ਲੜਾਈ ਵਿਚ ਦੋ ਤੋਪਾਂ ਖ਼ਾਲਸੇ ਦੇ ਹੱਥ ਆਈਆ। ਫਿਰ ਕਪੂਰੀ ਤੇ ਸਢੌਰੇ ਨੂੰ ਸੋਧਿਆ। ਮੁਖਲਿਸਗੜ੍ਹ ਦੇ ਕਿਲ੍ਹੇ ਨੂੰ ਜਿੱਤ ਕੇ ਉਸ ਦਾ ਨਾਂ ਲੋਹਗੜ੍ਹ' ਰੱਖਿਆ। ਉਪਰੰਤ ਅੰਬਾਲਾ, ਛੱਤ ਤੇ ਬਨੂੜ ਨੂੰ ਅਧੀਨ ਕੀਤਾ।

ਇਨ੍ਹਾਂ ਮੁੱਢਲੀਆਂ ਜਿੱਤਾਂ ਕਾਰਣ ਖਾਲਸਾ ਫ਼ੌਜਾਂ ਦੇ ਹੌਂਸਲੇ ਬਹੁਤ ਬੁਲੰਦ ਹੋ ਗਏ ਤੇ ਹੋਰ ਲੋਕਾਂ ਨੂੰ ਖਾਲਸੇ ਦੇ ਝੰਡੇ ਹੇਠ ਆਉਣ ਦੀ ਪ੍ਰੇਰਣਾ ਮਿਲੀ। ਅਸਲ ਵਿਚ ਇਹ ਜਿੱਤਾਂ ਆਉਣ ਵਾਲੀ ਸਰਹਿੰਦ ਦੀ ਵੱਡੀ ਮੁਹਿੰਮ ਦਾ ਆਧਾਰ ਬਣੀਆ।

ਸਰਹਿੰਦ ਦਾ ਸੂਬੇਦਾਰ, ਵਜ਼ੀਰ ਖਾਂ ਇਕ ਵੱਡਾ ਜੰਗਜੂ, ਜੰਗੀ ਚਾਲਾਂ ਨੂੰ ਸਮਝਣ ਵਾਲ ਤੇ ਕੁਸ਼ਲ ਪ੍ਰਬੰਧਕ ਸੀ। ਉਸ ਨੇ ਬੰਦਾ ਬਹਾਦਰ ਨਾਲ ਲੋਹਾ ਲੈਣ ਲਈ 48 ਤੋਪਾਂ 200 ਹਾਥੀ, 10,000 ਘੋੜ ਸਵਾਰ, 5,000 ਪਿਆਦਾ ਫ਼ੌਜ, ਅਣਗਿਣਤ ਬੰਦੂਕਾਂ, ਦਾਰੂ ਸਿੱਕਾ ਅਤੇ ਰਸਦ ਦੇ ਭੰਡਾਰ ਇਕੱਠੇ ਕੀਤੇ। ਉਸ ਪਾਸ ਸਰਹਿੰਦ ਨੂੰ ਬਚਾਉਣ ਲਈ ਹਿਸਾਰ ਤੋਂ ਲੈ ਕੇ ਗੁਜਰਾਤ ਤਕ ਦੇ 5000 ਗਾਜ਼ੀ ਪਹੁੰਚੇ ਹੋਏ ਸਨ। ਏਨਾ ਕੁਝ ਕੋਲ ਹੋਣ ਤੇ ਵੀ ਉਹ ਬੰਦੇ ਤੋਂ ਭੈਅ ਖਾ ਰਿਹਾ ਸੀ।

ਇਧਰ ਬੰਦਾ ਸਿੰਘ ਬਹਾਦਰ ਕੋਲ ਸਿਰਫ 6 ਤੋਪਾਂ, ਹੁਣ ਤੱਕ ਕੀਤੀਆਂ ਲੜਾਈਆਂ ਵਿਚੋਂ ਬਚੀ ਫੌਜ, ਮਾਝੇ ਤੇ ਦੁਆਬੇ

“

ਬੰਦਾ ਬਹਾਦਰ ਦੀਆਂ ਜਿੱਤਾਂ ਦੇ ਪ੍ਰਭਾਵ ਕਾਰਨ ਬਹੁਤ ਸਾਰੇ ਗ਼ੈਰ-ਸਿੱਖਾਂ ਨੇ, ਸਿੱਖ ਧਰਮ ਗ੍ਰਹਿਣ ਕਰ ਲਿਆ। ਜਮਨਾ ਨਗਰ ਪਾਰ ਦੇਵਬੰਦ ਪ੍ਰਗਣੇ ਦੇ ਬਹੁਤੇ ਲੋਕ ਸਿੱਖ ਬਣ ਗਏ ਤਾਂ ਓਥੋਂ ਦੇ ਮੁਗ਼ਲ ਫੌਜਦਾਰ ਨੇ ਉਨ੍ਹਾਂ ਨੂੰ ਤਸੀਹੇ ਦੇਣੇ ਆਰੰਭ ਦਿੱਤੇ। ਬੰਦਾ ਆਪ ਉਸ ਨੂੰ ਸੋਧਣ ਲਈ ਗਿਆ। ਰਸਤੇ ਦਾ ਬਹੁਤਾ ਇਲਾਕਾ ਬਿਨ ਮੁਕਾਬਲੇ ਹੀ ਅਧੀਨ ਹੋ ਗਿਆ ਤੇ ਕਾਫੀ ਧਨ-ਮਾਲ ਬੰਦੇ ਦੇ ਹੱਥ ਆਇਆ। ਅਖ਼ੀਰ ਜਲਾਲਾਬਾਦ ਨੂੰ ਘੇਰਾ ਪਾਇਆ ਗਿਆ, ਪਰ ਸ਼ਹਿਰ ਉਚਾਈ ਉੱਤੇ ਹੋਣ ਕਰਕੇ ਅਤੇ ਬਾਰਸ਼ ਦਾ ਮੌਸਮ ਆਰੰਭ ਹੋਣ ਕਾਰਣ ਬੰਦੇ ਨੇ ਵਾਪਿਸ ਮੁੜਦਿਆਂ ਕਰਨਾਲ ਫਤਹਿ ਕੀਤਾ।

”

ਦੇ ਮਰਜੀਵੜੇ ਸਿੰਘ ਜੋ ਇਸ ਧਰਮ ਯੁੱਧ ਲਈ ਜਾਨਾਂ ਤਲੀ ਤੇ ਹੈ ਟਿਕਾ ਕੇ ਆਏ ਸਨ, 5000 ਧਾੜਵੀ ਅਤੇ ਵਜ਼ੀਰ ਖਾਂ ਦੀ ਜੰਗੀ ਚਾਲਾਂ ਦੁਆਰਾ ਭੇਜੇ ਹੋਏ ਸੁੱਚਾ ਨੰਦ ਦੇ ਭਤੀਜੇ ਗੰਡਾ ਮੱਲ ਦੇ 1,000 ਘੋੜ ਸੁਆਰ (ਜੋ ਅਸਲ ਵਿਚ ਬੰਦੇ ਨੂੰ ਕਤਲ ਕਰਨ ਲਈ ਭੇਜੇ ਗਏ ਸਨ) ਅਤੇ ਸਭ ਤੋਂ ਵੱਧ ਉਸ ਦਾ ਹੌਸਲਾ ਬੁਲੰਦ ਰੱਖਣ ਲਈ ਉਸ ਦੀ ਪਿੱਠ ਤੇ ਗੁਰੂ ਗੋਬਿੰਦ ਜੀ ਦਾ ਹੱਥ ਸੀ। ਇਸ ਲੜਾਈ ਵਿਚ ਖਾਲਸੇ ਦੀ ਹੋਂਦ ਅਤੇ ਮੁਗਲਾਂ ਦੀ ਇੱਜ਼ਤ ਦਾ ਸਵਾਲ ਸੀ।

12 ਮਈ, 1710 ਈ. ਨੂੰ 'ਚੱਪੜ ਚਿੜੀ' ਦੇ ਮੈਦਾਨ ਵਿਚ ਖ਼ਾਲਸਾ ਫੌਜਾਂ ਤੇ ਸ਼ਾਹੀ ਸੈਨਾ ਆਮ੍ਹਣੇ-ਸਾਮ੍ਹਣੇ ਸਨ। ਸਿੰਘਾਂ ਦੇ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦਾ 'ਅੱਲਾ-ਹੂ-ਅਕਬਰ' ਦੇ ਨਾਅਰਿਆਂ ਅਤੇ ਤੋਪਾਂ ਦੇ ਪਲੀਤਿਆਂ ਨੇ ਸਵਾਗਤ ਕੀਤਾ। ਬੰਦੇ ਦੇ ਨਾਲ ਰਲੇ ਧਾੜਵੀ ਦੇ ਗੰਡਾ ਮੱਲ ਦੇ ਸਾਰੇ ਸਵਾਰ ਲੜਾਈ ਦੇ ਸ਼ੁਰੂ ਹੁੰਦਿਆ ਹੀ ਖਿਸਕ ਗਏ।

ਵੈਰੀ ਦੀਆਂ 4 ਦਰਜਨ ਤੋਪਾਂ ਦਾ ਮੁਕਾਬਲਾ ਕਰਨਾ ਬੜਾ ਔਖਾ ਸੀ। ਇਸ ਲਈ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ। ਬੰਦੇ ਦੀ ਹਦਾਇਤ ਅਨੁਸਾਰ ਮਰਜੀਵੜੇ ਸਿੰਘ ਦੁਸ਼ਮਨ ਦੀਆਂ ਤੋਪਾਂ ਤੇ ਟੁੱਟ ਕੇ ਪੈ ਗਏ ਤੇ ਤੋਪਾਂ ਖੋਹ ਲਈਆ। ਹੱਥੋ ਹੱਥ ਲੜਾਈ ਦਾ ਦ੍ਰਿਸ਼ ਬੜਾ ਭਿਅੰਕਰ ਸੀ। ਖੰਡੇ ਨਾਲ ਖੰਡਾ ਠਹਿਕਿਆ। ਲੋਥਾਂ ਦੇ ਢੇਰ ਲੱਗ ਗਏ। ਹਰ ਪਾਸੇ ਖ਼ੂਨ ਹੀ ਖ਼ੂਨ ਦਿਖਾਈ ਦਿੰਦਾ ਸੀ। ਬੰਦਾ ਇਕ ਉੱਚੇ ਟਿੱਬੇ ਤੇ ਬੈਠਾ ਦੋਹਾਂ ਫੌਜਾਂ ਦਾ ਜਾਇਜ਼ਾ ਲੈ ਰਿਹਾ ਸੀ। ਵਜ਼ੀਰ ਖਾਂ ਨੇ ਸਿੰਘਾਂ ਉਪਰ ਕਾਬੂ ਪਾਉਣ ਲਈ, ਆਪਣਾ ਹਾਥੀ ਅਗਲੀ ਪਾਲ ਵਿਚ ਲਿਆ ਗਾਜ਼ੀਆਂ ਨੂੰ ਹੱਲਾਸ਼ੇਰੀ ਦਿੱਤੀ। ਇਹ ਤੱਕ ਕੇ ਸੋਹਣ ਸਿੰਘ ਅਨੁਸਾਰ 'ਬੰਦਾ ਉਠਿਆ ਜਿਵੇਂ ਭੁੱਖਾ ਸ਼ੇਰ ਆਪਣੀ ਗੁਫਾ ਵਿਚੋਂ ਨਿਕਲਿਆ ਹੋਵੇ ਅਤੇ ਬਿਜਲੀ ਵਾਂਗ ਵੈਰੀ ਦੀ ਸੈਨਾ ਤੇ ਟੁੱਟ ਪਿਆ। ਸਿੰਘਾਂ ਦੇ ਹੌਂਸਲੇ ਵਧ ਗਏ ਤੇ ਵੈਰੀਆਂ ਦੇ ਸਭ ਪਾਸੇ ਭੈ ਛਾ ਗਿਆ'।[7]

ਵਜ਼ੀਰ ਖਾਂ, ਬਾਜ਼ ਸਿੰਘ ਅਤੇ ਫਤਹਿ ਸਿੰਘ ਵਿਚਕਾਰ ਘਿਰ ਗਿਆ। ਫਤਹਿ ਸਿੰਘ ਨੇ ਫੁਰਤੀ ਨਾਲ ਘੋੜੇ ਤੇ ਚੜ੍ਹ ਕੇ ਤਲਵਾਰ ਨਾਲ ਵਜ਼ੀਰ ਖਾਂ ਦੀ ਬਾਂਹ ਕੱਟ ਦਿੱਤੀ। ਉਹ ਧਰਤੀ 'ਤੇ ਆ ਡਿੱਗਾ ਤੇ ਜ਼ਿੰਦਾ ਹੀ ਦਬੋਚ ਲਿਆ ਗਿਆ। ਵਜ਼ੀਰ ਖਾਂ ਦੇ ਹਾਥੀ ਤੋਂ ਡਿਗਦਿਆਂ ਹੀ ਮੁਗਲ ਫੌਜ ਲੜਾਈ ਦੇ ਮੈਦਾਨ ਵਿਚੋਂ ਭੱਜ ਉੱਠੀ। ਇਸ ਦੀ ਰੀਪੋਰਟ ਖਾਫੀ ਖਾਂ ਦੇ ਸ਼ਬਦਾਂ ਵਿਚ : 'ਧਨ-ਮਾਲ, ਘੋੜੇ, ਹਾਥੀ ਬੇਦੀਨਿਆਂ (ਸਿੱਖਾਂ) ਦੇ ਹੱਥ ਆਏ ਅਤੇ ਇਸਲਾਮੀ ਸੈਨਾ ਦਾ ਇਕ ਬੰਦਾ ਵੀ ਜਾਨ ਤੇ ਤਨ ਦੇ ਕਪੜਿਆਂ ਤੋਂ ਬਿਨਾ ਕੁਝ ਵੀ ਬਚਾ ਨਾ ਸਕਿਆ। ਵੱਡੀ ਗਿਣਤੀ ਵਿਚ ਪਿਆਦੇ ਤੇ ਘੋੜ-ਚੜ੍ਹੇ ਕਾਫਰਾਂ ਦੀਆਂ ਤਲਵਾਰਾਂ ਦੇ ਸ਼ਿਕਾਰ ਬਣੇ, ਜਿਨ੍ਹਾਂ ਨੇ ਉਨ੍ਹਾਂ ਦਾ ਸਰਹਿੰਦ ਤੱਕ ਪਿੱਛਾ ਕੀਤਾ'।[8]

ਸਰਹਿੰਦ ਫਤਹਿ ਹੋਣ ਤੇ ਜੈਕਾਰੇ ਗਜਾਏ ਗਏ ਤੇ ਨਗਾਰਾ ਵਜਾਇਆ ਗਿਆ। ਸ. ਕਰਮ ਸਿੰਘ ਦੀ ਕਮਾਨ ਹੇਠ ਇਕ ਤਕੜੇ ਜੱਥੇ ਨੇ ਸਰਹਿੰਦ ਸ਼ਹਿਰ ਨੂੰ ਘੇਰਾ ਪਾ ਲਿਆ ਤਾਂ ਕਿ ਕੋਈ ਅਮੀਰ, ਵਜ਼ੀਰ ਜਾਂ ਵਪਾਰੀ ਆਪਣਾ ਧਨ-ਮਾਲ ਲੈ ਕੇ ਭੱਜ ਨਾ ਜਾਏ। ਰਾਤ ਸਮੇਂ ਤੇ ਅਗਲੇ ਦਿਨ ਫੱਟੜ ਸੈਨਿਕਾਂ ਦੀ ਮੱਲ੍ਹਮ-ਪੱਟੀ ਕੀਤੀ ਗਈ ਤੇ ਸ਼ਹੀਦ ਸਿੰਘਾਂ ਦੇ ਸਸਕਾਰ ਕੀਤੇ ਗਏ। 14 ਮਈ, 1710 ਈ. ਨੂੰ ਜੇਤੂ ਖ਼ਾਲਸਾ ਫੌਜ ਨੇ ਸਰਹਿੰਦ ਵਿਚ ਪ੍ਰਵੇਸ਼ ਕੀਤਾ। ਹਵੇਲੀਆਂ ਤੇ ਮਹੱਲਾਂ ਦੀ ਤਲਾਸ਼ੀ ਲਈ ਗਈ। ਤਿੰਨ ਦਿਨ ਸਰਹਿੰਦ ਨੂੰ ਲੁੱਟਿਆ ਗਿਆ। ਡਾ. ਗੰਡਾ ਸਿੰਘ ਅਨੁਸਾਰ 'ਬੰਦਾ ਬਹਾਦਰ ਦੇ ਹੱਥ ਆਏ ਲੁੱਟ ਦੇ ਮਾਲ ਦਾ ਅੰਦਾਜ਼ਾ ਦੋ ਕਰੋੜ ਰੁਪੈ ਹੋਵੇਗਾ'।[9]

ਕਰਮ ਸਿੰਘ ਦੇ ਕਥਨ ਮੁਤਾਬਿਕ ਵਜ਼ੀਰ ਖਾਂ ਦੀਆਂ ਲੱਤਾਂ ਨੂੰ ਰੱਸਾ ਪਾ ਕੇ, ਘੋੜੇ ਪਿੱਛੇ ਬੰਨ੍ਹ ਕੇ ਸਰਹਿੰਦ ਦੀਆਂ ਗਲੀਆਂ ਵਿਚ ਘਸੀਟਿਆ ਗਿਆ ਅਤੇ ਉਸ ਦੀ ਲਾਸ਼ ਇਕ ਦਰੱਖ਼ਤ ਨਾਲ ਲਟਕਾ ਕੇ ਇੱਲਾਂ-ਚੀਲ੍ਹਾਂ ਦੀ ਦਾਅਵਤ ਲਈ ਛੱਡ ਦਿੱਤੀ ਗਈ'।[10]

ਮੈਕਾਲਿਫ ਅਨੁਸਾਰ 'ਸੁੱਚਾ ਨੰਦ ਵਜ਼ੀਰ ਦੇ ਨੱਕ ਵਿਚ ਨਕੇਲ ਪਾ ਕੇ ਉਸ ਪਾਸੋਂ ਦਰ ਦਰ ਤੇ ਭੀਖ ਮੰਗਵਾਈ ਗਈ ਤੇ ਉਹ ਲੋਕਾਂ ਕੋਲੋਂ ਸਿਰ ਤੇ ਜੁੱਤੀਆਂ ਖਾਂਦਾ ਖਾਂਦਾ ਮਰ ਗਿਆ'।[11]

17 ਮਈ, 1710 ਈ. ਨੂੰ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਵਾਲੇ ਸਥਾਨ ਤੇ ਖ਼ਾਲਸਾ ਫੌਜ ਅਤੇ ਇਲਾਕੇ ਦੀਆਂ ਸੰਗਤਾਂ ਦੇ ਇਕ ਵੱਡੇ ਇਤਿਹਾਸਕ ਇਕੱਠ ਵਿਚ ਸਰਹਿੰਦ-ਫਤਹਿ ਲਈ ਸਤਿਗੁਰੂ ਅਕਾਲ ਪੁਰਖ ਦਾ ਧੰਨਵਾਦ ਕੀਤਾ ਗਿਆ ਅਤੇ 'ਇਸ ਵੱਡੇ ਇਕੱਠ ਵਿਚ 'ਸਿੱਖ ਰਾਜ ਦੀ ਸਥਾਪਨਾ' ਦਾ ਐਲਾਨ ਕੀਤਾ ਗਿਆ'।[12] ਬੰਦਾ ਬਹਦਰ ਨੇ ਕੌਮੀ ਨੇਤਾ ਦੀ ਜ਼ਿੰਮੇਵਾਰੀ ਸੰਭਾਲੀ, ਬਾਜ਼ ਸਿੰਘ ਨੂੰ ਸਰਹਿੰਦ ਦਾ ਗਵਰਨਰ ਥਾਪਿਆ ਗਿਆ ਅਤੇ ਸਰਹਿੰਦ ਦੇ 28 ਪਰਗਣਿਆਂ ਦੇ ਮੁਖੀ ਸਿੱਖ ਤੇ ਹਿੰਦੂ ਲਾਏ ਗਏ।

ਕੁਝ ਦਿਨ ਸਰਹਿੰਦ ਦਾ ਪ੍ਰਬੰਧਕੀ ਕੰਮ ਕਾਜ ਦੇਖਣ ਉਪਰੰਤ ਬੰਦਾ ਸਿੰਘ ਬਹਾਦਰ ਘੁੜਾਨੀ (ਪਾਇਲ) ਤੋਂ ਹੋ ਕੇ ਮਲੇਰਕੋਟਲੇ ਗਿਆ, ਜਿਥੇ ਓਥੋਂ ਦੇ ਨਵਾਬ ਨੇ ਇਕ ਸਿੱਖ ਬੀਬੀ, ਅਨੂਪ ਕੌਰ ਨੂੰ ਕ਼ਬਰ ਵਿਚ ਦਫਨਾ ਦਿੱਤਾ ਸੀ। ਬੰਦੇ ਨੇ ਉਸ ਬੀਬੀ ਦੀ ਲਾਸ਼ ਨੂੰ ਕਬਰ ਵਿਚੋਂ ਕੱਢ ਕੇ ਸਿੱਖ ਮਰਿਆਦਾ ਅਨੁਸਾਰ ਸਸਕਾਰ ਕੀਤਾ ਅਤੇ ਨਵਾਬ ਵੱਲੋਂ ਖ਼ਿਮਾ ਮੰਗਣ ਤੇ ਉਸ ਪਾਸੋਂ 10 ਹਜ਼ਾਰ ਰੁਪੈ ਨਜ਼ਰਾਨਾ ਵਸੂਲ ਕੀਤਾ। ਉਪਰੰਤ ਉਹ ਰਾਏ ਕੋਟ ਦੇ ਨਵਾਬ ਪਾਸੋਂ 5 ਹਜ਼ਾਰ ਨਜ਼ਰਾਨਾ ਤੇ ਕੁੱਝ ਘੋੜੇ ਲੈ ਕੇ ਸਰਹਿੰਦ ਮੁੜ ਆਇਆ। ਇਸ ਤਰ੍ਹਾਂ 'ਥੋੜੇ ਹੀ ਦਿਨਾਂ ਵਿਚ ਸਢੌਰੇ ਤੋਂ ਰਾਏਕੋਟ ਤੇ ਮਾਛੀਵਾੜਾ, ਲੁਧਿਆਣਾ ਤੋਂ ਕਰਨਾਲ ਦੀ ਦੱਖਣੀ ਹੱਦ ਤਕ ਸਾਰਾ ਇਲਾਕਾ ਸਿੰਘਾਂ ਦੇ ਅਧੀਨ ਹੋ ਗਿਆ'।[13]

ਸਰਹਿੰਦ ਸ਼ਾਹਰਾਹ (ਜੀ.ਟੀ.ਰੋਡ) ਤੇ ਸਥਿਤ ਹੋਣ ਕਾਰਣ ਸੈਨਿਕ ਦ੍ਰਿਸ਼ਟੀਕੋਣ ਤੋਂ ਸੁਰੱਖਿਅਤ ਨਹੀਂ ਸੀ। ਇਸ ਲਈ 'ਲੋਹਗੜ੍ਹ (ਮੁਖਲਿਸਗੜ੍ਹ) ਨੂੰ ਸਿੱਖ ਰਾਜ ਦੀ ਰਾਜਧਾਨੀ ਬਣਾਇਆ ਗਿਆ।... ਇਸ ਕਿਲ੍ਹੇ ਵਿਚ ਬੰਦਾ ਬਹਾਦਰ ਨੇ ਸਾਰਾ ਖਜ਼ਾਨਾ ਤੇ ਜੰਗੀ ਸਾਮਾਨ ਇਕੱਠਾ ਕਰਕੇ ਭਵਿੱਖ ਦੀਆਂ ਮੁਹਿੰਮਾਂ ਦਾ ਅਧਾਰ ਬਣਾਇਆ'।[14]

ਬੰਦਾ ਸਿੰਘ ਬਹਾਦਰ ਨੇ 'ਸਿੱਖ ਰਾਜ ਦਾ ਸਿੱਕਾ' ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਜਾਰੀ ਕੀਤਾ ਤੇ ਫੁਰਮਾਨ ਜਾਰੀ ਕਰਨ ਲਈ 'ਸਰਕਾਰੀ ਮੋਹਰ' ਵੀ ਗੁਰੂਆਂ ਦੇ ਨਾਂ ਤੇ ਹੀ ਬਣਵਾਈ'[15]

ਸਿੱਕੇ ਦੇ ਇਕ ਪਾਸੇ ਫਾਰਸੀ ਵਿਚ ਉਕਰਿਆ ਹੋਇਆ ਸੀ:

*'ਸਿੱਕਾ ਜ਼ਦ ਬਰ ਹਰ ਦੋ ਆਲਮ, ਤੇਗਿ ਨਾਨਕ ਵਾਹਿਬ ਅਸਤ।*
*ਫਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਨਿ, ਫਜ਼ਲ ਸੱਚਾ ਸਾਹਿਬ ਅਸਤ'।*

ਸਿੱਕੇ ਦੇ ਦੂਜੇ ਪਾਸੇ :

*'ਜ਼ਰਬ ਬ-ਅਮਾਨੁ-ਉਲ-ਦਹਿਰ, ਮੁਸੱਵਰਤ ਸ਼ਹਿਰ,*
*ਜ਼ੀਨਤ ਉਲ-ਤਖਤ, ਮੁਬਾਰਿਕ ਬਖਤ'।*
ਭਾਵ- ਜਾਰੀ ਹੋਇਆ ਸੰਸਾਰ ਦੇ ਸ਼ਾਂਤੀ-ਅਸਥਾਨ, ਸ਼ਹਿਰਾਂ ਦੀ ਮੂਰਤੀ, ਧੰਨਭਾਗੀ ਰਾਜਧਾਨੀ ਤੋਂ।

ਖਾਲਸਾ ਰਾਜ ਦੀ ਪਹਿਲੀ ਸਰਕਾਰੀ ਮੋਹਰ ਦੀ ਇਬਾਰਤ :

*'ਦੇਗੋ ਤੇਗੋ ਫਤਿਹ ਓ ਨੁਸਰਤ ਬੇ-ਦਿਰੰਗ,*
*ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ'।*
ਭਾਵ- ਦੇਗ, ਤੇਗ ਜਿੱਤ ਤੇ ਸੇਵਾ ਨਿਰਾਲੰਬ ਗੁਰੂ ਗੋਬਿੰਦ ਸਿੰਘ ਤੋਂ ਪਾਈ।

ਪੰਜਾਬ ਦੀ ਬਹੁਤੀ ਵੱਸੋਂ ਖੇਤੀਬਾੜੀ ਦਾ ਧੰਦਾ ਕਰਦੀ ਸੀ, ਪਰ ਇਥੇ ਜ਼ਿਮੀਂਦਾਰਾ-ਪ੍ਰਣਾਲੀ ਪ੍ਰਚੱਲਤ ਸੀ। ਬੰਦੇ ਨੇ ਜ਼ਿਮੀਂਦਾਰੀ-ਪ੍ਰਣਾਲੀ ਖ਼ਤਮ ਕਰਕੇ ਮਾਲਕੀ ਦੇ ਹੱਕ ਵਾਹੀਕਾਰਾਂ ਨੂੰ ਦਿੱਤੇ। ਗੁਰਦੇਵ ਸਿੰਘ ਦਿਓਲ ਅਨੁਸਾਰ 'ਕਿਸਾਨਾਂ

ਨੂੰ ਜ਼ਮੀਨ ਦੀ ਮਾਲਕੀ ਦੇਣ ਦਾ ਸਿਹਰਾ ਬੰਦੇ ਦੇ ਸਿਰ ਤੇ ਹੈ। ਆਰਥਿਕ ਖੇਤਰ ਵਿਚ ਬੰਦੇ ਦੀ ਇਹ ਦੇਣ ਉੱਘੀ ਹੈ, ਜਿਸ ਦੀ ਛਾਪ ਅੱਜ ਵੀ ਪੰਜਾਬ ਦੀ ਆਰਥਿਕਤਾ ਉੱਤੇ ਲੱਗੀ ਦਿੱਸਦੀ ਹੈ'।[16]

ਬੰਦਾ ਬਹਾਦਰ ਦੀਆਂ ਜਿੱਤਾਂ ਦੇ ਪ੍ਰਭਾਵ ਕਾਰਣ ਬਹੁਤ ਸਾਰੇ ਗ਼ੈਰ-ਸਿੱਖਾਂ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ। ਜਮਨਾ ਨਗਰ ਪਾਰ ਦੇਵਬੰਦ ਪ੍ਰਗਣੇ ਦੇ ਬਹੁਤੇ ਲੋਕ ਸਿੱਖ ਬਣ ਗਏ ਤਾਂ ਓਥੋਂ ਦੇ ਮੁਗ਼ਲ ਫੌਜਦਾਰ ਨੇ ਉਨ੍ਹਾਂ ਨੂੰ ਤਸੀਹੇ ਦੇਣੇ ਆਰੰਭ ਦਿੱਤੇ। ਬੰਦਾ ਆਪ ਉਸ ਨੂੰ ਸੋਧਣ ਲਈ ਗਿਆ। ਰਸਤੇ ਦਾ ਬਹੁਤਾ ਇਲਾਕਾ ਬਿਨ ਮੁਕਾਬਲੇ ਹੀ ਅਧੀਨ ਹੋ ਗਿਆ ਤੇ ਕਾਫੀ ਧਨ-ਮਾਲ ਬੰਦੇ ਦੇ ਹੱਥ ਆਇਆ। ਅਖ਼ੀਰ ਜਲਾਲਾਬਾਦ ਨੂੰ ਘੇਰਾ ਪਾਇਆ ਗਿਆ, ਪਰ ਸ਼ਹਿਰ ਉਚਾਈ ਉੱਤੇ ਹੋਣ ਕਰਕੇ ਅਤੇ ਬਾਰਸ਼ ਦਾ ਮੌਸਮ ਆਰੰਭ ਹੋਣ ਕਾਰਨ ਬੰਦੇ ਨੇ ਵਾਪਿਸ ਮੁੜਦਿਆਂ ਕਰਨਾਲ ਫਤਹਿ ਕੀਤਾ।

ਹੁਣ ਕੁਝ ਸਮੇਂ ਲਈ ਬੰਦਾ ਭਗਤੀ ਕਰਨ ਲਈ ਪਹਾੜਾਂ ਵਿਚ ਚਲਾ ਗਿਆ। ਦੱਖਣ ਤੋਂ ਵਾਪਸੀ ਤੇ ਬਾਦਸ਼ਾਹ ਬਹਾਦਰ ਸ਼ਾਹ ਨੇ ਦਿੱਲੀ ਦੇ ਗਵਰਨਰ ਨਾਲ ਫੌਜਾਂ ਚੜ੍ਹਾ ਕੇ ਤ੍ਰਾਵੜੀ, ਥਾਨੇਸਰ, ਸ਼ਾਹਬਾਦ ਤੇ ਸਰਹਿੰਦ ਵਾਪਿਸ ਲੈ ਲਏ। ਖੁਣਸ ਖਾ ਕੇ ਬੰਦਾ ਪਹਾੜ 'ਚੋਂ ਉਤਰਿਆ, ਸ਼ਾਹਬਾਦ ਦੀ ਲਹੂ ਡੋਲ੍ਹਵੀਂ ਲੜਾਈ ਹੋਈ, ਜਿਸ ਵਿਚ ਸ਼ਾਹੀ ਸੈਨਾ ਮੂੰਹ ਦੀ ਖਾ ਕੇ ਭੱਜ ਗਈ। ਇਥੇ ਕਿਲ੍ਹੇ ਦਾ ਨਾਂ ਬੰਦਾ ਬਹਾਦਰ ਨੇ 'ਮਸਤ ਗੜ੍ਹ' ਰੱਖਿਆ ਤੇ ਇਸ ਕਿਲ੍ਹੇ ਦੇ ਬਾਹਰਵਾਰ ਇਕ ਮਸਜਿਦ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਪ੍ਰਕਾਸ਼ ਕਰਵਾਇਆ, ਜਿਸ ਦਾ ਅਜੇ ਵੀ ਨਾਂ 'ਗੁਰਦਵਾਰਾ ਮਸਤ ਗੜ੍ਹ' ਹੀ ਹੈ।

ਇਸ ਤੋਂ ਬਾਅਦ ਬੰਦਾ ਲੋਹ ਗੜ੍ਹ ਵਿਚ ਗਿਆ ਜਿਥੇ ਉਸ ਨੂੰ ਬਾਦਸ਼ਾਹ ਦੀ ਸਿੱਧੀ ਕਮਾਨ ਹੇਠ ਤਿੰਨ ਪਾਸਿਆਂ ਤੋਂ ਘੇਰ ਲਿਆ ਗਿਆ। ਸਿੰਘ ਸਿਰ ਧੜ ਦੀ ਬਾਜ਼ੀ ਲਾ ਕੇ ਲੜੇ, ਪਰ ਸਾਧਨਾਂ ਦੇ ਅਭਾਵ ਕਾਰਣ ਬੰਦਾ ਆਪਣੇ ਬਚੇ ਸਾਥੀਆਂ ਸਮੇਤ ਕਿਲ੍ਹੇ ਵਿਚੋਂ ਨਿਕਲ ਕੇ ਪਹਾੜ ਵੱਲ ਨਿਕਲ ਗਿਆ।

ਉਪਰੰਤ ਉਸ ਨੇ ਸਿੱਖ ਫੌਜਾਂ ਇਕੱਠੀਆਂ ਕਰਕੇ ਪਹਾੜੀ ਰਾਜਿਆਂ ਨੂੰ ਸੋਧਿਆ। ਚੰਬੇ ਦੇ ਰਾਜੇ ਉਦੈ ਸਿੰਘ ਨੇ ਉਸ ਦੀ ਰਾਜ ਘਰਾਣੇ ਵਿਚ ਸ਼ਾਦੀ ਕਰਵਾ ਦਿੱਤੀ। ਇਸੇ ਤਰ੍ਹਾਂ ਉਸ ਨੇ ਜੰਮੂ ਦੇ ਮੁਗ਼ਲ ਫੌਜਦਾਰ ਨੂੰ ਹਰਾਇਆ। ਇਥੇ ਹੀ ਵਜ਼ੀਰਾਬਾਦ ਦੇ ਇਕ ਖੱਤਰੀ ਦੇ ਜ਼ੋਰ ਦੇਣ ਤੇ ਬੰਦਾ ਬਹਾਦਰ ਦਾ ਦੂਜਾ ਵਿਆਹ ਹੋਇਆ।[17]

ਕੁਝ ਸਮੇਂ ਬਾਅਦ ਬੰਦਾ ਬਹਾਦਰ ਨੇ ਜੰਮੂ ਦੇ ਫੌਜਦਾਰ ਨੂੰ ਮਾਰ ਮੁਕਾਇਆ। ਮੁਗ਼ਲ ਸੈਨਾ ਨੇ ਉਸ ਨੂੰ ਫਿਰ ਤਿੰਨਾਂ ਪਾਸਿਆਂ ਤੋਂ ਘੇਰ ਲਿਆ ਪਰ ਉਹ ਹੱਥ ਨਾ ਆਇਆ।

16 ਫਰਵਰੀ, 1712 ਈ. ਨੂੰ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਤਖ਼ਤ ਲਈ ਖ਼ਾਨਾਜੰਗੀ ਹੋਈ ਤੇ ਅਖੀਰ। ਜਨਵਰੀ, 1713 ਈ. ਨੂੰ ਫਰੁੱਖਸੀਅਰ ਨੇ ਬਾਦਸ਼ਾਹ ਬਣਦੇ ਹੀ ਬੰਦੇ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਮੁਗ਼ਲ-ਖਾਨਾਜੰਗੀ ਦਾ ਲਾਭ ਉਠਾ ਕੇ ਬੰਦੇ ਨੇ, ਗੁਰਦਾਸਪੁਰ ਦੇ ਕਿਲ੍ਹੇ ਤੇ ਕਬਜ਼ਾ ਕਰਕੇ ਉਸ ਦੀ ਮੁਰੰਮਤ ਕਰਵਾਈ ਅਤੇ ਦਾਰੂ-ਸਿੱਕਾ ਤੇ ਰਸਦ ਇਕੱਠੀ ਕੀਤੀ।

ਫਰੁੱਖਸੀਅਰ ਨੇ ਬੰਦੇ ਨਾਲ ਫੈਸਲਾਕੁਨ ਲੜਾਈ ਕਰਨ ਦਾ ਫੈਸਲਾ ਕੀਤਾ। ਲਾਹੌਰ ਦੇ ਗਵਰਨਰ ਅਬਦੁੱਸ ਸਮਦ ਖਾਂ, ਕਸ਼ਮੀਰ ਦੇ ਗਵਰਨਰ ਜ਼ਬਰਦਸਤ ਖਾਂ, ਪੰਜਾਬ ਦੇ ਸਾਰੇ ਫੌਜਦਾਰਾਂ ਤੇ ਜਾਗੀਰਦਾਰਾਂ ਅਤੇ ਕਟੋਚ ਤੇ ਜਸਰੌਤੇ ਦੇ ਰਾਜਿਆਂ ਦੀਆਂ ਫੌਜਾ ਨੇ ਬੰਦੇ ਦਾ ਪਿੱਛਾ ਕੀਤਾ। ਫਰੁੱਖਸੀਅਰ ਨੇ ਵੀ ਦਿੱਲੀ ਤੋਂ 20 ਹਜ਼ਾਰ ਫੌਜ ਭੇਜੀ। ਕਲਾਨੌਰ ਦੇ ਨੇੜੇ ਬੰਦੇ ਨੇ ਸ਼ਾਹੀ ਸੈਨਾ ਦਾ ਕਾਫੀ ਨੁਕਸਾਨ ਕੀਤਾ, ਪਰ ਉਹ ਗੁਰਦਾਸਪੁਰ ਦੇ ਕਿਲ੍ਹੇ ਤੱਕ ਨਾ ਪਹੁੰਚ ਸਕਿਆ। ਉਸ ਨੂੰ ਗੁਰਦਾਸ ਨੰਗਲ ਦੇ ਦੁਨੀ ਚੰਦ ਦੀ ਹਵੇਲੀ ਵਿਚ ਸ਼ਰਨ ਲੈਣੀ ਪਈ। ਸ਼ਾਹੀ ਸੈਨਾ ਨੇ ਖ਼ਾਲਸਾ ਫੌਜਾਂ ਨੂੰ ਚਹੁੰਆਂ ਪਾਸਿਆਂ ਤੋਂ ਘੇਰ ਕੇ ਸਖ਼ਤ ਨਾਕਾਬੰਦੀ ਕਰ ਦਿੱਤੀ ਅਤੇ ਰਸਦ ਪਾਣੀ ਦੀ ਸਪਲਾਈ ਕੱਟ ਦਿੱਤੀ। ਇਸ ਬਾਰੇ ਖਾਫੀ ਖਾਂ ਦੀ ਰੀਪੋਰਟ ਵਾਚਨ ਯੋਗ ਹੈ:

> 'ਕਾਫਰਾਂ (ਸਿੰਘਾਂ) ਨੇ ਕਈ ਮੌਕਿਆਂ ਤੇ ਸਰਬੋਤਮ ਬਹਾਦਰੀ ਅਤੇ ਜੁਰਅੱਤ ਦਾ ਵਿਖਾਵਾ ਕੀਤਾ ਅਤੇ ਸ਼ਾਹੀ ਸੈਨਾ ਉਪਰ ਰਾਤਾਂ ਨੂੰ ਹਮਲੇ ਵੀ ਕੀਤੇ। ਘੇਰਾ ਲੰਮਾ ਸਮਾਂ ਜਾਰੀ ਰਿਹਾ। ਦੁਸ਼ਮਣ ਨੇ ਬੜੇ ਹੌਸਲੇ ਤੇ ਹੀਏ ਦਾ ਵਿਖਾਵਾ ਕੀਤਾ। ਉਨ੍ਹਾਂ ਬਹੁਤ ਵਾਰ ਦੁਸ਼ਮਣਾਂ ਦੇ ਮੋਰਚਿਆਂ ਉੱਤੇ ਹਮਲੇ ਕੀਤੇ ਅਤੇ ਕਈ ਘੇਰਾ ਪਾਉਣ ਵਾਲਿਆਂ ਨੂੰ ਮਾਰਿਆ'।[18]

ਸਖ਼ਤ ਨਾਕਾਬੰਦੀ ਕਾਰਣ ਸਿੰਘਾਂ ਕੋਲ ਜੰਗੀ ਸਾਮਾਨ ਅਤੇ ਰਸਦ ਖ਼ਤਮ ਹੋ ਗਈ। ਉਨ੍ਹਾਂ ਭੋਜਨ ਲਈ ਆਪਣੇ

ਘੋੜਿਆਂ ਨੂੰ ਮਾਰ ਦਿੱਤਾ। ਉਨ੍ਹਾਂ ਹੌਸਲਾ ਨਾ ਹਾਰਿਆ ਤੇ ਲੰਮੇ ਸਮੇਂ ਤੱਕ ਵੈਰੀ ਦਾ ਮੁਕਾਬਲਾ ਕਰਦੇ ਰਹੇ। ਕੰਵਰ ਖਾਂ ਸਿੰਘਾਂ ਦੇ ਇਸ ਬੇਮਿਸਾਲ ਹੌਸਲੇ ਦੀ ਦਾਦ ਦਿੰਦਾ ਹੈ– 'ਇਸ ਸਭ ਕੁਝ ਦੇ ਬਾਵਜੂਦ ਸਿੱਖ ਤੇ ਉਨ੍ਹਾਂ ਦਾ ਮੁਖੀਆ ਸਾਰੀ ਸੈਨਿਕ ਸ਼ਕਤੀ ਦੇ ਸਾਮ੍ਹਣੇ, ਜੋ ਕਿ ਮਹਾਨ ਮੁਗ਼ਲ ਸਾਮਰਾਜ ਨੇ ਇਕੱਠੀ ਕਰਕੇ ਉਨ੍ਹਾਂ ਵਿਰੁੱਧ ਲਾਈ, ਅੱਠ ਮਹੀਨੇ ਤੱਕ ਡਟੇ ਰਹੇ'।[19]

ਅਖੀਰ ਇਕ ਸਮਾਂ ਅਜਿਹਾ ਵੀ ਆਇਆ ਜਦੋਂ, ਗੋਕਲ ਚੰਦ ਨਾਰੰਗ ਦੇ ਕਥਨ ਅਨੁਸਾਰ: 'ਬੰਦੇ ਦੇ ਬਹੁਤ ਸਾਰੇ ਸਾਥੀ ਭੋਖੜੇ ਹੱਥੋਂ ਲੜਦੇ ਲੜਦੇ ਡਿੱਗ ਪਏ ਤੇ ਵੈਰੀ ਦੇ ਹੱਥ ਆ ਗਏ'।[20] ਹੁਣ ਬੰਦਾ ਸਿੰਘ ਇਕੱਲਾ ਰਹਿ ਗਿਆ। ਫਿਰ ਵੀ ਉਸ ਦੇ ਨੇੜੇ ਢੁੱਕਣ ਦੀ ਕਿਸੇ ਵੀ ਵਿਰੋਧੀ ਸੈਨਿਕ ਜਾਂ ਜਰਨੈਲ ਦੀ ਹਿੰਮਤ ਨਹੀਂ ਸੀ ਪੈਂਦੀ। ਖਜ਼ਾਨ ਸਿੰਘ ਮੁਤਾਬਿਕ 'ਦੋ ਮੀਲ ਦੇ ਅਰਧ ਵਿਆਸ ਦੇ ਘੇਰੇ ਵਿਚ ਇੰਝ ਲਗਦਾ ਸੀ ਜਿਵੇਂ ਸ਼ੇਰ ਭੇਡਾਂ ਵਿਚ ਘੁੰਮ ਰਿਹਾ ਹੋਵੇ। 59 ਸੈਨਿਕਾਂ ਨੂੰ ਤਲਵਾਰ ਦੀ ਭੇਂਟ ਚੜ੍ਹਾ ਕੇ ਉਹ (ਬੰਦਾ) ਪਕੜਿਆ ਜਾ ਸਕਿਆ'।[21]

ਬੰਦਾ ਸਿੰਘ ਬਹਾਦਰ ਦੇ ਗਲ਼ ਵਿਚ ਚੱਕਰ, ਪੈਰਾਂ ਵਿਚ ਬੇੜੀਆਂ, ਜ਼ੰਜੀਰਾਂ ਨਾਲ ਜਕੜ ਕੇ ਲੋਹੇ ਦੇ ਪਿੰਜਰੇ ਵਿਚ ਪਾਇਆ ਗਿਆ, ਜਿਸ ਦੇ ਚਾਰੇ ਪਾਸੇ ਸੰਗਲ ਬੰਨ੍ਹੇ ਗਏ। ਦੋ ਹਥਿਆਰਬੰਦ ਸੈਨਿਕ ਬੰਦੇ ਦੇ ਨਾਲ ਹਾਥੀ ਦੇ ਦੋਵਾਂ ਪਾਸਿਆਂ ਨਾਲ ਬੰਨ੍ਹੇ ਗਏ। 3000 ਸਿੰਘਾਂ ਦੇ ਸਿਰ ਨੇਜ਼ਿਆਂ ਉਪਰ ਟੰਗ ਕੇ, 200 ਜੀਂਦੇ ਸਿੱਖਾਂ ਨੂੰ ਜ਼ੰਜੀਰਾਂ ਮਾਰ ਕੇ ਲਾਹੌਰ ਲਿਜਾ ਕੇ ਜਲੂਸ ਕੱਢਿਆ ਗਿਆ। 540 ਹੋਰ ਨਿਦੋਸ਼ੇ ਸਿੱਖਾਂ ਨੂੰ ਫੜ ਕੇ–ਸਭ ਨੂੰ ਲਾਹੌਰ ਤੋਂ ਦਿੱਲੀ ਲਿਜਾ ਕੇ ਜਲੂਸ ਕੱਢਿਆ ਗਿਆ। ਕੈਦੀ ਸਿੱਖਾਂ ਨੂੰ ਅਪਮਾਨਤ ਕਰਨ ਲਈ, ਉਨ੍ਹਾਂ ਦੇ ਸਿਰਾਂ ਤੇ ਭੇਡਾਂ ਦੀ ਖੱਲ ਦੀਆਂ ਟੋਪੀਆਂ ਪਹਿਨਾਈਆਂ ਗਈਆਂ। ਬੰਦਾ ਬਹਾਦਰ ਦੇ ਸਿਰ ਤੇ ਤਿੱਲੇ ਜੜੀ ਲਾਲ ਪਗੜੀ ਤੇ ਤਿੱਲੇ ਦੀ ਕਢਾਈ ਵਾਲੇ ਕਪੜੇ ਸਨ।

5 ਮਾਰਚ, 1716 ਈ. ਤੋਂ 7 ਦਿਨ ਹਰ ਰੋਜ਼ 100 ਸਿੰਘਾਂ ਨੂੰ ਕੋਤਵਾਲੀ ਦੇ ਸਾਮ੍ਹਣੇ ਕਤਲ ਕੀਤਾ ਜਾਣ ਲੱਗਾ, ਪਰ ਕੋਈ ਵੀ ਆਪਣਾ ਧਰਮ ਛੱਡਣ ਨੂੰ ਤਿਆਰ ਨਾ ਹੋਇਆ। ਮੈਕਾਲਿਫ ਅਨੁਸਾਰ: 'ਸਿੱਖ ਮੌਤ ਪ੍ਰਾਪਤ ਕਰਨ ਲਈ ਇਕ ਦੂਜੇ ਤੋਂ ਅੱਗੇ ਹੁੰਦੇ'।[22]

9 ਜੂਨ, 1710 ਈ. ਨੂੰ ਇਸ ਸ਼ਹੀਦੀ ਕਾਂਡ ਦਾ ਆਖਰੀ ਦਿਨ ਚੜ੍ਹਿਆ। ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀਆਂ ਨੂੰ ਜਲੂਸ ਵਿਚ ਮਹਿਰੌਲੀ ਲਿਜਾਇਆ ਗਿਆ। ਖ਼ਵਾਜਾ ਬਖ਼ਤਿਆਰ ਕਾਕੀ ਦੇ ਮਕਬਰੇ ਕੋਲ ਪਹਿਲਾਂ ਉਸ ਦੇ 26 ਮੁਖੀ ਸਾਥੀਆਂ–ਬਾਬਾ ਬਿਨੋਦ ਸਿੰਘ, ਸ. ਬਾਜ਼ ਸਿੰਘ, ਸ. ਫਤਹਿ ਸਿੰਘ ਅਤੇ ਸ. ਆਲੀ ਸਿੰਘ ਆਦਿ ਨੂੰ ਸ਼ਹੀਦ ਕੀਤਾ ਗਿਆ। ਫਿਰ ਬੰਦਾ ਬਹਾਦਰ ਦੇ 4 ਸਾਲਾ ਪੁੱਤਰ ਅਜੈ ਸਿੰਘ ਦਾ ਕਲੇਜਾ ਕੱਢ ਕੇ ਉਸ ਦੇ ਮੂੰਹ ਵਿਚ ਤੁੰਨਿਆ ਗਿਆ, ਪਰ ਉਹ ਅਡੋਲ ਤੇ ਸ਼ਾਂਤ ਬੈਠਾ ਰਿਹਾ। ਅਖ਼ੀਰ ਵਿਚ ਬੰਦਾ ਸਿੰਘ ਬਹਾਦਰ ਨੂੰ 'ਇਸਲਾਮ' ਜਾਂ 'ਮੌਤ' ਦੀ ਪੇਸ਼ਕਸ਼ ਕੀਤੀ ਗਈ। ਇਸਲਾਮ ਨੂੰ ਠੁਕਰਾਉਣ ਤੇ, ਡਾ. ਗੰਡਾ ਸਿੰਘ ਅਨੁਸਾਰ, ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰਨ ਲਈ ਫਰੁੱਖਸੀਅਰ ਬਾਦਸ਼ਾਹ ਦੇ ਹੁਕਮ ਦਾ ਪਾਲਣ ਕੀਤਾ ਗਿਆ:

> 'ਪਹਿਲਾਂ ਬੁੱਚੜ ਨੇ ਛੁਰੇ ਦੀ ਨੋਕ ਨਾਲ, ਉਸ (ਬੰਦਾ ਬਹਾਦਰ) ਦੀ ਸੱਜੀ ਅੱਖ ਕੱਢੀ, ਫਿਰ ਖੱਬੀ। ਉਸ ਤੋਂ ਬਾਅਦ ਉਸ ਦਾ ਖੱਬਾ ਪੈਰ ਕੱਟਿਆ, ਫਿਰ ਉਸ ਦੇ ਦੋਵੇਂ ਹੱਥ ਸਰੀਰ ਤੋਂ ਅਲੱਗ ਕੀਤੇ ਗਏ। ਤਦ ਭਖਦੀਆਂ ਸਲਾਖਾਂ ਨਾਲ ਉਸ ਦਾ ਮਾਸ ਟੋਟੇ ਟੋਟੇ ਕੀਤਾ ਗਿਆ ਅਤੇ ਅੰਤ ਵਿਚ ਸਿਰ ਲਾਹਿਆ ਗਿਆ ਅਤੇ ਉਸ ਦਾ ਅੰਗ ਅੰਗ ਕੱਟ ਦਿੱਤਾ ਗਿਆ'।[23]

ਅਲਫਿੰਸਟਨ ਅਨੁਸਾਰ :

> 'ਅਤਿਆਚਾਰ ਦੌਰਾਨ ਬੰਦਾ ਬਹਾਦਰ ਨੇ ਬੇਮਿਸਾਲ ਸ਼ਾਂਤੀ ਵਿਖਾਈ ਅਤੇ ਉਹ ਅਡੋਲ ਹੀ ਸ਼ਹੀਦ ਹੋ ਗਿਆ, ਇਸ ਗੱਲ ਵਿਚ ਸ਼ਾਨ ਮਹਿਸੂਸ ਕਰਦਿਆਂ ਕਿ ਪਰਮਾਤਮਾ ਨੇ ਉਸ ਨੂੰ ਸਮੇਂ ਦੇ ਅਨਿਆਂ ਤੇ ਜ਼ੁਲਮ ਨੂੰ ਖ਼ਤਮ ਕਰਨ ਲਈ ਇਕ ਰੱਬੀ ਕਹਿਰ ਬਣਾਇਆ ਸੀ'।[24]

ਅਸਲ ਵਿਚ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਨੂੰ ਰਾਜਸੀ ਅਧਿਕਾਰਾਂ ਲਈ ਸੰਘਰਸ਼ ਕਰਨ ਲਈ ਉਭਾਰਿਆ ਅਤੇ ਉਨ੍ਹਾਂ ਦੇ ਦਿਲ ਵਿਚ ਇਹ ਗੱਲ ਬਿਠਾ ਦਿੱਤੀ ਕਿ ਉਨ੍ਹਾਂ ਦੀ ਹੋਂਦ ਰਾਜਸੀ ਸੱਤਾ ਪ੍ਰਾਪਤ ਕੀਤੇ ਬਿਨਾ ਅਸੰਭਵ ਸੀ। ਉਸ ਨੇ 'ਰਾਜ ਕਰੇਗਾ ਖਾਲਸਾ' ਦੀ ਭਾਵਨਾ ਪ੍ਰਬਲ ਕਰਨ ਹਿਤ ਸਿੱਖ ਰਾਜ ਦਾ ਐਲਾਨ ਕਰਕੇ ਸਿੱਖਾਂ ਨੂੰ ਰਾਜਸੀ ਸੱਤਾ ਦਾ ਚਮਤਕਾਰ

ਇਕ ਵਾਰ ਵਿਖਾ ਦਿੱਤਾ। ਬੰਦਾ ਸਿੰਘ ਬਹਾਦਰ ਤੋਂ ਬਾਅਦ ਸਿੰਘਾਂ ਦੀਆਂ ਮਹਾਨ ਸ਼ਹੀਦੀਆਂ ਹੋਈਆਂ ਤੇ ਸੱਤਾ ਲਈ ਸੰਘਰਸ਼ ਵੀ, ਮਿਸਲਾਂ ਹੋਂਦ ਵਿਚ ਆਈਆਂ, ਅਖ਼ੀਰ 1799 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਪੰਜਾਬ ਵਿਚ ਸਥਾਈ ਤੌਰ ਤੇ ਖ਼ਾਲਸਾ ਰਾਜ ਕਾਇਮ ਹੋਇਆ, ਜਿਸ ਦੀ ਸ਼ੁਰੂਆਤ ਬੰਦਾ ਸਿੰਘ ਬਹਾਦਰ ਨੇ ਕੀਤੀ ਸੀ। ਡਾ. ਗੰਡਾ ਸਿੰਘ ਅਨੁਸਾਰ :


> 'ਬੰਦਾ ਪੰਜਾਬ ਵਿਚ ਮੁਗਲਾਂ ਦੇ ਅਸਹਿਣਸ਼ੀਲ ਸ਼ਾਸਨ ਨੂੰ ਸਖ਼ਤ ਚੋਟ ਲਾਉਣ ਵਾਲਾ ਅਤੇ ਪ੍ਰਾਂਤ ਵਿਚ ਸਿੱਖਾਂ ਦੀ ਜਿੱਤ ਦੀ ਢੀਮ ਮਾਰਨ ਵਾਲਾ ਪਹਿਲਾ ਆਦਮੀ ਸੀ।...ਇਹ ਬੰਦਾ ਹੀ ਸੀ, ਜਿਸ ਨੇ 1710 ਈ. ਵਿਚ ਸਿੱਖ ਰਾਜ ਦੀ ਨੀਂਹ ਰੱਖੀ ਸੀ'।[25]

ਬਾਬਾ ਬੰਦਾ ਸਿੰਘ ਬਹਾਦਰ ਦੇ ਇਤਿਹਾਸਕ ਰੋਲ ਨੇ ਬੇਸ਼ਕ ਉਸ ਦਾ ਨਾਂ ਅਮਰ ਕਰ ਦਿੱਤਾ, ਪਰ ਉਸਦੀ ਕੋਈ ਵਿਸ਼ੇਸ਼ ਯਾਦਗਾਰ ਨਹੀਂ ਬਣਾਈ ਗਈ। ਕੇਵਲ ਮਹਿਰੌਲੀ (ਦਿੱਲੀ) ਵਿਖੇ ਖਵਾਜਾ ਬਖਤਿਆਰ ਕਾਕੀ ਦੇ ਮਕਬਰੇ ਕੋਲ ਇਕ ਛੋਟਾ ਜਿਹਾ ਗੁਰਦੁਆਰਾ ਬਣਾਇਆ ਗਿਆ ਹੈ। ਬੰਦਾ ਰਾਸ਼ਟਰੀ ਸਮਾਰਕ ਦਾ ਹੱਕਦਾਰ ਹੈ; ਇਸ ਵਲ ਕੇਂਦਰੀ ਸਰਕਾਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਅਤੇ ਪੰਜਾਬ ਸਰਕਾਰ ਦੀ ਸਾਂਝੀ ਜ਼ਿੰਮੇਵਾਰੀ ਬਣਦੀ ਹੈ।

## ਹਵਾਲੇ


1. A. L. Srivastva, 'The Mughal Empire', p. 339, Agra, 1976.
2. S.R. Sharma, 'Religious policy of Mughal Emperors, p. 163, Bombay, 1972.
3. ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼', ਪੰ. 79-80, ਖ਼ਾਲਸਾ ਸਮਾਚਾਰ, 1962.
4. ਅਹਿਮਦ ਸ਼ਾਹ ਬਟਾਲੀਆ 'ਤਾਰੀਖ-ਇ-ਪੰਜਾਬ' ਪੰ. 31 ('ਤਾਰੀਖ-ਇ-ਹਿੰਦ', ਪੰ. 11 ਦਾ ਅਨੁ. ਗੁਰਬਖ਼ਸ਼ ਸਿੰਘ), ਪੰ.ਯੂ.ਪਟਿਆਲਾ, 1969.
5. ਗੁਰਦੇਵ ਸਿੰਘ ਦਿਓਲ 'ਬੰਦਾ ਬਹਾਦਰ', ਪੰ. 14, ਪੰ.ਯੂ.ਪਟਿਆਲਾ, 1989.
6. ਕਰਨਲ ਨਰਿੰਦਰਪਾਲ ਸਿੰਘ 'ਖੰਨਿਉਂ ਤਿੱਖੀ', ਪੰ. 5-6, ਭਾ.ਵਿਭਾਗ, 1995.
7. Sohan Singh 'Banda, the Brave', p. 83, Lahore, 1915.
8. ਖਾਫੀ ਖਾਂ From Khazan Singh, 'Hist. of the Sikh Religion', p.215, Bhasha Vibhag, 1970.
9. ਡਾ. ਗੰਡਾ ਸਿੰਘ 'ਬੰਦਾ ਬਹਾਦਰ', ਪੰ.69, ਸ਼੍ਰੋ.ਗੁ.ਪ੍ਰ.ਕਮੇਟੀ, 1964.
10. ਕਰਮ ਸਿੰਘ 'ਬੰਦਾ ਬਹਾਦਰ', ਪੰ.72, ਚੀਫ਼ ਖ਼ਾਲਸਾ ਦੀਵਾਨ, 1907.
11. M.A. Mecauliffe 'The Sikh Religion' V., p.248, Oxford, 1909
12. ਕਰਨਲ ਨਰਿੰਦਰਪਾਲ ਸਿੰਘ ਉਹੀ, ਪੰ. 56.
13. ਡਾ. ਗੰਡਾ ਸਿੰਘ ਉਹੀ, ਪੰ. 58.
14. Khazan Singh same as above, p.217.
15. ਡਾ. ਗੰਡਾ ਸਿੰਘ ਉਹੀ, ਪੰ. 59-60.
16. ਗੁਰਦੇਵ ਸਿੰਘ ਦਿਓਲ 'ਬੰਦਾ ਬਹਾਦਰ', ਪੰ.43, ਪੰ.ਯੂ.ਪਟਿਆਲਾ, 1989.
17. ਮਾਤਾ ਜੋਗਿੰਦਰ ਕੌਰ 'ਬੰਦਾ ਬਹਾਦਰ', ਪੰ. 18-19, ਚੰਡੀਗੜ੍ਹ, 1964.
18. ਖਾਫੀ ਖਾਂ ਉਹੀ, ਪੰ. 229.
19. ਕੰਵਰ ਖਾਂ ਵੇਖੋ-ਡਾ. ਗੰਡਾ ਸਿੰਘ, ਉਹੀ ਪੰ. 210.
20. G.C. Narang 'Transformation of Sikhism', p. 109, N. Delhi, 1960.
21. Khazan Singh same as above, p. 230!
22. M.A. Mecauliffe same as above, p. 252.
23. ਡਾ. ਗੰਡਾ ਸਿੰਘ ਉਹੀ, ਪੰ. 234.
24. M. Alfinston 'The History of India', i, p. 670, London, 1916.
25. ਡਾ. ਗੰਡਾ ਸਿੰਘ ਉਹੀ, 2561.


• • •



# ਗੈਬਰੀਅਲ ਗਾਰਸੀਆ ਮਾਰਕੇਜ਼

(6 ਮਾਰਚ 1927—17 ਅਪ੍ਰੈਲ 2014)

**ਮੁਲਾਕਾਤੀ :** *ਪਲੀਨਿਓ ਐਪੂਲੇਓ ਮੈਂਦੋਜ਼ਾ*

**ਅਨੁਵਾਦ :** *ਭਜਨਬੀਰ*

? *ਤੁਸੀਂ ਕਿਹਾ ਕਿ ਲਿਖਣਾ ਇਕ ਤਰ੍ਹਾਂ ਦਾ ਸੁਖ ਹੈ। ਤੁਹਾਡਾ ਇਹ ਵੀ ਆਖਣਾ ਹੈ ਕਿ ਲਿਖਣਾ ਸ਼ੁੱਧ ਰੂਪ ਵਿਚ ਇਕ ਯਾਤਨਾ ਹੈ। ਕੀ ਹੈ ਇਹ ?*

• ਦੋਵੇਂ ਗੱਲਾਂ ਆਪੋ-ਆਪਣੀ ਥਾਂ ਸਹੀ ਹਨ। ਸ਼ੁਰੂ-ਸ਼ੁਰੂ ਵਿਚ ਜਦੋਂ ਮੈਂ ਲਿਖਣ ਦੇ ਕ੍ਰਮ ਇਹਨੂੰ ਸਿਖ ਰਿਹਾ ਸੀ ਤਾਂ ਮੈਂ ਮਜ਼ੇ-ਵੱਸ ਲਿਖਦਾ ਰਿਹਾ ਜਿਸ ਵਿਚ ਤਕਰੀਬਨ ਕਿਸੇ ਤਰ੍ਹਾਂ ਦੀ ਜਿੰਮੇਵਾਰੀ ਨਹੀਂ ਸੀ। ਉਨ੍ਹੀਂ ਦਿਨੀਂ ਸਵੇਰੇ ਦੋ-ਤਿੰਨ ਵਜੇ ਦੇ ਆਸਪਾਸ ਅਖ਼ਬਾਰ ਦਾ ਆਪਣਾ ਕੰਮ ਪੂਰਾ ਕਰਨ ਤੋਂ ਬਾਅਦ ਮੈਂ ਜਦੋਂ ਲਿਖਣ ਬੈਠਦਾ ਸਾਂ ਤਾਂ ਕਿਸੇ ਕਿਤਾਬ ਦੇ 4-5 ਜਾਂ ਕਦੇ ਕਦਾਈਂ 10 ਸਫ਼ੇ ਦੀ ਬੜੀ ਆਸਾਨੀ ਨਾਲ ਲਿਖ ਲੈਂਦਾ ਸੀ।

ਇਕ ਵਾਰ ਅਜਿਹਾ ਵੀ ਹੋਇਆ ਕਿ ਮੈਂ ਇਕ ਪੂਰੀ ਕਹਾਣੀ ਵੀ ਇਕ ਬੈਠਕ ਵਿਚ ਲਿਖ ਲਈ ਸੀ।

? *...ਅਤੇ ਹੁਣ ?*

• ਹੁਣ ਤਾਂ ਜੇਕਰ ਦਿਨ ਭਰ ਵਿਚ ਮੈਂ ਇਕ ਚੰਗਾ-ਖ਼ਾਸਾ ਪੈਰਾਗ੍ਰਾਫ ਵੀ ਲਿਖ ਲਵਾਂ ਤਾਂ ਵੀ ਆਪਣੇ ਆਪ ਨੂੰ ਖ਼ੁਸ਼ਨਸੀਬ ਸਮਝਦਾ ਹਾਂ। ਵਕਤ ਨਿਕਲਣ ਦੇ ਨਾਲ-ਨਾਲ ਲਿਖਣਾ ਇਕ ਕਸ਼ਟਦਾਇਕ ਪ੍ਰਕਿਰਿਆ ਬਣਦਾ ਗਿਆ ਹੈ।

? *ਅਜਿਹਾ ਕਿਉਂ ! ਜਦ ਕਿ ਹੋਣਾ ਤਾਂ ਇਹ ਚਾਹੀਦਾ ਸੀ ਕਿ ਤੁਹਾਡੀ ਮਹਾਰਤ ਜਿੰਨੀ ਵਧੀ, ਲਿਖਣਾ ਤੁਹਾਡੇ ਲਈ*

*ਓਨਾ ਹੀ ਸਹਿਜ ਹੁੰਦਾ ?*

- ਸਿੱਧੀ ਜਿਹੀ ਗੱਲ ਹੈ, ਦਰਅਸਲ ਹੁੰਦਾ ਇਹ ਹੈ ਕਿ ਉਦੋਂ ਤੁਹਾਡੀ ਜ਼ਿੰਮੇਵਾਰੀ ਵਧ ਜਾਂਦੀ ਹੈ। ਤੁਹਾਨੂੰ ਲੱਗਣ ਲੱਗਦਾ ਹੈ ਕਿ ਇਕ-ਇਕ ਸ਼ਬਦ ਜੋ ਤੁਸੀਂ ਉਲੀਕਦੇ ਹੋ, ਇਹਦਾ ਵਜ਼ਨ ਬਹੁਤ ਹੈ ਅਤੇ ਉਹ ਕਾਫ਼ੀ ਸਾਰੇ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ।

? *ਸ਼ਾਇਦ ਮਕਬੂਲੀਅਤ ਵੀ ਇਸ ਦੀ ਇਕ ਵਜ੍ਹਾ ਹੋ ਸਕਦੀ ਹੈ! ਕੀ ਤੁਹਾਨੂੰ ਇਹ ਸਥਿਤੀ ਬੁਰੀ ਜਾਪਦੀ ਹੈ ?*

- ਇਹ ਸਥਿਤੀ ਮੈਨੂੰ ਪ੍ਰੇਸ਼ਾਨ ਕਰਦੀ ਹੈ। ਇਕ ਅਜਿਹੇ ਮਹਾਦੀਪ ਵਿਚ ਜੋ ਸਫ਼ਲ ਲੇਖਕਾਂ ਦਾ ਜਾਣੂ ਨਹੀਂ ਹੈ, ਉਥੇ ਕਿਸੇ ਅਜਿਹੇ ਲੇਖਕ ਦੇ ਨਾਲ, ਜਿਸ ਨੂੰ ਸਾਹਿਤ ਵਿਚ ਕਾਮਯਾਬੀ ਦੀ ਕੋਈ ਚਾਹਤ ਨਾ ਹੋਵੇ, ਜਿਹੜੀ ਸਭ ਤੋਂ ਬੁਰੀ ਗੱਲ ਹੋ ਸਕਦੀ ਹੈ; ਉਹ ਹੈ ਉਸ ਦੀਆਂ ਕਿਤਾਬਾਂ ਦੀ ਧੜਾਧੜ ਵਿਕਰੀ। ਮੈਨੂੰ ਆਮ ਚਕਾਚੌਂਧ ਵਿਚ ਰਹਿਣਾ ਪਸੰਦ ਨਹੀਂ ਹੈ। ਮੈਨੂੰ ਟੈਲੀਵਿਜ਼ਨ, ਕਾਂਗਰਸ, ਕਾਨਫਰੰਸਿਜ਼ ਅਤੇ ਰਾਊਂਡ ਟੇਬਲਾਂ ਤੋਂ ਨਫ਼ਰਤ ਹੈ।

? *...ਇੰਟਰਵਿਊ ?*

- ਜੀ ਹਾਂ, ਇਸ ਤੋਂ ਵੀ। ਮੈਂ ਕਿਸੇ ਲਈ ਸਫ਼ਲਤਾ ਦੀ ਦੁਆ ਨਹੀਂ ਕਰਨਾ ਚਾਹਾਂਗਾ। ਇਹ ਠੀਕ ਇਕ ਪਰਬਤਾਰੋਹੀ ਦੀ ਤਰ੍ਹਾਂ ਹੁੰਦੀ ਹੈ ਜੋ ਪਹਾੜ ਦੀ ਟੀਸੀ ਨੂੰ ਚੁੰਮਣ ਦੀ ਖ਼ੁਮਾਰੀ ਵਿਚ ਖ਼ੁਦ ਨੂੰ ਤਕਰੀਬਨ ਮਾਰ ਹੀ ਦਿੰਦਾ ਹੈ। ਜਦੋਂ ਉਹ ਸਿਖ਼ਰ 'ਤੇ ਪਹੁੰਚ ਜਾਂਦਾ ਹੈ ਤਾਂ ਕੀ ਕਰਦਾ ਹੈ? ਹੇਠਾਂ ਹੀ ਉਤਰਨਾ ਹੈ ਜਾਂ ਜਿੰਨਾ ਸੰਭਵ ਹੋਵੇ, ਓਨੀ ਸਾਵਧਾਨੀ ਨਾਲ ਆਪਣੀ ਇੱਜ਼ਤ ਬਚਾ ਕੇ ਹੇਠਾਂ ਉਤਰਨ ਦੀ ਕੋਸ਼ਿਸ਼ ਕਰਦਾ ਹੈ।

? *ਜਦੋਂ ਤੁਸੀਂ ਨੌਜਵਾਨ ਸੀ ਅਤੇ ਤੁਹਾਨੂੰ ਦੂਜੇ ਤਰ੍ਹਾਂ ਦੇ ਕੰਮ ਕਰ ਕੇ ਆਪਣਾ ਗੁਜ਼ਾਰਾ ਕਰਨਾ ਪੈਂਦਾ ਸੀ ਤਾਂ ਤੁਸੀਂ ਰਾਤ ਨੂੰ ਲਿਖਦੇ ਹੁੰਦੇ ਸੀ ਅਤੇ ਬਹੁਤ ਸਿਗਰਟ ਪੀਂਦੇ ਹੁੰਦੇ ਸੀ!*

- ਹਾਂ, ਇਕ ਦਿਨ ਵਿਚ ਚਾਲ੍ਹੀ-ਚਾਲ੍ਹੀ ਸਿਗਰਟ।

? *ਅਤੇ ਹੁਣ ?*

- ਹੁਣ ਮੈਂ ਸਿਗਰਟ ਨਹੀਂ ਪੀਂਦਾ ਅਤੇ ਸਿਰਫ਼ ਦਿਨ ਵੇਲੇ ਲਿਖਦਾ ਹਾਂ।

? *ਸਵੇਰੇ ਕੀ ਕਰਦੇ ਹੋ?*

- ਨੌਂ ਵਜੇ ਤੋਂ ਦੁਪਹਿਰ ਤਿੰਨ ਤਕ ਇਕ ਸ਼ਾਂਤ ਕਮਰੇ ਵਿਚ ਰਹਿੰਦਾ ਹਾਂ ਜੋ ਕਾਇਦੇ ਨਾਲ ਗਰਮ ਹੋਵੇ। ਦਰਅਸਲ ਆਵਾਜ਼ ਅਤੇ ਠੰਢ ਨਾਲ ਮੇਰਾ ਧਿਆਨ ਵੰਡਿਆ ਜਾਂਦਾ ਹੈ।

? *ਕੀ ਦੂਜੇ ਲੇਖਕਾਂ ਦੀ ਤਰ੍ਹਾਂ ਤੁਹਾਨੂੰ ਵੀ ਕੋਰੇ ਕਾਗ਼ਜ਼ ਦਾ ਕੋਈ ਟੁਕੜਾ ਵੇਖ ਕੇ ਝੁੰਝਲਾਹਟ ਹੋਣ ਲੱਗਦੀ ਹੈ?*

- ਹਾਂ। ਮੈਨੂੰ ਸਭ ਤੋਂ ਜ਼ਿਆਦਾ ਬੇਚੈਨੀ ਚਾਰੇ ਪਾਸਿਓਂ ਬੰਦ ਕਮਰੇ ਵਿਚ ਘਿਰੇ ਰਹਿਣ ਨਾਲ ਹੁੰਦੀ ਹੈ ਅਤੇ ਇਸ ਤੋਂ ਬਾਅਦ ਖ਼ਾਲੀ ਕਾਗ਼ਜ਼ ਦੇ ਟੁਕੜੇ ਤੋਂ। ਪਰ ਹੈਮਿੰਗਵੇ ਦੀ ਸਲਾਹ ਪੜ੍ਹਨ ਉਪਰੰਤ ਮੇਰੀ ਇਹ ਪ੍ਰੇਸ਼ਾਨੀ ਵੀ ਖ਼ਤਮ ਹੋ ਗਈ। ਉਨ੍ਹਾਂ ਦੱਸਿਆ ਹੈ ਕਿ ਤੁਸੀਂ ਆਪਣੇ ਕੰਮ ਨੂੰ ਵਿਚਾਲੇ ਛੱਡ ਕੇ ਉਦੋਂ ਉਠੋ ਜਦੋਂ ਤੁਹਾਨੂੰ ਇਹ ਪਤਾ ਹੋਵੇ ਕਿ ਜਦ ਕੱਲ੍ਹ ਤੁਸੀਂ ਇਸ ਕੰਮ 'ਤੇ ਪਰਤੋਂਗੇ ਤਾਂ ਇਹਨੂੰ ਅਗਾਂਹ ਕਿਵੇਂ ਵਧਾਓਗੇ।


? *ਤੁਹਾਡੇ ਲਈ ਕਿਸੇ ਰਚਨਾ ਨੂੰ ਉਲੀਕਣ ਦਾ ਪ੍ਰਸਥਾਨ-ਬਿੰਦੂ ਕੀ ਹੁੰਦਾ ਹੈ ?*

- ਇਕ ਦ੍ਰਿਸ਼ ਬਿੰਬ। ਮੈਨੂੰ ਲੱਗਦਾ ਹੈ, ਦੂਜੇ ਲੇਖਕਾਂ ਦੇ ਮਾਮਲੇ ਵਿਚ ਰਚਨਾ ਕਿਸੇ ਵਿਚਾਰ, ਕਿਸੇ ਅਵਧਾਰਨਾ ਤੋਂ ਜਨਮ ਲੈਂਦੀ ਹੈ। ਮੇਰੇ ਨਾਲ ਆਗ਼ਾਜ਼ ਹਮੇਸ਼ਾ ਇਕ ਦ੍ਰਿਸ਼ ਤੋਂ ਹੁੰਦਾ ਹੈ। 'ਟਿਊਜ਼ਡੇਅ ਸੀਏਸਟਾ' ਨੂੰ ਆਪਣੀ ਬਿਹਤਰੀਨ ਕਹਾਣੀ ਮੰਨਦਾ ਹਾਂ ਅਤੇ ਇਸ ਨੂੰ ਮੈਂ ਇਕ ਔਰਤ ਦੀ ਇਕ ਛੋਟੀ ਕੁੜੀ ਨੂੰ ਵੇਖ ਕੇ ਲਿਖਿਆ ਸੀ। ਉਸਨੇ ਕਾਲੀ ਡਰੈੱਸ ਪਾਈ ਹੋਈ ਸੀ ਅਤੇ ਉਸ ਦੀ ਛਤਰੀ ਵੀ ਕਾਲੇ ਰੰਗ ਦੀ ਸੀ। ਉਹ ਦੋਵੇਂ ਕੜਕੜਾਉਂਦੀ ਧੁੱਪ ਵਿਚ ਇਕ ਵੀਰਾਨ ਸ਼ਹਿਰ ਦੇ ਰਾਹ 'ਤੇ ਪੈਦਲ ਜਾ ਰਹੀਆਂ ਸਨ। 'ਇਨ ਲੀਫ਼'ਜ਼ ਸਟ੍ਰੋਮ' ਦੀ ਰਚਨਾ ਦੇ ਪਿੱਛੇ ਵੀ ਇਕ ਬੀਜ-ਦ੍ਰਿਸ਼ ਹੀ ਸੀ ਜਿਸ ਵਿਚ ਇਕ ਬੁੱਢਾ ਆਦਮੀ ਆਪਣੇ ਪੋਤੇ ਨੂੰ ਲੈ ਕੇ ਕਿਸੇ ਦੇ ਸਸਕਾਰ ਵਿਚ ਜਾ ਰਿਹਾ ਹੈ।

"

ਇਹ ਮਹਿਜ਼ ਸੰਜੋਗ ਹੀ ਸੀ ਕਿ ਮੈਂ ਲੇਖਨ ਦੇ ਖੇਤਰ ਵਿਚ ਆ ਗਿਆ; ਉਹ ਵੀ ਆਪਣੇ ਇਕ ਮਿੱਤਰ ਨੂੰ ਸਿਰਫ਼ ਇਹ ਦਰਸਾਉਣ ਲਈ ਕਿ ਮੇਰੀ ਪੀੜ੍ਹੀ ਵਿਚ ਵੀ ਲੇਖਕ ਪੈਦਾ ਕਰਨ ਦੀ ਕੁਵੱਤ ਹੈ। ਇਸ ਉਪਰੰਤ ਤਾਂ ਮੈਂ ਲਿਖਣ ਦੇ ਆਨੰਦ-ਜਾਲ ਵਿਚ ਜਕੜਿਆ ਗਿਆ ਜਿਸ ਨੇ ਅਗਾਂਹ ਜਾ ਕੇ ਮੈਨੂੰ ਇਕ ਹੋਰ ਦੂਜੇ ਜਾਲ ਵਿਚ ਉਲਝਾ ਦਿੱਤਾ ਜਿਥੇ ਮੈਨੂੰ ਇਹ ਇਲਹਾਮ ਹੋਣ ਲੱਗਾ ਕਿ ਮੇਰੇ ਲਈ ਇਸ ਸੰਸਾਰ ਵਿਚ ਲਿਖਣ ਤੋਂ ਵੱਧ ਪਿਆਰਾ ਹੋਰ ਕੁਝ ਨਹੀਂ ਹੈ।

"



ਇਸੇ ਤਰ੍ਹਾਂ 'ਨੋ ਬੌਡੀ ਰਾਈਟਸ ਟੂ ਦਿ ਕਰਨਲ' ਦੀ ਕਹਾਣੀ ਦਾ ਪ੍ਰਸਥਾਨ-ਬਿੰਦੂ ਉਹ ਦ੍ਰਿਸ਼ ਬਣਦਾ ਹੈ ਜਿਸ ਵਿਚ ਇਕ ਆਦਮੀ ਬੈਰਾਂਕਵੱਲਾ ਦੇ ਬਾਜ਼ਾਰ ਵਿਚ ਦੁਪਹਿਰ ਦੇ ਭੋਜਨ ਦੀ ਉਡੀਕ ਕਰ ਰਿਹਾ ਹੈ। ਉਸ ਦੀ ਉਡੀਕ ਵਿਚ ਇਕ ਮੌਨ ਮਜਬੂਰੀ ਮੌਜੂਦ ਰਹਿੰਦੀ ਹੈ। ਇਸ ਤੋਂ ਕਈ ਸਾਲ ਬਾਅਦ ਪੈਰਿਸ ਵਿਚ ਵੀ ਮੈਂ ਇਕ ਪੱਤਰ, ਸ਼ਾਇਦ ਉਹ ਮਨੀਆਰਡਰ ਸੀ, ਦਾ ਇਸੇ ਪ੍ਰਕਾਰ ਇੰਤਜ਼ਾਰ ਕਰ ਰਿਹਾ ਸੀ ਜਿਸ ਵਿਚ ਇਸੇ ਤਰ੍ਹਾਂ ਦੀ ਮਜ਼ਬੂਰੀ ਲੁਕੀ ਸੀ। ਇਸ ਸਮੇਂ ਮੈਂ ਉਸ ਆਦਮੀ ਦੀ ਯਾਦ ਨਾਲ ਰੂ-ਬ-ਰੂ ਹੋ ਗਿਆ ਸੀ।

? *'ਵਨ ਹੰਡ੍ਰੇਡ ਈਅਰਜ਼ ਔਫ ਸਾਲੀਟਿਊਡ' (ਸੌ ਸਾਲ ਦਾ ਇਕਲਾਪਾ) ਲਿਖਣ ਪਿੱਛੇ ਕਿਹੜਾ ਦ੍ਰਿਸ਼ ਬਿੰਬ ਸੀ ਤੁਹਾਡੇ ਕੋਲ?*

• ਇਕ ਬੁੱਢਾ ਆਦਮੀ ਆਪਣੇ ਬੱਚੇ ਨੂੰ ਸਰਕਸ ਵਿਖਾਉਣ ਲੈ ਜਾਂਦਾ ਹੈ ਜਿਥੇ ਬਰਫ਼ ਦੀ ਨੁਮਾਇਸ਼ ਲਗਾਈ ਗਈ ਹੈ।

? *ਕੀ ਉਹ ਆਦਮੀ ਤੁਹਾਡੇ ਦਾਦਾ ਕਰਨਲ ਮਾਰਕੇਜ਼ ਸਨ ?*

• ਜੀ ਹਾਂ !!

? *ਕੀ ਅਸਲੀਅਤ ਵਿਚ ਅਜਿਹਾ ਵਾਪਰਿਆ ਸੀ ?*

• ਠੀਕ ਅਜਿਹਾ ਤਾਂ ਨਹੀਂ, ਪਰ ਇਸ ਦੇ ਪਿੱਛੇ ਇਕ ਸੱਚੀ ਘਟਨਾ ਦੀ ਪ੍ਰੇਰਨਾ ਸੀ। ਮੈਨੂੰ ਯਾਦ ਹੈ ਕਿ ਅਰਾਕਾਟਕਾ ਵਿਚ ਮੈਂ ਜਦੋਂ ਬਹੁਤ ਛੋਟਾ ਸੀ ਤਾਂ ਮੇਰੇ ਦਾਦਾ ਮੈਨੂੰ ਸਾਂਡਣੀ ਵਿਖਾਉਣ ਸਰਕਸ ਲੈ ਗਏ ਸਨ। ਦੂਜੇ ਦਿਨ ਜਦੋਂ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਬਰਫ਼ ਨਹੀਂ ਦੇਖੀ ਹੈ ਤਾਂ ਉਹ ਮੈਨੂੰ ਲੈ ਕੇ ਉਸ ਸਰਕਸ ਕੰਪਨੀ ਦੇ ਅੱਡੇ 'ਤੇ ਆ ਗਏ ਅਤੇ ਕੰਪਨੀ ਦੇ ਲੋਕਾਂ ਨੂੰ ਆਖਣ ਲੱਗੇ ਕਿ ਉਹ ਮੈਨੂੰ ਜੰਮੇ ਹੋਏ ਕੀੜਿਆਂ ਦਾ ਕਰੈਟ ਖੋਲ੍ਹ ਕੇ ਦਿਖਾਉਣ ਅਤੇ ਉਨ੍ਹਾਂ ਨੇ ਮੈਨੂੰ ਕਰੈਟ ਦੇ ਅੰਦਰ ਹੱਥ ਵੀ ਪੁਆਇਆਂ। 'ਵਨ ਹੰਡ੍ਰੇਡ ਈਅਰਜ਼ ਔਫ ਸਾਲੀਟਿਊਡ' ਇਸੇ ਦ੍ਰਿਸ਼ ਤੋਂ ਪੈਦਾ ਹੋਈ ਰਚਨਾ ਹੈ। ਇਹੋ ਦ੍ਰਿਸ਼ ਪ੍ਰਸਥਾਨ-ਬਿੰਦੂ ਹੈ।

? *ਇਸ ਤਰ੍ਹਾਂ ਤੁਸੀਂ ਦੋ ਯਾਦਾਂ ਨੂੰ ਜੋੜ ਦਿੱਤਾ ਅਤੇ ਨਾਵਲ ਦਾ ਪਹਿਲਾ ਵਾਕ ਤੁਹਾਨੂੰ ਮਿਲ ਗਿਆ। ਇਹ ਠੀਕ ਇਸ ਤਰ੍ਹਾਂ ਕਿਵੇਂ ਹੋਇਆ ?*

• ਕਈ ਸਾਲ ਬਾਅਦ ਕਰਨਲ ਓਲਿਆਨੋ ਬੁਏਂਡਿਆ ਜਦੋਂ ਗੋਲੀਬਾਰੀ ਕਰਦੇ ਇਕ ਦਸਤੇ ਦਾ ਸਾਹਮਣਾ ਕਰ ਰਿਹਾ ਸੀ ਤਾਂ ਉਸ ਨੂੰ ਅਤੀਤ ਦੀਆਂ ਪਰਤਾਂ ਵਿਚ ਜਾ ਛੁਪੀ ਉਸ ਸ਼ਾਮ ਦੀ ਯਾਦ ਆ ਗਈ ਜਦੋਂ ਉਸ ਦੇ ਪਿਤਾ ਉਸ ਨੂੰ ਬਰਫ਼ ਲੱਭਣ ਲਈ ਲੈ ਗਏ ਸਨ।

? *ਅਕਸਰ ਤੁਸੀਂ ਕਿਸੇ ਨਾਵਲ ਦੇ ਪਹਿਲੇ ਵਾਕ ਨੂੰ ਕਾਫ਼ੀ ਅਹਿਮੀਅਤ ਦਿੰਦੇ ਹੋ। ਤੁਸੀਂ ਇਕ ਵਾਰੀ ਮੈਨੂੰ ਦੱਸਿਆ ਸੀ ਕਿ ਕਈ ਵਾਰ ਤਾਂ ਅਜਿਹਾ ਵਾਪਰਿਆ ਹੈ ਕਿ ਪੂਰਾ ਨਾਵਲ ਲਿਖਣ ਵਿਚ ਜਿੰਨਾ ਸਮਾਂ ਨਹੀਂ ਲੱਗਾ, ਇਸ ਤੋਂ ਕਿਤੇ ਵੱਧ ਸਮਾਂ ਤੁਹਾਨੂੰ ਉਸ ਦਾ ਪਹਿਲਾ ਵਾਕ ਲਿਖਣ ਵਿਚ ਲੱਗ ਗਿਆ। ਅਜਿਹਾ ਕਿਉਂ ਹੋਇਆ ?*

• ਕਿਉਂਕਿ ਪਹਿਲਾ ਵਾਕ ਕਿਸੇ ਵੀ ਨਾਵਲ ਦੀ ਸ਼ੈਲੀ, ਉਸ ਦੇ ਸਰੂਪ ਅਤੇ ਇਥੋਂ ਤੱਕ ਕਿ ਉਸ ਦੀ ਲੰਬਾਈ ਦੀ ਵੀ ਜਾਂਚ-ਪਰਖ ਕਰਨ ਦੀ ਪ੍ਰਯੋਗਸ਼ਾਲਾ ਹੋ ਸਕਦੀ ਹੈ।

? *ਕੀ ਨਾਵਲ ਲਿਖਣ ਵਿਚ ਤੁਹਾਨੂੰ ਜਿਆਦਾ ਸਮਾਂ ਲਗਦਾ ਹੈ ?*

• ਦਰਅਸਲ, ਲਿਖਣ ਵਿਚ ਸਮਾਂ ਨਹੀਂ ਲੱਗਦਾ। ਲਿਖਣ ਦਾ ਕੰਮ ਤਾਂ ਤੇਜ਼ ਰਫ਼ਤਾਰ ਨਾਲ ਹੋ ਜਾਂਦਾ ਹੈ। ਮੈਂ 'ਵਨ ਹੰਡ੍ਰੇਡ ਈਅਰਜ਼ ਔਫ ਸਾਲੀਟਿਊਡ' ਦੋ ਸਾਲ ਤੋਂ ਵੀ ਘੱਟ ਸਮੇਂ ਵਿਚ ਲਿਖ ਦਿੱਤਾ ਸੀ। ਪਰ ਇਸਨੂੰ ਲਿਖਣ ਲਈ ਟਾਈਪਰਾਈਟਰ 'ਤੇ ਬੈਠਣ ਤੋਂ ਪਹਿਲਾਂ ਮੈਂ 15-16 ਸਾਲ ਇਸ 'ਤੇ ਸੋਚਦਾ ਰਿਹਾ।

? *ਅਤੇ ਇੰਨਾ ਹੀ ਲੰਮਾਂ ਸਮਾਂ 'ਔਟਮ ਔਫ ਦਿ ਪੈਟ੍ਰਿਆਰਕ' ਵਿਚ ਵੀ ਲੱਗਾ ਹੋਵੇਗਾ। ਇਸ 'ਤੇ ਲਿਖਣ ਤੋਂ ਪਹਿਲਾਂ ਤੁਸੀਂ ਇਹਦੇ ਪ੍ਰੌੜ੍ਹ ਹੋਣ ਦੀ ਉਡੀਕ ਕੀਤੀ ਹੋਵੇਗੀ ਜਿਸ ਵਿਚ ਸਮਾਂ ਲੱਗਾ ਹੋਏਗਾ। 'ਕ੍ਰਾਨੀਕਲ ਔਫ ਏ ਡੈੱਥ ਫੋਰਟੋਲਡ' ਨੂੰ ਲਿਖਣ ਲਈ ਤੁਹਾਨੂੰ ਕਿੰਨੀ ਲੰਬੀ ਉਡੀਕ ਕਰਨੀ ਪਈ ਸੀ ?*

• ਤੀਹ ਸਾਲ।

? *ਇੰਨਾ ਲੰਮਾ ਸਮਾਂ ਕਿਉਂ ?*

• ਜਦੋਂ ਇਹ ਵਾਕਿਆ 1951 ਵਿਚ ਹੋਇਆ ਸੀ ਤਾਂ ਉਸ ਸਮੇਂ ਮੇਰੀ ਇਸ ਵਿਚ ਦਿਲਚਸਪੀ ਮਹਿਜ਼ ਇੰਨੀ ਹੀ ਸੀ ਜਿਵੇਂ ਕਿ ਕਿਸੇ ਖ਼ਬਰ ਵਿਚ ਹੁੰਦੀ ਹੈ। ਮੈਂ ਇਸ ਨੂੰ ਕਿਸੇ ਨਾਵਲ ਦੀ ਸਮੱਗਰੀ ਦੀ ਨਜ਼ਰ ਨਾਲ ਨਹੀਂ ਸੀ ਦੇਖਿਆ। ਉਸ ਸਮੇਂ ਇਹ ਵਿਧੀ ਕੋਲੰਬੀਆ ਵਿਚ ਬਹੁਤ ਵਿਕਸਿਤ ਨਹੀਂ ਸੀ ਅਤੇ ਮੈਂ ਇਕ ਸਥਾਨਕ ਅਖ਼ਬਾਰ ਦੇ ਨਾਲ ਖੇਤਰੀ ਪੱਤਰਕਾਰ ਦੇ ਤੌਰ ਤੇ ਸੰਬੰਧ ਸੀ। ਇਸ ਤੋਂ ਇਲਾਵਾ, ਇਸ ਸਥਾਨਕ ਅਖ਼ਬਾਰ ਦੇ ਇਸ ਮਾਮਲੇ ਵਿਚ ਰੁਚੀ ਨਹੀਂ ਰਹੀ ਹੋਵੇਗੀ। ਕਾਫ਼ੀ ਸਾਲਾਂ ਬਾਅਦ ਮੈਂ ਇਸ ਮਾਮਲੇ ਬਾਰੇ ਸਾਹਿਤਕ ਢੰਗ ਨਾਲ ਸੋਚਣਾ ਸ਼ੁਰੂ ਕੀਤਾ ਪਰ ਹਮੇਸ਼ਾ ਮੇਰੇ ਜ਼ਿਹਨ ਵਿਚ ਇਹੋ ਖ਼ਿਆਲ ਘੁੰਮਦਾ ਰਹਿੰਦਾ ਸੀ ਕਿ ਜੇਕਰ ਮੇਰੀ ਮਾਂ ਇਸ ਨਾਵਲ ਵਿਚ ਆਪਣੇ ਹੀ ਤਮਾਮ ਮਿੱਤਰਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਦੇਖੇਗੀ ਤਾਂ ਕਿੰਨੀ ਖ਼ਫ਼ਾ ਹੋਵੇਗੀ। ਉਪਰੋਂ ਜੇ ਨਾਵਲ ਖ਼ੁਦ ਉਸ ਦੇ ਪੁੱਤਰ ਨੇ ਲਿਖਿਆ ਹੋਵੇ ਤਾਂ ਅੰਦਾਜ਼ਾ ਲਓ, ਉਸ ਦੀ ਖਿੱਝ ਦਾ ਹਸ਼ਰ ਕੀ ਹੋਏਗਾ! ਇਸ ਦੇ ਬਾਵਜੂਦ ਸੱਚਾਈ ਇਹ ਹੈ ਕਿ ਇਹ ਵਿਸ਼ਾ ਉਦੋਂ ਤਕ ਮੇਰੇ ਉਪਰ ਭਾਰੂ ਨਹੀਂ ਸੀ ਹੋ ਸਕਿਆਂ। ਉਹ ਤਾਂ ਕਈ ਸਾਲਾਂ ਬਾਅਦ ਅਜਿਹਾ ਹੋਇਆ ਕਿ ਘਟਨਾ ਦਾ ਇਕ ਸ਼ਕਤੀਸ਼ਾਲੀ ਪਹਿਲੂ ਈਜਾਦ ਹੋ ਕੇ ਮੇਰੇ ਸਾਹਮਣੇ ਇੰਝ ਆ ਗਿਆ ਕਿ ਦੋਵੇਂ ਹੱਤਿਆਰੇ ਕਤਲ ਨੂੰ ਅੰਜਾਮ ਨਹੀਂ ਦੇਣਾ ਚਾਹੁੰਦੇ ਸਨ ਅਤੇ ਉਨ੍ਹਾਂ ਨੇ ਭਰਪੂਰ ਕੋਸ਼ਿਸ਼ ਕੀਤੀ ਸੀ ਕਿ ਕੋਈ ਅਜਿਹਾ ਵਿਅਕਤੀ ਮਿਲ ਜਾਂਦਾ ਜੋ ਇਸ ਵਾਰਦਾਤ ਨੂੰ ਹੋਣ ਤੋਂ ਰੋਕ ਲੈਂਦਾ। ਪਰ ਉਹ ਇਸ ਵਿਚ ਅਸਫ਼ਲ ਰਹੇ। ਅਸਲੀਅਤ ਵਿਚ ਇਸ ਪੂਰੇ ਨਾਟਕ ਦਾ ਸਭ ਤੋਂ ਵਧੀਆ ਪਹਿਲੂ ਇਹ ਹੈ; ਬਾਕੀ ਗੱਲਾਂ ਤਾਂ ਸਾਧਾਰਨ ਹਨ। ਇਸ ਰਚਨਾ ਵਿਚ ਦੇਰੀ ਦਾ ਦੂਜਾ ਕਾਰਨ ਇਸ ਦੇ ਸਵਰੂਪ ਨੂੰ ਲੈ ਕੇ ਸੀ। ਅਲਸਲ ਜ਼ਿੰਦਗੀ ਵਿਚ ਜਦੋਂ ਪਤੀ ਵਾਰਦਾਤ ਤੋਂ ਅੰਦਾਜ਼ਨ 25 ਸਾਲਾਂ ਬਾਅਦ ਆਪਣੀ ਛੱਡੀ ਬੀਵੀ ਕੋਲ ਪਰਤਦਾ ਹੈ ਤਾਂ ਕਹਾਣੀ ਦਾ ਅੰਤ ਹੋ ਜਾਂਦਾ ਹੈ। ਪਰ ਮੇਰੇ ਦਿਮਾਗ਼ ਵਿਚ ਗੱਲ ਬਹੁਤ ਸਾਫ਼ ਸੀ ਕਿ ਨਾਵਲ ਵਿਚ ਇਸ ਜੁਰਮ ਨਾਲ ਸੰਬੰਧਿਤ ਪੂਰਾ ਬਿਓਰਾ ਆਉਣਾ ਚਾਹੀਦਾ ਹੈ। ਨਾਵਲ ਦੇ ਘਟਨਾਕ੍ਰਮ ਦੀ ਤਫ਼ਸੀਲ ਹੋਣੀ ਚਾਹੀਦੀ ਹੈ। ਇਸ ਕਹਾਣੀ ਨੂੰ ਠੀਕ ਅਸਲ ਜ਼ਿੰਦਗੀ ਦੀ ਤਰ੍ਹਾਂ ਵੀ ਨਾਵਲ ਵਿਚ ਵੀ ਖ਼ਤਮ ਨਹੀਂ ਕੀਤਾ ਜਾ ਸਕਦਾ ਸੀ। ਨਾਵਲ ਦੀ ਕਾਲ ਸੰਰਚਨਾ ਵਿਚ ਆਜ਼ਾਦੀ ਪੂਰਵਕ ਵਿਚਰਣ ਲਈ ਕਥਾਵਾਚਕ ਦੇ ਰੂਪ ਵਿਚ ਮੈਂ ਪਹਿਲੀ ਵਾਰ ਪ੍ਰਥਮ (ਉਤਮ) ਪੁਰਸ਼ ਵਿਚ ਕੋਈ ਨਾਵਲ ਲਿਖਿਆ ਸੀ। ਇਸ ਲਈ ਇਸ ਨਾਲ ਹੋਇਆ ਇਹ ਕਿ ਤੀਹ ਸਾਲ ਬਾਅਦ ਮੈਨੂੰ ਇਹ ਪਤਾ ਲੱਗਾ ਕਿ ਅਸੀਂ ਨਾਵਲਕਾਰ ਲੋਕੀਂ ਅਕਸਰ ਇਹ ਭੁੱਲ ਕਰਦੇ ਹਾਂ ਕਿ ਅਸੀਂ ਸਮਝਦੇ ਹਾਂ ਕਿ ਸਾਡਾ ਬਿਹਤਰੀਨ ਸਾਹਿਤਕ ਸੂਤਰ ਹੈ—ਸੱਚ।

? *ਹੈਮਿੰਗਵੇ ਅਕਸਰ ਕਿਹਾ ਕਰਦੇ ਸਨ ਕਿ ਸਾਨੂੰ ਕਿਸੇ ਵਿਸ਼ੇ 'ਤੇ ਲਿਖਣ ਵਿਚ ਨਾ ਤਾਂ ਬਹੁਤੀ ਜਲਦਬਾਜ਼ੀ ਕਰਨੀ ਚਾਹੀਦੀ ਹੈ ਤੇ ਨਾ ਹੀ ਬਹੁਤੀ ਦੇਰ। ਕੀ ਤੁਹਾਨੂੰ ਬਹੁਤ ਸਮੇਂ ਤੱਕ ਕਿਸੇ ਕਹਾਣੀ ਨੂੰ ਆਪਣੇ ਜ਼ਿਹਨ ਵਿਚ ਬ਼ਗੈਰ*

*ਲਿਖਿਆ ਰੱਖੀ ਰੱਖਣ ਵਿਚ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ ?*

- ਹਕੀਕਤ ਵਿਚ, ਮੇਰੀ ਅਜਿਹੀ ਕਿਸੇ ਚੀਜ਼ ਬਾਰੇ ਲਿਖਣ ਵਿਚ ਕਦੇ ਰੁਚੀ ਹੀ ਨਹੀਂ ਰਹੀ ਜੋ ਸਾਲਾਂ ਬੱਧੀ ਮੇਰੀ ਨਾਉਮੀਦੀ ਨੂੰ ਸਹਾਰ ਨਾ ਸਕਦੀ ਹੋਵੇ। ਜੇਕਰ ਇਹ ਵਿਚਾਰ 'ਵਨ ਹੰਡ੍ਰੇਡ ਈਅਰਜ਼ ਔਫ਼ ਸਾਲੀਟਿਊਡ' ਦੀ ਤਰ੍ਹਾਂ ਪੰਦਰਾਂ ਸਾਲ, 'ਔਟਮ ਔਫ ਦਿ ਪੈਟ੍ਰੀਆਰਕ' ਵਾਂਗੂੰ 17 ਸਾਲ ਅਤੇ 'ਕ੍ਰਾਨੀਕਲ ਔਫ ਦਿ ਡੈੱਥ ਫੋਰਟੋਲਡ' ਦੀ ਤਰ੍ਹਾਂ ਤੀਹ ਸਾਲ ਮੇਰੇ ਦਿਮਾਗ਼ ਦੇ ਕੋਨ ਵਿਚ ਟਿਕਿਆ ਰਹਿ ਸਕਦਾ ਹੈ ਤਾਂ ਫਿਰ ਮੇਰੇ ਕੋਲ ਲਿਖਣ ਤੋਂ ਬਿਨਾਂ ਕੋਈ ਰਾਹ ਨਹੀਂ ਬਚਦਾ।

? *ਕੀ ਤੁਸੀਂ ਲਿਖਣ ਲਈ ਨੋਟਸ ਲੈਂਦੇ ਹੋ?*

- ਕਦੇ ਨਹੀਂ। ਸਿਰਫ਼ ਕੁਝ ਫੁਟਕਲ ਚੀਜ਼ਾਂ ਨੂੰ ਸੰਖੇਪ ਵਿਚ ਲਿਖ ਲੈਂਦਾ ਹਾਂ। ਮੈਨੂੰ ਆਪਣੇ ਤਜਰਬਿਆਂ ਨਾਲ ਪਤਾ ਹੈ ਕਿ ਜਦੋਂ ਤੁਸੀਂ ਨੋਟਸ ਲੱਗਦੇ ਹੋ ਤਾਂ ਸਿਰਫ਼ ਇਨ੍ਹਾਂ ਬਾਰੇ ਹੀ ਸੋਚਣ ਲੱਗਦੇ ਹੋ; ਇਨ੍ਹਾਂ ਤੋਂ ਪਰ੍ਹੇ ਕਿਤਾਬ ਦੇ ਬਾਰੇ ਵਿਚ ਨਹੀਂ।

? *ਕੀ ਤੁਹਾਨੂੰ ਆਪਣੇ ਲਿਖੇ ਹੋਏ ਨੂੰ ਦਰੁਸਤ ਕਰਨਾ ਪੈਂਦਾ ਹੈ ?*

- ਇਸ ਲਿਹਾਜ਼ ਨਾਲ ਦੇਖਿਆ ਜਾਏ ਤਾਂ ਮੇਰੀਆਂ ਰਚਨਾਵਾਂ ਸੋਧਣ ਦੀ ਪ੍ਰਕਿਰਿਆ ਵਿਚ ਕਾਫ਼ੀ ਤਬਦੀਲ ਹੋ ਜਾਂਦੀਆਂ ਹਨ। ਜਦੋਂ ਮੈਂ ਛੋਟਾ ਸੀ ਤਾਂ ਸਿੱਧਾ ਲਿਖਣਾ ਸ਼ੁਰੂ ਕਰ ਦਿੰਦਾ ਸੀ। ਉਨ੍ਹਾਂ ਦੀਆਂ ਕਾਪੀਆਂ ਬਣਾ ਲੈਂਦਾ ਸਾਂ ਅਤੇ ਦੁਬਾਰਾ ਉਨ੍ਹਾਂ ਨੂੰ ਪੜ੍ਹਦਾ ਸਾਂ। ਹੁਣ ਤਾਂ ਮੈਂ ਲਿਖਣ ਦੌਰਾਨ ਹੀ ਆਪਣੀਆਂ ਰਚਨਾਵਾਂ ਦੀ ਇਕ-ਇਕ ਪੰਕਤੀ ਸੁਧਾਰਦਾ ਰਹਿੰਦਾ ਹਾਂ ਜਿਸ ਨਾਲ ਆਖ਼ਿਰ ਵਿਚ ਮੇਰੇ ਹੱਥ ਵਿਚ ਇਕ ਪੂਰਾ ਸਾਫ਼-ਸੁਥਰਾ ਸਫ਼ਾ ਹੁੰਦਾ ਹੈ ਜਿਸ ਉਪਰ ਨਾ ਤਾਂ ਕੋਈ ਗੰਦਾ ਨਿਸ਼ਾਨ ਹੁੰਦਾ ਹੈ ਤੇ ਨਾ ਹੀ ਕੋਈ ਕਾਟ-ਛਾਂਟ। ਇਹ ਪੇਜ ਪ੍ਰਕਾਸ਼ਨ ਲਈ ਤਕਰੀਬਨ ਤਿਆਰ ਹੁੰਦਾ ਹੈ।

? *ਕੀ ਤੁਸੀਂ ਬਹੁਤ ਵਰਕੇ ਪਾੜਦੇ ਹੋ ?*

- ਇੰਨੇ ਕਿ ਤੁਸੀਂ ਕਲਪਨਾ ਨਹੀਂ ਕਰ ਸਕਦੇ... ਇਸ ਤੋਂ ਬਾਅਦ ਜਾ ਕੇ ਕੋਈ ਪੰਨਾ ਟਾਈਪ ਕਰ ਸਕਦਾ ਹਾਂ।

? *ਕੀ ਟਾਈਪ ਹੀ ਕਰਦੇ ਹੋ ਸਦਾ ?*

- ਹਮੇਸ਼ਾ, ਇਲੈਕਟ੍ਰਿਕ ਟਾਈਪਰਾਈਟਰ 'ਤੇ। ਜਦੋਂ ਮੈਂ ਗ਼ਲਤ ਸ਼ੁਰੂਆਤ ਕਰ ਦਿੰਦਾ ਹਾਂ ਜਾਂ ਟਾਈਪਿੰਗ ਵਿਚ ਮੇਰੇ ਤੋਂ ਕੋਈ ਗ਼ਲਤੀ ਹੋ ਜਾਂਦੀ ਹੈ, ਜਾਂ ਲਿਖਿਆ ਹੋਇਆ ਕੋਈ ਸ਼ਬਦ ਪਸੰਦ ਨਹੀਂ ਆਉਂਦਾ, ਤਾਂ ਪਤਾ ਨਹੀਂ ਕਿਹੜਾ ਭੂਤ ਮੇਰੇ ਉੱਤੇ ਸਵਾਰ ਹੋ ਜਾਂਦਾ ਹੈ ਜਾਂ ਕਿਹੋ ਜਿਹਾ ਪਾਪ-ਬੋਧ ਪ੍ਰਭਾਵੀ ਹੋ ਜਾਂਦਾ ਹੈ ਕਿ ਮੈਂ ਸਮੁੱਚਾ ਪੰਨਾ ਹੀ ਟਾਈਪਰਾਈਟਰ ਤੋਂ ਬਾਹਰ ਕੱਢ ਦਿੰਦਾ ਹਾਂ ਅਤੇ ਨਵੇਂ ਪੰਨੇ 'ਤੇ ਟਾਈਪ ਕਰਨੀ ਸ਼ੁਰੂ ਕਰ ਦਿੰਦਾ ਹਾਂ। ਬਾਰਾਂ ਪੇਜ ਦੀ ਕਹਾਣੀ ਲਿਖਣ ਵਿਚ ਮੈਥੋਂ ਅੰਦਾਜ਼ਨ ਪੰਜ ਸੌ ਸਫ਼ੇ ਬਰਬਾਦ ਹੋ ਜਾਂਦੇ ਹਨ। ਇਸ ਦਾ ਮਤਲਬ ਇਹ ਨਿਲਿਆ ਕਿ ਮੈਂ ਅਜੇ ਤੱਕ ਆਪਣੀ ਇਸ ਖ਼ਬਤ ਤੋਂ ਉਭਰ ਨਹੀਂ ਸਕਿਆ ਕਿ ਟਾਈਪਿੰਗ ਵਿਚ ਹੋਈ ਗ਼ਲਤੀ ਵਿਚ ਰਚਨਾਤਮਕਤਾ ਦਾ ਦੋਸ਼ ਸਦ੍ਰਿਸ਼ ਹੁੰਦਾ ਹੈ।

? *ਬਹੁਤ ਸਾਰੇ ਲੇਖਕਾਂ ਨੂੰ ਇਲੈਕਟ੍ਰਿਕ ਟਾਈਪਰਾਈਟਰ ਤੋਂ ਐਲਰਜੀ ਹੁੰਦੀ ਹੈ। ਤੁਹਾਨੂੰ ਨਹੀਂ ਹੁੰਦੀ ?*

- ਨਹੀਂ, ਮੈਨੂੰ ਐਲਰਜੀ ਨਹੀਂ ਹੈ। ਮੈਂ ਇਲੈਕਟ੍ਰਿਕ ਟਾਈਪਰਾਈਟਰ ਨਾਲ ਇਸ ਕਦਰ ਮੋਹ ਕਰਦਾ ਹਾਂ ਕਿ ਬਗ਼ੈਰ ਇਸ ਦੇ ਮੈਂ ਕੁਝ ਲਿਖ ਹੀ ਨਹੀਂ ਸਕਦਾ। ਆਮ ਤੌਰ 'ਤੇ ਜਦੋਂ ਤੁਹਾਡੇ ਚਾਰੇ ਪਾਸੇ ਦੀਆਂ ਸਾਰੀਆਂ ਪ੍ਰਸਥਿਤੀਆਂ ਸੁਖਦ ਹੋਣ ਤਾਂ ਤੁਸੀਂ ਬਿਹਤਰ ਲਿਖ ਸਕਦੇ ਹੋ। ਮੇਰਾ ਮਨ ਇਸ ਰੋਮਾਨੀ ਮਿੱਥ ਦੀ ਕੈਦ ਵਿਚ ਕਦੇ ਨਹੀਂ ਰਿਹਾ ਕਿ ਜਦੋਂ ਤਕ ਇਕ ਲੇਖਕ ਭੁੱਖ ਨਾਲ ਬਿਲਬਿਲਾ ਨਾ ਉੱਠੇ ਅਤੇ ਪਸਤ ਨਾ ਹੋ ਜਾਏ, ਉਦੋਂ ਤਕ ਉਹ ਕੁਝ ਸਾਰਥਿਕ ਲਿਖ ਹੀ ਨਹੀਂ ਸਕਦਾ। ਮੇਰਾ ਤਾਂ ਮੰਨਣਾ ਹੈ ਕਿ ਜਦੋਂ ਤੁਹਾਡਾ ਢਿੱਡ ਚੰਗੇ ਭੋਜਨ ਨਾਲ ਤ੍ਰਿਪਤ ਹੁੰਦਾ ਹੈ ਅਤੇ ਤੁਹਾਡੇ ਕੋਲ ਇਕ ਅਦਦ ਇਲੈਕਟ੍ਰਿਕ ਟਾਈਪਰਾਈਟਰ ਹੁੰਦਾ ਹੈ, ਤਦੇ ਤੁਸੀਂ ਬਿਹਤਰ ਲਿਖ ਸਕਦੇ ਹੋ।

? *ਤੁਸੀਂ ਆਪਣੇ ਇੰਟਰਵਿਊਜ਼ ਵਿਚ ਉਨ੍ਹਾਂ ਰਚਨਾਵਾਂ ਦੇ ਬਾਰੇ ਵਿਚ ਸ਼ਾਇਦ ਹੀ ਮੂੰਹ ਖੋਲ੍ਹਦੇ ਹੋ, ਜਿਨ੍ਹਾਂ ਨੂੰ ਤੁਸੀਂ ਅਜੇ*

*ਲਿਖ ਰਹੇ ਹੁੰਦੇ ਹੋ। ਅਜਿਹਾ ਕਿਉਂ ?*

- ਕਿਉਂ ਜੋ ਉਹ ਮੇਰੇ ਵਿਅਕਤੀਗਤ ਜੀਵਨ ਦਾ ਅਹਿਮ ਹਿੱਸਾ ਹੁੰਦੀਆਂ ਹਨ। ਸੱਚਾਈ ਇਹ ਹੈ ਕਿ ਮੈਨੂੰ ਉਨ੍ਹਾਂ ਲੇਖਕਾਂ ਨਾਲ ਵੀ ਨਾਰਾਜ਼ਗੀ ਹੈ ਜੋ ਆਪਣੇ ਇੰਟਰਵਿਊਜ਼ ਵਿਚ ਬੇਲਾਗ ਤਰੀਕੇ ਨਾਲ ਆਪਣੇ ਅਗਲੇ ਨਾਵਲ ਦੇ ਕਥਾਨਕ ਦਾ ਖ਼ਾਕਾ ਪ੍ਰਸਤੁਤ ਕਰਦੇ ਘੁੰਮਦੇ ਹਨ। ਇਸ ਨਾਲ ਇਹ ਜ਼ਾਹਿਰ ਹੁੰਦਾ ਹੈ ਕਿ ਉਨ੍ਹਾਂ ਦੇ ਲੇਖਨ ਦੇ ਮੋਰਚੇ 'ਤੇ ਸਭ ਕੁਝ ਚੰਗਾ ਨਹੀਂ ਚੱਲ ਰਿਹਾ ਹੈ ਅਤੇ ਉਹ ਅਖ਼ਬਾਰਾਂ ਦੇ ਸਾਹਮਣੇ ਇਨ੍ਹਾਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਪੇਸ਼ ਕਰ ਕੇ ਇਕ ਤਰ੍ਹਾਂ ਖ਼ੁਦ ਹੌਸਲਾ ਪ੍ਰਾਪਤ ਕਰ ਰਹੇ ਹੁੰਦੇ ਹਨ ਜਿਨ੍ਹਾਂ ਦਾ ਸਮਾਧਾਨ ਉਹ ਆਪਣੇ ਨਾਵਲ ਵਿਚ ਨਹੀਂ ਲੱਭ ਸਕ ਰਹੇ ਹੁੰਦੇ ਹਨ।

? *ਪਰ ਅਜਿਹਾ ਲੱਗਦਾ ਹੈ ਕਿ ਤੁਸੀਂ ਜਿਸ ਨਾਵਲ 'ਤੇ ਕੰਮ ਰਹੇ ਹੁੰਦੇ ਹੋ, ਉਸ 'ਤੇ ਗੱਲਬਾਤ ਤੁਸੀਂ ਆਪਣੇ ਸਭ ਤੋਂ ਕਰੀਬੀ ਮਿੱਤਰਾਂ ਨਾਲ ਸਾਂਝੀ ਕਰਦੇ ਹੋ ?*

- ਜੀ ਹਾਂ, ਬਿਲਕੁਲ। ਮੈਂ ਜਿਨ੍ਹਾਂ ਨਾਵਲਾਂ 'ਤੇ ਲਿਖ ਰਿਹਾ ਹੁੰਦਾ ਹਾਂ, ਉਨ੍ਹਾਂ ਦਾ ਪਰੀਖਣ ਕਰਦਾ ਰਹਿੰਦਾ ਹਾਂ। ਜਦੋਂ ਮੈਂ ਕੁਝ ਲਿਖਦਾ ਹਾਂ ਤਾਂ ਇਸ ਬਾਰੇ ਵਿਚ ਕਾਫ਼ੀ ਗੱਲਾਂ ਕਰਦਾ ਰਹਿੰਦਾ ਹਾਂ। ਇਸ ਕ੍ਰਮ ਵਿਚ ਮੈਨੂੰ ਪਤਾ ਲੱਗ ਜਾਂਦਾ ਹੈ ਕਿ ਆਪਣੇ ਲੇਖਨ ਵਿਚ ਕਿੱਥੇ ਮੇਰੀ ਸਥਿਤੀ ਮਜ਼ਬੂਤ ਹੈ ਅਤੇ ਕਿੱਥੇ ਮੈਂ ਭੁਰਭੁਰੀ ਜ਼ਮੀਨ 'ਤੇ ਖੜ੍ਹਾ ਹਾਂ। ਮੇਰੇ ਲਈ ਇਹ ਇਕ ਪਹਿਲਾਂ ਤੋਂ ਕੀਤੀ ਗਈ ਮਸ਼ਕ ਹੈ।

? *ਤੁਸੀਂ ਗੱਲਾਂ ਤਾਂ ਖ਼ੂਬ ਕਰਦੇ ਹੋ ਪਰ ਉਨ੍ਹਾਂ ਮਿੱਤਰਾਂ ਨੂੰ ਉਸ ਤਕ ਫਟਕਣ ਨਹੀਂ ਦਿੰਦੇ ਜੋ ਉਸ ਸਮੇਂ ਤੁਸੀਂ ਲਿਖ ਰਹੇ ਹੁੰਦੇ ਹੋ।*

- ਗੱਲ ਜਾਇਜ਼ ਹੈ। ਕਦੇ ਵੀ ਪੜ੍ਹਨ ਨਹੀਂ ਦਿੰਦਾ। ਇਹ ਮੇਰੇ ਲਈ ਇਕ ਅੰਧ-ਵਿਸ਼ਵਾਸ ਜਿਹਾ ਬਣ ਗਿਆ ਹੈ। ਦਰਅਸਲ ਮੇਰਾ ਮੰਨਣਾ ਹੈ ਕਿ ਲੇਖਕ ਹਮੇਸ਼ਾ ਇਕੱਲਾ ਹੀ ਹੁੰਦਾ ਹੈ। ਠੀਕ ਇੰਝ ਹੀ ਜਿਵੇਂ ਸਮੁੰਦਰ ਵਿਚ ਡੁੱਬਦੇ ਹੋਏ ਜਹਾਜ਼ ਦੇ ਮੱਲਾਹ-ਬਿਲਕੁਲ ਇਕੱਲੇ। ਲੇਖਨ ਦੁਨੀਆ ਦਾ ਸਭ ਤੋਂ ਤਨਹਾ ਪੇਸ਼ਾ ਹੈ। ਲਿਖਣ ਵਿਚ ਕੋਈ ਚਾਹੁੰਦਾ ਹੋਇਆ ਵੀ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ।

? *ਤੁਹਾਡੀ ਨਿਗ੍ਹਾ ਵਿਚ ਲੇਖਣ ਲਈ ਸਭ ਤੋਂ ਆਦਰਸ਼ ਸਥਾਨ ਕੀ ਹੋ ਸਕਦਾ ਹੈ ?*

- ਮੈਂ ਇਹ ਪਹਿਲਾਂ ਵੀ ਕਈ ਮਰਤਬਾ ਦੱਸ ਚੁੱਕਾ ਹਾਂ, ਸਵੇਰ ਦਾ ਵੇਲਾ ਹੋਵੇ ਜਾਂ ਕੋਈ ਦ੍ਵੀਪ ਹੋਵੇ ਜਾਂ ਫਿਰ ਰਾਤ ਦੀਆਂ ਬਾਹਾਂ ਵਿਚ ਝੂਮਦਾ ਹੋਈ ਮਹਾਂਨਗਰ। ਸਵੇਰੇ ਮੈਨੂੰ ਇਕੱਲਾਪਣ ਚਾਹੀਦਾ ਹੈ, ਸ਼ਾਮੀਂ ਕੁਝ ਮਦਿਰਾ ਅਤੇ ਕੁਝ ਸਾਥੀ... ਗੱਪ ਸ਼ਪ ਲਈ। ਮੇਰੇ ਲਈ ਇਹ ਜ਼ਰੂਰੀ ਹੈ ਕਿ ਮੈਂ ਆਮ ਆਦਮੀ ਦੇ ਲਗਾਤਾਰ ਸੰਪਰਕ ਵਿਚ ਰਹਾਂ; ਜਿਸ ਨਾਲ ਮੈਂ ਜਾਣ ਸਕਾਂ ਕਿ ਦੁਨੀਆ ਵਿਚ ਕੀ ਵਾਪਰ ਰਿਹਾ ਹੈ। ਮੇਰੀ ਇਹ ਸਥਿਤੀ ਵਿਲੀਅਮ ਫੌਕਨਰ ਦੀ ਇਸ ਗੱਲ ਵਿਚ ਬਾਖ਼ੂਬੀ ਬਿਆਨ ਹੋ ਜਾਂਦੀ ਹੈ ਜਦੋਂ ਉਹ ਕਹਿੰਦੇ ਹਨ ਕਿ ਦੇਖਿਆ ਜਾਏ ਤਾਂ ਕਿਸੇ ਲੇਖਕ ਲਈ ਸਭ ਤੋਂ ਸਹੀ ਸਥਾਨ ਰੰਡੀਆਂ ਦਾ ਕੋਠਾ ਹੁੰਦਾ ਹੈ ਕਿਉਂਕਿ ਇਸ ਜਗ੍ਹਾ ਸਵੇਰੇ ਬੜਾ ਸੁੰਨਾਪਣ ਹੁੰਦਾ ਹੈ ਪਰ ਹਰ ਰਾਤ ਇਕ ਮਹਿਫ਼ਲ।

? *ਚਲੋ, ਹੁਣ ਲੇਖਣ ਦੇ ਸ਼ਿਲਪ ਪੱਖ 'ਤੇ ਗੱਲ ਕਰਦੇ ਹਾਂ ਜੋ ਕਿਸੇ ਲੇਖਕ ਦੇ ਹੋਣ ਨਾਲ ਜੁੜਿਆ ਹੁੰਦਾ ਹੈ। ਲੇਖਕ ਬਣਨ ਦੀ ਲੰਮੀ ਪ੍ਰਕਿਰਿਆ ਵਿਚ ਤੁਹਾਨੂੰ ਕਿਸ ਦਾ ਸਹਿਯੋਗ ਸਭ ਤੋਂ ਵੱਧ ਪ੍ਰਾਪਤ ਹੋਇਆ ?*

- ਸਾਰਿਆਂ ਨਾਲੋਂ ਪਹਿਲਾਂ ਮੈਂ ਆਪਣੀ ਦਾਦੀ ਦਾ ਨਾਂ ਲੈਣਾ ਪਸੰਦ ਕਰਾਂਗਾ ਜਿਨ੍ਹਾਂ ਦਾ ਸਭ ਤੋਂ ਜ਼ਿਆਦਾ ਸਹਿਯੋਗ ਮਿਲਿਆ। ਉਹ ਖ਼ੂੰਖ਼ਾਰ ਤੋਂ ਖ਼ੂੰਖ਼ਾਰ ਚੀਜ਼ਾਂ ਤੇ ਘਟਨਾਵਾਂ ਦੀਆਂ ਕਹਾਣੀਆਂ ਕੁਝ ਇਸ ਢੰਗ ਨਾਲ ਪੇਸ਼ ਕਰ ਦਿੰਦੇ ਸਨ, ਮਾਲੂਮ ਹੁੰਦਾ ਸੀ ਕਿ ਜਿਵੇਂ ਸੱਚਮੁਚ ਇਨ੍ਹਾਂ ਚੀਜ਼ਾਂ ਨੂੰ ਵੇਖਿਆ ਹੋਵੇ ਅਤੇ ਇਸ ਵਿਚ ਘਬਰਾਉਣ ਜਾਂ ਅਚੰਭੇ ਵਾਲੀ ਕੋਈ ਗੱਲ ਹੀ ਨਾ ਹੋਵੇ। ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਉਨ੍ਹਾਂ ਦੇ ਸੰਤੁਸ਼ਟ ਵਿਅਕਤਿਤਵ ਦਾ ਹਾਵ-ਭਾਵ ਅਤੇ ਬਿੰਬਾਂ ਦਾ ਵੈਭਵ ਹੀ ਸੀ ਜਿਸ ਦੀ ਬਦੌਲਤ ਉਨ੍ਹਾਂ ਦੀਆਂ ਕਹਾਣੀਆਂ ਇੰਨੀਆਂ ਯਕੀਨ ਯੋਗ ਬਣ ਜਾਂਦੀਆਂ ਸਨ। ਆਪਣੀ ਦਾਦੀ ਦੀ ਇਸੇ ਕਥਾ-ਵਿਧੀ ਦਾ ਇਸਤੇਮਾਲ ਕਰ ਕੇ ਮੈਂ 'ਵਨ ਹੰਡ੍ਰੇਡ ਈਅਰਜ਼ ਔਫ ਸਾਲੀਟਿਊਡ' ਲਿਖੀ ਸੀ

? *ਕੀ ਆਪਣੀ ਦਾਦੀ ਕਰਕੇ ਹੀ ਤੁਹਾਨੂੰ ਇਹ ਮਹਿਸੂਸ ਹੋਇਆ ਕਿ ਤੁਹਾਡੇ ਵਿਚ ਇਕ ਲੇਖਕ ਲੁਕਿਆ ਹੋਇਆ ਹੈ ?*

- ਨਹੀਂ ਨਹੀਂ, ਅਜਿਹਾ ਨਹੀਂ ਹੈ। ਐਸਾ ਕਾਫ਼ਕਾ ਦੇ ਕਾਰਨ ਹੋਇਆ ਜਿਸ ਨੇ ਜੀਨਾਨ ਵਿਚ ਚੀਜ਼ਾਂ ਨੂੰ ਕੁਝ ਉਸੇ ਢੰਗ ਨਾਲ ਪ੍ਰਸਤੁਤ ਕੀਤਾ ਹੈ ਜਿਸ ਢੰਗ ਨਾਲ ਮੇਰੀ ਦਾਦੀ ਕਰਦੀ ਹੁੰਦੀ ਸੀ। ਸਤਾਰਾਂ ਸਾਲ ਦੀ ਉਮਰ ਵਿਚ ਜਦੋਂ ਮੈਂ ਕਾਫਕਾ ਦੀ 'ਮੈਟਾਮਾਰਫੌਸਿਸ' ਪੜ੍ਹੀ ਸੀ ਤਾਂ ਮੈਨੂੰ ਲੱਗਾ ਕਿ ਮੈਂ ਲੇਖਕ ਬਣ ਸਕਦਾ ਹਾਂ। ਇਸ ਕਹਾਣੀ ਵਿਚ ਜਦੋਂ ਮੈਂ ਦੇਖਿਆ ਕਿ ਕਿਵੇਂ ਇਕ ਸਵੇਰ ਉਠਣ 'ਤੇ ਗ੍ਰੇਗਰ ਸੈਂਪਾ ਨੇ ਨੂੰ ਪਤਾ ਲੱਗਾ ਕਿ ਉਸ ਦਾ ਸਰੀਰ ਤਾਂ ਇਕ ਵੱਡੇ ਸਾਰੇ ਕੀੜੇ 'ਚ ਤਬਦੀਲ ਹੋ ਗਿਆ ਹੈ ਤਾਂ ਮੈਂ ਖ਼ੁਦ ਨੂੰ ਕਿਹਾ ਕਿ ਯਾਰ, ਮੈਂ ਨਹੀਂ ਜਾਣਦਾ ਕਿ ਤੂੰ ਵੀ ਅਜਿਹਾ ਲਿਖ ਸਕਦਾ ਹੈ ਪਰ ਜੇਕਰ ਤੂੰ ਲਿਖ ਸਕਿਆਂ ਤਾਂ ਯਕੀਨਨ ਮੈਂ ਲਿਖਣ ਪ੍ਰਤੀ ਉਤਸੁਕ ਹਾਂ।

? *ਇਸ ਦ੍ਰਿਸ਼ ਨੇ ਤੁਹਾਨੂੰ ਇੰਨੇ ਜ਼ਬਰਦਸਤ ਢੰਗ ਨਾਲ ਅਪੀਲ ਕਿਉਂ ਕੀਤਾ? ਕੀ ਇਸ ਵਜ੍ਹਾ ਨਾਲ ਕਿ ਲੇਖਣ ਵਿਚ ਜੋ ਚਾਹੋ, ਉਸ ਨੂੰ ਈਜਾਦ ਕਰ ਸਕਣ ਦੀ ਅਜ਼ਾਦੀ ਹੁੰਦੀ ਹੈ ?*

- ਅਚਾਨਕ ਮੈਨੂੰ ਲੱਗਾ ਕਿ ਸਾਹਿਤ ਵਿਚ ਪਤਾ ਨਹੀਂ ਕਿੰਨੀਆਂ ਅਜਿਹੀਆਂ ਸੰਭਾਵਨਾਵਾਂ ਮੌਜੂਦ ਹਨ ਜੋ ਮੈਨੂੰ ਉਨ੍ਹਾਂ ਤਾਰਕਿਕ ਅਤੇ ਬੇਹੱਦ ਅਕਾਦਮਿਕ ਉਦਾਹਰਣਾ ਤੋਂ ਪਾਰ ਲਿਜਾਂਦੀਆਂ ਹਨ ਜਿੰਨ੍ਹਾਂ ਨੂੰ ਮੈਂ ਸੈਕੰਡਰੀ ਸਕੂਲ ਦੀਆਂ ਪਾਠ-ਪੁਸਤਕਾਂ ਵਿਚ ਪੜ੍ਹਿਆ ਸੀ। ਇਹ ਤਜਰਬਾ ਇਕ ਤਰ੍ਹਾਂ ਨਾਲ ਇਕ ਸ਼ੁਚਿਤ-ਬੰਧਨ ਨੂੰ ਤੋੜਨ ਵਰਗਾ ਸੀ। ਪਰ ਕੁਝ ਸਾਲਾਂ ਬਾਅਦ ਮੈਂ ਇਹ ਜਾਣਿਆ ਕਿ ਅਜਿਹਾ ਨਹੀਂ ਕਿ ਤੁਸੀਂ ਹਰ ਕਪੋਲ-ਕਲਪਨਾ ਨੂੰ ਸਾਹਿਤ ਦੀ ਜ਼ਮੀਨ ਤੇ ਸਾਕਾਰ ਕਰ ਸਕਦੇ ਹੋ। ਜੇ ਕਰਨ ਦੀ ਕੋਸ਼ਿਸ਼ ਕਰਦੇ ਹੋ ਤਾਂ ਤੁਸੀਂ ਝੂਠ-ਬਿਆਨੀ ਦਾ ਜੋਖ਼ਮ ਚੁੱਕੋਗੇ ਅਤੇ ਸਾਹਿਤ ਵਿਚ ਝੂਠ, ਜਿੰਦਗੀ ਤੋਂ ਵੀ ਜ਼ਿਆਦਾ ਗੰਭੀਰ ਸਮਝਿਆ ਜਾਂਦਾ ਹੈ। ਇੱਥੋਂ ਤਕ ਕਿ ਉੱਪਰੋਂ ਵੇਖਣ ਵਿਚ ਬਹੁਤ ਊਲ-ਜ਼ਲੂਲ ਕਿਸਮ ਦੀ ਰਚਨਾ ਦੇ ਵੀ ਅਪਾਣੇ ਨੇਮ ਹੁੰਦੇ ਹਨ। ਤੁਸੀਂ ਰਚਨਾ ਵਿਚੋਂ ਤਰਕ ਸੰਗਤਤਾ ਨੂੰ ਤਦੇ ਖਿੜਕੀ ਵਿਚੋਂ ਬਾਹਰ ਸੁੱਟ ਸਕਦੇ ਹੋ ਜਦੋਂ ਤੁਹਾਨੂੰ ਇਹ ਸ਼ਰਤ ਮਨਜ਼ੂਰ ਹੋਵੇ ਕਿ ਇਸ ਤੋਂ ਬਾਅਦ ਤੁਹਾਡੀ ਰਚਨਾ ਵਿਚ ਕੋਈ ਉਥਲ-ਪੁਥਲ ਅਤੇ ਤਰਕਹੀਣ ਨਹੀਂ ਵਿਆਪੇਗੀ।

? *ਕੀ ਤੁਹਾਡਾ ਮਤਲਬ ਫੈਂਤਾਸੀ ਦੇ ਗਰਤ ਵਿਚ ਰਚਨਾ ਦੇ ਜਾਣ ਨਾਲ ਹੈ ?*

- ਹਾਂ! ਮੇਰਾ ਮਤਲਬ ਰਚਨਾ ਦੇ ਫੈਂਤਾਸੀ ਦੇ ਗਰਤ ਵਿਚ ਡੁੱਬਣ ਨਾਲ ਹੀ ਹੈ।

? *ਕੀ ਤੁਸੀਂ ਫੈਂਤਾਬੀ ਨਾਲ ਨ.ਫ਼ਰਤ ਕਰਦੇ ਹੋ? ਜੇਕਰ ਕਰਦੇ ਹੋ ਤਾਂ ਕਿਉਂ ?*

- ਅਜਿਹਾ ਇਸ ਲਈ ਹੈ ਕਿਉਂਕਿ ਮੇਰਾ ਮੰਨਣਾ ਹੈ ਕਿ ਕਲਪਣਾ ਯਥਾਰਥ ਪੈਦਾ ਕਰਨ ਦਾ ਇਕ ਸਾਧਨ ਮਾਤਰ ਹੁੰਦੀ ਹੈ ਅਤੇ ਆਖ਼ਿਰਕਾਰ ਸਿਰਜਣ ਦਾ ਅਧਾਰ ਹਮੇਸ਼ਾ ਯਥਾਰਥ ਹੀ ਹੁੰਦਾ ਹੈ। ਫੈਂਤਸੀ ਸਭ ਤੋਂ ਨ.ਫ਼ਰਤਯੋਗ ਇਸ ਅਰਥ ਵਿਚ ਹੈ ਕਿ ਇਸ ਵਿਚ ਯਥਾਰਥ ਦਾ ਕੋਈ ਆਧਾਰ ਨਹੀਂ ਹੁੰਦਾ। ਉਹ ਵਾਲਟ ਡਿਜ਼ਨੀ ਸ਼ੈਲੀ ਦੀ ਇਕ ਸ਼ੁੱਧ ਤੇ ਸਪਾਟ ਖੋਜ ਹੁੰਦੀ ਹੈ। ਮੈਨੂੰ ਯਾਦ ਆਉਂਦਾ ਹੈ, ਇਕ ਵਾਰੀ ਜਦੋਂ ਮੇਰੀ ਦਿਲਚਸਪੀ ਬੱਚਿਆਂ ਦੀਆਂ ਕਹਾਣੀਆਂ ਦੀ ਕਿਤਾਬ ਲਿਖਣ ਵਿਚ ਹੋਈ ਸੀ ਤਾਂ ਮੈਂ ਦਿ ਸੀ ਔਫ ਲੌਸਟ ਟਾਈਮ' ਦਾ ਇਕ ਡਰਾਫਟ ਤੁਹਾਡੇ ਕੋਲ ਭੇਜਿਆ ਸੀ। ਆਪਣੀ ਸੁਭਾਵਿਕ ਸਪੱਸ਼ਟਤਾ ਦੇ ਨਾਲ ਤੁਸੀਂ ਆਖਿਆ ਸੀ ਕਿ ਇਹ ਤੁਹਾਨੂੰ ਚੰਗੀ ਨਹੀਂ ਲੱਗੀ। ਨਾਲ ਹੀ ਤੁਸੀਂ ਇਹ ਵੀ ਕਿਹਾ ਸੀ ਕਿ ਨਾਪਸੰਦਗੀ ਦੀ ਵਜ੍ਹਾ ਹੈ ਕਿ ਫੈਂਤਾਸੀ ਨਾਲ ਤੁਹਾਡਾ ਲਗਾਅ ਨਹੀਂ। ਇਸ ਤਰਕ ਨਾਲ ਮੈਂ ਬਹੁਤ ਹੀ ਦੁਖੀ ਹੋਇਆ, ਕਿਉਂਕਿ ਬੱਚਿਆਂ ਨੂੰ ਵੀ ਫੈਂਤਾਸੀ ਪਸੰਦ ਨਹੀਂ। ਬੱਚੇ ਜੋ ਚੀਜ਼ ਪਸੰਦ ਕਰਦੇ ਹਨ, ਉਹ ਹੈ ਕਲਪਨਾ। ਫੈਂਤਾਸੀ ਅਤੇ ਕਲਪਨਾ ਵਿਚ ਓਹੋ ਫਰਕ ਹੁੰਦਾ ਹੈ ਜੋ ਇਕ ਜਿਊਂਦੇ-ਜਾਗਦੇ ਮਨੁੱਖ ਤੇ ਇਕ ਵੈਂਟ੍ਰੀਲੋਕਵਿਸਟ ਦੀ ਡੰਮੀ ਵਿਚਕਾਰ ਹੁੰਦਾ ਹੈ।

? *ਕਾਫਕਾ ਇਲਾਵਾ ਕਿਹੜੇ ਲੇਖਕ ਨੂੰ ਪੜ੍ਹ ਕੇ ਤੁਹਾਨੂੰ ਆਪਣਾ ਸ਼ਿਲਪ ਵਿਕਸਿਤ ਕਰਨ ਵਿਚ ਸਹਿਯੋਗ ਮਿਲਿਆ ਅਤੇ ਉਨ੍ਹਾਂ ਤੋਂ ਲੇਖਕ ਦੇ ਗੁਰ ਸਿੱਖੇ ?*

- ਹੈਮਿੰਗਵੇ।

? *ਜਿਨ੍ਹਾਂ ਨੂੰ ਤੁਸੀਂ ਮਹਾਨ ਨਾਵਲਕਾਰ ਨਹੀਂ ਮੰਨਦੇ ?*

- ਉਨ੍ਹਾਂ ਨੂੰ ਮੈਂ ਇਕ ਮਹਾਨ ਨਾਵਲਕਾਰ ਤਾਂ ਨਹੀਂ, ਪਰ ਲਘੂ ਕਥਾਵਾਂ ਦਾ ਇਕ ਵਧੀਆਂ ਕਥਾਕਾਰ ਜ਼ਰੂਰ ਸਮਝਦਾ ਹਾਂ। ਉਨ੍ਹਾਂ ਦੀ ਇਕ ਸਲਾਹ ਹੁੰਦੀ ਸੀ ਕਿ ਛੋਟੀ ਕਹਾਣੀ ਨੂੰ ਸਮੁੰਦਰ ਦੇ ਵਿਸ਼ਾਲ ਖੰਡਾਂ ਯਾਨੀ ਆਈਸਬਰਗ ਦੀ

ਤਰ੍ਹਾਂ ਹੋਣਾ ਚਾਹੀਦਾ ਹੈ। ਲਘੂ ਕਥਾਵਾਂ ਨੂੰ ਆਈਸਬਰਗ ਦੀ ਨੋਕ ਯਾਨੀ 'ਟਿੱਪ ਔਫ ਦਿ ਆਈਸਬਰਸਗ' ਵਾਗੂੰ ਹੋਣਾ ਚਾਹੀਦਾ ਹੈ ਜਿਸ ਦੇ ਹੇਠਾਂ ਉਸ ਦੇ ਇਸ ਹਿੱਸੇ ਦਾ ਆਧਾਰ ਹੋਣਾ ਚਾਹੀਦਾ ਹੈ ਜੋ ਸਾਨੂੰ ਦਿਖਾਈ ਨਹੀਂ ਦਿੰਦਾ। ਇਸ ਦਾ ਮਤਲਬ ਇਹ ਕਿ ਕਹਾਣੀ ਦੀ ਚਿੰਤਨ ਭੂਮੀ, ਅਧਿਐਨ ਅਤੇ ਇਸ ਨੂੰ ਲਿਖਣ ਲਈ ਜੁਟਾਈ ਗਈ ਸਮੱਗਰੀ ਜੋ ਪ੍ਰਤੱਖ ਰੂਪ ਨਾਲ ਕਹਾਣੀ ਵਿਚ ਕਿਤੇ ਨਜ਼ਰ ਨਹੀਂ ਆਉਂਦੀ ਹੈ; ਇਹ ਸੱਚ ਹੈ ਕਿ ਹੈਮਿੰਗਵੇ ਤੋਂ ਅਸੀਂ ਘਟਨਾਵਾਂ ਦੇ ਇਕ-ਇਕ ਵੇਰਵੇ ਨੂੰ ਨੋਟ ਕਰਨਾ ਸਿੱਖਿਆ।

? *ਗ੍ਰਾਹਮ ਗਰੀਨ ਤੋਂ ਵੀ ਤੁਹਾਨੂੰ ਕਈ ਚੀਜ਼ਾਂ ਸਿਖਣ ਲਈ ਮਿਲੀਆਂ ਸਨ। ਅਸੀਂ ਇਕ ਵਾਰ ਇਸ ਬਾਰੇ ਗੱਲ ਵੀ ਕੀਤੀ ਸੀ।*

- ਜੀ ਹਾਂ! ਗ੍ਰਾਹਮ ਤੋਂ ਮੈਂ ਵਿਸ਼ਾ-ਵਸਤੂ ਦਾ ਅੰਦਾਜ਼ਾ ਲਗਾਉਣਾ ਸਿਖਿਆ ਅਰਥਾਤ ਆਪਣੇ ਆਲੇ-ਦੁਆਲੇ ਤੋਂ ਕਥਾਤਮਕ ਪੱਧਰ 'ਤੇ ਜਮ੍ਹਾਂ ਕੀਤੇ ਤੱਥਾਂ ਵਿਚੋਂ ਮਹੱਤਵਪੂਰਨ ਨੂੰ ਚੁਣ ਕੇ ਵੱਖਰਾ ਕਰਨਾ ਜੋ ਤੁਸੀਂ ਜਾਣਦੇ ਹੋ ਕਿ ਕਿੰਨਾ ਮੁਸ਼ਕਿਲ ਕੰਮ ਹੈ। ਤੁਹਾਡਾ ਪਰਿਵੇਸ਼ ਤੁਹਾਡੇ ਲਈ ਇੰਨਾ ਜਾਣਿਆ-ਪਛਾਣਿਆ ਹੁੰਦਾ ਹੈ ਕਿ ਤੁਹਾਨੂੰ ਸਮਝ ਨਹੀਂ ਆਉਂਦੀ ਕਿ ਆਖ਼ਿਰ ਆਗ਼ਾਜ ਕਿਥੋਂ ਕੀਤਾ ਜਾਵੇ ਅਤੇ ਇਸ ਦੇ ਬਾਵਜੂਦ ਤੁਹਾਡੇ ਕੋਲ ਕਹਿਣ ਲਈ ਇੰਨਾ ਕੁਝ ਹੁੰਦਾ ਹੈ ਕਿ ਆਖ਼ਿਰਕਾਰ ਤੁਹਾਨੂੰ ਕੁਝ ਨਹੀਂ ਸੁੱਝਦਾ। ਗਰਮ ਪ੍ਰਦੇਸ਼ਾਂ ਦੇ ਭੂਗੋਲਿਕ ਖੇਤਰਾਂ ਦੇ ਨਾਲ ਵੀ ਮੇਰੀ ਇਹੋ ਸਮੱਸਿਆ ਸੀ। ਮੈਂ ਬੜੇ ਚਾਅ ਨਾਲ ਕ੍ਰਿਸਟੋਫਰ ਕੋਲੰਬਸ, ਪਿਗਾਫੇਰਾ ਅਤੇ ਇੰਡੀਜ਼ ਦੇ ਦੂਸਰੇ ਕ੍ਰਾਨੀਕਲਰਾਂ ਨੂੰ ਪੜ੍ਹਿਆ ਹੈ ਅਤੇ ਉਨ੍ਹਾਂ ਦੀ ਮੌਲਿਕ ਦ੍ਰਿਸ਼ਟੀ ਦੀ ਸ਼ਲਾਘਾ ਵੀ ਕੀਤੀ ਹੈ। ਮੈਂ ਸਾਲਗਾਰੀ ਅਤੇ ਕੋਨਾਰਡ ਤੇ ਵੀਹਾਵੀਂ ਸਦੀਂ ਦੇ ਸ਼ੁਰੂਆਤੀ ਲਾਤੀਨੀ ਅਮਰੀਕੀ ਟ੍ਰਾਪਿਕਲਿਸਟ ਰਚਨਾਕਾਰਾਂ ਨੂੰ ਪੜ੍ਹਿਆ ਹੈ ਜਿਨ੍ਹਾਂ ਨੇ ਹਰ ਚੀਜ਼ ਨੂੰ ਆਧੁਨਿਕਤਾਵਾਦੀ ਨਜ਼ਰੀਏ ਨਾਲ ਦੇਖਿਆ ਹੈ ਇਸ ਤੋਂ ਇਲਾਵਾ ਵੀ ਕਈਆਂ ਨੂੰ ਪੜ੍ਹਿਆ, ਪਰ ਮੈਂ ਹਮੇਸ਼ਾਂ ਦੇਖਿਆ ਕਿ ਉਨ੍ਹਾਂ ਦੇ ਵਰਨਣਾਂ ਅਤੇ ਵਾਸਤਵਿਕਤਾ ਵਿਚ ਬੇਹੱਦ ਭੇਤ ਹੈ। ਉਨ੍ਹਾਂ ਚੋਂ ਕੁਝ ਤਾਂ ਚੀਜਾਂ ਨੂੰ ਸੂਚੀਬੱਧ ਕਰਨ ਦੇ ਚੱਕਰ ਵਿਚ ਉਲਝ ਗਏ ਅਤੇ ਵਿੰਡਬਨਾ ਹੈ ਕਿ ਉਨ੍ਹਾਂ ਦੀ ਸੂਚੀ ਜਿੰਨੀ ਲੰਮੀ ਹੋਈ, ਉਨ੍ਹਾਂ ਦੀ ਦ੍ਰਿਸ਼ਟੀ ਓਨੀ ਹੀ ਸੰਕੁਚਿਤ।

  ਜਿਵੇਂ ਕਿ ਅਸੀਂ ਜਾਣਦੇ ਹਾਂ, ਕੁਝ ਵਿਚ ਵਿਚਾਰਾਂ ਦਾ ਫ਼ਰਕ ਆ ਗਿਆ। ਗ੍ਰਾਹਮ ਗਰੀਨ ਨੇ ਸਾਹਿਤ ਦੀ ਇਸ ਸਮੱਸਿਆ ਦੇ ਹੱਲ ਦਾ ਇਕ ਸਟੀਕ ਰਸਤਾ ਪਰਸਪਰ ਵੱਖ ਤੱਥਾਂ ਨੂੰ ਇਕ ਆਂਤਰਿਕ ਸੂਤਰ ਵਿਚ ਪਰੋ ਕੇ ਕੱਢਿਆ। ਐਸੀ ਵਿਧੀ ਜੋ ਸੂਖਮ ਵੀ ਹੋਵੇ ਅਤੇ ਅਸਲ ਵੀ। ਇਸ ਵਿਧੀ ਦਾ ਪ੍ਰਯੋਗ ਕਰਦੇ ਹੋਏ ਤੁਸੀਂ ਟ੍ਰਾਪਿਕਲ ਯਾਨੀ ਗਰਮ ਪ੍ਰਦੇਸ਼ਾਂ ਦੇ ਖੇਤਰਾਂ ਦੀ ਸੰਪੂਰਨ ਬੁਝਾਰਤ ਨੂੰ ਸਮਝ ਸਕਦੇ ਹੋ...।

? *ਕੀ ਤੁਹਾਨੂੰ ਕੋਈ ਹੋਰ ਸਲਾਹ ਚੇਤੇ ਆਉਂਦੀ ਹੈ ?*

- ਡੌਮੀਨੀਕਨ ਲੇਖਕ ਜੁਆਂ ਬੌਸ਼ ਬਾਰੇ ਮੈਂ ਅਜਿਹਾ ਕੁਝ ਸੁਣਿਆ ਹੈ ਜੋ ਉਨ੍ਹਾਂ ਦੇ ਅੰਦਾਜ਼ਨ ਪੰਝੀ ਵਰ੍ਹੇ ਪਹਿਲਾਂ ਕਾਰਕਸ ਵਿਚ ਆਖਿਆ ਸੀ। ਉਨ੍ਹਾਂ ਕਿਹਾ ਸੀ ਕਿ ਤੁਹਾਨੂੰ ਲਿਖਣ ਦੀ ਕਲਾ ਯਾਨੀ ਤਕਨੀਕ, ਪਾਠ ਦਾ ਢਾਂਚਾ ਖੜ੍ਹਾ ਕਰਨ ਦੇ ਤਰੀਕੇ ਸਿੱਖਣ ਲਈ ਚੌਕੰਨੀਆਂ ਪਰ ਅਦ੍ਰਿਸ਼ ਯਾਤਰਾਵਾਂ ਕਰਨੀਆਂ ਚਾਹੀਦੀਆਂ ਹਨ ਕਿਉਂ ਜੋ ਤੁਸੀਂ ਅਜੇ ਨੌਜਵਾਨ ਹੋ ਤੁਸੀਂ ਸਿਖ ਸਕਦੇ ਹੋ।

? *ਕੀ ਤੁਹਾਡੀ ਪੱਤਰਕਾਰਤਾ ਨਾਲ ਤੁਹਾਡੇ ਸਾਹਿਤਕ ਪੇਸ਼ੇ ਵਿਚ ਮਦਦ ਮਿਲੀ ?*

- ਮਿਲੀ ਤਾਂ ਹੈ ਪਰ ਉਂਝ ਨਹੀਂ, ਜਿਵੇਂ ਕਦੇ-ਕਦਾਈ ਕਹਿ ਦਿੱਤਾ ਜਾਂਦਾ ਹੈ। ਪੱਤਰਕਾਰਤਾ ਨੇ ਭਾਸ਼ਾ ਦਾ ਜ਼ਿਆਦਾ ਪ੍ਰਭਾਵਸ਼ਾਲੀ ਇਸਤੇਮਾਲ ਕਰਨਾ ਸਿਖਾਇਆ। ਪੱਤਰਕਾਰਤਾ ਨੇ ਮੈਨੂੰ ਆਪਣੀਆਂ ਕਹਾਣੀਆਂ ਨੂੰ ਪ੍ਰਮਾਣਿਕ ਬਣਾਉਣ ਦੇ ਰਸਤੇ ਦੱਸੇ। ਰੇਮੇਡਿਓਸ ਦਿ ਬਿਊਟੀਫੁਲ' ਨੂੰ ਇਸ ਦੀ ਸਵਰਗਾ ਯਾਤਰਾ ਲਈ ਸਫੈਦ ਚਾਦਰਾਂ ਨਾਲ ਢਕਣਾ ਜਾਂ 'ਫਾਦਰ ਨਿਕਾਨੋਰ' ਨੂੰ ਜ਼ਮੀਨ ਤੋਂ ਛੇ ਇੰਚ ਉਪਰ ਤੈਰਨ ਤੋਂ ਪਹਿਲਾਂ ਇਕ ਕੱਪ ਚਾਕਲੇਟ (ਕੋਈ ਦੂਜਾ ਤਰਲ ਪਦਾਰਥ ਦੇਣ ਦੀ ਬਜਾਏ ਚਾਕਲੇਟ) ਦੇਣਾ- ਇਹ ਵਾਸਤਵ ਵਿਚ ਪੱਤਰਕਾਰਤਾ ਦੀਆਂ ਜੁਗਤਾਂ ਹਨ ਅਤੇ ਬਹੁਤ ਉਪਯੋਗੀ ਵੀ ਹਨ।

? *ਤੁਸੀਂ ਹਮੇਸ਼ਾਂ ਇਕ ਜ਼ਬਰਦਸਤ ਸਿਨੇਮਾ ਪ੍ਰੇਮੀ ਹੋ। ਕੀ ਸਿਨੇਮਾ ਤੋਂ ਲੇਖਕ ਉਪਯੋਗੀ ਤਕਨੀਕ ਸਿੱਖਦਾ ਹੈ ?*

- ਸਿੱਖਦਾ ਹੋਵੇਗਾ। ਪਰ ਮੈਨੂੰ ਵਾਕਿਆਂ ਹੀ ਇਸਦੀ ਜਾਣਕਾਰੀ ਨਹੀਂ ਹੈ। ਮੇਰੇ ਲਈ ਮੇਰੇ ਕੰਮ ਵਿਚ ਸਿਨੇਮਾ ਸਹਾਇਕ

ਅਤੇ ਬਾਧਕ ਦੋਵੇਂ ਰਿਹਾ ਹੈ। ਸਿਨੇਮਾ ਨੇ ਮੈਨੂੰ ਇਹ ਸਿਖਾਇਆ ਕਿ ਚਿੱਤਰਾਂ ਵਿਚ ਕਿਵੇਂ ਸੋਚਿਆ ਜਾਏ। ਪਰ ਇਸੇ ਦੇ ਨਾਲ ਮੈਨੂੰ ਹੁਣ ਇਹ ਵੀ ਲੱਗਦਾ ਹੈ ਕਿ ਮੇਰੇ ਅੰਦਰ ਚਰਿੱਤਰਾਂ ਅਤੇ ਦ੍ਰਿਸ਼ਾਂ ਦੀ ਕਲਪਨਾ ਕਰਨ ਪ੍ਰਤੀ ਇਕ ਤਕੜਾ ਉਤਸ਼ਾਹ ਆ ਗਿਆ ਹੈ; ਅਤੇ ਇਥੋਂ ਤਕ ਕਿ 'ਵਨ ਹੰਡ੍ਰੇਡ ਈਅਰਜ਼ ਔਫ਼ ਸਾਲੀਟਿਊਡ' ਤੋਂ ਪਹਿਲਾਂ ਦੇ ਆਪਣੇ ਸਾਰੇ ਨਾਵਲਾਂ ਵਿਚ ਮੈਨੂੰ ਕੈਮਰੇ ਦੇ ਕੋਨਾਂ ਅਤੇ ਫਰੇਮਾਂ ਪ੍ਰਤੀ ਇਕ ਡੂੰਘਾ ਆਕਰਸ਼ਣ ਵੀ ਦਿਖਾਈ ਦਿੰਦੀ ਹੈ।

? *ਜ਼ਾਹਿਰ ਹੈ ਕਿ ਤੁਸੀਂ 'ਨੋਬੌਡੀ ਰਾਈਟਸ ਟੂ ਦਿ ਕਰਨਲ' ਦੇ ਬਾਰੇ ਵਿਚ ਸੋਚ ਰਹੇ ਹੋ...*

• ਬਿਲਕੁਲ ਸਹੀ ਆਖਿਆ ਤੁਸੀਂ। ਇਹ ਇਕ ਅਜਿਹਾ ਨਾਵਲ ਹੈ ਜੋ ਸ਼ੈਲੀ ਦੀ ਦ੍ਰਿਸ਼ਟੀ ਨਾਲ ਇਕ ਫ਼ਿਲਮ ਦੀ ਪਟ ਕਥਾ ਵਾਂਗੂੰ ਹੈ। ਇਸ ਦੇ ਚਰਿੱਤਰ ਅਜਿਹੇ ਚੱਲਦੇ-ਫਿਰਦੇ ਤੇ ਗਤੀਸ਼ੀਲ ਹਨ ਕਿ ਜਿਵੇਂ ਮੰਨੋ ਕੋਈ ਕੈਮਰਾ ਉਨ੍ਹਾਂ ਦਾ ਪਿੱਛਾ ਕਰ ਰਿਹਾ ਹੈ। ਜਦੋਂ ਮੈਂ ਇਹ ਨਾਵਲ ਫਿਰ ਤੋਂ ਪੜ੍ਹਿਆ ਤਾਂ ਮੈਨੂੰ ਕੈਮਰੇ ਦੀ ਹਾਜ਼ਰੀ ਮਹਿਸੂਸ ਹੋਈ। ਹੁਣ ਮੈਂ ਪੂਰੇ ਯਕੀਨ ਨਾਲ ਕਹਿ ਸਕਦਾ ਹਾਂ ਕਿ ਸਾਹਿਤ ਦੇ ਸਮਾਧਾਨ ਸਿਨੇਮੈਟੋਗ੍ਰਾਫੀ ਦੇ ਸਮਾਧਾਨਾਂ ਨਾਲੋਂ ਬਿਲਕੁਲ ਵੱਖਰੇ ਹੁੰਦੇ ਹਨ।

? *ਤੁਸੀਂ ਆਪਣੇ ਨਾਵਲਾਂ ਵਿਚ ਸੰਵਾਦ ਨੂੰ ਇੰਨਾ ਘੱਟ ਮਹੱਤਵ ਕਿਉਂ ਦਿੰਦੇ ਹੋ ?*

• ਕਿਉਂਕਿ ਸਪਾਨੀ ਭਾਸ਼ਾ ਦੇ ਸੰਵਾਦਾਂ 'ਚੋਂ ਸੱਚ ਚੰਗੀ ਤਰ੍ਹਾਂ ਵਿਅਕਤੀ ਨਹੀਂ ਹੁੰਦਾ। ਮੈਂ ਹਮੇਸ਼ਾਂ ਕਹਿੰਦਾ ਰਿਹਾ ਹਾਂ ਕਿ ਇਸ ਭਾਸ਼ਾ ਵਿਚ ਵਾਚਕ ਅਤੇ ਲੇਖਕ ਸੰਵਾਦ ਵਿਚਕਾਰ ਡੂੰਘੀ ਪਾਈ ਹੈ। ਸਪਾਨੀ ਦਾ ਕੋਈ ਸੰਵਾਦ ਜੋ ਵਾਸਤਵਿਕ ਜੀਵਨ ਵਿਚ ਚੰਗਾ ਹੈ, ਜ਼ਰੂਰੀ ਨਹੀਂ ਕਿ ਕਿਸੇ ਨਾਵਲ ਵਿਚ ਵੀ ਚੰਗਾ ਹੀ ਹੋਵੇ। ਇਸ ਲਈ ਮੈਂ ਸੰਵਾਦਾਂ ਦਾ ਬਹੁਤ ਘੱਟ ਇਸਤੇਮਾਲ ਕਰਦਾ ਹਾਂ।

? *ਕੀ ਆਪਣਾ ਨਾਵਲ ਲਿਖਣ ਤੋਂ ਪਹਿਲਾਂ ਹੀ ਤੁਹਾਨੂੰ ਇਹ ਮਹਿਸੂਸ ਹੋ ਜਾਂਦਾ ਹੈ ਕਿ ਨਾਵਲ ਦੇ ਹਰੇਕ ਚਰਿੱਤਰ ਨਾਲ ਕੀ ਵਾਪਰਣਾ ਜਾ ਰਿਹਾ ਹੈ ?*

• ਕਾਫ਼ੀ ਕੁਝ। ਨਾਵਲ ਦੇ ਵਿਕਾਸ ਦੇ ਕ੍ਰਮ ਵਿਚ ਹੈਰਾਨੀਕੁੰਨ ਚੀਜਾਂ ਵਾਪਰਦੀਆਂ ਹਨ। ਕਰਨਲ ਓਰੇਲਿਆਨੋ ਬਿਊਏਂਡੀਆ ਦੇ ਬਾਰੇ ਵਿਚ ਮੇਰੇ ਜ਼ਿਹਨ ਵਿਚ ਪਹਿਲਾਂ ਵਿਚਾਰ ਸੀ ਕਿ ਉਹ ਖ਼ਾਨਾਜੰਗੀ ਦਾ ਇਕ ਸੈਨਿਕ ਹੋਵੇਗਾ ਜਿਸ ਦੀ ਮੌਤ ਇਕ ਦਰਖ਼ਤ ਹੇਠਾਂ ਪਿਸ਼ਾਬ ਕਰਨ ਵਕਤ ਹੁੰਦੀ ਹੈ।

? *ਮਰਸਿਡੀਜ਼ ਨੇ ਮੈਨੂੰ ਆਖਿਆ ਸੀ ਕਿ ਜਦੋਂ ਉਸਦੀ ਮੌਤ ਹੋਈ ਤਾਂ ਤੁਹਾਨੂੰ ਕਾਫ਼ੀ ਸਦਮਾ ਪੁੱਜਿਆ ਸੀ ?*

• ਹਾਂ! ਮੈਨੂੰ ਪਤਾ ਸੀ ਕਿ ਐਸੀ ਸਥਿਤੀ ਆਉਣੀ ਚਾਹੀਦੀ ਹੈ ਜਦੋਂ ਮੈਨੂੰ ਉਸ ਨੂੰ ਮਾਰਨਾ ਪੈਣਾ ਸੀ ਪਰ ਮੈਂ ਹਿੰਮਤ ਨਹੀਂ ਕਰ ਸਕਿਆ। ਕਰਨਲ ਪਹਿਲਾਂ ਹੀ ਬੁੱਢਾ ਹੋ ਚੱਲਾ ਸੀ ਜੋ ਛੋਟੀਆਂ ਸੁਨਹਿਰੀ ਮੱਛੀਆਂ ਪਕਾਇਆ ਕਰਦਾ ਸੀ। ਤਦੇ ਇਕ ਸ਼ਾਮੀ ਮੈਨੂੰ ਜਾਪਿਆ ਕਿ ਨਾਵਲ ਵਿਚ ਹੁਣ ਉਸ ਦਾ ਕੰਮ ਪੂਰਾ ਹੋ ਗਿਆ ਹੈ। ਮੈਨੂੰ ਉਸ ਨੂੰ ਮਰਨ ਪਿਆ। ਜਦੋਂ ਮੈਂ ਉਹ ਚੈਪਟਰ ਪੂਰਾ ਕੀਤਾ ਤਾਂ ਮੈਂ ਘਰ ਦੀ ਦੂਜੀ ਮੰਜ਼ਿਲ 'ਤੇ ਮਰਸੀਡੀਜ਼ ਕੋਲ ਕੰਬਦਿਆਂ ਹੋਇਆ ਪਹੁੰਚਿਆ। ਉਸਨੂੰ ਪਤਾ ਲੱਗ ਗਿਆ ਸੀ ਕਿ ਉਸ ਸਮੇਂ ਕੀ ਵਾਪਰਿਆ ਹੈ ਉਹ ਮੇਰਾ ਮੂੰਹ ਤੱਕਦੀ ਰਹਿ ਗਈ। ਉਸ ਨੇ ਆਖਿਆ, ''ਕਰਨਲ ਮਰ ਗਿਆ! ਮੈਂ ਬਿਸਤਰੇ 'ਤੇ ਪਸਰ ਗਿਆ ਅਤੇ ਦੋ ਘੰਟਿਆ ਤੱਕ ਰੋਂਦਾ ਰਿਹਾ।

? *ਤੁਹਾਨੂੰ ਕੀ ਲੱਗਦਾ ਹੈ, ਪ੍ਰੇਰਨਾ ਵਰਗੀ ਕੋਈ ਚੀਜ਼ ਹੁੰਦੀ ਹੈ? ਕੀ ਇਹਦੀ ਹੋਂਦ ਹੁੰਦੀ ਹੈ ?*

• ਪ੍ਰੇਰਨਾ ਇਕ ਅਜਿਹਾ ਸ਼ਬਦ ਹੈ ਕਿ ਜਿਸ ਨੂੰ ਸਵੱਛੰਦਤਾਵਾਦੀਆਂ ਨੇ ਖ਼ਾਰਿਜ ਕਰ ਦਿੱਤਾ ਹੈ। ਮੈਂ ਇਸ ਨੂੰ ਨਾ ਤਾਂ ਕੋਈ ਆਸ਼ੀਰਵਾਦ ਮੰਨਦਾ ਹਾਂ ਅਤੇ ਨਾ ਹੀ ਅੱਲ੍ਹਾ ਦਾ ਕਰਮ। ਇਸ ਨੂੰ ਮੈਂ ਇਕ ਅਜਿਹਾ ਸਮਾਂ ਮੰਨਦਾ ਹਾਂ ਜਦੋਂ ਤੁਸੀਂ ਬੜੀ ਮਜ਼ਬੂਤੀ ਅਤੇ ਨਿਯੰਤਰਣ ਨਾਲ ਆਪਣੀ ਕਥਾ-ਵਸਤੂ ਦੇ ਨਾਲ ਰਲ ਗੱਡ ਹੋਏ ਰਹਿੰਦੇ ਹੋ। ਜਦੋਂ ਤੁਸੀਂ ਕੁਝ ਲਿਖਣ ਚਾਹੁੰਦੇ ਹੋ ਤਾਂ ਤੁਸੀਂ ਤੇ ਤੁਹਾਡੀ ਕਥਾ-ਵਸਤੂ ਦੇ ਵਿਚਾਲੇ ਦੋ-ਪਾਸੜ ਤਣਾਅ ਪੈਦਾ ਹੋ ਜਾਂਦਾ ਹੈ। ਤੁਸੀਂ ਉਸ ਕਥਾ-ਵਸਤੂ ਨੂੰ ਉਦੀਪਤ ਕਰਦੇ ਹੋ ਅਤੇ ਉੱਧਰੋਂ ਉਹ ਕਥਾ-ਵਸਤੂ ਵੀ ਤੁਹਾਨੂੰ ਹਲੂਣਦੀ ਹੈ। ਇਕ ਸਮਾਂ ਅਜਿਹਾ ਆਉਂਦਾ ਹੈ ਜਦੋਂ ਸਾਰੀਆਂ ਰੁਕਾਵਟਾਂ ਡਿੱਗ ਪੈਂਦੀਆਂ ਹਨ। ਸਾਰੇ ਅੰਤਰ-ਦਵੰਦ ਗ਼ਾਇਬ ਹੋ ਜਾਂਦੇ ਹਨ ਅਤੇ ਤੁਹਾਡੇ ਅੰਦਰ ਅਜਿਹੀਆਂ ਚੀਜ਼ਾਂ ਘਟਣ ਲੱਗਦੀਆਂ ਹਨ ਜਿਨ੍ਹਾਂ ਦੀ ਤੁਸੀਂ ਕਲਪਨਾ ਤੱਕ ਨਹੀਂ ਕੀਤੀ

ਹੁੰਦੀ ਅਤੇ ਉਹ ਵੇਲਾ ਇਕ ਐਸਾ ਅਦਭੁਤ ਵੇਲਾ ਹੁੰਦਾ ਹੈ ਜਿਸ ਵਿਚ ਤੁਹਾਡੇ ਲਈ ਇਸ ਦੁਨੀਆਂ ਵਿਚ ਲਿਖਣ ਤੋਂ ਜ਼ਿਆਦਾ ਸੁੰਦਰ ਹੋਰ ਕੁਝ ਨਹੀਂ ਹੁੰਦਾ। ਮੈਂ ਇਸੇ ਨੂੰ ਪ੍ਰੇਰਨਾ ਸਮਝਦਾ ਹਾਂ।

? *ਕੀ ਕਦੇ-ਕਦਾਈ ਅਜਿਹਾ ਵੀ ਹੁੰਦਾ ਹੈ ਕਿ ਕੋਈ ਨਾਵਲ ਲਿਖਣ ਦੌਰਾਨ ਤੁਹਾਡੇ ਹੱਥੋਂ ਪ੍ਰੇਰਨਾ ਦਾ ਉਹ ਬੇਮਿਸਾਲ ਵੇਲਾ ਨਿਕਲ ਜਾਂਦਾ ਹੋਵੇ ?*

• ਹਾਂ ਜੀ, ਅਜਿਹਾ ਵੀ ਹੋ ਜਾਂਦਾ ਹੈ। ਇਸ ਪਿੱਛੋਂ ਮੇਰੇ ਕੋਲ ਸਿਰਫ਼ ਇਕ ਹੀ ਉਪਾਅ ਹੁੰਦਾ ਹੈ। ਮੈਂ ਸ਼ੁਰੂ ਤੋਂ ਸੋਚਣ ਲੱਗ ਪੈਂਦਾ ਹਾਂ। ਇਨ੍ਹਾਂ ਪਲਾਂ ਵਿਚ ਮੈਂ ਇਕ ਪੇਚਕਸ ਲੈ ਕੇ ਘਰ ਦੇ ਸਾਰੇ ਤਾਲੇ ਅਤੇ ਪਲੱਗ ਕੱਸਣ ਲੱਗਦਾ ਹਾਂ ਅਤੇ ਦਰਵਾਜ਼ਿਆ ਨੂੰ ਹਰੇ ਰੰਗ ਵਿਚ ਰੰਗਣ ਲੱਗਦਾ ਹਾਂ। ਕਿਉਂ ਜੋ ਮੇਰਾ ਮੰਨਣਾ ਹੈ ਕਿ ਸਰੀਰਕ ਮਸ਼ੱਕਤ ਨਾਲ ਯਥਾਰਥ ਦੇ ਭੈਅ ਤੋਂ ਨਿਕਲਣ ਵਿਚ ਮਦਦ ਮਿਲਦੀ ਹੈ।

? *.ਗਲਤੀ ਕਿੱਥੇ ਹੋ ਜਾਂਦੀ ਹੈ ?*

• ਅਕਸਰ ਇਹ ਸਮੱਸਿਆ ਸੰਰਚਨਾ ਨੂੰ ਲੈ ਕੇ ਪੈਦਾ ਹੋ ਜਾਂਦੀ ਹੈ।

? *ਕੀ ਇਹ ਸਮੱਸਿਆ ਕਦੇ-ਕਦੇ ਬਹੁਤ ਗੰਭੀਰ ਵੀ ਹੋ ਜਾਂਦੀ ਹੈ ?*

• ਬਿਲਕੁਲ। ਕਈ ਵਾਰ ਇਹ ਸਮੱਸਿਆ ਇੰਨੀ ਮੁਸ਼ਕਿਲ ਹੋ ਜਾਂਦੀ ਹੈ ਕਿ ਮੈਨੂੰ ਪੂਰਾ ਕੰਮ ਐਨ ਸਿਰੇ ਤੋਂ ਆਰੰਭ ਕਰਨਾ ਪੈ ਜਾਂਦਾ ਹੈ। ਮੈਕਸੀਕੋ ਵਿਖੇ 'ਔਟਮ ਔਫ ਦੀ ਪੈਟ੍ਰੀਆਰਕ ਦੇ ਅੰਦਾਜ਼ਨ 300 ਪੰਨੇ ਲਿਖੇ ਜਾਣ ਤੋਂ ਬਾਅਦ ਮੈਂ ਇਸ ਸੰਨ ੧੯੬੨ ਵਿਚ ਲਿਖਣ ਬੰਦ ਕਰ ਦਿੱਤਾ ਸੀ ਅਤੇ ਨਵੇਂ ਲੇਖਣ ਵਿਚ ਪਹਿਲਾਂ ਤੋਂ ਜਿਹੜੀ ਸਿਰਫ਼ ਇਕ ਚੀਜ਼ ਬਚ ਕੇ ਆਈ, ਉਹ ਸਿਰਫ਼ ਇਸਦਾ ਮੁੱਖ ਚਰਿੱਤਰ ਸੀ। ਮੈਂ ਇਸ ਸ਼ਾਹਕਾਰ 'ਤੇ ਦੁਬਾਰਾ ਬਾਰਸੀਲੋਨਾ ਵਿਚ ਕੰਮ ਸ਼ੁਰੂ ਕੀਤਾ. ਛੇ ਮਹੀਨੇ ਖ਼ੂਬ ਮਸ਼ਕ ਕੀਤੀ ਅਤੇ ਇਕ ਵਾਰ ਫਿਰ ਇਸਨੂੰ ਛੱਡ ਦਿੱਤਾ ਕਿਉਂ ਜੋ ਇਸ ਨਾਵਲ ਦੇ ਕੇਂਦਰੀ ਚਰਿੱਤਰ ਜੋ ਕਿ ਇਕ ਤਾਨਾਸ਼ਾਹ ਸੀ, ਦੇ ਕੁਝ ਨੈਤਿਕ ਪਹਿਲੂਆਂ ਨੂੰ ਮੈਂ ਫ਼ੜ ਨਹੀਂ ਸੀ ਸਕ ਰਿਹਾ। ਤਕਰੀਬਨ ਦੋ ਸਾਲਾ ਬਾਅਦ ਅਫ਼ਰੀਕਾ ਵਿਚ ਸ਼ਿਕਾਰ ਕਰਨ ਬਾਰੇ ਮੈਂ ਇਕ ਕਿਤਾਬ ਖ਼ਰੀਦੀ ਕਿਉਂਕਿ ਇਸ ਦੌਰਾਨ ਹੈਮਿੰਗਵੇ ਨੂੰ ਪੜ੍ਹਨ ਵਿਚ ਮੇਰੀ ਰੁਚੀ ਸੀ। ਉਹ ਪ੍ਰਾਕਥਨ ਬਹੁਤ ਵੱਡਾ ਤਾਂ ਨਹੀਂ ਸੀ ਪਰ ਉਸ ਅੰਦਰ ਹਾਥੀਆਂ 'ਤੇ ਜੋ ਅਧਿਆਏ ਸੀ, ਇਹ ਮੈਂ ਪੜ੍ਹ ਗਿਆ। ਫਿਰ ਕੀ ਸੀ ਮੈਨੂੰ ਆਪਣੇ ਨਾਵਲ ਦੀ ਇਸ ਔਖੀ ਉਲਝਣ ਦਾ ਹੱਲ ਮਿਲ ਗਿਆ। ਹਾਥੀਆਂ ਵਿਚ ਪਾਏ ਜਾਣ ਵਾਲੇ ਕੁਝ ਰੀਤੀ–ਰਿਵਾਜਾਂ ਨੂੰ ਵੇਖ ਕੇ ਮੈਂ ਨਾਵਲ ਦੇ ਉਸ ਤਾਨਾਸ਼ਾਹ ਪਾਤਰ ਦੀ ਨੈਤਿਕਤਾ ਦੀ ਬਨਾਵਟ ਨੂੰ ਪੂਰੀ ਤਰ੍ਹਾਂ ਸਮਝ ਗਿਆ।

? *ਕੀ ਸੰਰਚਨਾ ਅਤੇ ਕੇਂਦਰੀ ਚਰਿੱਤਰ ਦੀ ਮਾਨਸਿਕ ਬਨਾਵਟ ਨਾਲ ਜੁੜੀਆਂ ਸਮੱਸਿਆਵਾਂ ਤੋਂ ਬਿਨਾਂ ਕੋਈ ਸਮੱਸਿਆ ਨਹੀਂ ਆਈ ?*

• ਹਾਂ! ਆਈ ਸੀ। ਇਕ ਵੇਲਾ ਅਜਿਹਾ ਵੀ ਆਇਆ ਸੀ ਜਦੋਂ ਮੈਨੂੰ ਇਕ ਬਹੁਤ ਗੰਭੀਰ ਸਮੱਸਿਆ ਨਜ਼ਰ ਆਈ। ਹੋਇਆ ਇਹ ਹੈ ਕਿ ਮੈਂ ਨਾਵਲ ਵਿਚ ਮੌਸਮ ਦੇ ਮਿਜ਼ਾਮ ਨੂੰ ਗਰਮ ਨਹੀਂ ਬਣਾ ਸਕਿਆ ਸੀ। ਇਹ ਇਕ ਡੂੰਘਾ ਧਰਮ–ਸੰਕਟ ਸੀ ਕਿਉਂਕਿ ਨਾਵਲ ਦੀ ਰਚਨਾ ਕੈਰੀਬੀਅਨ ਸਿਟੀ ਦੀ ਪਿੱਠ–ਭੂਮੀ ਵਿਚ ਕੀਤੀ ਗਈ ਸੀ ਜਿਥੇ ਕਿ ਸੁਭਾਵਿਕ ਹੈ ਕਿ ਅਤਿ ਦੀ ਗਰਮੀ ਹੋਣੀ ਚਾਹੀਦੀ ਸੀ। ਪਿੱਠ–ਭੂਮੀ ਵਿਚ ਕੀਤੀ ਗਈ ਸੀ ਜਿਥੇ ਕਿ ਸੁਭਾਵਿਕ ਹੈ ਕਿ ਅਤਿ ਦੀ ਗਰਾਮੀ ਹੋਣੀ ਚਾਹੀਦੀ ਸੀ।

? *ਤਾਂ ਫਿਰ ਇਸ ਲਈ ਤੁਸੀਂ ਕੀ ਜੁਗਤ ਕੱਢੀ ?*

• ਇਸ ਦਾ ਇਕ ਮਾਤਰ ਉਪਾਅ ਮੈਨੂੰ ਇਹੋ ਸੁੱਝਿਆ ਕਿ ਕਿਉਂ ਨਾ ਆਪਣੇ ਪੂਰੇ ਕੁਨਬੇ ਨੂੰ ਲੈ ਕੇ ਕੈਰੀਬੀਅਨ ਸਫ਼ਰ 'ਤੇ ਨਿਕਲਿਆ ਜਾਵੇ। ਅੰਦਾਜ਼ਨ ਸਾਲ ਭਰ ਮੈਂ ਉਥੇ ਘੁੰਮਦੇ ਰਿਹਾ ਅਤੇ ਕੁਝ ਵੀ ਨਹੀਂ ਕੀਤਾ। ਜਦੋਂ ਮੈਂ ਵਾਪਸ ਬਾਸਰੀਲੋਨ ਪਹੁੰਚਿਆ, ਜਿਥੇ ਬੈਠ ਕੇ ਮੈਂ ਨਾਵਲ ਲਿਖ ਰਿਹਾ ਸੀ ਤਾਂ ਇਥੇ ਕੁਝ ਪੌਦੇ ਲਗਾਏ, ਕੁਝ ਸੁਗੰਧ ਬਿਖੇਰੀ ਅਤੇ ਉਦੋਂ ਜਾ ਕੇ ਅੰਤ ਵਿਚ ਮੈਂ ਆਪਣੇ ਪਾਠਕਾਂ ਨੂੰ ਇਕ ਗਰਮ ਤਪਦੇ ਪ੍ਰਦੇਸ਼ ਦੇ ਸ਼ਹਿਰ ਵਿਚ ਪੈਂਦੀ ਅਤਿ ਦੀ ਗਰਮੀ ਦਾ ਅਹਿਸਾਸ ਕਰਵਾ ਸਕਿਆ।

? *ਉਸ ਸਮੇਂ ਤੁਹਾਨੂੰ ਕਿਹੋ ਜਿਹਾ ਲੱਗਦਾ ਹੈ ਜਦੋਂ ਤੁਹਾਡਾ ਕੋਈ ਨਾਵਲ ਪੂਰਾ ਹੋ ਚੁੱਕਾ ਹੁੰਦਾ ਹੈ?*

- ਇਹ ਵੇਲਾ ਇਸ ਨਾਵਲ ਤੋਂ ਹਮੇਸ਼ਾ-ਹਮੇਸ਼ਾ ਲਈ ਮੇਰੀ ਰੁਚੀ ਦੇ ਚਲੇ ਜਾਣ ਦਾ ਹੁੰਦਾ ਹੈ। ਯਾਨੀ ਨਾਵਲ ਤੋਂ ਨਾਵਲਕਾਰ ਦੀ ਅੰਤਿਮ ਵਿਦਾਇਗੀ। ਹੈਮਿੰਗਵੇ ਸਦਾ ਆਖਿਆ ਕਰਦੇ ਸਨ ਕਿ ਲਿਖੇ ਜਾਣ ਤੋਂ ਬਾਅਦ ਜਾਂ ਪੂਰਾ ਹੋਣ ਜਾਣ ਪਿੱਛੋਂ ਆਪਣੀ ਰਚਨਾ ਜਾਂ ਨਾਵਲ 'ਇਕ ਮਰੇ ਹੋਏ ਸ਼ੇਰ' ਵਾਂਗੂੰ ਹੀ ਹੋ ਜਾਂਦਾ ਹੈ।

? *ਤੁਸੀਂ ਕਹਿੰਦੇ ਹੋ ਕਿ ਹਰੇਕ ਚੰਗਾ ਨਾਵਲ ਯਥਾਰਥ ਦੀ ਇਕ ਕਾਵਿਆਤਮਕ ਪੁਨਰ-ਰਚਨਾ ਹੁੰਦੀ ਹੈ। ਕੀ ਤੁਸੀਂ ਇਸ ਧਾਰਨਾ ਨੂੰ ਜ਼ਰਾ ਸਪਸ਼ਟ ਕਰਨਾ ਚਾਹੋਗੇ?*

- ਹਾਂ...ਹਾਂ ਜ਼ਰੂਰ, ਕਿਉਂ ਨਹੀਂ! ਜਿਥੋਂ ਤਕ ਮੈਂ ਸਮਝਦਾ ਹਾਂ ਨਾਵਲ ਕੂਟ ਭਾਸ਼ਾ ਵਿਚ ਯਥਾਰਥ ਦੀ ਇਕ ਪੂਰਨ-ਖੋਜ ਹੁੰਦਾ ਹੈ। ਇਹ ਇਸ ਸੰਸਾਰ ਦੀ ਬੁਝਾਰਤ ਨੂੰ ਬੁੱਝਦਾ, ਇਸ ਨਾਲ ਜੂਝਦੀ ਇਕ ਕੂਟ-ਬੱਧ ਰਚਨਾ ਹੈ। ਕਿਸੇ ਨਾਵਲ ਵਿਚ ਜਿਸ ਯਥਾਰਥ ਦੀ ਰਚਨਾ ਜਾਂ ਨਿਰਮਾਣ ਹੁੰਦਾ ਹੈ, ਉਹ ਵਾਸਤਵਿਕ ਜੀਵਨ ਦੀਆਂ ਜੜ੍ਹਾਂ ਨਾਲ ਜੁੜਿਆ ਹੋਣ ਦੇ ਬਾਵਜੂਦ ਬੁਨਿਆਦੀ ਤੌਰ 'ਤੇ ਇਸ ਤੋਂ ਵੱਖਰਾ ਹੁੰਦਾ ਹੈ। ਇਹੋ ਗੱਲ ਸੁਪਨੇ ਬਾਰੇ ਵੀ ਸੱਚ ਹੈ।

? *ਤੁਸੀਂ ਆਪਣੇ ਨਾਵਲਾਂ, ਖਾਸ ਤੌਰ 'ਤੇ 'ਵਨ ਹੰਡ੍ਰੇਡ ਈਅਰਜ਼ ਔਫ ਸਾਲਿਟਿਊਡ' ਅਤੇ 'ਔਟਮ ਔਫ ਦੀ ਪੈਟ੍ਰੀਆਰਕ' ਵਿਚ ਜਿਸ ਤਰ੍ਹਾਂ ਯਥਾਰਥ ਨੂੰ ਉਜਾਗਰ ਕਰਦੇ ਹੋ, ਇਸ ਨੂੰ ਜਾਦੂਈ ਯਥਾਰਥ ਕਿਹਾ ਗਿਆ ਹੈ। ਮੈਨੂੰ ਅਜਿਹਾ ਜਾਪਦਾ ਹੈ ਕਿ ਅਕਸਰ ਤੁਹਾਡੇ ਯੂਪਰੀਨ ਪਾਠਕ ਤੁਹਾਡੀਆਂ ਕਹਾਣੀਆ ਵਿਚ ਲਪੇਟੇ ਜਾਦੂ ਪ੍ਰਤੀ ਤਾਂ ਉਤਸੁਕ ਰਹਿੰਦੇ ਹਨ, ਪਰ ਇਸਦੇ ਪਿਛੇ ਲੁਕਿਆਂ ਯਥਾਰਥ ਉਹਨਾਂ ਪਾਸੋ ਫ਼ੜ ਨਹੀਂ ਹੁੰਦਾ।*

- ਨਿਸ਼ਚਿਤ ਰੂਪ ਨਾਲ ਇਸ ਦਾ ਕਾਰਨ ਉਨ੍ਹਾਂ ਦੀ ਤਰਕਸ਼ੀਲ ਬੁੱਧੀ ਹੈ ਜੋ ਉਨ੍ਹਾਂ ਨੂੰ ਇਹ ਵੇਖਣ ਤੋਂ ਵਰਜਦੀ ਹੈ ਕਿ ਯਥਾਰਥ ਟਮਾਟਰ ਤੇ ਆਂਡੇ ਦਾ ਮੁੱਲ ਜਾਣਨ ਤਕ ਹੀ ਮਹਿਦੂਦ ਨਹੀਂ ਹੈ। ਲੈਟਿਨ ਅਮਰੀਕਾ ਦਾ ਇਕ-ਇਕ ਦਿਨ ਇਹ ਸਾਬਿਤ ਕਰਦਾ ਹੈ ਕਿ ਯਥਾਰਥ ਬੇਮਿਸਾਲ ਘਟਨਾਵਾਂ ਨਾਲ ਭਰਿਆ ਪਿਆ ਹੈ। ਅਪਾਣੀ ਇਹ ਗੱਲ ਸਾਫ਼ ਕਰਨ ਲਈ ਮੈਂ ਅਕਸਰ ਇਕ ਅਮਰੀਕੀ ਯਾਤਰੀ 'ਐਫ.ਡਬਲਿਊ ਐਪ ਦੀ ਗਰਾਫ ਦੀ ਉਦਾਹਰਣ ਦਿੰਦਾ ਹਾਂ ਜਿਸ ਦੇ ਪਿਛਲੀ ਸਦੀ ਦੇ ਅੰਤ ਵਿਚ ਅਮੇਜ਼ਨ ਦੇ ਜੰਗਲਾਂ ਵਿਚ ਰੁਮਾਂਚਕ ਯਾਤਰਾਵਾਂ ਕੀਤੀਆਂ ਸਨ। ਇਨ੍ਹਾਂ ਸਫ਼ਰਾਂ ਦੌਰਾਨ ਬਹੁਤ ਸਾਰੀਆਂ ਅਦਭੁੱਤ ਚੀਜ਼ਾਂ ਤੋਂ ਇਲਾਵਾ ਉਨ੍ਹਾਂ ਨੇ ਅਤਿ ਉਬਲਦੇ ਪਾਣੀ ਦੀ ਇਕ ਨਦੀ ਅਤੇ ਇਕ ਅਜਿਹੀ ਥਾਂ ਦੇਖੀ ਸੀ ਜਿਥੋਂ ਦੀ ਮੋਹਲੇਧਾਰ ਵਰਖਾ 'ਚੋਂ ਇਨਸਾਨਾਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਇਕ ਵਾਰੀ ਅਰਜਨਟੀਨਾ ਦੇ ਧੁਰ ਦੱਖਣ ਵਿਚ ਕੋਮੋਡੋਰੋ ਰੀਵੇਡੇਵੀਆ ਵਿਖੇ ਦੱਖਣੀ ਧਰੁਵ ਤੋਂ ਉੱਠੀਆਂ ਹਵਾਵਾਂ ਨੇ ਪੂਰੀ ਦੀ ਪੂਰੀ ਸਰਕਸ ਨੂੰ ਹੀ ਉਖਾੜ ਕੇ ਸੁੱਟ ਦਿੱਤਾ ਸੀ ਅਤੇ ਦੂਜੇ ਦਿਨ ਮਛੇਰਿਆਂ ਦੇ ਜਾਲਾਂ ਵਿਚ ਸ਼ੇਰਾਂ ਤੇ ਜ਼ਿਰਾਫਾਂ ਦੇ ਮੁਰਦਾ ਸਰੀਰ ਫ਼ਸੇ ਹੋਏ ਮਿਲੇ ਸਨ। 'ਰਿੱਗ ਮਾਮਾ'ਜ਼ ਫਨਰਲ' (Rig Mama's Funeral) ਵਿਚ ਮੈਂ ਪੋਪ ਵੱਲੋਂ ਕੋਲੰਬੀਆ ਦੇ ਇਕ ਪਿੰਡ ਦੀ ਅਕਲਪਨਿਕ ਤੇ ਅਸੰਭਵ ਯਾਤਰਾ ਦੀ ਕਹਾਣੀ ਦੱਸੀ ਹੈ। ਮੈਨੂੰ ਯਾਦ ਹੈ ਕਿ ਮੈਂ ਇਥੋਂ ਦੇ ਮੁੱਖੀ ਦਾ ਵਰਨਣ ਇਕ ਅਜਿਹੇ ਗੰਜੇ ਅਤੇ ਤਕੜੇ ਆਦਮੀ ਦੇ ਰੂਪ ਵਿਚ ਕੀਤਾ ਸੀ ਜਿਸ ਨਾਲ ਜਾਪੇ ਕਿ ਉਹ ਪਤਲਾ ਨਹੀਂ ਹੈ। ਇਸ ਕਹਾਣੀ ਦੇ ਲਿਖੇ ਜਾਣ ਤੋਂ ਗਿਆਰਾਂ ਸਾਲਾਂ ਬਾਅਦ ਪੋਪ ਖ਼ੁਦ ਕੋਲੰਬੀਆ ਗਏ ਅਤੇ ਉਥੇ ਪਹੁੰਚਣ 'ਤੇ ਜਿਸ ਮੁੱਖੀ ਨੇ ਉਨ੍ਹਾਂ ਦੀ ਖ਼ਾਤਿਰਦਾਰੀ ਕੀਤੀ, ਉਹ ਠੀਕ ਅਜਿਹਾ ਹੀ ਇਕ ਲੰਬਾ ਤੇ ਤਕੜਾ ਆਦਮੀ ਸੀ ਜਿਵੇਂ ਮੈਂ ਕਹਾਣੀ ਵਿਚ ਲਿਖਿਆ ਸੀ। ਮੇਰੇ 'ਵਨ ਹੰਡ੍ਰੇਡ ਈਅਰਜ਼ ਔਫ ਸਾਲੀਟਿਊਡ' ਲਿਖੇ ਜਾਣ ਤੋਂ ਬਾਅਦ ਬੈਰਾਂਕਵਿਲਾ ਵਿਚ ਇਕ ਮੁੰਡੇ ਨੇ ਦਾਅਵਾ ਕੀਤਾ ਕਿ ਉਸਦੀ ਸੂਰਾਂ ਵਾਂਗੂੰ ਪੂਛ ਹੈ। ਇਹ ਜਾਣਨ ਲਈ ਕਿ ਸਾਡੇ ਜੀਵਨ ਵਿਚ ਕਿੰਨੀਆਂ ਸਾਰੀਆਂ ਅਸਾਧਾਰਨ ਘਟਨਾਵਾਂ ਰੋਜ਼ ਵਾਪਰਦੀਆਂ ਰਹਿੰਦੀਆਂ ਹਨ; ਤੁਹਾਨੂੰ ਸਿਰਫ਼ ਇੰਨਾ ਕਰਨਾ ਹੈ ਤੁਸੀਂ ਅਖ਼ਬਾਰ ਦਾ ਪੰਨਾ ਖੋਲ੍ਹੋ ਅਤੇ ਪੜ੍ਹੋ। ਮੈਨੂੰ ਇਹ ਵੀ ਪਤਾ ਹੈ ਕਿ ਜਿਨ੍ਹਾਂ ਅਤਿਅੰਤ ਸਾਧਾਰਨ ਲੋਕਾਂ ਨੇ 'ਵਨ ਹੰਡ੍ਰੇਡ ਈਅਰਜ਼ ਔਫ ਸਾਲੀਟਿਊਡ' ਧਿਆਨ ਨਾਲ ਅਤੇ ਮਜ਼ੇ ਨਾਲ ਪੜ੍ਹਿਆ ਹੈ, ਉਨ੍ਹਾਂ ਨੂੰ ਇਸ ਵਿਚ ਕੋਈ ਹੈਰਾਨੀਕੁੰਨ ਗੱਲ ਨਹੀਂ ਲੱਗੀ ਹੋਵੇਗੀ ਕਿਉਂਕਿ ਜਦੋਂ ਨਾਵਲ ਪੂਰਾ ਹੋ ਜਾਂਦਾ ਹੈ ਤਾਂ ਪਾਠਕਾਂ ਨੂੰ ਲੱਗਦਾ ਹੈ ਕਿ ਮੈਂ ਐਸਾ ਕੁਝ ਵੀ ਨਹੀਂ ਲਿਖਿਆ ਜੋ ਉਨ੍ਹਾਂ ਦੀ ਆਪਣੀ ਜ਼ਿੰਦਗੀ ਵਿਚ ਨਾ ਵਾਪਰਿਆ ਹੋਵੇ।

? *ਇਸ ਦਾ ਮਤਲਬ ਕਿ ਤੁਹਾਡੀ ਰਚਨਾਵਾਂ ਵਿਚ ਜੋ ਕੁਝ ਤੁਸੀਂ ਲਿਖਿਆ, ਉਹ ਸਭ ਵਾਸਤਵਿਕ ਜੀਵਨ 'ਤੇ ਆਧਾਰਤ ਹੈ?*

- ਮੇਰੇ ਨਾਵਲਾਂ ਵਿਚ ਇਕ ਵੀ ਪੰਕਤੀ ਤੁਹਾਨੂੰ ਅਜਿਹੀ ਨਹੀਂ ਮਿਲੇਗੀ ਜਿਹੜੀ ਵਾਸਤਵਿਕਤਾ 'ਤੇ ਆਧਾਰਤ ਨਾ ਹੋਵੇ।

? *ਕੀ ਤੁਸੀਂ ਇਹ ਗੱਲ ਬਿਲਕੁਲ ਦਾਅਵੇ ਨਾਲ ਆਖ ਸਕਦੇ ਹੋ? 'ਵਨ ਹੰਡ੍ਰੇਡ ਈਅਰਜ਼ ਔਫ ਸਾਲੀਟਿਊਡ' ਵਿਚ ਕੁਝ ਐਸੀਆਂ ਅਜੀਬ-ਓ-ਗ਼ਰੀਬ ਘਟਨਾਵਾਂ ਵਾਪਰੀਆਂ ਹਨ। ਰੇਮੇਡਿਓਸ ਦਿ ਬਿਊਟੀਫੁੱਲ ਸਵਰਗ ਵਿਚ ਪਹੁੰਚ ਜਾਂਦੀ ਹੈ ਸਰੀਰ ਸਣੇ। ਪੀਲੀਆਂ ਪੀਲੀਆਂ ਤਿੱਤਲੀਆਂ ਮੌਰਿਸੀਓ ਬੇਬੀਲਿਓਨਿਆ ਦੇ ਚਾਰੇ ਪਾਸੇ ਖੰਭ ਫੜਫੜਾ ਕੇ ਉੱਡਦੀਆਂ ਰਹਿੰਦੀਆਂ ਹਨ।*

• ਸਾਰਾ ਕੁਝ ਤੱਥਾਂ 'ਤੇ ਆਧਾਰਤ ਹੈ।

? *ਜਿਵੇਂ...?*

• ਜਿਵੇਂ ਕਿ ਮੌਰਿਸੀਓ ਬੇਬੀਲਿਓਨਿਆ ਦੀ ਹੀ ਉਦਾਹਰਣ ਲੈ ਲਓ। ਜਦੋਂ ਮੈਂ ਤਕਰੀਬਨ ਪੰਜ ਸਾਲਾਂ ਦਾ ਸੀ ਤਾਂ ਇਕ ਦਿਨ ਅਰਾਕਾਟਕਾ ਸਥਿਤ ਮੇਰੇ ਘਰ 'ਚ ਇਕ ਇਲੈਕਟ੍ਰੀਸ਼ੀਅਨ ਬਿਜਲੀ ਦਾ ਮੀਟਰ ਬਦਲਣ ਆਇਆ। ਮੈਨੂੰ ਅੱਜ ਵੀ ਉਹ ਦ੍ਰਿਸ਼ ਇਸ ਤਰ੍ਹਾਂ ਯਾਦ ਹੈ ਕਿ ਸਮਝੋ ਕੱਲ੍ਹ ਦਾ ਹੀ ਵਾਕਿਆ ਹੋਵੇ। ਉਹ ਬਿਜਲੀ ਦੇ ਖੰਭੇ 'ਤੇ ਚੜ੍ਹਨ ਉਪਰੰਤ ਹੇਠਾਂ ਡਿੱਗਣ ਤੋਂ ਬਚਣ ਲਈ ਆਪਣੇ ਲੱਕ ਨਾਲ ਚਮੜੇ ਦੀ ਇਕ ਬੈਲਟ ਬੰਨ੍ਹ ਲੈਂਦਾ ਸੀ। ਇਸ ਬੈਲਟ 'ਤੇ ਮੈਂ ਇਸ ਕਦਰ ਧਿਆਨ-ਮਗਨ ਹੋ ਜਾਂਦਾ ਸੀ ਕਿ ਪੁੱਛੋ ਨਾ! ਉਹ ਇਲੈਕਟ੍ਰੀਸ਼ੀਅਨ ਮੇਰੇ ਘਰ ਕਿੰਨੀ ਵਾਰੀ ਆਇਆ ਹੋਵੇਗਾ। ਇਕ ਵਾਰ ਮੈਂ ਦੇਖਿਆ ਕਿ ਮੇਰੇ ਦਾਦਾ ਜੀ ਇਕ ਕੱਪੜੇ ਨਾਲ ਇਕ ਤਿੱਤਲੀ ਨੂੰ ਹਟਾ ਰਹੇ ਸਨ ਅਤੇ ਨਾਲ ਦੀ ਨਾਲ ਗ਼ੁੱਸੇ ਨਾਲ ਕਹਿ ਰਹੇ ਸਨ ਕਿ 'ਕਮਾਲ ਹੈ...ਜਦੋਂ ਵੀ ਇਹ ਇਲੈਕਟ੍ਰੀਸ਼ਨ ਘਰ ਆਉਂਦਾ ਹੈ; ਇਹ ਪੀਲੀ ਤਿੱਤਲੀ ਉਸ ਦੇ ਪਿੱਛੇ ਪੈ ਜਾਂਦੀ ਹੈ। 'ਵਨ ਹੰਡ੍ਰੇਡ ਈਅਰਜ਼ ਔਫ ਦਿ ਸਾਲੀਟਿਊਡ' ਦੇ ਮੌਰਿਸੀਓ ਦਾ ਭਰੂਣ ਰੂਪ ਇਸੇ ਦ੍ਰਿਸ਼ ਵਿਚ ਕਿਤੇ ਕੈਦ ਸੀ। ਉਸ ਦੀ ਕਲਪਨਾ ਦਾ ਯਥਾਰਥ ਇਥੇ ਹੀ ਸੀ।

? *ਅਤੇ...ਰੇਮੇਡੀਓਸ ਦਿ ਬਿਊਟੀਫੁੱਲ ਕੌਣ ਸੀ? ਉਸ ਨੂੰ ਸਰੀਰ ਸਣੇ ਸਵਰਗ ਭੇਜਣ ਦਾ ਖ਼ਿਆਲ ਤੁਹਾਡੇ ਦਿਮਾਗ਼ ਵਿਚ ਕਿਵੇਂ ਆਇਆ?*


• ਕਥਾ ਵਿਚ ਮੂਲ ਰੂਪ ਨਾਲ ਮੇਰੀ ਯੋਜਨਾ ਸੀ ਕਿ ਰੇਮੇਡੀਓਸ ਦਿ ਬਿਊਟੀਫੁੱਲ ਰੇਬੇਕਾ ਅਤੇ ਆਮਰੈਂਟਾ ਦੇ ਨਾਲ ਘਰ ਵਿਚ ਕਸ਼ੀਦਾਕਾਰੀ ਕਰਦੀ ਹੋਏ ਗ਼ਾਇਬ ਕਰ ਦਿੱਤੀ ਜਾਏਗੀ। ਪਰ ਇਹ ਸਿਨੇਮੈਟੋਗ੍ਰਾਫਿਕ ਤਕਨੀਕ ਮੈਨੂੰ ਕਾਰਗਰ ਨਹੀਂ ਜਾਪੀ। ਮੈਨੂੰ ਰੇਮੇਡੀਓਸ ਦੇ ਨਾਲ ਅੱਗੇ ਵਧਦੇ ਰਹਿਣਾ ਪਿਆ। ਤਦੇ ਮੇਰੇ ਜ਼ਿਹਨ ਵਿਚ ਉਸ ਨੂੰ ਸਰੀਰ ਸਣੇ ਸਵਰਗ ਭੇਜਣ ਦਾ ਵਿਚਾਰ ਆਇਆ ਸੀ। ਤੁਸੀਂ ਜਾਣਨਾ ਚਾਹੋਗੇ ਕਿ ਆਖ਼ਿਰ ਇਸ ਆਈਡੀਆ ਦੇ ਪਿੱਛੇ ਦੀ ਹਕੀਕੀ ਘਟਨਾ ਕੀ ਸੀ? ਇਕ ਔਰਤ ਸੀ ਜਿਸ ਦੀ ਪੋਤੀ ਬਹੁਤ ਤੜਕੇ ਘਰੋਂ ਭੱਜ ਗਈ ਸੀ। ਉਸ ਨੇ ਇਸ ਸੱਚਾਈ ਨੂੰ ਛੁਪਾਉਣ ਲਈ ਕੀ ਕੀਤਾ ਕਿ ਉਹ ਖ਼ੁਦ ਹੀ ਲੋਕਾਂ ਨੂੰ ਆਖਣ ਲੱਗੀ ਕਿ ਉਹ ਤਾਂ ਸਵਰਗ ਚਲੀ ਗਈ ਹੈ।

? *ਤੁਸੀਂ ਤਾਂ ਉਂਝ ਵੀ ਆਪਣੇ ਕੁਝ ਲੇਖਾਂ ਵਿਚ ਪਹਿਲਾਂ ਹੀ ਇਸ 'ਤੇ ਵਿਸਥਾਰ ਨਾਲ ਦੱਸ ਦਿੱਤਾ ਹੈ। ਪਰ ਸੱਚਮੁਚ ਉਸ ਨੂੰ ਆਪ ਉੱਡ ਕੇ ਸਵਰਗ ਭੇਜਣ ਲਈ ਕਿੰਨੇ ਪਾਪੜ ਵੇਲਣੇ ਪਏ ਹੋਣਗੇ?*

• ਹਾਂ, ਬਿਲਕੁਲ ਦਰੁਸਤ ਹੈ। ਉਹ ਤਾਂ ਜ਼ਮੀਨ ਛੱਡ ਹੀ ਨਹੀਂ ਰਹੀ ਸੀ। ਮੈਂ ਤਾਂ ਬੜਾ ਹੈਰਾਨ-ਪ੍ਰੇਸ਼ਾਨ ਹੋਇਆ ਕਿ ਕੀਤਾ ਕੀ ਜਾਏ ਕਿ ਉਹ ਜ਼ਮੀਨ ਤੋਂ ਉੱਠ ਕੇ ਉੱਡਣ ਲੱਗੇ। ਇਕ ਦਿਨ ਇੰਝ ਹੀ ਇਸ ਮੁਸ਼ਕਿਲ ਝਮੇਲੇ 'ਤੇ ਸੋਚਦੇ ਹੋਏ ਆਪਣੇ ਬਗ਼ੀਚੇ ਵਿਚ ਪਹੁੰਚਿਆ। ਉਸ ਦਿਨ ਬੜੀ ਤੇਜ਼ ਹਵਾ ਚੱਲ ਰਹੀ ਸੀ। ਡੀਲ-ਡੌਲ ਤੋਂ ਇਕ ਭਾਰੀ-ਭਰਕਮ ਕਾਲੀ ਪਰ ਬੜੀ ਹੀ ਸੁੰਦਰ ਜਿਹੀ ਔਰਤ ਅਜੇ ਹੁਣੇ ਹੀ ਘਰ ਦੇ ਕੱਪੜੇ ਧੋ ਕੇ ਇਨ੍ਹਾਂ ਨੂੰ ਸੁਕਾਉਣ ਲਈ ਬਾਹਰ ਕਿੱਲੀ 'ਤੇ ਲਟਕਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਮੈਂ ਵੇਖਿਆ ਕਿ ਉਹ ਚਾਦਰਾਂ ਨੂੰ ਟੰਗ ਨਹੀਂ ਸਕ ਰਹੀ ਸੀ ਕਿਉਂ ਜੋ ਤੇਜ਼ ਹਵਾ ਦੇ ਝੋਂਕੇ ਇਨ੍ਹਾਂ ਨੂੰ ਉਡਾ ਕੇ ਦੂਰ ਸੁੱਟ ਦਿੰਦੇ ਸਨ। ਤਦੇ ਮੇਰਾ ਦਿਮਾਗ਼ ਕੌਂਧਿਆ। ਮੈਨੂੰ ਲੱਗਾ ਕਿ ਮੈਨੂੰ ਜਿਸ ਚੀਜ਼ ਦੀ ਖੋਜ ਸੀ, ਇਹ ਉਹੋ ਹੈ।

ਹੁਣ ਰੇਮੇਡੀਓਸ ਦਿ ਬਿਊਟੀਫੁੱਲ ਨੂੰ ਸਿਰਫ਼ ਚਾਦਰ ਚਾਹੀਦੀ ਸੀ। ਇਸ ਤੋਂ ਬਾਅਦ ਉਹ ਸਵਰਗ ਜਾ ਸਕਦੀ ਹੈ। ਇਸ ਦ੍ਰਿਸ਼ ਵਿਚ ਯਥਾਰਥ ਦੀ ਜੋ ਛੋਹ ਹੈ, ਇਹ ਇਨ੍ਹਾਂ ਚਾਦਰਾਂ ਤੋਂ ਆਈ ਹੈ। ਇਸ ਤੋਂ ਬਾਅਦ ਮੈਂ ਜਦੋਂ ਲਿਖਣ ਲਈ ਟਾਈਪਰਾਈਟਰ 'ਤੇ ਆਇਆ ਤਾਂ ਰੇਮੇਡੀਓਸ ਦਿ ਬਿਊਟੀਫੁੱਲ ਨੂੰ ਉੱਡ ਕੇ ਉੱਪਰ ਜਾਣ ਵਿਚ ਕੋਈ ਦਿੱਕਤ ਨਹੀਂ ਹੋਈ। ਹੁਣ ਉਸ ਨੂੰ ਸਵਰਗ ਜਾਣ ਤੋਂ ਰੱਬ ਵੀ ਨਹੀਂ ਸੀ ਰੋਕ ਸਕਦਾ।

• • •




# ਸੋਫੀ ਦਾ ਸੰਸਾਰ

## ਸਮਝਣ ਦੀ ਕੋਸ਼ਿਸ਼

-ਸਤਯਪਾਲ ਗੌਤਮ

1980 ਦੇ ਦਹਾਕੇ ਦੇ ਆਖ਼ਰੀ ਵਰ੍ਹਿਆਂ ਦਾ ਸਮਾਂ ਸੀ। ਜੋਸਟੀਨ ਗਾਰਡਰ ਓਸਲੋ ਨਾਰਵੇ ਵਿਚ ਇਕ ਜੂਨੀਅਰ ਕਾਲਜ ਵਿਚ ਫ਼ਲਸਫ਼ੇ ਦਾ ਅਧਿਆਪਕ ਸੀ। ਉਹ ਆਪਣੇ ਫ਼ਲਸਫ਼ੇ ਸਿੱਖਿਆ ਕਾਰਜ ਵਿਚ ਪੂਰੀ ਰੁਚੀ ਲੈਂਦਿਆਂ ਪੂਰੀ ਤਰ੍ਹਾਂ ਸਮਰਪਿਤ ਸਨ। ਸੋਲ੍ਹਾਂ ਵਰ੍ਹਿਆਂ ਦੇ ਆਸ-ਪਾਸ ਦੀ ਉਮਰ ਦੇ ਆਪਣੇ ਵਿਦਿਆਰਥੀਆਂ ਵਿਚ ਫ਼ਸਲਫ਼ੇ ਦੇ ਸੁਆਲਾਂ ਬਾਰੇ ਗੁੰਮ ਹੁੰਦੀ ਰੁਚੀ ਤੇ ਉਦਾਸੀਨਤਾ ਜੋਸਟੀਨ ਗਾਰਡਰ ਲਈ ਸੁਭਾਵਿਕ ਹੀ ਚਿੰਤਾ ਦਾ ਵਿਸ਼ਾ ਸੀ। ਇਕ ਦਿਨ ਉਨ੍ਹਾਂ ਨੇ ਆਪਣੀ ਹਤਾਸ਼ਾ ਤੇ ਪ੍ਰੇਸ਼ਾਨੀ ਦੇ ਛਿਣਾਂ ਵਿਚ ਆਪਣੇ ਵਿਦਿਆਰਥੀਆਂ ਨੂੰ ਸਵਾਲ ਕੀਤਾ ਕਿ ਉਹ ਕੀ ਪੜ੍ਹਨਾ ਪਸੰਦ ਕਰਦੇ ਹਨ ? ਵਿਦਿਆਰਥੀਆਂ ਨੇ ਇਕੋ ਲੋਰ ਵਿਚ ਜਵਾਬ ਦਿੱਤਾ ਕਿ ਉਨ੍ਹਾਂ ਦਾ ਮਨ ਰਹੱਸਮਈ ਨਾਵਲਾਂ (ਮਿਸਟਰੀ ਨਾਵਲਜ਼) ਨੂੰ ਪੜ੍ਹਨ 'ਚ ਲੱਗਦਾ ਹੈ। ਇਹ ਜਵਾਬ ਸੁਣ ਕੇ ਨਿਰਾਸ਼ ਹੋਣ ਦੀ ਥਾਂ ਜੋਸਟੀਨ ਗਾਰਡਰ ਨੇ ਫੌਰੀ ਫ਼ੈਸਲਾ ਕੀਤਾ ਕਿ ਉਹ ਇਕ ਰਹੱਸਮਈ ਨਾਵਲ ਲਿਖ ਕੇ ਆਪਣੇ ਵਿਦਿਆਰਥੀਆਂ ਵਿਚ ਇਨਸਾਨੀ ਜੀਵਨ ਸੰਬੰਧੀ ਜ਼ਰੂਰੀ ਤੇ ਗੂੜ੍ਹੇ ਸਵਾਲਾਂ ਵਿਚ ਦਿਲਚਸਪੀ ਕਰਾਉਣ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਨੂੰ ਯਕੀਨ ਸੀ ਕਿ ਅਜਿਹੇ ਗੁੰਝਲਦਾਰ ਤੇ ਸੂਖ਼ਮ ਦਾਰਸ਼ਨਿਕ ਪ੍ਰਸ਼ਨਾਂ ਦੀ ਮਹੱਤਤਾ ਨੂੰ ਨਕਾਰ ਕੇ ਜਾਂ ਇਨ੍ਹਾਂ ਤੋਂ ਦੌੜ ਕੇ ਪਿੱਛੇ ਛੁਡਾ ਕੇ ਅਸੀਂ ਆਪਣੀ ਸਮਰਿੱਧ ਇਨਸਾਨੀ ਵਿਰਾਸਤ ਵਿਚ, ਆਪਣੀ ਹਿੱਸੇਦਾਰੀ ਦੇ ਦਾਅਵੇ ਦਾ ਹੱਕ ਗੁਆ ਦਿੰਦੇ ਹਾਂ।

ਇਸ ਤਰ੍ਹਾਂ ਗਾਰਡਰ ਨੇ ਰਹੱਸਾਤਮਕ ਨਾਵਲ 'ਸੋਫ਼ੀ ਦਾ ਸੰਸਾਰ' (Sophie's World) ਲਿਖ ਕੇ ਫ਼ਲਸਫ਼ੇ ਦੇ ਵਿਕਾਸ ਦਾ ਸਜੀਵ ਚਿਤਰਨ ਨਿਹਾਇਤ ਮੌਲਿਕ ਰੂਪ ਵਿਚ ਪੇਸ਼ ਕੀਤਾ। ਇਸ ਨਾਵਲ ਦੀ ਰਚਨਾ ਵਿਚ ਉਨ੍ਹਾਂ ਨੇ ਜਾਦੂਈ ਕਥਾ, ਸੰਰਚਨਾ, ਸਭਿਆਚਾਰਕ ਇਤਿਹਾਸ-ਲੇਖਨ ਤੇ ਦਾਰਸ਼ਨਿਕ ਚਿੰਤਨ ਦੀਆਂ ਵਿਧਾਵਾਂ ਦਾ ਅਨੋਖਾ ਸਿਰਜਣਾਤਮਕ ਸੰਯੋਜਨ ਕੀਤਾ ਹੈ। 'ਸੋਫ਼ੀ ਦਾ ਸੰਸਾਰ' ਲਿਖਦਿਆਂ ਹੋਇਆ ਗਾਰਡਰ ਨੇ ਪੱਛਮੀ ਦਰਸ਼ਨ ਦੇ ਇਤਿਹਾਸ ਦੇ ਮਹੱਤਵਪੂਰਨ ਪ੍ਰਸੰਗਾਂ ਅਤੇ ਵਿਸ਼ਵ ਜ਼ਿੰਦਗੀ, ਇਨਸਾਨੀ ਹੋਂਦ ਨਾਲ ਜੁੜੇ ਰਹੱਸਾਂ ਬਾਰੇ ਆਪਣੀ ਡੂੰਘੀ ਵਿਵੇਚਨਾ ਨੂੰ ਪਾਠਕਾਂ ਦੇ

ਸਾਹਮਣੇ ਵਿਚਾਰ ਕਰਨ ਦੇ ਬਾਰੇ ਪੇਸ਼ ਕੀਤਾ ਹੈ।

ਨਾਵਲ ਦੀ ਸ਼ੁਰੂਆਤ ਸਕੂਲ ਤੋਂ ਘਰ ਪਰਤਣ ਤੇ 14 ਸਾਲਾਂ ਦੀ ਸੋਫ਼ੀ ਨੂੰ ਲੈਟਰ ਬਾਕਸ ਵਿਚ ਇਕ ਵਚਿੱਤਰ ਰਹੱਸਪੂਰਨ ਲਿਫ਼ਾਫ਼ਾ ਮਿਲਣ ਨਾਲ ਹੁੰਦੀ ਹੈ। ਜਿਸ ਵਿਚ ਕਾਗ਼ਜ਼ ਦੀ ਛੋਟੀ ਪਰਚੀ ਹੈ ਤੇ ਨਿਰਾਲਾ ਸਵਾਲ ਹੈ। 'ਤੂੰ ਕੌਣ ਏਂ ?' 'ਸੋਫ਼ੀ' ਜਾਂ 'ਸੋਫ਼ੀਆ' ਯੂਨਾਨੀ ਭਾਸ਼ਾ ਦਾ ਉਹ ਸ਼ਬਦ ਹੈ ਜਿਸ ਦਾ ਇਸਤੇਮਾਲ ਪੱਛਮੀ ਦਰਸ਼ਨ ਬਾਰੇ ਜਾਣਕਾਰੀ ਦੇਣ ਵਾਲੀ ਹਰ ਪਾਠ-ਪੁਸਤਕ ਵਿਚ ਦਰਸ਼ਨ ਦੀ ਆਰੰਭਕ ਪਰਿਭਾਸ਼ਾ ਜਾਂ ਜਾਣਕਾਰੀ ਦੇਣ ਲਈ ਕੀਤਾ ਜਾਂਦਾ ਹੈ। 'ਫੀਲੋਅ'+'ਸੋਫੀ' ਦੋ ਯੂਨਾਨੀ ਸ਼ਬਦਾਂ 'ਫੀਲੋਅ' 'ਸੋਫੀ' ਦੇ ਯੋਗ ਨਾਲ ਬਣਿਆ ਸ਼ਬਦ ਹੈ। ਸੋਫੀ ਦਾ ਅਰਥ ਹੈ 'ਪ੍ਰਗਿਆ' ਜਾਂ 'ਬੁੱਧੀਮਤਾ' ਤੇ 'ਫੀਲੋਅ' ਦਾ ਅਰਥ ਹੈ 'ਪ੍ਰੇਮੀ'। ਦੋ ਸ਼ਬਦਾਂ 'ਚ ਕਿਹਾ ਜਾਵੇ ਤਾਂ ਫ਼ਿਲਾਸਫ਼ੀ ਦਾ ਮਤਲਬ 'ਬੁੱਧੀਮਤਾ ਨਾਲ ਪਿਆਰ' ਹੈ। ਦੂਜੇ ਸ਼ਬਦਾਂ 'ਚ ਇਹ ਕਿਹਾ ਜਾ ਸਕਦਾ ਹੈ ਕਿ ਸੋਫ਼ੀ ਦਾ ਸੰਸਾਰ, ਬੁੱਧੀਮਤਾ ਦਾ ਸੰਸਾਰ ਹੈ, ਜਿਸ ਕਿਸੇ ਨੂੰ ਵੀ ਇਸ ਸੰਸਾਰ ਨਾਲ ਪ੍ਰੇਮ ਹੈ, ਪਿਆਰ ਹੈ, ਉਹ ਫ਼ਿਲਾਸਫ਼ਰ ਹੈ।

ਮੈਂ ਕੌਣ ਹਾਂ ? ਸਵਾਲ ਦਾ ਜਵਾਬ ਆਤਮ ਗਿਆਨ ਪ੍ਰਾਪਤ ਕੀਤਿਓਂ ਬਿਨਾ ਸੰਭਵ ਨਹੀਂ ਹੈ। ਸੋਫ਼ੀ ਲਈ ਇਸ ਸਵਾਲ ਦਾ ਜਵਾਬ ਲੱਭਣਾ ਸਰਲ ਤਾਂ ਨਹੀਂ ਹੈ ਲੇਕਿਨ ਮਹੱਤਵਪੂਰਨ ਹੋ ਜਾਂਦਾ ਹੈ। ਉਸ ਨੂੰ ਇਹ ਬੜਾ ਵਿਲੱਖਣ ਲੱਗਦਾ ਹੈ ਕਿ ਉਹ ਇਹ ਵੀ ਨਹੀਂ ਜਾਣਦਾ ਕਿ ਉਹ ਕੌਣ ਹੈ ? (ਬੁੱਲ੍ਹਿਆ ਕੀ ਜਾਣਾ ਮੈਂ ਕੌਣ...?) ਇਸੇ ਉਧੇੜ-ਬੁਣ ਵਿਚ ਉਹ ਮੁੜ ਕੇ ਬਾਹਰ ਆ ਕੇ ਲੈਟਰ ਬਾਕਸ ਨੂੰ ਦੇਖਣ ਜਾਂਦੀ ਹੈ ਅਤੇ ਇਸ ਵਾਰ ਉਸ ਨੂੰ ਇਕ ਹੋਰ ਲਿਫ਼ਾਫ਼ਾ ਮਿਲਦਾ ਹੈ ਜਿਸ ਦੇ ਅੰਦਰ ਇਕ ਛੋਟੇ ਪੁਰਜ਼ੇ 'ਤੇ ਇਕ ਨਵਾਂ ਸਵਾਲ ਹੈ—"ਇਹ ਸੰਸਾਰ ਕਿਥੋਂ ਆਇਆ...?" ਜ਼ਿੰਦਗੀ ਵਿਚ ਪਹਿਲੀ ਵਾਰ ਸੋਫ਼ੀ ਨੂੰ ਮਹਿਸੂਸ ਹੋਇਆ ਕਿ ਇਨ੍ਹਾਂ ਸਵਾਲਾਂ ਦੇ ਜਵਾਬ ਲੱਭੇ ਬਿਨਾ ਉਹਦੇ ਵਾਸਤੇ ਜੀਂਦੇ ਰਹਿਣਾ ਵਾਜਿਬ ਨਹੀਂ ਹੈ। ਇਹ ਦੋ ਅਜੀਬ ਚਿੱਠੀਆਂ ਜਾਂ ਸਵਾਲ ਸੋਫ਼ੀ ਵਾਸਤੇ, ਉਸ ਦੇ ਆਉਣ ਵਾਲੇ ਪੰਦਰਵੇਂ ਜਨਮ ਦਿਨ ਦੇ ਮੌਕੇ 'ਤੇ ਤੋਹਫ਼ੇ ਵਜੋਂ ਮਿਲਣ ਵਾਲੇ ਖ਼ਤਾਂ ਦੀ ਇਕ ਅਜਿਹੀ ਲੜੀ ਦੀ ਸ਼ੁਰੂਆਤ ਹੈ, ਜਿਹੜੀ ਉਸ ਦੇ ਜਨਮ ਦਿਨ ਤਕ ਲਗਾਤਾਰ ਚੱਲਦੀ ਹੈ।

ਦਰਸ਼ਨ ਸ਼ਾਸਤਰ ਦੇ ਇਤਿਹਾਸ 'ਤੇ ਇਸ ਪੱਤਰਾਚਾਰ ਪਾਠ-ਕ੍ਰਮ ਦਾ ਸੰਚਾਲਨ, ਦਰਸ਼ਨ ਦੇ ਇਕ ਅਦਭੁਤ ਤੇ ਰਹੱਸਮਈ, ਅਧਿਆਪਕ ਵਜੋਂ ਕੀਤਾ ਜਾਂਦਾ ਹੈ ਜਿਸ ਦਾ ਨਾਉਂ ਐਲਬ੍ਰਟੋ ਨੌਕਸ ਹੈ। ਇਸ ਅਜਬ-ਗ਼ਜ਼ਬ ਖ਼ਤੋ-ਖ਼ਿਤਾਬਤ ਪਾਠ-ਕ੍ਰਮ ਵਿਚ ਪੁਰਾਣੇ ਯੂਨਾਨੀ ਫ਼ਿਲਾਸਫ਼ਰਾਂ ਵੱਲੋਂ ਉਠਾਏ ਗਏ ਸਵਾਲਾਂ ਅਤੇ ਉਨ੍ਹਾਂ ਦੀ ਚਰਚਾ ਤੋਂ ਸ਼ੁਰੂ ਕਰਕੇ, ਵੀਹਵੀਂ ਸਦੀ ਦੇ ਫ਼ਿਲਾਸਫ਼ਰਾਂ ਦੁਆਰਾ ਵਿਚਾਰੇ ਗਏ ਮਸਲਿਆਂ ਅਤੇ ਸਥਾਪਤ ਸਿਧਾਤਾਂ ਦੀ ਸਾਫ਼ ਤੇ ਸੁਚੱਜੀ ਵਿਵੇਚਨਾ ਕੀਤੀ ਗਈ ਹੈ।

ਆਪਣੀ ਵਿਚਾਰ-ਵਿਲਾਸ-ਕ੍ਰੀੜਾ ਵਿਚ 'ਸੋਫ਼ੀ ਦਾ ਸੰਸਾਰ' ਤਲਿੱਸਮੀ ਅੰਦਾਜ਼ ਵਿਚ ਫ਼ਿਲਾਸਫ਼ਰਾਂ ਵੱਲੋਂ ਘੜੀਆਂ ਜੁਗਤਾਂ-ਪ੍ਰਤੀਜੁਗਤਾਂ (Argument/Counter-Arguments) ਸੰਵਾਦ, ਪ੍ਰਤੀਸੰਵਾਦ, ਤਰਕ-ਕੁਤਰਕ ਦਾ ਸੁਜੋਯਿਤ ਵਿਸ਼ਲੇਸ਼ਣ ਅਤੇ ਮੁੱਲਾਂਕਣ ਦੀ ਗਾਥਾ ਹੈ। ਇਸ ਪੁਸਤਕ ਵਿਚ ਤਿੰਨ ਖ਼ਾਸ ਇਨਸਾਨੀ ਸਮਰੱਥਾਵਾਂ, ਸਿਮਰਤੀ (ਇਤਿਹਾਸ), ਕਲਪਨਾ (ਗੱਪ) ਅਤੇ ਵਿਵੇਕ (ਫ਼ਲਸਫ਼ਾ) ਦਾ ਤਾਣਾ-ਬਾਣਾ ਅਨੂਠੇ ਢੰਗ ਨਾਲ ਬੁਣਿਆ ਗਿਆ ਹੈ। ਇਹ ਨਾਵਲ ਇਨਸਾਨੀ ਜ਼ਿੰਦਗੀ ਦੇ ਉਦੇਸ਼ ਅਤੇ ਸਾਰਥਕਤਾ ਸੰਬੰਧੀ ਸਵਾਲਾਂ 'ਤੇ ਵਿਚਾਰ ਕਰਨ ਦੀ ਝਲਕ ਨੂੰ ਪ੍ਰੋਸਾਹਿਤ ਕਰਦਾ ਹੈ। ਪੱਛਮੀ ਜਗਤ ਵਿਚ ਵਿਕਸਤ ਫ਼ਲਸਫ਼ੇ ਨੂੰ ਸਮੱਗਰ ਇਨਸਾਨੀ ਬੌਧਿਕ ਪਰੰਪਰਾਵਾਂ ਦਾ ਇਕ ਅੰਸ਼ ਸਵੀਕਾਰ ਕਰਦਿਆਂ ਗਾਰਡਰ ਯੂਰਪ ਕੇਂਦ੍ਰਿਤ (ਯੂਰੋਸੈਂਟ੍ਰਿਕ) ਬਿਮਾਰੀ ਤੋਂ ਆਪਣੇ ਆਪ ਨੂੰ ਮੁਕਤ ਰੱਖਣ ਦੀ ਕੋਸ਼ਿਸ਼ ਵਿਚ ਕਾਫ਼ੀ ਹੱਦ ਤਕ ਸਫ਼ਲ ਰਿਹਾ ਹੈ।

'ਸੋਫ਼ੀ ਦਾ ਸੰਸਾਰ' ਸਾਨੂੰ ਆਪਣੇ ਵਿਚਾਰ ਕਰਨ ਦੀ ਸਮਰੱਥਾ ਅਤੇ ਮਹੱਤਤਾ ਪ੍ਰਤੀ ਹੋਰ ਸਯੱਗ ਅਤੇ ਸੰਵੇਦਨਸ਼ੀਲ ਬਣਾਉਣ ਵਿਚ ਮਦਦਗਾਰ ਹੁੰਦਾ ਹੈ। ਗਿਆਨ, ਸਭਿਆਚਾਰ, ਨੈਤਿਕਤਾ, ਸੁਹਜ-ਬੋਧ ਬਾਬਤ ਪੁਰਾਣੇ ਤੇ ਸਮਕਾਲੀ ਵਿਵਾਦਾਂ ਦੀ ਵਿਵੇਚਨਾ ਖ਼ਾਸ ਤੌਰ 'ਤੇ ਸਾਡੀ ਰੋਜ਼-ਮਰ੍ਹਾ ਦੀ ਜ਼ਿੰਦਗੀ ਵਿਚ ਪ੍ਰਸੰਗਿਕਤਾ ਅਤੇ ਸਾਰਥਕਤਾ ਨੂੰ ਬੜੇ ਰੌਚਕ ਤੇ ਸੌਖੇ ਸਮਝ ਆਉਣ ਵਾਲੇ ਸਪੱਸ਼ਟੀਕਰਨਾਂ ਰਾਹੀਂ ਪੇਸ਼ ਕੀਤਾ ਹੈ। ਇਸ ਨਾਵਲ 'ਚ ਰਹੱਸਾਤਮਕਤਾ ਦੀ ਖ਼ਾਸੀਅਤ ਇਸ ਦੀ ਕਥਾ ਦੀ ਅਜਿਹੀ ਅਦਭੁਤ ਸੰਰਚਨਾ ਵਿਚ ਹੈ ਜਿਸ ਦੇ ਨਤੀਜੇ ਵਜੋਂ ਪਾਠਕ ਲਈ ਕਲਪਿਤ ਅਤੇ ਵਾਸਤਵਿਕ ਕਿਰਦਾਰਾਂ ਵਿਚ ਭੇਦ ਕਰਨਾ, ਸਰਲ ਤੇ ਸੌਖਾ ਨਹੀਂ ਰਹਿੰਦਾ। ਇਸ ਨਾਵਲ ਤੋਂ ਪਹਿਲਾਂ ਬਿਨਡੂਰਾਂ ਦੀ ਲਿਖਤ ਕਿਤਾਬ **ਫਿਲਾਸਫੀ ਦੀ ਕਹਾਣੀ** (A Story of Philosophy) ਪਾਠਕਾਂ ਵਿਚ ਹਰਮਨ ਪਿਆਰੀ ਹੋਈ ਸੀ।

ਇਸ ਕਿਤਾਬ ਵਿਚ ਬਿਲਡੂਰਾਂ ਨੇ ਕੁਝ ਚੁਨਿੰਦਾ ਫ਼ਿਲਾਸਫ਼ਰਾਂ ਦੀ ਜ਼ਿੰਦਗੀ 'ਚੋਂ ਹਵਾਲੇ ਲੈ ਕੇ ਫ਼ਿਲਾਸਫ਼ੀ ਦੀ ਕਹਾਣੀ ਲਿਖਣ 'ਤੇ ਜ਼ੋਰ ਦਿੱਤਾ ਸੀ। ਤੁਲਨਾ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜੋਸਟੀਨ ਗਾਰਡਰ ਨੇ ਆਪਣੇ ਨਾਵਲ ਵਿਚ

ਅਸਤਿਤਵ-ਮੂਲਕ ਅਤੇ ਸੰਕਲਪ-ਮੂਲਕ ਸਤਰ 'ਤੇ ਪੇਸ਼ ਆਉਂਦੀਆਂ ਜਟਿਲ ਉਲਝਣਾਂ ਦੇ ਮੂਲ ਸਰੋਤਾਂ ਅਤੇ ਦਾਰਸ਼ਨਿਕ ਜੁਗਤਾਂ ਦੀ ਤਾਰਕਿਕ ਸੰਰਚਨਾਵਾਂ ਨੂੰ ਸਪੱਸ਼ਟ ਕਰਦਿਆਂ ਹੋਇਆਂ ਸੁਕਰਾਤ ਤੋਂ ਲੈ ਕੇ ਸਾਰਤਰ ਤਾਈਂ ਪੱਛਮੀ ਫ਼ਸਲਫ਼ੇ ਦੀ ਲੰਬੀ ਯਾਤਰਾ ਦਾ ਬਿਰਤਾਂਤ ਪੇਸ਼ ਕੀਤਾ ਹੈ। ਇਸ ਬਿਰਤਾਂਤ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਨਸਾਨੀ ਹੋਂਦ ਦੇ ਅਰਥ ਨੂੰ ਸਮਝਣ ਲਈ ਦਾਰਸ਼ਨਿਕ ਚਿੰਤਨ ਵਿਚ ਹਿੱਸਾ ਲੈਣਾ ਇਕ ਜ਼ਰੂਰੀ ਕਰਮ ਹੈ। ਇਸ ਨਾਵਲ ਦੀ ਸਫ਼ਲਤਾ ਦਾ ਪ੍ਰਮਾਣ ਇਹ ਹੈ ਕਿ ਆਪ ਨੂੰ ਅੰਗਰੇਜ਼ੀ ਅਨੁਵਾਦ ਦੇ ਪ੍ਰਕਾਸ਼ਨ ਦੇ ਪਹਿਲੇ ਤਿੰਨ ਸਾਲਾਂ ਵਿਚ ਇਹ ਦੁਨੀਆ ਭਰ ਵਿਚ 'ਬੈਸਟ ਸੈਲਰ' ਰਿਹਾ ਅਤੇ ਇਸ ਦੀਆਂ ਇਕ ਕਰੋੜ ਤੋਂ ਵੱਧ ਕਾਪੀਆਂ ਵਿਕੀਆਂ ਅਤੇ ਪਿਛਲੇ ਵੀਹ ਸਾਲਾਂ ਵਿਚ ਇਸ ਦਾ ਉਲੱਥਾ 60 ਤੋਂ ਵੀ ਵੱਧ ਭਾਸ਼ਾਵਾਂ 'ਚ ਹੋ ਚੁੱਕਿਆ ਹੈ। 'ਸੋਫ਼ੀ ਦਾ ਸੰਸਾਰ' ਦੇ ਪ੍ਰਕਾਸ਼ਨ ਦੋ ਦਹਾਕੇ ਪੂਰੇ ਹੋਣ 'ਤੇ ਜੋਸਟੀਨ ਗਾਰਡਰ ਨੇ ਇਕ ਨਵੀਂ ਭੂਮਿਕਾ ਲਿਖੀ ਹੈ। ਇਸ ਭੂਮਿਕਾ ਦਾ ਪੰਜਾਬੀ ਅਨੁਵਾਦ ਹੇਠ ਦਿੱਤਾ ਜਾ ਰਿਹਾ ਹੈ।

• • •

## ਫ਼ਲਸਫ਼ੇ ਦੇ ਇਤਿਹਾਸ ਬਾਰੇ ਨਾਵਲ 'ਸੋਫੀ ਦਾ ਸੰਸਾਰ' ਦਾ ਸੰਸਾਰ

('ਸੋਫੀ ਦਾ ਸੰਸਾਰ' ਨਾਵਲ ਦੀ ਵੀਹਵੀਂ ਛਾਪ ਦਾ ਦੀਬਾਚਾ)

### *-ਜੋਸਟੀਨ ਗਾਰਡਰ*

ਕੀ ਫ਼ਲਸਫ਼ੇ ਦੇ ਸੁਆਲ ਹਮੇਸ਼ਾ ਚਿਰਕਾਲੀ ਸਦੀਵੀ ਹੁੰਦੇ ਨੇ ਜਾਂ ਇਨ੍ਹਾਂ ਦਾ ਮੁਹਾਂਦਰਾ ਬਦਲਦਾ ਰਹਿੰਦਾ ਏ ? ਇਸ ਸਵਾਲ ਦਾ ਜਵਾਬ 'ਹਾਂ' ਅਤੇ 'ਨਾਂਹ' ਦੋਹਾਂ ਤਰੀਕਿਆਂ ਨਾਲ ਦਿੱਤਾ ਜਾ ਸਕਦਾ ਏ। ਵਿਸ਼ਵ ਦੇ ਸਰੂਪ ਬਾਰੇ ਬੁਨਿਆਦੀ ਸੁਆਲਾਂ ਕਿਵੇਂ ਦੁਨੀਆ ਵਿਚ, ਸਾਡੀ ਭੂਮਿਕਾ, ਸਥਿਤੀ-ਸਥਾਨ, ਸੰਬੰਧੀ ਵਿਚਾਰ ਕਰਨ ਦੀ ਜ਼ਰੂਰਤ ਹਜ਼ਾਰਾਂ ਸਾਲਾਂ ਤੋਂ ਸਾਨੂੰ ਚਿੰਤਨ-ਮਨਨ ਕਰਨ ਲਈ ਉਤਸ਼ਾਹਿਤ ਅਤੇ ਮਜਬੂਰ ਕਰਦੀ ਰਹੀ ਹੈ। ਇਸ ਦੁਨੀਆ ਦੀ ਘਾੜਤ ਅਤੇ ਚਰਿੱਤਰ 'ਚ ਅਜਿਹਾ ਕੁਝ ਹੈ ਕਿ ਦਾਰਸ਼ਨਿਕਾਂ ਨੂੰ ਇਸੇ ਮਜ਼ਮੂਨ ਤੇ ਵਿਚਾਰ ਕਰਨ, ਵਿਹਾਰਕਤਾ ਅਤੇ ਜ਼ਰੂਰਤ ਨਾਲ ਜੂਝਣਾ ਪਿਆ ਸੀ। ਅਸੀਂ ਆਪਣੀ ਹੋਂਦ ਸੰਬੰਧੀ ਹਮੇਸ਼ ਅਚੰਭਿਤ ਵਿਸਮਤ ਤੇ ਹੈਰਾਨ ਹੁੰਦੇ ਰਹਾਂਗੇ ਅਤੇ ਇਸ ਦੇ ਬੇਹਿਸ ਵਿਸਮਾਦੀ ਭਾਵ-ਬੋਧ ਤੋਂ ਕਦੇ ਵੀ ਨਹੀਂ ਬਚ ਸਕਾਂਗੇ।

ਸਾਡੇ ਵਾਤਾਵਰਣ ਅਤੇ ਜੀਵਨ 'ਚ ਹੋ ਰਹੇ ਮਹੱਤਵਪੂਰਨ ਬਦਲਾਉ ਨਾਲ ਵੀ ਕਈ ਸੁਆਲ ਤੇ ਮਸਲਿਆਂ ਦਾ ਸਾਹਮਣਾ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਦੀ ਇਕ ਮਿਸਾਲ 'ਮਸਨੂਈ ਬੁੱਧੀ ਤੰਤਰ' (Artifical intelligence) ਵੀ ਹੈ। ਕੀ ਕਦੇ ਕੋਈ ਰੋਬੋਟ ਇਨਸਾਨਾਂ ਵਾਂਗੂੰ ਚੇਤੰਨ ਜਾਂ ਸ੍ਵੈ-ਜਾਗਰਿਕ ਹੋ ਸਕਦਾ ਹੈ ? ਸਾਡੇ ਮੱਥੇ ਅੰਦਰ ਜੋ ਵਾਪਰ ਰਿਹਾ ਹੁੰਦਾ ਹੈ ਉਹ ਕਿਵੇਂ ਆਪਣਾ ਕੰਮ ਕਰਦਾ ਰਹਿੰਦਾ ਹੈ ਕੀ ਕਿਸੇ ਵਿਦਵਾਨ ਅਤੇ ਮਸ਼ੀਨ 'ਚ ਕੋਈ ਫ਼ਰਕ ਹੈ ? ਇਸ ਇਹੋ ਜਿਹੇ ਫ਼ਰਕਾਂ ਬਾਰੇ ਸੁਆਲ ਸਾਨੂੰ ਅੱਜ-ਕੱਲ੍ਹ ਕੁਦਰਤੀ ਵਿਗਿਆਨ 'ਚ ਹੋ ਰਹੀਆਂ ਤਰੱਕੀਆਂ 'ਚੋਂ ਸਾਡੇ ਸਾਹਮਣੇ ਪੇਸ਼ ਹੋ ਸਕਦੇ ਹਨ।

ਸਾਡੇ ਲਈ ਅਚੰਭੇ ਦਾ ਮਜ਼ਮੂਨ ਇਹ ਹੈ ਕਿ ਵਣ-ਤ੍ਰਿਣ, ਰੁੱਖ-ਬੂਟੇ, ਕੰਦ-ਮੂਲ ਅਤੇ ਜੀਆ-ਜੰਤ, ਕੀਟ-ਪਤੰਗਮ ਇਸ ਤੋਂ ਵੀ ਵੱਡਾ ਅਚੰਭਾ ਇਹ ਹੈ ਕਿ ਅਸੀਂ ਕਿੱਥੋਂ ਤੇ ਕਿੱਦਾਂ ਆਏ...? ਅਸੀਂ ਸਾਰੇ ਕਿਸ ਤਰ੍ਹਾਂ ਹੋਂਦ 'ਚ ਆਏ...? ਇਹ ਕਿਹੜੇ ਤੱਤਾਂ ਤੋਂ ਕਿਸ ਤਰ੍ਹਾਂ ਜੀਵ ਪੈਦਾ ਹੋਏ...?

ਇਸ ਤਰ੍ਹਾਂ ਦੇ ਪੁਰਾਤਨ ਤੇ ਮਹੀਨ ਸੁਆਲਾਂ ਦੇ ਜਵਾਬ ਮਿਲਣ ਦੀ ਆਸ ਸਾਨੂੰ ਹਮੇਸ਼ਾ ਰਹੀ ਹੈ। ਅਕਸਰ ਅਸੀਂ ਅੱਜ-ਕੱਲ੍ਹ ਪੁੱਛਦੇ ਹਾਂ ਕਿ ਵੱਡਾ ਧਮਾਕਾ ਕਿਹੜਾ ਸੀ ? ਅਤੇ ਇਹਦੇ ਨਾਲ ਸਾਡੀ ਹੋਂਦ ਜਾਂ ਜ਼ਿੰਦਗੀ ਦੀ ਹੋਂਦ 'ਚ ਆਉਣ ਲਈ ਬੁਨਿਆਦੀ ਪਰਿਸਥਿਤੀਆਂ ਦੀ ਸਿਰਜਣਾ ਜਾਂ ਵਿਕਾਸ ਕਿਵੇਂ ਹੋਇਆ ? ਕਿਹਾ ਜਾ ਸਕਦਾ ਹੈ ਕਿ ਸਾਡੇ ਸਮਿਆਂ ਦਾ ਸਰਵੋਤਮ, ਚਰਚਿਤ ਸੁਆਲ ਬੇਸ਼ੱਕ ਇਹ ਹੈ ਕਿ ਅਸੀਂ ਆਪਣੀ ਸਭਿਅਤਾ ਅਤੇ ਹੋਂਦ ਦੇ ਆਧਾਰ ਜਾਂ ਜੜ੍ਹਾਂ ਨੂੰ ਮਹਿਫ਼ੂਜ਼ ਕਿਸ ਤਰ੍ਹਾਂ ਰੱਖ ਸਕਦੇ ਹਾਂ ਯਾਨਿ ਉਸ ਨੂੰ ਕਿਵੇਂ ਬਚਾ ਸਕਦੇ ਹਾਂ...?

ਅਕਸਰ ਮੈਨੂੰ ਪੁੱਛਿਆ ਜਾਂਦਾ ਏ ਕਿ ਜੇਕਰ ਮੈਂ 'ਸੋਫ਼ੀ ਦਾ ਸੰਸਾਰ' ਅੱਜ ਲਿਖਦਾ ਤਾਂ ਮੈਂ ਅਜਿਹਾ ਹੋਰ ਕੀ ਲਿਖਦਾ...? ਜੋ ਮੇਰੇ ਲਈ ਅੱਜ ਮਹੱਤਵਪੂਰਨ ਹੈ ਜੋ ਮੈਂ ਉਦੋਂ ਨਹੀਂ ਲਿਖ ਸਕਿਆ, ਜੇ ਮੈਂ ਅੱਜ ਲਿਖਾਂ ਤਾਂ ਉਸ ਨੂੰ ਪੂਰੀ ਸ਼ਿੱਦਤ ਨਾਲ ਭਾਵ ਸਪੱਸ਼ਟ ਰੂਪ 'ਚ ਰੇਖਾਂਕਿਤ ਕਰਨਾ ਜ਼ਰੂਰੀ ਹੈ। ਇਸ ਦਾ ਉੱਤਰ ਮੈਂ ਸਪੱਸ਼ਟ ਰੂਪ 'ਚ, ਉੱਚੇ ਸੁਰ ਨਾਲ 'ਹਾਂ' ਕਹਾਂਗਾ

ਜੋਸਟੀਨ ਗਾਰਡਰ



"ਵਿਅਕਤੀਆਂ ਅਤੇ ਕੌਮਾਂ ਦੇ ਆਪਸੀ ਸੰਬੰਧਾਂ ਨੂੰ ਲੈ ਕੇ ਅਸੀਂ ਆਪਣੀ ਉਸ ਕੁਦਰਤੀ ਅਵਸਥਾ ਤੋਂ ਉਤਾਂਹ ਉੱਠ ਸਕੇ ਹਾਂ ਜਿਸ ਵਿਚ ਸਭ ਤੋਂ ਵਧੀਕ ਤਾਕਤਵਰ ਅਤੇ ਤੰਦਰੁਸਤ ਹੀ ਜਿੰਦਾ ਬਚਦੇ ਸਨ। ਪਰੰਤੂ ਪੀੜ੍ਹੀਆਂ ਦੇ ਆਪਸੀ ਸੰਬੰਧਾਂ ਦੇ ਸੰਦਰਭ 'ਚ ਸਾਡੀ ਸਥਿਤੀ ਅਜੇ ਵੀ ਅਰਾਜਕ ਹੀ ਹੈ। ਸਾਰਿਆਂ ਨੂੰ ਆਪਣੀ ਨਿਹਚਾ ਅਨੁਸਾਰ ਆਚਰਣ ਦੀ ਸੁਤੰਤਰਤਾ ਦਾ ਅਧਿਕਾਰ ਹੈ।"

ਕਿ ਮੈਂ ਇਕਾਗਰ ਚਿੱਤ ਹੋ ਕੇ ਇਸ ਅੱਜ ਸੰਕਟ ਦੀ ਪੜਚੋਲ ਕਰਨਾ ਜ਼ਰੂਰੀ ਸਮਝਦਾ ਹਾਂ ਕਿ ਅਸੀਂ ਆਪਣੇ ਆਲੇ-ਦੁਆਲੇ ਗ੍ਰਹਿ ਪ੍ਰਿਥਵੀ (Planet Earth) ਦੇ ਨਾਲ ਕਿਹਾ ਵਰਤਾਰਾ ਵਰਤਾ ਰਹੇ ਹਾਂ। 20 ਵਰ੍ਹੇ ਪਹਿਲਾਂ ਲਿਖੇ ਨਾਵਲ 'ਸੋਫ਼ੀ ਦਾ ਸੰਸਾਰ' ਅੱਜ ਇਸ ਨੂੰ ਫਿਰ ਪੜ੍ਹਦਿਆਂ-ਪਰਖਦਿਆਂ ਅਸਚਰਜ ਹੋ ਰਿਹਾ ਹੈ ਕਿ ਮੈਂ ਇਸ ਪੁਸਤਕ 'ਚ ਉਪਰੋਕਤ ਸਵਾਲਾਂ ਨੂੰ ਛੋਹਿਆ ਹੀ ਨਹੀਂ ਜਾਂ ਉਦੋਂ ਉਨ੍ਹਾਂ ਸਵਾਲਾਂ ਨੂੰ ਮੈਂ ਮੁਖ਼ਾਤਿਬ ਵੀ ਨਹੀਂ ਸਾਂ ਹੋਇਆ ਅਤੇ ਇਸ ਪੁਸਤਕ ਦੀ ਵੀਹਵੀਂ ਛਾਪ ਦੀ ਵਰ੍ਹੇ ਗੰਢ ਵੇਲੇ, ਮੇਰੇ ਲਈ ਅੱਜ ਇਹ ਕੇਂਦਰੀ ਅਤੇ ਬੁਨਿਆਦੀ ਸਵਾਲ ਹੈ। ਇਸ ਦ੍ਰਿਸ਼ਟੀ-ਪਰਿਵਰਤਨ ਦੇ ਪਿੱਛੇ, ਵੀਹ ਵਰ੍ਹਿਆਂ ਦੌਰਾਨ ਪੌਣ-ਪਾਣੀ 'ਚ ਹੋ ਰਹੇ ਬਦਲਾਉ ਅਤੇ ਜੈਵਿਕ ਵੰਨ-ਸੁਵੰਨਤਾ ਦੇ ਮਹੱਤਵ ਬਾਰੇ ਵਧ ਰਹੀ ਜਾਗਰੂਕਤਾ ਤੇ ਸੰਵੇਦਨਸ਼ੀਲਤਾ ਹੈ। ਅਜੋਕੇ ਅੰਤਰ-ਨਿਰੀਖਣ ਅਤੇ ਸਰਗਰਮੀਆਂ ਦੀ ਵਿਵੇਚਨਾ ਸੰਬੰਧੀ ਇਕ ਬਿਲਕੁਲ ਨਵਾਂ ਦ੍ਰਿਸ਼ਟੀਕੋਣ ਮੈਨੂੰ ਹਾਸਿਲ ਹੋਇਆ ਹੈ। ਨੀਤੀ ਸ਼ਾਸਤਰ ਦੇ ਅਧਿਐਨ 'ਚ ਸਭ ਤੋਂ ਵੱਧ ਮਹੱਤਵਪੂਰਨ ਕੰਮ ਯਾਨਿ ਕਿ ਉਹ ਸੁਨਹਿਰੀ ਕਸੌਟੀ ਹੈ, ਜਿਸ ਨੂੰ 'ਆਪਸੀਅਤ ਦਾ ਸਿਧਾਂਤ' ਦੇ ਨਾਉਂ ਨਾਲ ਵੀ ਜਾਣਿਆ ਜਾਂਦਾ ਹੈ। ਦੂਜਿਆਂ ਨਾਲ ਅਜਿਹਾ ਵਰਤਾਉ ਕਰੋ, ਜਿਹੋ ਜਿਹਾ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ ।'

ਹੌਲੀ-ਹੌਲੀ ਵੇਲਾ ਵਿਹਾਜਣ ਦੇ ਨਾਲ-ਨਾਲ ਅਸੀਂ ਇਸ ਸਿਧਾਂਤ ਨੂੰ ਜ਼ਿੰਦਗੀ ਦੇ ਅਨੇਕ ਖਿੱਤਿਆਂ 'ਚ ਲਾਗੂ ਕਰਨਾ ਸਿੱਖ ਲਿਆ ਹੈ। ਪਿਛਲੀ ਸ਼ਤਾਬਦੀ ਦੇ ਸੱਤਵੇਂ ਤੇ ਅੱਠਵੇਂ ਦਹਾਕੇ ਦੇ ਲੋਕਾਂ ਨੇ ਇਹ ਵੇਖਣਾ-ਸਮਝਣਾ ਸ਼ੁਰੂ ਕਰ ਦਿੱਤਾ ਸੀ ਕਿ 'ਆਪਸੀਅਤ ਦੇ ਸਿਧਾਂਤ' ਨੂੰ ਕੌਮੀ ਹੱਦਾਂ ਦੇ ਆਰ-ਪਾਰ, ਭੂ-ਮੰਡਲ ਦੇ ਉੱਤਰ ਅਤੇ ਦੱਖਣ ਦੋਹਾਂ ਵਿਚ ਹੀ ਹਰ ਥਾਂ ਲਾਗੂ ਕਰਨਾ ਜ਼ਰੂਰੀ ਅਤੇ ਲਾਭਦਾਇਕ ਹੈ। ਪਰੰਤੂ ਇਸ ਸੁਨਹਿਰੀ ਕਸੌਟੀ ਦਾ ਇਸਤੇਮਾਲ ਸਗਲੇ ਸੰਸਾਰ ਲਈ ਸਿਰਫ਼ ਵਰਤਮਾਨ ਸਮੇਂ ਲਈ ਹੀ ਨਹੀਂ ਸਗੋਂ ਇਸ ਨੂੰ ਵਿਸ਼ਵ ਪੱਧਰ 'ਤੇ ਹਮੇਸ਼ਾ ਲਈ ਲਾਗੂ ਕਰਨ ਲਈ ਸਰਗਰਮ ਰਹਿਣਾ ਬੇਹੱਦ ਜ਼ਰੂਰੀ ਅਤੇ ਮਹੱਤਵਪੂਰਨ ਹੈ। 'ਆਉਣ ਵਾਲੀਆਂ ਪੀੜ੍ਹੀਆਂ/ਨਸਲਾਂ ਲਈ ਤੁਸੀਂ ਉਹੀ ਕਰੋ ਜੋ ਤੁਸੀਂ ਚਾਹੁੰਦੇ ਹੋ ਕਿ ਉਹ ਵੀ ਤੁਹਾਡੇ ਲਈ ਵੀ ਕਰਦੇ...ਜੇ ਕਰ ਉਹ ਤੁਹਾਡੇ ਪੂਰਵਜ ਅਤੇ ਤੁਸੀਂ ਉਨ੍ਹਾਂ ਦੇ ਵੰਸ਼ਜ਼ ਜਾਂ ਉਤਰਾਧਿਕਾਰੀ ਹੁੰਦੇ ਭਾਵ ਜੇਕਰ ਉਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਧਰਤੀ 'ਤੇ ਆਪਣੇ ਜੀਵਨ ਦਾ ਨਿਰਬਾਹ ਕੀਤਾ ਹੁੰਦਾ।"

ਇਹ ਇੰਨਾ ਹੀ ਸੌਖਾ ਹੈ ਕਿ ਜਿਵੇਂ ਆਪਣੇ ਗੁਆਂਢੀ ਨਾਲ ਉਂਜ ਹੀ ਪਿਆਰ ਕਰੋ ਜਿਵੇਂ ਆਪਣੇ ਆਪ ਨਾਲ ਕਰਦੇ ਹੋ। (Love they neighbor as they self) ਸੋ, ਸਪੱਸ਼ਟ ਹੈ ਕਿ 'ਆਪਸੀਅਤ ਦਾ ਸਿਧਾਂਤ' ਆਉਣ ਵਾਲੀਆਂ ਨਸਲਾਂ ਅਤੇ ਸੰਸਾਰ ਦੇ ਕੋਣੇ-ਕੋਣੇ 'ਚ ਵਸਣ ਵਾਲੇ ਹਰੇਕ ਜੀਵ ਸੰਬੰਧੀ ਵਿਉਹਾਰ ਦਾ ਮਾਰਗ ਦਰਸ਼ਕ ਰਾਹ ਦਸੇਰਾ ਹੋਣਾ ਚਾਹੀਦਾ ਹੈ। ਆਉਣ ਵਾਲੀਆਂ ਪੀੜ੍ਹੀਆਂ ਸਾਡੇ ਵਾਂਗ ਇਨਸਾਨ ਹਨ।

ਇਸ ਲਈ ਸਾਨੂੰ ਇਸ ਧਰਤ ਨੂੰ ਇਸ ਤਰ੍ਹਾਂ ਵਿਸਾਰਨਾ ਨਹੀਂ ਚਾਹੀਦਾ ਕਿ ਸਾਡੇ ਭੋਗ-ਵਿਲਾਸ, ਸੇਜ-ਸੁਖਾਲੀ ਅਤੇ ਸੁੱਖ ਦੀਆਂ ਲਾਲਸਾਵਾਂ ਕਾਰਨ ਆਉਣ ਵਾਲੀਆਂ ਪੀੜ੍ਹੀਆਂ ਲਈ ਦੁਸ਼ਵਾਰੀਆਂ, ਸੰਕਟ ਅਤੇ ਜ਼ਿੰਦਗੀ ਜਿਉਣ ਲਈ ਵਿਪਰੀਤ ਸਥਿਤੀਆਂ, ਨਾਯਾਬ ਸੋਮੇ ਹੋਣ। ਇਕ ਅਜਿਹੀ ਧਰਤੀ ਜਿਥੇ ਸਮੁੰਦਰ 'ਚ ਮੱਛੀਆਂ ਦੀ ਘਾਟ, ਦਰਿਆਵਾਂ ਦੀ ਧਰਤੀ 'ਤੇ ਪੀਣ ਵਾਲਾ ਪਾਣੀ ਨਾ ਹੋਵੇ। ਅੰਨ ਦੀ ਸਮੱਸਿਆ...ਸੋਕੇ ਵਰਗੀ ਸਥਿਤੀ...ਬਿਰਖ-ਬੂਟਿਆਂ ਜੰਗਲਾਂ ਦਾ ਵਿਨਾਸ਼, ਜੀਆ-ਜੰਤ, ਕੰਦ-ਮੂਲ, ਬਨਸਪਤੀ 'ਚ ਵੰਨ-ਸੁਵੰਨਤਾ ਦੀ ਘਾਟ...ਨਾ ਸੁੰਦਰਤਾ ਨਾ ਵਿਸਮਾਦ...ਨਾ ਰੂਪ ਨਾ ਰੰਗ, ਨਾ ਜੀਆ, ਨਾ ਜੰਤ, ਕਮਸਿਨ ਵਿਸ਼ਾਲਤਾ...ਕਮਸਿਨ ਕੀਰਤੀ...ਕਮਸਿਨ ਖ਼ੁਸ਼ੀ-ਪ੍ਰਸੰਨਤਾ!

ਵੀਹਵੀਂ ਸਦੀ ਨੇ ਸਾਨੂੰ ਸਿਖਾਇਆ ਏ ਕਿ ਆਪਣੇ ਇਨਸਾਨੀ ਹੱਕਾਂ-ਹਕੂਕਾਂ ਅਧਿਕਾਰਾਂ ਦੀ ਪੂਰਤੀ ਲਈ ਸੰਸਾਰ ਪੱਧਰ 'ਤੇ ਅਜਿਹੇ ਸਮਝੌਤੇ ਤੇ ਸਹਿਮਤੀਆਂ ਦੇ ਪਾਲਣ ਦੀ ਜ਼ਰੂਰਤ ਹੈ ਜੋ ਕੌਮੀ ਹੱਦਾਂ ਨੂੰ ਪਾਰ ਕਰਦਿਆਂ ਪੂਰੀ ਧਰਤੀ 'ਤੇ ਲਾਗੂ ਹੋਣ। ਇਸੇ ਦਿਸ਼ਾ 'ਚ 1948 'ਚ ਸੰਯੁਕਤ ਰਾਸ਼ਟਰ ਸੰਘ ਵਜੋਂ 'ਮਨੁੱਖੀ ਅਧਿਕਾਰਾਂ ਦੇ ਸਰਬਵਿਆਪੀ ਐਲਾਨ' ਨੂੰ

ਦਰਸ਼ਨ ਸ਼ਾਸਤਰ ਅਤੇ ਨੀਤੀ-ਸ਼ਾਸਤਰ ਵਾਸਤੇ ਮਨੁੱਖੀ ਸਭਿਅਤਾ ਦੇ ਇਤਿਹਾਸ 'ਚ ਸਭ ਤੋਂ ਵੱਡੀ ਜਿੱਤ ਜਾਂ ਪ੍ਰਾਪਤੀ ਆਖਿਆ ਜਾ ਸਕਦਾ ਹੈ। ਸਾਨੂੰ ਇਹ ਹੱਕ ਕਿਸੇ ਵਰਗ ਜਾਂ ਉੱਚ-ਸੱਤਾ ਵੱਲੋਂ ਸੌਂਪੇ ਪਰੋਸੇ ਨਹੀਂ ਗਏ ਸਨ। ਇਹ ਕਿਸੇ ਧੁਨ ਜਾਂ ਲੀਕ ਤੋਂ ਬਾਹਰ ਜਾ ਕੇ ਨਹੀਂ ਸਨ ਬਣਾਏ ਗਏ। ਇਨ੍ਹਾਂ ਹੱਕਾਂ ਅਧਿਕਾਰਾਂ ਦੀ ਸਮੂਹਿਕ ਪ੍ਰਵਾਨਗੀ ਦੇ ਪਿਛੋਕੜ 'ਚ ਤਰੱਕੀ, ਉੱਨਤੀ ਜਾਂ ਇਨਸਾਨੀ ਸ੍ਰੇਸ਼ਠਤਾ ਦੀ ਖੋਜ ਨੂੰ ਸਮਰਪਿਤ ਸਦੀਆਂ ਤੋਂ ਤੁਰੀ ਆ ਰਹੀ ਇਕ ਲੰਮੀ ਪ੍ਰਕਿਰਿਆ ਸੀ। ਇਸ ਹਾਸਲ ਨੂੰ ਉਸ ਲੰਮੀ ਪ੍ਰਕਿਰਿਆ 'ਚ ਇਕ ਕਿਸਮ ਦੀ ਅਪਵਾਦ ਨਾਲ ਨਹੀਂ ਬਲਕਿ ਪੂਰਨ ਵਿਰਾਮ ਦੇ ਚਿਹਨ ਦੇ ਰੂਪ 'ਚ ਵੇਖਿਆ ਜਾ ਸਕਦਾ ਹੈ।

ਇੱਕੀਵੀਂ ਸਦੀ ਦੇ ਮੁੱਢਲਿਆਂ ਸਾਲਾਂ 'ਚ ਸਾਡੇ ਲਈ ਇਕਹਿਰਾ ਬਚਿਆ ਹੋਇਆ ਪ੍ਰਮੁੱਖ ਸੁਆਲ ਇਹ ਹੈ ਕਿ ਕਦੋਂ ਤੱਕ ਇਨ੍ਹਾਂ ਅਧਿਕਾਰਾਂ 'ਤੇ ਦਾਅਵਾ, ਆਪਣੇ ਦਾਈਏ, ਜ਼ਿੰਮੇਵਾਰੀਆਂ ਨੂੰ ਸਵੀਕਾਰ ਕੀਤੇ ਬਗ਼ੈਰ ਜਾਂ ਨਿਭਾਏ ਬਿਨਾ, ਕਾਰਜ ਕਰਦੇ ਰਹਾਂਗੇ ਜਾਂ ਕਰ ਸਕਾਂਗੇ। ਹੁਣ 'ਵਿਸ਼ਵ ਵਿਆਪੀ ਇਨਸਾਨੀ ਜ਼ਿੰਮੇਵਾਰੀਆਂ ਦੇ ਐਲਾਨ ਕਰਨ ਲਈ' (Universal Declaration of Human Obligation) ਵਕਤ ਆ ਗਿਆ ਹੈ। ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀ ਬਾਰੇ ਸੋਚਣਾ; ਵਿਅਕਤੀਆਂ ਅਤੇ ਵੱਖੋ-ਵੱਖਰੇ ਸੂਬਿਆਂ ਦੀਆਂ ਜ਼ਿੰਮੇਵਾਰੀਆਂ ਨੂੰ ਗੰਭੀਰਤਾ ਨਾਲ ਗਏ ਬਿਨਾ ਅੱਜ ਬਿਲਕੁਲ ਅਰਥਹੀਣ ਹੈ। ਘੱਟੋ-ਘੱਟ ਆਉਣ ਵਾਲੀਆਂ ਪੀੜ੍ਹੀਆਂ ਨਸਲਾਂ ਦੇ ਅਧਿਕਾਰਾਂ, ਹੱਕਾਂ ਦੀ ਸੁਰੱਖਿਆ, ਪੂਰੀ ਸਿਖ਼ਰ 'ਤੇ ਹੋ ਰਿਹਾ ਹੈ। ਹਾਲਾਂਕਿ ਬਹੁਤੇ ਸਰਵੇਖਣਾਂ ਤੋਂ ਇਹ ਬੜਾ ਸਾਫ਼ ਦਿਖ ਰਿਹਾ ਹੈ ਕਿ ਦੁਨੀਆ ਦੇ ਲੋਕਾਂ ਵੱਡੀ ਗਿਣਤੀ ਇਨ੍ਹਾਂ ਖ਼ਤਰਿਆਂ ਬਾਰੇ ਲਗਭਗ ਉਦਾਸੀਨ ਹੀ ਹੈ ਅਤੇ ਕੋਈ ਰੁਚੀ ਵੀ ਨਹੀਂ ਲੈਂਦੀ। ਭਵਿੱਖ 'ਚ ਇਕ ਦਿਨ ਅਜਿਹਾ ਵੀ ਆ ਸਕਦਾ ਹੈ ਕਿ ਸੰਸਾਰਕ ਤਾਪਮਾਨ 'ਚ ਵਾਧੇ ਦੇ ਮਾੜੇ ਪ੍ਰਭਾਵਾਂ ਨੂੰ ਨਕਾਰਨਾ ਜਾਂ ਇਸ ਸੰਬੰਧੀ ਅੱਖਾਂ ਮੁੰਦਣੀਆਂ, ਮਨੁੱਖੀ ਇਤਿਹਾਸ ਦਾ ਸਭ ਤੋਂ ਵੱਡਾ ਛੜਯੰਤਰ ਜਾਂ ਵਿਨਾਸ਼ਕਾਰੀ ਸਾਜ਼ਿਸ਼ ਸਾਬਤ ਹੋਵੇਗੀ।

ਅੱਜ ਦਾ ਵੇਲਾ ਸਾਰੀਆਂ ਦ੍ਰਿਸ਼ਟੀਆਂ ਜਾਂ ਸਾਰੀਆਂ ਵਿਧੀਆਂ ਤੋਂ ਜ਼ਿਆਦਾ ਅਸਾਧਾਰਨ, ਗ਼ੈਰ-ਮਾਮੂਲੀ ਸਮਾਂ ਹੈ। ਇਕ ਪੱਖ ਤੋਂ, ਸਾਡੀ ਉਹ ਜੇਤੂ ਪੀੜ੍ਹੀ ਹੈ। ਜਿਸ ਕੋਲ ਸੰਸਾਰ ਨੂੰ ਆਪਣੀ ਪੜਚੋਲਵੀਂ ਦ੍ਰਿਸ਼ਟੀ ਤੋਂ ਸਮਝਣ ਅਤੇ ਮਨੁੱਖੀ ਅਨੁਵੰਸ਼ਿਕ ਜੀਵਾਣੂਆਂ ਦੇ ਨਕਸ਼ੇ ਬਣਾਉਣ ਦੀ ਸਮਰੱਥਾ ਹੈ। ਦੂਜੇ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਸਾਡੀ ਪੀੜ੍ਹੀ ਨੇ ਕੁਦਰਤੀ ਵਾਤਾਵਰਣ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਮਨੁੱਖੀ ਸਰਗਰਮੀਆਂ, ਕੁਦਰਤੀ ਸ੍ਰੋਤਾਂ, ਸਾਧਨਾਂ ਦਾ ਵਿਨਾਸ਼ ਕੀਤਾ ਹੈ। ਅਸੀਂ ਆਪਣੇ ਕੁਦਰਤੀ ਸੁਹੱਪਣ ਨੂੰ, ਵੱਡੇ ਪੱਧਰ 'ਤੇ ਬਦਲਣ 'ਚ ਰੁੱਝੇ ਹੋਏ ਹਾਂ। ਇਸ ਸਮੇਂ ਨੂੰ ਅਸੀਂ ਇਕ ਨਵੇਂ ਭੂ-ਯੁੱਗ ਦਾ ਸਮਾਂ ਕਹਿ ਸਕਦੇ ਹਾਂ।

ਬਨਸਪਤੀ, ਜੀਵ-ਜੰਤੂਆਂ, ਸਮੁੰਦਰ, ਤੇਲ ਅਤੇ ਕੋਲੇ 'ਚ ਕਾਰਬਨ ਦੀ ਵਿਸ਼ਾਲ ਮਾਤਰਾ ਹੈ। ਇਹ ਕਾਰਬਨ, ਆਕਸੀਜਨ ਦੇ ਨਾਲ ਘੁਲ-ਮਿਲ ਕੇ ਹਵਾ 'ਚ ਫੈਲਣ ਲਈ ਬੇਚੈਨ ਰਹਿੰਦੀ ਹੈ। ਸ਼ੁੱਕਰ ਅਤੇ ਮੰਗਲ ਵਰਗੇ ਜੀਵ-ਰਹਿਤ ਗ੍ਰਹਿਆਂ, ਸਿਆਰਿਆਂ 'ਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਧਰਤੀ ਦੀ ਤੁਲਨਾ 'ਚ ਸਹਿਜ ਰੂਪ ਨਾਲੋਂ ਵਧੇਰੇ ਹੈ। ਜੇਕਰ ਅਸੀਂ ਕਾਰਬਨ ਡਾਈਆਕਸਾਈਡ ਦੇ ਨਿਰੰਤਰ ਵਾਧੇ ਨੂੰ ਨਾ ਰੋਕਿਆ ਤਾਂ ਸਾਡੀ ਧਰਤੀ ਦੀ ਹਾਲਤ ਇਨ੍ਹਾਂ ਗ੍ਰਹਿਆਂ ਵਰਗੀ ਹੋ ਜਾਏਗੀ ਭਾਵ ਜੀਵਨ ਅਸੰਭਵ ਹੋ ਜਾਏਗਾ। ਜਿਥੇ ਸਾਰੀ ਧਰਤੀ ਰੜ੍ਹਾ ਮੈਦਾਨ...ਨਾ ਜੀਵ ਨਾ ਜੰਤ। ਅਠਾਰਵੀਂ ਸ਼ਤਾਬਦੀ ਦੇ ਅੰਤਮ ਸਾਲਾਂ ਦਾ ਜੈਵਿਕ ਤੇਲ ਬਾਲਣ ਦਾ ਪਰਤਾਵਾ ਅਲਾਦੀਨ ਦੇ ਚਿਰਾਗ਼ ਦੇ ਜਿੰਨ ਵਰਗਾ ਹੈ। ਇਸ ਪਰਤਾਵੇ ਦਾ ਦੁਸ਼-ਪ੍ਰਭਾਵ ਇਹ ਹੈ ਕਿ ਹੁਣ ਸਾਡੇ ਲਈ ਇਸ ਜਿੰਨ ਨੂੰ ਮੁੜ ਤੋਂ ਚਿਰਾਗ਼ 'ਚ ਬੰਦ ਕਰਨਾ ਲਗਭਗ ਨਾ-ਮੁਮਕਿਨ ਹੋ ਗਿਆ ਹੈ। ਜੇਕਰ ਅਸੀਂ ਕਾਰਬਨ ਡਾਈਆਕਸਾਈਡ ਦੇ ਅਰੋਕ ਪ੍ਰਸਾਰ ਨੂੰ ਠੱਲ੍ਹ ਨਾ ਸਕੇ ਤਾਂ ਕੁਦਰਤ ਦੀ ਵਿਕਾਸ ਲੀਲ੍ਹਾ ਦਾ ਡੰਨ ਸਾਨੂੰ ਹੀ ਨਹੀਂ ਸਗੋਂ ਪੂਰੀ ਕਾਇਨਾਤ ਧਰਤ ਨੂੰ ਸਹਿਣਾ ਪਵੇਗਾ। ਇਕ ਅੱਧੇ ਮੁਲਕ ਵੱਲੋਂ ਉਠਾਏ ਕਦਮਾਂ ਨਾਲ ਕੋਈ ਬਹੁਤਾ ਅਸਰ ਨਹੀਂ ਹੋਏਗਾ। ਜੇਕਰ ਹਰ ਦੇਸ ਆਪਣੀ ਜ਼ਿੰਮੇਦਾਰੀ ਨਹੀਂ ਪਛਾਣਦਾ। ਪਿਛਲੀਆਂ ਕੁਝ ਸਦੀਆਂ 'ਚ ਨਾਰਵੇ ਦੇ ਲੋਕ ਆਪਣੀ ਦਰਿਦ੍ਰਤਾ ਤੋਂ ਉਤਾਂਹ ਉੱਠੇ ਹਨ। ਇਉਂ ਸੰਸਾਰ ਦੇ ਕਈ ਹੋਰਨਾਂ ਇਲਾਕਿਆਂ ਬਾਰੇ ਵੀ ਆਖਿਆ ਜਾ ਸਕਦਾ ਹੈ। ਪਰੰਤੂ ਇਸ ਖ਼ੁਸ਼ਹਾਲੀ ਅਤੇ ਤਰੱਕੀ ਦੇ ਨਾਲ-ਨਾਲ ਕਾਰਬਨ ਡਾਈਆਕਸਾਈਡ ਹਵਾ 'ਚ ਅਦਿੱਖ ਅਤੇ ਬੇਮਿਸਾਲ ਤਰੀਕੇ ਨਾਲ ਵਧ ਰਹੀ ਹੈ। ਇਸ ਕਰਕੇ ਸਾਡੇ ਲਈ ਭਿਆਨਕ ਤਬਾਹੀ ਵਾਲੀਆਂ ਸਥਿਤੀਆਂ ਪੈਦਾ ਹੋ ਰਹੀਆਂ ਹਨ। ਜੇਕਰ ਅਸੀਂ ਜੈਵਿਕ ਵੰਨ-ਸੁਵੰਨਤਾ ਨੂੰ ਬਚਾਉਣਾ ਹੈ ਤਾਂ ਸਾਨੂੰ ਆਪਣੇ ਸੋਚਣ ਅਤੇ ਵੇਖਣ, ਉਤਪਾਦਨ ਤੇ ਉਪਭੋਗ ਸਰਗਰਮੀਆਂ ਅਤੇ ਜੀਵਨ-ਪੱਧਤੀਆਂ 'ਚ ਕ੍ਰਾਂਤੀਕਾਰੀ ਪਰਿਵਰਤਨ ਲਿਆਉਣੇ ਪੈਣਗੇ। ਆਤਮ-ਕੇਂਦ੍ਰਿਤ, ਵਰਤਮਾਨ-ਕੇਂਦ੍ਰਿਤ ਅਤੇ ਉਪਭੋਗ-ਕੇਂਦ੍ਰਿਤ ਜੀਵਨ ਬਾਰੇ ਆਪਣੀ ਸੋਚ ਨੂੰ ਉਸ ਸਾਹਸ ਦੇ ਨਾਲ ਨਾਲ ਬਦਲਣਾ ਪਏਗਾ ਜਿਸ ਤਰ੍ਹਾਂ ਸਾਡੇ ਪੂਰਜਵਾਂ ਨੇ ਧਰਤੀ ਦੇ ਚਪਟੇ ਹੋਣ ਸੰਬੰਧੀ ਆਪਣੀ ਧਾਰਨਾ ਨੂੰ ਬਦਲਿਆ ਸੀ। ਸਾਡਾ ਵਰਤਮਾਨ ਸਮਾਂ, ਭਵਿੱਖ ਨਾਲੋਂ ਵਧੇਰੇ ਮਹੱਤਵਪੂਰਨ ਨਹੀਂ ਏ। ਇਹ ਸੁਭਾਵਿਕ ਹੈ ਕਿ ਸਾਨੂੰ ਆਪਣਾ ਸਮਾਂ, ਵੇਲਾ ਸਭ ਤੋਂ ਜ਼ਿਆਦਾ ਮਹੱਤਵਪੂਰਨ ਜਾਪਦਾ ਹੈ। ਪਰੰਤੂ ਅਸੀਂ ਆਉਣ

“

ਸਾਡੀ ਧਰਤੀ ਦੀ ਉਮਰ ਪੂਰੇ ਵਿਸ਼ਵ ਦੀ ਉਮਰ ਦਾ ਸਿਰਫ਼ ਇਕ ਤਿਹਾਈ ਹੈ ਅਤੇ ਹੋਰਨਾਂ ਜੀਵਾਂ ਤੇ ਸਾਡੀ ਜੈਵਿਕ ਉਪ ਜਾਤੀਆਂ ਦਾ ਸਮਾਂ ਸੂਰਜ-ਵਿਵਸਥਾ ਦੇ ਚੱਕਰ ਦਾ ਸਿਰਫ਼ ਦਸਵਾਂ ਹਿੱਸਾ ਹੈ ਜਿਸ ’ਚ ਧਰਤੀ ’ਤੇ ਜੀਵਨ ਦਾ ਅਸਤਿਤਵ ਸ਼ੁਰੂ ਹੋਇਆ। ਅਸੀਂ ਸੰਸਾਰ ਨਾਲੋਂ ਜ਼ਿਆਦਾ ਵਿਸ਼ਾਲ/ਅਸੀਮ ਨਹੀਂ ਹਾਂ। ਦੂਜਿਆਂ ਸ਼ਬਦਾਂ ’ਚ ਕਿਹਾ ਜਾਵੇ ਤਾਂ ਸਾਡੀਆਂ ਜੜ੍ਹਾਂ ਅਤੇ ਸਾਡੇ ਰਿਸ਼ਤਿਆਂ ਦਾ ਤਾਣ-ਬਾਣਾ ਸੰਸਾਰ ਦੀ ਰੂਹ ’ਚ ਕਿਤੇ ਗਹਿਰੇ ਬਣਿਆ ਹੋਇਆ ਹੈ।

”

ਵਾਲੀਆਂ ਪੀੜ੍ਹੀਆਂ, ਨਸਲਾਂ ਦੇ ਪ੍ਰਤੀ ਅਸੰਵੇਦਨਸ਼ੀਲ ਹੋ ਕੇ ਆਪਣੇ ਸਮੇਂ ਨੂੰ, ਉਨ੍ਹਾਂ ਦੇ ਸਮਿਆਂ ਨਾਲੋਂ ਵਧੇਰੇ ਮਹੱਤਵ ਦਿੰਦੇ ਹੋਏ ਆਪਣਾ ਜੀਵਨ ਜੀ ਨਹੀਂ ਸਕਦੇ। ਸਾਨੂੰ ਭਵਿੱਖ ਦਾ ਵੀ ਓਨਾ ਹੀ ਆਦਰ ਕਰਨਾ ਚਾਹੀਦੈ ਜਿੰਨਾ ਅਸੀਂ ਆਪਣੇ ਵਰਤਮਾਨ ਦਾ ਕਰਦੇ ਹਾਂ।

ਵਿਅਕਤੀਆਂ ਅਤੇ ਕੌਮਾਂ ਦੇ ਆਪਸੀ ਸੰਬੰਧਾਂ ਨੂੰ ਲੈ ਕੇ ਅਸੀਂ ਆਪਣੀ ਉਸ ਕੁਦਰਤੀ ਅਵਸਥਾ ਤੋਂ ਉਤਾਂਹ ਉੱਠ ਸਕੇ ਹਾਂ ਜਿਸ ਵਿਚ ਸਭ ਤੋਂ ਵਧੀਕ ਤਾਕਤਵਰ ਅਤੇ ਤੰਦਰੁਸਤ ਹੀ ਜਿੰਦਾ ਬਚਦੇ ਸਨ। ਪਰੰਤੂ ਪੀੜ੍ਹੀਆਂ ਦੇ ਆਪਸੀ ਸੰਬੰਧਾਂ ਦੇ ਸੰਦਰਭ ’ਚ ਸਾਡੀ ਸਥਿਤੀ ਅਜੇ ਵੀ ਅਰਾਜਕ ਹੀ ਹੈ। ਸਾਰਿਆਂ ਨੂੰ ਆਪਣੀ ਨਿਹਚਾ ਅਨੁਸਾਰ ਆਚਰਣ ਦੀ ਸੁਤੰਤਰਤਾ ਦਾ ਅਧਿਕਾਰ ਹੈ। ਸਭ ਨੂੰ ਇਹ ਅਧਿਕਾਰ ਹੈ ਕਿ ਉਹ ਇਹ ਆਸ ਰੱਖਣ ਕਿ ਅਸੀਂ ਆਪਣੀ ਧਰਤੀ ਨੂੰ ਬਚਾ ਸਕਾਂਗੇ। ਪਰੰਤੂ ਇਸ ਨਾਲ ਸਾਨੂੰ ਕੋਈ ਅਜਿਹਾ ਵਿਸ਼ਵਾਸ ਜਾਂ ਭਰੋਸਾ ਨਹੀਂ ਮਿਲ ਜਾਂਦਾ ਕਿ ਸਾਡੇ ਲਈ ਇਕ ਦਿਨ ਹੀ ਅਚਾਨਕ ਕੋਈ ਨਵੀਂ ਜੰਨਤ, ਸਵਰਗ ਜਾਂ ਨਵੀਂ ਧਰਤੀ ਸਾਡਾ ਇੰਤਜ਼ਾਰ ਕਰਦੀ ਮਿਲੇਗੀ। ਇਹ ਸੰਭਾਵਤ ਹੈ ਕਿ ਅਸਧਾਰਨ ਕੁਦਰਤੀ ਸ਼ਕਤੀਆਂ ਇਕ ਅਜਿਹਾ ਨਿਰਣਾਇਕ ਦਿਨ ਲੈ ਕੇ ਆਉਣਗੀਆਂ, ਪਰੰਤੂ ਇਹ ਨਿਸਚਤ ਹੈ ਕਿ ਸਾਡੇ ਵੰਸ਼ਜ, ਸਾਡੇ ਸੰਬੰਧੀ, ਇਕ ਦਿਨ ਫ਼ੈਸਲਾ ਸੁਣਾਉਣਗੇ।

ਵਾਤਾਵਰਣ ਬਦਲਾਉ ਸਾਡੀ ਲਾਲਸਾ ਦਾ ਨਤੀਜਾ ਹੈ। ਕੁਦਰਤੀ ਵੰਨ-ਸੁਵੰਨਤਾ (ਜੈਵਿਕ ਵੰਨ-ਸੁਵੰਨਤਾ) ਦਾ ਵਿਨਾਸ਼ ਹੀ ਸਾਡਾ ਲਾਲਚ ਹੀ ਹੈ। ਪਰੰਤੂ ਲਾਲਚ ਕਦੀ ਵੀ ਲਾਲਚੀਆਂ ਨੂੰ ਤੰਗ-ਪ੍ਰੇਸ਼ਾਨ ਨਹੀਂ ਕਰਦਾ। ਇਤਿਹਾਸ ਇਸ ਦਾ ਗਵਾਹ ਹੈ।

ਜੇਕਰ ਅਸੀਂ ‘ਆਪਸੀਅਤ ਦੇ ਸਿਧਾਂਤ’ ਅਨੁਸਾਰ ਆਪਣੀ ਜੀਵਨ-ਜਾਚ ਬਣਾ ਲਈਏ ਤਾਂ ਨਵੀਨੀਕ੍ਰਿਤ ਨਾ ਕੀਤੇ ਜਾਣ ਵਾਲੇ ਸ੍ਰੋਤਾਂ, ਸਾਧਨਾਂ ਦਾ ਉਪਯੋਗ, ਅਜਿਹੀ ਵਿਧੀ ਅਤੇ ਮਾਤਰਾ ਅਨੁਸਾਰ ਕਰਾਂਗੇ ਕਿ ਆਉਣ ਵਾਲੀਆਂ ਨਸਲਾਂ ਨੂੰ ਵੀ ਉਸੇ ਕਿਸਮ ਦੀ ਗੁਣਵੱਤਾ ਦਾ ਜੀਵਨ ਹਾਸਲ ਹੋ ਸਕੇਗਾ ਜਿਸ ਦੀ ਆਸ ਅਸੀਂ ਅੱਜ ਆਪਣੇ ਲਈ ਕਰ ਰਹੇ ਹਾਂ। ਕਿਸੇ ਸਦਾਚਾਰਕ ਸੁਆਲ ਦਾ ਜਵਾਬ ਦੇਣਾ ਨਹੀਂ ਹੈ, ਸਗੋਂ ਜਵਾਬ ਦੇ ਸਮਾਨ ਅੰਤਰ ਆਪਣੀ ਜੀਵਨ-ਸ਼ੈਲੀ ਨੂੰ ਬਦਲਣਾ ਬਹੁਤ ਔਖਾ ਹੈ। ਜੇਕਰ ਅਸੀਂ ਆਪਣੇ ਵੰਸ਼ਜਾਂ/ਉਤਰਾਧਿਕਾਰੀਆਂ ਨੂੰ ਭੁੱਲ ਜਾਂਦੇ ਹਾਂ ਤਾਂ ਉਹ ਸਾਨੂੰ ਕਦੇ ਵੀ ਭੁੱਲ ਨਹੀਂ ਸਕਣਗੇ।

ਸਾਨੂੰ ‘ਆਪਸੀਅਤ ਦਾ ਸਿਧਾਂਤ’ ਦਾ ਪਾਲਣ ਕਿਵੇਂ ਅਤੇ ਕਿੱਥੋਂ ਤਕ ਕਰਨਾ ਹੈ ? ਇਸ ਸਵਾਲ ਦਾ ਜਵਾਬ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਅਸੀਂ ਆਪਣੀ ਹੋਂਦ-ਪਛਾਣ ਦੇ ਮਸਲੇ ਨੂੰ ਕਿਸ ਤਰ੍ਹਾਂ ਵੇਖਦੇ ਜਾਂ ਸਮਝਦੇ ਹਾਂ ? ਮਨੁੱਖ ਕੀ ਹੈ ? ਮੈਂ ਕੌਣ ਹਾਂ ? ਜੇਕਰ ਮੈਂ ਸਿਰਫ਼, ਮੈਂ ਹੀ ਹੁੰਦਾ...ਭਾਵ ਇਹ ਦੇਹ, ਸਰੀਰ ਜੋ ਬੈਠਾ ਲਿਖ ਰਿਹਾ ਹੈ ਤਾਂ ਮੈਂ ਇਕ ਉਮੀਦ ਰਹਿਤ, ਆਸ਼ਾਹੀਣ ਜੀਵ ਹੁੰਦਾ। ਪਰੰਤੂ ਮੇਰੀ ਹੋਂਦ/ਪਛਾਣ ਮੇਰੇ ਸਰੀਰ ਦੀ ਤੁੱਛਤਾ/ਛਿਣਭੰਗਰਤਾ ਦੇ ਇਨ੍ਹਾਂ ਅਰਥਾਂ ਤੋਂ ਕਿਤੇ ਜ਼ਿਆਦਾ ਗਹਿਰ-ਗੰਭੀਰ ਹੈ ਕਿ ਸਿਰਫ਼ ਦੇਹ ਦੀਆਂ ਰੋਜ਼-ਮਰ੍ਹਾ, ਹੁਣਵੀਆਂ ਜ਼ਰੂਰਤਾਂ, ਪਲਾਂ-ਛਿਣਾਂ ਤੋਂ ਉਤਾਂਹ ਉੱਠ ਕੇ, ਧਰਤੀ ’ਤੇ ਆਪਣੇ ਪਲਾਂ ਛਿਣਾਂ ਦੇ ਪਰਵਾਸ ਤੋਂ ਪਾਰ ਜਾ ਕੇ ਮੈਂ ਆਪਣੇ ਆਪ ਨੂੰ ਇਕ ਵਿਰਾਟ ਸੱਤਾ ਜਾਂ ਹੋਂਦ ਦਾ ਅਟੁੱਟ, ਅਸੰਖਤਾ, ਅਨਿਕਤਾ ਦਾ ਅੰਸ਼ ਸਵੀਕਾਰ ਕਰ ਸਕਦੇ ਹਾਂ ਜੋ ਮੇਰੇ ਤੋਂ ਕਿਤੇ ਵਧੀਕ ਵਿਸ਼ਾਲ ਅਤੇ ਮਹਾਨ ਹੈ। ਸਾਨੂੰ ਅਕਸਰ ਆਪਣੀਆਂ ਤਤਕਾਲਕ, ਥੋੜ੍ਹ-ਚਿਰੀਆਂ ਸਥਾਨਕ ਪਰਿਸਥਿਤੀਆਂ ’ਚ ਆਪਣੀ ਹੋਂਦ ਨੂੰ ਸਥਿਤ ਕਰਨ ਦਾ ਪਰਤਾਵਾ ਆਕ੍ਰਸ਼ਿਤ ਕਰਦਾ ਜਾਪਦਾ ਹੈ। ਆਪਣੇ ਕੁਦਰਤੀ ਵਾਤਾਵਰਣ (ਪਰਿਵੇਸ਼) ਵਿਚ ਖ਼ਤਰਿਆਂ ਦਾ ਸ਼ਿਕਾਰ ਹੋ ਜਾਣ ਦੇ ਭੈਅ ਤੋਂ ਬਚ ਕੇ ਵੀ ਅਸੀਂ ਚੌਕੰਨੇ ਰਹਿਣ ਦੇ ਆਦੀ ਸੀ। ਇਸ ਕਰਕੇ ਸਾਨੂੰ ਆਤਮ-ਰੱਖਿਆ ਅਤੇ ਆਪਣਿਆਂ ਨੂੰ ਬਚਾਉਣ ਦੀ ਪ੍ਰਵਿਰਤੀ ਦਾ ਸੁਭਾਗ ਮਿਲਿਆ। ਪਰੰਤੂ ਸਾਡੇ ’ਚ ਹੁਣ ਆਪਣੀਆਂ ਨਸਲਾਂ, ਵੰਸ਼ਜਾਂ ਅਤੇ ਹੋਰਾਂ ਜੀਅ-

ਜੰਤ ਸੰਬੰਧੀ ਇਸ ਪ੍ਰਵਿਰਤੀ ਨੂੰ ਅਪਣਾਉਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ।

ਆਪਣੇ ਵੰਸ਼ਗਤ ਜੀਵਾਣੂਆਂ ਨੂੰ ਪਹਿਲ ਦੇਣਾ ਸਾਡੇ ਕੁਦਰਤੀ ਸੁਭਾਅ 'ਚ ਕਿਤੇ ਗਹਿਰੀ ਵਸੀ ਹੋਈ ਹੈ ਪਰੰਤੂ ਆਪਣੇ ਤੋਂ ਚਾਰ ਜਾਂ ਅੱਠ ਪੀੜ੍ਹੀਆਂ ਦੇ ਬਾਅਦ ਦੀਆਂ ਜਨੈਟਿਕਲੀ ਜੀਵਾਣੂਆਂ ਦੀ ਰੱਖਿਆ ਕਰਨਾ ਸਾਡੀ ਕੁਦਰਤੀ ਸਹਿਜ ਪ੍ਰਵਿਰਤੀ ਨਹੀਂ ਹੈ। ਸਾਨੂੰ ਅਜਿਹਾ ਕਰਨਾ ਸਿੱਖਣਾ ਪਏਗਾ ਜਿਵੇਂ ਸਾਨੂੰ ਮਨੁੱਖੀ ਅਧਿਕਾਰਾਂ ਦਾ ਆਦਰ ਕਰਨਾ ਸਿੱਖਣਾ ਪਿਆ ਸੀ।

ਜਦੋਂ ਸਾਡੀ ਜੀਵਨ-ਜਾਤੀ ਨਸਲ ਦੀ ਪੈਦਾਇਸ਼ ਅਫ਼ਰੀਕਾ 'ਚ ਹੋਈ, ਅਸੀਂ ਆਪਣੇ ਵਿਕਾਸ-ਪੰਧ 'ਤੇ ਆਪਣੀ ਸ਼ਾਖਾ, ਹੋਂਦ ਦੀ ਰੱਖਿਆ ਸੰਬੰਧੀ ਬੜੀ ਦ੍ਰਿੜ੍ਹਤਾ ਨਾਲ ਸੰਘਰਸ਼ ਕੀਤਾ। ਇਸ ਸੰਘਰਸ਼, ਜੱਦੋਜਹਿਦ ਦੀ ਸਫ਼ਲਤਾ ਦਾ ਇਹੀ ਸਬੂਤ ਹੈ ਕਿ ਅਸੀਂ ਅਜੇ ਵੀ ਇਸ ਧਰਤੀ 'ਤੇ ਬਿਰਾਜਮਾਨ ਹਾਂ। ਪਰੰਤੂ ਸਾਡੇ 'ਚ ਅਨੇਕ ਕੌਮਾਂ ਇੰਨੀਆਂ ਸੰਪੰਨ ਅਤੇ ਸਮਰੱਥ ਹੋ ਗਈਆਂ ਹਨ ਕਿ ਅਸੀਂ ਆਪਣੇ ਜਿਉਂਦੇ ਬਚੇ ਰਹਿਣ ਦੇ ਲਈ ਬੁਨਿਆਦੀ ਆਧਾਰ, ਆਪਣੀਆਂ ਜੜ੍ਹਾਂ ਨੂੰ ਹੀ ਵੱਢਣ ਤੋਂ ਸੰਕੋਚ ਕਰਨਾ ਛੱਡ ਦਿੱਤਾ ਹੈ। ਅਸੀਂ ਇੰਨੇ ਖ਼ੁਸ਼ਹਾਲ ਹੋ ਗਏ ਹਾਂ ਕਿ ਅਸੀਂ ਸਮੂਹ ਪ੍ਰਾਣੀਆਂ, ਜੀਆਂ ਲਈ ਖ਼ਤਰਾ ਬਣ ਗਏ ਹਾਂ।

ਅਸੀਂ ਚਤਰ-ਚਲਾਕ, ਖੋਖਲੇ ਪਾਖੰਡੀ ਅਤੇ ਕਲਪਨਾ ਦੇ ਘੋੜੇ ਦੁੜਾਉਣ 'ਚ ਇੰਨੇ ਮੌਲਿਕ ਹੋ ਗਏ ਹਾਂ ਕਿ ਸਾਡੇ ਲਈ ਇਹ ਭੁੱਲਣਾ ਵਿਸਰਨਾ ਸੁਖਾਲਾ ਹੋ ਗਿਆ ਹੈ ਕਿ ਅਸੀਂ ਨਰ-ਬਾਂਦਰਾਂ ਦੀ ਇਕ ਉਪ-ਜਾਤੀ ਹੀ ਹਾਂ। ਪਰੰਤੂ ਕੀ ਅਸੀਂ ਸੱਚਮੁੱਚ ਇੰਨੇ ਚਤੁਰ ਹਾਂ ਕਿ ਅਸੀਂ ਆਪਣੀ ਮੌਲਿਕਤਾ ਅਤੇ ਚਤਰਾਈਆਂ ਦਾ ਉਪਯੋਗ ਭਵਿੱਖ 'ਚ ਧਰਤੀ ਨੂੰ ਬਚਾਉਣ ਲਈ, ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਤੇ ਨਿਭਾਉਣ 'ਚ ਲਾਈਏ...?

ਹੁਣ ਅਸੀਂ ਸਿਰਫ਼ ਇਕ ਦੂਜੇ ਬਾਰੇ ਸੋਚ ਕੇ ਸੰਤੁਸ਼ਟ ਨਹੀਂ ਹੋ ਸਕਦੇ। ਸਾਡੀ ਧਰਤੀ, ਸਾਡੀ ਹੋਂਦ ਦਾ ਇਕ ਅਨਿੱਖੜਵਾਂ ਅੰਗ ਹੈ। ਹਾਂ, ਜੇਕਰ ਸਾਡੀ ਕਿਸਮਤ ਦੀ ਵਿਡੰਬਨਾ ਹੀ ਇਹ ਵੇ ਕਿ ਸਾਡੀ ਉਪ-ਜਾਤੀ ਦਾ ਸਰਵਨਾਸ਼ ਹੋਣਾ ਤਾਂ ਵੀ ਸਾਡੀ ਜ਼ਿੰਮੇਵਾਰੀ ਇਸ ਅਦਭੁਤ ਧਰਤੀ ਅਤੇ ਕੁਦਰਤ ਦੇ ਸੰਬੰਧੀ ਖ਼ਤਮ ਨਹੀਂ ਹੋ ਜਾਂਦੀ।

ਆਧੁਨਿਕ ਬੌਧਿਕ ਪਰੰਪਰਾ 'ਚ ਇਹ ਮੰਨਿਆ ਜਾਂਦਾ ਹੈ ਕਿ ਸਾਡੀ ਰਚਨਾ ਸਾਡੇ ਸਭਿਆਚਾਰਕ ਅਤੇ ਸਮਾਜਿਕ ਇਤਿਹਾਸ ਦੀਆਂ ਵਿਰਾਸਤਾਂ ਰਾਹੀਂ ਹੁੰਦੀ ਹੈ। ਉਸ ਸਭਿਅਤਾ ਰਾਹੀਂ, ਜਿਸ 'ਚ ਅਸੀਂ ਫੁਲਦੇ-ਫਲਦੇ ਹਾਂ। ਪਰੰਤੂ ਅਸੀਂ ਆਪਣੀ ਧਰਤੀ ਜੈਵਿਕ-ਇਤਿਹਾਸ ਰਾਹੀਂ ਵੀ ਘੜੇ/ਸਿਰਜੇ ਜਾਂਦੇ ਹਾਂ। ਸਾਡੀ ਵਿਰਾਸਤ ਜੈਵਿਕ ਵੀ ਹੈ ਅਤੇ ਸੰਸਕ੍ਰਿਤਕ ਵੀ। ਅਸੀਂ ਰੀੜ੍ਹ ਦੀ ਹੱਡੀ ਵਾਲੇ ਵੀ ਹਾਂ ਅਤੇ ਬਾਂਦਰ ਵੀ।

ਸਾਡੀ ਧੜਕਦੀ ਜ਼ਿੰਦਗੀ ਨੂੰ ਹੋਂਦ ਧਾਰਨ ਕਰਨ ਲੱਗਿਆਂ ਕਰੋੜਾਂ ਵਰ੍ਹੇ ਲੱਗੇ। ਇਕ ਮਾਨਵ ਉਪ-ਜਾਤੀ ਦੀ ਹੋਂਦ ਲਈ ਲੱਖਾਂ-ਕਰੋੜਾਂ ਵਰ੍ਹਿਆਂ ਦੀ ਵਿਕਾਸ ਪ੍ਰਕਿਰਿਆ। ਪਰ ਕੀ ਅਸੀਂ ਭਵਿੱਖ 'ਚ ਇਸ ਤੀਜੀ ਸਹਿ-ਸ਼ਤਾਬਦੀ 'ਚ ਜਿਉਂਦੇ ਬਚ ਸਕਾਂਗੇ ?

ਵਕਤ ਕੀ ਹੈ ? ਦਿਸਹੱਦਿਆਂ ਦੀ ਸੀਮਾ ਇਕ ਵਿਅਕਤੀ ਦੇ ਦ੍ਰਿਸ਼ਟੀਕੋਣ ਤੋਂ ਵੀ ਹੋ ਸਕਦੀ ਹੈ। ਇਸ ਤੋਂ ਇਲਾਵਾ ਪਰਿਵਾਰ ਦੇ ਅਤੇ ਸੰਸਕ੍ਰਿਤੀ ਦੇ ਨਜ਼ਰੀਏ ਤੋਂ ਹੋ ਸਕਦੀ ਹੈ। ਪਰੰਤੂ ਧਰਤੀ ਦਾ ਸਮਾਂ ਵੀ ਹੈ...ਚਹੁੰ-ਕੂੰਟਾਂ 'ਚ ਰੀਂਗਦੇ ਹੋਏ ਜੀਵਾਂ ਤੋਂ ਸਾਨੂੰ ਮਨੁੱਖੀ ਜਾਮਾ ਪਹਿਨਣ 'ਚ 3500 ਲੱਖ ਵਰ੍ਹਿਆਂ ਦਾ ਸਮਾਂ ਲੱਗਿਆ। ਸਾਡਾ ਸੰਸਾਰ ਲਗਪਗ 13.7 ਕਰੋੜ ਸਾਲ ਪੁਰਾਣਾ ਹੈ।

ਪਰੰਤੂ ਅਸਲ 'ਚ ਸਮੇਂ ਦੇ ਇਹ ਅੰਤਰਾਲ ਇਕ-ਦੂਜੇ ਤੋਂ ਇੰਨੇ ਦੂਰ ਨਹੀਂ, ਜਿੰਨੇ ਜਾਪਦੇ ਨੇ। ਇਸ ਸੰਸਾਰ ਨੂੰ ਆਪਣਾ ਇਕ ਖ਼ੁਸ਼ਹਾਲ ਸੰਸਾਰ ਮੰਨ ਕੇ, ਸੁਵਿਧਾਵਾਂ ਮਹਿਸੂਸ ਕਰਨਾ ਸਾਡੇ ਲਈ ਵੱਡਾ ਤਰਕ ਹੈ। ਸਾਡੀ ਧਰਤੀ ਦੀ ਉਮਰ ਪੂਰੇ ਵਿਸ਼ਵ ਦੀ ਉਮਰ ਦਾ ਸਿਰਫ਼ ਇਕ ਤਿਹਾਈ ਹੈ ਅਤੇ ਹੋਰਨਾਂ ਜੀਵਾਂ ਤੇ ਸਾਡੀ ਜੈਵਿਕ ਉਪ ਜਾਤੀਆਂ ਦਾ ਸਮਾਂ ਸੂਰਜ-ਵਿਵਸਥਾ ਦੇ ਚੱਕਰ ਦਾ ਸਿਰਫ਼ ਦਸਵਾਂ ਹਿੱਸਾ ਹੈ ਜਿਸ 'ਚ ਧਰਤੀ 'ਤੇ ਜੀਵਨ ਦਾ ਅਸਤਿਤਵ ਸ਼ੁਰੂ ਹੋਇਆ। ਅਸੀਂ ਸੰਸਾਰ ਨਾਲੋਂ ਜ਼ਿਆਦਾ ਵਿਸ਼ਾਲ/ਅਸੀਮ ਨਹੀਂ ਹਾਂ। ਦੂਜਿਆਂ ਸ਼ਬਦਾਂ 'ਚ ਕਿਹਾ ਜਾਵੇ ਤਾਂ ਸਾਡੀਆਂ ਜੜ੍ਹਾਂ ਅਤੇ ਸਾਡੇ ਰਿਸ਼ਤਿਆਂ ਦਾ ਤਾਣ-ਬਾਣਾ ਸੰਸਾਰ ਦੀ ਰੂਹ 'ਚ ਕਿਤੇ ਗਹਿਰੇ ਬਣਿਆ ਹੋਇਆ ਹੈ।

ਹੋ ਸਕਦਾ ਏ ਕਿ ਸਗਲ ਸੰਸਾਰ 'ਚ ਮਨੁੱਖ ਹੀ ਇਕ ਅਜਿਹਾ ਪ੍ਰਾਣੀ ਹੋਵੇ ਜਿਸ ਕੋਲ ਵਿਸ਼ਵੀ ਚੇਤਨਾ ਹੈ। ਸਾਨੂੰ ਇਸ ਰਹੱਸਮਈ ਸੰਸਾਰ ਦੀ ਇਕ ਹੈਰਾਨੀਜਨਕ ਵਿਸਮਾਦਕ ਪਰ ਲੜਖੜਾਉਂਦਿਆਂ ਹੋਇਆਂ ਆਭਾਸ ਹੈ ਕਿ ਅਸੀਂ ਇਸ ਅਨਿੱਖੜਵੇਂ ਅੰਗ ਹਾਂ। ਇਸ ਲਈ ਸਾਡਾ ਪ੍ਰਮੁੱਖ ਕਰਤੱਵ ਸਿਰਫ਼ ਇਹ ਨਹੀਂ ਹੈ ਕਿ ਅਸੀਂ ਧਰਤੀ ਨੂੰ ਬਚਾਉਣ ਲਈ ਆਪਣੇ ਸੰਸਾਰਕ ਜ਼ਿੰਮੇਦਾਰੀ ਦਾ ਪਾਲਣ ਕਰੀਏ...ਸਗੋਂ ਆਪਣੀ ਪਛਾਣ ਇਸੇ ਜ਼ਿੰਮੇਵਾਰੀ ਵਿਚ ਹੀ ਪਛਾਣੀ ਜਾਏ।

•••

# ਫਲਸਤੀਨ ਬਨਾਮ ਇਜ਼ਰਾਈਲ

*-ਹਰਪਾਲ ਸਿੰਘ ਪੰਨੂੰ*



"ਪਰੰਪਰਾ ਨੇ ਜੋ ਸਿਖਾਇਆ, ਉਹ ਭੁੱਲ ਕੇ ਸਹੀ ਕੰਮ ਕਰਨ ਨੂੰ ਸਦਾਚਾਰ ਆਖਦੇ ਹਨ। ਸਹੀ ਕੀ ਹੈ, ਇਹ ਭੁੱਲ ਕੇ ਪਰੰਪਰਾ ਨੇ ਜੋ ਸਿਖਾਇਆ ਉਹ ਕਰਨ ਨੂੰ ਧਰਮ ਕਹਿੰਦੇ ਹਨ।"

*-ਇਲਕਾ ਰੂਥ ਇਨੋਲਾ*

ਰੂਥ ਦੇ ਉਕਤ ਲਫਜ਼ਾਂ ਦੇ ਸਿਧੇ ਮਤਲਬ ਨਾ ਕਢੋ। ਪੈਗੰਬਰਾਂ ਨੇ ਸਹੀ ਨੂੰ ਸਹੀ ਅਤੇ ਗ਼ਲਤ ਨੂੰ ਗ਼ਲਤ ਕਹਿਣਾ ਤੇ ਕਰਨਾ ਸਿਖਾਇਆ ਸੀ। ਥੋੜੀ ਦੇਰ ਬਾਦ ਮੁਰੀਦ ਆਪਣੇ ਸ਼ਬਦ ਘੜਦੇ ਹਨ- ਮਰਿਆਦਾ, ਪਰੰਪਰਾ, ਸ਼ਰੀਅਤ, ਕਰਮਕਾਂਡ, ਡੌਗਮਾ। ਇਨ੍ਹਾਂ ਲਫਜ਼ਾਂ ਦਾ ਸਹਾਰਾ ਲੈਕੇ ਉਹ ਕੁਝ ਅਨੈਤਿਕ ਕੰਮ ਕਰਦੇ ਹਨ, ਕੋਈ ਭਲਾਮਾਣਸ ਉਨ੍ਹਾਂ ਦਾ ਵਿਰੋਧ ਕਰੇ ਤਾਂ ਧਰਮਗ੍ਰੰਥਾਂ ਵਿਚੋਂ ਹਵਾਲੇ ਦਿੰਦੇ ਹਨ, ਧਰਮ ਗ੍ਰੰਥ ਵਿਚ ਮਰਜ਼ੀ ਦਾ ਹਵਾਲਾ ਨਾ ਮਿਲੇ ਤਾਂ ਪੈਗੰਬਰ ਦੀ ਆਇਤ ਦੇ ਮਨਘੜਤ ਅਰਥ ਕਰਕੇ ਈਮਾਨਦਾਰ ਬੰਦੇ ਨੂੰ ਕਾਫਰ ਸਿੱਧ ਕਰਦੇ ਹਨ। ਅਰਬ-ਇਜ਼ਰਾਈਲ ਝਗੜੇ ਦੀ ਬੁਨਿਆਦ ਇਹੋ ਮਾਨਵੀ ਬੇਈਮਾਨੀ ਹੈ।

ਇਸ ਸੰਕਟ ਬਾਰੇ ਸੈਂਕੜੇ ਕਿਤਾਬਾਂ ਬਾਜ਼ਾਰ ਵਿਚ ਮਿਲਦੀਆਂ ਹਨ ਪਰ ਜਿੰਨੀ ਸਾਫ ਅਤੇ ਤਿੱਖੀ ਨਜ਼ਰ ਤਾਰਿਕ ਫਤਹ (ਜਨਮ 1949) ਦੀ ਹੈ, ਹੋਰ ਨਹੀਂ ਦਿੱਸੀ। ਮਕਲੈਂਡ ਐਂਡ ਸਟਿਵਰ ਲਿ. ਨੇ ਟੋਰਾਂਟੋ ਤੋਂ ਉਸਦੀ ਕਿਤਾਬ-ਯਹੂਦੀ ਮੇਰਾ ਵੈਰੀ ਨਹੀਂ (The Jew in not My Enemy), 2010 ਵਿਚ ਛਾਪੀ। ਢਾਈ ਸੌ ਪੰਨਿਆਂ ਦੀ ਇਸ ਕਿਤਾਬ ਵਿਚ ਦਰਜ ਬਿਰਤਾਂਤ ਸੰਤੁਲਿਤ ਤਾਂ ਹੈ ਹੀ, ਦੋਸਤਾਨਾ ਵੀ ਹੈ। ਸਾਰੀ ਕਿਤਾਬ ਦਾ ਤੱਤਸਾਰ ਹੈ—ਮੁਸਲਮਾਨ ਮਾਪੇ, ਅਧਿਆਪਕ,

ਮੌਲਵੀ ਬੱਚਿਆ ਨੂੰ ਯਹੂਦੀਆਂ ਵਿਰੁੱਧ ਨਫ਼ਰਤ ਕਰਨੀ ਸਿਖਾਉਂਦੇ ਹਨ। ਨਫ਼ਰਤ ਇਹੋ ਜਿਹੀ ਚੀਜ਼ ਹੈ, ਜੇ ਸਿੱਖ ਲਈ ਫਿਰ ਇਹ ਕੇਵਲ ਯਹੂਦੀਆਂ ਵਿਰੁੱਧ ਨਹੀਂ ਟਿਕੇਗੀ, ਦੋਸਤਾਂ ਦੁਸ਼ਮਣਾ ਹਰੇਕ ਵਿਰੁੱਧ ਆਪਣਾ ਡੰਗ ਚਲਾਏਗੀ। ਨਫ਼ਰਤ ਆਪਣੇ ਪਰਾਏ ਵਿਚ ਫਰਕ ਨਹੀਂ ਕਰਦੀ। ਗਲੋਬ ਉਪਰਲੇ ਹਰੇਕ ਦੇਸ ਨੇ ਹਜ਼ਾਰਾਂ ਸਾਲ ਤੋਂ ਜਿੰਨੀ ਨਫ਼ਰਤ ਯਹੂਦੀਆਂ ਨੂੰ ਕੀਤੀ, ਉਨੀ ਹੋਰ ਕਿਸੇ ਦੇ ਹਿੱਸੇ ਨਹੀਂ ਆਈ।

ਤੌਰੇਤ, ਇੰਜੀਲ ਅਤੇ ਕੁਰਾਨ (ਯਹੂਦੀਆਂ), ਈਸਾਈਆਂ, ਮੁਸਲਮਾਨਾ ਦੇ ਧਰਮ ਗ੍ਰੰਥ) ਵਿਚ ਕਾਫਰਾਂ ਨੂੰ ਕਤਲ ਕਰਨ ਤੇ ਹਵਾਲੇ ਮਿਲ ਜਾਂਦੇ ਹਨ। ਕਾਫਰ ਕੌਣ ਹੈ, ਇਸਦਾ ਫੈਸਲਾ ਪੁਜਾਰੀ ਕਰਨਗੇ। ਜੇ ਨਿਆਂ ਅਤੇ ਧਰਮ ਪੁਜਾਰੀਆਂ ਦੇ ਹੱਥ ਆ ਗਿਆ, ਨਾ ਨਿਆਂ ਮਿਲੇਗਾ, ਨਾ ਧਰਮ ਬਚੇਗਾ। ਤਾਰਿਕ ਅਨੁਸਾਰ ਅਰਬ-ਇਜ਼ਰਾਈਲ ਟਕਰਾਅ ਬੰਦ ਨਾ ਹੋਇਆ ਤਾਂ ਇਸਲਾਮ ਅਤੇ ਯਹੂਦੀ ਮੱਤ ਨਿਰੰਤਰ ਜ਼ਖ਼ਮੀ ਹੁੰਦੇ ਰਹਿਣਗੇ, ਖੁਰਦੇ ਰਹਿਣਗੇ। ਯਹੂਦੀਆਂ ਨੇ ਹਜ਼ਾਰਾਂ ਸਾਲ ਦਰ ਦਰ ਭਟਕਦਿਆਂ ਗੁਲਾਮੀ ਭੋਗੀ ਪਰ ਕਦੀ ਕਦੀ ਇਸਲਾਮੀ ਹਕੂਮਤਾਂ ਨੇ ਉਨ੍ਹਾਂ ਨੂੰ ਆਪਣੇ ਅਧੀਨ ਸੀਮਤ ਖੁਦਮੁਖਤਾਰੀ ਦਿੱਤੀ। ਇਹੋ ਜਿਹੀ ਵਕਤੀ ਅਤੇ ਅਧੂਰੀ ਖੁਦਮੁਖਤਾਰੀ ਦੌਰਾਨ ਯਹੂਦੀਆਂ ਨੇ ਸ਼ਾਨਦਾਰ ਸੇਵਾਵਾਂ ਵਫਾਦਾਰੀ ਨਾਲ ਨਿਭਾਈਆਂ।

ਮਾਰਚ 2010 ਵਿਚ ਸਲਮਾਨ ਹੁਸੈਨੀ ਦਾ ਲੇਖ ਛਪਿਆ ਜਿਸ ਵਿਚ ਉਸਨੇ ਲਿਖਿਆ- ਯਹੂਦੀ ਧਰਤੀ ਨੂੰ ਚੰਬੜੀ ਹੋਈ ਮਿੱਟੀ ਦੀ ਬੀਮਾਰ ਪਰਮ ਹੈ, ਇਨ੍ਹਾਂ ਪਾਗਲਾਂ ਅਤੇ ਕਾਤਲਾਂ ਦਾ ਬੀਜਨਾਸ ਹੋਣਾ ਚਾਹੀਦਾ ਹੈ।

ਹੁਸੈਨੀ ਦਾ ਘਰ ਪਰਿਵਾਰ ਯਹੂਦੀਆਂ ਨੇ ਉਜਾੜ ਦਿੱਤਾ ਹੋਵੇ, ਅਜਿਹੀ ਗੱਲ ਨਹੀਂ। ਉਹ ਅਫਗਾਨਿਸਤਾਨ ਦੀਆਂ ਖੰਦਰਾਂ ਵਿਚ ਛੁਪਿਆ ਗੁਰੀਲਾ ਵੀ ਨਹੀਂ; ਟੋਰਾਂਟੋ ਦੀ ਯਾਰਕ ਯੂਨੀਵਰਸਿਟੀ ਵਿਚ ਪੜ੍ਹਿਆ, ਕੈਨੇਡਾ ਵਿਚ ਵਸਿਆ ਇਹ ਜੁਆਨ ਬੰਗਲਾਦੇਸ ਦਾ ਮੂਲਵਾਸੀ ਹੈ। ਬੰਗਾਲੀਆਂ ਦੀ ਨਸਲਕੁਸ਼ੀ ਪਾਕਿਸਤਾਨੀ ਸੈਨਿਕਾਂ ਨੇ ਕੀਤੀ ਸੀ ਤੇ ਭਾਰਤ ਨੇ ਪਾਕਿਸਤਾਨੀਆਂ ਨੂੰ 1971 ਵਿਚ ਖਦੇੜਿਆ ਸੀ, ਤਾਂ ਵੀ ਪਾਕਿਸਤਾਨ ਉਸਦਾ ਦੁਸ਼ਮਣ ਨਹੀਂ, ਉਸਦਾ ਦੁਸ਼ਮਣ ਇਜ਼ਰਾਈਲ ਹੈ, ਯਹੂਦੀ ਹਨ। ਯਹੂਦੀਆਂ ਨੂੰ ਨਫ਼ਰਤ ਕਰਨੀ ਪੁੰਨ ਧਰਮ ਹੈ ਕਿਉਂਕਿ ਉਹ ਸੂਰ ਦੀ ਔਲਾਦ ਹਨ, ਦੁਤਕਾਰੇ ਹੋਏ ਗੰਦੇ ਮਨੁੱਖ ਹਨ। ਜਿਹੜੇ ਮੁਸਲਮਾਨ ਸ਼ਰਾਬ ਪੀਣ, ਉਹ ਯਹੂਦੀ ਹੁੰਦੇ ਹਨ; ਸੁੰਨੀਆਂ ਵਾਸਤੇ ਸ਼ੀਆ ਮੁਸਲਮਾਨ ਯਹੂਦੀ ਹਨ। ਯਹੂਦੀ, ਸ਼ੈਤਾਨ ਦੀ ਏਡੀ ਤਾਕਤਵਰ ਔਲਾਦ ਹਨ ਕਿ ਸੰਸਾਰ ਦਾ ਕੰਟਰੋਲ ਉਨ੍ਹਾਂ ਨੇ ਅਪਣੇ ਹੱਥਾਂ ਵਿਚ ਲੈ ਲਿਆ ਹੈ, ਡੇਵਿਡ ਕਾਮਰਾਨ ਤੋਂ ਲੈ ਕੇ ਬਰਾਕ ਓਬਾਮਾ ਤੱਕ, ਸਟੀਫਨ ਹਾਰਪਰ ਤੋਂ ਲੈਕੇ ਨਿਕੋਲਸ ਸਰਕੋਜ਼ੀ ਤੱਕ ਸਭ ਹੁਕਮਰਾਨ ਯਹੂਦੀਆਂ ਦੀਆਂ ਕਠਪੁਤਲੀਆਂ ਹਨ।

ਮਲਾਇਆ ਦਾ 22 ਸਾਲ ਨਿਰੰਤਰ ਰਿਹਾ ਹਾਕਮ ਮਹਾਤਿਰ ਬਿਨ ਕਾਸਿਮ ਭਾਰਤੀ ਪਿਤਾ ਅਤੇ ਮਲਾਇਆ ਵਾਸੀ ਮਾਂ ਦਾ ਬੇਟਾ ਹੈ। ਉਸਨੇ ਦੇਸ ਦਾ ਵਿਕਾਸ ਕਰਨ ਵਿਚ ਕਸਰ ਨਹੀਂ ਛੱਡੀ। ਫਰਾਖ ਦਿਲ, ਉਦਾਰ ਅਤੇ ਅਗਾਂਹਵਧੂ ਮੁਸਲਮਾਨ ਉਸਦੀ ਕਦਰ ਕਰਦੇ ਹਨ। ਇੰਡੋਨੇਸ਼ੀਆ ਵਿਚ 2010 ਦੌਰਾਨ ਹੋਈ ਕਾਨਫਰੰਸ ਵਿਚ ਉਸ ਭਲੇਮਾਣਸ ਨੇ ਇਹ ਲਫਜ਼ ਕਹੇ-ਅਮਰੀਕਾ ਵਿਚਲੇ ਯਹੂਦੀ, ਆਪਣੇ ਪ੍ਰੈਜ਼ੀਡੈਂਟ ਨੂੰ ਅਫਗਾਨਿਸਤਾਨ ਵਿਚ ਗੋਲੀਬਾਰੀ ਤੋਂ ਨਹੀਂ ਰੋਕਦੇ। ਯੋਰਪੀ ਦੇਸ਼ਾਂ ਵਿਚ ਵੀ ਯਹੂਦੀ ਮੁਸ਼ਕਲਾਂ ਖੜ੍ਹੀਆਂ ਕਰਦੇ ਹਨ। ਉਨ੍ਹਾਂ ਨੂੰ ਵੱਖਰੀਆਂ ਬਸਤੀਆਂ ਵਿਚ ਧੱਕ ਦੇਣਾ ਚਾਹੀਦਾ ਹੈ ਤੇ ਸਮੇਂ ਸਮੇਂ ਉਨ੍ਹਾਂ ਦਾ ਕਤਲਿਆਮ ਨਿਹਾਇਤ ਜ਼ਰੂਰੀ ਹੈ। ਉਨ੍ਹਾਂ ਨੇ ਸਭ ਸਰਕਾਰਾਂ ਆਪਣੀ ਮੁੱਠੀ ਵਿਚ ਬੰਦ ਕਰ ਰੱਖੀਆਂ ਹਨ। ਹਿਟਲਰ ਨੇ ਉਨ੍ਹਾਂ ਦਾ ਲੱਖਾਂ ਦੀ ਗਿਣਤੀ ਵਿਚ ਜੀਆਘਾਤ ਕੀਤਾ ਪਰ ਦੁਨੀਆਂ ਵਿਚ ਮੁਸ਼ਕਲਾਂ ਖੜ੍ਹੀਆਂ ਕਰਨ ਵਾਸਤੇ ਫੇਰ ਬਚ ਰਹੇ। ਅੰਤਰਰਾਸ਼ਟਰੀ ਸਾਜ਼ਸ਼ਾਂ ਦੀ ਜੜ੍ਹ ਯਹੂਦੀ ਹਨ।

ਮੈਡੀਸਨ, ਟੈਕਨਾਲੋਜੀ ਅਤੇ ਫਾਈਨ ਆਰਟਸ ਵਿਚ ਜਿਥੇ ਜਹਾਨ ਲਗਾਤਾਰ ਸਿਖਰਾਂ ਛੂਹ ਰਿਹਾ ਹੈ, ਉਥੇ ਮੁਸਲਮਾਨ ਆਪਣੇ ਭੂਤਕਾਲ ਵਿਚ ਬੈਠੇ ਬੈਠੇ ਖੜੋਤ ਦਾ ਸ਼ਿਕਾਰ ਹੋ ਗਏ ਹਨ। ਬ੍ਰਾਜ਼ੀਲ, ਭਾਰਤ, ਅਫਰੀਕਾ ਅਤੇ ਚੀਨ ਵਰਗੇ ਪਛੜੇ ਦੇਸ ਦੁੜਕੀ ਚਾਲ ਚੱਲ ਪਏ ਹਨ ਪਰ ਇਸਲਾਮੀ ਦੇਸ ਅਧਰੰਗ ਦਾ ਸ਼ਿਕਾਰ ਹਨ, ਖ਼ੁਦ ਉਪਰ ਝਾਤ ਮਾਰਨ ਦੀ ਥਾਂ ਉਹ ਆਪਣੀ ਨਾਲਾਇਕੀ ਦਾ ਦੋਸ਼ ਹੋਰਾਂ ਸਿਰ ਮੜ੍ਹਕੇ ਮਜ਼ੇ ਦੀ ਨੀਂਦ ਸੌਂਦੇ ਹਨ।

35 ਸਾਲ ਤੋਂ ਫਲਸਤੀਨ ਦੀ ਜ਼ਮੀਨ ਉਪਰ ਇਜ਼ਰਾਈਲ ਦੇ ਨਾਜਾਇਜ਼ ਕਬਜ਼ੇ ਵਿਰੁੱਧ ਅਰਬ, ਸਰਾਪ ਦੇਣੋਂ ਨਹੀਂ ਹਟਦੇ, ਕਦੀ ਸੋਚਿਆ ਨਹੀਂ ਇਸ ਵਾਸਤੇ ਉਹ ਖ਼ੁਦ ਕਿੰਨੇ ਜ਼ਿੰਮੇਵਾਰ ਹਨ। ਗੋਲਡਾ ਵਾਲੇ ਲੇਖ ਵਿਚ ਪਾਠਕ ਵਿਸਥਾਰ ਨਾਲ ਜਾਣ ਗਏ ਹਨ ਕਿ ਯੂ.ਐਨ. ਵਲੋਂ ਸਮੇਂ ਸਮੇਂ ਥਾਪੇ ਕਮਿਸ਼ਨਾ, ਕਮੇਟੀਆਂ ਦਾ ਅਰਬਾਂ ਨੇ ਬਾਈਕਾਟ ਕੀਤਾ ਤੇ ਯਹੂਦੀ ਹਲੀਮੀ ਨਾਲ, ਦੂਰ ਅੰਦੇਸ਼ੀ ਨਾਲ ਆਪਣਾ ਪੱਖ ਰਖਦੇ ਰਹੇ, ਹਮਦਰਦੀ ਜਿਤਦੇ ਰਹੇ। ਜਦੋਂ ਪੇਸ਼ਕਸ਼ ਹੋਈ ਕਿ ਫਲਸਤੀਨ ਦਾ 70% ਮੁਸਲਮਾਨਾ ਕੋਲ ਤੇ 30% ਯਹੂਦੀਆਂ ਕੋਲ ਰਹੇਗਾ, ਯਹੂਦੀ ਮੰਨ ਗਏ, ਅਰਬ ਨਹੀਂ ਮੰਨੇ।

ਇਜ਼ਰਾਈਲ ਨੂੰ ਮਾਨਤਾ ਦੇਣੀ ਤਾਂ ਦਰਕਿਨਾਰ, ਅਰਬਾਂ ਅਨੁਸਾਰ ਇਜ਼ਰਾਈਲ ਨਾਮ ਦਾ ਯਹੂਦੀਆਂ ਕੋਲ ਕੋਈ ਦੇਸ ਹੋਵੇ ਹੀ ਕਿਉਂ? ਉਹ ਇਸਦੇ ਹੱਕਦਾਰ ਨਹੀਂ। ਮੁਸਲਮਾਨਾ ਦੇ ਬਹੁਤ ਸਾਰੇ ਦੇਸ ਹਨ ਪਰ ਉਹ ਸੰਤੁਸ਼ਟ ਨਹੀਂ, ਸਾਰੀ ਗਲੋਬ ਉਪਰ ਇਸਲਾਮੀ ਝੰਡਾ ਲਹਿਰਾਣਾ ਜ਼ਰੂਰੀ ਹੈ ਪਰ ਯਹੂਦੀ, ਚਿੜੀ ਦੇ ਪਹੁੰਚੇ ਜਿਡੇ ਦੇਸ ਦੇ ਹੱਕਦਾਰ ਨਹੀਂ।

ਯਹੂਦੀਆਂ ਨਾਲ ਈਰਖਾ ਕਰਨ ਵਾਲੇ ਬੰਦੇ ਅਕਸਰ ਸਿੱਧਰੇ ਸਵਾਲ ਕਰਦੇ ਹਨ- ਅਮਰੀਕਾ ਵਿਚ ਹਿੰਦੁਸਤਾਨੀ ਤੇ ਪਾਕਿਸਤਾਨੀ ਟੈਕਸੀ ਡ੍ਰਾਈਵਰ ਕਿਉਂ ਹਨ, ਯਹੂਦੀ ਕਿਉਂ ਨਹੀਂ? ਉਨੀਵੀਂ ਸਦੀ ਵਿਚ ਯੋਰਪੀਨ ਦੇਸਾਂ ਦੇ ਅਤਿਆਚਾਰਾਂ ਤੋਂ ਬਚਦੇ ਬਚਾਂਦੇ ਕੰਗਾਲ ਯਹੂਦੀਆਂ ਨੇ ਅਮਰੀਕਾ ਵਿਚ ਸ਼ਰਣ ਮਿਹਨਤ, ਲਿਆਕਤ ਸਦਕਾ ਅਮਰੀਕਣਾ ਨੂੰ ਵੀ ਪਛਾੜ ਗਏ। ਟੈਕਸੀਆਂ ਉਸ ਸੂਰਤ ਵਿਚ ਚਲਾਉਂਦੇ ਜੇ ਉਨ੍ਹਾਂ ਨੂੰ ਉਤਮ ਕੰਮ ਨਾ ਆਉਂਦੇ ਹੁੰਦੇ। ਕੀ ਭਾਰਤੀਆਂ/ਪਾਕਿਸਤਾਨੀਆਂ ਨੂੰ ਉਥੇ ਟੈਕਸੀਆਂ ਚਲਾਉਣ ਲਈ ਮਜ਼ਬੂਰ ਕੀਤਾ ਜਾਂਦਾ ਹੈ? ਅਮਰੀਕਾ ਵਿਚ ਯਹੂਦੀਆਂ ਦੀ ਵਸੋਂ 2% ਹੈ, ਪਰ ਵਪਾਰੀ ਧਨਾਢਾਂ ਤੇ ਦਾਨੀਆਂ ਵਿਚ ਉਹ 37% ਹਨ, ਉਨ੍ਹਾਂ ਨੇ 51% ਪੁਲਿਟਜ਼ਰ ਇਨਾਮ ਜਿੱਤੇ ਹਨ, 37% ਅਕਾਦਮੀ ਇਨਾਮ ਜਿੱਤੇ। ਇਹ ਅੰਕੜੇ ਪੜ੍ਹ ਕੇ ਇਲਜ਼ਾਮ ਲਗਦਾ ਹੈ-ਇਹੋ ਤਾਂ ਸਬੂਤ ਹੈ ਅਮਰੀਕਾ ਉਨ੍ਹਾਂ ਦੇ ਕਬਜ਼ੇ ਵਿਚ ਹੈ।

ਇਸ ਲਿਖਤ ਵਿਚ ਜਾਣਨ ਅਤੇ ਦੱਸਣ ਦਾ ਯਤਨ ਹੈ ਕਿ ਮੁਸਲਮਾਨ ਕਿਉਂ ਯਹੂਦੀ ਨੂੰ ਨਫਰਤ ਕਰਦਾ ਹੈ। ਨਵੰਬਰ 2008 ਵਿਚ ਪਾਕਿਸਤਾਨੀ ਪੰਜਾਬ ਦੇ ਆਤਮਘਾਤੀ ਦਸਤਿਆਂ ਨੇ ਮੁੰਬਈ ਵਿਚ ਯਹੂਦੀ ਪੁਜਾਰੀਆਂ ਦੇ ਘਰ ਵਿਚ ਵੜ ਕੇ ਸਾਰੇ ਗੋਲੀਆਂ ਨਾਲ ਭੁੰਨ ਦਿੱਤੇ। ਯਹੂਦੀਆਂ ਨੇ ਇਨ੍ਹਾਂ ਮੁਸਲਮਾਨਾ ਦਾ ਕੋਈ ਨੁਕਸਾਨ ਕਰਨਾ ਦਰਕਿਨਾਰ, ਦਹਿਸ਼ਤਗਰਦ ਕਦੀ ਇਨ੍ਹਾਂ ਵਿਚੋਂ ਕਿਸੇ ਯਹੂਦੀ ਨੂੰ ਮਿਲੇ ਤਕ ਨਹੀਂ ਸਨ। ਕਾਰਨ? ਟਰਨਿੰਗ ਦਿੱਤੀ ਗਈ ਸੀ ਕਿ ਇਸਲਾਮ ਯਹੂਦੀਆਂ ਦੇ ਕਤਲਾਂ ਨੂੰ ਵਾਜਬ ਮੰਨਦਾ ਹੈ।

ਜਿਹੜੇ ਲੋਕਾਂ ਦਾ ਖਿਆਲ ਹੈ ਕਿ ਮੁਸਲਮਾਨ ਇਸ ਕਰਕੇ ਯਹੂਦੀਆਂ ਨੂੰ ਨਫਰਤ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਫਲਸਤੀਨ ਦੀ ਧਰਤੀ ਉਪਰ ਕਬਜ਼ਾ ਕਰਕੇ ਇਜ਼ਰਾਈਲ ਕਾਇਮ ਕਰ ਲਿਆ ਹੈ ਉਹ ਭਰਮ ਦਾ ਸ਼ਿਕਾਰ ਹਨ। ਮਿਸਰ ਦੇ ਮੌਲਵੀ ਹੁਸੈਨ ਯਾਕੂਬ ਦੀ ਤਕਰੀਰ 17 ਜਨਵਰੀ 2009 ਨੂੰ ਅਲ-ਰਹਿਮਾਨ ਟੀਵੀ ਉਪਰ ਨਸ਼ਰ ਹੋਈ। ਉਸਦੇ ਬੋਲਾਂ ਤੋਂ ਗੱਲ ਸਮਝ ਆ ਸਕੇਗੀ—

ਜੇ ਯਹੂਦੀ ਫਲਸਤੀਨ ਛੱਡ ਕੇ ਚਲੇ ਜਾਣ ਤਾਂ ਕੀ ਅਸੀਂ ਉਨ੍ਹਾਂ ਨੂੰ ਪਿਆਰ ਕਰਨ ਲੱਗ ਜਾਵਾਂਗੇ? ਹਰਗਿਜ਼ ਨਹੀਂ। ਸਾਡੇ ਰੇਤੇ ਦਾ ਇਕ ਕਿਣਕਾ ਵੀ ਜੇ ਉਨ੍ਹਾਂ ਦੇ ਕਬਜ਼ੇ ਵਿਚ ਨਹੀਂ ਤਾਂ ਵੀ ਅਸੀਂ ਉਨ੍ਹਾਂ ਵਿਰੁੱਧ ਲੜਾਂਗੇ, ਹਰਾਵਾਂਗੇ ਤੇ ਮਲੀਆਮੇਟ ਕਰਾਂਗੇ ਜਦੋਂ ਤਕ ਆਖ਼ੀਰ ਯਹੂਦੀ ਧਰਤੀ ਉਪਰੋਂ ਮਿਟ ਨਹੀਂ ਜਾਂਦਾ। ਮੈਂ ਨਹੀਂ, ਪੈਗੰਬਰ ਨੇ ਫੁਰਮਾਇਆ ਹੈ—ਕਿਆਮਤ ਦਾ ਦਿਨ ਉਦੋਂ ਤਕ ਨਹੀਂ ਆਏਗਾ ਜਦੋਂ ਤਕ ਤੁਸੀਂ ਸਾਰੇ ਯਹੂਦੀਆਂ ਨੂੰ ਮਾਰਦੇ ਨਹੀਂ। ਕੰਧਾ, ਚਟਾਨਾ ਅਤੇ ਦਰਖ਼ਤਾਂ ਪਿਛੇ ਯਹੂਦੀ ਲੁਕਦੇ ਫਿਰਨਗੇ, ਕੰਧਾਂ, ਚਟਾਨਾ ਅਤੇ ਦਰਖ਼ਤਾਂ ਵਿਚੋਂ ਵਾਜਾਂ ਆਉਣਗੀਆਂ- ਓ ਮੋਮਿਨੋ ਅਹਿ ਦੇਖੋ, ਸਾਡੇ ਪਿਛੇ ਯਹੂਦੀ ਲੁਕਿਆ ਬੈਠਾ ਹੈ, ਇਸ ਨੂੰ ਕਤਲ ਕਰੋ। ਓ ਯਹੂਦੀਓ, ਓ ਸੂਰ ਦੀਓ ਔਲਾਦੋ, ਰੱਬ ਦਾ ਕਹਿਰ ਤੁਹਾਡੇ ਤੇ ਟੁੱਟੇਗਾ। ਸਾਡੇ ਵਡੇਰਿਆਂ ਨੇ ਦੱਸਿਆ ਤੁਸੀਂ ਨਫਰਤ ਦੇ ਹੱਕਦਾਰ ਹੋ, ਅਸੀਂ ਇਹ ਗੱਲ ਆਪਣੇ ਬੱਚਿਆਂ ਨੂੰ ਦੱਸ ਦਿੱਤੀ ਹੈ। ਕੁਲ ਦੁਨੀਆਂ ਵਿਚ ਇਕ ਮੁਸਲਮਾਨ ਵੀ ਬਾਕੀ ਬਚਿਆਂ, ਤੁਹਾਡੇ ਖਿਲਾਫ ਲੜੇਗਾ।

ਇਸ ਵਿਚ ਕੋਈ ਸ਼ਕ ਨਹੀਂ ਕਿ ਪੁਰਾਤਨ ਇਸਲਾਮੀ ਸਾਹਿਤ ਵਿਚ ਯਹੂਦੀਆਂ ਵਿਰੁੱਧ ਸਮੱਗਰੀ ਮੌਜੂਦ ਹੈ। ਹਥਲੀ ਲਿਖਤ ਨਿਖੇੜਾ ਕਰੇਗੀ ਕਿ ਨਫ਼ਰਤ ਦਾ ਬੀਜ ਪਾਕਿ ਕੁਰਾਨ ਵਿਚ ਹੈ ਕਿ ਹਦੀਸ ਵਿਚ। ਨਬੀ ਦੇ ਦੇਹਾਂਤ ਉਪਰੰਤ ਕੁਰਾਨ ਜ਼ਬਾਨੀ ਯਾਦ ਕਰਦਿਆਂ ਇਕ ਪੀੜ੍ਹੀ ਤੋਂ ਦੂਜੀ ਤੱਕ ਪੁੱਜਿਆ ਤੇ ਇਕ ਸਦੀ ਬਾਦ ਲਿਖਤ ਵਿਚ ਆਇਆ। ਜਦੋਂ ਲਿਖਤ ਵਿਚ ਆਇਆ ਉਦੋਂ ਵੀ ਸ਼ੁਰੂ ਵਿਚ ਜ਼ੇਰ-ਜਬਰ (ਸਿਹਾਰੀ ਬਿਹਾਰੀ, ਔਂਕੜ, ਦੁਲੈਂਕੜ ਆਦਿਕ ਮਾਤ੍ਰਾਵਾਂ) ਨਹੀਂ ਲੱਗੀਆਂ ਸਨ, ਇਨ੍ਹਾਂ ਦੀ ਵਰਤੋਂ ਬਾਦ ਵਿਚ ਸ਼ੁਰੂ ਹੋਈ। (ਈਰਾਨ ਵਿਚ ਮੈਂ ਕੁਰਾਨ ਦੀਆਂ ਉਨ੍ਹਾਂ ਪਾਵਨ ਬੀੜਾਂ ਦੇ ਦਰਸ਼ਨ ਕੀਤੇ ਜੋ ਖੱਲਾਂ ਉਪਰ ਲਿਖੀਆਂ ਹਨ ਤੇ ਬਗੈਰ ਮਾਤ੍ਰਾਵਾਂ ਦੇ ਹਨ।) ਕੁਰਾਨ ਲਿਖੇ ਜਾਣ ਤੋਂ ਸੌ ਸਾਲ ਬਾਅਦ ਪਹਿਲੀ ਹਦੀਸ ਲਿਖੀ ਗਈ। ਇਹ ਨਹੀਂ ਕਿ ਹਦੀਸ ਲਿਖਣੀ ਸ਼ੁਰੂ ਕਰ ਦਿੱਤੀ ਸੀ। ਹਦੀਸ ਉਸ ਲਿਖਤ ਨੂੰ ਆਖਿਆ ਜਾਂਦਾ ਹੈ ਜਿਸ ਵਿਚ ਨਬੀ ਦੀਆਂ ਯਾਦਾਂ, ਉਨ੍ਹਾਂ ਨਾਲ ਵਾਪਰੀਆਂ ਘਟਨਾਵਾਂ, ਉਨ੍ਹਾਂ ਦੇ ਸੰਵਾਦ ਸ਼ਾਮਲ ਹਨ। ਖਲੀਫਾ ਉਮਰ ਨੂੰ ਸਖ਼ਤ ਮਨਾਹੀ ਕਰ ਦਿੱਤੀ, ਕਿਹਾ-ਨਬੀ ਫਰਮਾ ਗਏ ਹਨ, "ਅੱਲਾਹ ਦੇ ਬੋਲ ਪ੍ਰਗਟ ਹੋ ਗਏ ਹਨ, ਕੁਰਾਨ ਦੀਆਂ ਆਇਤਾਂ ਕੀਮਤੀ ਹਨ, ਮੈਂ ਬੰਦਾ ਹਾਂ, ਮੇਰੇ ਆਪਣੇ ਖਿਆਲ, ਬੋਲ ਤੁਹਾਡੇ ਵਰਗੇ ਹਨ। ਮੇਰੀਆਂ ਗੱਲਾਂ ਵਲ ਧਿਆਨ ਦੇਣ ਦੀ ਬਜਾਇ ਕੁਰਾਨ ਦੇ ਕਲਾਮ ਉਪਰ ਅਮਲ ਕਰਨਾ।"

ਯਹੂਦੀ, ਈਸਾਈ ਅਤੇ ਮੁਸਲਮਾਨ ਇਕੋ ਸਾਂਝੀ ਵਰਾਸਤ ਤੇ ਮੁਰੀਦ ਹਨ ਜਿਸਨੂੰ ਸਾਮੀ ਸਭਿਆਚਾਰ (Semetic culture) ਕਿਹਾ ਜਾਂਦਾ ਹੈ। ਇਨ੍ਹਾਂ ਸਾਰਿਆਂ ਦਾ ਪਹਿਲਾ ਪੈਗੰਬਰ ਆਦਮ ਹੈ, ਉਪਰੰਤ ਸਾਰੇ ਪੈਗੰਬਰ ਸਾਂਝੇ ਹਨ। ਏਨਾ ਕੁ ਫਰਕ ਪਿਆ ਕਿ ਯਹੂਦੀਆਂ ਦਾ ਆਖਰੀ ਨਬੀ ਮੂਸਾ, ਈਸਾਈਆਂ ਦਾ ਆਖਰੀ ਮਸੀਹਾ ਈਸਾ ਤੇ ਮੁਸਲਮਾਨਾ ਦਾ ਆਖ਼ਰੀ ਪੈਗੰਬਰ ਮੁਹੰਮਦ ਹੈ। ਜੜ੍ਹ ਇਕੋ ਹੈ, ਸਿੱਟੇ ਦਾ ਰੰਗਰੂਪ ਮਾੜਾ ਮੋਟਾ ਬਦਲ ਗਿਆ ਹੈ ਪਰ ਬਹੁਤਾ ਨਹੀਂ। ਸਾਂਝੀ ਵਰਾਸਤ ਵਾਲੀ ਕੌਮ ਵਿਚ ਦੁਸ਼ਮਣੀ ਦੇ ਬੀਜ ਪੈਗੰਬਰਾਂ ਨੇ ਨਹੀਂ ਬੰਦਿਆਂ ਨੇ ਬੀਜੇ। ਨਬੀਆਂ ਦੇ ਬੀਜੇ ਬੀਜਾਂ ਨੇ ਮੁਕਤੀ ਦੁਆਰ ਖੋਲ੍ਹਿਆ, ਬੰਦਿਆਂ ਦੇ ਬੀਜਾਂ ਨੇ ਧਰਤੀ ਉਪਰ ਖ਼ੂਨ ਦੀਆਂ ਨਦੀਆਂ ਵਹਾ ਕੇ ਦੋਜਖ ਦਾ ਦਰਵਾਜਾ ਖੋਲ੍ਹਿਆ।

ਅਬਰਾਹਮ, ਮੋਜ਼ਜ਼, ਦਾਊਦ, ਸੁਲੇਮਾਨ, ਅਰਬਾਂ ਯਹੂਦੀਆਂ ਦੇ ਸਾਂਝੇ ਨਬੀ ਹਨ, ਦੋਹਾਂ ਕੌਮਾਂ ਦੇ ਬੱਚਿਆਂ ਦਾ ਆਪਸ ਵਿਚ ਨਕਾਹ ਆਮ ਗੱਲ ਸੀ, ਜਿਸ ਦਰਗਾਹ ਦਾ ਨਾਮ ਚੱਟਾਨ ਉਪਰਲਾ ਗੁੰਬਦ (Dome on the Rock) ਹੈ, ਉਥੇ ਦੋਵੇਂ ਕੌਮਾਂ ਇਕੱਠੀਆਂ ਬੰਦਗੀ ਕਰਨ ਵਾਸਤੇ ਇਕੱਠੀਆਂ ਹੁੰਦੀਆਂ।

ਸਿੱਖਾਂ ਵਿਚ ਵੀ ਪੁਜਾਰੀਵਾਦ ਸਦਕਾ ਇਹ ਨਿਘਾਰ ਆ ਚੁੱਕਾ ਹੈ। ਭਾਈ ਮਰਦਾਨਾ ਦੇ ਖਾਨਦਾਨ ਵਿਚਲੇ ਰਾਗੀਆਂ ਨੂੰ ਇਤਿਹਾਸਕ ਗੁਰਦੁਆਰਿਆਂ ਵਿਚ ਕੀਰਤਨ ਕਰਨ ਦੀ ਮਨਾਹੀ ਹੈ। ਪਾਕਿਸਤਾਨੋਂ ਆਏ ਭਾਈ ਗੁਲਾਮ ਮੁਹੰਮਦ ਚਾਂਦ ਨੇ ਦੱਸਿਆ—ਜੀ ਸਾਡੇ ਵਡੇਰੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਕੀਰਤਨੀਏ ਸਨ। ਜਦੋਂ ਪਹਿਲਾ ਜਥਾ ਕੀਰਤਨ ਕਰ ਰਿਹਾ ਹੁੰਦਾ, ਸਾਡੀ ਵਾਰੀ ਵਿਚ ਦੇਰ ਹੁੰਦੀ, ਨਮਾਜ਼ ਦਾ ਵਕਤ ਹੋ ਜਾਂਦਾ, ਅਸੀਂ ਪਰਿਕਰਮਾ ਵਿਚ ਪਹਿਲੋਂ ਨਮਾਜ਼ ਅਦਾ ਕਰਦੇ, ਫਿਰ ਕੀਰਤਨ ਕਰਨ ਦੀ ਵਾਰੀ ਆ ਜਾਂਦੀ, ਕੀਰਤਨ ਕਰਦੇ। ਪਾਕਿਸਤਾਨ ਵਿਚ ਕਿਸ ਨੂੰ ਕੀਰਤਨ ਸੁਣਾਈਏ? ਕੀਰਤਨੀਏ ਹੋਣ ਕਰਕੇ ਕਵਾਲੀਆਂ ਗਾਉਣ ਨੂੰ ਸਾਡਾ ਦਿਲ ਨਹੀਂ ਕਰਦਾ। ਫਲਸਰੂਪ ਭੁਖਮਰੀ ਦੀ ਨੌਬਤ ਆ ਗਈ ਹੋਈ ਹੈ।

ਮੁਸਲਮਾਨ ਅਤੇ ਯਹੂਦੀ ਇਕੋ ਪਿਛੋਕੜ ਦੇ ਹਨ ਤੇ ਇਕ ਰੱਬ ਦੇ ਉਪਾਸ਼ਕਾਂ ਯਹੂਦੀਆਂ ਲਈ ਜੇਰੂਸਲਮ ਸ਼ਹਿਰ ਅਤੇ ਇਜ਼ਰਾਈਲ ਦੇਸ ਪਵਿੱਤਰ ਹਨ, ਇਹ ਥਾਵਾਂ ਇਨ੍ਹਾਂ ਦੀ ਮੰਜ਼ਿਲ ਹਨ ਜਦੋਂ ਕਿ ਮੁਸਲਮਾਨਾ ਅਨੁਸਾਰ ਰੱਬ, ਨਬੀ ਅਤੇ ਕੁਰਾਨ ਉਨ੍ਹਾਂ ਦੀ ਮੰਜ਼ਿਲ ਹਨ, ਕੋਈ ਵਿਸ਼ੇਸ਼ ਥਾਂ ਮੰਜ਼ਿਲ ਨਹੀਂ, ਉਹ ਸਾਰੀ ਧਰਤੀ ਤੇ ਫੈਲਣਗੇ। ਯਹੂਦੀ ਆਖਦੇ ਹਨ-ਜਿਸਨੇ ਧਰਤੀ ਤੇ ਫੈਲਣਾ ਹੋਵੇ ਫੈਲੇ, ਸਾਨੂੰ ਇਤਰਾਜ਼ ਨਹੀਂ, ਨਿਕੀ ਜਿਹੀ ਥਾਂ ਇਜ਼ਰਾਈਲ ਸਾਡੇ ਲਈ ਛੱਡ ਦਏ। ਹਦੀਸ 'ਮੁਤਾਬਕ ਯਹੂਦੀ ਟੇਢੇ ਹਨ ਅਤੇ ਬੇਈਮਾਨ ਵੀ। ਮੁਸਲਮਾਨਾ ਦੀ ਇਸ ਨਫ਼ਰਤ ਕਾਰਨ ਯਹੂਦੀਆਂ ਨਾਲੋਂ ਵਧੀਕ ਨੁਕਸਾਨ ਮੁਸਲਮਾਨਾ ਦਾ ਹੋਇਆ। ਇਜ਼ਰਾਈਲ-ਫਲਸਤੀਨ ਦਾ ਝਗੜਾ 1948 ਵਿਚ ਸ਼ੁਰੂ ਨਹੀਂ ਹੋਇਆ, ਸੱਤਵੀਂ ਸਦੀ ਤੋਂ ਚਲਦਾ ਆ ਰਿਹਾ ਹੈ।

ਦੁਸ਼ਮਣੀ ਦੀ ਜੜ੍ਹ ਫਰੋਲਣ ਤੋਂ ਪਹਿਲਾਂ ਕੁਰਾਨ ਦੀਆਂ ਇਹ ਆਇਤਾਂ ਪੜ੍ਹੀਏ:

*ਜਿਹੜੇ ਅੱਲਾਹ ਉਪਰ ਈਮਾਨ ਲਿਆਉਣਗੇ*

*ਬੇਸ਼ਕ ਉਹ ਯਹੂਦੀ ਹੋਣ ਜਾ ਈਸਾਈ*

*ਜਿਹੜੇ ਰੱਬ ਵਿਚ ਅਤੇ ਕਿਆਮਤ ਦੇ ਦਿਨ ਵਿਚ ਯਕੀਨ ਕਰਨਗੇ*

*ਉਹ ਭਰੋਸਾ ਰੱਖਣ, ਉਨ੍ਹਾਂ ਨੂੰ ਕੋਈ ਡਰ ਨਹੀਂ*

*ਉਨ੍ਹਾਂ ਨੂੰ ਕੋਈ ਦੁਖ ਸੰਤਾਪ ਨਹੀਂ ਟੱਕਰੇਗਾ। (2:62)*

26 ਨਵੰਬਰ 2008 ਦੀ ਸ਼ਾਮ ਦੋ ਪਾਕਿਸਤਾਨੀ ਜਹਾਦੀ ਮੁੰਬਈ, ਯਹੂਦੀ ਪੁਜਾਰੀ ਦੇ ਘਰ ਅੰਦਰ ਘੁਸ ਗਏ, ਪੁਜਾਰੀ, ਉਸਦੀ ਗਰਭਵਤੀ ਔਰਤ, ਦੋ ਮਹਿਮਾਨ ਗੋਲੀਆਂ ਨਾਲ ਫੁੰਡ ਦਿੱਤੇ ਤੇ ਦੋ ਯਹੂਦੀ ਔਰਤਾਂ ਬੰਦੀ ਬਣਾ ਲਈਆਂ। ਪਾਕਿਸਤਾਨ ਵਿਚਲਾ ਉਨ੍ਹਾਂ ਦਾ ਪਵਿੱਤਰ ਕਮਾਂਡਰ ਸੈੱਲ ਫੋਨ ਤੇ ਹਦਾਇਤਾਂ ਦੇ ਰਿਹਾ ਹੈ- ਕਿਸੇ ਸੂਰਤ ਵਿਚ ਜਿਉਂਦੇ ਜੀਅ ਆਤਮ ਸਮਰਪਣ ਨਹੀਂ ਕਰਨਾ। ਤੁਹਾਡਾ ਮਿਸ਼ਨ ਤੁਹਾਡੀ ਮੌਤ ਨਾਲ ਪੂਰਾ ਹੋਵੇਗਾ। ਸੁਰਗ ਵਿਚ ਇਕ ਇਕ ਦਾ ਇੰਤਜ਼ਾਰ ਬਹੱਤਰ ਬਹੱਤਰ ਹੂਰਾਂ ਕਰ ਰਹੀਆਂ ਹਨ। ਉਹ ਖ਼ੂਨੀ ਦਹਿਸ਼ਤ ਫੈਲਾ ਦਿਉ ਕਿ ਦੁਸ਼ਮਣ ਨੂੰ ਦੁਨੀਆਂ ਖ਼ਤਮ ਹੋਣ ਤੱਕ ਕਾਂਬਾ ਛਿੜਿਆ ਰਹੇ।

ਗਿਣਤੀ ਵਿਚ ਇਹ ਕੁੱਲ ਦਸ ਜਹਾਦੀਆਂ ਦਾ ਗ੍ਰੋਹ ਸੀ ਜਿਨ੍ਹਾਂ ਨੇ ਅਮਰ ਸਿੰਘ ਸੋਲੰਕੀ ਦਾ ਨਿਕਾ ਸਮੁੰਦਰੀ ਜਹਾਜ਼ ਅਮਲੇ ਸਮੇਤ ਅਗਵਾ ਕਰ ਲਿਆ। ਅਮਲੇ ਵਿਚ ਸੋਲੰਕੀ ਸਣੇ ਪੰਜ ਜਣੇ ਸਨ, ਚਾਰ ਜਣੇ ਗੋਲੀਆਂ ਮਾਰਕੇ ਸਮੁੰਦਰ ਵਿਚ

ਸੁੱਟ ਦਿੱਤੇ ਤੇ ਸੋਲੰਕੀ ਨੂੰ ਬੰਦੀ ਬਣਾਕੇ ਕਿਹਾ– 550 ਮੀਲ ਲੰਮਾ ਪੰਧ ਤੈਅ ਕਰਵਾਕੇ ਮੁੰਬਈ ਪੁਚਾ। ਇਹ ਗ੍ਰੋਹ ਦਾ ਨੇਤਾ ਇਸਮਾਈਲ, ਪਾਕਿਸਤਾਨ ਵਿਚਲੇ ਆਪਣੇ ਨੇਤਾ ਨਾਲ ਗੱਲ ਕਰ ਰਿਹਾ ਸੀ– ਅਸੀਂ ਚਾਰ ਬੱਕਰੀਆਂ ਤਾਂ ਖਾ ਲਈਆਂ, ਇਸ ਪੰਜਵੀਂ ਦਾ ਕੀ ਕਰਨਾ ਹੈ? ਫੋਨ ਤੇ ਜਵਾਬ ਆਇਆ– ਕਿਨਾਰੇ ਪੁੱਜ ਕੇ ਇਸ ਨੂੰ ਵੀ ਹਲਾਲ ਕਰ ਦੇਣਾ।

ਕਿਨਾਰੇ ਲੱਗਣ ਤੋਂ ਪਹਿਲਾਂ ਇਸਮਾਈਲ ਨੇ ਸੋਇਬ ਅਤੇ ਬਾਬਰ ਇਮਰਾਨ ਨੂੰ ਕਿਹਾ– ਬੱਕਰੀ ਦੀਆਂ ਅੱਖਾਂ ਬੰਨ੍ਹ ਕੇ ਲਿਟਾ ਦਿਉ। ਇਸਮਾਈਲ ਅਤੇ ਬਾਬਰ ਨੇ ਉਸਨੂੰ ਦੱਬ ਕੇ ਰੱਖਿਆ, ਇਸਮਾਈਲ ਨੇ ਬਿਲਕੁਲ ਉਵੇਂ ਗਰਦਣ ਦੀ ਸ਼ਾਹਰਗ ਉਪਰ ਛੁਰੀ ਫੇਰੀ ਜਿਵੇਂ ਪਿੰਡ ਬੱਕਰੀ ਜ਼ਿਬਾਹ ਕਰਦਾ ਹੁੰਦਾ ਸੀ। ਤਿੰਨ ਬੱਚਿਆਂ ਦਾ ਪਿਤਾ ਸੋਲੰਕੀ ਖ਼ੂਨ ਦੇ ਛੱਪੜ ਵਿਚ ਦਮ ਤੋੜ ਗਿਆ। ਫਰਿਸ਼ਤਿਆਂ ਦੇ ਕਦਮਾਂ ਵਿਚ ਪੰਜ ਮਰਦਾਂ ਦੀ ਬਲੀ ਦੇ ਦਿੱਤੀ ਤਾਂ ਕਾਮਯਾਬੀ ਕਿਵੇਂ ਨਾ ਮਿਲੇਗੀ?

ਪਹਿਲਾ ਕਾਫਰ ਹਲਾਲ ਕਰਨ ਦਾ ਪੁੰਨ ਸ਼ੋਇਬ ਨੂੰ ਮਿਲਿਆ, ਬਾਬਰ ਇਮਰਾਨ ਨਾਲ ਕਿਹੜਾ ਪੱਖਪਾਤ ਹੋਇਆ? ਆਖ਼ਰ ਸੋਲੰਕੀ ਵੀ ਤਾਂ ਹਿੰਦੂ ਕਾਫਰ ਸੀ। ਪਰ ਬਾਬਰ ਅਤੇ ਨਾਸਿਰ ਦੇ ਉਤਸ਼ਾਹ ਦਾ ਕੋਈ ਟਿਕਾਣਾ ਨਹੀਂ ਸੀ ਕਿਉਂਕਿ ਉਨ੍ਹਾਂ ਨੇ ਯਹੂਦੀ ਮਾਰਨੇ ਸਨ। ਸ਼ਰਾਅ ਮੁਤਾਬਕ ਇਕ ਯਹੂਦੀ ਮਾਰਨ ਦਾ ਅੱਲਾ ਵਲੋਂ ਉਨ੍ਹਾਂ ਇਨਾਮ ਮਿਲੇਗਾ ਜਿੰਨਾ ਪੰਜਾਹ ਆਮ ਕਾਫਰ ਮਾਰਨ ਦਾ।

2500 ਸਾਲ ਪਹਿਲਾਂ ਤੋਂ ਯਹੂਦੀ ਭਾਰਤ ਵਿਚ ਆਕੇ ਵਸਦੇ ਰਹੇ ਜਿਥੇ ਕਦੀ ਉਨ੍ਹਾਂ ਨੂੰ ਨਫ਼ਰਤ ਨਹੀਂ ਮਿਲੀ। ਮੁਗ਼ਲ ਰਾਜ ਵੇਲੇ ਸਰਕਾਰ ਨੇ ਜਾਂ ਪੇਂਡੂ ਮੁਸਲਮਾਨਾ ਨੇ ਉਨ੍ਹਾਂ ਨਾਲ ਵਿਤਕਰਾ ਨਹੀਂ ਕੀਤਾ। ਭਾਰਤ ਵਿਚ ਯਹੂਦੀ ਲਫਜ਼ ਸਤਿਕਾਰਯੋਗ ਰਿਹਾ।

ਇਨ੍ਹਾਂ ਦਸਾਂ ਖਾੜਕੂਆਂ ਨੇ ਇਕੋ ਰੰਗ ਦੀਆਂ ਪੈਂਟਾਂ, ਕਮੀਜ਼ਾਂ ਪਹਿਨੀਆਂ ਹੋਈਆਂ, ਪਿਠ ਪਿਛੇ ਇਕੋ ਜਿਹੇ ਸਫਰੀ ਬੈਗ, ਜਿਵੇਂ ਟੂਰਿਸਟ ਕਾਲਜੀਏਟ ਹੋਣ। ਜਿਸ ਪੋਸ਼ ਇਲਾਕੇ ਵਿਚ ਯਹੂਦੀ ਮੰਦਰ ਅਤੇ ਪੁਜਾਰੀ ਪਰਿਵਾਰ ਰਹਿੰਦਾ ਸੀ ਉਥੇ ਪ੍ਰਸਿੱਧ ਚਿਤਰਕਾਰ ਐੱਮ. ਐੱਫ. ਹੁਸੈਨ ਅਤੇ ਉਦਯੋਗਪਤੀ ਅੰਬਾਨੀਆਂ ਦੀ ਰਿਹਾਇਸ਼ ਹੈ। ਸੜਕਾਂ ਸੁਨਸਾਨ ਸਨ ਕਿਉਂਕਿ ਲੋਕ ਟੀਵੀ ਨੂੰ ਚੰਬੜੇ ਭਾਰਤ-ਇੰਗਲੈਂਡ ਕ੍ਰਿਕਟ ਮੈਚ ਦਾ ਅਨੰਦ ਲੈ ਰਹੇ ਸਨ।

ਅਨੀਤਾ ਉਡਿਆਰ ਨਾ ਦੀ ਇਕ ਔਰਤ ਨੂੰ ਇਹ ਟੋਲੀ ਅਜੀਬ ਲੱਗੀ, ਪੁੱਛ ਲਿਆ ਕਿ ਕੌਣ ਹੋ, ਕੀ ਕਰਨ ਆਏ ਹੋ। ਗੁੱਸੇ ਨਾਲ ਇਕ ਨੇ ਕਿਹਾ– ਤੈਂ ਕੀ ਲੈਣੈ? ਆਪਣੇ ਕੰਮ ਨਾਲ ਮਤਲਬ ਰੱਖ। ਕਾਫਰ ਔਰਤ ਦੀ ਇਹ ਮਜਾਲ ਕਿ ਏਡੇ ਯੋਧਿਆਂ ਨੂੰ ਸਵਾਲ ਕਰੇ? ਦਸਾਂ ਨੇ ਦੋ ਦੋ ਦੀਆਂ ਟੋਲੀਆਂ ਵਿਚ ਵੰਡਿਆ ਜਾਣਾ ਸੀ। ਬਾਬਰ ਤੇ ਨਾਸਿਰ ਨੇ ਯਹੂਦੀਆਂ ਨੂੰ ਮਾਰਨਾ ਸੀ ਤੇ ਬਾਕੀ ਚਾਰ ਟੋਲੀਆਂ ਨੇ ਭੀੜਾਂ ਵਿਚ ਵੜਕੇ ਏਕੇ ਸੰਤਾਲੀ ਅਤੇ ਬੰਬ ਚਲਾ ਦੇਣੇ ਸਨ। ਮਰਨ ਵਾਲੇ ਹਿੰਦੂ, ਈਸਾਈ, ਸਿੱਖ ਜਾਂ ਮੁਸਲਮਾਨ ਜੋ ਮਰਜ਼ੀ ਹੋਣ, ਕੋਈ ਭੇਦ ਭਾਵ ਨਹੀਂ। ਪਹਿਲਾਂ ਇਹ ਅੱਠ ਜਣੇ ਚਾਰ ਥਾਵਾਂ ਤੇ ਧਮਾਕੇ ਕਰਨਗੇ, ਪੁਲਸ ਉਧਰ ਰੁਝ ਜਾਵੇਗੀ, ਇਧਰ ਯਹੂਦੀਆਂ ਦਾ ਸਫਾਇਆ ਬਾਅਦ ਵਿਚ ਸੌਖਾ ਹੋ ਜਾਵੇਗਾ।

29 ਸਾਲ ਦਾ ਅਮਰੀਕਣ ਯਹੂਦੀ ਪਾਦਰੀ ਆਪਣੀ 28 ਸਾਲਾ ਪਤਨੀ ਰਿਵੇਕਾ ਨਾਲ ਇਸ ਮੰਦਰ ਵਿਚ ਰਹਿ ਰਿਹਾ ਸੀ ਜਿਥੇ ਆਲੇ ਦੁਆਲੇ ਮੁਸਲਮਾਨਾ ਦੀ ਵਸੋਂ ਦਾ ਸਲੂਕ ਦੋਸਤਾਨਾ ਸੀ। ਰਾਤ ਤੇ ਦਸ ਵਜੇ ਤਕ ਹੈਂਡ ਗਰਨੇਡਾਂ ਅਤੇ ਏ.ਕੇ. ਸੰਤਾਲੀ ਦੀਆਂ ਵਾਛੜਾਂ ਨਾਲ ਚਾਰ ਟੋਲੀਆਂ ਕੁਹਰਾਮ ਮਚਾ ਚੁਕੀਆਂ ਤਾਂ ਦੋ ਜਣੇ ਯਹੂਦੀਆਂ ਦੇ ਨਰੀਮਾਂਹ ਟਿਕਾਣੇ ਵਲ ਵਧੇ। ਧਮਾਕਿਆਂ ਦੀ ਆਵਾਜ਼ ਸੁਣਕੇ ਪਾਦਰੀ ਨੇ ਪੁਲਸ ਨੂੰ ਫੋਨ ਕਰ ਦਿੱਤਾ। ਦੋਵੇਂ ਜਹਾਦੀ ਫੁਰਤੀ ਨਾਲ ਯਹੂਦੀ ਦੇ ਘਰ ਅੰਦਰ ਘੁਸੇ। ਬੰਦੂਕਾਂ ਤਾਣ ਲਈਆਂ, ਬਚ ਗਈ ਔਰਤ ਦਸਦੀ ਹੈ—ਰਿਵੇਕਾ ਡਰੀ ਨਹੀਂ, ਕਿਹਾ– ਮੈਨੂੰ ਮਾਰੋ। ਇਕ ਨਹੀਂ, ਕਈ ਗੋਲੀਆਂ ਲੰਘਾ ਦਿੱਤੀਆਂ। ਦੋ ਹੋਰ ਯਹੂਦੀ ਮਾਰਨ ਪਿੱਛੋਂ 55 ਸਾਲਾ ਨੋਰਮਾ ਅਤੇ 62 ਸਾਲਾ ਓਰਪਾ, ਦੋ ਔਰਤਾਂ ਬੰਦੀ ਬਣਾ ਲਈਆਂ ਤਾਂ ਕਿ ਸੌਦੇਬਾਜ਼ੀ ਹੋ ਸਕੇ। ਮੋਬਾਈਲਾਂ ਵਿਚ ਸਿਮ ਭਾਰਤੀ ਸਨ, ਪਾਕਿਸਤਾਨ ਵਿਚਲੇ ਆਪਣੇ ਮਾਲਕਾਂ ਨਾਲ ਸੰਪਰਕ ਕਾਇਮ ਕਰ ਲਿਆ, ਇਸ ਗੱਲੋਂ ਅਨਜਾਣ ਕਿ ਭਾਰਤੀ ਖੁਫੀਆ ਪੁਲਸ ਨੇ ਉਨ੍ਹਾਂ ਦੀ ਆਵਾਜ਼ ਫੜਕੇ ਸੁਣਨੀ ਤੇ ਰਿਕਾਰਡ ਕਰਨੀ ਸ਼ੁਰੂ ਕਰ ਦਿੱਤੀ ਹੈ।

ਬਾਬਰ ਨੇ ਆਪਣੇ ਆਕਾ ਨੂੰ ਪੁੱਛਿਆ– ਬਾਲਕੋਨੀਆਂ ਰਾਹੀਂ ਲੋਕ ਇਧਰ ਦੇਖ ਰਹੇ ਹਨ, ਗਲੀਆਂ ਵਿਚ ਭੀੜਾਂ ਯਹੂਦੀ ਘਰ ਵਲ ਆ ਰਹੀਆਂ ਹਨ, ਕੀ ਕਰੀਏ?

—ਕੀ ਕਰੀਏ? ਅੰਧਾਧੁੰਦ ਗੋਲੀਆਂ ਚਲਾਉ, ਜਿੰਨੇ ਮਰਦੇ ਨੇ ਮਰਨ।

ਇਹੀ ਹੋਇਆ। ਵਧੇਰੀ ਗਿਣਤੀ ਮੁਸਲਮਾਨ ਲਾਸ਼ਾਂ ਦੀ ਸੀ। ਸਵੇਰ ਸਾਰ ਜਹਾਦੀਆਂ ਨੂੰ ਦੁਖਦਾਈ ਖ਼ਬਰ ਮਿਲੀ।

ਧਮਾਕਿਆ, ਮੌਤਾਂ ਨਾਲ ਜਹਾਨ ਤਾਂ ਕੰਬ ਗਿਆ ਪਰ ਕਸਾਬ ਨਾਮ ਦਾ ਇਕ ਜਹਾਦੀ ਜਿਉਂਦਾ ਗ੍ਰਿਫਤਾਰ ਕਰ ਲਿਆ ਗਿਆ। ਵਿਘਨ ਪੈ ਗਿਆ, ਦਸ ਦੇ ਦਸ ਸ਼ਹੀਦ ਹੋਕੇ ਸੁਰਗ ਵਿਚ ਜਾਣਾ ਚਾਹੁੰਦੇ ਸਨ। ਕਸਾਬ ਨੇ ਪੁਲਸੀਆਂ ਦੇ ਬੜੇ ਤਰਲੇ ਕੀਤੇ ਕਿ ਗੋਲੀ ਮਾਰੋ, ਸੁਰਗ ਵਿਚ ਮੇਰੇ ਸਾਥੀ ਮੈਨੂੰ ਉਡੀਕ ਰਹੇ ਨੇ। ਪੁਲਸ ਮੰਨੀ ਨਹੀਂ। ਬਹੱਤਰ ਹੂਰਾਂ ਹੋਕਾ ਲੈਕੇ ਬੈਠ ਗਈਆਂ ਹੋਣਗੀਆਂ ਜਿਨ੍ਹਾਂ ਨੇ ਸ਼ਹੀਦ ਨੂੰ ਮਿਲਣਾ ਸੀ।

ਪਾਕਿਸਤਾਨੋਂ ਨੋਰਮਾ ਕੋਲ ਫੋਨ ਆਇਆ— ਮੈਡਮ, ਇਜ਼ਰਾਈਲ ਦੇ ਰਾਜਦੂਤ ਨੂੰ ਕਹਿ ਕਿ ਕਸਾਬ ਨੂੰ ਅਤੇ ਇਨ੍ਹਾਂ ਦੋਵਾਂ ਨੂੰ ਸੁਰੱਖਿਅਤ ਪਾਕਿਸਤਾਨ ਪੁਚਾਉ। ਨੋਰਮਾ ਨੇ ਦੱਸਿਆ- ਮੈਂ ਸੰਪਰਕ ਕਰ ਰਹੀ ਹਾਂ। ਨੋਰਮਾ ਦੀਆਂ ਸਿਸਕੀਆਂ ਸੁਣਦਾ ਪਾਕਿਸਤਾਨੀ ਆਕਾ ਹੱਸ ਰਿਹਾ ਸੀ। ਪਾਕਿਸਤਾਨੀ ਆਵਾਜ਼ ਨੇ ਬਾਬਰ ਨੂੰ ਕਿਹਾ- ਇਹ ਨਹੀਂ ਦੱਸਣਾ ਕਿ ਕੇਵਲ ਦੋ ਔਰਤਾਂ ਬੰਦੀ ਹਨ, ਕਹਿਣਾ ਸਾਰੇ ਬੰਨ੍ਹ ਰੱਖੇ ਹਨ। ਸੌਦੇਬਾਜ਼ੀ ਵਾਸਤੇ ਇਹ ਜ਼ਰੂਰੀ ਹੈ। ਸ਼ਾਮ ਦੇ ਦਸ ਵੱਜ ਗਏ, ਯਾਨੀ ਕਿ 24 ਘੰਟੇ ਬੀਤ ਗਏ, ਨਾ ਇਜ਼ਰਾਈਲ ਗੱਲ ਕਰ ਰਿਹੈ ਨਾ ਭਾਰਤ। ਪਾਕਿਸਤਾਨੋ ਫਿਰ ਫੋਨ ਆਇਆ, ਬਾਬਰ ਨੇ ਪੁੱਛਿਆ- ਕੀ ਕਰੀਏ? ਜਵਾਬ- ਦੋਵਾਂ ਔਰਤਾਂ ਨੂੰ ਗੋਲੀ ਮਾਰ ਦਿਉ। -ਕੀ? ਹਾਂ, ਹੁਣੇ, ਪਤਾ ਨਹੀਂ ਕਿਧਰੋਂ ਕਿਹੋ ਜਿਹਾ ਹਮਲਾ ਹੋ ਜਾਵੇ ਤੇ ਇਹ ਦੋ ਜਣੀਆਂ ਬਚ ਜਾਣ।

-ਪਰ ਨਾਸਿਰ ਬਹੁਤ ਥੱਕ ਗਿਆ ਸੀ, ਹੁਣੇ ਸੁੱਤਾ ਹੈ।

-ਚੰਗਾ ਅੱਧਾ ਘੰਟਾ ਸੌਣ ਦੇਹ, ਫੇਰ ਕੰਮ ਨਬੇੜ ਦਈਂ।

ਇਕ ਘੰਟੇ ਬਾਅਦ ਪਾਕਿਸਤਾਨੋ ਫਿਰ ਫੋਨ ਆਇਆ- ਕੰਮ ਕੀਤਾ ਕਿ ਨਾ?

-ਹੁਣ ਕਰ ਦਿੰਦਾ ਹਾਂ, ਤੁਹਾਨੂੰ ਫਾਇਰਿੰਗ ਦੀ ਆਵਾਜ਼ ਸੁਣਾਉਣੀ ਸੀ ਨਾ।

ਥੋੜੀ ਦੇਰ ਬਾਅਦ ਗੋਲੀਆਂ ਚੱਲਣ ਦੀ ਆਵਾਜ਼ ਆਈ, ਕਿਹਾ-ਕੰਮ ਤਮਾਮ। ਉਧਰੋਂ ਸਵਾਲ-ਇਕ ਕਿ ਦੋਵੇਂ? ਜਵਾਬ-ਅੱਲਾਹ ਦੇ ਨਾਮ ਦੇ ਯਕ-ਲਖਤ ਦੋਵੇਂ।

ਆਖ਼ਰ ਦੋ ਕਤਲਾਂ ਤੋਂ ਨੌਂ ਘੰਟਿਆਂ ਬਾਦ ਹੈਲੀਕਾਪਟਰ ਵਿਚੋਂ ਨਰੀਮਾਂ ਹਾਊਸ ਉਪਰ ਕਮਾਂਡੋ ਉਤਰੇ ਤੇ ਫਾਇਰਿੰਗ ਸ਼ੁਰੂ ਹੋਈ। ਬਾਬਰ ਦੇ ਆਖਰੀ ਬੋਲ- ਉਹ ਆ ਉਤਰੇ ਨੇ। ਮੇਰੀ ਬਾਂਹ ਅਤੇ ਲੱਤ ਤੇ ਗੋਲੀ ਵੱਜੀ। ਦੁਆ ਕਰੋ ਕਿ ਅਸੀਂ ਜਲਦੀ ਸ਼ਹੀਦ ਹੋਈਏ। ਇਸ ਵਾਕ ਤੋਂ ਬਾਅਦ ਮੋਬਾਇਲ ਡਿਗਣ ਦੀ ਆਵਾਜ਼ ਆਈ। ਕੇਵਲ ਇਕ ਯਹੂਦੀ ਬੱਚਾ, ਮੋਸ਼ੇ ਬਚਿਆ, ਮਾਪਿਆਂ ਦੀ ਮੌਤ ਦੇ ਦਿਨ ਉਹ ਦੋ ਸਾਲ ਦਾ ਹੋਇਆ ਸੀ। ਪਾਕਿਸਤਾਨ ਨੇ ਇਹ ਵਾਰਦਾਤ ਭਾਰਤ-ਇਜ਼ਰਾਈਲ ਸੰਬੰਧ ਵਿਗਾੜਨ ਖਾਤਰ ਕੀਤੀ, ਉਲਟ ਹੋਇਆ। ਦੋਵੇਂ ਦੇਸ ਸੰਕਟ ਕਾਰਨ ਇਕ ਦੂਜੇ ਦੇ ਨਜ਼ਦੀਕ ਆ ਗਏ।

ਭਾਰਤੀ ਮੁਸਲਮਾਨ ਕਾਲਮਨਵੀਸ ਐੱਮ.ਜੇ. ਅਕਬਰ ਨੇ ਕਿਹਾ- ਸਾਨੂੰ ਭਾਰਤੀ ਮੁਸਲਮਾਨ ਹੋਣ ਦਾ ਫਖ਼ਰ ਹੈ। ਇਹ ਜਹਾਦੀ ਨਾ ਭਾਰਤੀ ਸਨ ਨਾ ਮੁਸਲਮਾਨ। ਇਨ੍ਹਾਂ ਦਰਿੰਦਿਆਂ ਨੂੰ ਭਾਰਤੀ ਕਬਰਿਸਤਾਨ ਵਿਚ ਦਫਨ ਨਹੀਂ ਕਰਾਂਗੇ। ਪਾਕਿਸਤਾਨ ਨਾਲ ਸੰਪਰਕ ਕੀਤਾ, ਉਨ੍ਹਾਂ ਨੇ ਲਾਸ਼ਾਂ ਲੈਣ ਤੋਂ ਇਨਕਾਰ ਕਰ ਦਿੱਤਾ। ਮਹਾਰਾਸ਼ਟਰ ਸਰਕਾਰ ਨੇ ਲਾਵਾਰਸ ਲਾਸ਼ਾਂ ਇਕ ਸਾਲ ਫਰੀਜ਼ਰ ਵਿਚ ਰੱਖਣ ਮਗਰੋਂ ਅਣਦੱਸੀ ਥਾਂ ਉਪਰ ਸਤਿਕਾਰ ਨਾਲ ਦਫਨਾ ਦਿੱਤੀਆਂ। ਪਾਕਿਸਤਾਨ ਸਰਕਾਰ ਦੇ ਬੁਲਾਰੇ ਨੇ ਕਿਹਾ- "ਇਹ ਡਰਾਮਾ ਪਾਕਿਸਤਾਨ ਨੂੰ ਬਦਨਾਮ ਕਰਨ ਲਈ ਅਮਰੀਕਾ, ਇਜ਼ਰਾਈਲ ਅਤੇ ਭਾਰਤ ਨੇ ਕੀਤਾ। ਤਸਵੀਰਾਂ ਵਿਚ ਕਸਾਬ ਦੇ ਹੱਥ ਵਿਚ ਏਕੇ-47 ਹੈ ਤੇ ਗੁੱਟ ਉੱਤੇ ਕੇਸਰੀ ਰੰਗ ਦੀ ਲੀਰ ਬੰਨ੍ਹੀ ਹੋਈ ਹੈ। ਮੁਸਲਮਾਨ ਕੇਸਰੀ ਲੀਰ ਨਹੀਂ ਬਨ੍ਹਦੇ। ਧਿਆਨ ਨਾਲ ਦੇਖੋ, ਸਾਰਿਆਂ ਦੇ ਨੈਣ ਨਕਸ਼ ਹਿੰਦੂਤਵੀਆਂ ਵਾਲੇ ਹਨ, ਹਿੰਦੀ ਬੋਲ ਰਹੇ ਹਨ।" ਮਈ 2010 ਵਿਚ ਮੁੰਬਈ ਅਦਾਲਤ ਨੇ ਕਸਾਬ ਨੂੰ ਫਾਂਸੀ ਦੀ ਸਜ਼ਾ ਸੁਣਾਈ ਤੇ ਇਸ ਸਮੇਂ ਤਕ ਦੁਨੀਆਂ ਨੂੰ ਪਤਾ ਲੱਗ ਚੁੱਕਾ ਸੀ ਕਿ ਪਾਕਿਸਤਾਨੀ ਮੁਸਲਮਾਨਾ ਨੇ ਕੈਨੇਡਾ ਅਤੇ ਇੰਗਲੈਂਡ ਵਿਚੋਂ ਵਾਰਦਾਤ ਨੂੰ ਸਰਅੰਜਾਮ ਦਿੱਤਾ। ਅਕਤੂਬਰ ਵਿਚ ਦੋ ਮੁਸਲਮਾਨ ਅਮਰੀਕਾ ਵਿਚੋਂ ਗ੍ਰਿਫਤਾਰ ਕੀਤੇ ਜਿਹੜੇ ਇਸ ਸਾਜ਼ਸ਼ ਵਿਚ ਸ਼ਾਮਲ ਸਨ। ਸੱਯਦ ਗਿਲਾਨੀ ਨੇ ਵਾਅਦਾ ਮੁਆਫ਼ ਗਵਾਹ ਭੁਗਤਦਿਆਂ ਤਹੱਵੁਰ ਹੁਸੈਨ ਰਾਣਾ ਦਾ ਸਾਰਾ ਭਾਂਡਾ ਭੰਨ ਦਿੱਤਾ। ਮੁੰਬਈ ਤੋਂ ਪਹਿਲਾਂ ਦੁਨੀਆਂ ਵੱਖ-ਵੱਖ ਥਾਵਾਂ ਤੇ 9 ਬੰਬ ਧਮਾਕੇ ਯਹੂਦੀ ਮੰਦਰਾਂ ਵਿਚ ਹੋ ਚੁੱਕੇ ਸਨ। ਕਾਰਾ ਕਰਨ ਵਾਲੇ ਮੁਸਲਾਮਨਾ ਦਾ ਕਿਸੇ ਯਹੂਦੀ ਹੱਥੋਂ ਕੋਈ ਨੁਕਸਾਨ ਤਾਂ ਕੀ ਹੋਣਾ ਸੀ ਕਿਸੇ ਯਹੂਦੀ ਨਾਲ ਕਦੀ ਗੱਲ ਵੀ ਨਹੀਂ ਹੋਈ ਸੀ। ਮਦਰੱਸਿਆਂ ਵਿਚ ਮਿਲੀ ਟ੍ਰੇਨਿੰਗ ਰੰਗ ਖਿੜਾ ਰਹੀ ਸੀ।

ਜੁਮੇ ਦੀ ਨਮਾਜ਼ ਪੜ੍ਹਨ ਪਿਛੋਂ ਹਰੇਕ ਮਸਜਿਦ ਵਿਚ ਅਰਦਾਸ ਕੀਤੀ ਜਾਂਦੀ ਹੈ- ਯਾ ਖੁਦਾ, ਕਾਫਰਾਂ ਨੂੰ ਹਰਾ। ਇਥੇ

ਕਾਫਰ ਲਫਜ਼ ਦਾ ਮਾਇਨਾ ਯਹੂਦੀ ਅਤੇ ਗ਼ੈਰ ਮੁਸਲਮਾਨ ਹਨ। ਇਹ ਵਾਕ ਮੌਲਵੀਆਂ ਨੇ ਵੈਬਸਾਈਟ ਤੇ ਵੀ ਪਾ ਰਖਿਆ ਹੈ ਤਾਂ ਕਿ ਜਿਹੜੇ ਮਸਜਿਦ ਨਹੀਂ ਜਾਂਦੇ ਉਨ੍ਹਾਂ ਨੂੰ ਵੀ ਅਹਿਸਾਸ ਰਹੇ ਕਿ ਕਾਫਰਾਂ ਨੂੰ ਹਰਾਉਣਾ ਹੈ।

ਟੋਰਾਂਟੋ ਦੀ ਮਸਜਿਦ ਵਿਚ ਅਕਤੂਬਰ 2009 ਦੇ ਜੁਮੇ ਦਿਨ ਈਮਾਮ ਸੱਯਦ ਰਗੀਆ ਨੇ ਨਮਾਜ਼ ਪਿਛੋਂ ਕਿਹਾ- ਯਾ ਅੱਲਾਹ ਕਾਫਰਾਂ ਅਤੇ ਪੱਛਮੀ ਨਾਸਤਿਕਾਂ ਨੂੰ ਸ਼ਿਕਸਤ ਦੇਹ, ਇਸਲਾਮ ਦਾ ਨੁਕਸਾਨ ਕਰਨ ਦੇ ਇਰਾਦੇ ਨਾਲ ਉਹ ਸਿਰ ਉਚਾ ਨਾ ਚੁਕ ਸਕਣ। ਨੈਸ਼ਨਲ ਪੋਸਟ ਦੇ ਅਖ਼ਬਾਰ ਨਵੀਸ ਨੇ ਈਮਾਮ ਨੂੰ ਪੁੱਛਿਆ-ਮਸਜਿਦ ਦੇ ਪਲੈਟ ਫਾਰਮ ਤੋਂ ਨਫਰਤ ਦੇ ਬੋਲ ਬੋਲਣ ਦਾ ਕੀ ਮਤਲਬ? ਸਾਊਦੀ ਅਰਬ ਵਿਚ ਪੜ੍ਹੇ ਈਮਾਮ ਨੇ ਕਿਹਾ-ਗ਼ੈਰਮੁਸਲਮਾਨਾ ਦੀ ਬੇਇਜ਼ਤੀ ਕਰਨੀ ਮੇਰੀ ਮਨਸ਼ਾ ਨਹੀਂ। ਜਦੋਂ ਮੈਂ ਕਿਹਾ ਸੀ ਗ਼ੈਰਮੁਸਲਮਾਨਾ ਨੂੰ ਤਬਾਹ ਕਰ ਅੱਲਾਹ, ਉਦੋਂ ਮੇਰਾ ਮਤਲਬ ਏਨਾ ਸੀ ਕਿ ਕੋਈ ਮੁਸਲਮਾਨ ਦੇ ਹੱਕਾਂ ਉਪਰ ਛਾਪਾ ਮਾਰਨ ਦਾ ਯਤਨ ਨਾ ਕਰੇ। ਸਾਰੀ ਦੁਨੀਆਂ ਦੇ ਮੁਸਲਮਾਨ ਵਿਦਵਾਨ ਈਮਾਮ ਦੇ ਹੱਕ ਵਿਚ ਆ ਡਟੇ।

ਸ਼ੇਖ ਮੁਹੰਮਦ ਸ਼ਿੰਕਤੀ ਇਸਲਾਮੀ ਦੁਨੀਆਂ ਵਿਚ ਸਤਿਕਾਰਯੋਗ ਵਿਦਵਾਨ ਹੈ ਜਿਸਨੂੰ ਫਤਵੇ (ਫੈਸਲੇ) ਜਾਰੀ ਕਰਨ ਦਾ ਅਧਿਕਾਰ ਹੈ। ਸਾਲ 2005 ਵਿਚ ਉਸਨੂੰ ਪੁੱਛਿਆ ਗਿਆ- ਕਾਫਰ ਕੌਣ ਹਨ? ਉਸਨੇ ਉੱਤਰ ਦਿੱਤਾ- ਯਹੂਦੀ ਅਤੇ ਈਸਾਈ ਕਾਫਰ ਹਨ ਕਿਉਂਕਿ ਉਨ੍ਹਾਂ ਨੇ ਹਜ਼ਰਤ ਮੁਹੰਮਦ ਸਾਹਿਬ ਉੱਤੇ ਈਮਾਨ ਨਹੀਂ ਲਿਆਂਦਾ। ਅੱਜ ਕੱਲ੍ਹ ਕਾਫਰ ਲਫਜ਼ ਸੁਣਕੇ ਬੁਰਾ ਮਨਾਉਂਦੇ ਹਨ ਇਸ ਕਰਕੇ ਮੈਂ ਕਾਫਰ ਦੀ ਥਾਂ "ਗ਼ੈਰਮੁਸਲਿਮ" ਲਫ਼ਜ਼ ਵਰਤਦਾ ਹਾਂ, ਮਤਲਬ ਇਸਦਾ ਵੀ ਕਾਫਰ ਹੈ।

9 ਮਾਰਚ 2009 ਨੂੰ ਇਕ ਮਸਫੁਟ ਮੁਸਲਮਾਨ ਨੇ ਮਿਸਰ ਦੇ ਅਲ-ਰਹਿਮਾਨ ਟੀਵੀ ਤੋਂ ਆਪਣੇ ਮੁਰਸ਼ਦ ਸਾਹਮਣੇ ਅਰਦਾਸ ਕੀਤੀ :

ਯਾ ਅੱਲਾਹ ਯਹੂਦੀਆਂ ਨੂੰ ਮੁਕੰਮਲ ਤੌਰ ਤੇ ਤੋੜ ਦੇਹ। ਉਨ੍ਹਾਂ ਨੂੰ ਅਜਿਹਾ ਰੋਗ ਲਾ ਜਿਹੜਾ ਲਾਇਲਾਜ ਹੋਵੇ। ਅਸਮਾਨ ਵਿਚੋਂ ਉਨ੍ਹਾਂ ਉਪਰ ਬਿਜਲੀਆਂ ਸੁੱਟ। ਉਨ੍ਹਾਂ ਨੂੰ ਹਰ ਕਿਸਮ ਦੇ ਤਸੀਹੇ ਦੇਹ। ਅਬਾਬੀਲਾਂ ਦੇ ਝੁੰਡ ਉਡਦੇ ਆਉਣ ਤੇ ਯਹੂਦੀਆਂ ਉਪਰ ਪੱਥਰ ਬਰਸਾਉਂਦ, ਉਨ੍ਹਾਂ ਨੂੰ ਘਾਹ ਫੂਸ ਬਣਾ ਦੇ ਤਾਂ ਕਿ ਪਸ਼ੂ ਚਰ ਜਾਣ। ਯਾ ਅੱਲਾਹ ਉਨ੍ਹਾਂ ਦੀਆਂ ਬੀਵੀਆਂ ਵਿਧਵਾ ਅਤੇ ਬੱਚੇ ਯਤੀਮ ਹੋ ਜਾਣ। ਯਾ ਅੱਲਾਹ ਮੁਜਾਹਿਦੀਨ ਉਪਰ ਰਹਿਮ ਕਰ ਤਾਂ ਕਿ ਉਹ ਫਤਿਹਯਾਬ ਹੋਣ। ਆਮੀਨ।

ਗ਼ੈਰਮੁਸਲਮਾਨ ਇਹ ਅਰਦਾਸ ਸੁਣਕੇ ਸਦਾਮਾਗ੍ਰਸਤ ਹੋ ਜਾਏਗਾ ਪਰ ਮੁਸਲਮਾਨਾ ਲਈ ਇਹੋ ਜਿਹੀਆਂ ਅਰਦਾਸਾਂ ਵਿਚ ਕੋਈ ਨੁਕਸ ਨਹੀਂ, ਇਹ ਆਮ ਗੱਲ ਹੈ। ਇਸ ਸਥਾਈ ਨਫਰਤ ਦੀ ਜੜ ਲਭਣੀ ਪਵੇਗੀ।

17 ਸਾਲ ਵਿਦੇਸ਼ਾਂ ਵਿਚ ਰਹਿਣ ਬਾਅਦ ਤਾਰਿਕ ਫਤਹ ਪਾਕਿਸਤਾਨ ਪਰਤਿਆ ਤਾਂ ਕਰਾਚੀ ਦੀ ਇਕ ਗਲੀ ਵਿਚ ਬੈਨਰ ਟੰਗਿਆ ਹੋਇਆ ਦੇਖਿਆ, ਲਿਖਿਆ ਸੀ- ਬਰਡ ਫਲੂ ਯਹੂਦੀਆਂ ਦੀ ਸਾਜ਼ਿਸ਼ ਹੈ। ਉਸਨੂੰ ਪਤਾ ਨਾ ਲੱਗਾ ਕੀ ਮਤਲਬ ਹੈ। ਅਗੇ ਗਿਆ ਇਕ ਦੁਕਾਨ ਦੇ ਫੱਟੇ ਹੇਠ ਇਹੋ ਬੈਨਰ ਲਟਕ ਰਿਹਾ ਸੀ। ਉਹ ਦੁਕਾਨ ਅੰਦਰ ਗਿਆ ਤੇ ਪੁੱਛਿਆ-ਇਹ ਸਭ ਕੀ ਹੈ। ਦੁਕਾਨਦਾਰ ਨੇ ਉਸਦੇ ਹੱਥ ਵਿਚ ਇਕ ਕਿਤਾਬ ਫੜਾ ਕੇ ਕਿਹਾ- ਜਾ ਕੇ ਇਸ ਨੂੰ ਪੜ੍ਹ ਲੈਣਾ। ਨਾਲੇ ਦੱਸਿਆ ਕਿ ਇੰਡੋਨੇਸ਼ੀਆ ਇਸਲਾਮੀ ਦੇਸ ਹੈ, ਉਥੋਂ ਦੀ ਪੋਲਟਰੀ ਇੰਡਸਟਰੀ ਯਹੂਦੀਆਂ ਨੇ ਤਬਾਹ ਕਰ ਦਿੱਤੀ ਹੈ। ਦੁਕਾਨਦਾਰ ਨੇ ਇਹ ਵੀ ਕਿਹਾ- ਕੇਵਲ ਬਰਡ ਫਲੂ ਨਹੀਂ, ਅਮਰੀਕਾ ਨਾਲ ਰਲਕੇ ਯਹੂਦੀਆਂ ਨੇ ਮੁਸਲਮਾਨਾ ਦੀ ਤਬਾਹੀ ਸੁਨਾਮੀ ਨਾਲ ਵੀ ਮਚਾਈ ਹੈ। ਤਾਰਿਕ ਨੇ ਆਪਣੇ ਸਾਥੀ ਨੂੰ ਕਿਹਾ- ਮੈਂ ਦੇਖ ਰਿਹਾਂ ਕਰਾਚੀ ਬਹੁਤ ਅਮੀਰ ਹੋ ਗਿਐ ਪਹਿਲਾਂ ਨਾਲੋਂ, ਪਰ ਅਕਲ ਦਾ ਦਿਵਾਲਾ ਨਿਕਲ ਗਿਐ।

ਅਮੀਰ ਹਵੇਲੀਆਂ ਵਿਚ ਕਰਾਚੀ ਦੇ ਬਾਸ਼ਿੰਦੇ ਵਿਸਕੀ ਦੇ ਜਾਮ ਛਲਕਾਉਂਦੇ ਹੋਏ ਅਮਰੀਕਾ ਅਤੇ ਇਜ਼ਰਾਈਲ ਨੂੰ ਕੋਸਦੇ ਨਹੀਂ ਥਕਦੇ। ਇਹੋ ਜਿਹੀਆਂ ਗੱਲਾਂ ਕਰਦੇ ਹਨ- "ਤੁਹਾਨੂੰ ਪਤੈ 9/11 ਨੂੰ ਜਦੋਂ ਅਮਰੀਕਣ ਟਰੇਡ ਟਾਵਰਾਂ ਨਾਲ ਜਹਾਜ਼ ਟਕਰਾਏ ਉਸ ਦਿਨ ਪੰਜ ਹਜ਼ਾਰ ਯਹੂਦੀ ਕੰਮ ਉਪਰ ਹੀ ਨਹੀਂ ਗਏ। ਸੁਰਖੀ ਪਾਊਡਰ ਨਾਲ ਲਿੱਪੀਆਂ ਉਨ੍ਹਾਂ ਦੀਆਂ ਬੀਵੀਆਂ ਟਾਵਰਾਂ ਦੇ ਮਲਬੇ ਕੋਲੋਂ ਦੀ ਲੰਘਦੀਆਂ ਠਹਾਕਾ ਮਾਰ ਕੇ ਹਸਦੀਆਂ ਹਨ। ਇਹ ਕਾਰਾ ਹੈ ਈ ਯਹੂਦੀਆਂ ਦਾ।" ਅਮਰੀਕਾ ਨੂੰ ਬੁਰਾ ਭਲਾ ਵੀ ਕਹਿੰਦੇ ਹਨ, ਅਮਰੀਕਣ ਵੀਜ਼ਾ ਮਿਲ ਜਾਵੇ, ਫਿਰ ਗਰੀਨ ਕਾਰਡ ਮਿਲੇ ਇਸ ਦੇ ਇਛੁਕ ਵੀ ਹਨ।

ਘਰ ਆਕੇ ਤਾਰਿਕ ਨੇ ਪੈਂਫਲਿਟ ਪੜ੍ਹਨਾ ਸ਼ੁਰੂ ਕੀਤਾ ਜਿਸਦਾ ਟਾਈਟਲ ਸੀ *The Protocols for the Elders of*

*Zion.* ਜਦੋਂ ਜ਼ਾਰ ਦੀ ਸਰਕਾਰ ਨੇ ਦੇਖਿਆ ਕਿ ਕਮਿਊਨਿਸਟ ਜੋਰ ਫੜਦੇ ਜਾ ਰਹੇ ਹਨ ਉਦੋਂ 1900 ਦੇ ਆਰੰਭ ਵਿਚ ਇਹ ਪੈਂਫਲਿਟ ਰੂਸ ਵਿਚ ਵੱਡੀ ਗਿਣਤੀ ਵਿਚ ਛਪਵਾ ਕੇ ਵੰਡਿਆ ਗਿਆ, 1905 ਦੀ ਰੂਸੀ ਬਗਾਵਤ ਭਾਵੇਂ ਫੇਲ ਹੋ ਗਈ ਪਰ ਏਡੀ ਵੱਡੀ ਲੋਕਾਈ ਸਰਕਾਰ ਦੇ ਖਿਲਾਫ ਹੈ, ਇਸ ਤੋਂ ਸਰਕਾਰ ਖੌਫਜ਼ਦਾ ਹੋ ਗਈ ਸੀ। ਮੁੜ ਛਾਪਿਆ, ਵੰਡਿਆ ਗਿਆ। ਪੈਂਫਲਿਟ ਵਿਚ ਮਨਘੜਤ ਤੱਥਾਂ ਦੇ ਆਧਾਰ ਤੇ ਇਸ ਸਾਜ਼ਿਸ਼ ਦੇ ਦੋਸ਼ੀ ਯਹੂਦੀਆਂ ਨੂੰ ਠਹਿਰਾਇਆ ਗਿਆ। ਸਾਲ 1904 ਵਿਚ ਜਾਪਾਨ ਨੇ ਰੂਸ ਨੂੰ ਹਰਾ ਦਿੱਤਾ ਸੀ, ਇਸ ਵਾਸਤੇ ਵੀ ਯਹੂਦੀ ਕਸੂਰਵਾਰ ਮੰਨੇ ਗਏ। ਜ਼ਾਰ ਸਰਕਾਰ ਯਹੂਦੀਆਂ ਨੂੰ ਕਮਿਊਨਿਸਟ ਕਹਿੰਦੀ ਸੀ, 1917 ਵਿਚ ਰੂਸ ਵਿਚ ਇਨਕਲਾਬ ਆ ਗਿਆ ਤਾਂ ਕਮਿਊਨਿਸਟਾਂ ਨੇ ਕਿਹਾ ਕਿ ਯਹੂਦੀ ਸਰਮਾਏਦਾਰ ਹਨ, ਪੂੰਜੀਵਾਦ ਦੇ ਹਮਾਇਤੀ ਹਨ, ਜ਼ਾਰ ਹੱਥੋਂ ਪਿਟ ਚੁਕੇ ਸਨ, ਕਾਮਰੇਡਾਂ ਹੱਥੋਂ ਮਰਨ ਦੀ ਸ਼ੁਰੂਆਤ ਹੋ ਗਈ। ਇਹ ਤਾਂ ਭਲਾ ਹੋਵੇ ਲੰਡਨ ਆਧਾਰਿਤ ਅਖ਼ਬਾਰ ਟਾਈਮਜ਼ ਦਾ ਜਿਸਨੇ ਤੱਥ ਖੋਜ ਦੇ ਆਧਾਰ ਤੇ ਸਾਬਤ ਕੀਤਾ ਕਿ ਪ੍ਰੋਟੋਕੋਲ ਪੈਂਫਲਿਟ ਮਨਘੜਤ ਹੈ, ਇਸ ਵਿਚਲਾ ਇਕ ਵੀ ਤੱਥ ਸਹੀ ਸਾਬਤ ਨਹੀਂ ਹੋਇਆ, ਪਰ ਇਸ ਨਾਲ ਕਿਹੜਾ ਗੱਲ ਮੁੱਕ ਗਈ? ਅੱਜ ਇਹ ਪੈਂਫਲਿਟ ਮੁਸਲਮਾਨਾ ਦੇ ਹੱਥ ਆ ਗਿਆ ਹੈ।

ਅਰਬ ਦੇਸ਼ਾਂ ਵਿਚ ਛਪਦਾ ਕੋਈ ਅਖ਼ਬਾਰ ਚੁਕੋ, ਇਜ਼ਰਾਈਲ ਦੇ ਝੰਡੇ ਉਪਰ ਹਿਟਲਰ ਦਾ ਨਿਸ਼ਾਨ ਸਵਾਸਤਿਕ ਛਾਪਿਆ ਮਿਲੇਗਾ, ਕਾਰਟੂਨਾ ਵਿਚ ਯਹੂਦੀਆਂ ਦੇ ਮੂੰਹਾਂ ਵਿਚ ਲੰਮੀਆਂ ਨੋਸਾਂ ਹਨ, ਸੱਪ ਦਾ ਡੰਗ ਹੈ, ਸਰਕਾਰੀ ਸਕੂਲ ਦੀਆਂ ਪਾਠ ਪੋਥੀਆਂ ਵਿਚ ਉਨ੍ਹਾਂ ਬਾਰੇ ਲਿਖਿਆ ਹੈ- ਉਹ ਦਗੇਬਾਜ਼ ਹਨ, ਕਾਮਵਾਸਨਾ ਵਿਚ ਗਰਕੇ ਹੋਏ ਹਨ, ਉਨ੍ਹਾਂ ਦੀਆਂ ਔਰਤਾਂ ਵੇਸਵਾਗਮਨੀ ਦੀਆਂ ਸ਼ੌਕੀਨ ਹਨ। ਨੌਵੀਂ ਦਸਵੀਂ ਦੀ ਪਾਠ ਪੋਥੀ ਵਿਚ ਪਾਕਿਸਤਾਨੀ ਸਰਕਾਰ ਨੇ ਛਾਪ ਰੱਖਿਆ ਸੀ- ਜੋ ਅੱਲਾਹ ਨੂੰ ਨਹੀਂ ਮੰਨਦੇ ਉਨ੍ਹਾਂ ਵਿਰੁੱਧ ਜਹਾਦ ਕਰੋ। ਯਹੂਦੀਆਂ ਅਤੇ ਈਸਾਈਆਂ ਉਪਰ ਅੱਲਾਹ ਕਹਿਰ ਢਾਹੇਗਾ। ਜਦੋਂ ਵਿਸ਼ਵ ਬੈਂਕ ਨੇ ਧਮਕੀ ਦਿੱਤੀ ਕਿ ਇਹ ਪੈਰੇ ਨਾ ਹਟਾਏ ਤਾਂ ਪੈਸੇ ਦੇਣੇ ਬੰਦ ਕਰ ਦਿਆਂਗੇ, ਨੌਵੀਂ ਦਸਵੀਂ ਦੀ ਕਿਤਾਬ ਵਿਚੋਂ ਹਟਾਕੇ ਇਹੋ ਪੈਰੇ ਗਿਆਹਰਵੀਂ ਬਾਹਰਵੀਂ ਕਲਾਸ ਦੀਆਂ ਪੋਥੀਆਂ ਵਿਚ ਛਾਪ ਦਿੱਤੇ।

ਯਹੂਦੀਆਂ ਨਾਲ ਜ਼ਾਲਮਾਨਾ ਵਿਹਾਰ ਦੀ ਸ਼ੁਰੂਆਤ ਮੁਸਲਮਾਨਾ ਨੇ ਨਹੀਂ ਬਹੁਤ ਸਮਾਂ ਪਹਿਲਾਂ ਈਸਾਈਆਂ ਨੇ ਕੀਤੀ ਸੀ। ਪੋਪ ਜਾਨ ਪਾਲ ਦੂਜਾ 2001 ਵਿਚ ਜਦੋਂ ਦਮਸਕਸ ਗਿਆ ਤਾਂ ਇਸ ਪੁਰਾਣੇ ਪਿਛੋਕੜ ਦਾ ਲਾਭ ਉਠਾਉਂਦਿਆਂ ਸਵਾਗਤੀ ਭਾਸ਼ਣ ਵਿਚ ਰਾਸ਼ਟਰਪਤੀ ਬਸ਼ਰ ਅਲ ਅਸਦ ਨੇ ਕਿਹਾ- ਯਸੂ ਮਸੀਹ ਨੂੰ ਸ਼ਹੀਦ ਕਰਨ ਦਾ ਬਦਨਾਮ ਕਾਰਾ ਯਹੂਦੀਆਂ ਨੇ ਕੀਤਾ ਸੀ। ਦੇਖਿਆ ਕਿ ਇਹ ਲਫਜ਼ ਸੁਣਕੇ ਪੋਪ ਉਤੇ ਅਸਰ ਨਹੀਂ ਹੋਇਆ ਤਾਂ ਉਸਦੇ ਧਾਰਮਿਕ ਮਾਮਲਿਆਂ ਬਾਰੇ ਵਜ਼ੀਰ ਨੇ ਭਾਸ਼ਣ ਦੌਰਾਨ ਦੁਹਰਾਇਆ- ਸਾਨੂੰ ਸਭ ਨੂੰ ਇਸ ਗੱਲੋਂ ਚੌਕਸ ਰਹਿਣਾ ਪਵੇਗਾ ਕਿ ਈਸਾਈ ਧਰਮ ਅਤੇ ਇਸਲਾਮ ਵਿਰੁੱਧ ਸਾਜ਼ਸ਼ਾਂ ਰਚਣ ਵਾਲੇ ਕੇਵਲ ਯਹੂਦੀ ਹਨ। ਇਨ੍ਹਾਂ ਵਾਕਾਂ ਦਾ ਪੋਪ ਉੱਪਰ ਅਸਰ ਹੋਇਆ ਜਾ ਨਾਂ ਪਰ ਇਹ ਸੱਚ ਹੈ ਕਿ ਯਹੂਦੀਆਂ ਵਿਰੁੱਧ ਨਫ਼ਰਤ ਦੇ ਬੀਜ ਪਹਿਲੋਂ ਈਸਾਈਆਂ ਨੇ ਬੀਜੇ।

ਬਰਨਰਡ ਲੇਵਿਸ, ਇਸਲਾਮੀ ਇਤਿਹਾਸ ਦਾ ਮੰਨਿਆ ਹੋਇਆ ਖੋਜੀ ਹੈ। ਉਸਦਾ ਆਖਣਾ ਹੈ ਕਿ ਈਸਾਈਆਂ ਨੇ ਯਹੂਦੀਆਂ ਨੂੰ ਨਫ਼ਰਤ ਕੀਤੀ। ਮੁਸਲਮਾਨਾ ਵਿਚ ਪਹਿਲੋਂ ਅਜਿਹੀ ਭਾਵਨਾ ਨਹੀਂ ਸੀ। ਮੁਸਲਮਾਨਾ ਨੇ ਜਦੋਂ ਯੋਰਪ ਜਿਤਣਾ ਸ਼ੁਰੂ ਕੀਤਾ ਤਾਂ ਨਾਲ ਨਾਲ ਈਸਾਈਆਂ ਨੂੰ ਜਬਰਨ ਇਸਲਾਮ ਵਿਚ ਲਿਆਂਦਾ। ਇਸਲਾਮ ਵਿਚ ਆਏ ਇਹ ਈਸਾਈ ਯਹੂਦੀਆਂ ਵਿਰੁੱਧ ਨਫ਼ਰਤ ਵੀ ਲੈ ਕੇ ਆਏ।

1984 ਵਿਚ ਸਾਊਦੀ ਅਰਬ ਦਾ ਵਫਦ ਮਨੁੱਖੀ ਅਧਿਕਾਰ ਕਮਿਸ਼ਨ ਯੂ.ਐਨ. ਦੀ ਮੀਟਿੰਗ ਵਿਚ ਗਿਆ। ਧਾਰਮਿਕ ਸਹਿਨਸ਼ੀਲਤਾ ਬਾਰੇ ਬੋਲਦਿਆਂ ਇਸ ਦੇ ਨੁਮਾਇੰਦੇ ਨੇ ਕਿਹਾ- "ਸੱਚ ਹੈ, ਸਦੀਆਂ ਤੋਂ ਯਹੂਦੀਆਂ ਉੱਪਰ ਜ਼ੁਲਮ ਅਤੇ ਵਿਤਕਰਾ ਹੁੰਦਾ ਆਇਆ ਹੈ। ਇਸ ਦਾ ਕਾਰਨ ਕੀ ਹੈ, ਉਹ ਖੁਦ ਦੱਸਣ। ਉਨ੍ਹਾਂ ਦੇ ਧਰਮ ਗ੍ਰੰਥ ਤਾਲਮੂਦ ਵਿਚ ਲਿਖਿਆ ਹੈ ਕਿ ਜਿਹੜਾ ਯਹੂਦੀ ਹਰ ਸਾਲ ਗ਼ੈਰ ਯਹੂਦੀ ਦਾ ਖ਼ੂਨ ਪੀਂਦਾ ਉਹ ਦੋਜਖ ਵਿਚ ਜਾਏਗਾ।" 19ਵੀਂ ਸਦੀ ਦੇ ਅੱਧ ਵਿਚ ਓਟੋਮਾਨ ਸਲਤਨਤ ਦਾ ਪਤਨ ਸ਼ੁਰੂ ਹੋਇਆ ਅਤੇ ਯੋਰਪ ਵਿਚ ਈਸਾਈਆਂ ਨੇ ਤਾਕਤ ਫੜ ਲਈ। ਇਹ ਹੈ ਉਹ ਮੰਦਭਾਗਾ ਵਕਤ ਜਦ ਅਰਬ ਅਤੇ ਯੋਰਪ ਦੇ ਈਸਾਈ ਇੱਕਠੇ ਹੋਕੇ ਯਹੂਦੀਆਂ ਉੱਪਰ ਕਹਿਰ ਢਾਉਣ ਲੱਗੇ। ਇਸ ਟੱਕਰ ਦਾ ਮੂਲ ਕਾਰਨ ਬੇਸ਼ਕ ਵਪਾਰਕ ਸੀ, ਯਹੂਦੀਆਂ ਦੀ ਵਾਪਰ ਵਿਚ ਚੜ੍ਹਤ ਸੀ ਪਰ ਧਾਰਮਿਕ ਰੰਗਤ ਦੇ ਕੇ ਸ਼ਾਸਕਾਂ ਅਤੇ ਪੁਜਾਰੀਆਂ ਨੇ ਉਨ੍ਹਾਂ ਦਾ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ। ਵੀਹਵੀਂ ਸਦੀ ਦੇ ਸ਼ੁਰੂ ਵਿਚ ਓਟੋਮਾਨ ਹਕੂਮਤ ਨੇ ਸਭ ਨਾਗਰਿਕਾਂ ਨੂੰ ਬਰਾਬਰੀ ਦੇ ਹੱਕ ਦੇ ਦਿੱਤੇ ਜਿਸ ਨਾਲ ਮੌਲਵੀਆਂ ਨੇ ਦੁਖੀ ਹੋਕੇ ਇਹ ਬਿਆਨ ਜਾਰੀ ਕੀਤਾ- ਪੁਰਖਿਆਂ ਨੇ ਆਪਣਾ ਖ਼ੂਨ ਸਿੰਜ ਕੇ ਜਿਹੜੇ ਹੱਕ ਹਾਸਲ ਕੀਤੇ ਸਨ, ਖੁਸ ਗਏ। ਇਸਲਾਮ ਨੇ ਰਾਜ ਕਰਨ ਦਾ ਪਵਿੱਤਰ ਹੱਕ ਗੁਆ ਗਿਆ ਹੈ, ਮੋਮਿਨਾ ਵਾਸਤੇ ਉਦਾਸ ਸਮਾਂ ਹੈ ਤੇ ਗ਼ੈਰ ਮੁਸਲਿਮ, ਜਿਨ੍ਹਾਂ ਨੂੰ ਇਸਲਾਮ ਦੇ ਬਰਾਬਰ ਹੱਕ ਮਿਲ ਗਏ ਹਨ ਜਸ਼ਨ ਮਨਾ ਰਹੇ ਹਨ।

1908 ਵਿਚ ਅੱਤਾ ਤੁਰਕ ਨੇ ਸੁਲਤਾਨ ਅਬਦੁਲ ਹਮੀਦ ਦੀ ਹਕੂਮਤ ਸੁੱਟ ਲਈ ਅਤੇ ਇਸਲਾਮ ਦਾ ਆਧੁਨਿਕੀਕਰਣ ਸ਼ੁਰੂ ਕਰ ਦਿੱਤਾ। ਮੌਲਵੀਆਂ ਨੇ ਇਨ੍ਹਾਂ ਸੰਗ੍ਰਾਮੀਆਂ ਨੂੰ ਯਹੂਦੀਆਂ ਦੇ ਹੱਥ ਠੋਕੇ ਕਿਹਾ, ਹੋਰ ਵੀ ਅੱਗੇ, ਅੱਤਾ ਤੁਰਕ ਬਾਰੇ ਕਿਹਾ ਗਿਆ ਇਹ ਮੁਸਲਮਾਨ ਦੇ ਲਿਬਾਸ ਵਿਚ ਯਹੂਦੀ ਹੈ। ਸਾਲ 1924 ਵਿਚ ਓਟੋਮਾਨ ਰਾਜ ਦਾ ਪੂਰੀ ਦੁਨੀਆਂ ਵਿਚ ਭੋਗ ਪੈ ਗਿਆ। ਫਾਇਦਾ ਇਹ ਹੋਇਆ ਕਿ ਅਰਬ ਦੇਸ ਯੋਰਪ ਦੀ ਤਰਜ ਉਪਰ ਵਿਕਾਸ ਕਰਨ ਲੱਗੇ, ਨੁਕਸਾਨ ਇਹ ਹੋਇਆ ਕਿ ਯਹੂਦੀਆਂ ਵਿਰੁੱਧ ਖ਼ੂਨ ਗਰਮਾਉਣ ਲੱਗਾ।




ਅਰਬੀ ਜ਼ਬਾਨ ਵਿਚ ਪਹਿਲੀ ਵਾਰ 1869 ਵਿਚ ਮੋਲਦਾਵੀਅਨ ਰਬਾਈ ਦੇ ਇਕਬਾਲੀਆ ਬਿਆਨ ਛਪੇ, ਇਹ ਬੰਦਾ ਯਹੂਦੀਆਂ ਵਿਚੋਂ ਕ੍ਰਿਸ਼ਚਿਅਨ ਬਣਿਆ ਸੀ। ਬਾਅਦ ਵਿਚ 1890 ਈ. ਵਿਚ ਈਸਾਈ ਲੇਖਕ ਹਬੀਬ ਫਾਰਿਸ ਸੀ ਕਿਤਾਬ– ਤਾਲਮੂਦੀ ਨਰਬਲੀ ਛਪੀ। ਇਨ੍ਹਾਂ ਦੋ ਕਿਤਾਬਾਂ ਵਿਚ ਸਿਧ ਕੀਤਾ ਕਿ ਯਹੂਦੀਆਂ ਵਿਚ ਨਰਬਲੀ ਦੇਣੀ ਧਰਮੀ ਰਸਮ ਹੈ। ਆਦਮੀ ਨੂੰ ਮਾਰਕੇ ਉਸਦਾ ਖ਼ੂਨ ਪੀਂਦੇ ਹਨ ਤੇ ਖ਼ੂਨ ਨਾਲ ਹੋਰ ਕਈ ਰਸਮਾਂ ਵੀ ਨਿਭਾਉਂਦੇ ਹਨ। ਇਨ੍ਹਾਂ ਦੋ ਲਿਖਤਾਂ ਸਦਕਾ 14 ਸਦੀਆਂ ਭਰਾਵਾਂ ਵਾਂਗ ਇਕੱਠੇ ਰਹਿੰਦੇ ਯਹੂਦੀਆਂ ਅਤੇ ਮੁਸਲਮਾਨਾ ਵਿਚਕਾਰ ਦੁਸ਼ਮਣੀ ਦੀ ਕੰਧ ਉਸਰ ਗਈ। ਖਲੀਫਾ ਇਨ੍ਹਾਂ ਲਿਖਤਾਂ ਦੇ ਸਖ਼ਤ ਖਿਲਾਫ ਸੀ, ਉਸਨੇ ਇਨ੍ਹਾਂ ਉਪਰ ਪਾਬੰਦੀ ਲਾ ਦਿੱਤੀ, ਪ੍ਰਕਾਸ਼ਨ ਬੰਦ ਕਰ ਦਿੱਤਾ ਤੇ ਅਖ਼ਬਾਰਾਂ ਨੂੰ ਹੁਕਮ ਦਿੱਤਾ, ਇਨ੍ਹਾਂ ਲਿਖਤਾਂ ਦੇ ਹਿੱਸੇ ਨਾ ਛਾਪੇ ਜਾਣ। ਪਰ ਗੁਪਤ ਤਰੀਕੇ ਨਾਲ ਇਹਨਾਂ ਲਿਖਤਾਂ ਨੂੰ ਵੰਡਣ ਪੜ੍ਹਨ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ? ਕਿਹਾ ਗਿਆ– ਯਹੂਦੀਆਂ ਕੋਲ ਗੁਪਤ ਸ਼ਕਤੀਆਂ ਹਨ, ਕਾਲੇ ਜਾਦੂ ਨਾਲ ਕੁਝ ਵੀ ਭਾਣਾ ਵਰਤਾ ਸਕਦੇ ਹਨ। ਜਦੋਂ 1948 ਵਿਚ ਨਵਜੰਮੇ ਇਜ਼ਰਾਈਲ ਉਪਰ ਪੰਜ ਦੇਸ਼ਾਂ ਮਿਸਰ, ਈਰਾਕ, ਜਾਰਡਨ, ਲੈਬਨਾਨ ਅਤੇ ਸੀਰੀਆ ਨੇ ਹਮਲਾ ਕੀਤਾ ਤੇ ਈਜ਼ਰਾਈਲ ਨੇ ਬੁਰੀ ਤਰ੍ਹਾਂ ਹਰਾ ਦਿੱਤੇ, ਉਦੋਂ ਤਾਂ ਕਾਲੇ ਜਾਦੂ ਦੀ ਸ਼ਕਤੀ ਜੱਗ ਜ਼ਾਹਰ ਹੋ ਗਈ। ਜਦੋਂ ਮੁਸਲਮਾਨਾ ਨੂੰ ਪੁੱਛਿਆ ਗਿਆ ਕਿ ਅੱਲਾਹ ਉਨ੍ਹਾਂ ਲਈ ਕਿਉਂ ਨਹੀਂ ਬਹੁੜਿਆ, ਮੌਲਵੀਆਂ ਦਾ ਉਤਰ ਹੁੰਦਾ– ਆਧੁਨਿਕਤਾ ਨੇ ਸਾਨੂੰ ਗਰਕ ਕੀਤਾ। ਜੇ ਅਸੀਂ ਸੱਤਵੀਂ ਸਦੀ ਵਰਗੇ ਖਰੇ ਮੁਸਲਮਾਨ ਹੁੰਦੇ, ਹੁਣ ਵੀ ਯਹੂਦੀਆਂ ਨੂੰ ਉਵੇਂ ਹਰਾ ਦਿੰਦੇ ਜਿਵੇਂ ਉਦੋਂ ਖੈਬਰ ਵਿਚ ਹਰਾਏ ਸਨ। ਮੁਸਲਿਮ ਜਗਤ ਨੇ ਭੂਤਕਾਲ ਵਲ ਤੁਰਨਾ ਸ਼ੁਰੂ ਕਰ ਦਿੱਤਾ, ਤੁਰੰਤ ਉਨ੍ਹਾਂ ਸਾਹਮਣੇ ਓਸਾਮਾ ਬਿਨ ਲਾਦਿਨ ਅਤੇ ਉਸਦਾ ਡਿਪਟੀ ਏਮਾਨ ਅਲ ਜਵਾਹਿਰੀ ਨਾਮ ਦੇ ਹੀਰੋ ਪ੍ਰਗਟ ਹੋ ਗਏ।

1906 ਵਿਚ ਜੰਮੇ ਕੱਟੜਪੰਥੀ ਸੱਯਦ ਕੁਤਬ ਨੇ 30 ਜਿਲਦਾਂ ਵਿਚ ਕੁਰਾਨ ਦਾ ਟੀਕਾ ਕੀਤਾ। ਉਸਦੀ ਲਿਖਤ ਅਤੇ ਬੋਲ ਅੱਗ ਦੀਆਂ ਲਪਟਾਂ ਹਨ। ਪੂਰਬ ਪੱਛਮ ਦੇ ਮੁਸਲਮਾਨ ਉਸ ਉਪਰ ਫਿਦਾ ਹੋ ਗਏ। ਉਸ ਸਦਕਾ ਪੈਦਾ ਹੋਈ ਗੜਬੜ ਰੋਕਣ ਲਈ ਮਿਸਰ ਦੇ ਹਾਕਮ ਗਮਾਲ ਅਬਦਲ ਨਾਸਿਰ ਨੇ ਗ੍ਰਿਫਤਾਰ ਕਰਕੇ 1966 ਵਿਚ ਫਾਹੇ ਲਾ ਦਿੱਤਾ ਪਰ ਉਹ ਸ਼ਹੀਦ ਮੰਨ ਲਿਆ ਗਿਆ ਤੇ ਆਧੁਨਿਕ ਜਹਾਦ ਅਤੇ ਮੁਜਾਹਿਦੀਨ ਦਾ ਪਿਤਾਮਾ ਉਹੋ ਹੈ। ਅਮਰੀਕਾ ਵਿਚ ਤਾਲੀਮ ਹਾਸਲ ਕਰਨ ਗਏ ਨੇ ਦੇਖਿਆ ਉਥੋਂ ਦੀਆਂ ਕੁੜੀਆਂ ਬੁੜ੍ਹੀਆਂ ਅੰਗ ਪ੍ਰਦਰਸ਼ਨ ਕਰਦੀਆਂ ਹਨ, ਉਸਨੂੰ ਔਰਤਾਂ ਵਿਰੁੱਧ ਨਫ਼ਰਤ ਹੋ ਗਈ। ਕਿਸੇ ਧਰਮੀ ਮੁਸਲਮਾਨ ਕੁੜੀ ਨਾਲ ਨਕਾਹ ਕਰਨ ਲਈ ਤਿਆਰ ਸੀ ਜਿਸ ਵਿਚ ਕਾਮਵਾਸਨਾ ਰਤੀ ਭਰ ਵੀ ਨਾ ਹੋਵੇ। ਅਜਿਹੀ ਕੁੜੀ ਗਲੋਬ ਉਪਰ ਨਾ ਮਿਲਣ ਕਾਰਨ ਛੜਾ ਰਹਿ ਗਿਆ। ਉਸਦੀ ਲਿਖਤ ਦਾ ਨਮੂਨਾ– ਯਹੂਦੀ ਉਦੋਂ ਤੱਕ ਸੰਤੁਸ਼ਟ ਨਹੀਂ ਹੋਣਗੇ ਜਦੋਂ ਤਕ ਇਸਲਾਮ ਦੀ ਪੂਰਨ ਤਬਾਹੀ ਨਹੀਂ ਹੁੰਦੀ। ਮਦੀਨੇ ਦੀ ਜੰਗ ਵਿਚ 1400 ਸਾਲ ਪਹਿਲਾਂ ਹਾਰਨ ਸਦਕਾ ਜਿਵੇਂ ਉਨ੍ਹਾਂ ਦੀ ਹੱਤਕ ਹੋਈ ਸੀ, ਇਜ਼ਰਾਈਲ ਦੇਸ ਦੀ ਸਥਾਪਨਾ ਉਸ ਬੇਇਜ਼ਤੀ ਦਾ ਬਦਲਾ ਲੈਣ ਵਾਸਤੇ ਹੈ। ਪਰ ਪਹਿਲੋਂ ਪੁਰਾਣੇ ਸਮਿਆਂ ਵਿਚ ਦੋ ਵਾਰ ਜੇਰੂਸਲਮ ਵਿਚ ਉਨ੍ਹਾਂ ਦੇ ਮੰਦਰ ਢਾਹੇ ਗਏ, ਹੁਣ ਅੱਲਾਹ ਨੇ ਉਨ੍ਹਾਂ ਦਾ ਬੀਜਨਾਸ ਕਰਨ ਵਾਸਤੇ ਹਿਟਲਰ ਭੇਜਿਆ ਹੈ। ਮੁਸਲਮਾਨ ਕੁਰਾਨ ਦੀ ਤਾਬਿਆਦਾਰੀ ਵਿਚ ਚੱਲਣਗੇ ਤਾਂ ਯਹੂਦੀਆਂ ਦਾ ਸਫਾਇਆ ਕਰ ਦੇਣਗੇ।

ਇਥੇ ਤਾਰਿਕ ਦਾ ਦਿਲਚਸਪ ਸਵਾਲ ਹੈ– ਪਹਿਲੀ ਵਾਰ ਬੇਬੀਲੋਨੀਆਂ ਨੇ 516 ਪੂਰਬ ਈਸਾ ਵਿਚ ਬਾਦਸ਼ਾਹ ਅਤੇ ਪੈਗੰਬਰ ਸੁਲੇਮਾਨ ਦਾ ਉਸਾਰਿਆ ਯਹੂਦੀ ਮੰਦਰ ਢਾਹਿਆ। ਬੇਬੀਲੋਨੀਏ ਤਾਂ ਨਾ ਕੁਰਾਨ ਦੇ ਮੁਰੀਦ ਸਨ ਨਾ ਇਕ ਅੱਲਾ ਵਿਚ ਵਿਸ਼ਵਾਸ, ਉਹ ਬੁਤਪੂਜ ਸਨ। ਅੱਲਾਹ ਨੇ ਬੁਤਪੂਜਾਂ ਤੋਂ ਜੇਰੂਸਲਮ ਦਾ ਮੰਦਰ ਢੁਹਾ ਦਿੱਤਾ, ਯਹੂਦੀ ਹਰਾ ਦਿੱਤੇ, ਹੁਣ ਕੁਰਾਨ ਦੇ ਮੁਰੀਦਾਂ ਨੂੰ ਅੱਲਾਹ ਤਾਕਤ ਦੇਣ ਤੋਂ ਇਨਕਾਰੀ ਕਿਉਂ ਹੈ? ਅੱਜ ਦੇ ਯਹੂਦੀ ਉਨ੍ਹਾਂ ਪ੍ਰਾਚੀਨ ਬੇਬੀਲੋਨੀਆਂ ਦੀ ਔਲਾਦ ਹਨ, ਫਿਰ 1948, 1956, 1967 ਤੇ 1973 ਵਿਚ ਇਨ੍ਹਾਂ ਕਾਫਰਾਂ ਤੋਂ ਮੁਸਲਮਾਨ ਚਾਰ ਵਾਰ ਕਿਉਂ ਹਾਰ ਗਏ? ਹਰੇਕ ਯੁੱਧ ਵਿਚ ਇਜ਼ਰਾਈਲ ਅਰਬਾਂ ਦੀ ਜ਼ਮੀਨ ਉਪਰ ਵਧੀਕ ਦੂਰ ਤਕ ਕਾਬਜ਼ ਹੋ ਜਾਂਦਾ ਹੈ; ਅੱਲਾਹ ਸਾਡੇ ਖਿਲਾਫ ਹੈ, ਕਿਤੇ ਇਸ ਸੁਨੇਹੇ ਨੂੰ ਅਸੀਂ ਮੁਸਲਮਾਨ ਨਜ਼ਰੰਦਾਜ਼ ਤਾਂ ਨਹੀਂ ਕਰ ਰਹੇ?

ਸੱਯਦ ਕੁਤਬ ਦਾ ਐਲਾਨ ਹੈ– ਸ਼ਰਾ ਉਪਰ ਅਮਲ ਤਾਂ ਕਰੋ ਫਿਰ ਦੇਖੋ ਇਜ਼ਰਾਈਲ ਪੰਘਰ ਕੇ ਪਾਣੀ ਵਾਂਗ ਰੇਤ ਵਿਚ ਸਮਾ ਜਾਏਗਾ। ਜਿਵੇਂ ਪਹਿਲਾਂ ਬੇਬੀਲੋਨੀਆਂ ਨੇ, ਫਿਰ ਪੰਜ ਸੌ ਸਾਲ ਬਾਅਦ ਰੋਮਨਾ ਨੇ ਯਹੂਦੀਆਂ ਨੂੰ ਖਦੇੜਿਆ ਸੀ, ਹੁਣ ਮੁਸਲਮਾਨ ਇਹੋ ਕਰਨਗੇ। ਤਾਰਿਕ ਆਖਦਾ ਹੈ– ਜੇ ਅੱਵਲ ਤੇ ਆਖਰ ਅੱਲਾ ਦਾ ਹੁਕਮ ਚਲਦਾ ਹੈ ਤਾਂ ਫਿਰ ਅੱਜ ਕੱਲ੍ਹ ਅੱਲਾਹ ਯਹੂਦੀਆਂ ਦੀ ਹਮਾਇਤ ਵਿਚ ਹੈ।

ਕੁਤਬ ਦੇ ਚਾਰ ਸਿੱਟੇ ਹਨ :

1. ਚੌਦਾਂ ਸੌ ਸਾਲ ਪਹਿਲਾਂ ਜਦੋਂ ਇਸਲਾਮ ਦਾ ਪ੍ਰਕਾਸ਼ ਹੋਇਆ ਤੇ ਮਦੀਨੇ ਵਿਚ ਮੁਸਲਮਾਨਾ ਦੀ ਪਹਿਲੀ ਹਕੂਮਤ ਕਾਇਮ ਹੋਈ, ਯਹੂਦੀ ਉਦੋਂ ਤੋਂ ਇਸਲਾਮ ਦੇ ਵੈਰੀ ਹਨ।
2. ਯਹੂਦੀਆਂ ਨੇ ਸਾਜਿਸ਼ ਰਚਕੇ ਸੁੰਨੀ–ਸ਼ੀਆ ਦਾ ਪੁਆੜਾ ਖੜ੍ਹਾ ਕੀਤਾ, ਫੁਟ ਪਾ ਦਿੱਤੀ।
3. ਯਹੂਦੀ ਉਦੋਂ ਆਰਾਮ ਦੀ ਨੀਂਦ ਸੌਣਗੇ ਜਦੋਂ ਇਸਲਾਮ ਪੂਰੀ ਤਰ੍ਹਾਂ ਮਰ ਮਿਟ ਜਾਏਗਾ।
4. ਡੇਢ ਹਜ਼ਾਰ ਸਾਲ ਤੋਂ ਯਹੂਦੀਆਂ ਅਤੇ ਮੁਸਲਮਾਨਾ ਵਿਚਕਾਰ ਚੱਲ ਰਿਹਾ ਯੁੱਧ ਉਦੋਂ ਖ਼ਤਮ ਹੋਵੇਗਾ ਜਦੋਂ ਸਾਰੇ ਯਹੂਦੀ ਖ਼ਤਮ ਹੋ ਜਾਣਗੇ।

ਕੁਤਬ ਅਨੁਸਾਰ ਨਬੀ ਮੁਹੰਮਦ ਦੇ ਦੇਹਾਂਤ ਪਿਛੋਂ ਵਰਾਸਤ ਦਾ ਝਗੜਾ ਵੀ ਯਹੂਦੀਆਂ ਨੇ ਖੜ੍ਹਾ ਕੀਤਾ ਸੀ। ਤੀਜੇ ਖਲੀਫੇ ਉਸਮਾਨ ਨੂੰ ਮਾਰਨ ਵਾਸਤੇ ਜਿਸ ਬੰਦੇ ਨੇ ਭੀੜ ਨੂੰ ਭੜਕਾਇਆ ਉਹ ਯਹੂਦੀ ਸੀ।

ਤਾਰਿਕ ਦੀ ਟਿੱਪਣੀ ਹੈ– ਜੇ ਪੱਤਾ ਤੱਕ ਯਹੂਦੀਆਂ ਦੇ ਹੁਕਮ ਬਗ਼ੈਰ ਨਹੀਂ ਹਿਲਦਾ ਤਾਂ ਪਾਕਿਸਤਾਨ ਵਿਚ ਮੁਸਲਮਾਨ ਹੱਥੋਂ ਮੁਸਲਮਾਨਾ ਦੇ ਕਤਲਾਂ ਲਈ ਵੀ ਯਹੂਦੀ ਜ਼ਿਮੇਵਾਰ ਹਨ? ਇਹ ਵੱਖਰੀ ਗੱਲ ਹੈ ਕਿ ਪਾਕਿਸਤਾਨ ਵਿਚ ਕਦੀ ਯਹੂਦੀ ਵਸਦੇ ਸਨ, ਉਨ੍ਹਾਂ ਦੇ ਧਰਮ ਮੰਦਰ ਹੋਇਆ ਕਰਦੇ ਸਨ, ਅੱਜ ਇਕ ਵੀ ਯਹੂਦੀ ਪਾਕਿਸਤਾਨ ਵਿਚ ਨਹੀਂ ਰਹਿੰਦਾ।

ਜਿਸ ਪੈਂਫਲਿਟ ਪ੍ਰੋਟੋਕੋਲ ਦਾ ਪਿਛੇ ਜ਼ਿਕਰ ਆਇਆ ਹੈ, ਉਸ ਵਿਚ ਇਹ ਗਪੌੜ ਦਰਜ ਹਨ :

1. ਪੈਗੰਬਰ ਦੇ ਦੋਹਤੇ ਹੁਸੈਨ ਦੀ ਸ਼ਹਾਦਤ ਮਨਾਉਣ ਵੇਲੇ ਸ਼ੀਆਂ ਲੋਕ 'ਸੁੰਨੀ ਬੱਚਾ ਫੜ ਕੇ ਕਤਲ ਕਰਦੇ ਹਨ, ਉਸਦਾ ਖ਼ੂਨ ਪੀ ਕੇ, ਮਾਸ ਖਾਕੇ ਅਸ਼ੂਰਾ ਤਿਉਹਾਰ ਮਨਾਉਂਦੇ ਹਨ।
2. ਜਿਹੜਾ ਖਾਣਾ ਸ਼ੀਆ ਮੇਜ਼ਬਾਨ, ਸੁਨੀਆਂ ਨੂੰ ਪਰੋਸਦੇ ਹਨ, ਉਸ ਵਿਚ ਪਹਿਲਾਂ ਆਪਣਾ ਵੀਰਜ ਮਿਲਾਉਂਦੇ ਹਨ।
3. ਮ੍ਰਿਤਕ ਦੇ ਸਰੀਰ ਵਿਚੋਂ ਤਰਲ ਕੱਢ ਕੇ, ਖਾਣੇ ਵਿਚ ਮਿਲਾਕੇ, ਮੁਹੱਰਮ ਦੇ ਪਵਿੱਤਰ ਮਹੀਨੇ ਉਹ ਮੁਸਲਮਾਨਾ ਇਹ ਨੂੰ ਖਾਣਾ ਖੁਆਉਂਦੇ ਹਨ।
4. ਨੌਰੋਜ਼ ਤਿਉਹਾਰ ਸਮੇਂ ਸ਼ੀਆ ਸਮਾਜ ਵਰਜਿਤ ਰਿਸ਼ਤਿਆਂ ਵਿਚਕਾਰ ਸਰੀਰਕ ਸੰਬੰਧ ਬਣਾਕੇ ਰੰਗ–ਰਲੀਆਂ ਮਨਾਉਂਦਾ ਹੈ।

ਜਿਹੜੇ ਮੁਸਲਮਾਨ ਯਹੂਦੀਆਂ ਦੇ ਆਖੇ ਲੱਗ ਕੇ ਧਰਮ ਨਿਰਪੇਖਤਾ ਦੇ ਹਮਾਇਤੀ ਹਨ, ਧਰਮ ਅਤੇ ਸਿਆਸਤ ਅਲਹਿਦਾ ਚਾਹੁੰਦੇ ਹਨ, ਮਰਦ ਔਰਤ ਬਰਾਬਰ ਹਨ ਆਦਿਕ ਭਰਮਾਂ ਦਾ ਸ਼ਿਕਾਰ ਹੋ ਗਏ ਹਨ ਕੁਤਬ ਅਨੁਸਾਰ ਉਹ ਨਾਮ ਦੇ ਮੁਸਲਮਾਨ ਹਨ ਕੇਵਲ। ਅੱਤਾ ਤੁਰਕ ਨੇ ਤੁਰਕੀ ਨੂੰ ਆਧੁਨਿਕ ਸਟੇਟ ਬਣਾ ਕੇ ਕਾਇਆ ਕਲਪ ਕਰ ਦਿੱਤੀ, ਕੁਤਬ ਅਨੁਸਾਰ ਉਹ ਯਹੂਦੀ ਸੀ। ਕੁਤਬ ਅਨੁਸਾਰ, "ਹਰ ਬਦੀ ਪਿਛੇ ਯਹੂਦੀ ਦਿਸ ਜਾਏਗਾ, ਨਾਸਤਿਕ ਪਦਾਰਥਵਾਦ ਦਾ

ਪਿਤਾਮਾ ਕਾਰਲ ਮਾਰਕਸ, ਪਸ਼ੂਆਂ ਵਰਗੀ ਕਾਮਵਾਸਨਾ ਦੇ ਫਲਸਫੇ ਦਾ ਮੋਢੀ ਫਰਾਇਡ, ਪਰਿਵਾਰ ਅਤੇ ਸਮਾਜ ਨੂੰ ਤੋੜਨ ਵਾਲਾ ਐਮਿਲੀ ਦੁਰਖੇਮ ਸਾਰੇ ਸ਼ੈਤਾਨ ਯਹੂਦੀ ਹਨ।" ਕਾਇਰਾ ਟੀਵੀ ਤੋਂ 29 ਦਸੰਬਰ 2009 ਨੂੰ ਮਿਸਰ ਦੇ ਮੌਲਵੀ ਯਾਕੂਬ ਨੇ ਤਕਰੀਰ ਕੀਤੀ- ਯਹੂਦੀ ਸਾਡੇ ਵੈਰੀ ਹਨ। ਸਾਡੇ ਹੱਥੋਂ ਅੱਲਾਹ ਉਨ੍ਹਾਂ ਦਾ ਕਤਲ ਕਰਾਏਗਾ, ਇਹ ਯਕੀਨੀ ਹੈ। ਮੈਂ ਨਹੀਂ ਕਹਿੰਦਾ, ਇਹ ਅੱਲਾਹ ਆਖਦਾ ਹੈ ਕਿ ਯਹੂਦੀ ਅਤੇ ਬੁਤਪੂਜ, ਮੋਮਨਾ ਦੇ ਸਭ ਤੋਂ ਵੱਡੇ ਦੁਸ਼ਮਣ ਹਨ।

ਆਖ਼ਰ ਦੁਨੀਆਂ ਨੇ ਦੇਖ ਲਿਆ ਕਿ ਹਿਟਲਰ ਦੀਆਂ ਫੌਜਾਂ ਹਾਰਨ ਲੱਗ ਪਈਆਂ ਤਾਂ ਵੀ ਨਾਜ਼ੀ, ਮੁੱਸ਼ਕਤ ਕੈਂਪਾਂ ਵਿਚ ਅਜੇ ਯਹੂਦੀਆਂ ਦਾ ਨਰਸੰਘਾਰ ਕਰ ਰਹੇ ਸਨ। ਚਾਰ ਫਰਾਂਸੀਸੀ ਔਰਤਾਂ ਵਿਚ ਇਕ ਨੋਰਾ ਬੇਕਰ ਵੀ ਸੀ। ਚਾਰਾਂ ਨੂੰ ਗੋਡਿਆਂ ਭਾਰ ਝੁਕਣ ਲਈ ਕਿਹਾ। ਤਿੰਨ ਨੂੰ ਗੋਲੀਆਂ ਮਾਰ ਦਿੱਤੀਆਂ ਪਰ ਭੂਰੇ ਰੰਗ ਦੀ ਨੋਰਾ ਦੇ ਸਿਰ ਤੇ ਬੰਦੂਕ ਦਾ ਬੱਟ ਮਾਰਿਆ। ਡਿਗ ਪਈ। ਬੱਟਾਂ ਅਤੇ ਠੁੱਡਿਆਂ ਨਾਲ ਲਹੂ ਲੁਹਾਣ ਕਰ ਦਿੱਤੀ। ਲਹੂ ਵਿਚ ਨੁਚੜੀ ਨੋਰਾ ਦੀ ਆਖਰੀ ਚੀਕ ਸੀ—ਲਿਬਰਟੀ। ਸਿਪਾਹੀ ਨੇ ਸਿਰ ਵਿਚ ਗੋਲੀ ਦਾਗੀ, ਖੇਡ ਖ਼ਤਮ। ਇਹ ਨੋਰਾ, 30 ਸਾਲ ਦੀ ਕੁੜੀ ਫਰਾਂਸੀਸੀ ਨਹੀਂ ਹਿੰਦੁਸਤਾਨੀ ਸੀ। ਇਹ ਉਸ ਟੀਪੂ ਸੁਲਤਾਨ ਦੀ ਪੜਪੋਤੀ ਸੀ ਜਿਹੜਾ 1799 ਵਿਚ ਅੰਗਰੇਜ਼ਾਂ ਵਿਰੁੱਧ ਲੜਦਾ ਹੋਇਆ ਦੱਖਣੀ ਭਾਰਤੀ ਵਿਚ ਮਾਰਿਆ ਗਿਆ ਸੀ। ਉਸ ਖਾਨਦਾਨ ਦੀ ਸ਼ਾਹਜ਼ਾਦੀ ਨੇ ਨਾਜ਼ੀਆਂ ਵਿਰੁੱਧ ਲੜਦਿਆਂ ਜਾਨ ਦਿੱਤੀ। ਉਸਦਾ ਅਸਲੀ ਨਾਮ-ਨੂਰ ਇਨਾਇਤ ਖਾਨ ਸੀ। ਤਾਰਿਕ ਨੇ ਆਪਣੀ ਕਿਤਾਬ ਉਸਨੂੰ ਸਮਰਪਿਤ ਕੀਤੀ ਹੈ।

ਜਦੋਂ ਨਾਜ਼ੀਆਂ ਨੇ ਯਹੂਦੀਆਂ ਵਿਰੁੱਧ ਜ਼ੁਲਮ ਦੀ ਹਨੇਰੀ ਝੁਲਾ ਰੱਖੀ ਸੀ, ਹਜ਼ਰਤ ਮੁਹੰਮਦ ਸਾਹਿਬ ਦੇ ਖਾਨਦਾਨ ਵਿਚੋਂ ਮੋਰਾਕੋ ਦੇ ਬਾਦਸ਼ਾਹ ਨੇ ਐਲਾਨ ਕੀਤਾ- ਮੈਂ ਆਪਣੇ ਦੇਸ ਵਿਚ ਯਹੂਦੀਆਂ ਦਾ ਵਾਲ ਵਿੰਗਾ ਨਹੀਂ ਹੋਣ ਦਿਆਂਗਾ। ਫਰਾਂਸ ਉਪਰ ਜਰਮਨਾ ਦਾ ਕਬਜ਼ਾ ਹੋ ਗਿਆ, ਉਥੋਂ ਵਿਚੀ ਸਰਕਾਰ ਦਾ ਬਿਆਨ ਛਪਿਆ-ਮੋਰਾਕੋ ਵਿਚ ਰਹਿੰਦੇ ਦੋ ਲੱਖ ਯਹੂਦੀਆਂ ਦੀ ਸ਼ਨਾਖਤ ਵਾਸਤੇ ਅਸੀਂ ਦਾਊਦ ਦੇ ਦੋ ਲੱਖ ਪੀਲੇ ਸਟਾਰ ਛਪਵਾ ਲਏ ਹਨ। ਹਰੇਕ ਯਹੂਦੀ ਦੇ ਗਲ ਵਿਚ ਪਾਕੇ ਮਾਰਾਂਗੇ। ਮੋਰਾਕੋ ਦੇ ਬਾਦਸ਼ਾਹ ਮੁਹੰਮਦ ਪੰਜਵੇਂ ਨੇ ਜਵਾਬ ਦਿੱਤਾ- ਦੋ ਲੱਖ ਨਾਲ ਪੰਜਾਹ ਸਟਾਰ ਹੋਰ ਤਿਆਰ ਕਰੋ ਕਿਉਂਕਿ ਮੇਰੇ ਖਾਨਦਾਨ ਵਿਚ ਪੰਜਾਹ ਮੈਂਬਰ ਹਨ। ਇਹ ਵਾਕ ਉਸਦਾ ਸੁਨੇਹਾ ਸੀ ਕਿ ਯਹੂਦੀਆਂ ਦੀ ਹੋਣੀ ਤੇ ਮੇਰੀ ਹੋਣੀ ਇਕ ਹੈ।

ਜਦੋਂ ਅਨੇਕ ਮੁਸਲਮਾਨ ਨਾਜ਼ੀਆਂ ਵਿਰੁੱਧ ਲੜ ਰਹੇ ਸਨ, ਫਲਸਤੀਨ ਦਾ ਈਮਾਮ ਮੁਫਤੀ ਹੱਜ ਅਲ ਹੁਸੈਨੀ, ਹਿਟਲਰ ਦਾ ਜਰਮਨੀ ਵਿਚ ਮਹਿਮਾਨ, ਯਹੂਦੀਆਂ ਦੇ ਬੀਜਨਾਸ ਵਾਸਤੇ ਸਲਾਹ ਮਸ਼ਵਰਾ ਕਰ ਰਿਹਾ ਸੀ। ਹਿਟਲਰ ਨਾਲ ਖਾਣਾ ਖਾਂਦਿਆਂ ਮੁਫਤੀ ਦੀਆਂ ਫੋਟੋਆਂ ਮਿਲਦੀਆਂ ਹਨ। ਨਾਜ਼ੀ ਸੈਨਾ ਵਿਚ ਮੁਸਲਮਾਨ ਭਰਤੀ ਕਰਾਉਣ ਲਈ ਉਸਨੇ ਹਿਟਲਰ ਤੋਂ ਪੈਸੇ ਬਟੋਰੇ। ਜਦੋਂ ਹਿਟਲਰ ਹਾਰ ਗਿਆ, ਮੁਫਤੀ ਫਰਾਂਸ ਵਿਚ ਜਾ ਲੁਕਿਆ। ਉਦੋਂ ਉਸ ਕੋਲ 50 ਹਜ਼ਾਰ ਮਾਰਕ ਰਕਮ ਸੀ, ਇਕ ਸਕੱਤਰ ਤੇ ਦੋ ਗਾਰਡ ਸਨ। ਇਥੇ ਵੀ ਖਤਰਾ ਦਿਸਿਆ ਤਾਂ ਮਿਸਰ ਵਿਚ ਚਲਾ ਗਿਆ ਜਿਥੇ ਸਿਆਸੀ ਸ਼ਰਣ ਮਿਲ ਗਈ। ਫਲਸਤੀਨ ਵਿਚ ਅਜੇ ਬਰਤਾਨਵੀ ਹਕੂਮਤ ਸੀ, ਇਥੇ ਜਾ ਨਹੀਂ ਸਕਦਾ ਸੀ ਕਿਉਂਕਿ ਅੰਗਰੇਜ਼ ਫੜ ਕੇ ਮੁਕੱਦਮਾ ਚਲਾ ਸਕਦੇ ਸਨ। ਜੰਗੀ ਅਪਰਾਧਾਂ ਵਿਚ ਹਿੱਸੇਦਾਰ ਹੋਣ ਕਾਰਨ ਮੁਫਤੀ ਨੂੰ ਮੌਤ ਦੀ ਸਜ਼ਾ ਹੋ ਸਕਦੀ ਸੀ ਪਰ ਮੁਸਲਿਮ ਬ੍ਰਦਰਹੁੱਡ ਨੇ ਥਾਂ ਥਾਂ ਉਸਦੇ ਹੱਕ ਵਿਚ ਬਿਆਨ ਦਾਗ਼ ਕੇ ਉਸਨੂੰ ਮੁਕੱਦਮੇ ਤੋਂ ਬਚਾ ਲਿਆ ਕਿਉਂਕਿ ਉਸ ਵਿਚ ਇਹ ਗੁਣ ਸੀ ਕਿ ਉਹ ਯਹੂਦੀਆਂ ਦੀ ਨਸਲਕੁਸ਼ੀ ਦੇ ਹੱਕ ਵਿਚ ਸੀ; ਯਹੂਦੀਆਂ ਦਾ ਦੁਸ਼ਮਣ ਯਾਨੀ ਕਿ ਮੁਸਲਮਾਨਾ ਦਾ ਮਹਿਬੂਬ ਲੀਡਰ। ਗਰਮ ਇਸਲਾਮਿਕ ਸੰਗਠਨਾਂ ਨੇ ਐਲਾਨ ਕੀਤਾ- ਯਹੂਦੀਆਂ ਵਿਰੁੱਧ ਜਹਾਦ ਵਿਚ ਮੁਫ਼ਤੀ ਸਾਡਾ ਹੀਰੋ ਹੈ।

ਸਿਆਸੀ ਦਬਾਉ ਹੇਠ ਅੰਗਰੇਜ਼ਾਂ ਨੇ ਉਸਨੂੰ ਮਾਫ਼ ਕਰ ਦਿੱਤਾ, ਉਹ ਫਲਸਤੀਨ ਵਿਚ ਆ ਗਿਆ ਤੇ ਅੰਗਰੇਜ਼ਾਂ ਦੀ ਤਾਬਿਆਦਾਰੀ ਵਿਚ ਮੁਸਲਮਾਨਾ ਦਾ ਲੀਡਰ ਹੋ ਗਿਆ। ਦੁਨੀਆਂ ਵਿਚੋਂ ਆ ਕੇ ਯਹੂਦੀ, ਫਲਸਤੀਨ ਵਿਚ ਵਸ ਰਹੇ ਸਨ, ਜਨਸੰਖਿਆ ਵਧਣ ਵਿਰੁੱਧ ਮੁਸਲਮਾਨ ਮੁਜਾਹਰੇ ਕਰ ਰਹੇ ਸਨ, ਮੁਫਤੀ ਖਾਮੋਸ਼ ਸੀ। ਕਦੀ ਕਦਾਈਂ ਪੱਛਮੀ ਫੈਸ਼ਨ ਵਿਰੁੱਧ, ਆਧੁਨਿਕ ਨਿੱਜੀ ਆਜ਼ਾਦੀ ਵਿਰੁੱਧ ਮੁਸਲਮਾਨ ਮੁਜਾਹਰੇ ਕਰ ਰਹੇ ਸਨ, ਮੁਫਤੀ ਖਾਮੋਸ਼ ਸੀ। ਕਦੀ ਕਦਾਈਂ ਪੱਛਮੀ ਫੈਸ਼ਨ ਵਿਰੁੱਧ, ਆਧੁਨਿਕ ਨਿੱਜੀ ਆਜ਼ਾਦੀ ਵਿਰੁੱਧ ਮੁਫਤੀ ਬਿਆਨ ਦਾਗਦਾ ਪਰ ਅੰਗਰੇਜ਼ਾਂ ਦਾ ਵਫਾਦਾਰ। ਭਾਰਤ ਵਿਚ ਜਦੋਂ ਗਾਂਧੀ, ਆਜ਼ਾਦੀ ਅੰਦੋਲਨ ਦੀ ਅਗਵਾਈ ਕਰ ਰਿਹਾ ਸੀ, ਮੁਫਤੀ ਹਰ ਅੰਦੋਲਨ ਦੇ ਖਿਲਾਫ ਸੀ। ਮਾਰਚ 1922 ਵਿਚ ਦੇਸ ਧ੍ਰੋਹੀ ਦੇ ਕੇਸ ਵਿਚ ਮਹਾਤਮਾ ਗਾਂਧੀ ਨੂੰ 6 ਸਾਲ ਦੀ ਕੈਦ ਹੋਈ। ਅੰਗਰੇਜ਼ਾਂ ਨੇ ਫਲਸਤੀਨੀਆਂ ਨੂੰ ਕਿਹਾ-ਆਪਣੀ ਅਸੰਬਲੀ ਚੁਣ ਕੇ ਹੋਮ ਰੂਲ ਕਰੋ। ਮੁਫਤੀ ਨੇ ਮੁਸਲਮਾਨਾ ਦੀ ਪਿਠ ਵਿਚ ਛੁਰਾ ਮਾਰਿਆ ਤੇ ਨਾਂਹ ਕਰ ਦਿੱਤੀ। ਪਿਛੋਂ ਹੋਮ ਰੂਲ ਦੀ ਇਹੋ ਪੇਸ਼ਕਸ਼ ਭਾਰਤ ਨੂੰ ਹੋਈ, ਭਾਰਤੀਆਂ ਨੇ ਇਸ ਦਾ ਸਵਾਗਤ ਕੀਤਾ, ਫਲਸਰੂਪ ਅੱਜ ਹਿੰਦੂਸਤਾਨ ਵੱਡਾ ਗਣਤੰਤਰ ਹੈ।

ਜਦੋਂ ਅੰਗਰੇਜ਼ਾਂ ਨੇ ਫਲਸਤੀਨ ਤੇ ਹਮਲਾ ਕਰਕੇ ਜੇਰੂਸਲਮ ਜਿੱਤ ਲਿਆ, ਮੁਸਲਮਾਨਾ ਨੇ ਓਟੋਮਾਨ ਹਕੂਮਤ ਦੇ ਖਲੀਫੇ ਵਿਰੁੱਧ ਅੰਗਰੇਜ਼ਾਂ ਦੀ ਮਦਦ ਕੀਤੀ। ਜੇ ਮੁਸਲਮਾਨ ਦਾਅਵਾ ਕਰਦੇ ਹਨ ਕਿ ਪਵਿੱਤਰ ਜੇਰੂਸਲਮ ਉਨ੍ਹਾਂ ਦੀ ਧਰਤੀ ਹੈ, ਫਿਰ ਅੰਗਰੇਜ਼ਾਂ ਦਾ ਕਬਜ਼ਾ ਕਰਨ ਵਿਚ ਉਨ੍ਹਾਂ ਦੀ ਸਹਾਇਤਾ ਕਿਉਂ ਕੀਤੀ? ਕੀ ਇਸੇ ਗੁਨਾਹ ਕਾਰਨ ਹੁਣ ਤੱਕ ਮੁਸਲਮਾਨ ਅੱਲਾਹ ਦਾ ਕ੍ਰੋਧ ਝੱਲ ਰਹੇ ਹਨ? ਜਦੋਂ 2 ਨਵੰਬਰ 1917 ਨੂੰ ਅੰਗਰੇਜ਼ਾਂ ਨੇ ਬਲਫੂਰ ਐਲਾਨ ਕੀਤਾ ਉਦੀਂ ਫਲਸਤੀਨੀਆਂ ਤੇ ਕਿਜਲੀ ਡਿਗੀ ਸੀ। ਉਸ ਵਿਚ ਲਿਖਿਆ ਸੀ– "ਹਿਜ਼ ਮੈਜੈਸਟੀ ਸਰਕਾਰ ਇਹ ਐਲਾਨ ਕਰਦਿਆਂ ਪ੍ਰਸੰਨ ਹੈ ਕਿ ਫਲਸਤੀਨ ਯਹੂਦੀਆਂ ਦਾ ਕੌਮੀ ਘਰ ਹੈ ਤੇ ਉਹ ਇਥੇ ਸ਼ਾਂਤ, ਸੁਰੱਖਿਅਤ ਹਨ। ਹਾਂ, ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇਥੇ ਵਸਦੇ ਗ਼ੈਰ ਯਹੂਦੀਆਂ ਦੇ ਹੱਕਾਂ ਦੀ ਰਾਖੀ ਵੀ ਕੀਤੀ ਜਾਵੇਗੀ ਜਿਵੇਂ ਹੋਰ ਦੇਸਾਂ ਵਿਚ ਘੱਟ ਗਿਣਤੀ ਵਜੋਂ ਵਸਦੇ ਯਹੂਦੀਆਂ ਦੇ ਹਿਤ ਸੁਰੱਖਿਅਤ ਰੱਖੇ ਜਾਣਗੇ।" ਫਲਸਤੀਨ ਦੇ ਮਾਲਕ ਮੁਸਲਮਾਨ ਹੁਣ ਗ਼ੈਰ ਯਹੂਦੀ ਵਸੋਂ ਵਜੋਂ ਜਾਣੇ ਜਾਣਗੇ। ਅਸਲੀ ਵਸਨੀਕ ਯਹੂਦੀ ਹਨ। ਇਕ ਮੁਹਾਵਰਾ ਪ੍ਰਚਲਤ ਹੋਇਆ ਸੀ– ਫਲਸਤੀਨ ਉਹ ਦੇਸ ਹੈ ਜਿਥੇ ਲੋਕ ਨਹੀਂ ਵਸਦੇ। ਉਥੇ ਜਿਹੜੇ ਲੋਕ ਵਸਦੇ ਹਨ, ਉਨ੍ਹਾਂ ਦਾ ਕੋਈ ਦੇਸ ਨਹੀਂ ਹੈ।

7 ਜੁਲਾਈ 1937 ਨੂੰ ਪੀਲ ਕਮਿਸ਼ਨ ਦੀ ਰਿਪੋਰਟ ਵਿਚ ਲਿਖਿਆ ਕਿ 70% ਫਲਸਤੀਨ ਇਲਾਕਾ ਮੁਸਲਮਾਨਾ ਨੂੰ, 30% ਯਹੂਦੀਆਂ ਨੂੰ ਦੇ ਦਿਉ। ਯਹੂਦੀਆਂ ਨੇ ਪੇਸ਼ਕਸ਼ ਮਨਜ਼ੂਰ ਕਰਕੇ ਜੜ੍ਹ ਲਾ ਲਈ। ਮੁਸਲਿਮ ਲੀਡਰਸ਼ਿਪ ਨੇ ਨਾਂਹ ਕਰਕੇ ਆਪਣੀ ਜੜ੍ਹ ਉਖਾੜ ਲਈ।

ਨਾਜ਼ੀਆਂ ਤੋਂ ਬਚੇ ਯਹੂਦੀ ਥਾਂ ਥਾਂ ਯੋਰਪ ਦੇ ਕੈਂਪਾਂ ਵਿਚ ਸ਼ਰਣਾਰਥੀ ਸਨ। ਅਮਰੀਕਾ ਉਨ੍ਹਾਂ ਦੇ ਵਸੇਬੇ ਲਈ ਫਿਕਰਮੰਦ ਸੀ। ਯੂ.ਐਨ. ਨੇ ਫੈਸਲਾ ਕਰ ਦਿੱਤਾ ਕਿ ਫਲਸਤੀਨ ਤੋਂ ਬਗ਼ੈਰ ਇਨ੍ਹਾਂ ਨੂੰ ਕੌਣ ਝੱਲੇਗਾ? ਮਾਰੂਥਲ ਵਿਚ ਚਲੇ ਜਾਣ। ਅਰਬਾਂ ਨੇ ਹਾਹਾਕਾਰ ਮਚਾਦਿਆਂ ਕਿਹਾ–ਦੂਜੀ ਸੰਸਾਰ ਜੰਗ ਅਤੇ ਹੁਣੇ ਮੁਕੀ ਹੈ, ਤੀਜੀ ਸ਼ੁਰੂ ਹੋਏਗੀ। ਐਤਕਾਂ ਇਹ ਜੰਗ ਇਸਲਾਮ ਅਤੇ ਈਸਾਈਅਤ ਵਿਚਕਾਰ ਹੋਵੇਗੀ। ਦੁਨੀਆਂ ਦੇਖ ਚੁੱਕੀ ਸੀ ਕਿ ਅਰਬਾਂ ਦੇ ਹਿਲਟਰ ਦੀ ਮਦਦ ਕੀਤੀ ਸੀ। ਮੁਫਤੀ ਨੇ ਭਾਰੀ ਰਕਮਾ ਲੈ ਕੇ ਨਾਜ਼ੀਆਂ ਦੀ ਫੌਜ ਵਿਚ ਮੁਸਲਮਾਨ ਭਰਤੀ ਕਰਵਾਏ ਜੋ ਅੰਗਰੇਜ਼ਾਂ ਵਿਰੁੱਧ ਲੜੇ। ਦੂਜੇ ਪਾਸੇ ਜੋ ਜ਼ੁਲਮ ਯਹੂਦੀਆਂ ਉੱਪਰ ਢਾਹੇ ਗਏ ਦੁਨੀਆਂ ਦੀ ਉਨ੍ਹਾਂ ਨਾਲ ਹਮਦਰਦੀ ਸੀ, ਏਨੇ ਸਾਊ ਕਿ ਦੇਸ ਦਾ 30 ਹਿੱਸਾ ਲੈ ਕੇ ਸਬਰ ਕਰਨ ਵਾਲੇ। ਪਾਠਕ ਪੜ੍ਹ ਚੁੱਕੇ ਹਨ ਕਿ ਜਦੋਂ ਗੋਲਡਾ ਨੇ ਕਿਹਾ–ਏਨੀ ਥੋੜ੍ਹੀ ਜ਼ਮੀਨ? ਸਾਡੇ ਬੱਚੇ ਕੀ ਕਹਿਣਗੇ ਸਾਡੇ ਮਾਪੇ ਕਿਸ ਤਰ੍ਹਾਂ ਦੇ ਸਨ? ਬਿਨ ਗੁਰੀਓ ਨੇ ਕਿਹਾ ਸੀ–ਜ਼ੀਰਜ਼ ਨਾਲੋਂ ਚੰਗੇ ਇੰਨਾ ਕੁ ਹੀ ਮਿਲ ਜਾਵੇ। ਆਪਣੇ ਕੋਲ ਤਾਂ ਪੈਰ ਧਰਨ ਲਈ ਥਾਂ ਨਹੀਂ।

ਯੂ.ਐਨ.ਨੇ ਅਪ੍ਰੈਲ 1947 ਵਿਚ ਫਲਸਤੀਨ ਸਮੱਸਿਆ ਦਾ ਨਿਰੀਖਣ ਕਰਨ ਲਈ ਗਿਆਰਾਂ ਮੈਂਬਰੀ ਕਮੇਟੀ ਥਾਪ ਦਿੱਤੀ ਜਿਸ ਵਿਚ ਭਾਰਤ, ਹਲੈਂਡ, ਸਵੀਡਨ ਈਰਾਨ, ਚੱਕ, ਯੂਗੋਸਲਾਵੀਆ, ਕੈਨੇਡਾ, ਆਸਟ੍ਰੇਲੀਆ, ਪੀਰੂ ਗੇਟੇਮਾਲਾ ਅਤੇ ਉਰੂਗੋਏ ਦੇਸਾਂ ਦੇ ਨੁਮਾਇੰਦੇ ਭੇਜੇ ਗਏ। ਇਸ ਕਮੇਟੀ ਵਿਚ ਮਹਾਂਸ਼ਕਤੀ ਦੇਸਾਂ ਦਾ ਕੋਈ ਨੁਮਾਇੰਦਾ ਨਹੀਂ ਲਿਆ। ਭਾਰਤ ਅਤੇ ਈਰਾਨ ਦੇ ਨੁਮਾਇੰਦੇ ਮੁਸਲਮਾਨ ਸਨ। ਯਹੂਦੀਆਂ ਨੇ ਸਵਾਗਤ ਕੀਤਾ ਤੇ ਮੁਸਲਮਾਨਾ ਨੇ ਬਾਈਕਾਟ ਕਰਦਿਆਂ ਕਿਹਾ–ਜਿਹੜਾ ਮੁਸਲਮਾਨ ਇਨ੍ਹਾਂ ਦੀ ਮੀਟਿੰਗ ਵਿਚ ਜਾਏਗਾ ਉਸਨੂੰ ਇਸਲਾਮ ਵਿਚੋਂ ਛੇਕ ਦਿਆਂਗੇ। ਲੁਕ ਛੁਪ ਕੇ ਫਲਸਤੀਨ ਦੀ ਸਾਰੀ ਮੁਸਲਿਮ ਲੀਡਰਸ਼ਿਪ ਕਮੇਟੀ ਹੈ ਮਿਲਦੀ ਰਹੀ ਪਰ ਆਫੀਸ਼ਿਅਲੀ ਗ਼ੈਰ ਹਾਜ਼ਰ ਰਹੀ। ਕਿਤੇ ਕੋਈ ਇਹ ਨਾ ਸਮਝ ਲਏ ਕਿ ਅਸੀਂ ਕਮਜ਼ੋਰੀ ਦਿਖਾ ਰਹੇ ਹਾਂ, ਮੁਸਲਮਾਨ ਲੀਡਰ ਬਾਹਰੋਂ ਅਖ਼ਬਾਰਾਂ ਵਿਚ ਗਜਦੇ ਰਹੇ, ਮੀਟਿੰਗ ਵਿਚ ਸ਼ਾਮਲ ਯਹੂਦੀ ਲੀਡਰਸ਼ਿਪ ਆਪਣਾ ਕੇਸ ਪੂਰੀ ਨਿਪੁੰਨਤਾ ਨਾਲ ਪੇਸ਼ ਕਰਦੀ ਗਈ।

ਇਸ ਕਮੇਟੀ ਨੂੰ ਪੂਰੇ ਫਲਸਤੀਨ ਦੇਸ ਦਾ ਦੌਰਾ ਕੀਤਾ। ਹਰੇਕ ਥਾਂ ਯਹੂਦੀ ਵੱਸੋਂ ਨੇ ਸਵਾਗਤ ਕੀਤਾ, ਬੱਚਿਆਂ ਨੇ ਫੁੱਲ ਬਰਸਾਏ, ਸਾਰੇ ਮੈਂਬਰਾਂ ਦੀਆਂ ਜ਼ਬਾਨਾ ਵਿਚ ਪੈਂਫਲਿਟ ਵੰਡੇ ਜਾਂਦੇ। ਹਰੇਕ ਮੁਸਲਿਮ ਵਸੋਂ ਵਿਚ ਮੁਰਦਾਬਾਦ ਗੋ ਬੈਕ, ਸ਼ੇਮ ਸ਼ੇਮ ਦੇ ਨਾਅਰੇ ਸੁਣਨ ਨੂੰ ਮਿਲਦੇ। ਮੁਸਲਮਾਨਾ ਦੇ ਇਕ ਸਕੂਲ ਵਿਚ ਕਮੇਟੀ ਗਈ ਤਾਂ ਸੀਖਤ ਅਨੁਸਾਰ ਸਾਰੇ ਬੱਚੇ ਉਨ੍ਹਾਂ ਵਲ ਪਿਠ ਕਰਕੇ ਖਲੋ ਗਏ। ਜਿਸ ਪਿੰਡ ਦਾ ਦੌਰਾ ਕਰਨਾ ਸੀ, ਸਾਰੀ ਵਸੋਂ ਕਿਸੇ ਹੋਰ ਪਿੰਡ ਚਲੀ ਗਈ, ਕੇਵਲ ਬੱਚਿਆਂ ਨੂੰ ਛੱਡ ਗਏ ਜਿਨ੍ਹਾਂ ਨੇ ਕਮੇਟੀ ਨੂੰ ਖ਼ੂਬ ਗਾਲਾਂ ਦਿੱਤੀਆਂ। ਇਸ ਵਿਹਾਰ ਸਦਕਾ ਈਰਾਨੀ ਅਤੇ ਭਾਰਤੀ ਮੁਸਲਮਾਨ ਨੁਮਾਇੰਦੇ ਵੀ ਖਿਚੇ ਗਏ। ਈਰਾਨੀ ਮੈਂਬਰ ਨੇ ਕਿਹਾ–ਕਿਡੇ ਗਧੇ ਹਨ ਇਹ ਲੋਕ। ਏਨੀ ਸੁਹਣੀ ਧਰਤੀ ਜੇ ਸਾਰੀ ਯਹੂਦੀਆਂ ਨੂੰ ਦੇ ਦੇਈਏ ਇਸਨੂੰ ਉਹ ਯੋਰਪੀਨ ਦੇਸਾਂ ਨਾਲੋਂ ਸੁਹਣਾ ਅਤੇ ਉੱਨਤ ਬਣਾ ਦੇਣ। ਭਾਰਤੀ ਮੈਂਬਰ ਮੁਸਲਮਾਨਾ ਦਾ ਹਮਦਰਦ ਸੀ ਪਰ ਉਦਾਸ ਹੋ ਕੇ ਕਿਹਾ–ਇਨ੍ਹਾਂ ਫਲਸਤੀਨੀਆਂ ਦੇ ਸਲੀਕੇ ਨੇ ਸਾਰੀ ਟੀਮ ਨੂੰ ਨਿਰਾਸ ਕੀਤਾ। ਸਵੀਡਨ ਦੇ ਮੈਂਬਰ ਨੇ ਕਿਹਾ–ਮੈਂ ਜਦੋਂ ਵੀ ਮੁਸਲਮਾਨਾ ਨਾਲ ਕਿਸੇ ਮੀਟਿੰਗ ਵਿਚ ਸ਼ਾਮਲ ਹੋਇਆ ਤਾਂ ਦੇਖਿਆਂ, ਹਰੇਕ ਮੈਂਬਰ ਸਾਬਤ ਕਰਨ ਦਾ ਯਤਨ ਕਰਦਾ ਹੈ ਕਿ ਮੇਰੇ ਤੋਂ ਵਧੀਕ ਗਰਮ ਅੱਤਵਾਦੀ ਹੋਰ ਕੋਈ ਨਹੀਂ। ਕਮੇਟੀ ਨੇ ਯੂ.ਐਨ.ਨੂੰ ਸਿਫਾਰਿਸ਼ ਕਰ ਦਿੱਤੀ ਕਿ

ਫਲਸਤੀਨ ਦੋ ਹਿੱਸਿਆਂ ਵਿਚ ਵੰਡ ਦਿੱਤਾ ਜਾਵੇ, ਇਕ ਮੁਸਲਿਮ ਸਟੇਟ ਦੂਜੀ ਯਹੂਦੀ।

1947 ਵਿਚ ਭਾਰਤ ਦੀ ਵੰਡ ਹੋਈ, ਦੇਸ ਵੰਡਿਆ ਗਿਆ, ਵੰਡੇ ਜਾਣ ਦੀ ਸਹਿਮਤੀ ਦੋਹਾਂ ਧਿਰਾਂ ਨੇ ਦਿੱਤੀ ਪਰ ਇਥੇ ਫਲਸਤੀਨ ਦੇ ਮੁਸਲਮਾਨ ਸਹਿਮਤ ਨਹੀਂ। ਫਲਸਤੀਨੀ ਲੀਡਰ ਜਮਾਲ ਹੁਸੈਨੀ ਨੇ ਬਿਆਨ ਦਿੱਤਾ-ਮਿਡਲ ਈਸਟ ਵਿਚ ਹੁਣ ਖ਼ੂਨ ਦੀਆਂ ਨਦੀਆਂ ਵਗਣੀਆਂ। 29 ਨਵੰਬਰ 1947 ਯੂ.ਐਨ. ਦੇ ਜਨਰਲ ਇਜਲਾਸ ਵਿਚ ਦੁਨੀਆਂ ਦੇ 2/3 ਦੇਸਾਂ ਨੇ ਫੈਸਲਾ ਕੀਤਾ-55% ਫਲਸਤੀਨ ਕਰਕੇ ਉੱਪਰ ਯਹੂਦੀ ਦੇਸ ਇਜ਼ਰਾਈਲ ਹੋਵੇਗਾ, ਜੇਰੂਸਲਮ ਸ਼ਹਿਰ ਯੂ.ਐਨ ਦੀ ਕਸਟੱਡੀ ਵਿਚ ਰਹੇਗਾ ਜਿਥੇ ਦੋਵੇਂ ਕੌਮਾਂ ਜ਼ਿਆਰਤ ਕਰ ਸਕਣਗੀਆਂ। ਯਹੂਦੀਆਂ ਨੇ ਜ਼ਸਨ ਮਨਾਏ। ਮੁਸਲਮਾਨਾ ਨੇ ਦੁਨੀਆਂ ਭਰ ਵਿਚ ਜਹਾਦ ਦਾ ਐਲਾਨ ਕਰ ਦਿੱਤਾ। ਅੰਗਰੇਜ਼ਾਂ ਨੇ ਦੇਸ ਵਾਪਸੀ ਦਾ ਐਲਾਨ ਕਰਕੇ ਇਜ਼ਰਾਈਲ ਯਹੂਦੀਆਂ ਨੂੰ ਸੌਂਪ ਦਿੱਤਾ। ਪੰਜ ਗਵਾਂਢੀ ਅਰਬ ਦੇਸਾਂ ਨੇ ਇਜ਼ਰਾਈਲ ਘੇਰ ਲਿਆ। ਇਜ਼ਰਾਈਲ ਨੇ ਪੰਜ ਦੇਸ ਖਦੇੜ ਦਿੱਤੇ। ਜੇਰੂਸਲਮ ਸ਼ਹਿਰ ਉੱਪਰ ਵੀ ਬਾਦ ਵਿਚ ਇਜ਼ਰਾਈਲ ਕਾਬਜ਼ ਹੋ ਗਿਆ।

ਇਸ ਸਾਰੇ ਭਾਣੇ ਵਾਸਤੇ ਦੋਸ਼ੀ ਕੌਣ? ਜੇਰੂਸਲਮ ਨੂੰ ਯੂ.ਐਨ. ਨੇ ਆਪਣੇ ਕਬਜ਼ੇ ਵਿਚ ਰੱਖਣਾ ਚਾਹਿਆ ਸੀ, ਮੁਸਲਮਾਨਾ ਨੇ ਫੈਸਲਾ ਠੁਕਰਾ ਦਿੱਤਾ। ਲੱਖਾਂ ਦੀ ਗਿਣਤੀ ਵਿਚ ਇਜ਼ਰਾਈਲ ਵਿਚੋਂ ਉਜੜਕੇ ਮੁਸਲਮਾਨਾ ਰਫੂਜੀ ਕੈਂਪਾਂ ਵਿਚ ਚਲੇ ਗਏ ਜਿਥੇ ਅਜੇ ਤਕ ਰੁਲ ਰਹੇ ਹਨ। ਆਪਣੇ ਅੰਦਰ ਝਾਤ ਮਾਰਨ ਦੀ ਥਾਂ ਫਲਸਤੀਨੀ ਅਜੇ ਤੱਕ ਯਹੂਦੀਆਂ ਨੂੰ ਦੋਸ਼ੀ ਠਹਿਰਾ ਰਹੇ ਹਨ।

ਤਾਰਿਕ ਫਤਹ ਵਰਗੇ ਨਿਰਪੱਖ ਮੁਸਲਮਾਨ ਜਿਹੜੇ ਆਖਦੇ ਹਨ ਕਿ ਯਹੂਦੀਆਂ ਨੂੰ ਵੀ ਮੁਸਲਮਾਨਾ ਵਾਂਗ ਜਿਉਣ ਦਾ ਅਤੇ ਸਟੇਟ ਕਰਨ ਦਾ ਹੱਕ ਹੈ ਉਨ੍ਹਾਂ ਦੀ ਖੈਰ ਨਹੀਂ। ਫਤਵੇ ਜਾਰੀ ਹੋ ਰਹੇ ਹਨ-ਜਿਹੜੇ ਮੁਸਲਮਾਨ ਦੀਨ ਛੱਡ ਗਏ ਹਨ, ਅੱਲਾਹ ਤੋਂ ਮੂੰਹ ਮੋੜ ਗਏ ਹਨ, ਉਨ੍ਹਾਂ ਉੱਪਰ ਕਹਿਰ ਟੁੱਟੇਗਾ। ਤਾਰਿਕ ਦਾ ਆਖਣਾ ਹੈ ਕਿ ਜਿਵੇਂ ਯਹੂਦੀਆਂ ਨੂੰ ਆਜ਼ਾਦ ਤੇ ਸੁੱਖੀ ਇਜ਼ਰਾਈਲ ਵਿਚ ਵਸਣਾ ਚੰਗਾ ਲੱਗਦਾ ਹੈ ਇਸੇ ਤਰ੍ਹਾਂ ਉਨ੍ਹਾਂ ਨੂੰ ਫਲਸਤੀਨ ਦੀ ਸਲਾਮਤੀ ਵਾਸਤੇ ਜ਼ਿੰਮੇਵਾਰੀ ਚੁੱਕਣੀ ਪਵੇਗੀ ਜਿਹੜੇ ਇਲਾਕਿਆਂ ਤੇ ਨਾਜਾਇਜ਼ ਕਬਜ਼ਾ ਹੋਇਆ ਹੈ, ਉਹ ਛੱਡਣਾ ਚਾਹੀਦਾ ਹੈ ਪਰ ਇਹ ਤਾਂ ਹੀ ਹੋ ਸਕੇਗਾ ਜੇ ਫਲਸਤੀਨ ਆਜ਼ਾਦ ਇਜ਼ਰਾਈਲ ਨੂੰ ਮਾਨਤਾ ਦੇ ਦਏ। ਹਮਾਸ ਹੁਣ ਤਕ ਨਆਰਾ ਮਾਰ ਰਹੀ ਹੈ-ਸਾਰਾ ਫਲਸਤੀਨ ਸਾਡਾ ਨਹੀਂ ਤਾਂ ਬਿਲਕੁਲ ਵੀ ਨਹੀਂ।

ਹਿੰਸਾ ਲਈ ਕੇਵਲ ਮੁਸਲਮਾਨ ਜਿੰਮੇਵਾਰ ਹੋਣ, ਅਜਿਹੀ ਗੱਲ ਨਹੀਂ ਪਾਗਲਪਣ ਕਿਤੇ ਵੀ ਜਨਮ ਲੈ ਸਕਦਾ ਹੈ। ਦੋ ਯਹੂਦੀ ਪੁਜਾਰੀਆਂ ਰਬਈ ਸ਼ਪੀਰਾ ਅਤੇ ਰਬਈ ਇਲੀਜ਼ਰ ਨੇ ਮਿਲ ਕੇ ਕਿਤਾਬ ਲਿਖੀ ਹੈ The King 's Torach ਇਸ ਵਿਚ ਇੰਜੀਲ ਨੇ ਤਲਮੂਦ ਅਤੇ ਸਹਾਇਕ ਸਾਹਿਤ ਵਿਚੋਂ ਹਵਾਲੇ ਦੇ ਦੇ ਲਿਖਿਆ ਹੈ-ਜੇ ਗ਼ੈਰ ਯਹੂਦੀ ਬੱਚੇ ਕਿਸੇ ਕਾਰਨ ਯਹੂਦੀਆਂ ਵਾਸਤੇ ਨੁਕਸਾਨਦਾਇਕ ਹੋਣ ਉਨ੍ਹਾਂ ਹੈ ਮਾਰਨਾ ਚਾਹੀਦਾ ਹੈ। ਜਦੋਂ ਪਤਾ ਹੋਵੇ ਦੁਸ਼ਮਣ ਦੇ ਬੱਚੇ ਵੱਡੇ ਹੋ ਕੇ ਦੁਸ਼ਮਣੀ ਕਰਨਗੇ, ਉਨ੍ਹਾਂ ਨੂੰ ਮਾਰਨਾ ਵਾਜਬ ਹੈ। ਜਿਹੜਾ ਆਮ ਨਾਗਰਿਕ ਹਥਿਆਰਬੰਦ ਦੁਸ਼ਮਣ ਨੂੰ ਪਨਾਹ ਦਿੰਦਾ ਹੈ, ਉਸਨੂੰ ਕਿਉਂ ਨਾ ਮਾਰਿਆ ਜਾਵੇ? ਕਿਸੇ ਹਕੂਮਤ ਤੋਂ ਕਿਸੇ ਜਥੇਬੰਦੀ ਤੋਂ ਆਗਿਆ ਨਾ ਉਡੀਕੋ, ਦੁਸ਼ਮਣ ਦਾ ਥਾਏਂ ਕੰਮ ਤਮਾਮ ਕਰੋ।

ਇਹੋ ਜਿਹੀਆਂ ਕਿਤਾਬਾਂ ਪੜ੍ਹਕੇ ਫਲਸਤੀਨੀ ਆਖਣਗੇ ਹੀ ਕਿ ਯਹੂਦੀ ਇਸਲਾਮ ਦੇ ਦੁਸ਼ਮਣ ਹਨ।

ਅਮਰੀਕਣ ਪ੍ਰਧਾਨ ਜਿੰਮੀ ਕਾਰਟਰ ਨੇ ਮਿਸਰ ਦੇ ਪ੍ਰੈਜੀਡੈਂਟ ਸਾਦਤ ਅਤੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੇਗਿਨ ਨੂੰ ਬੁਲਾ ਕੇ ਕਿਹਾ-ਇਜ਼ਰਾਈਲ ਨਾਜਾਇਜ਼ ਕਬਜ਼ਿਆਂ ਉਪਰੋਂ ਹਟੇ ਤੇ ਸਾਦਤ ਇਜ਼ਰਾਈਲ ਨੂੰ ਮਾਨਤਾ ਦਏ। ਦੋਵੇਂ ਨੇਤਾ ਮੰਨ ਗਏ। ਇਹ ਸੰਧੀ ਅਮਲ ਵਿਚ ਆਉਣ ਹੀ ਲੱਗੀ ਸੀ ਕਿ ਅਰਬ ਸੰਸਾਰ ਨੇ ਸਾਦਤ ਨੂੰ ਗੱਦਾਰ ਕਿਹਾ, ਕਿਸੇ ਖਾੜਕੂ ਨੇ ਗੋਲੀ ਦਾਗ ਦਿੱਤੀ। ਭਵਿੱਖ ਵਿਚ ਸੰਧੀ ਤੇ ਦਸਖ਼ਤ ਕਰਕੇ ਕੌਣ ਗੱਦਾਰ ਹੋਣ ਦਾ ਫਤਵਾ ਲਏਗਾ? ਜਿਹੜਾ ਨੇਤਾ ਅਮਨ ਅਮਾਨ ਦੀ ਗੱਲ ਕਰਦਾ ਹੈ, ਉਸਨੂੰ ਨਾਮਰਦ ਹੋਣ ਦਾ ਖਿਤਾਬ ਮਿਲਦਾ ਹੈ।

2008 ਦੇ ਸਾਲ ਤਾਰਿਕ, ਇਜ਼ਰਾਈਲ ਵਿਚ ਘੁੰਮਦਾ ਫਿਰਿਆ। ਇਸ ਦੇਸ ਵਿਚ ਮੁਸਲਮਾਨਾ ਦੀ ਵਸੋਂ 20% ਹੈ । ਉਹ ਪਿੰਡਾਂ ਸ਼ਹਿਰਾਂ ਸਭ ਥਾਵਾਂ ਤੇ ਗਿਆ, ਲੋਕਾਂ ਨਾਲ ਮੁਲਾਕਾਤਾਂ ਕੀਤੀਆਂ। ਮੁਸਲਮਾਨਾ ਨੂੰ ਸਿਧਾ ਸਵਾਲ ਪੁੱਛਦਾ-ਕੀ ਤੁਹਾਡੇ ਨਾਲ ਵਿਤਕਰਾ ਹੋ ਰਿਹੈ? ਠੋਸ ਜਵਾਬ ਮਿਲਦਾ-ਹਰਗਿਜ਼ ਨਹੀਂ। ਵੀਹ ਸਾਲ ਦੇ ਇਕ ਜੁਆਨ ਨੇ ਸਵਾਲ ਦਾ ਉਤਰ ਦਿੱਤਾ-ਸਹੁੰ ਅੱਲਾਹ ਦੀ, ਮੈਂ ਇਜ਼ਰਾਈਨ ਛੱਕ ਕੇ ਅਰਬ ਦੇਸ ਵਿਚ ਵੱਸਣ ਦਾ ਸੁਫਨਾ ਵੀ ਨਾ ਲਵਾ। ਉਹ ਜਾਹਲ ਤਾਂ ਜਾਣਦੇ ਈ ਨਹੀਂ ਆਪਣੇ ਦੇਸ਼ਵਾਸੀਆਂ ਦੀ ਇੱਜ਼ਤ ਕਿਵੇਂ ਕਰੀਦੀ ਹੈ। ਹਾਈਫਾ ਮਸਜਿਦ ਦੇ ਈਮਾਮ ਨੂੰ ਇਹੋ ਸਵਾਲ ਕੀਤਾ ਤਾਂ ਉਸਨੇ ਕਿਹਾ-ਦੇਖੋ ਸਾਨੂੰ ਮੁਸਲਮਾਨਾ ਨੂੰ ਕਦੀ ਕਦਾਈ ਕੁੱਝ ਮੁਸ਼ਕਲਾਂ ਦਾ ਸਾਮਹਣਾ ਕਰਨਾ ਪੈਂਦਾ ਹੈ ਤੇ ਅਸੀਂ

ਚਾਹੁੰਦੇ ਹਾਂ ਕਿ ਵੈਸਟ ਬੈਂਕ ਇਲਾਕੇ ਤੇ ਕੀਤਾ ਕਬਜ਼ਾ ਇਜ਼ਰਾਈਲ ਛੱਡੇ, ਪਰ ਜੇ ਕੋਈ ਕਹੇ ਕਿ ਸਾਡੇ ਨਾਲ ਵਿਤਕਾਰਾ ਹੁੰਦੇ, ਇਹ ਕੋਰਾ ਝੂਠ ਹੈ। ਈਮਾਮ ਤਾਰਿਕ ਨੂੰ ਖਾਣਾ ਖੁਆਣ ਆਪਣੇ ਘਰ ਲੈ ਗਿਆ। ਦੇਰ ਤੱਕ ਅਰਬ ਲੀਡਰਾਂ ਦੀਆਂ ਬੇਈਮਾਨੀਆਂ ਦੋਗਲਾਪਣ, ਭਰਿਸ਼ਟਾਚਾਰ ਮੱਕਾਰੀ ਅਤੇ ਮੂਰਖਤਾ ਦਾ ਨਿਰੰਤਰ ਜ਼ਿਕਰ ਕਰਦਾ ਗਿਆ। ਤਾਰਿਕ ਨੇ ਪੁੱਛਿਆ-ਤਾਂ ਕੀ ਤੁਸੀਂ ਇਜ਼ਰਾਈਲੀ ਹੋ? ਈਮਾਮ ਨੇ ਕਿਹਾ-ਸੌ ਫੀਸਦੀ ਇਜ਼ਰਾਈਲੀ।

2004 ਦੀਆਂ ਗਰਮੀਆਂ ਵਿਚ ਮਾਟਰਿਅਲ ਸ਼ਹਿਰ ਦੀ ਮੁਸਲਮਾਨ ਸੰਗਤ ਵਿਚ ਮਾਂਟਰਿਅਲ ਦੀ ਮਸਜਿਦ ਦੇ ਈਮਾਮ ਨੇ ਕਹਿ ਦਿੱਤਾ ਕਿ ਯਹੂਦੀਆਂ ਖਿਲਾਫ ਨਫ਼ਰਤ ਇਸਲਾਮੀ ਥਿਆਲੋਜੀ ਦਾ ਅਨਿਖੜ ਹਿੱਸਾ ਬਣ ਗਿਆ ਹੈ ਜੋ ਸਿਹਤਮੰਦ ਰੁਝਾਣ ਨਹੀਂ। ਇਸ ਕਥਨ ਸਦਕਾ ਹੋ ਹੱਲਾ ਮੱਚਣਾ ਹੀ ਸੀ-ਸਾਬਤ ਕਰੋ ਕਿ ਰੰਚਰ ਮਾਤਰ ਵੀ ਇਸਲਾਮ ਵਿਚ ਨਫਰਤ ਦੀ ਨਿਸ਼ਾਨੀ ਹੈ। ਇਹ ਈਮਾਮ ਖਲੀਲ ਮੁਹੰਮਦ ਹੁਣ ਕੈਨੀਫੋਰਨੀਆਂ ਸਟੇਟ ਯੂਨੀਵਰਸਿਟੀ ਵਿਚ ਇਸਲਾਮਿਕ ਲਾਅ ਦਾ ਪ੍ਰੋਫੈਸਰ ਹੈ। ਵਿਦਿਆ ਅਤੇ ਉਸਦੇ ਰੁਤਬੇ ਸਦਕਾ ਵਾਵੇਲਾ ਮਚਾਉਣ ਦੀ ਥਾਂ ਸੰਜੀਦਗੀ ਨਾਲ ਗੱਲ ਸੁਣਾਈ, ਕਰਨੀ ਚਾਹੀਦੀ ਸੀ ਪਰ ਮੁਸਲਮਾਨਾ ਅਤੇ ਸਿੱਖਾਂ ਵਿਚ ਦਲੀਲ ਦੀ ਸੰਜੀਦਗੀ, ਨਿਮਰਤਾ ਜਾਣਨ ਦੀ ਇੱਛਾ ਅਜੇ ਗ਼ੈਰ ਹਾਜ਼ਰ ਹਨ। ਖਲੀਲ ਖੁੰਢ ਚਰਚਾ ਕਰਨ ਵਾਲੇ ਬੁੱਝ ਬੁੱਝਕੜਾਂ ਵਿਚੋਂ ਨਹੀਂ ਉਸਨੇ ਧਰਮ ਅਤੇ ਮਨੋਵਿਗਿਆਨ ਵਿਚ ਬੈਚਲਰਜ਼ ਪਿਛੋਂ ਜੂਡਾਇਜ਼ਮ ਅਤੇ ਇਸਲਾਮ ਦੀ ਸਪੈਸ਼ਲਾਈਜ਼ੇਸ਼ਨ ਨਾਲ ਮਾਸਟਰਜ਼ ਕਰਕੇ ਇਸਲਾਮਿਕ ਲਾਅ ਵਿਚ ਡਾਕਟਰੇਟ ਕੀਤੀ। ਇਹ ਸਾਰੀ ਵਿਦਿਆ ਪੱਛਮੀ ਯੂਨੀਵਰਸਿਟੀਆਂ ਵਿਚੋਂ ਹਾਸਲ ਕਰਨ ਕਰਕੇ ਉਸ ਨੂੰ ਲੱਗਾ ਕਿਤੇ ਕਸਰ ਨਾ ਰਹਿ ਜਾਵੇ, ਸਾਊਦੀ ਅਰਬ ਦੀ ਇਸਲਾਮਿਕ ਯੂਨੀਵਰਸਿਟੀ ਰਿਆਧ ਤੋਂ ਵੀ ਸ਼ਰੀਅਤ ਦੀ ਉੱਚ ਵਿੱਦਿਆ ਪ੍ਰਾਪਤ ਕੀਤੀ। ਬਾਕੀਆਂ ਦੀ ਗੱਲ ਛੱਡੋ, ਮੁਹੰਮਦ ਅਲਮਸਰੀ, ਕੈਨੇਡੀਅਨ ਇਸਲਾਮੀ ਕਾਂਗਰਸ ਦੇ ਪ੍ਰਧਾਨ ਨੇ ਖਲੀਲ ਤੇ ਦੋਸ਼ ਲਾਇਆ-ਇਹ ਪ੍ਰੋਫੈਸਰ ਨਸਲੀ ਨਫ਼ਰਤ ਦੇ ਬੀਜ ਬੀਜ ਰਿਹੈ। ਇਸੇ ਮੁਹੰਮਦ ਅਲਸਰੀ ਨੇ ਥੋੜੀ ਦੇਰ ਬਾਅਦ ਐਲਾਨ ਕੀਤਾ ਸੀ-ਅਠਾਰਾਂ ਸਾਲ ਤੋਂ ਵਧੀਕ ਉਮਰ ਦੇ ਸਾਰੇ ਯਹੂਦੀ ਬੱਚੇ ਕਤਲ ਕਰ ਦੇਣੇ ਚਾਹੀਦੇ ਹਨ। ਬਿੱਲੀ ਦਾ ਸ਼ਾਂਤੀਪਾਠ ਸੁਣਕੇ ਸਭ ਹੱਸ ਪਏ।

ਜਵਾਬ ਦਿੰਦਿਆਂ ਖਲੀਲ ਨੇ ਕਿਹਾ-ਹਜ਼ਰਤ ਮੁਹੰਮਦ ਸਾਹਿਬ ਤੋਂ ਸਦੀਆਂ ਬਾਦ ਮੁਸਲਮਾਨਾ ਨੇ ਹਦੀਸ ਲਿਖੀ। ਹਦੀਸ ਇਸਲਾਮੀ ਤਾਲੀਮ ਦਾ ਅਹਿਮ ਹਿੱਸਾ ਹੈ। ਹਦੀਸ ਅਨੁਸਾਰ ਯਹੂਦੀ ਇਜ਼ਰਤਾਰ ਆਦਮੀ ਨਹੀਂ, ਕਿਆਮਤ ਤਕ ਉਹ ਰੱਬ ਦਾ ਵੈਰੀ ਰਹੇਗਾ। ਮਸਜਿਦਾਂ ਮਦਰਸਿਆਂ ਵਿਚ ਇਹੋ ਵਿੱਦਿਆਂ ਪੜ੍ਹਾਈ ਜਾ ਰਹੀ ਹੈ। ਸਹਿਜ ਸੁਭਾ ਵਿਦਿਆਰਥੀਆਂ ਦੇ ਦਿਲ ਵਿਚ ਯਹੂਦੀ ਵਿਰੁੱਧ ਨਫ਼ਰਤ ਦੇ ਬੀਜ ਟਿਕਾ ਦਿੱਤੇ ਜਾਂਦੇ ਹਨ। ਉਹੋ ਪੁਰਾਣਾ ਰਾਗ-ਆਵਾਜ਼ਾਂ ਆਈਆਂ ਖਲੀਲ ਨੂੰ ਇਸਲਾਮ ਵਿਚੋਂ ਛੇਕੋ। ਖਲੀਲ ਨੇ ਕਿਹਾ-ਮੇਰਾ ਫੈਸਲਾ ਹੈ ਮੈਂ ਮੋਮਿਨਾ ਨੂੰ ਮੱਧਕਾਲੀ ਇਸਲਾਮ ਵਿਚੋਂ ਬਾਹਰ ਲੈ ਕੇ ਆਵਾਂਗਾ। ਉਸ ਵਿਚ ਇਕ ਨੁਕਸ ਇਹ ਵੀ ਹੈ ਉਹ ਦਾਹੜੀ ਵਾਲਾ ਈਮਾਮ ਨਹੀਂ।

ਪਹਿਲੀ ਨਮਾਜ਼ ਸੂਰਾ ਅਲ ਫਾਤਿਹਾ ਹੈ ਜੋ ਸਭ ਤੋਂ ਪਹਿਲਾਂ ਸਿਖਾਈ ਜਾਂਦੀ ਹੈ:

1. ਮਿਹਬਰਾਨ, ਦਰਿਆ ਦਿਲ ਰੱਬ ਦੇ ਨਾਮ ਤੇਰੇ।
2. ਕੁੱਲ ਕਾਇਨਾਤ ਦੇ ਮਾਲਕ ਨੂੰ ਸਲਾਮ।
3. ਐ ਕਿਆਮਤ ਦੇ ਮਾਲਕ, ਅਸੀਂ ਕੇਵਲ ਤੇਰੀ ਬੰਦਗੀ ਕਰਦੇ ਹਾਂ।
4. ਸਾਨੂੰ ਸਹੀ ਰਸਤੇ 'ਤੇ ਤੋਰ।
5. ਉਸ ਰਸਤੇ ਉੱਪਰ ਨਹੀਂ ਜਿਸ ਉੱਪਰ ਚੱਲਣ ਵਾਲਿਆਂ ਤੇ ਤੇਰਾ ਕਹਿਰ ਟੁੱਟੇ।
6. ਉਹ ਰਸਤਾ ਵੀ ਨਾ ਦਿਖਾਈ ਜੋ ਤੈਥੋਂ ਪਰੇ ਲਿਆਂਦਾ ਹੋਵੇ।

ਪੰਕਤੀਆਂ ਦੇ 1 ਤੋਂ 6 ਨੰਬਰ ਅਸੀਂ ਆਪ ਲਾਏ ਹਨ। ਇਨ੍ਹਾਂ ਛੇ ਪੰਕਤੀਆਂ ਦਾ ਪਾਠ ਹਰੇਕ ਧਰਮ ਦਾ ਮੁਰੀਦ ਖੁਸ਼ੀ ਨਾਲ ਕਰੇਗਾ ਕਿਉਂਕਿ ਇਸ ਵਿਚ ਪਾਕ ਈਮਾਨ ਅਤੇ ਅਰਦਾਸ ਹੈ। ਨਬੀ ਦੇ ਦੇਹਾਂਤ ਤੋਂ ਦੋ ਸਦੀਆਂ ਬਾਅਦ ਇਸ ਸੂਰਾ (ਸੂਰਾ ਮਾਇਨੇ ਅਧਿਆਇ) ਦੇ ਅਰਥ ਵਿਦਵਾਨਾ ਦੇ ਹਦੀਸ ਵਿਚ ਮਰਜ਼ੀ ਨਾਲ ਤਬਦੀਲ ਕਰ ਦਿੱਤੇ, ਲਿਖਿਆ-ਪੰਜਵੀਂ ਪੰਕਤੀ ਯਹੂਦੀਆਂ ਵਾਸਤੇ ਹੈ, ਉਹ ਗ਼ਲਤ ਰਸਤੇ ਤੇ ਚੱਲੇ ਜਿਸ ਕਰਕੇ ਖ਼ੁਦਾ ਦਾ ਕਹਿਰ ਟੁੱਟਿਆ ਅਤੇ ਟੁੱਟਦਾ ਰਹੇਗਾ। ਈਸਾਈ ਰਤਾ ਘੱਟ ਗੁਨਾਹਗਾਰ ਹਨ, ਛੇਵੀ ਪੰਕਤੀ ਉਨ੍ਹਾਂ ਵਾਸਤੇ ਉੱਤਰੀ ਹੈ। ਇਨ੍ਹਾਂ ਦੋ ਪੰਕਤੀਆਂ ਦੇ ਮਨਘੜਤ ਅਰਥਾਂ ਕਾਰਨ ਇਸਲਾਮ ਯਹੂਦੀਆਂ ਦਾ ਦੁਸ਼ਮਣ ਅਤੇ ਈਸਾਈਆਂ ਲਈ ਓਪਰਾ ਹੋ ਗਿਆ।

ਹਦੀਸ ਦੇ ਘਾੜਿਆਂ ਨੇ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਪੰਜਵੀਂ ਅਤੇ ਛੇਵੀ ਪੰਕਤੀ ਵਿਚ ਯਹੂਦੀ ਜਾਂ ਈਸਾਈ ਲਫਜ਼ ਤਾਂ ਨਬੀ ਨੇ ਲਿਖੇ ਹੀ ਨਹੀਂ ਫਿਰ ਉਹ ਉਨ੍ਹਾਂ ਵਾਸਤੇ ਹਨ, ਕਿਵੇਂ ਮੰਨੀਏ? ਕੁਰਾਨ ਵਿਚ ਹੋਰ ਅਨੇਕ ਥਾਵਾਂ ਤੇ ਯਹੂਦੀਆਂ ਈਸਾਈਆ ਦੇ ਨਾਮ ਲੈ ਕੇ ਬਚਨ ਲਿਖੇ ਮਿਲਦੇ ਹਨ, ਇਥੇ ਵਿਆਖਿਆਕਾਰਾਂ ਨੇ ਹਦੀਸ ਵਿਚ ਆਪਣੇ ਕੋਲੋਂ ਲੱਖਣ ਲਾ ਕੇ ਅਰਥਾਂਅਦੀ ਥਾਂ ਅਨਰਥ ਕੀਤੇ ਕਿਉਂਕਿ ਹਦੀਸ ਲੇਖਕ ਮੂਸਾਈਆ, ਈਸਾਈਆਂ ਨੂੰ ਖ਼ੁਦ ਨਫ਼ਰਤ ਕਰਦੇ ਸਨ, ਨਬੀ ਨੇ ਉਨ੍ਹਾਂ ਨੂੰ ਨਫ਼ਰਤ ਨਹੀਂ ਕੀਤੀ: ਇਨ੍ਹਾਂ ਗ਼ਲਤ ਅਰਥਾਂ ਨੂੰ ਸਹੀ ਕੇਵਲ ਇਸੇ ਕਰਕੇ ਮੰਨਿਆ ਜਾਂਦਾ ਰਿਹਾ ਕਿਉਂਕਿ ਬਹੁਤ ਪੁਰਾਣੇ ਹਨ।

ਇਕ ਵੱਡਾ ਸੰਕਟ ਹੋਰ ਹੈ। ਵਧੀਕ ਮੁਸਲਮਾਨ ਅਰਬੀ ਨਹੀਂ ਜਾਣਦੇ, ਕੁਰਾਨ ਦੇ ਅਰਥ ਅੰਗਰੇਜ਼ੀ ਸਮੇਤ ਜਿਸ ਵੀ ਜ਼ਬਾਨ ਵਿਚ ਕੀਤੇ ਗਏ, ਉਨ੍ਹਾਂ ਦਾ ਆਧਾਰ ਹਦੀਸ ਹੈ। ਉਕਤ ਛੇ ਪੰਕਤੀਆਂ ਰੱਬ ਦੇ ਉਹ ਬੋਲ ਹਨ ਜੋ ਪੈਗੰਬਰ ਨੇ ਸੁਣੇ ਤੇ ਦਰਜ ਕਰਾਵਏ। ਅਰਬੀ ਜਾਣਨ ਵਲੋ ਤਾਂ ਪੜ੍ਹ ਲੈਣਗੇ ਕਿ ਇਥੇ ਯਹੂਦੀਆਂ ਈਸਾਈਆਂ ਦਾ ਜ਼ਿਕਰ ਨਹੀਂ ਪਰ ਬਾਕੀ ਲੋਕ ਗੁਮਰਾਹ ਹੋਣਗੇ। ਇਹੀ ਕਾਰਨ ਹੈ ਕਿ ਅਰਬ ਦੇ ਜੁਆਨ ਸ਼ਾਂਤ ਹਨ, ਉਨੀ ਗਿਣਤੀ ਵਿਚ ਜਹਾਦੀ ਅਰਬ ਨਹੀਂ ਹਨ ਜਿਨ੍ਹੇ ਅਰਬੀ ਜ਼ਬਾਨ ਤੋਂ ਅਨਜਾਣ ਦੇਸ਼ਾਂ ਦੇ ਜੁਆਨ ਗਰਮ ਹਨ। ਸਊਦੀ ਅਰਬ ਬਾਕੀ ਦੇਸਾਂ ਵਿਚ ਖ਼ਬਰਾਂ ਡਾਲਰ ਦੌਲਤ ਸੁਟ ਕੇ ਜਹਾਦ ਦੀ ਕਮਾਨ ਸੰਭਾਲ ਰਿਹਾ ਹੈ। ਪੱਛਮ ਵਿਚ ਅਨੇਕ ਮਦਰਸੇ ਹਨ, ਅਮੀਰਕਾ ਸਮੇਤ। ਅਰਬੀ ਜਾਣਨ ਵਾਲੇ ਬੱਚਿਆ ਨੂੰ ਵੀ ਮੌਲਵੀ ਸਿਖਾ ਦਿੰਦੇ ਹਨ ਕਿ ਪੰਜਵੀਂ ਪੰਕਤੀ ਯਹੂਦੀਆਂ ਵਾਸਤੇ ਤੇ ਛੇਵੀ ਆਇਤ ਈਸਾਈਆਂ ਵਾਸਤੇ ਹੈ।

ਉਕਤ ਛੇ ਪੰਕਤੀਆਂ ਮੁਸਲਮਾਨਾ ਲਈ ਕਿਉਂ ਪਾਠ ਕਰਕੇ ਮੈਨੂੰ ਲੱਗਾ ਕਿ ਇਹ ਮੇਰੇ ਵਰਗੇ ਸਿੱਖ ਵਾਸਤੇ ਵੀ ਬਰਾਬਰ ਕੀਮਤੀ ਹਨ। ਮੈਂ ਵਾਹਿਗੁਰੂ ਦੇ ਹੁਕਮਾ ਦੀ ਪ੍ਰਵਾਹ ਨਾ ਕਰਾਂਗਾ ਤਾਂ ਮੇਰੇ ਉੱਪਰ ਬਿਪਤਾ ਆਏਗੀ। ਮੈਨੂੰ ਰੱਬ ਆਪਣੇ ਰਸਤੇ ਤੋਂ ਦੂਰ ਨਾ ਜਾਣ ਦਏ। ਇਹ ਪੰਕਤੀਆਂ ਯਹੂਦੀਆਂ ਤੇ ਈਸਾਈਆਂ ਵਾਸਤੇ ਹਨ। ਕੀ ਮੁਸਲਮਾਨਾ ਵਾਸਤੇ ਨਹੀਂ? ਮੁਲਸਮਾਨ ਖੁਦਾ ਦੇ ਰਸਤੇ ਤੋਂ ਭਟਕੇਗਾ ਕੀ ਉਹ ਰੱਬੀ ਕਹਿਰ ਦਾ ਸ਼ਿਕਾਰ ਨਹੀਂ ਹੋਏਗਾ? ਕੀ ਮੁਸਲਮਾਨ ਨਹੀਂ ਚਾਹੁੰਦੇ ਉਹ ਖ਼ੁਦਾ ਦੇ ਰਸਪਤਓ ਪਰੇ ਨਾ ਜਾਣਾ? ਜਿਹੜੀਆਂ ਇਲਹਾਮੀ ਆਵਜਾਂ ਯੂਨੀਵਰਸਲ ਕਵਰੇਜ ਕਰਦੀਆਂ ਸਨ ਉਹ ਮੂਸਾਈਆਂ ਈਸਾਈਆਂ ਵੱਲ ਸੋਧ ਦਿੱਤੀਆ। ਇਹੋ ਜਿਹੀ ਸਾਜਸ਼ ਬੰਦਾ ਕਰਦਾ ਹੈ, ਨਾ ਰੱਬ ਨਾ ਉਸਦੇ ਪੈਗੰਬਰ। ਹਦੀਸਕਾਰ ਦੀ ਸਾਜ਼ਿਸ਼ ਅਰਬ-ਇਜ਼ਰਾਈਲ ਟੱਕਰ ਦੀ ਬੁਨਿਆਦ ਹੈ। ਪੰਜਵੀਂ ਛੇਵੀਂ ਪੰਕਤੀ ਬੀਜ ਹਨ, ਇਸ ਬੀਜ ਨੇ ਵੱਡ ਆਕਾਰੀ ਬਿਰਖ ਦਾ ਰੂਪ ਧਾਰ ਲਿਆ ਹੈ, ਇਸ ਬੁਰੇ ਬਿਰਖ ਦੀਆਂ ਖੇਤਾ ਵਿਚੋਂ ਜ਼ਹਿਰੀਲੇ ਸੱਪ ਫੁੰਕਾਰ ਰਹੇ ਹਨ, ਬੁੱਲਾਂ ਤੇ ਜੀਭਾਂ ਫੇਰ ਰਹੇ ਹਨ।

ਕੇਵਲ ਅਰਬ ਦੇਸਾਂ ਵਿਚ ਨਹੀਂ ਉਤਰੀ ਅਮਰੀਕਾ ਵਿਚਲੇ ਇਸਲਾਮੀ ਸਕੂਲਾਂ ਦੀਆਂ ਪਾਠ ਪੋਥੀਆਂ ਵਿਚ ਇਸ ਤਰ੍ਹਾਂ ਦੇ ਵਾਕ ਹਨ:

-ਯਹੂਦੀ ਅਤੇ ਈਸਾਈ ਮੁਸਲਮਾਨਾ ਦੇ ਦੁਸ਼ਮਣ ਹਨ।

-ਇਸਲਾਮ ਤੋਂ ਇਲਾਵਾ ਬਾਕੀ ਸਾਰੇ ਧਰਮ ਕੁਫਰ ਹਨ।

-ਜਦੋਂ ਤੱਕ ਮੁਸਲਮਾਨ ਯਹੂਦੀਆਂ ਦਾ ਮਲੀਆਮੇਟ ਨਹੀਂ ਕਰ ਕਿਆਮਤ ਦਾ ਦਿਨ ਨਹੀਂ ਆਏਗਾ (ਯਾਨੀ ਕਿ ਇਨਸਾਫ ਨਹੀਂ ਮਿਲੇਗਾ)

- ਕਾਫਰਾਂ ਖਿਲਾਫ ਜਹਾਦ (ਧਰਮ ਯੁੱਧ) ਵਾਜਬ ਹੈ।

ਇਹੋ ਜਿਹੀਆਂ ਲਿਖਤਾਂ ਆਮ ਹਨ ਜਿਨ੍ਹਾਂ ਵਿਚ ਦਰਜ ਹੈ ਕਿ ਯਹੂਦੀ ਬਣਮਾਣਸ ਹਨ ਅਤੇ ਈਸਾਈ ਸੂਰ ਦੀ ਔਲਾਦ ਹਨ। ਪਾਠ ਪੋਥੀਆਂ ਵਿਚਲਾ ਇਹ ਪ੍ਰਸੰਗ ਪੜ੍ਹਕੇ ਕਿਸੇ ਜੁਆਨ ਦੇ ਹੱਥ ਵਿਚ ਬੰਬ ਆ ਜਾਣਾ ਸੁਭਾਵਿਕ ਹੈ। ਨਿਊਯਾਰਕ ਟਾਈਮਜ਼ ਸੁਕੇਅਰ ਵਿਚਲੇ ਬੰਬ ਧਮਾਕੇ ਲਈ ਜ਼ਿੰਮੇਵਾਰ ਸੋਹਲੇ ਸ਼ਾਹਜ਼ਾਦ ਦੇ ਘਰੋਂ ਜਿਹੜਾ ਕੁਰਾਨ ਮਿਲਿਆ, ਉਸ ਵਿਚ ਪੰਜਵੀਂ ਛੇਵੀਂ ਆਇਤ ਦੇ ਉਹੋ ਅਰਥ ਹਨ ਜਿਹੜੇ ਅਸੀਂ ਪੜ੍ਹ ਆਏ ਹਾਂ। ਸਾਊਦੀ ਅਰਬ ਦੇ ਧਨ ਨਾਲ ਛਾਪਿਆ ਇਹ ਕੁਰਾਨ ਹਰੇਕ ਮੁਸਲਿਮ ਦੁਤਾਵਾਸ ਵਿਚੋਂ ਹਰੇਕ ਸੁੰਨੀ ਮਸਜਿਦ ਵਿਚੋਂ ਮੁਫਤ ਮਿਲਦਾ ਹੈ। ਕੁਰਾਨ ਦੇ ਵਿਆਖਿਆਕਾਰਾਂ ਨੇ ਮੁਖਬੰਦ ਵਿਚ ਲਿਖਿਆਂ ਹੈ- "ਕਿਤੇ ਕਿਤੇ ਅਸੀਂ ਆਪਣੇ ਕੋਲੋਂ ਮਾਮੂਲੀ ਸ਼ਬਦ ਅਤੇ ਵਾਕ ਇਸ ਲਈ ਜੋੜ ਦਿੱਤੇ ਹਨ ਤਾਂ ਕਿ ਅਨੁਵਾਦ ਅਰਬੀ ਜ਼ਬਾਨ ਦੇ ਐਨ ਨੇੜੇ ਰਹੇ ਤੇ ਅਰਥ ਵਾਕ ਇਸ ਲਈ ਜੋੜ ਦਿੱਤੇ ਹਨ ਤਾਂ ਕਿ ਅਨੁਵਾਦ ਅਰਬੀ ਜ਼ਬਾਨ ਦੇ ਐਨ ਨੇੜੇ ਰਹੇ ਤੇ ਅਰਥ ਸਮਝਣ ਵਿਚ ਸੌਖ ਰਹੇ।" ਇਸ ਕਥਨ ਨੇ ਮਿਲਾਵਟ ਨੂੰ ਗੁਨਾਹ ਦੀ ਥਾਂ ਪਵਿੱਤਰ ਬਣਾ

ਦਿੱਤਾ ਹੈ।

5:20 ਅਤੇ 5:21 ਪੰਕਤੀਆਂ ਯਹੂਦੀਆਂ ਨੂੰ ਸੰਬੋਧਨ ਕਰਕੇ ਉਚਾਰੀਆਂ ਗਈਆ। ਚੇਤੇ ਰਹੇ, ਇਹ ਹਜ਼ਰਤ ਮੁਹੰਮਦ ਦੀਆਂ ਨਹੀਂ ਅੱਲਾਹ ਦੀਆਂ ਨਬੀ ਰਾਹੀਂ ਉਤਾਰੀਆਂ ਹੋਈਆਂ ਹਨ।

5:20 ਯਾਦ ਰੱਖੋ, ਮੂਸਾ ਨੇ ਯਹੂਦੀਆਂ ਨੂੰ ਕਿਹਾ ਸੀ, ਐ ਮੇਰੇ ਲੋਕੋ ਅੱਲਾਹ ਨੇ ਜੋ ਜੋ ਦਿਆਲੂ ਹੋਕੇ ਤੁਹਾਨੂੰ ਬਖ਼ਸ਼ਿਆਂ ਉਸਨੂੰ ਭੁੱਲਣਾ ਨਾਂਹ। ਤੁਹਾਡੇ ਵਿਚੋਂ ਹੀ ਮਿਹਰਬਾਨ ਹੋ ਕੇ ਉਸਨੇ ਪੈਗੰਬਰ ਚੁਣੇ ਅਤੇ ਤੁਹਾਨੂੰ ਬਾਦਸ਼ਾਹੀਆਂ ਦਿੱਤੀਆਂ। ਉਸਨੇ ਤੁਹਾਨੂੰ ਉਹ ਕੁੱਝ ਦਿੱਤਾ ਜਿਸ ਤੋਂ ਬਾਕੀ ਜਹਾਨ ਵੰਚਿਤ ਰਹਿ ਗਿਆ।

5:21 ਓ ਮੇਰੇ ਭਲੇ ਲੋਕੋ ਹੁਣ ਉਸ ਪਵਿੱਤਰ ਧਰਤੀ ਉੱਪਰ ਜਾਓ ਜਿਹੜੀ ਅੱਲਾਹ ਨੇ ਤੁਹਾਡੇ ਨਸੀਬਾਂ ਵਿਚ ਲਿਖ ਦਿੱਤੀ ਹੈ, ਇਸ ਵੱਲ ਪਿਠਾ ਨਾ ਕਰਿਓ, ਮੂੰਹ ਮੋੜੋਗੇ ਤਾਂ ਪਛਤਾਓਗੇ।

ਇਹ ਪੰਕਤੀਆਂ ਹਜ਼ਰਤ ਮੁਹੰਮਦ ਰਾਹੀਂ ਰੱਬ ਨੇ ਕੁਰਾਨ ਦੇ ਰੂਪ ਵਿਚ ਯਹੂਦੀਆਂ ਬਾਰੇ ਭੇਜੀਆਂ ਹਨ ਪਰ ਹਦੀਸ ਉਲਟ ਅਰਥ ਕਰਦਿਆਂ ਦੱਸਦੀ ਹੈ ਕਿ ਇਜ਼ਰਾਈਲ ਦੀ ਪੁੰਨ ਭੂਮੀ ਮੁਸਲਮਾਨਾ ਦੀ ਹੈ ਤੇ ਬਦਕਾਰ ਯਹੂਦੀਆਂ ਦੇ ਪੰਜੇ ਵਿਚੋਂ ਖ਼ੂਨੀ ਜੰਗ ਰਾਹੀ ਮੁਕਤ ਕਰਾਉਣੀ ਹੈ। ਜਹਾਦ ਰਾਹੀਂ ਹਜ਼ਾਰ ਸਾਲ ਪਹਿਲਾਂ ਮੁਸਲਮਾਨਾ ਨੇ ਯਹੂਦੀਆਂ ਤੋਂ ਇਹ ਧਰਤੀ ਖੋਹ ਲਈ ਯਹੂਦੀ ਲਾਚਾਰੀਵਸ ਦਿਨ ਕਟੀ ਕਰਦੇ ਰਹੇ, ਮੁਸਲਮਾਨਾ ਦੀ ਤਾਕਤ ਅੱਗੇ ਕਦੀ ਖ਼ਤਰਾ ਨਹੀਂ ਬਣੇ ਸਨ। ਜੇਰੂਸਲਮ, ਓਟੋਮਾਨ ਮੁਸਲਿਮ ਸਲਤਨ ਅਧੀਨ ਰਿਹਾ ਤੇ ਪ੍ਰਬੰਧ ਇਸਤੰਬੂਲ ਤੋਂ ਹੁੰਦਾ ਸੀ। ਵੱਡੀ ਗਿਣਤੀ ਮੁਸਲਮਾਨਾ ਦੀ ਸੀ, ਘੱਟ ਗਿਣਤੀ ਕੌਮਾਂ ਯਹੂਦੀ, ਆਰਮੀਨੀ, ਈਸਾਈ ਆਪੋ ਆਪਣੀਆਂ ਬਸਤੀਆਂ ਵਿਚ ਰਹਿ ਰਹੇ ਸਨ। ਮੁਸਲਮਾਨਾ ਦੀ ਦਲੀਲ ਹੁੰਦੀ-ਜੇ ਮੂਸਾ ਦੇ ਰੱਬ ਨੇ ਵਾਅਦਾ ਕੀਤਾ ਸੀ ਕਿ ਜੇਰੂਸਲਮ ਦੀ ਪਾਕਿ ਜ਼ਮੀਨ ਯਹੂਦੀਆਂ ਨੂੰ ਦਿੱਤੀ ਤਾਂ ਕੀ? ਯਹੂਦੀਆਂ ਨੇ ਕਿਉਂਕਿ ਪਾਕਿ ਜ਼ਮੀਨ ਵਲੋਂ ਮੂੰਹ ਮੋੜ ਲਿਆ ਸੀ ਇਸ ਕਰਕੇ ਅੱਲਾਹ ਉਨ੍ਹਾਂ ਲਾਲ ਨਰਾਜ਼ ਹੋ ਗਿਆ, ਇਹ ਮੁਸਲਮਾਨਾ ਦੀ ਦਲੀਲ ਹੈ। ਪਰ ਵੀਹਵੀਂ ਸਦੀ ਵਿਚ ਯਹੂਦੀਆਂ ਨੇ ਅੱਲਾਹ ਦਾ ਹੁਕਮ ਮੰਨਦਿਆਂ ਪਾਕਿ ਜੇਰੂਸਲਮ ਵਲ ਫਿਰ ਰੁਖ ਕਰ ਲਿਆ, ਬੰਦੇ ਕੁਰਾਹੇ ਪੈ ਗਏ ਸਨ, ਰਸਤੇ ਤੇ ਆ ਗਏ, ਰੱਬ ਤਾਂ ਆਪਣੇ ਵਾਦੇ ਤੋਂ ਨਹੀਂ ਮੁਕਰਿਆ, ਉਸਨੇ ਜੇਰੂਸਲਮ ਮੁੜ ਯਹੂਦੀਆਂ ਹਵਾਲੇ ਕਰ ਦਿੱਤਾ। ਰੱਬ ਦੀ ਜਿਹੜੀ ਰਜ਼ਾ 5:20 ਅਤੇ 5:21 ਕੁਰਾਨ ਵਿਚ ਦਰਜ ਹੈ ਮੁਸਲਮਾਨਾ ਨੂੰ ਉਹ ਮੰਨ ਲੈਣੀ ਚਾਹੀਦੀ ਹੈ।

2004 ਵਿਚ ਇਸ ਮਸਲੇ ਤੇ ਜੇਰੂਸਲਮ ਵਿਚ ਗੰਭੀਰ ਸੰਵਾਦ ਹੋਇਆ, ਵਿਸ਼ਾ ਸੀ-ਕੁਰਾਨ ਵਿਚ ਮੌਜੂਦ ਦਰਿਆਦਿਲੀ ਦੇ ਅੰਸ਼। ਸ਼ੇਖ ਦਰਵੇਸ ਅਤੇ ਖ਼ਲੀਲ ਮੁਹੰਮਦ ਮੁੱਖ ਬੁਲਾਰੇ ਸਨ। ਅਫਸੋਸ ਕਿ ਇਹੋ ਜਿਹੇ ਸੰਵਾਦ ਕਿਸੇ ਮੁਸਲਿਮ ਦੇਸ ਵਿਚ ਨਹੀਂ ਹੋ ਸਕਦੇ। ਖਲੀਲ ਨੇ ਤਕਰੀਰ ਦੌਰਾਨ ਕਿਹਾ, "ਤੁਸੀਂ 5:20 ਤੇ 5:21 ਬਾਰੇ ਗੱਲ ਕਰੀ ਜਾ ਰਹੇ ਹੋ, ਆਇਤ 10:91 ਪੜ੍ਹੋ"

ਇਜ਼ਰਾਈਲ ਦੇ ਬੱਚਿਆਂ ਨੂੰ ਅਸੀਂ ਖ਼ੂਬਸੂਰਤ ਧਰਤੀ ਤੇ ਆਬਾਦ ਕੀਤਾ।

ਉਨ੍ਹਾਂ ਨੂੰ ਰਹਿਣ ਸਹਿਣ ਅਤੇ ਰੁਜ਼ਗਾਰ ਦੇ ਸਾਧਾਨ ਦਿੱਤੇ।

ਜਦੋਂ ਉਨ੍ਹਾਂ ਕੋਲ ਚਤੁਰਾਈ ਆ ਗਈ, ਉਨ੍ਹਾਂ ਤਿਕੜਮਬਾਜ਼ੀ ਸ਼ੁਰੂ ਕਰ ਦਿੱਤੀ।

ਯਕੀਨਨ ਕਿਆਮਤ ਦੇ ਦਿਨ ਅੱਲਾ ਉਨ੍ਹਾਂ ਤੋਂ ਹਿਸਾਬ ਮੰਗੇਗਾ।

ਉਨ੍ਹਾਂ ਤੋਂ ਉਨ੍ਹਾਂ ਦੀਆਂ ਸਾਜ਼ਿਸਾਂ ਦੀ ਜਵਾਬਤਲਬੀ ਕੀਤੀ ਜਾਵੇਗੀ।

ਪਹਿਲੀ ਪੰਕਤੀ ਵਿਚ ਯਹੂਦੀਆਂ ਨੂੰ ਜਿਹੜੀ ਖ਼ੂਬਸੂਰਤ ਧਰਤੀ ਅੱਲਾਹ ਵਲੋਂ ਦਿੱਤੀ ਗਈ ਉਹ ਕਿਹੜੀ ਹੈ, ਇਸ ਬਾਰੇ ਅਨੇਕ ਰਾਵਾਂ ਹਨ, ਪਹਿਲੀ ਨਜ਼ਰੇ ਇਹ ਜੇਰੂਸਲਮ ਅਤੇ ਫਲਸਤੀਨ ਹੈ। ਸਿਨਾਈ ਪਰਬਤ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ ਸੀਰੀਆ, ਜੇਰਿਕੋ, ਦਮਸਕਸ਼ ਅਤੇ ਜਾਰਡਨ ਹੋ ਸਕਦੇ ਹਨ। ਇਸਲਾਮ ਦਾ ਪ੍ਰੋਫ਼ੈਸਰ ਤਾਜ ਹਾਸ਼ਮੀ ਦੱਸਦਾ ਹੈ ਕਿ ਇਹ ਥਾਂ ਫਲਸਤੀਨ ਨਹੀਂ ਸਿਨਾਈ ਹੈ, "ਰੱਬ ਨੇ ਚਾਹਿਆ ਸੀ ਪੂਰਬੀ ਮਿਸਰ ਦੇ ਵਸਨੀਕ ਪਵਿੱਤਰ ਧਰਤੀ ਉੱਪਰ ਦਾਖਲ ਹੋਣ, ਇਥੇ ਸਿਨਾਈ ਦੀ ਸੰਭਾਵਨਾ ਵਧੀਕ ਹੈ।

ਅੱਠਵੀਂ ਸਦੀ ਵਿਚ ਕੁਰਾਨ ਦੇ ਗੰਭੀਰ ਵਿਆਖਿਆਕਾਰ ਮੁਕਲਿਤ ਇਬਨ ਸੁਲੇਮਾਨ ਅਨੁਸਾਰ 5:21 ਆਇਤ ਵਿਚ ਇਕ ਲਫ਼ਜ਼ ਕੁਤਬ ਆਇਆ ਹੈ, ਕੁਤਬ ਮਾਇਨੇ ਹੈ ਲਿਖਤ, ਇਹ ਉਹ ਹੁਕਮ ਹੈ ਜਿਹੜਾ ਜ਼ਬਾਨੀ ਨਹੀਂ ਲਿਖਤ ਵਿਚ ਆਇਆ। ਲਿਖਤ ਵਿਚ ਆਇਆ ਹੁਕਮ ਮੰਨਣ ਲਾਜ਼ਮੀ ਹੁੰਦਾ ਹੈ ਇਥੇ ਮੂਸਾ ਨੇ ਇਜ਼ਰਾਈਲੀਆਂ ਨੂੰ ਹੁਕਮ ਦਿੱਤਾ ਹੈ-

ਰੱਬ ਨੇ ਜਿਹੜੀ ਪਵਿੱਤਰ ਧਰਤੀ ਤੁਹਾਨੂੰ ਬਖ਼ਸ਼ ਦਿੱਤੀ ਉਸ ਵਿਚ ਦਾਖਲ ਹੋਵੇ। ਮੁਕਤਿਲ ਅਨੁਸਾਰ ਇਹ ਧਰਤੀ ਫਲਸਤੀਨ ਹੈ। ਮੁਕਤਿਲ ਦੀ ਇਹ ਪੁਰਾਣੀ ਲਿਖਤ ਪੜ੍ਹਕੇ ਮੁਸਲਮਾਨਾ ਨੂੰ ਧੱਕਾ ਲੱਗੇਗਾ, ਲਿਖਿਆ ਹੈ, "ਯਹੂਦੀਓ, ਮੈਂ ਤੁਹਾਨੂੰ ਹੁਕਮ ਦਿੰਦਾ ਹਾਂ। ਕਿ ਜਿਹੜੀ ਇਹ ਧਰਤੀ ਰੱਬ ਨੇ ਤੁਹਾਨੂੰ ਦਿੱਤੀ ਹੈ ਇਸ ਨੂੰ ਛੱਡ ਕੇ ਪਿੱਛੇ ਮੁੜੇ, ਤੁਸੀਂ ਨੁਕਸਾਨ ਉਠਾਉਗੇ। ਰੱਬ ਨੇ ਅਬਰਾਹਮ ਪੈਗੰਬਰ ਨੂੰ ਇਹੀ ਕਿਹਾ ਸੀ-ਇਹ ਧਰਤੀ ਜਿਥੇ ਤੁਸੀਂ ਇਸ ਵਕਤ ਖਲੋਤੇ ਹੋ ਤੁਹਾਡੀ ਹੈ, ਤੁਹਾਥੋਂ ਬਾਦ ਤੁਹਾਡੀ ਔਲਾਦ ਦੀ ਵਰਾਸਤ ਹੈ।" ਹੈਰਾਨੀ ਕੀ ਜੇ ਮੁਕਤਿਲ ਸੁਲੇਮਾਨ ਦਾ ਇਹ ਪੁਰਾਤਨ ਟੀਕਾ ਮਿਸਰ ਵਿਚ ਅੱਜ ਕੱਲ੍ਹ ਪਾਬੰਦੀ ਸ਼ੁਦਾ ਹੈ।

ਸ਼ੇਖ ਦਰਵੇਸ਼ ਨੂੰ ਇਹ ਵਿਆਖਿਆਵਾਂ ਸਹੀ ਨਹੀਂ ਲੱਗੀਆਂ, ਕਿਉਂਕਿ ਉਹ ਅਰਥ ਹੈ, ਅਰਬੀ ਉਸ ਦੀ ਮਾਂ ਬੋਲੀ ਹੈ ਇਸ ਕਰਕੇ ਉਹ ਕਹਿੰਦਾ ਹੈ ਕੁਰਾਨ ਦੀਆਂ ਆਇਤਾ ਦੇ ਸਹੀ ਅਰਥ ਮੈਂ ਕਰਾਂਗਾ, ਲਿਖਦਾ ਹੈ, "ਕੁਰਾਨ ਦੀ ਆਇਤ 5:21 ਵਿਚ ਸਹੀ ਫ਼ੁਰਮਾਇਆ ਕਿ ਮੂਸਾ ਦੇ ਮੁਰੀਦ ਪਵਿੱਤਰ ਭੂਮੀ ਵਿਚ ਜਾਣ, ਪਵਿੱਤਰ ਭੂਮੀ ਵਿਚ ਜਾਣ ਨੂੰ ਕਿਹਾ ਹੈ ਕਬਜ਼ਾ ਕਰਨ ਨੂੰ ਤਾਂ ਨਹੀਂ? ਜੇਰੂਸਲਮ ਵਿਚ ਜਾਣ ਤੋਂ ਉਨ੍ਹਾਂ ਨੂੰ ਕੌਣ ਰੋਕਦੈ? ਪਰ ਉਹ ਕਾਬਜ਼ ਹੋ ਗਏ। ਜੇ ਮੈਂ ਤੁਹਾਨੂੰ ਆਖਾਂ ਕਿ ਮੇਰੇ ਦਫ਼ਤਰ ਜਾ ਆਇਓ, ਇਸ ਦਾ ਮਤਲਬ ਤੁਹਾਨੂੰ ਮੇਰੇ ਦਫ਼ਤਰ ਉੱਪਰ ਕਬਜ਼ਾ ਕਰਨ ਦਾ ਹੱਕ ਮਿਲ ਗਿਆ?" ਦਰਵੇਸ ਦੀ ਦਲੀਲ ਅਜੇ ਖ਼ਤਮ ਨਹੀਂ ਹੋਈ, ਅੱਗੇ, "ਪੈਗੰਬਰ ਅਬਰਾਹ ਅਤੇ ਪੈਗੰਬਰ ਯਾਕੂਬ ਨੂੰ ਉਸ ਥਾਂ ਦਫਨ ਕੀਤਾ ਗਿਆ ਜਿਸ ਨੂੰ ਅੱਜ ਕੱਲ੍ਹ ਹਿਬਰੋਨ ਆਖਦੇ ਹਨ, ਇਨ੍ਹਾਂ ਪੈਗੰਬਰਾਂ ਨੇ ਪਹਿਲੋਂ ਹੀ ਆਪਣੇ ਦਫਨ ਹੋਣ ਦੀ ਰਕਮ ਖ਼ੁਦ ਜਮਾ ਕਰਵਾ ਦਿੱਤੀ ਸੀ। ਜੇ ਜ਼ਮੀਨ ਇਨ੍ਹਾਂ ਦੀ ਹੁੰਦੀ ਫਿਰ ਦਫਨ ਦਾ ਕਿਰਾਇਆ ਕਿਉਂ ਅਦਾ ਕਰਦੇ? ਜੇ ਦੁਨੀਆਦਾਰੀ ਛੱਡ ਕੇ ਮਜ਼੍ਹਬ ਦੀ ਗੱਲ ਕਰਨੀ ਹੈ ਤਾਂ ਅਸੂਲਨ ਪੈਗੰਬਰ ਦਾ ਵਾਰਸ ਪੈਗੰਬਰ ਹੁੰਦਾ ਹੈ ਉਸਦੀ ਔਲਾਦ ਨਹੀਂ। ਯਹੂਦੀ, ਪੈਗੰਬਰਾਂ ਦੀ ਔਲਾਦ ਜ਼ਰੂਰ ਹਨ ਪੈਗੰਬਰ ਨਹੀਂ ਹਨ ਕਿ ਹਜ਼ਰਤ ਮੁਹੰਮਦ ਸਾਹਿਬ ਪੈਗੰਬਰ ਹਨ, ਸੋ ਜੇਰੂਸਲਮ, ਪੈਗੰਬਰ ਮੁਹੰਮਦ ਦਾ ਹੋਇਆ।

ਇਥੇ ਦਰਵੇਸ ਦੀ ਦਲੀਲ ਵਿਚ ਫਿਰ ਚਿੱਬ ਪੈ ਗਿਆ। ਯਹੂਦੀ ਪੈਗੰਬਰ ਨਹੀਂ ਪੈਗੰਬਰ ਦੀ ਔਲਾਦ ਹਨ ਇਸ ਕਰਕੇ ਜੇਰੂਸਲਮ ਦੀ ਮਾਲਕੀ ਦੇ ਹੱਕਦਾਰ ਨਹੀਂ। ਮੁਸਲਮਾਨ ਕਿਹੜਾ ਪੈਗੰਬਰ ਹਨ? ਉਹ ਵੀ ਪੈਗੰਬਰ ਦੇ ਮੁਰੀਦ ਹਨ, ਇਸ ਦਲੀਲ ਸਦਕਾ ਜੇਰੂਸਲਮ ਦੇ ਮਾਲਕ ਮੁਸਲਮਾਨ ਕਿਵੇਂ ਹੋ ਗਏ?

ਇਨ੍ਹਾਂ ਦਲੀਲਾਂ ਸਦਕਾ ਅਰਕ-ਇਜ਼ਰਾਈਲ ਸੰਕਟ ਹੱਲ ਨਹੀਂ ਹੋਵੇਗਾ ਕਿਉਂਕਿ ਮਸਲਾ ਧਾਰਮਿਕ ਨਾ ਹੋ ਕੇ ਸਿਆਸੀ ਹੈ। ਮੁਸਲਮਾਨ, ਯਹੂਦੀਆਂ ਨੂੰ ਧਾਰਮਿਕ ਦੁਸ਼ਮਣ ਮੰਨਣ ਦੀ ਥਾਂ ਸਿਆਸੀ ਸ਼ਰੀਕ ਮੰਨ ਕੇ ਜ਼ਮੀਨ ਦੇ ਬਟਵਾਰੇ ਲਈ ਸਹਿਮਤ ਹੋ ਜਾਣ। ਇਜ਼ਰਾਈਲ ਮੁੱਢਲੇ ਦੌਰ ਵਿਚ ਹੀ ਸਹਿਮਤ ਹੋ ਗਿਆ ਸੀ ਕਿਉਂਕਿ ਉਨ੍ਹਾਂ ਨੇ ਤਿੰਨ ਹਜ਼ਾਰ ਸਾਲ ਦੀ ਜ਼ਿੱਲਤ ਹੰਢਾਈ ਸੀ। ਮੁਸਲਮਾਨਾ ਲਈ ਸਹਿਮਤ ਹੋਣਾ ਔਖਾ ਹੋ ਰਿਹਾ ਹੈ ਕਿਉਂਕਿ ਉਨ੍ਹਾਂ ਨੇ ਏਸ਼ੀਆ ਅਤੇ ਯੋਰਪ ਉੱਪਰ ਰਾਜ ਕਾਇਮ ਕਰਕੇ ਦੇਖ ਲਿਆ ਹੈ। ਯਹੂਦੀਆਂ ਦਾ ਭੂਤਕਾਲ ਦੁਖਦਾਈਸੀ ਜੋ ਉਨ੍ਹਾਂ ਨੇ ਮੌਕਾ ਮਿਲਣਸਾਰ ਸੁੱਟ ਦਿੱਤਾ, ਮੁਲਸਮਾਨ ਆਪਣੀਆਂ ਸਲਤਨਤਾਂ, ਹਕੂਮਤਾਂ ਦੀ ਸ਼ਾਨ ਭੁਲਣੋਂ ਇਨਕਾਰੀ ਹਨ। ਮਸਲੇ ਦੇ ਸਿਆਸੀ ਹੱਲ ਵਾਸਤੇ ਨਾ ਹਮਾਸ ਦੀ ਲੋੜ ਨਾ ਜਹਾਦ ਦੀ ਤੇ ਨਾ ਸ਼ਹੀਦਾਂ ਵਾਸਤੇ ਸੁਰਗ ਵਿਚ ਬਹੱਤਰ ਬਹੱਤਰ ਕੁਆਰੀਆਂ ਕੁੜੀਆ ਦੀ।

ਖਲੀਲ ਮੁਹੰਮਦ ਆਖਦਾ ਹੈ ਕਿ ਮੁਲਸਮਾਨਾ ਨੂੰ ਯਹੂਦੀਆਂ ਦੁਆਰਾ ਕੀਤੀ ਪੁਰਾਤਨ ਬਾਈਬਲ ਦੀ ਵਿਆਖਿਆ ਗ਼ਲਤ ਲੱਗਦੀ ਹੈ ਤਾਂ ਕੀ ਯਹੂਦੀ ਵਿਦਵਾਨ ਮੁਸਲਮਾਨਾ ਨੂੰ ਬੁਲਾਕੇ ਬਾਈਬਲ ਦੀ ਕਥਾ ਉਨ੍ਹਾਂ ਤੋਂ ਸੁਣਿਆ ਕਰਨ? ਇਥੇ ਵੀ ਗੜਬੜ ਹੋ ਜਾਂਦੀ ਹੈ, ਤੋਰੇਤ ਇੰਜੀਲ ਦੀਆਂ ਜਿਹੜੀਆਂ ਆਇਤਾਂ ਮੁਸਲਮਾਨਾ ਨੂੰ ਨੁਕਸਾਨਦਾਇਕ ਲੱਗਦੀਆ ਹਨ ਉਨ੍ਹਾਂ ਬਾਰੇ ਆਖਦੇ ਹਨ-ਬਾਅਦ ਵਿਚ ਮਿਲਾਵਟ ਕਰ ਦਿੱਤੀ।

ਕੁਰਾਨ ਵਿਚ ਅਜਿਹੀਆਂ ਆਇਤਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਉਨ੍ਹਾਂ ਲੋਕਾਂ ਉੱਪਰ ਰੱਬ ਗੁੱਸੇ ਹੈ ਜਿਨ੍ਹਾਂ ਨੇ ਪੈਗੰਬਰ ਈਸਾ ਮਸੀਹਾ ਨੂੰ ਕਤਲ ਕੀਤਾ। ਤਾਰਿਕ ਆਖਦਾ ਹੈ-ਥੋੜ੍ਹੇ ਜਿਹੇ ਲੋਕ ਯਸੂ ਦੇ ਕਤਲ ਲਈ ਜ਼ਿੰਮੇਵਾਰ ਸਨ ਤਾਂ ਰੱਬ ਨੇ ਸਾਰੀ ਯਹੂਦੀ ਕੌਮ ਨੂੰ ਕਿਉਂ ਸੰਕਟ ਵਿਚ ਪਾ ਦਿੱਤਾ? ਤਾਰਿਕ ਦਾ ਦੂਜਾ ਸਵਾਲ-ਅਸਾਂ ਥੋੜ੍ਹੇ ਕੁ ਮੁਸਲਮਾਨਾ ਨੇ ਹਜ਼ਰਤ ਮੁਹੰਮਦ ਦਾ ਹੁਕਮ ਮੰਨਣੋ ਇਨਕਾਰ ਕੀਤਾ ਤੇ ਸਾਰਾ ਪਰਿਵਾਰ ਕਤਲ ਕਰ ਦਿੱਤਾ ਸੀ, ਫਿਰ ਰੱਬ ਸਾਰੇ ਜਾਣਿਆ ਨੂੰ ਪੂਰੇ ਇਸਲਾਮ ਨੂੰ ਸੰਕਟ ਵਿਚ ਘਰੇਗਾ? ਕੁਰਾਨ ਦਾ ਫ਼ੁਰਮਾਨ ਹੈ:

1. ਮੁਸੀਬਤਾਂ ਵਿਚ ਘਿਰੇ ਰਹਿਣਗੇ ਜਿਥੇ ਵੀ ਹੋਣ ਉਹ ਲੋਕ

2. ਜਦੋਂ ਤੱਕ ਉਹ ਰੱਬ ਉੱਪਰ ਈਮਾਨ ਲਿਆਕੇ ਬੱਚਿਆਂ ਨਾਲ ਸੁਲਾਹ ਨਹੀਂ ਕਰਦੇ

3. ਉਨ੍ਹਾਂ ਨੂੰ ਰੱਬ ਦੇ ਗੁੱਸੇ ਦਾ ਸਾਹਮਣਾ ਕਰਨਾ ਪਾਏਗਾ, ਸੰਕਟ ਆਏਗਾ

4. ਉਨ੍ਹਾਂ ਨੇ ਰੱਬ ਦੀ ਰਜ਼ਾ ਨਹੀਂ ਜਾਣੀ ਤੇ ਪੈਗੰਬਰਾਂ ਨੂੰ ਨਾਹੱਕ ਮਾਰਿਆ

5. ਪੈਗੰਬਰਾਂ ਦੀ ਹੁਕਮ ਅਦੂਲੀ ਕੀਤੀ ਤੇ ਹੱਦ ਪਾਰ ਕਰ ਗਏ (3.112)

ਇਹ ਅਇਤਾਂ ਯਹੂਦੀਆਂ ਵਾਸਤੇ ਹਨ, ਮੁਸਲਮਾਨਾ ਵਾਸਤੇ ਕਿਉਂ ਨਹੀਂ? ਪੰਕਤੀ ਨੰ:3 ਉਕਤ ਪੜ੍ਹੋ ਕਿਤੇ ਯਹੂਦੀਆਂ ਨੇ ਸ਼ਾਇਦ ਰੱਬ ਉੱਪਰ ਈਮਾਨ ਲੈ ਆਂਦਾ ਹੋਵੇ ਅਤੇ ਰੱਬ ਦੇ ਬੰਦਿਆਂ ਨਾਲ ਸੁਲਾਹ ਕਰ ਲਈ ਹੋਵੇ? ਰੱਬੀ ਸੰਕਟ ਦਾ ਸ਼ਿਕਾਰ ਮੁਸਲਮਾਨ ਹੋ ਰਹੇ ਹਨ, ਸ਼ਾਇਦ ਤੀਜੀ ਪੰਕਤੀ ਉਨ੍ਹਾਂ ਵਾਸਤੇ ਹੋਵੇ, ਕੁਰਾਨ ਉੱਪਰ ਪੂਰਾ ਈਮਾਨ ਆਖਰ ਮੁਸਲਮਾਨ ਲਿਆਉਣਗੇ, ਬਾਕੀ ਜੋ ਹਨ ਸੋ ਹਨ।

ਸਦੀਆਂ ਤੋਂ ਲਾਲਚ ਯਹੂਦੀਆਂ ਨਾਲ ਹਮਦਰਦੀ ਤਾਂ ਕੀ ਕਰਨੀ ਸੀ ਵਿਦਵਾਨ ਮੌਲਵੀ ਕੁਰਾਨ ਦੇ ਆਧਾਰ ਤੇ ਉਨ੍ਹਾਂ ਦੀ ਖਿੱਲੀ ਉਡਾਉਂਦੇ ਰਹੇ। ਯੂ.ਕੇ ਵਸਦੇ ਅਕਬਰ ਅਲੀ ਲੇ 1963 ਵਿਚ ਕਿਤਾਬ ਲਿਖੀ Israel and the Prophecies of the Holy Quran. ਇਸ ਵਿਚ ਲਿਖਿਆ :

ਖਾਨਾਬਦੋਸ਼ ਉਜੜੇ ਉਖੜੇ ਯਹੂਦੀਆਂ ਦਾ ਇਤਿਹਾਸ ਦਗੇਬਾਜ਼ੀ, ਅਪਰਾਧ, ਚਤੁਰਾਈ, ਬੇਈਮਾਨੀ, ਖ਼ੂਨ ਖਰਾਬਾ ਅਤੇ ਭੰਨਤੋੜ ਦਾ ਲੇਖਾ ਜੋਖਾ ਹੈ। ਦੋ ਹਾਜ਼ਰ ਸਾਲ ਤੋਂ ਉਨ੍ਹਾਂ ਨੇ ਹਰ ਸਾਲ ਤੋਂ ਉਨ੍ਹਾਂ ਦੇ ਹਰ ਕਿਸਮ ਦਾ ਅਪਰਾਧ ਕੀਤਾ। ਨਕੁਸਾਨ ਉਨ੍ਹਾਂ ਲੋਕਾਂ ਨੇ ਉਠਾਇਆ ਜਿਨ੍ਹਾਂ ਨੇ ਇਨ੍ਹਾਂ ਪਾਪੀਆਂ ਨੂੰ ਪਨਾਹ ਦਿੱਤੀ। ਤੁਸੀਂ ਦੇਖ ਲਉ, ਸਪੇਨ ਅਤੇ ਪੁਰਤਗਾਲ ਨੇ ਕੱਢ ਦਿੱਤੇ 1290 ਵਿਚ ਇੰਗਲੈਂਡ ਨੇ ਕੱਢ ਦਿੱਤੇ, ਫਰਾਂਸ ਨੇ ਪਹਿਲੋਂ 1306 ਵਿਚ ਫਿਰ ਦੁਬਾਰਾ 1934 ਵਿਚ ਕੱਢੇ, ਬੈਲਜੀਅਮ ਨੇ 1370 ਵਿਚ ਚੈਕੋਸਲਵਾਕੀਆ ਨੇ 1380 ਵਿਚ ਕੱਢੇ। ਉਨ੍ਹਾਂ ਦੀ ਕਿਸਮਤ ਵਿਚ ਮੁੱਢ ਕਦੀਮੋਂ ਉਜੜਨਾ ਲਿਖਿਆ ਹੈ ਫਿਰ ਵੀ ਉਹ ਢੀਠਤਾ ਨਾਲ ਕਹਿੰਦੇ ਨਹੀਂ ਥਕਦੇ-ਅਸੀਂ ਰੱਬ ਦੇ ਚੁਣੇ ਹੋਏ ਲੋਕ ਹਾਂ।

ਇਹ ਸਤਰਾਂ ਲਿਖਕੇ ਅਕਬਰ ਅਲੀ ਪੁੱਛਦਾ ਹੈ-ਹੱਤਕ, ਜ਼ਲਾਲਤ ਉਨ੍ਹਾਂ ਦੀ ਕਿਸਮਤ ਦਾ ਹਿੱਸਾ ਕਿਉਂ ਬਣ ਗਈ? ਆਖਰ ਨੁਕਸ ਹੈ ਕਿਥੇ? ਤਾਰਿਕ ਫਤਹ ਲਿਖਦਾ ਹੈ-ਇਹੋ ਸਵਾਲ ਹੁਣ ਅਕਬਰ ਮੁਸਲਮਾਨਾ ਨੂੰ ਕਰੇ-ਵਰਤਮਾਨ ਕਾਲ ਵਿਚ ਮੁਸਲਮਾਨਾ ਦੀ ਕਿਸਮਤ ਵਿਚ ਹੱਤਕ ਕਿਉਂ ਲਿਖੀ ਗਈ? ਯਹੂਦੀਆਂ ਦੀ ਥਾਂ ਉਹ ਬੇਇੱਜ਼ਤ ਕਿਉਂ ਹੋ ਰਹੇ ਹਨ?

ਵਕਤ ਬਦਲ ਰਿਹਾ ਹੈ। ਦੁਨੀਆਂ ਭਰ ਵਿਚ ਚੇਤਨ ਅਤੇ ਈਮਾਨਦਾਰ ਔਰਤਾਂ ਮਰਦ ਦਾਹੜੀ ਚੋਲੇ ਵਾਲਿਆਂ ਦੇ ਫਾਸਿਜ਼ਮ ਅਤੇ ਹਾਕਮਾ ਦੀਆ ਲੂੰਬੜਚਾਲਾਂ ਬੇਨਕਾਬ ਕਰਨ ਲੱਗ ਗਏ ਹਨ ਜਿਨ੍ਹਾਂ ਕੋਲ ਕੋਈ ਦੀਨ ਨਹੀਂ, ਆਪਣੀ ਆਪਣੀ ਖੁਦਗਰਜ਼ੀ ਹੈ। ਕੱਟੜ ਪੰਥੀਆਂ ਖਿਲਾਫ ਲਾਮਬੰਦ ਹੋਣ ਵਾਲਿਆਂ ਨੂੰ ਸਜ਼ਾਵਾਂ ਵੀ ਮਿਲ ਰਹੀਆਂ ਹਨ, ਅਜ਼ਰਾ ਨਫੀਸੀ ਨੂੰ ਈਰਾਨ ਵਿਚੋਂ ਜਲਾਵਤਨ ਹੋਣਾ ਪਿਆ, ਉਦਾਰਵਾਦੀ ਨੀਤੀਆਂ ਕਾਰਨ ਪਾਕਿਸਤਾਨ ਵਿਚ ਬੇਨਜ਼ੀਰ ਭੁੱਟੋ ਦਾ ਕਤਲ ਹੋਇਆ ਤੇ 20 ਜੂਨ 2009 ਨੂੰ ਹਾਕਮ ਮੌਲਵੀਆਂ ਖਿਲਾਫ ਬੋਲਦੀ ਹੋਈ ਅਠਾਰਾਂ ਸਾਲਾਂ ਦੀ ਕੁੜੀ ਨਿਦਾ ਆਗਾ ਸੁਲਤਾਨ ਨੂੰ ਈਰਾਨੀ ਪੁਲਸ ਨੇ ਗੋਲੀ ਨਾਲ ਫੁੰਡ ਦਿੱਤਾ। ਇਨ੍ਹਾਂ ਕਤਲਾਂ ਪਿਛੇ ਆਇਤੁੱਲਾ ਹਾਕਮ ਅਤੇ ਕੱਟੜ ਪੰਥੀ ਮੁਜਾਹਿਦੀਨ ਤਾ ਹੈਣ ਹੀ, ਗ਼ੈਰ ਮੁਸਲਿਮ ਤਾਕਤਾਂ, ਉਦਾਹਰਣ ਵਜੋਂ ਰਾਬਰਟ ਸਪੈਂਸਰ (Middle East Quartely) ਅਨੁਸਾਰ ਜਿਹੜੇ ਮੁਸਲਮਾਨ ਜੇਰੂਸਲਮ ਉੱਪਰ ਯਹੂਦੀਆਂ ਦਾ ਬਰਾਬਰ ਹੱਕ ਮੰਨਦੇ ਹਨ ਕੀ ਉਨ੍ਹਾਂ ਨੂੰ ਕੁਰਾਨ ਸਮਝ ਨਹੀਂ? ਪਾਕਿ ਜ਼ਮੀਨ ਉੱਪਰ ਅੱਲਾਹ ਯਹੂਦੀਆਂ ਦਾ ਹੱਕ ਕਿਵੇਂ ਮਨਜ਼ੂਰ ਕਰ ਸਕਦਾ ਹੈ? ਐਂਡਰਿਉ ਬੋਸਟਨ ਮੁਸਲਿਮ ਸੁਧਾਰਵਾਦੀਆਂ ਨੂੰ ਕਹਿੰਦਾ ਹੈ-ਜਿਹੋ ਜਿਹੇ ਸੁਧਾਰ ਅਤੇ ਨਵਜਾਗਰਣ ਤੁਸੀਂ ਇਸਲਾਮ ਰਹਿਣਾ ਹੈ ਫਿਰ ਪੂਰੀ ਸ਼ਰਾਅ ਮੰਨਣੀ ਪਵੇਗੀ ਤੇ ਜੇਰੂਸਲਮ ਉੱਪਰ ਹੋਰ ਕਿਸੇ ਦਾ ਹੱਕ ਮਨਜ਼ੂਰ ਕਰਨ ਦਾ ਮਤਲਬ ਹੈ ਇਸਲਾਮ ਛੱਡ ਦੇਣਾ। ਇਸ ਗੋਰਖਧੰਦੇ ਵਿਚ ਕੁਝ ਵਿਦਵਾਨ ਏਨੇ ਉਲਝੇ ਕਿ ਇਸਲਾਮ ਛੱਡ ਗਏ ਜਿਨ੍ਹਾਂ ਵਿਚ ਅਯਾਨ ਹਿਰਸੀ ਅਲੀ ਅਤੇ ਇਬਨਵੱਰਾਕ ਦੇ ਨਾਮ ਚਰਚਾ ਵਿਚ ਹਨ। ਇਕ ਪਾਸੇ ਇਹ ਮੁਸਲਮਾਨ ਹਨ ਜਿਹੜੇ ਜਾਂ ਕਿਸੇ ਹੋਰ ਧਰਮ ਵਿਚ ਚਲੇ ਗਏ ਜਾ ਨਾਸਤਿਕ ਹੋ ਗਏ, ਦੂਜੇ ਪਾਸੇ ਜੱਹਾਦੀ ਹਨ ਜਿਹੜੇ ਇਨ੍ਹਾਂ ਨੂੰ ਕਤਲ ਕਰਕੇ ਚੈਨ ਹਾਸਲ ਕਰਨਗੇ।

ਮੁਸਲਮਾਨਾ ਦਾ ਇਕ ਧੜਾ ਇਜ਼ਰਾਈਲ ਨਾਲ ਸੁਲਾਹ ਕਰਕੇ ਫਲਸਤੀਨ ਦੀ ਕਾਇਮੀ ਅਤੇ ਅਮਨ ਦਾ ਮੁਦਈ ਹੈ। ਹਮਾਸ ਕਦੀ ਸੁਲਾਹ ਦੇ ਹੱਕ ਵਿਚ ਨਹੀਂ ਰਹੀ ਤੇ ਸੁਲਾਹਕਾਰੀਆਂ ਨੂੰ ਕਫਰ ਆਖਦੀ ਹੈ। ਮਿਸਜ ਅਤੇ ਜਾਰਡਨ ਇਸਲਾਮੀ ਦੇਸਾਂ ਨੇ ਸੁਲਾਹਸੰਧੀ ਉੱਪਰ ਇਜ਼ਰਾਈਲ ਸਮੇਤ ਦਸਖ਼ਤ ਕਰ ਦਿੱਤੇ ਹਨ। ਵੀਹ ਫੀਸਦੀ ਇਜ਼ਰਾਈਲ ਵਿਚ ਰਹਿੰਦੇ ਮੁਸਲਮਾਨ ਸੁਲਾਹ ਦੇ ਹੱਕ ਵਿਚ ਹਨ। ਕੀ ਇਹ ਸਾਰੇ ਕਾਫਰ ਹਨ? ਨੌਂਵੀਂ ਸਦੀ ਵਿਚ ਕਿਸੇ ਬੰਦੇ ਦੀ ਲਿਖੀ ਹਦੀਸ ਸਦਕਾ ਮੁਸਲਮਾਨਾ ਸਦਾ ਲਈ ਯੁੱਧ ਦੇ ਨਰਕ ਵਿਚ ਝੋਕੇ ਜਾਣ, ਇਸ ਵਿਚ ਕਿੰਨੀ ਕੁ ਅਕਲਵੰਦੀ ਹੈ, ਖੁਦ ਹਿਸਾਬ ਲਾਉਣਾ।

ਜਦੋਂ ਹਦੀਸ ਦੇ ਬੋਲ ਕੁਰਾਨ ਦੇ ਬੋਲਾਂ ਤੋਂ ਭਿੰਨ ਜਾਂ ਉਲਟ ਹੋਣ ਤਾਂ ਹਦੀਸ ਰੱਦ ਕਰਕੇ ਕੁਰਾਨ ਦੀ ਹਦਾਇਤ ਮੰਨਣੀ ਵਾਜਬ ਹੈ। ਕੁਰਾਨ ਦਾ ਬੋਲ ਹੈ–"ਤੁਹਾਡਾ ਦੀਨ ਤੁਹਾਨੂੰ ਮੁਬਾਰਕ, ਮੇਰਾ ਦੀਨ ਮੈਨੂੰ ਮੁਬਾਰਕ।" ਇਸੇ ਤਰ੍ਹਾਂ ਅਗੇ ਜਾ ਕੇ ਰੱਬ ਦਾ ਇਹ ਬੋਲ ਕੁਰਾਨ ਵਿਚ ਦਰਜ ਹੈ–"ਦੀਨ ਦੇ ਮਸਲੇ ਵਿਚ ਕੋਈ ਜਬਰਦਸਤੀ ਨਹੀਂ ਹੋਇਆ ਕਰਦੀ।"

ਕੁਰਾਨ ਵਿਚ ਵੀ ਹਦੀਸ ਲਫਜ਼ ਆਇਆ ਹੈ ਜਿਸ ਅਨੁਸਾਰ ਕੁਰਾਨ ਹੀ ਹਦੀਸ ਹੈ, "ਅੱਲਾਹ ਨੇ ਸਰਬੋਤਮ ਹਦੀਸ ਆਪਦੇ ਨਬੀ ਰਾਹੀਂ ਭੇਜ ਦਿੱਤੀ ਹੈ। ਜੋ ਅਸੀਂ ਕਿਹ ਸੋ ਰੱਬ ਦੇ ਬੋਲ ਹਨ, ਇਹੋ ਸੱਚ ਹੈ, ਇਸ ਤੋਂ ਇਲਾਵਾ ਹੋਰ ਕਿਸ ਹਦੀਸ ਵਿਚ ਸੱਚ ਹੈ?"(45.6)

ਸਾਹੀ ਬੁਖਾਰੀ, ਸਾਹੀ ਮੁਸਲਿਮ ਤੇ ਸੁੰਨਾ ਅਬੂ ਦਾਊਦ ਤਿੰਨ ਸਭ ਤੋਂ ਵਧੀਕ ਭਰੋਸੇਯੋਗ ਹਦੀਸਾਂ ਹਨ ਜਿਨ੍ਹਾਂ ਤੇ ਕਿੰਤੂ ਪ੍ਰੰਤੂ ਕਰਨਾ ਬੁਰਾ ਸਮਝਿਆ ਜਾਂਦਾ ਹੈ। ਇਨ੍ਹਾਂ ਵਿਚ ਅਜਿਹੇ ਪ੍ਰਸੰਗ ਦਰਜ ਹਨ :

- ਇਬਨ ਅੱਬਾਸ ਨੇ ਦੱਸਿਆ: ਖਲੀਫਾ ਉਮਰ ਹੈ ਖ਼ਬਰ ਮਿਲੀ ਕੋਈ ਸ਼ਰਾਬ ਵੇਚ ਰਿਹਾ ਹੈ। ਖਲੀਫੇ ਲੇ ਫੁਰਮਾਇਆ– ਉਸ ਦਾ ਬੁਰਾ ਹੋਵੇ। ਪੈਗੰਬਰ ਨੇ ਫੁਰਮਾਇਆ ਸੀ–ਯਹੂਦੀਆਂ ਨੂੰ ਸਰਾਪ ਲੱਗੇ ਕਿਉਂਕਿ ਉਹ ਜਾਨਵਰਾਂ ਦੀ ਚਰਬੀ ਖਾਂਦੇ ਅਤੇ ਵੇਚਦੇ ਹਨ ਜਦ ਕਿ ਅੱਲਾਹ ਨੇ ਉਨ੍ਹਾਂ ਨੂੰ ਅਜਿਹਾ ਕਰਨੋ ਵਰਜਿਆ ਸੀ।
- ਅਬ ਹੁਰਾਇਰਾ ਨੇ ਦੱਸਿਆ: ਨਬੀ ਨੇ ਫਰਮਾਇਆ–ਜਿਸ ਯਹੂਦੀ ਅਤੇ ਈਸਾਈ ਨੇ ਮੇਰਾ ਨਾਮ ਸੁਣਿਆਂ ਪਰ ਮੇਰੇ ਵਿਚ ਈਮਾਨ ਨਹੀਂ ਲਿਆਂਦਾ, ਉਹ ਯੁੱਗਾਂ ਤਕ ਦੋਜਖਾਂ ਦੀ ਭੱਠੀ ਵਿਚ ਸੜਦੇ ਬਲਦੇ ਰਹਿਣਗੇ।
- ਅਬੂ ਅਯੂਬ ਰਾਹੀਂ ਇਹ ਸਾਖੀ ਮਿਲੀ: ਦਿਨ ਛਿਪਣ ਪਿਛੋਂ ਪੈਗੰਬਰ ਇਕ ਪਾਸੇ ਜਾ ਰਹੇ ਸਨ ਕਿ ਚੀਖਾਂ ਚਿੱਲਾਹਟਾਂ ਦੀਆਂ ਆਵਾਜ਼ਾਂ ਸੁਣਕੇ ਕਿਹਾ– ਇਹ ਪਾਪੀ ਯਹੂਦੀਆਂ ਦੇ ਕੁਰਲਾਣ ਦੀਆਂ ਆਵਾਜਾਂ ਹਨ ਜਿਹੜੇ ਕਬਰਾਂ ਵਿਚ ਜਮਾਂ ਦੀ ਮਾਰ ਝੱਲ ਰਹੇ ਹਨ।
- ਮੁਹਾਇਸਾ ਨੇ ਦੱਸਿਆ: ਜੇ ਯਹੂਦੀਆਂ ਨੂੰ ਜੰਗ ਵਿਚ ਹਰਾ ਦਿਉ ਤਦ ਥਾਏਂ ਮਾਰ ਦਿਉ। ਇਹ ਸੁਣ ਕੇ ਮੁਹਾਇਸਾ, ਯਹੂਦੀ ਵਪਾਰੀ ਸ਼ੁਬੇਬਾ ਉਪਰ ਕੁੱਦ ਪਿਆ ਤੇ ਥਾਏਂ ਮਾਰ ਦਿੱਤਾ। ਮੁਹਾਇਸਾ ਦੇ ਸ਼ੁਬੇਬਾ ਨਾਲ ਚੰਗੇ ਸਬੰਧ ਹੁੰਦੇ ਸਨ।
- ਅਲੀ ਇਬਨ ਅਬੂ ਤਾਲਿਬ ਨੇ ਦੱਸਿਆ: ਇਕ ਯਹੂਦਣ, ਪੈਗੰਬਰ ਵਿਰੁੱਧ ਮੰਦਾ ਬੋਲਦੀ ਹੁੰਦੀ। ਇਕ ਆਦਮੀ ਨੇ ਉਸਨੂੰ ਗਲੋਂ ਫੜ ਕੇ ਮਾਰ ਦਿੱਤਾ। ਨਬੀ ਨੇ ਫੁਰਮਾਇਆ– ਇਸ ਬੰਦੇ ਨੇ ਕੋਈ ਗ਼ਲਤੀ ਨਹੀਂ ਕੀਤੀ।
- ਅਬੂ ਹੁਰਾਇਰਾ ਨੇ ਦੱਸਿਆ: ਅਬੂ ਸਾਲਿਹ ਆਪਣੇ ਪਿਤਾ ਨਾਲ ਸੀਰੀਆ ਜਾ ਰਿਹਾ ਸੀ। ਰਸਤੇ ਵਿਚ ਈਸਾਈਆਂ ਦੀਆਂ ਟੋਲੀਆਂ ਕੋਲੋਂ ਲੰਘਦੀਆਂ ਦੇਖਦਾ ਤਾਂ ਸਲਾਮ ਅਰਜ਼ ਕਰਦਾ। ਪਿਤਾ ਨੇ ਕਿਹਾ– ਬੇਟਾ ਇਨ੍ਹਾਂ ਨੂੰ ਪਹਿਲੋਂ ਸਲਾਮ ਨਹੀਂ ਕਰਨੀ। ਇਹ ਖ਼ਬਰ ਪੈਗੰਬਰ ਤੱਕ ਪੁੱਜੀ ਤਾਂ ਨਬੀ ਨੇ ਫੁਰਮਾਇਆ– ਯਹੂਦੀਆਂ ਅਤੇ ਈਸਾਈਆਂ ਨੂੰ ਸਲਾਮ ਕਰਨਾ ਤਾਂ ਦੂਰ ਦੀ ਗੱਲ, ਸਾਹਮਣਿਓ ਆਉਂਦੇ ਦਿਸਣ ਤਾਂ ਉਨ੍ਹਾਂ ਨੂੰ ਸੜਕ ਦੇ ਕਿਨਾਰੇ ਵੱਲ ਧੱਕ ਦਿਉ।

ਇਸ ਪਿਛੋਕੜ ਕਾਰਨ ਅਲਦੀਨ ਇਬਰਾਹਿਮ ਜਿਹੇ ਸੁਧਾਰਕ ਨੇ ਕਿਹਾ ਸੀ– ਸਾਨੂੰ ਆਪਣਾ ਮੁਲਾਂਕਣ ਮੁੜ ਤੋਂ ਕਰਨਾ ਚਾਹੀਦਾ ਹੈ। ਸਭ ਰੰਗਾਂ ਦੀਆਂ ਜਥੇਬੰਦੀਆਂ ਦੇ ਨੁਮਾਇੰਦੇ ਇਕ ਥਾਂ ਬੈਠ ਕੇ ਵਿਚਾਰ ਕਰਨ ਅੱਜ ਦਾ ਇਸਲਾਮ ਕੀ ਹੈ। ਕਿਤੇ ਇਹ ਨਾ ਹੋਵੇ ਕਿ ਹਦੀਸਾਂ ਦੇ ਵਾਹਯਾਤ ਵਾਕ ਪੜ੍ਹਕੇ ਸਾਡੇ ਬੱਚੇ ਸਾਡੀਆਂ ਧਰਮ ਪੋਥੀਆਂ ਸਾਡੇ ਮੂੰਹ ਤੇ ਵਗਾਹ ਮਾਰਨ ਤੇ ਕਹਿਣ– ਅਹਿ ਚੱਕੋ ਆਪਣਾ ਇਸਲਾਮ। ਸਾਨੂੰ ਮੰਨਣਾ ਪਏਗਾ ਇਸਲਾਮ ਤੋਂ ਇਲਾਵਾ ਵੀ ਧਰਮ ਹਨ, ਤੇ ਚੰਗੇ ਹਨ, ਅਸੀਂ ਸਭ ਦਾ ਆਦਰ ਕਰਾਂਗੇ ਤਾਂ ਸਾਡਾ ਆਦਰ ਹੋਏਗਾ। ਜੇ ਅਸੀਂ ਕੇਵਲ ਕੁਰਾਨ ਨੂੰ ਆਪਣੀ ਜੜ ਅਤੇ ਫਲ ਮੰਨਾਗੇ, ਦਸਣਾ ਹੋਵੇਗਾ ਕਿ ਕੁਰਾਨ ਮਿਹਰਬਾਨੀਆਂ ਦੀਆਂ ਆਇਤਾਂ ਦਾ ਖਜ਼ਾਨਾ ਹੈ, ਸਾਡਾ ਪਰਿਵਾਰ ਇਕੋ ਹੈ, ਅਸੀਂ ਸਭ ਭੈਣ ਭਰਾ ਹਾਂ।

ਇਕ ਸਮਾਂ ਸੀ ਜਦੋਂ ਹਰ ਧਰਮ ਦਾ ਪੁਜਾਰੀ ਬਚਨ ਕਰਦਾ, ਸਰੋਤੇ ਸੱਤ ਕਰਕੇ ਮੰਨ ਲੈਂਦੇ। ਮਾਸ ਮੀਡੀਆ ਕਾਰਨ ਹੁਣ ਹੇਠਲੇ ਵਰਗ ਦਾ ਹਰੇਕ ਸਰੋਤਾ, ਦਰਸ਼ਕ ਤੇ ਪਾਠਕ ਧਰਮ ਗ੍ਰੰਥਾਂ, ਇਤਿਹਾਸ, ਫਲਸਫੇ, ਰਹਿਤਨਾਮੇ ਬਾਰੇ ਪੜ੍ਹਦਾ ਤੇ ਵਿਚਾਰ ਕਰਦਾ ਹੈ, ਜੇ ਪੁਜਾਰੀ ਕੋਈ ਗ਼ਲਤ ਗੱਲ ਕਰੇ, ਉਸ ਨੂੰ ਟੋਕਦਾ ਹੈ। ਹੁਣ ਧਰਮ ਦੀਆਂ ਹਦਾਇਤਾਂ ਉਪਰੋਂ ਹੇਠਾ ਘੱਟ, ਹੇਠੋਂ ਉਪਰ ਵਧੀਕ ਜਾਣ ਲੱਗੀਆਂ ਹਨ। ਤਾਂ ਵੀ ਖਤਰੇ ਮੌਜੂਦ ਹਨ। ਮਿਸਰ ਦਾ ਖਲੀਫਾ ਰਸ਼ਦ 1959 ਵਿਚ ਅਮਰੀਕਾ ਗਿਆ ਤੇ ਬਾਇਓਕੈਮਿਸਟਰੀ ਵਿਚ ਪੀਐੱਚ.ਡੀ. ਕੀਤੀ, ਐਰੀਜ਼ੋਨਾ ਵਿਚ ਵਸ ਗਿਆ। ਉਸਨੇ ਕੁਰਾਨ ਅਤੇ

ਹਦੀਸਾਂ ਦੀ ਅੰਗਰੇਜ਼ੀ ਟ੍ਰਾਂਸਲੇਸ਼ਨ ਪੜ੍ਹੀ ਤਾਂ ਦੁਖੀ ਹੋਇਆ। ਉਸਨੇਸਾਰੀਆਂ ਹਦੀਸਾਂ ਰੱਦ ਕਰ ਦਿੱਤੀਆਂ ਕਿਉਂਕਿ ਪੈਗੰਬਰ ਬਾਰੇ ਝੂਠ ਦੇ ਪੁਲੰਦੇ ਨਬੀ ਦੀ ਬੇਅਦਬੀ ਕਰ ਰਹੇ ਹਨ। ਉਸਨੇ ਕੁਰਾਨ ਦੇ ਗ਼ਲਤ ਅਰਥਾਂ ਨੂੰ ਚੁਣੌਤੀ ਦੇਕੇ ਸਹੀ ਅਰਥ ਕਰਨੇ ਸ਼ੁਰੂ ਕਰ ਦਿੱਤੇ। ਯਹੂਦੀਆਂ ਤੇ ਈਸਾਈਆਂ ਨੂੰ ਸੂਰ ਅਤੇ ਬਣਮਾਣਸ ਕਿਹਾ ਜਾਵੇ, ਮੰਦਭਾਗਾ ਹੈ। ਐਰੀਜ਼ੋਨਾ ਦੀ ਟਕਸਨ ਮਸਜਿਦ ਵਿਚ ਜਿਥੇ ਉਹ ਨਮਾਜ਼ ਪੜ੍ਹਨ ਜਾਇਆ ਕਰਦਾ ਸੀ, ਕੱਟੜਪੰਥੀਆਂ ਨੇ 1990 ਵਿਚ ਕਤਲ ਕਰ ਦਿੱਤਾ।

ਹਜ਼ਰਤ ਮੁਹੰਮਦ ਸਾਹਿਬ ਆਪਣੇ ਪਿਆਰਿਆਂ ਨਾਲ ਗੱਲਾਂ ਕਰਦੇ ਤਾਂ ਦੇਖਦੇ ਕੋਈ ਜਣਾ ਉਸਦੀਆਂ ਗੱਲਾਂ ਲਿਖ ਰਿਹਾ ਹੈ, ਰੋਕ ਦਿੰਦੇ ਤੇ ਆਖਦੇ- ਕੁਰਾਨ ਬਗ਼ੈਰ ਹੋਰ ਕੋਈ ਗੱਲ ਨਹੀਂ ਲਿਖਣੀ। ਮੇਰੀਆਂ ਗੱਲਾਂ ਤੁਹਾਡੀਆਂ ਗੱਲਾਂ ਵਰਗੀਆਂ ਹੀ ਹਨ। ਕੁਰਾਨ ਨੇ ਨਾਜਾਇਜ਼ ਸਰੀਰਕ ਸੰਬੰਧ ਬਣਾਉਣ ਵਾਲੇ ਨੂੰ 100 ਕੋੜਿਆਂ ਦੀ ਸਜ਼ਾ ਦਿੱਤੀ ਹੈ ਜੋ ਹਦੀਸ ਲੇਖਕ ਨੂੰ ਘੱਟ ਲੱਗੀ, ਉਸਨੇ ਮੌਤ ਦੀ ਸਜ਼ਾ ਲਿਖ ਦਿੱਤੀ। ਇਸਲਾਮ ਦਾ ਦੂਜਾ ਖਲੀਫਾ ਉਮਰ ਸੀ ਜੋ ਹਜ਼ਰਤ ਮੁਹੰਮਦ ਸਾਹਿਬ ਨੂੰ ਬਹੁਤ ਪਿਆਰਾ ਸੀ। ਇਸਲਾਮ ਦੀ ਪਹਿਲੀ ਸਲਤਨਤ ਉਸੇ ਨੇ ਕਾਇਮ ਕੀਤੀ ਸੀ। ਉਸ ਨੂੰ ਪਤਾ ਲੱਗਾ ਲੋਕ ਪੈਗੰਬਰ ਦੇ ਕਥਨਾ ਅਤੇ ਕੰਮਾਂ ਬਾਰੇ ਲਿਖਣ ਲੱਗ ਗਏ ਹਨ ਤੇ ਇਨ੍ਹਾਂ ਲਿਖਤਾਂ ਦਾ ਨਾਮ ਹਦੀਸ ਰੱਖ ਦਿੱਤਾ ਹੈ। ਇਬਨ ਸਾਅਦ ਲਿਖਦਾ ਹੈ- ਹਜ਼ਰਤ ਉਮਰ ਨੇ ਹੁਕਮ ਦਿੱਤਾ ਉਹ ਸਾਰੀਆਂ ਕਿਤਾਬਾਂ ਪੇਸ਼ ਕੀਤੀਆਂ ਜਾਣ ਜਿਨ੍ਹਾਂ ਦਾ ਨਾਮ ਤੁਸੀਂ ਹਦੀਸਾਂ ਰੱਖਿਆ ਹੈ। ਸਾਰੀਆਂ ਕਿਤਾਬਾਂ ਇਕ ਢੇਰ ਦੇ ਰੂਪ ਵਿਚ ਰੱਖ ਕੇ ਅੱਗ ਲਾਉਣ ਪਿਛੋਂ ਉਮਰ ਨੇ ਹੁਕਮ ਦਿੱਤਾ- ਖਬਰਦਾਰ ਅੱਗੋਂ ਨੂੰ ਕਿਸੇ ਨੇ ਹਦੀਸ ਲਿਖਣ ਦੀ ਹਮਾਕਤ ਕੀਤੀ।

ਦਿਲਚਸਪ ਤੱਥ ਇਹ ਕਿ ਜਿਹੜੀਆਂ ਪੁਰਾਣੀਆਂ ਹਦੀਸਾਂ ਮੌਜੂਦ ਹਨ, ਉਨ੍ਹਾਂ ਵਿਚ ਵੀ ਇਹੋ ਗੱਲ ਲਿਖੀ ਹੈ ਕਿ ਨਬੀ ਨੇ ਕੁਰਾਨ ਤੋਂ ਇਲਾਵਾ ਹੋਰ ਗੱਲਾਂ ਅਤੇ ਘਟਨਾਵਾਂ ਲਿਖਣ ਦੀ ਮਨਾਹੀ ਕੀਤੀ ਸੀ ਕਿਉਂਕਿ ਦੀਨ ਵਿਚ ਮਨੁੱਖ ਸਿਰਜਿਤ ਕੂੜ ਕਬਾੜ ਨਹੀਂ ਚਾਹੀਦਾ, ਕੁਰਾਨ ਸ੍ਰੇਸ਼ਟ ਹੈ। ਨਬੀ ਨੇ ਕਿਹਾ- ਜੋ ਮੇਰੇ ਬੋਲ ਤੁਸੀਂ ਲਿਖ ਦਿੱਤੇ, ਉਹਨਾਂ ਨੂੰ ਲੋਕ ਉਨੇ ਪਵਿੱਤਰ ਸਮਝਣ ਲੱਗ ਜਾਣਗੇ ਜਿੰਨੇ ਕੁਰਾਨ ਦੇ ਬੋਲ ਪਾਕਿ ਹਨ। ਇਹ ਸਹੀ ਨਹੀਂ ਹੋਵੇਗਾ।

ਸਭ ਤੋਂ ਖ਼ਤਰਨਾਕ ਅਤੇ ਝੂਠੀ ਸੂਚਨਾ ਨੌਵੀਂ ਸਦੀ ਦੀ ਹਦੀਸ ਵਿਚ ਇਹ ਦਰਜ਼ ਹੈ ਕਿ ਮਦੀਨੇ 627 ਈ. ਦੀ ਜੰਗ ਉਪਰੰਤ ਇਸਲਾਮ ਦੇ ਪੈਗੰਬਰ ਨੇ 900 ਯਹੂਦੀ ਕਤਲ ਕਰਵਾਏ। ਇਸ ਲੜਾਈ ਨੂੰ ਖੰਦਕ (ਖਾਈ) ਦਾ ਯੁੱਧ ਵੀ ਆਖਿਆ ਗਿਆ ਹੈ। ਕੁਰਾਨ ਵਿਚ ਇਸ ਸਮੂਹਕ ਕਤਲਿਆਮ ਦਾ ਜ਼ਿਕਰ ਨਹੀਂ ਹੈ। ਹਰ ਅਗਲੀ ਸਦੀ ਵਿਚ ਇਤਿਹਾਸਕਾਰਾਂ ਨੇ ਇਸ ਨੂੰ ਇਸ ਤਰ੍ਹਾਂ ਦਾ ਰੰਗ ਦੇ ਦਿੱਤਾ ਹੈ ਜਿਵੇਂ ਨਿਰਦੋਸ਼, ਨਿਰਪੱਖ, ਮਾਸੂਮ ਯਹੂਦੀਆਂ ਦਾ ਕਤਲ ਕੋਈ ਗੁਨਾਹ ਨਹੀਂ ਕਿਉਂਕਿ ਨਬੀ ਨੇ ਕੀਤਾ ਸੀ। ਨਬੀ ਨੂੰ ਏਡਾ ਵਡਾ ਹਤਿਆਰਾ ਸਾਬਤ ਕਰਕੇ ਮੁਸਲਮਾਨਾ ਨੂੰ ਕਿਉਂ ਖੁਸ਼ੀ ਮਿਲਦੀ ਹੈ ਸਮਝੋਂ ਬਾਹਰ ਹੈ ਕਿਉਂਕਿ ਉਹ ਹਮਦਰਦ ਦਿਲ ਵਾਲੇ ਸਨ, ਮਿਹਰਬਾਨ ਸਨ; ਜਿਹੜਾ ਬੰਦਾ ਇਸ ਸਾਖੀ ਤੇ ਸ਼ੱਕ ਕਰੇ ਉਸਨੂੰ ਕਾਫਰ ਕਿਹਾ ਜਾਂਦਾ ਹੈ।

622 ਈ. ਵਿਚ ਮੱਕਾ ਛੱਡ ਕੇ ਮੁਰੀਦਾਂ ਸਮੇਤ ਨਬੀ ਮਦੀਨੇ ਆ ਗਏ ਜਿਥੇ ਦੋ ਸਾਲ ਰਹੇ। ਇਸ ਅਰਸੇ ਵਿਚ ਬਹੁਤ ਸਾਰੇ ਬੁਤਪੂਜ ਕਬੀਲੇ ਇਸਲਾਮ ਵਿਚ ਆ ਗਏ ਤੇ ਯਹੂਦੀਆਂ ਅਤੇ ਬਾਕੀ ਵਸਦੀਆਂ ਕੌਮਾ ਨਾਲ ਇਕ ਰਾਜ਼ੀਨਾਮਾ ਹੋਇਆ ਕਿ ਆਪਸ ਵਿਚ ਪਿਆਰ ਨਾਲ ਰਹਾਂਗੇ, ਬਾਹਰਲੇ ਹਮਲਾਵਰ ਵਿਰੁੱਧ ਰਲ ਕੇ ਲੜਾਂਗੇ। ਨਬੀ ਦੇ ਮੁਰੀਦਾਂ ਦੀ ਗਿਣਤੀ ਵਧਦੀ ਦੇਖਕੇ ਮੱਕਾ ਵਾਸੀਆਂ ਵਿਚ ਬੇਚੈਨੀ ਵਧੀ, ਅਜਿਹਾ ਕੇਵਲ ਸੈਨਿਕ ਕਾਰਨਾ ਕਰਕੇ ਨਹੀਂ, ਵਪਾਰਕ ਕਾਰਨ ਵੀ ਸਨ, ਹਜ਼ਰਤ ਮੁਹੰਮਦ ਸਾਹਿਬ ਨੇਕ ਵਪਾਰੀ ਸਨ। ਆਹਮੋ ਸਾਹਮਣੇ ਮੁਕਾਬਲਾ ਕਰਨ ਦੀ ਥਾਂ ਜਦੋਂ ਸੂਹੀਆਂ ਨੇ ਖ਼ਬਰ ਦਿੱਤੀ ਕਿ ਮੱਕਾ ਵਾਸੀ ਹਮਲੇ ਦੀ ਤਿਆਰੀ ਵਿਚ ਹਨ ਤਾਂ ਨਬੀ ਨੇ ਹੁਕਮ ਦਿੱਤਾ ਕਿ ਸ਼ਹਿਰ ਮਦੀਨੇ ਦੁਆਲੇ ਦੀਵਾਰ ਸਾਹਮਣੇ ਡੂੰਘੀ ਖਾਈ ਖੋਦੀ ਜਾਵੇ ਜਿਹੜੀ ਦੁਸ਼ਮਣ ਨੂੰ ਅੰਦਰ ਔਣ ਤੋਂ ਰੋਕੇ। ਅੰਦਾਜ਼ੇ ਅਨੁਸਾਰ ਦਸ ਹਜ਼ਾਰ ਬੰਦੇ ਛੇ ਸੌ ਘੋੜਸਵਾਰ ਤੇ ਕੁਝ ਊਠ ਹਮਲਾਵਰਾਂ ਕੋਲ ਸਨ। ਨਬੀ ਨਾਲ ਕੇਵਲ ਤਿੰਨ ਹਜ਼ਾਰ ਜੁਆਨ ਸਨ। ਇਕ ਦਰਜਨ ਯਹੂਦੀ ਕਬੀਲਿਆਂ ਵਿਚੋਂ ਕੇਵਲ ਦੋ ਕਬੀਲਿਆਂ ਨੇ ਮੱਕਾ ਹਮਲਾਵਰਾਂ ਦਾ ਸਾਥ ਦੇਣ ਦਾ ਫੈਸਲਾ ਕੀਤਾ ਬਾਕੀ ਨਿਰਪੱਖ ਰਹੇ। ਬਨੂ ਕੁਰੇਜ਼ਾ ਯਹੂਦੀ ਕਬੀਲੇ ਨੂੰ ਬਹੁਤ ਮਨਾਇਆ ਗਿਆ ਕਿ ਅਗੋਂ ਅਸੀਂ ਹਮਲਾ ਕਰਾਂਗੇ ਪਿਛੋਂ ਤੂੰ ਹੱਲਾ ਬੋਲ, ਉਸਨੇ ਸਾਫ ਇਨਕਾਰ ਕਰ ਦਿੱਤਾ। ਇਹ ਘੇਰਾ ਵੀਹ ਦਿਨ ਪਿਆ ਰਿਹਾ ਪਰ ਸਖ਼ਤ ਠੰਢ, ਹਨ੍ਹੇਰੀ ਅਤੇ ਰਾਸ਼ਣ ਦੀ ਘਾਟ ਕਾਰਨ ਹਮਲਾਵਰ ਵਾਪਸ ਪਰਤ ਗਏ।

ਅੱਠਵੀਂ ਸਦੀ ਵਿਚ ਨਬੀ ਦੇ ਦੇਹਾਂਤ ਤੋਂ ਇਕ ਸਦੀ ਬਾਦ ਇਬਨ ਇਸਹਾਕ ਨੇ ਸੀਰਤ ਰਸੂਲ ਅੱਲਾਹ ਕਿਤਾਬ ਲਿਖੀ ਜੋ ਨਬੀ ਦੀ ਜੀਵਨ ਹੈ। ਇਸ ਜੀਵਨੀ ਦੀ ਮੂਲ ਲਿਖਤ ਨਹੀਂ ਮਿਲਦੀ, ਮੂਲ ਦੀ ਸੋਧੀ ਕਾਪੀ ਨੌਵੀਂ ਸਦੀ ਦੀ ਮਿਲਦੀ ਹੈ ਜੋ

ਇਬਨ ਹਿਸ਼ਮ ਨੇ ਤਿਆਰ ਕੀਤੀ। ਇਹ ਵੀ ਪਤਾ ਨਹੀਂ ਕਿ ਇਬਨ ਇਸਹਾਕ ਨੇ ਯਹੂਦੀ ਕਤਲਿਆਮ ਦੀ ਕਹਾਣੀ ਲਿਖੀ ਕਿ ਨਾ ਪਰ ਇਹ ਹਿਸ਼ਮ ਦੀ ਕਿਤਾਬ ਵਿਚ ਦਰਜ ਹੋ ਗਈ। ਕੇਵਲ ਇਹੀ ਨਹੀਂ ਕਿ ਕੁਰੈਸ਼ਾਂ ਨੇ ਇਹ ਫੌਜ ਚਾੜ੍ਹੀ, ਕਿਤਾਬ ਵਿਚ ਲਿਖਿਆ ਹੈ ਕਿ ਯਹੂਦੀਆਂ ਨੇ ਮੱਕਾ ਵਾਸੀਆਂ ਨੂੰ ਮਦੀਨੇ ਤੇ ਹਮਲਾ ਕਰਨ ਲਈ ਉਕਸਾਇਆ ਭੜਕਾਇਆ, ਕਿਹਾ—ਮੁਸਲਮਾਨਾ ਦਾ ਪੂਰਨ ਸਫਾਇਆ ਕਰਨਾ ਜ਼ਰੂਰੀ ਹੈ।

ਹੋਇਆ ਇਹ ਕਿ ਜਿਸ ਸਮੇਂ ਨਬੀ ਦੀ ਜੀਵਨੀ ਲਿਖੀ ਗਈ ਉਦੋਂ ਤੱਕ ਮੱਕੇ ਦੇ ਬੁੱਤਪੂਜ ਦਾ ਪੜਪੋਤਾ ਇਸਲਾਮ ਧਾਰਨ ਕਰਕੇ ਹਾਕਿਮ ਖਲੀਫਿਆਂ ਵਿਚੋਂ ਇਕ ਹੋ ਗਿਆ ਸੀ। ਉਸਦਾ ਪੜਦਾਦਾ ਨਬੀ ਦੇ ਦੁਸ਼ਮਣ ਵਜੋਂ ਮਦੀਨੇ ਹਮਲਾਵਰ ਸੀ, ਇਹ ਸ਼ਰਮਿੰਦਗੀ ਧੋਣ ਲਈ ਕਹਾਣੀ ਘੜੀ ਗਈ ਕਿ ਯਹੂਦੀਆਂ ਨੇ ਕੁਰੈਸ਼ਾਂ ਨੂੰ ਉਕਸਾਇਆ ਸੀ। ਹਜ਼ੂਰ ਦੀ ਜੀਵਨੀ ਲਿਖਦਿਆਂ ਇਸਹਾਕ ਇਕ ਗ਼ਲਤੀ ਕਰ ਗਿਆ। ਦੁਸ਼ਮਣ ਰੋਕਣ ਲਈ ਖਾਈ ਪੁੱਟਣ ਵਾਸਤੇ ਗੈਂਤੀਆਂ, ਕਹੀਆਂ ਤੇ ਮਲਬਾ ਕੱਢਣ ਲਈ ਤਸਲੇ ਨਹੀਂ ਸਨ। ਇਹ ਸਾਮਾਨ ਬਨੂ ਕੁਰੈਜ਼ੀਆ ਦੇ ਯਹੂਦੀਆਂ ਨੇ ਦਿੱਤਾ। ਜੇ ਯਹੂਦੀ ਗੱਦਾਰ ਹੁੰਦੇ, ਨੁਕਸਾਨ ਕਰਨਾ ਚਾਹੁੰਦੇ, ਦੁਸ਼ਮਣੀ ਕੱਢਣੀ ਚਾਹੁੰਦੇ, ਦੁਸ਼ਮਣਾ ਨੂੰ ਖੰਦਕ ਪੁੱਟਣ ਦੇ ਸੰਦ ਕਿਉਂ ਦਿੰਦੇ?

ਨਬੀ ਦੀ ਜੀਵਨੀ ਸੀਰਤ ਅਨੁਸਾਰ ਕੁਰੈਸ਼ ਨੇਤਾ ਅਬੂ ਸੂਫੀਆਂ ਨੇ ਆਪਣਾ ਬੰਦਾ ਇਬਨ ਇਖਤਾਬ ਯਹੂਦੀ ਮੁਖੀ ਬਨੂ ਕੋਲ ਭੇਜਿਆ ਕਿ ਪਿਛੋਂ ਦੀ ਹਮਲਾ ਕਰਨ ਵਾਸਤੇ ਤਿਆਰ ਹੋਵੇ। ਬਨੂ ਸੰਧੀ ਤੋੜਨ ਲਈ ਤਿਆਰ ਨਹੀਂ ਸੀ, ਇਖਤਾਬ ਨੂੰ ਆਉਂਦਾ ਦੇਖਦਿਆਂ ਹੀ ਉਸਨੇ ਆਪਣੇ ਦਰਵਾਜ਼ੇ ਬੰਦ ਕਰ ਲਏ। ਇਖਤਾਬ ਨੇ ਕਿਹਾ– ਮੈਂ ਕੋਈ ਗੱਲ ਕਰਨ ਆਇਆਂ। ਬਨੂ ਨੇ ਕਿਹਾ– ਤੂੰ ਬਦਕਾਰ ਆਦਮੀ ਹੈ, ਮੈਂ ਤੇਰੇ ਮੱਥੇ ਨਹੀਂ ਲੱਗਣਾ। ਮੈਂ ਮੁਹੰਮਦ ਨਾਲ ਸੰਧੀ ਕਰ ਲਈ ਹੈ ਕਿਉਂਕਿ ਉਹ ਨੇਕਬਖ਼ਤ ਇਨਸਾਨ ਹੈ। ਦਫਾ ਹੋ ਜਾਹ ਇਥੋਂ।

ਆਖ਼ਰ ਬਿਨਾ ਕਿਸੇ ਹਮਲੇ ਦੇ ਖਰਾਬ ਮੌਸਮ ਕਾਰਨ ਤਿੰਨ ਹਫਤਿਆਂ ਬਾਦ ਬਨੂ ਵਾਪਸ ਪਰਤ ਗਿਆ, ਖ਼ਬਰ ਮਿਲਣ ਤੇ ਨਬੀ ਅਤੇ ਉਸਦੀ ਫੌਜ ਨਿਸ਼ਚਿੰਤ ਹੋ ਗਈ। ਜਬਰੀਲ ਫਰਿਸ਼ਤਾ ਆਇਆ ਤੇ ਕਿਹਾ– ਕੀ ਤੁਸੀਂ ਆਪਣੇ ਹਥਿਆਰ ਉਤਾਰ ਦਿੱਤੇ ਹਨ ਨਬੀ? ਪੈਗੰਬਰ ਨੇ ਕਿਹਾ, ਹਾਂ ਵੈਰੀ ਚਲਾ ਗਿਆ ਹੈ। ਜਬਰੀਲ ਨੇ ਕਿਹਾ– ਪਰ ਫਰਿਸ਼ਤੇ ਅਜੇ ਹਥਿਆਰਬੰਦ ਹਨ। ਰੱਬ ਦਾ ਫੁਰਮਾਨ ਹੈ ਨਬੀ ਕਿ ਬਨੂ ਕੁਰੇਜ਼ਾ ਦੇ ਕਬੀਲੇ ਨੂੰ ਕਤਲ ਕਰ, ਮੈਂ ਚੱਲਿਆਂ, ਪਿਛੇ ਪਿਛੇ ਤੁਸੀਂ ਆ ਜਾਓ। ਰੱਬ ਦਾ ਹੁਕਮ ਆ ਗਿਆ, ਨਬੀ ਕੀ ਕਰਦੇ? ਆਪਣੀ ਸੈਨਾ ਲੈ ਕੇ ਬਨੂ ਦਾ ਕਿਲਾ ਘੇਰ ਲਿਆ ਤੇ ਨਬੀ ਨੇ ਲਲਕਾਰਿਆ– ਓ ਬਾਂਦਰਾਂ ਦੀਓ ਔਲਾਦੋ, ਰੱਬੋਂ ਭਰਿਸ਼ਟੇ ਲੋਕੋ, ਰੱਬ ਦਾ ਤੁਸਾਂ ਤੇ ਕਹਿਰ ਟੁਟੇਗਾ। ਨਬੀ ਦੇ ਬੋਲ ਸੁਣਕੇ ਬਨੂ ਨੇ ਅਦਬ ਨਹੀਂ ਤਿਆਗਿਆ, ਕਿਹਾ– ਓ ਅਬੁਲ ਕਾਸਿਮ ਤੁਸੀਂ ਤਾਂ ਕਦੀ ਦਰਿੰਦਗੀ ਨਹੀਂ ਕੀਤੀ?

ਸੀਰਤ ਮੁਤਾਬਕ ਯਹੂਦੀਆਂ ਦੁਆਲੇ ਨਬੀ ਨੇ 25 ਦਿਨ ਘੇਰਾਬੰਦੀ ਰੱਖੀ, ਅੰਦਰ ਰਾਸ਼ਣ ਖ਼ਤਮ ਹੋ ਗਿਆ, ਯਹੂਦੀਆਂ ਦਾ ਬਲ ਟੁੱਟ ਗਿਆ। ਸਮੂਹਕ ਦਫਨ ਵਾਸਤੇ ਡੂੰਘੇ ਟੋਏ ਪੁਟਵਾਏ ਗਏ, ਟੁਕੜੀਆਂ ਵਿਚ ਯਹੂਦੀਆਂ ਨੂੰ ਕਿਲੇ ਤੋਂ ਬਾਹਰ ਕਢਦੇ, ਕਤਲ ਕਰਕੇ ਲਾਸ਼ਾਂ ਟੋਇਆਂ ਵਿਚ ਸੁੱਟ ਕੇ ਫਿਰ ਅਗਲ ਟੁਕੜੀ ਲਿਆਈ ਜਾਂਦੀ। ਪੂਰੇ 900 ਯਹੂਦੀ ਵੱਢ ਕੇ ਜ਼ਮੀਨ ਵਿਚ ਦੱਬ ਦਿੱਤੇ। ਉਨ੍ਹਾਂ ਦੀ ਜਾਇਦਾਦ, ਔਰਤਾਂ ਅਤੇ ਬੱਚੇ ਮੁਸਲਮਾਨਾ ਵਿਚ ਵੰਡ ਦਿੱਤੇ। ਨਬੀ ਨੇ ਕੁੱਲੁੱਟ ਵਿਚੋਂ ਪੰਜਵਾਂ ਹਿੱਸਾ ਲਿਆ, ਘੁੜਸਵਾਰ ਨੂੰ ਤਿੰਨੇ ਹਿਸੇ, ਪੈਦਲ ਨੂੰ ਇਕ ਹਿੱਸਾ ਮਿਲਿਆ। ਇਸ ਘਟਨਾ ਵਿਚ ਨਬੀ ਦਾ ਅਕਸ ਧਾਰਮਿਕ ਘੱਟ, ਵਿਜੇਤਾ ਵਧੀਕ ਦਿਖਾਈ ਦਿੰਦਾ ਹੈ। ਬੇਕਸੂਰ ਯਹੂਦੀ ਮੌਤ ਦੇ ਘਾਟ ਉਤਾਰ ਦੇਣ, ਅਜਿਹਾ ਪੈਗੰਬਰ ਦਾ ਸੁਭਾਅ ਨਹੀਂ ਸੀ।

ਤਾਰਿਕ ਫਤਹ ਚਾਹੁੰਦਾ ਹੈ ਇਸ ਘਟਨਾ ਨੂੰ ਗਪੌੜ ਸੰਖ ਵਜੋਂ ਘੜੀ ਕਹਾਣੀ ਮੰਨ ਕੇ ਰੱਦ ਕਰ ਦੇਈਏ ਕਿਉਂਕਿ ਇਹ ਨਬੀ ਦੇ ਹਮਦਰਦ ਇਸਲਾਮਿਕ ਅਸੂਲਾਂ ਦੇ ਉਲਟ ਹੈ। ਪਰ ਜਿਹੜੇ ਮੁਸਲਮਾਨ ਇਸ ਦੀ ਮੱਧਕਾਲੀ ਸਚਾਈ ਮੰਨਣ ਦੀ ਬਜ਼ਿਦ ਹਨ, ਉਹ ਇਸ ਸਚਾਈ ਦੇ ਠੋਸ ਸਬੂਤ ਦੇਣ। ਜਿਹੜੀ ਵਾਰਦਾਤ ਨਬੀ ਦੀ ਸ਼ਾਨ ਵਿਚ ਵਾਧਾ ਨਹੀਂ ਕਰਦੀ ਉਸ ਨੂੰ ਮੰਨਣਾ ਠੀਕ ਨਹੀਂ। ਜੇ ਘਟਨਾ ਸੱਚ ਹੈ ਫਿਰ ਮੁਸਲਮਾਨਾ ਵਾਸਤੇ ਮਾਸੂਮ ਬੰਦੀਆਂ ਨੂੰ ਭਵਿੱਖ ਵਿਚ ਕਤਲ ਕਰਨ ਦਾ ਰਸਤਾ ਖੁਲਦਾ ਹੈ। ਇਬਨ ਗਿਸ਼ਮ ਲਿਖਦਾ ਹੈ– ਇਸ ਮਾਲ ਵਿਚ ਕੁੱਝ ਬੰਦੀ ਔਰਤਾਂ ਵੰਡੇ ਜਾਣ ਤੋਂ ਰਹਿ ਗਈਆਂ, ਉਨ੍ਹਾਂ ਨੂੰ ਵੇਚ ਕੇ ਨਬੀ ਨੇ ਘੋੜੇ ਅਤੇ ਹਥਿਆਰ ਖਰੀਦ ਲਏ। ਤਾਰਿਕ ਲਿਖਦਾ ਹੈ, "ਇਹ ਵਾਕ ਜੇ ਸਾਡੇ ਦੁਸ਼ਮਣਾ ਨੇ ਲਿਖੇ ਹੁੰਦੇ, ਅਸੀਂ ਜਾਣ ਜਾਂਦੇ ਨਬੀ ਦੀ ਨਿੰਦਿਆ ਕਰਨਾ ਉਨ੍ਹਾਂ ਦਾ ਮਨੋਰਥ ਹੈ ਪਰ ਇਹ ਸਾਡੇ ਇਤਿਹਾਸਕਾਰ ਨੇ ਲਿਖੇ ਹਨ, ਅਸੀਂ ਮੁਸਲਮਾਨ ਮੰਨੀ ਜਾ ਰਹੇ ਹਾਂ ਅਤੇ ਫ਼ਖ਼ਰ ਨਾਲ ਇਸ ਘਟਨਾ ਦਾ ਪ੍ਰਚਾਰ ਕਰਦੇ ਹਾਂ। ਅੱਲਾਹ ਦਾ ਆਖ਼ਰੀ ਨਬੀ, ਸਾਡਾ ਰੋਲ ਮਾਡਲ, ਸ਼ਖ਼ਸ ਜਿਸਨੇ ਧਰਤੀ ਉਪਰ ਸਥਿਰ ਅਮਨ, ਹਮਦਰਦੀ ਕਾਇਮ ਕੀਤੀ, ਇਸ ਨਾਇਕ ਨੂੰ ਸਦੀਆਂ ਤੋਂ ਅਸੀਂ ਆਪ ਪੂਰੀ ਬੇਸ਼ਰਮੀ ਨਾਲ ਜੀਆਘਾਤ ਕਰਨ ਵਾਲਾ ਜ਼ਾਲਮ ਸਿਧ ਕਰ ਰਹੇ ਹਾਂ। ਜਦੋਂ ਸਾਡੇ ਵੈਰੀ ਪੈਗੰਬਰ ਦੀ ਨਿੰਦਿਆ

ਕਰਦੇ ਹਨ ਸਾਨੂੰ ਦੁਖ ਹੁੰਦਾ ਹੈ ਪਰ ਅਸੀਂ ਲਿਖ ਦਿੱਤਾ ਤੇ ਮੰਨ ਲਿਆ ਕਿ ਪੈਗੰਬਰ ਬੰਦੀ ਔਰਤਾ ਵੇਚ ਕੇ ਘੋੜੇ ਖਰੀਦਿਆ ਕਰਦਾ ਸੀ। ਜਿਸ ਕੌਮ ਕੋਲ ਇਹੋ ਜਿਹੇ ਦੋਸਤ ਹੋਣ ਉਸਨੂੰ ਦੁਸ਼ਮਣਾ ਦੀ ਕੀ ਲੋੜ?

ਅਮਰ ਖਾਲਿਦ ਅੱਜ ਟੀਵੀ ਉਪਰ ਪੱਛਮ ਵਿਚ ਇਸਲਾਮ ਦਾ ਸਭ ਤੋਂ ਵਧੀਕ ਤੇਜ਼ਤਰਾਰ ਪ੍ਰਚਾਰਕ ਹੈ ਜਿਸ ਨੂੰ ਦਸ ਦਸ ਹਜ਼ਾਰ ਮੁਸਲਮਾਨ ਸੁਣਦੇ ਹਨ। ਖੰਦਕ ਦੀ ਲੜਾਈ ਅਤੇ ਔਰਤਾਂ ਬਦਲੇ ਘੋੜੇ ਖਰੀਦਣ ਨੂੰ ਜਾਇਜ਼ ਠਹਿਰਾਉਂਦਿਆਂ ਉਹ ਆਖਦਾ ਹੈ– ਪੱਛਮ ਇਹੋ ਕਰਦਾ ਆ ਰਿਹਾ ਹੈ। ਸਸਤੇ ਭਾਅ ਕੱਚਾ ਮਾਲ ਸਾਥੋਂ ਖਰੀਦ ਕੇ ਫੈਕਟਰੀਆਂ ਵਿਚੋਂ ਪਕਾ ਕੇ ਸਾਨੂੰ ਮਹਿੰਗੇ ਭਾਅ ਵੇਚ ਰਿਹਾ ਹੈ। ਦੁਨੀਆਂ ਵਿਚ ਜਿਣਸਾਂ ਦਾ ਵਟਾਂਦਰਾ ਹੁੰਦਾ ਰਿਹਾ ਹੈ। ਸੱਤਵੀਂ ਸਦੀ ਦੇ ਬੰਦੀ ਯਹੂਦੀ ਬਨੂ ਕੁਰੇਜ਼ਾ ਨੂੰ ਅਮਰ ਖਾਲਿਦ "ਪੱਛਮੀ ਸਾਮਰਾਜਵਾਦ" ਦਾ ਨਾਮ ਦਿੰਦਾ ਹੈ। ਜੁਆਨਾ ਨੂੰ ਵੰਗਾਰਦਿਆਂ ਆਖਦਾ ਹੈ– ਫਤਹਿ ਥਾਲੀ ਵਿਚ ਪਰੋਸ ਕੇ ਤੁਹਾਨੂੰ ਕੋਈ ਨਹੀਂ ਦਏਗਾ। ਅੱਲਾਹ ਉਨ੍ਹਾਂ ਨੂੰ ਫਤਹਿ ਬਖ਼ਸ਼ਦਾ ਹੈ ਜਿਹੜੇ ਦਲੇਰ ਹੋਣ, ਹਿੰਮਤੀ ਹੋਣ। ਅਰਬਾਂ ਵਾਸਤੇ ਫਤਹਿ ਉਨ੍ਹਾਂ ਦੇ ਨਸੀਬਾਂ ਵਿਚ ਅੱਲਾਹ ਨੇ ਲਿਖ ਦਿੱਤੀ ਹੈ ਪਰ ਉਦੋਂ ਮਿਲੇਗੀ ਜਦੋਂ ਕੁਰਬਾਨੀ ਦੇਣ ਲਈ ਤਿਆਰ ਹੋ ਜਾਣ। ਰਹਿਮ ਦਿਲ ਨਬੀ, ਯਹੂਦੀਆਂ ਦੇ ਕਤਲਿਆਮ ਦੇ ਹੱਕ ਵਿਚ ਨਹੀਂ ਸਨ ਪਰ ਬਨੂ ਨੇ ਗ਼ਦਾਰੀ ਕੀਤੀ। ਗ਼ਦਾਰਾਂ ਨੂੰ ਸਖ਼ਤ ਸਜ਼ਾ ਮਿਲਣੀ ਇਸਲਾਮ ਵਿਚ ਵਾਜਬ ਹੈ।

ਇਕੀਵੀਂ ਸਦੀ, ਟੀਵੀ ਉਪਰ ਅੱਜ ਇਕ ਪ੍ਰਚਾਰਕ ਸਾਰੇ ਮਰਦਾਂ ਦਾ ਕਤਲ ਅਤੇ ਔਰਤਾਂ ਨੂੰ ਬੰਦੀ ਬਣਾਉਣ ਦੇ ਹੱਕ ਵਿਚ ਦਲੀਲਾਂ ਦੇ ਰਿਹਾ ਹੈ ਤਾਂ ਫਿਰ ਕਿਸੇ ਜਹਾਦੀ ਤੋਂ ਕੀ ਉਮੀਦ ਰੱਖੀਏ? ਮੁਸਲਿਮ ਬ੍ਰਦਰਹੁੱਡ ਜਥੇਬੰਦੀ ਦੇ ਮੋਢੀ ਦਾ ਪੋਤਾ ਤਾਰਿਕ ਰਮਜ਼ਾਨ ਆਪਣੇ ਆਪ ਨੂੰ ਇਸਲਾਮ ਦਾ ਸੁਧਾਰਕ ਦਸਦਿਆਂ ਆਖਦਾ ਹੈ– ਬਨੂ ਕਰੇਜ਼ਾ ਦੇ ਯਹੂਦੀਆਂ ਦਾ ਸਮੂਹਕ ਕਤਲਿਆਮ ਇਸ ਗੱਲ ਦਾ ਇਸ਼ਾਰਾ ਮਾਤਰ ਸੀ ਕਿ ਅਗੋਂ ਤੋਂ ਦਗਾ ਅਤੇ ਬਗਾਵਤ ਕਰਨ ਵਾਲੇ ਇਸ ਘਟਨਾ ਤੋਂ ਨਸੀਹਤ ਲੈਣ।

ਚੌਧਵੀਂ ਸਦੀ ਵਿਚ ਇਬਨ ਕਾਤਿਰ ਨੇ ਪੂਰਨ ਵਿਦਵਤਾ ਦਾ ਸਹਾਰਾ ਲੈਂਦਿਆ ਕੁਰਾਨ ਅਤੇ ਹਦੀਸ ਦਾ ਮੇਲ ਕੀਤਾ। ਕਾਤਿਰ ਅਨੁਸਾਰ ਯਹੂਦੀਆਂ ਨਾਲ ਜੋ ਹੋਇਆ ਉਸ ਵਿਚ ਕੋਈ ਦੋਸ਼ੀ ਨਹੀਂ, ਇਹ ਫੈਸਲਾ ਨਬੀ ਦਾ ਸੀ ਨਾ ਕਿ ਕਾਤਲਾਂ ਦਾ। ਅੱਲਾਹ ਨੇ ਜਿਬਰੀਲ ਭੇਜਿਆ, ਫਰਿਸ਼ਤੇ ਨੇ ਨਬੀ ਨੂੰ ਆਖ ਦਿੱਤਾ ਕਿ ਸਮੂਹਕ ਕਤਲਿਆਮ ਅੱਲਾਹ ਦਾ ਫੈਸਲਾ ਹੈ, ਨਬੀ ਨੇ ਅੱਲਾਹ ਦਾ ਹੁਕਮ ਮੰਨਣਾ ਹੀ ਮੰਨਣਾ ਸੀ। ਇਹਨਾ ਫਰਜ਼ੀ ਕਹਾਣੀਆਂ ਸਦਕਾ ਮੁਸਲਮਾਨਾ ਅਤੇ ਯਹੂਦੀਆਂ ਵਿਚ ਨਫਰਤ ਸਥਿਰ ਹੋ ਗਈ ਤੇ ਅੱਜ ਦਾ ਜਹਾਦੀ, ਯਹੂਦੀ ਨੂੰ ਮਾਰਨਾ ਪੁੰਨ ਕਾਰਜ ਸਮਝਦਾ ਹੈ ਕਿਉਂਕਿ ਅੱਲਾਹ ਦਾ ਇਹੋ ਹੁਕਮ ਹੈ। ਇਸ ਸਾਖੀ ਤੋਂ ਪ੍ਰੇਰਨਾ ਲੈਂਦਿਆ 2002 ਵਿਚ ਲੰਡਨ ਸਕੂਲ ਆਫ ਇਕਨਾਮਿਕਸ ਦੇ ਵਿਦਿਆਰਥੀ ਨੇ ਅਮਰੀਕਨ ਪੱਤਰਕਾਰ ਡੇਨੀਅਲ ਪਰਲ ਦਾ ਗਲਾ ਇਸ ਤਰ੍ਹਾਂ ਕੱਟਿਆ ਸੀ ਜਿਵੇਂ ਬੱਕਰੀ ਜ਼ਿਬਾਹ ਕਰੀਦੀ ਹੈ ਕਿਉਂਕਿ ਪਰਲ ਯਹੂਦੀ ਸੀ।

ਪੰਦਰਾਂ ਸੌ ਸਾਲ ਦੇ ਇਤਿਹਾਸ ਵਿਚ ਮੁਸਲਮਾਨਾ ਨੇ ਉਤਰਾਅ ਚੜ੍ਹਾਅ ਦੇਖੇ। ਅੱਠਵੀਂ ਤੋਂ ਬਾਰ੍ਹਵੀਂ ਸਦੀ ਚੜ੍ਹਤ ਦੀ ਅਉਧ ਸੀ ਜਦੋਂ ਏਸ਼ੀਆ ਤੋਂ ਲੈ ਕੇ ਯੋਰਪ ਤਕ ਸ਼ਾਨਦਾਰ ਰਾਜਭਾਗ ਕਾਇਮ ਹੋਏ। ਫਿਰ ਕਮਜ਼ੋਰ ਹੋਏ, ਪਤਨ ਹੋਇਆ, 1258 ਵਿਚ ਮੰਗੋਲਾਂ ਤੋਂ ਹਾਰ ਗਏ, 1492 ਵਿਚ ਸਪੇਨੀਕੈਥੋਲਿਕ ਈਸਾਈਆਂ ਹੱਥੋਂ ਹਾਰੇ, ਭਾਰਤ ਵਿਚ ਅੰਗਰੇਜ਼ਾਂ ਹੱਥੋਂ ਤੇ ਇੰਡੋਨੇਸ਼ੀਆ ਵਿਚ ਡੱਚਾਂ ਹੱਥੋਂ ਹਾਰੇ, ਤਾਂ ਵੀ ਅੰਗਰੇਜ਼ਾਂ ਨੂੰ ਨਫਰਤ ਨਹੀਂ ਕੀਤੀ, ਈਸਾਈਆਂ, ਡੱਚਾਂ, ਮੰਗੋਲਾਂ ਨੂੰ ਨਫਰਤ ਨਹੀਂ ਕੀਤੀ। ਸਦੀਆਂ ਤੋਂ ਮੁਸਲਮਾਨ ਯਹੂਦੀਆਂ ਦੇ ਜੱਦੀ ਦੁਸ਼ਮਣ ਇਸ ਕਰਕੇ ਤੁਰੇ ਆ ਰਹ ਹਨ ਕਿਉਂਕਿ ਹਦੀਸ ਵਿਚ ਇਕ ਮਨਘੜਤ ਸਾਖੀ ਕਿਸੇ ਬੰਦੇ ਨੇ ਲਿਖੀ, ਸਾਖੀ ਵੀ ਉਹ ਜਿਹੜੀ ਕੁਰਾਨ ਦੇ ਮੱਤ ਅਤੇ ਪੈਗੰਬਰ ਦੇ ਸੁਭਾਅ ਅਨੁਸਾਰ ਸਹੀ ਨਹੀਂ।

1978 ਵਿਚ ਤਾਰਿਕ ਫਤਹ ਅਰਬ ਵਿਚ ਗਿਆ, ਦੋ ਮਨੋਰਥ, ਪਹਿਲਾ ਹੱਜ ਕਰਨਾ, ਦੂਜਾ ਮਦੀਨੇ ਜਾ ਕੇ ਉਪਰ ਵਰਣਿਤ ਇਤਿਹਾਸਕ ਘਟਨਾਵਾਂ, ਨਾਵਾਂ, ਥਾਵਾਂ ਦਾ ਸਰਵੇਖਣ ਕਰਨਾ। ਦੋ ਥਾਵਾਂ ਉਸ ਵਾਸਤੇ ਅਹਿਮ ਸਨ, ਇਕ ਮਦੀਨੇ ਦੀ ਦੀਵਾਰ ਅੱਗੇ ਪੁੱਟੀ ਇਤਿਹਾਸਕ ਖਾਈ ਦੂਜੀ ਉਹ ਟੋਏ ਜਾਂ ਕਬਰਾਂ ਜਿਥੇ 900 ਯਹੂਦੀ ਵੱਢ ਕੇ ਦੱਬੇ ਸਨ। ਨਕਸ਼ੇ ਮੁਤਾਬਕ ਜਿਥੇ ਖਾਈ ਹੋਣੀ ਚਾਹੀਦੀ ਸੀ ਉਥੇ ਗਿਆ, ਕਿਧਰੇ ਨਾਮ ਨਿਸ਼ਾਨ ਨਹੀਂ ਸੀ। ਇਧਰੋਂ ਉਧਰੋਂ ਪੁਛਿਆ ਕਿ ਭਾਈ ਉਹ ਮਹਾਨ ਇਤਿਹਾਸਕ ਖੰਦਕ ਕਿਥੇ ਹੈ ਜਿਸ ਸਦਕਾ ਨਬੀ ਅਤੇ ਇਸਲਾਮ ਬਚਿਆ ਸੀ? ਜਵਾਬ ਮਿਲਿਆ– ਯਾਰ ਖਾਈ ਸੀ ਇਕ, ਮਿਟੀ ਨਾਲ ਪੂਰ ਦਿੱਤੀ, ਉਹ ਕੋਈ ਮਸਜਿਦ ਥੋੜੀ ਸੀ ਕਿ ਹਿਫਾਜ਼ਤ ਵਾਸਤੇ ਜੋਰ ਲਾਈ ਜਾਂਦੇ?

ਦੂਜਾ ਸਵਾਲ ਪੁੱਛਿਆ– ਉਹ ਖਤਾਨ ਕਿਥੇ ਨੇ ਜਿਥੇ ਨਬੀ ਨੇ ਯਹੂਦੀ ਦਫਨ ਕੀਤੇ ਸਨ? ਉਤਰ ਮਿਲਿਆ– ਕਿਹੜੇ ਯਹੂਦੀ? ਕਿਸ ਨੇ ਦੱਬੇ ਸਨ? ਗੁਸੈਲਾ ਉਤਰ ਸੁਣਕੇ ਤਾਰਿਕ ਨਦਾਨ ਦੇ ਸਾਥੀ ਪਾਸ਼ਾ ਨੇ ਕਿਹਾ– ਮੱਕੇ ਮਦੀਨੇ ਵਿਚ ਯਹੂਦੀ

ਲਫਜ਼ ਸੁਣਕੇ ਮੁਸਲਮਾਨ ਕ੍ਰੋਧਵਾਨ ਹੋ ਜਾਂਦੇ ਨੇ, ਇਥੇ ਯਹੂਦੀ ਯਹੂਦੀ ਦੀ ਰਟ ਕਿਉਂ ਲਾ ਰੱਖੀ ਐ?

ਖਾਕ ਛਾਣੀ, ਕੁਝ ਨਾ ਲੱਭਾ, ਤਾਰਿਕ ਵਾਪਸ ਆ ਗਿਆ ਪਰ ਉਹ ਹਿੰਮਤ ਹਾਰਨ ਵਾਲਾ ਨਹੀਂ ਸੀ। ਸਾਲ ਬਾਅਦ ਫਿਰ ਮਦੀਨੇ ਪਰਤਿਆ, ਐਤਕਾਂ ਧਾਰਮਿਕ ਯਾਤਰਾ ਨਹੀਂ ਖੋਜ ਦੇ ਮਨੋਰਥ ਨਾਲ। ਸਵੇਰੇ ਸਾਰ ਨਮਾਜ਼ ਗੁਜ਼ਾਰੀ, ਨਬੀ ਨੇ ਮਕਬਰੇ ਤੇ ਸਜਦਾ ਕੀਤਾ ਤੇ ਖੋਜ ਵਿਚ ਜੁਟ ਗਿਆ। ਚੌਦਾਂ ਸੌ ਸਾਲ ਪਹਿਲਾਂ ਹੋਏ ਇਸ ਯੁੱਧ ਵਿਚ ਨਬੀ ਸਖ਼ਤ ਜ਼ਖਮੀ ਹੋ ਗਏ ਸਨ, ਮੌਤ ਤੋਂ ਵਾਲ ਵਾਲ ਬਚੇ ਸਨ, ਯੁੱਧ ਅਤੇ ਖੰਦਕ, ਯਹੂਦੀਆਂ ਦਾ ਕਤਲਿਆਮ, ਹਜ਼ਾਰਾਂ ਲਿਖਤਾਂ ਵਿਚ ਮਿਲਦਾ ਹੈ। ਇਕ ਥਾਂ ਨੀਝ ਨਾਲ ਇਧਰ ਉਧਰ ਦੇਖ ਰਿਹਾ ਸੀ ਤਾਂ ਅਰਬ ਸਿਪਾਹੀ ਕੜਕਿਆ- ਅਗੇ ਦਫਾ ਹੋ ਰਫੀਕ ! ਅਰਬ ਵਾਸੀ 'ਰਫੀਕ' ਲਫਜ਼ ਨੀਗਰੋਆਂ, ਪਾਕਿਸਤਾਨੀਆਂ, ਭਾਰਤੀਆਂ ਅਤੇ ਈਰਾਨੀਆਂ ਲਈ ਗਾਲ ਵਜੋਂ ਵਰਤਦੇ ਹਨ, ਉਨ੍ਹਾਂ ਨੂੰ ਪਤਾ ਨਹੀਂ ਨਬੀ ਨੂੰ ਬਚਾਉਣ ਵਾਸਤੇ ਖਾਈ ਪੁੱਟਣ ਦੀ ਸਲਾਹ ਅਤੇ ਖੁਦਾਈ ਦਾ ਕੰਮ ਈਰਾਨੀਆਂ ਨੇ ਕੀਤਾ ਸੀ। ਪਹਿਲਾਂ 1852 ਵਿਚ ਅੰਗਰੇਜ਼ ਸੈਲਾਨੀ ਰਿਚਰਡ ਬਰਟਨ ਨੇ ਇਨ੍ਹਾਂ ਥਾਵਾਂ ਦਾ ਦੌਰਾ ਕਰਕੇ ਸਫਰਨਾਮਾ ਲਿਖਿਆ, ਉਹ ਵੀ ਦਸਦਾ ਹੈ ਕਿ ਇਥੇ ਗ਼ੈਰ ਅਰਬਾਂ ਨੂੰ ਸਖ਼ਤ ਨਫਰਤ ਕੀਤੀ ਜਾਂਦੀ ਹੈ, ਗਾਲੀ ਗਲੋਚ ਕਰਦਿਆਂ ਸੜਕ ਕਿਨਾਰੇ ਧੱਕ ਦਿੱਤੇ ਜਾਂਦੇ ਹਨ ਜਿਵੇਂ ਪੈਗੰਬਰ ਅਤੇ ਕੁਰਾਨ ਕੇਵਲ ਉਨ੍ਹਾਂ ਦੀ ਜਾਇਦਾਦ ਹੈ।

ਇਤਿਹਾਸਕ ਹਵਾਲਿਆਂ ਮੁਤਾਬਕ ਸ਼ਹਿਰ ਦੇ ਉਤਰ ਵਲ ਖਾਈ ਖੋਦੀ ਹੋਏਗੀ ਤੇ ਇਸਦਾ ਵਿਸਥਾਰ, ਪੂਰਬ ਪੱਛਮ ਵੱਲ ਹੋਏਗਾ, ਜਿਸ ਪਾਸੇ ਅੱਰ ਹਰ-ਸ਼ਰਕੀਆ ਇਲਾਕਾ ਹੈ, ਇਹ ਉਧਰ ਹੋਣੀ ਚਾਹੀਦੀ ਹੈ, ਇਹ ਪਾਸਾ ਦੋ ਤੋਂ ਚਾਰ ਕਿਲੋਮੀਟਰ ਤੱਕ ਫੈਲਿਆ ਹੋਇਆ ਹੈ। ਕਿਧਰੇ ਖਾਈ ਦਾ ਨਾਮੋਨਿਸ਼ਾਨ ਨਹੀਂ ਹੈ। ਕਈਆਂ ਨੂੰ ਪੁੱਛਿਆ, ਸਭ ਅਨਜਾਣ। ਇਕ ਅਰਬ ਗੁੱਸੇ ਨਾਲ ਬੋਲਿਆ- ਤੂੰ ਹੈਂ ਕੌਣ? ਖੋਜ ਕਰਨ ਦਾ ਪਰਮਿਟ ਦਿਖਾ, ਤਾਰਿਕ ਅਜੇ ਸ਼ਸ਼ੋਪੰਜ ਵਿਚ ਸੀ ਕਿ ਮਸੀਤ ਵਿਚੋਂ ਅਜ਼ਾਨ ਦੀ ਆਵਾਜ਼ ਆਈ- ਮੇਰਾ ਨਮਾਜ਼ ਪੜ੍ਹਨ ਦਾ ਵਕਤ ਹੋ ਗਿਆ, ਕਹਿਕੇ ਖਹਿੜਾ ਛੁਡਾਇਆ ਤੇ ਮਸੀਤ ਵਲ ਦੌੜਿਆ।

ਨਬੀ ਅਤੇ ਚਾਰ ਖਲੀਫਿਆਂ ਦੇ ਦੇਹਾਂਤ ਉਪਰੰਤ ਜਦੋਂ ਮੁਸਲਮਾਨ ਇਕ ਤੋਂ ਬਾਅਦ ਦੂਜਾ ਦੇਸ ਜਿਤਦੇ ਗਏ, ਪਰਸ਼ੀਆਂ ਜਿੱਤ ਲਿਆ, ਉਹ ਮੱਕਾ ਮਦੀਨਾ ਭੁਲ ਹੀ ਗਏ। ਇਨ੍ਹਾਂ ਸ਼ਹਿਰਾਂ ਵਿਚ ਮਾੜੀ ਮੋਟੀ ਰੋਜ਼ੀ ਰੋਟੀ ਕਮਾਉਣ ਵਾਲੇ ਗਰੀਬ ਲੋਕ ਰਹਿ ਗਏ। ਮਿਸਰ, ਸਪੇਨ, ਸੀਰੀਆ ਤੇ ਭਾਰਤ ਉਪਰ ਹਕੂਮਤਾਂ ਕਾਇਮ ਹੋ ਗਈਆਂ ਤਾਂ ਅਰਬ ਦੇ ਉਜਾੜ ਵਿਚ ਕਿਸੇ ਦਾ ਕੀ ਕੰਮ? ਸਾਊਦੀ ਅਰਬ ਦਾ ਵਿਦਵਾਨ ਅਲੀ ਹਾਫਿਜ਼ ਲਿਖਦਾ ਹੈ- ਖਾਈ ਕਿਥੇ ਸੀ ਪਤਾ ਨਹੀਂ, ਨਾਮੋ ਨਿਸ਼ਾਨ ਨਹੀਂ ਲਭਦਾ। ਅਰਬ ਦਾ ਇਮਾਰਤਸਾਜ਼ ਸਾਮੀਅੰਗ ਲਿਖਦਾ ਹੈ- ਉਹ ਥਾਂ ਵੀ ਨਹੀਂ ਰਹੀ ਜਿਥੇ ਨਬੀ ਕੋਲ ਰੱਬ ਦਾ ਬੋਲ ਉਤਰਿਆ ਕਰਦਾ ਸੀ। ਮੱਕੇ ਅਤੇ ਮਦੀਨੇ ਦਾ ਇਤਿਹਾਸ ਖ਼ਤਮ ਹੈ ਇਸ ਕਰਕੇ ਇਨ੍ਹਾਂ ਦਾ ਭਵਿੱਖ ਖਤਮ ਸਮਝੋ। ਜਿਨ੍ਹਾਂ ਲੋਕਾਂ ਨੂੰ ਨਬੀ ਦਾ ਘਰ ਸੰਭਾਲਣ ਦੀ ਚਿੰਤਾ ਨਹੀਂ, ਉਨ੍ਹਾਂ ਨੇ ਉਸ ਖਾਈ ਤੋਂ ਕੀ ਲੈਣਾ ਜਿਸ ਨੇ ਪੈਗੰਬਰ ਦੀ ਜਾਨ ਬਚਾਈ?

ਭਾਰਤੀ ਸਫੀਰ ਅਤੇ ਵਿਦਵਾਨ ਬਰਕਤ ਅਹਿਮਦ ਨੇ ਆਪਣੀ ਕਿਤਾਬ *Mohammand and the Jews* ਵਿਚ ਇਨ੍ਹਾਂ ਥਾਵਾਂ ਦੇ ਨਕਸ਼ੇ ਬਣਾਏ ਹਨ ਜੋ ਭਰੋਸੇਯੋਗ ਲਗਦੇ ਹਨ। ਅਹਿਮਦ ਨੇ ਅਰਬ ਇਤਿਹਾਸ ਉਪਰ ਡਾਕਟਰੇਟ ਅਮਰੀਕਾ ਤੋਂ ਅਤੇ ਅਰਬੀ ਸਾਹਿਤ ਉਪਰ ਦੂਜੀ ਡਾਕਟਰੇਟ ਤਹਿਰਾਨ ਤੋਂ ਹਾਸਲ ਕੀਤੀ। ਉਸਦੇ ਨਕਸ਼ੇ ਅਲੀ ਹਾਫਿਜ਼ ਦੇ ਨਕਸ਼ਿਆਂ ਨਾਲ ਮੇਲ ਖਾਂਦੇ ਹਨ।

ਪਹਿਲੀ ਵਾਰ ਇਬਨ ਇਸਹਾਕ ਨੇ ਯਹੂਦੀਆਂ ਦੇ ਕਤਲਿਆਮ ਦਾ ਜ਼ਿਕਰ ਕੀਤਾ ਉਹ ਵੀ ਘਟਨਾ ਤੋਂ ਸੌ ਸਾਲ ਬਾਅਦ, ਬਗ਼ੈਰ ਕਿਸੇ ਸਬੂਤ ਦੇ। ਉਸਦਾ ਸਮਕਾਲੀ ਕਾਨੂਨਦਾਨ ਮਲਿਕ ਇਬਨ ਅਨਾਸ ਆਖਦਾ ਹੈ ਕਿ ਇਸਹਾਕ ਸਿਰੇ ਦਾ ਗੱਪੀ, ਧੋਖੇਬਾਜ਼ ਅਤੇ ਨੀਮ ਹਕੀਮ ਹੈ। ਚੌਧਵੀਂ ਸਦੀ ਵਿਚ ਮਿਸਰ ਦੇ ਵਿਦਵਾਨ ਇਬਨ ਹਜ਼ਰ ਨੇ ਇਸਹਾਕ ਨੂੰ ਝੂਠਾ ਲਿਖਾਰੀ ਕਿਹਾ। ਇਸਹਾਕ ਨੇ ਇਹ ਕਹਾਣੀ ਉਨ੍ਹਾਂ ਔਰਤਾਂ ਤੋਂ ਸੁਣੀ ਜਿਹੜੀਆਂ ਮਦੀਨੇ ਦੇ ਯਹੂਦੀਆਂ ਦੀਆਂ ਸਨ ਤੇ ਮੁਸਲਮਾਨਾ ਨੇ ਰਖੇਲਾਂ ਵਜੋਂ ਰੱਖ ਲਈਆਂ। ਉਨ੍ਹਾਂ ਦੇ ਬੱਚੇ ਮੁਸਲਮਾਨ ਹੋ ਗਏ। ਪਰ ਇਸਹਾਕ, ਘਟਨਾ ਤੋਂ ਸੌ ਸਾਲ ਬਾਦ ਹੋਇਆ ਹੈ, ਇਹ ਔਰਤਾਂ ਅਤੇ ਬੱਚੇ ਉਦੋਂ ਤਕ ਮਰ ਚੁਕੇ ਹੋਣਗੇ; ਤਾਂ ਫਿਰ ਇਨ੍ਹਾਂ ਦੇ ਬੱਚਿਆਂ ਦੇ ਬੱਚਿਆਂ ਤੋਂ ਸਾਖੀ ਸੁਣੀ ਹੋਏਗੀ।

ਯਹੂਦੀ ਨਿਰੰਤਰ ਜ਼ੁਲਮ ਦਾ ਸ਼ਿਕਾਰ ਹੋਏ, ਹੋਰ ਕੁਝ ਕਰਨ ਤੋਂ ਅਸਫਲ, ਉਹ ਆਪਣੇ ਦੁਖਾਂ ਦੀ ਕਹਾਣੀ ਲਿਖਦੇ ਰਹਿੰਦੇ। ਨੌ ਸੌ ਯਹੂਦੀਆਂ ਦਾ ਇਕੱਠਿਆਂ ਕਤਲਿਆਮ, ਉਹ ਵੀ ਨਬੀ ਹੱਥੋਂ, ਆਮ ਘਟਨਾ ਨਹੀਂ, ਯਹੂਦੀਆਂ ਦੇ ਇਤਿਹਾਸਕ ਗ੍ਰੰਥਾਂ ਵਿਚ ਕਿਧਰੇ ਇਸਦਾ ਜ਼ਿਕਰ ਨਹੀਂ। ਜਿਨ੍ਹਾਂ ਉਪਰ ਬੱਜਰ ਕਹਿਰ ਢਹਿਆ, ਉਹ ਖਾਮੋਸ਼ ਹਨ, ਜਿਹੜੇ

ਦਾਅਵਾ ਕਰਦੇ ਹਨ ਕਿ ਅਸੀਂ ਇਹ ਮਾਅਰਕਾ ਮਾਰਿਆ ਉਹ ਬਗ਼ੈਰ ਸਬੂਤ ਦੇ ਇਸ ਸ਼ਰਮਨਾਕ ਕਰਤੂਤ ਉਪਰ ਢੋਲ ਢਮੱਕੇ ਵਜਾ ਰਹੇ ਹਨ, ਪਾਠਕ ਖੁਦ ਸਮਝ ਜਾਣਗੇ ਕਿ ਸਹੀ ਕੀ ਹੈ ਗ਼ਲਤ ਕੀ। ਯਹੂਦੀ ਕਤਲਿਆਮ ਦਾ ਜ਼ਿਕਰ ਕੁਝ ਵਧੀਕ ਥਾਂ ਇਸ ਕਰਕੇ ਲੈ ਗਿਆ ਹੈ ਕਿ ਜਿਵੇਂ ਕੁਰਾਨ ਦੀਆਂ ਆਇਤਾਂ ਦੀ ਗ਼ਲਤ ਵਿਆਖਿਆ ਅਰਬ-ਇਜ਼ਰਾਈਲ ਨਫਰਤ ਦਾ ਕਾਰਨ ਬਣੀ, ਉਵੇਂ ਇਸ ਝੂਠੀ ਸਾਖੀ ਨੇ ਮੁਸਮਾਨਾ ਨੂੰ ਭਵਿੱਖ ਵਿਚ ਯਹੂਦੀਆ ਦੇ ਕਤਲਾਂ ਲਈ ਆਗਿਆ ਦਿੱਤੀ। ਇਹ ਵਾਰਦਾਤ ਜੇ ਦੁਸ਼ਮਣੀ ਕਾਰਨ ਯਹੂਦੀ ਆਪਣੇ ਗ੍ਰੰਥਾਂ ਵਿਚ ਲਿਖ ਦਿੰਦੇ ਤਾਂ ਮੁਸਲਮਾਨਾ ਦਾ ਫਰਜ਼ ਬਣਦਾ ਕਿ ਉਹ ਇਸ ਨੂੰ ਰੱਦ ਕਰਦੇ। ਨਿਰਦੋਸ਼ ਨਬੀ ਉਪਰ ਯਹੂਦੀਆਂ ਦੀ ਥਾਂ ਮੁਸਲਮਾਨ ਇਲਜ਼ਾਮ ਲਾ ਰਹੇ ਹਨ ਤੇ ਇਸਲਾਮੀ ਜਗਤ ਫ਼ਖ਼ਰ ਨਾਲ ਸਾਖੀ ਸੁਣ ਰਿਹਾ ਹੈ।

ਸਾਲ 1163 ਵਿਚ ਖ਼ਬਰ ਫੈਲੀ ਕਿ ਯਹੂਦੀ, ਮਦੀਨੇ ਵਿਚ ਨਬੀ ਦੀ ਕਬਰ ਪੁਟ ਕੇ ਦੱਬੀਆਂ ਕੀਮਤੀ ਵਸਤਾਂ ਤੇ ਡਾਕਾ ਮਾਰ ਰਹੇ ਹਨ। ਜਿਥੇ ਜਿਥੇ ਇਸਲਾਮੀ ਵਸੋਂ ਸੀ, ਹਾਹਾਕਾਰ ਮਚ ਗਈ ਤੇ ਹਿੰਸਾ ਫੈਲੀ। ਕੇਵਲ ਅਫਵਾਹ ਸਦਕਾ ਅਨੇਕ ਯਹੂਦੀ ਕਤਲ ਕੀਤੇ ਤੇ 40 ਯਹੂਦੀ ਮੰਦਰ ਥੇਹ ਕਰ ਦਿੱਤੇ।

ਨੌਂਵੀਂ ਸਦੀ ਵਿਚ ਲੈਬਨਾਨ ਦੇ ਕੁੱਝ ਈਸਾਈਆਂ ਨੇ ਖਲੀਫੇ ਦੀ ਹਕੂਮਤ ਵਿਰੁੱਧ ਬਗਾਵਤ ਕਰ ਦਿੱਤੀ। ਅਬਦੁੱਲਾ ਬਿਨਾਲ ਸੂਬੇਦਾਰ ਨੇ ਬਗਾਵਤ ਦਬਾ ਕੇ ਸਾਰੇ ਈਸਾਈਆਂ ਨੂੰ ਜਲਾਵਤਨੀ ਦਾ ਹੁਕਮ ਸੁਣਾ ਦਿੱਤਾ। ਵਕਤ ਤੇ ਨਾਮਵਰ ਕਾਨੂੰਨਦਾਨ ਈਮਾਮ ਅਲ ਅਜ਼ਵਈ ਨੇ ਤੁਰਤ ਇਸ ਫੈਸਲੇ ਦਾ ਵਿਰੋਧ ਕੀਤਾ, ਕਿਹਾ- ਸਾਰੇ ਈਸਾਈਆਂ ਨੇ ਮਿਲ ਕੇ ਸਰਬਸੰਮਤੀ ਨਾਲ ਬਗਾਵਤ ਨਹੀਂ ਕੀਤੀ ਇਸ ਵਾਸਤੇ ਸਾਰਿਆਂ ਨੂੰ ਸਜ਼ਾ ਦੇਣੀ ਵਾਜਬ ਨਹੀਂ, "ਜਿਥੋਂ ਤੱਕ ਮੇਰੀ ਜਾਣਕਾਰੀ ਹੈ ਥੋੜੇ ਬੰਦਿਆਂ ਦੀ ਗ਼ਲਤੀ ਦੀ ਸਜ਼ਾ ਬਹੁਤੇ ਭੁਗਤਣ ਇਹ ਰੱਬੀ ਕਾਨੂੰਨ ਨਹੀਂ, ਰੱਬ ਦੀ ਰਜ਼ਾ ਹੈ ਕਿ ਜੇ ਬਹੁਤੇ ਗ਼ਲਤੀ ਕਰ ਬੈਠਣ ਤਾਂ ਵੀ ਥੋੜਿਆਂ ਨੂੰ ਸਜ਼ਾ ਦਿੱਤੀ ਜਾਵੇ।" ਬਨੂ ਕੁਰੇਜ਼ਾ ਦੀ ਸਾਖੀ ਸੱਚੀ ਹੁੰਦੀ, ਉਸਦੇ ਆਧਾਰ ਤੇ ਸਾਰੇ ਈਸਾਈਆਂ ਨੂੰ ਦੇਸ ਨਿਕਾਲਾ ਨਹੀਂ, ਮੌਤ ਦੀ ਸਜ਼ਾ ਦਿੱਤੀ ਜਾਂਦੀ ਕਿਉਂਕਿ ਨਬੀ ਨੇ ਅਜਿਹਾ ਕੀਤਾ। ਨਬੀ ਨਾਲ ਯਹੂਦੀਆਂ ਅਤੇ ਬੁਤਪ੍ਰਸਤਾਂ ਦੀਆਂ ਕਈ ਲੜਾਈਆਂ ਹੋਈਆਂ, ਕਿਸੇ ਵਿਚ ਸਮੂਹਕ ਕਤਲਿਆਮ ਦੀ ਘਟਨਾ ਨਹੀਂ ਘਟੀ। ਬਨੂ ਵਾਲੀ ਸਾਖੀ ਨੂੰ ਆਧਾਰ ਬਣਾ ਕੇ ਨਬੀ ਦੇ ਦੇਹਾਂਤ ਤੋਂ ਬਾਦ ਮੁਸਲਮਾਨਾ ਨੇ ਇਸ ਨਾਲ ਮਿਲਦੇ ਅਨੇਕ ਸਮੂਹਕ ਨਰਸੰਘਾਰ ਕੀਤੇ ਜਿਨ੍ਹਾਂ ਨੂੰ ਨਸਲੀ ਸਫਾਏ ਦੀਆਂ ਮਹਿੰਮਾਂ ਕਿਹਾ ਗਿਆ।

ਅਸੀਂ ਦੇਖਣਾ ਹੈ ਕਿ ਜੇ ਬਨੂ ਕੁਰੇਜ਼ਾ ਦੇ 900 ਯਹੂਦੀਆਂ ਦੇ ਕਤਲਿਆਮ ਦੀ ਸਾਖੀ ਸੱਚੀ ਹੈ, ਫਿਰ ਸੱਚ ਹੈ ਕਿ ਇਸਲਾਮ ਵਿਚ ਦਰਿੰਦਗੀ ਭਰੇ ਨਰਸੰਘਾਰ ਦੀ ਆਗਿਆ ਹੈ ਤੇ ਇਹ ਪ੍ਰਥਾ ਭਵਿਖ ਵਿਚ ਵੀ ਚਲਦੀ ਰਹੇਗੀ। ਸਮਕਾਲੀ ਤੱਥਾਂ ਅਤੇ ਸਬੂਤਾਂ ਦੀ ਅਣਹੋਂਦ ਕਾਰਨ ਜੇ ਇਸ ਸਾਖੀ ਨੂੰ ਰੱਦ ਕਰ ਦਈਏ ਤਾਂ ਅਰਬ-ਇਜ਼ਰਾਈਲ ਕੁੜੱਤਣ ਘਟੇ, ਪਾਕਿ ਨਬੀ ਦੀ ਦਿਆਲੂ ਸ਼ਖ਼ਸੀਅਤ ਦਾਗ਼ੀ ਨਾ ਹੋਵੇ ਤੇ ਭਵਿੱਖ ਵਿਚ ਅਜਿਹੇ ਹਿੰਸਕ ਰੁਝਾਣ ਨੂੰ ਨੱਥ ਪਵੇ। ਜੇ ਦੂਜਾ ਰਸਤਾ ਅਪਣਾ ਕੇ ਇਸ ਸਾਖੀ ਨੂੰ ਨਾ ਮੰਨੀਏ ਤਾਂ ਇਕ ਮੁਸ਼ਕਲ ਹੋ ਸਾਹਮਣੇ ਆਵੇਗੀ, ਉਹ ਇਹ ਕਿ ਕੀ ਅਜਿਹਾ ਸਰਵੇਖਣ ਕਰਨਾ ਚਾਹੀਦਾ ਹੈ ਜਿਸ ਨਾਲ ਪਤਾ ਲੱਗੇ ਕਿ ਹਦੀਸ ਵਿਚ ਹੋਰ ਕੀ ਕੀ ਮਿਲਾਵਟਾਂ ਹਨ ਜਿਹੜੀਆਂ ਕੁਰਾਨ ਦੀ ਸਿਖਿਆ ਨਾਲ ਮੇਲ ਨਹੀਂ ਖਾਂਦੀਆਂ? ਦੋਹਾਂ ਵਿਚੋਂ ਆਖ਼ਰ ਜਦੋਂ ਇਕ ਦੀ ਚੋਣ ਕਰਨੀ ਪਈ, ਹਦੀਸ ਕਿ ਕੁਰਾਨ, ਉਦੋਂ ਕੁਰਾਨ ਮੱਥੇ ਨਾਲ ਲਾਉਣਾ ਪਵੇਗਾ ਕਿਉਂਕਿ ਰੱਬ ਦੇ ਬੋਲ ਹਨ ਤੇ ਹਦੀਸ ਵਿਚ ਗਲਤੀਆਂ ਹੋ ਸਕਦੀਆਂ ਹਨ, ਇਹ ਮਨੁੱਖੀ ਲਿਖਤ ਹੈ। ਮਨੁੱਖ ਦੀ ਲਿਖਤ ਸਦਕਾ ਭੂਤਕਾਲ ਵਿਚ ਬਥੇਰਾ ਖੂਨ ਵਗ ਚੁਕਾ ਹੈ, ਰੁਕੇ ਤਾਂ ਭਲਾ ਹੋਵੇ।

ਪਾਕਿਸਤਾਨੋ ਕੈਨੇਡਾ ਵਸ ਗਏ ਕਰਨਲ ਅਨਵਰ ਅਹਿਮਦ ਨੇ ਦੱਸਿਆ- 1930 ਵਿਚ ਮੈਂ ਸਕੂਲ ਵਿਚ ਪੜ੍ਹਦਾ ਸਾਂ ਜਦੋਂ ਪੇਸ਼ਾਵਰ ਵਿਚ ਰੂਸੀ ਯਹੂਦੀਆਂ ਦਾ ਇਕ ਕਾਰਵਾਂ ਆਕੇ ਵਸ ਗਿਆ, ਇਕ ਵੱਡੀ ਹਵੇਲੀ ਖਰੀਦ ਕੇ ਉਸ ਵਿਚ ਆਪਣਾ ਮੰਦਰ ਬਣਾ ਲਿਆ। ਜਦੋਂ ਹਿਟਲਰ-ਸਟਾਲਿਨ ਦੀ ਸੰਧੀ ਹੋ ਗਈ ਉਦੋਂ ਜਾਨ ਬਚਾ ਕੇ ਅਫਗਾਨਿਸਤਾਨ ਦੇ ਰਸਤੇ ਇਹ ਲੋਕ ਹਿੰਦੁਸਤਾਨ ਵਿਚ ਆ ਗਏ ਤੇ ਬਚ ਗਏ। ਬੇਸ਼ਕ ਇਨ੍ਹਾਂ ਨੇ ਆਪਣਾ ਵਸੇਬਾ ਹਿੰਦੁਸਤਾਨ ਦੇ ਉਸ ਇਲਾਕੇ ਵਿਚ ਕੀਤਾ ਜਿਥੇ ਮੁਸਲਿਮ ਵਸੋਂ ਬਹੁਗਿਣਤੀ ਵਿਚ ਸੀ ਪਰ ਕਦੀ ਕੁੜੱਤਣ ਨਹੀਂ ਹੋਈ, ਹਿੰਦੁਸਤਾਨ 1947 ਵਿਚ ਆਜ਼ਾਦ ਹੋ ਗਿਆ ਤੇ ਯਹੂਦੀ ਪਾਕਿਸਤਾਨ ਵਾਲੇ ਪਾਸੇ ਰਹਿ ਗਏ। 1948 ਵਿਚ ਫਲਸਤੀਨ ਕੱਟ ਕੇ ਇਜ਼ਰਾਈਲ ਬਣਾ ਦਿੱਤਾ, ਯਹੂਦੀ ਪੇਸ਼ਾਵਰ ਵਿਚੋਂ ਫਿਰ ਉਜੜ ਗਏ ਕਿਉਂਕਿ ਹੁਣ ਮੁਸਲਮਾਨਾ ਤੋਂ ਜਾਨ ਦਾ ਖਤਰਾ ਸੀ। ਪਾਕਿਸਤਾਨ ਦਾ ਮੁਸਲਮਾਨ ਖੁਸ਼ ਸੀ ਕਿ ਉਨ੍ਹਾਂ ਨੂੰ ਆਪਣਾ ਮਨਪਸੰਦ ਸੁਤੰਤਰ ਦੇਸ ਮਿਲ ਗਿਆ ਹੈ ਪਰ ਦੁਨੀਆਂ ਭਰ ਦੇ ਮੁਸਲਮਾਨ ਦੁਖੀ ਹੋਏ ਕਿ ਇਜ਼ਰਾਈਲ ਯਹੂਦੀਆਂ ਨੂੰ ਕਿਉਂ ਦੇ ਦਿੱਤਾ। ਹਿੰਦੁਸਤਾਨ ਦੀ ਵੰਡ ਹੋਈ ਮੁਸਲਮਾਨ ਖ਼ੁਸ਼ ਸਨ ਪਰ ਫਲਸਤੀਨ ਦੀ ਵੰਡ ਕਿਉਂ ਹੋਵੇ?

ਤਲਅਵੀਵ ਦੇ ਇਕ ਮੁਸਲਮਾਨ ਬਾਸ਼ਿੰਦੇ ਨੂੰ ਤਾਰਿਕ ਨੇ ਪੁੱਛਿਆ– ਜੇ ਆਗਿਆ ਮਿਲੇ ਤਾਂ ਤੁਸੀਂ ਅਰਬ ਦੇਸ ਵਿਚ ਜਾਣਾ ਚਾਹੋਗੇ? ਉਹ ਹੱਸ ਪਿਆ, ਕਿਹਾ– ਕੀ ਮੁਸਲਮਾਨ ਹੋਣ ਕਰਕੇ ਤੁਸੀਂ ਮੈਨੂੰ ਮੂਰਖ ਸਮਝ ਲਿਐ? ਜਿਥੇ ਫਤਹ ਅਤੇ ਹਮਾਸ ਦਾ ਰਾਜ ਹੋਵੇ, ਉਥੇ ਮੈਂ ਜਾ ਵੱਸਾਂ? ਤੁਸੀਂ ਆਪਣੀ ਗੱਲ ਕਰੋ, ਕੈਨੇਡੀਅਨ ਪਾਸਪੋਰਟ ਵਾਪਸ ਕਰਕੇ ਤੁਸੀਂ ਪਾਕਿਸਤਾਨ ਵਿਚ ਵੱਸਣ ਲਈ ਤਿਆਰ ਹੋ?

ਇਜ਼ਰਾਈਲ ਵਿਚ ਵਸਦੀ ਮੁਸਲਮਾਨ ਜਨਤਾ ਅਤੇ ਦੁਨੀਆਂ ਵਿਚ ਬਾਕੀ ਦੇਸਾਂ ਦੇ ਮੁਸਲਮਾਨਾ ਦਾ ਸਰਵੇਖਣ ਕਰਵਾ ਕੇ ਜਾਣਿਆਂ ਗਿਆ ਕਿ ਯਹੂਦੀਆਂ ਨੂੰ ਕਿੰਨੇ ਫੀਸਦੀ ਮੁਸਲਮਾਨ ਨਫਰਤ ਕਰਦੇ ਹਨ। ਪਾਕਿਸਤਾਨ ਸਮੇਤ ਹਰੇਕ ਇਸਲਾਮੀ ਦੇਸ ਦੇ ਬਾਸ਼ਿੰਦੇ ਭਾਰੀ ਗਿਣਤੀ ਵਿਚ ਯਹੂਦੀਆਂ ਖਿਲਾਫ ਹਨ ਜਦੋਂ ਕਿ ਇਜ਼ਰਾਇਲ ਦੇ ਮੁਸਲਮਾਨ ਸੰਤੁਸ਼ਟ ਹਨ। ਤਾਰਿਕ ਨੇ ਇਕ ਪਾਕਿਸਤਾਨੀ ਔਰਤ ਨੂੰ ਕਿਹਾ– ਮੈਂ ਇਜ਼ਰਾਈਲ ਜਾਕੇ ਆਇਆ ਹਾਂ, ਤੁਸੀਂ ਖਾਹਮਖਾਹ ਯਹੂਦੀਆਂ ਵਿਰੁੱਧ ਕਿਉਂ ਗੱਲਾਂ ਕਰੀ ਜਾਂਦੇ ਹੋ? ਨੇਕਬਖ਼ਤ ਬੀਬੀ ਬੋਲੀ– ਜਿਸ ਮਾਅਸ਼ਰੇ ਵਿਚ ਅਸੀਂ ਰਹਿ ਰਹੇ ਹਾਂ, ਜਿਹੜਾ ਬੰਦਾ ਯਹੂਦੀਆਂ ਖਿਲਾਫ ਨਹੀਂ ਬੋਲਦਾ ਉਸਨੂੰ ਚੰਗਾ ਮੁਸਲਮਾਨ ਨਹੀਂ ਸਮਝਿਆ ਜਾਂਦਾ।

(ਮੈਨੂੰ ਬਲਵੰਤ ਗਾਰਗੀ ਦੀ ਗੱਲ ਯਾਦ ਆਈ। ਲਿਖਦਾ ਹੈ– "ਮੈਂ ਅਮਰੀਕਾ ਪੜ੍ਹ ਕੇ ਵਾਪਸ ਆਇਆ ਤਾਂ ਲੇਖਕ ਭਾਈਚਾਰੇ ਨੇ ਮੇਰਾ ਹੁੱਕਾ ਪਾਣੀ ਛੇਕ ਦਿੱਤਾ। ਸਾਰੇ ਪੰਜਾਬੀ ਲੇਖਕ ਕਮਿਊਨਿਸਟ, ਅਮਰੀਕਾ ਪੂੰਜੀਪਤੀ ਦੇਸ, ਛੇਕੇ ਹੋਏ ਦੇਸੋਂ ਆਏ ਬੰਦੇ ਨਾਲ ਕੀ ਸਰੋਕਾਰ? ਫਿਰ ਮੈਂ ਮਜਬੂਰਨ ਰੂਸ ਦਾ ਹੱਜ ਕਰਕੇ ਆਇਆ ਤਾਂ ਦੋਸਤਾਂ ਨੇ ਦੁਆ ਸਲਾਮ ਦਾ ਜਵਾਬ ਦੇਣਾ ਸ਼ੁਰੂ ਕੀਤਾ।") ਪੰਜਾਬੀ ਦਾ ਅਖਾਣ ਹੈ– ਊਠ ਨਾ ਕੁੱਦੇ ਬੋਰੇ ਕੁੱਦੇ।

ਫਲਸਤੀਨ ਵਿਚ ਚੋਣਾ ਹੋਈਆਂ ਤਾਂ ਫਤਹ ਨੂੰ ਹਰਾਕੇ ਹਮਾਸ ਜਿੱਤ ਗਈ, ਲੱਗਿਆ ਕਿ ਲੋਕਤੰਤਰ ਬਹਾਲ ਹੋ ਜਾਏਗਾ। ਫਤਹ ਨੇ ਹਮਾਸ ਨੂੰ ਮਾਨਤਾ ਨਹੀਂ ਦਿੱਤੀ, ਦੋਵੇਂ ਖਾੜਕੂ ਜਥੇਬੰਦੀਆਂ ਆਪਸ ਵਿਚ ਭਿੜਦੀਆਂ ਰਹੀਆਂ। ਇਸ ਦਾ ਕਾਰਨ ਲਭਦਿਆਂ ਅਰਬ ਸ਼ਾਇਰ ਅਦੋਨਿਸ ਇਸ ਸਿਟੇ ਤੇ ਪੁਜਦਾ ਹੈ ਕਿ ਧਰਮ ਨੂੰ ਸਿਆਸਤ ਤੋਂ ਵੱਖ ਕਰਨਾ ਨਿਹਾਇਤ ਜਰੂਰੀ ਹੈ। ਉਸਦਾ ਕਥਨ ਹੈ– ਹਮਾਸ ਨੂੰ ਸੱਤਾ ਵਿਚ ਲਿਆਉਣ ਵਾਲੇ ਸ਼ੁਭਚਿੰਤਕਾਂ ਵਿਚ ਮੈਂ ਵੀ ਹਾਂ ਪਰ ਹਮਾਸ ਸਿਆਸਤ ਕਰੇ, ਸ਼ਰਾ ਨਾਲ ਉਸਨੇ ਕੀ ਲੈਣਾ ਦੇਣਾ, ਇਹ ਫਲਸਤੀਨੀਆਂ ਦਾ ਨਿੱਜੀ ਮਸਲਾ ਹੈ। ਜੇ ਮਜਹਬ ਦੀ ਓਟ ਵਿਚ ਹਮਾਸ ਫਲਸਤੀਨ ਨੂੰ ਆਜ਼ਾਦ ਸਟੇਟ ਬਣਾਉਣ ਵਿਚ ਕਾਮਯਾਬ ਹੋ ਗਈ, ਮੈਂ ਅਜਿਹੀ ਸਟੇਟ ਦੇ ਖਿਲਾਫ ਹਾਂ। ਇਹੋ ਜਿਹੀ ਜਨੂਨੀ ਸਟੇਟ ਤੋਂ ਮੁਕਤੀ ਵਾਸਤੇ ਮੈਨੂੰ ਫਿਰ ਲੜਨਾ ਪਏਗਾ। ਜੂਨ 2007 ਵਿਚ ਦੁਨੀਆਂ ਨੇ ਹਮਾਸ ਦੇ ਜੰਗੀ ਅਪਰਾਧ ਦੇਖ ਲਏ ਜਦੋਂ ਉਨ੍ਹਾਂ ਨੇ ਫਤਹਿ ਦੇ ਜ਼ਖਮੀ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਜੇ ਅਸੀਂ ਮੱਧਯੁਗੀ ਮੌਲਵੀ ਮਾਹੌਲ ਦੇ ਖੋਲ ਵਿਚੋਂ ਨਾ ਨਿਕਲੇ, ਖ਼ਤਮ ਹੋਏ ਜਾਣੋ। ਸਾਡੀ ਗਿਣਤੀ ਬਹੁਤ ਹੈ, ਸੰਗਠਿਤ ਵੀ ਹੋ ਸਕਦੇ ਹਾਂ ਪਰ ਸਾਡੇ ਵਿਚੋਂ ਸਮੇਂ ਅਨੁਕਲ ਜੇ ਸਿਰਜਣ ਸ਼ਕਤੀ ਨਾ ਰਹੀ ਫਿਰ ਖੇਡ ਖ਼ਤਮ ਸਮਝੋ। ਚਾਹੀਦਾ ਤਾਂ ਇਹ ਹੈ ਕਿ ਇਸਲਾਮ ਆਧੁਨਿਕ ਜਹਾਨ ਦੀ ਵਿਗਿਆਨ, ਤੈਕਨਾਲੋਜੀ, ਆਰਟ, ਸਿਆਸਤ ਵਿਚ ਅਗਵਾਈ ਕਰੇ, ਇਹ ਨਹੀਂ ਹੋ ਰਿਹਾ ਤਾਂ ਜਿਹੜੇ ਲੀਡ ਦੇ ਰਹੇ ਹਨ ਉਨ੍ਹਾਂ ਦੇ ਨਾਲ ਨਾਲ ਸਪੀਡ ਫੜੀਏ। ਅਸੀਂ ਤਾਂ ਹੱਤਾਸ਼ ਲੱਤਾਂ ਨਿਸਾਲੀ ਬੈਠੇ ਹਾਂ। ਜਿਨ੍ਹਾਂ ਨੂੰ ਅਸੀਂ ਆਪਣੇ ਨਿੰਦਕ, ਦੁਸ਼ਮਣ ਅਤੇ ਕਾਫਰ ਆਖਕੇ ਰੱਦ ਕਰ ਚੁੱਕੇ ਹਾਂ, ਉਨ੍ਹਾਂ ਨੂੰ ਸਾਡੇ ਤੋਂ ਵਧੀਕ ਪਤਾ ਹੈ ਇਸਲਾਮ ਕਿੰਨਾ ਤਾਕਤਵਰ ਹੈ, ਇਸ ਵਿਚ ਕਿੰਨੀਆਂ ਖੂਬੀਆਂ ਹਨ। ਮਸਜਿਦ ਵਿਚ ਬੰਦ ਬੈਠਿਆਂ ਸਦੀਆਂ ਬੀਤ ਗਈਆ ਹਨ, ਨਿਕਲ ਕੇ ਦੇਖੋ ਬਾਹਰ ਵੀ ਇਕ ਦੁਨੀਆਂ ਖੇੜੇ ਵਿਚ ਵਸ ਰਹੀ ਹੈ।

(ਬਿਲਕੁਲ ਇਸੇ ਸੁਰ ਵਿਚ ਸੱਤਰਵਿਆਂ ਦੌਰਾਨ ਰੂਸ ਦੇ ਜਲਾਵਤਨੀ ਭੋਗ ਰਹੇ ਨੋਬਲ ਇਨਾਮ ਜੇਤੂ ਨਾਵਲਕਾਰ ਸਿਕੰਦਰ ਸੋਲਜ਼ੇਨਿਤਸਿਨ ਨੇ ਰੂਸੀ ਸਰਕਾਰ ਨੂੰ ਲੰਮਾ ਖੁਲ੍ਹਾ ਖਤ ਲਿਖਿਆ ਸੀ– ਤੁਸੀਂ ਆਪਣੇ ਦੇਸ ਦੁਆਲੇ ਫੌਲਾਦ ਦੀ ਉਚੀ ਦੀਵਾਰ ਉਸਾਰ ਲਈ ਹੈ। ਬਾਹਰੋਂ ਅੰਦਰ, ਅੰਦਰੋਂ ਬਾਹਰ ਕੁਝ ਨਹੀਂ ਦਿਸਦਾ। ਜਦੋਂ ਇਹ ਕੰਧ ਤੋੜ ਕੇ ਬਾਹਰ ਨਿਕਲੋਗੇ ਤਾਂ ਦੇਖੋਗੇ ਸੂਰਜ ਦੇਰ ਪਹਿਲੋਂ ਚੜ੍ਹ ਚੁੱਕਾ ਹੈ। ਤਾਂ ਵੀ, ਉੱਲੂ ਤੋਂ ਇਹ ਉਮੀਦ ਕਿਉਂ ਰੱਖੀਏ ਕਿ ਉਹ ਸੂਰਜ ਦੀ ਪ੍ਰਸ਼ੰਸਾ ਕਰੇ।)

ਜੇ ਬਦਨਾਮ ਯਹੂਦੀ ਬੁਰਾ ਹੈ ਫਿਰ ਮੁਸਲਮਾਨ, ਮੁਸਲਮਾਨ ਦਾ ਕਤਲਿਆਮ ਕਿਉਂ ਕਰ ਰਿਹਾ ਹੈ? ਦਾਰਫੁਰ ਵਿਚ ਮੁਸਲਮਾਨਾ ਦਾ ਖੂਨ ਡੁੱਲਿਆ, ਪਾਕਿਸਤਾਨ ਅਤੇ ਬਾਕੀ ਅਰਬ ਦੇਸ ਸ਼ੀਆ ਮੁਸਲਮਾਨਾ ਦੀ ਨਸਲਕੁਸ਼ੀ ਕਰ ਰਹੇ ਹਨ, ਚਾਰ ਇਸਲਾਮੀ ਦੇਸਾਂ ਵਿਚ ਕੁਰਦਾਂ ਦਾ ਨਰਸੰਘਾਰ ਅਤੇ ਪਾਕਿਸਤਾਨੀ ਫੌਜਾਂ ਹੱਥੋਂ ਬੰਗਲਾਦੇਸ਼ੀਆਂ ਦੇ ਜੀਆਘਾਤ ਕਾਰਨ ਮੁਸਲਮਾਨਾ ਦੀ ਕਿਹੜੀ ਸ਼ਾਨ ਬਣੀ? ਮੁਸਲਮਾਨ ਨਸਲਵਾਦ, ਕਬੀਲਾਵਾਦ, ਊਚਨੀਚ ਵਿਚੋਂ ਨਿਕਲ ਨਹੀਂ ਸਕੇ ਜੋ ਕਿ ਇਸਲਾਮ ਦੇ ਅਸੂਲਾਂ ਦੇ ਉਲਟ ਹੈ। ਚੌਧਵੀਂ ਸਦੀ ਵਿਚ ਇਬਨ ਤੈਮੀਆਂ ਨੇ ਇਸ ਫੁੱਟ ਦੇ ਬੀਜ ਬੀਜੇ।

ਦਮਸਕਸ ਦੇ ਇਸ ਵਿਦਵਾਨ ਨੂੰ ਸ਼ੈਖੁਲ ਇਸਲਾਮ ਦੀ ਉਪਾਧੀ ਮਿਲੀ। ਇਸਨੇ ਐਲਾਨ ਕੀਤਾ ਕਿ ਸਾਰੇ ਮੁਸਲਮਾਨਾ ਨਾਲੋਂ ਅਰਬੀ ਨਸਲ ਉਤਮ ਹੈ। ਅਰਬਾਂ ਵਿਚੋਂ ਵੀ ਫਿਰ ਉਸਨੇ ਦਰਜਾਬੰਦੀ ਕਰਦਿਆਂ ਕਿਹਾ ਕਿ ਕੁਰੈਸ਼ ਸਭ ਅਰਬਾਂ ਤੋਂ ਉਪਰ ਹਨ। ਕੁਰੈਸ਼ਾਂ ਵਿਚੋਂ ਵੀ ਬਨੀ ਹਾਸ਼ਿਮ ਸਭ ਤੋਂ ਪਵਿੱਤਰ ਖਾਨਦਾਨ ਹੈ। ਇਹ ਸਿਆਸੀ ਚਾਲ ਸੀ ਜਿਸ ਤਹਿਤ ਹਜ਼ਰਤ ਮੁਹੰਮਦ ਸਾਹਿਬ ਦੇ ਦੇਹਾਂਤ ਉਪਰੰਤ ਮਦੀਨੇ ਦੇ ਅਰਬਾਂ ਦਾ ਖਲੀਫਿਆਂ ਦੀ ਹਕੂਮਤ ਉਪਰ ਕਬਜ਼ਾ ਜਾਇਜ਼ ਠਹਿਰਾਇਆ ਗਿਆ, ਫਲਸਰੂਪ ਇਸ ਖਾਨਦਾਨ ਨੇ ਅੱਠ ਸੌ ਸਾਲ ਤੱਕ ਹਕੂਮਤ ਉਪਰ ਕਬਜ਼ਾ ਕਰੀ ਰੱਖਿਆ। ਅਫਗਾਨਿਸਤਾਨ ਅਤੇ ਪਾਕਿਸਤਾਨ ਦੇ ਪਖਤੂਨਾ ਨੇ ਇਸੇ ਮਿੱਥ ਉਪਰ ਯਕੀਨ ਕਰਦਿਆਂ ਓਸਾਮਾ ਬਿਨ ਲਾਦਿਨ ਨੂੰ ਆਪਣਾ ਜਹਾਦੀ ਈਮਾਮ ਮੰਨ ਲਿਆ ਕਿਉਂਕਿ ਉਹ ਅਰਬ ਸੀ ਇਸ ਕਰਕੇ ਬਾਕੀਆਂ ਨਾਲੋਂ ਉਤਮ ਨਸਲ ਦਾ ਸੀ ਜਿਸਦੀ ਮੇਜ਼ਬਾਨੀ ਪਖਤੂਨਾ ਦਾ ਫਰਜ਼ ਹੈ। ਮੁਸਲਮਾਨਾ ਵਿਚ ਦਰਜਾਬੰਦੀ ਦੀ ਇਹ ਬੀਮਾਰੀ ਜੇ ਕਾਇਮ ਹੈ ਫਿਰ ਕਿਵੇਂ ਆਸ ਕਰੀਏ ਕਿ ਉਹ ਹਿੰਦੂਆਂ, ਈਸਾਈਆਂ, ਸਿੱਖਾਂ ਦਾ ਨਾਸਤਿਕਾਂ ਨੂੰ ਬਰਦਾਸ਼ਤ ਕਰ ਲੈਣਗੇ?

ਇਕ ਆਨਲਾਈਨ ਸੁਨੀ ਇਸਲਾਮਿਕ ਵਿਦਿਆ ਕੇਂਦਰ Sunnipath ਹੈ, ਇਸ ਰਾਹੀਂ ਕਿਸੇ ਜੁਆਨ ਨੇ ਪੁੱਛਿਆ- ਕੀ ਬਾਕੀ ਕੌਮਾਂ ਨਾਲੋਂ ਅਰਬ ਸੁਪੀਰੀਅਰ ਹਨ? ਫਲਸਤੀਨੀ ਸ਼ੇਖ ਅਮਜਦ ਰਸ਼ੀਦ ਨੇ ਉਤਰ ਦਿੱਤਾ- ਹਦੀਸ ਵਿਚ ਇਹੋ ਦਰਜ ਹੈ, ਅਰਬ ਬਾਕੀ ਕੌਮਾਂ ਨਾਲੋਂ ਉਤਮ ਹਨ ਤੇ ਕੁਝ ਅਰਬ ਬਾਕੀ ਅਰਬਾਂ ਤੋਂ ਉਪਰ ਹਨ, ਮੁਸਲਮਾਨ ਨੂੰ ਇਹ ਤੱਥ ਮੰਨਣਾ ਪਵੇਗਾ ਕਿਉਂਕਿ ਹਦੀਸ ਵਿਚ ਦਰਜ ਹੈ। ਇਸ ਤੱਥ ਨੂੰ ਇਸਲਾਮ ਦਾ ਥੰਮ ਤਾਂ ਨਹੀਂ ਕਹਿ ਸਕਦੇ ਕਿ ਜਿਹੜਾ ਇਹ ਨਾ ਮੰਨੇ ਉਹ ਇਸਲਾਮ ਵਿਚੋਂ ਛੇਕਿਆ ਜਾਵੇਗਾ ਪਰ ਇਸ ਤੋਂ ਮੁਨਕਿਰ ਹੋਣਾ ਗੁਨਾਹ ਜ਼ਰੂਰ ਹੈ ਕਿਉਂਕਿ ਹਦੀਸ ਪਵਿੱਤਰ ਸ਼ਰਾਅ ਹੈ। ਸ਼ੇਖ ਮੁਹੰਮਦ ਅਲ ਮੁਨੱਜਿਦ ਨੂੰ ਪੁੱਛਿਆ ਗਿਆ- ਕੀ ਪੈਗੰਬਰ ਨੇ ਫੁਰਮਾਇਆ ਸੀ, ਜਿਹੜਾ ਅਰਬਾਂ ਨੂੰ ਨਫਰਤ ਕਰੇਗਾ ਮੈਂ ਸਮਝਾਂਗਾ ਮੈਨੂੰ ਨਫਰਤ ਕਰਦਾ ਹੈ? ਸ਼ੇਖ ਨੇ ਉਤਰ ਦਿੱਤਾ- ਬੇਸ਼ਕ ਹਵਾਲੇ ਵਾਲੀ ਹਦੀਸ ਕਮਜ਼ੋਰ ਹੈ ਪਰ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਅਰਬ ਉਤਮ ਨਹੀਂ ਹੈਨ।

ਨਫਰਤ ਦਾ ਹੱਦਬੰਨਾ ਨਹੀਂ ਹੁੰਦਾ, ਜਨਵਰੀ 2010 ਨੂੰ ਰਿਆਧ ਦੀ ਮਸਜਿਦ ਵਿਚ ਸਾਉਦੀ ਅਰਬ ਦੀ ਸੈਨਾ ਨੂੰ ਸੰਬੋਧਨ ਕਰਦਿਆਂ ਈਮਾਮ ਅਲਉਰੇਫੀ ਨੇ ਕਿਹਾ- ਇਰਾਕੀ ਸ਼ੀਆ ਲੋਕ ਮੁਸਲਮਾਨ ਕਦ ਹਨ? ਉਹ ਪਾਰਸੀ ਤਾਂਤਰਿਕ ਹਨ ਤੇ ਉਨ੍ਹਾਂ ਦਾ ਨੇਤਾ ਆਇਤੁੱਲਾ ਅਲਸਿਸਤਾਨੀ ਹੰਢਿਆ ਹੋਇਆ ਪਾਪੀ ਨਾਸਤਿਕ ਹੈ। ਪਾਠਕਾਂ ਨੂੰ ਦੱਸਣਾ ਮੁਨਾਸਬ ਹੈ ਕਿ ਅਲਸਿਸਤਾਨੀ ਠੰਢੇ ਦਿਲ ਦਿਮਾਗ ਦਾ ਰੌਸ਼ਨ ਦਿਮਾਗ ਵਿਦਵਾਨ ਹੈ ਜਿਹੜਾ ਕਹਿੰਦਾ ਹੈ ਸਾਰੀ ਮਨੁੱਖਤਾ ਅੱਲਾਹ ਦਾ ਪਰਿਵਾਰ ਹੈ, ਮਿਲ ਜੁਲ ਕੇ ਰਹੋਗੇ ਸੰਸਾਰ ਵਿਚ ਅਮਨ ਵਰਤੇਗਾ। ਇਸ ਈਮਾਮ ਦਾ ਆਦਰ ਸੁੰਨੀ ਸ਼ੀਆ ਸਾਰੇ ਕਰਦੇ ਹਨ ਕਿਉਂਕਿ ਉਹ ਨੇਕ ਦਿਲ, ਦਿਆਲੂ ਇਨਸਾਨ ਹੈ। ਅਲਉਰੇਫੀ ਨੇ ਅਲਸਿਸਤਾਨੀ ਵਿਰੁੱਧ ਜੋ ਜ਼ਹਿਰ ਉਗਲਿਆ ਉਸਨੂੰ ਨਿੰਦਣਾ ਤਾਂ ਇਕ ਪਾਸੇ, 41 ਵਹਾਬੀ ਅਰਬ ਈਮਾਮਾ ਨੇ ਉਸਦੀ ਭਰਪੂਰ ਪ੍ਰਸ਼ੰਸਾ ਕੀਤੀ, ਹਮਾਇਤ ਜਤਾਈ ਦੀ ਆਪਣੀ ਕੋਈ ਕਮਾਈ ਤਾਂ ਹੈ ਨਹੀਂ, ਉਹ ਅਜਿਹਾ ਕਥਨ ਕਰਨ ਪਿਛੋਂ ਕੁਰਾਨ ਸ਼ਰੀਫ ਪਿਛੇ ਛੁਪ ਜਾਂਦੇ ਹਨ, ਪੜ੍ਹਕੇ ਸੁਣਾਉਂਦੇ ਹਨ ਕਿ ਅਸੀਂ ਆਪਣੇ ਕੋਲੋਂ ਕੁਝ ਨਹੀਂ ਕਿਹਾ, ਇਹ ਤਾਂ ਕੁਰਾਨ ਦੇ ਵਾਕ ਹਨ। ਵਾਸਤਵ ਵਿਚ ਇਹ ਕੁਰਾਨ ਦੇ ਵਾਕ ਹਰਗਿਜ਼ ਨਹੀਂ, ਕੁਰਾਨ ਦੇ ਰੱਬੀ ਫੁਰਮਾਨ ਦੀ ਬੰਦਿਆਂ ਵਲੋਂ ਕੀਤੀ ਬਦਨੀਤ ਵਿਆਖਿਆ ਹੈ ਜਿਸ ਨੂੰ ਹਦੀਸ ਦਾ ਨਾਮ ਦੇ ਦਿੱਤਾ।

ਪੋਲੈਂਡ ਦੀ ਸਰਕਾਰ ਪੋਲਿਸ਼ ਯਹੂਦੀਆਂ ਦਾ ਅਜਾਇਬ ਘਰ ਉਸਾਰ ਰਹੀ ਹੈ ਜੋ ਇਬ੍ਰਾਹੀਮ ਇਬਨ ਯਾਕੂਬ ਦੇ ਨਾਮ ਉਪਰ ਹੋਵੇਗਾ। ਯਾਕੂਬ ਪੋਲੈਂਡ ਵਿਚ ਜਾਕੇ ਵਸਿਆ ਪਹਿਲਾ ਯਹੂਦੀ ਸੀ ਜਿਸਨੇ 965-966 ਦੋ ਸਾਲ ਵਿਚ ਪੋਲੈਂਡ ਦਾ ਇਤਿਹਾਸ ਅਤੇ ਜੁਗਰਾਫੀਆ ਅਰਬੀ ਵਿਚ ਲਿਖਿਆ। ਉਹ ਸਪੇਨ ਦੇ ਸੁਲਤਾਨ ਪਾਸ ਯਹੂਦੀਆਂ ਵਲੋਂ ਰਾਜਦੂਤ ਸੀ। ਯਾਕੂਬ ਦੀ ਲਿਖਤ ਵਿਚ ਯਹੂਦੀਆਂ ਅਤੇ ਮੁਸਲਮਾਨਾ ਵਿਚਕਾਰ ਲਾਸਾਨੀ ਪ੍ਰੇਮ ਭਾਵਨਾ ਮੌਜੂਦ ਹੈ। ਵਰਤਮਾਨ ਨੂੰ ਚਾਹੀਦਾ ਹੈ ਮੱਧਕਾਲ ਤੋਂ ਕੁਝ ਸਿਖ ਲਵੇ।

• •

# ਪਾਗਲ ਦੀ ਡਾਇਰੀ

*-ਲੂ ਸ਼ੂਨ*

ਅਨੁਵਾਦ : **ਬਲਬੀਰ ਮਾਧੋਪੁਰੀ**



ਲੂ ਸ਼ੂਨ (25 ਸਤੰਬਰ 1881-19 ਅਕਤੂਬਰ 1936) ਦਾ ਜਨਮ ਝੇਜਿਓਯਾਂਗ ਸੂਬੇ ਦੇ ਸ਼ਾਓਸ਼ਿੰਗ ਵਿਚ ਇਕ ਵਿਦਵਾਨ ਪਰਿਵਾਰ ਵਿਚ ਹੋਇਆ। ਉਨ੍ਹਾਂ ਦਾ ਨਾਂ ਝਾਓ ਸ਼ੂਨ ਰੇਨ ਸੀ। ਉਨ੍ਹਾਂ ਦੀ ਨੌਕਰਾਣੀ ਦਾ ਨਾਂ ਲੂ ਸੀ ਤੇ ਉਸ ਦੇ ਨਾਂ ਉੱਤੇ ਹੀ ਉਨ੍ਹਾਂ ਆਪਣਾ ਨਾਂ ਲੂ ਸ਼ੂਨ ਰੱਖ ਲਿਆ। ਉਹ ਉਚੇਰੀ ਪੜ੍ਹਾਈ ਲਈ 1902 ਵਿਚ ਜਾਪਾਨ ਚਲੇ ਗਏ ਤੇ ਉਥੇ ਮੈਡੀਕਲ ਕਾਲਜ ਵਿਚ ਦਾਖ਼ਲਾ ਲੈ ਲਿਆ। ਜਦੋਂ ਉਥੇ ਰਹਿੰਦਿਆਂ ਅਖ਼ਬਾਰਾਂ ਵਿਚ ਚੀਨੀ ਲੋਕਾਂ ਦੀ ਦੁਰਦਸ਼ਾ ਨੂੰ ਕਈ ਫੋਟੋਆਂ ਵਿਚ ਦੇਖਿਆ ਤਾਂ ਪਰੇਸ਼ਾਨ ਹੋ ਗਏ। ਉਨ੍ਹਾਂ ਕਾਲਜ ਛੱਡ ਦਿੱਤਾ ਤੇ ਅਧਿਆਪਕ ਲੱਗ ਗਏ ਤੇ ਸਾਹਿਤ ਨੂੰ ਸਮਰਪਿਤ ਹੋ ਗਏ। ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ ਹਨ 'ਪਾਗਲ ਦੀ ਡਾਇਰੀ', 'ਕਾਂਗ ਯੀਜੀ', 'ਦਵਾਈ', 'ਮੇਰਾ ਪੁਰਾਣਾ ਘਰ', 'ਕਾਲ ਟੂ ਆਰਮਜ਼' (ਕਹਾਣੀ ਸੰਗ੍ਰਹਿ), 'ਆਹ ਕਿਊ ਦੀ ਸੱਚੀ ਕਹਾਣੀ' (ਨਾਵਲ), 'ਘੁਮੱਕੜ' (ਕਹਾਣੀ ਸੰਗ੍ਰਹਿ) ਅਤੇ ਕੁਝ ਕਾਵਿ-ਸੰਗ੍ਰਹਿ ਹਨ। ਉਹ ਚੀਨ ਦੀ ਫਰੀਡਮ ਲੀਗ ਦੇ ਬਾਨੀ ਮੈਂਬਰਾਂ ਵਿਚੋਂ ਸਨ। ਉਨ੍ਹਾਂ ਨੇ ਲੇਖਕਾਂ ਨੂੰ ਕਈ ਵਾਰ ਭਾਸ਼ਣ ਦਿੱਤੇ, ਜਿਨ੍ਹਾਂ ਵਿਚ 'ਖੱਬੇਪੱਖੀ ਲੇਖਕ ਲੀਗ ਦੇ ਵਿਚਾਰ' ਵਾਲਾ ਭਾਸ਼ਣ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ। ਉਨ੍ਹਾਂ ਗੋਰਕੀ ਤੇ ਗੋਗੋਲ ਦੀਆਂ ਕਈ ਰਚਨਾਵਾਂ ਦਾ ਅਨੁਵਾਦ ਕੀਤਾ। ਉਹ ਆਖ਼ਰੀ ਦਮ ਤਕ ਲਗਾਤਾਰ ਲਿਖਦੇ ਤੇ ਵਿਦੇਸ਼ੀ ਸਾਹਿਤ ਦਾ ਅਨੁਵਾਦ ਕਰਦੇ ਰਹੇ।

ਦੋ ਭਰਾ ਸਨ। ਉਨ੍ਹਾਂ ਦੇ ਨਾਂ ਨਹੀਂ ਦੱਸਾਂਗਾ। ਉਹ ਮੇਰੇ ਸਕੂਲ ਦੇ ਦਿਨਾਂ ਦੇ ਸਾਥੀ ਸਨ। ਦੋਹਾਂ ਨਾਲ ਹੀ ਚੰਗਾ ਮੇਲ-ਜੋਲ ਸੀ। ਪਰ ਕਈ ਵਰ੍ਹਿਆਂ ਤਕ ਮੇਲ ਮੁਲਾਕਾਤ ਨਾ ਹੋ ਸਕੀ ਤੇ ਸੰਪਰਕ ਟੁੱਟ ਗਿਆ। ਕੁਝ ਮਹੀਨੇ ਪਹਿਲਾਂ ਸੁਣਿਆ ਕਿ ਉਨ੍ਹਾਂ ਵਿਚੋਂ ਇਕ ਬਹੁਤ ਬਿਮਾਰ ਹੈ। ਮੈਂ ਆਪਣੇ ਪਿੰਡ ਨੂੰ ਪਰਤ ਰਿਹਾ ਸੀ, ਸੋਚਿਆ ਰਾਹ 'ਚ ਉਨ੍ਹਾਂ ਦੇ ਉਥੇ ਹੁੰਦਾ ਹੋਇਆ ਜਾਵਾਂ। ਉਨ੍ਹਾਂ ਦੇ ਘਰ ਗਿਆ ਤਾਂ ਇਕ ਭਰਾ ਨਾਲ ਹੀ ਮੁਲਾਕਾਤ ਹੋਈ। ਉਹਨੇ ਦੱਸਿਆ ਕਿ ਛੋਟਾ ਭਰਾ ਬਿਮਾਰ ਸੀ।

ਦੋਸਤ ਨੇ ਕਿਹਾ, "ਤੁਹਾਡੇ ਦਿਲ 'ਚ ਕਿੰਨਾ ਪਿਆਰ ਹੈ। ਸਾਡਾ ਖ਼ਿਆਲ ਕਰ ਕੇ ਇੰਨੀ ਦੂਰੋਂ ਮਿਲਣ ਲਈ ਆਏ ਹੋ। ਹੁਣ ਛੋਟੇ ਭਰਾ ਦੀ ਤਬੀਅਤ ਠੀਕ ਹੈ। ਉਹਨੂੰ ਸਰਕਾਰੀ ਨੌਕਰੀ ਮਿਲ ਗਈ ਹੈ, ਉਥੇ ਗਿਆ ਹੋਇਆ ਹੈ।" ਵੱਡੇ ਭਰਾ ਨੇ ਹੱਸਦਿਆਂ-ਹੱਸਦਿਆਂ ਦੋ ਮੋਟੀਆਂ-ਮੋਟੀਆਂ ਜਿਲਦਾਂ ਵਿਚ ਲਿਖੀ ਡਾਇਰੀ ਮੈਨੂੰ ਦਿਖਾਈ ਤੇ ਕਹਿਣ ਲੱਗਾ ਕਿ ਕੋਈ ਜਣਾ ਇਸ ਡਾਇਰੀ ਨੂੰ ਪੜ੍ਹ ਲਵੇ ਤਾਂ ਭਰਾ ਦੀ ਬਿਮਾਰੀ ਦਾ ਰਹੱਸ ਸਮਝ ਜਾਵੇਗਾ ਤੇ ਆਪਣੇ ਪੁਰਾਣੇ ਦੋਸਤ ਨੂੰ ਦਿਖਾ ਦੇਣ ਵਿਚ ਹਰਜ ਵੀ ਕੀ ਹੈ। ਮੈਂ ਡਾਇਰੀ ਲੈ ਆਇਆ ਤੇ ਉਸ ਨੂੰ ਪੜ੍ਹ ਲਿਆ। ਸਮਝ ਗਿਆ ਕਿ ਬੇਚਾਰਾ ਨੌਜਵਾਨ ਅਜੀਬ ਦਹਿਸ਼ਤ ਤੇ ਮਾਨਸਿਕ ਪਰੇਸ਼ਾਨੀਆਂ ਨਾਲ ਪੀੜਤ ਸੀ। ਲਿਖਾਈ ਬਹੁਤ ਅਘੜੀ-ਦੁਘੜੀ ਤੇ ਬੇਮੇਲ-ਬੇਤੁਕੀ ਜਿਹੀ ਸੀ। ਕੁਝ ਬੇਸਿਰ-ਪੈਰ ਹੋਣ ਦੇ ਦੋਸ਼ ਵੀ ਸਨ। ਸਫ਼ਿਆਂ ਉੱਤੇ ਤਰੀਕਾਂ ਨਹੀਂ ਸਨ। ਥਾਂ-ਥਾਂ ਸਿਆਹੀ ਦੇ ਰੰਗ ਤੇ ਲਿਖਾਈ ਦੇ ਫ਼ਰਕ ਨਾਲ ਅੰਦਾਜ਼ਾ

ਹੋ ਸਕਦਾ ਸੀ ਕਿ ਇਹ ਉਦੋਂ ਕਿਤੇ ਅੱਗੇ-ਪਿੱਛੇ ਲਿਖੀਆਂ ਗਈਆਂ ਚੀਜ਼ਾਂ ਹੋਣਗੀਆਂ। ਕੁਝ ਗੱਲਾਂ ਸੰਬੰਧਿਤ ਵੀ ਜਾਪਦੀਆਂ ਸਨ ਤੇ ਸਮਝ ਵਿਚ ਆ ਜਾਂਦੀਆਂ ਸਨ। ਡਾਕਟਰੀ-ਵਿਗਿਆਨ ਵਿਚ ਖੋਜ ਦੀ ਦ੍ਰਿਸ਼ਟੀ ਤੋਂ ਲਾਹੇਵੰਦ ਹੋ ਸਕਣ ਵਾਲੇ ਕੁਝ ਸਫ਼ਿਆਂ ਦਾ ਮੈਂ ਨਕਲ-ਉਤਾਰਾ ਕਰ ਲਿਆ। ਡਾਇਰੀ ਦੀ ਇਕ ਵੀ ਬੇਤੁਕੀ ਗੱਲ ਨੂੰ ਮੈਂ ਬਦਲਿਆ ਨਹੀਂ ਹੈ। ਬਸ ਨਾਮ ਬਦਲ ਦਿੱਤੇ ਹਨ, ਭਾਵੇਂ ਕਿ ਦੂਰ-ਦੁਰਾਡੇ ਦੇ ਉਨ੍ਹਾਂ ਲੋਕਾਂ ਨੂੰ ਜਾਣਦਾ ਵੀ ਕੌਣ ਹੈ। ਸਿਰਲੇਖ ਖ਼ੁਦ ਲੇਖਕ ਵੱਲੋਂ ਹੀ ਦਿੱਤਾ ਹੋਇਆ ਹੈ। ਇਹ ਦਿਮਾਗ਼ ਟਿਕਾਣੇ ਆਉਣ 'ਤੇ ਹੀ ਦਿੱਤਾ ਹੋਵੇਗਾ। ਮੈਂ ਉਸ ਨੂੰ ਨਹੀਂ ਬਦਲਿਆ।

-1-

ਅੱਜ ਰਾਤ ਚੰਦ ਬਹੁਤ ਨਿਖਰਿਆ ਹੋਇਆ ਹੈ।

ਤੀਹ ਸਾਲ ਹੋ ਗਏ, ਚੰਦ ਨੂੰ ਦੇਖ ਨਹੀਂ ਸਕਿਆ। ਇਸ ਲਈ ਅੱਜ ਚਾਨਣੀ, ਮਨ ਵਿਚ ਉਤਸ਼ਾਹ ਭਰਦਾ ਜਾ ਰਿਹਾ ਹੈ। ਅੱਜ ਮਹਿਸੂਸ ਕਰ ਰਿਹਾ ਹਾਂ ਕਿ ਪਿਛਲੇ ਤੀਹ ਸਾਲ ਹਨ੍ਹੇਰੇ ਵਿਚ ਹੀ ਬਿਤਾ ਦਿੱਤੇ ਪਰ ਹੁਣ ਬਹੁਤ ਚੌਕਸ ਰਹਿਣਾ ਪਵੇਗਾ। ਜ਼ਰੂਰ ਕੋਈ ਗੱਲ ਹੈ। ਨਹੀਂ ਤਾਂ ਚਾਓ ਪਰਿਵਾਰ ਦਾ ਕੁੱਤਾ ਮੇਰੇ ਵੱਲ ਦੋ ਵਾਰ ਕਿਉਂ ਘੂਰਦਾ ?

ਹਾਂ, ਸਮਝਦਾ ਹਾਂ, ਮੇਰਾ ਸ਼ੱਕ ਬਿਨਾਂ ਵਜ੍ਹਾ ਨਹੀਂ ਹੈ।

-2-

ਅੱਜ ਹਨ੍ਹੇਰੀ ਰਾਤ ਹੈ। ਚੰਦ ਦਾ ਕੋਈ ਪਤਾ ਨਹੀਂ ਹੈ। ਲੱਛਣ ਚੰਗੇ ਨਹੀਂ ਹਨ। ਅੱਜ ਸਵੇਰੇ ਬਾਹਰ ਗਿਆ ਤਾਂ ਬਹੁਤ ਸਾਵਧਾਨ ਸੀ। ਚਾਓ ਸਾਹਿਬ ਨੇ ਮੇਰੇ ਵੱਲ ਇਉਂ ਦੇਖਿਆ ਜਿਵੇਂ ਮੈਨੂੰ ਦੇਖ ਕੇ ਡਰ ਗਏ ਹੋਣ, ਜਿਵੇਂ ਮੇਰਾ ਖ਼ੂਨ ਕਰਨਾ ਚਾਹੁੰਦੇ ਹੋਣ। ਸੱਤ-ਅੱਠ ਜਣੇ ਹੋਰ ਵੀ ਸਨ। ਇਕ-ਦੂਜੇ ਨਾਲ ਘੁਸਰ-ਮੁਸਰ ਕਰ ਕੇ ਮੇਰੀ ਗੱਲ ਕਰ ਰਹੇ ਸਨ ਤੇ ਮੇਰੀ ਨਜ਼ਰ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਸਨ। ਜਿੰਨੇ ਲੋਕ ਮਿਲੇ ਸਭ ਦਾ ਉਹੀ ਹਾਲ ਸੀ। ਉਨ੍ਹਾਂ ਵਿਚੋਂ ਜੋ ਸਭ ਤੋਂ ਡਰਾਉਣਾ ਸੀ, ਮੈਨੂੰ ਦੇਖਦਿਆਂ ਹੀ ਦੰਦ ਕੱਢ ਕੇ ਹੱਸਣ ਲੱਗ ਪਿਆ। ਮੈਂ ਸਿਰ ਤੋਂ ਪੈਰਾਂ ਤਕ ਕੰਬ ਗਿਆ। ਸਮਝ ਗਿਆ, ਇਨ੍ਹਾਂ ਲੋਕਾਂ ਨੇ ਸਾਰੀ ਤਿਆਰੀ ਕਰ ਲਈ ਹੈ।

ਮੈਂ ਡਰਿਆ ਨਾ, ਆਪਣੇ ਰਾਹ ਤੁਰਦਾ ਗਿਆ। ਕੁਝ ਬੱਚੇ ਮੂਹਰੇ-ਮੂਹਰੇ ਜਾ ਰਹੇ ਸਨ। ਉਹ ਵੀ ਮੇਰੀਆਂ ਹੀ ਗੱਲਾਂ ਕਰ ਰਹੇ ਸਨ। ਉਨ੍ਹਾਂ ਦੀਆਂ ਨਜ਼ਰਾਂ ਵੀ ਚਾਓ ਸਾਹਿਬ ਵਰਗੀਆਂ ਸਨ ਤੇ ਚਿਹਰੇ ਡਰ ਨਾਲ ਪੀਲੇ ਪੈ ਗਏ ਸਨ। ਸੋਚ ਰਿਹਾ ਸਾਂ, ਮੈਂ ਇਨ੍ਹਾਂ ਮੁੰਡਿਆਂ ਦਾ ਕੀ ਵਿਗਾੜਿਆ ਹੈ। ਇਹ ਮੇਰੇ ਤੋਂ ਕਿਉਂ ਖ਼ਫ਼ਾ ਹਨ। ਰਿਹਾ ਨਾ ਗਿਆ ਤਾਂ ਮੈਂ ਉੱਚੀ ਦੇਣੀ ਕਹਿ ਬੈਠਾ, "ਕਿਉਂ ਕੀ ਗੱਲ ਏ ?" ਪਰ ਫਿਰ ਉਹ ਸਾਰੇ ਦੌੜ ਗਏ।

ਕੁਝ ਸਮਝ ਨਾ ਆਉਂਦਾ ਕਿ ਚਾਓ ਸਾਹਿਬ ਨਾਲ ਮੇਰਾ ਕਾਹਦਾ ਝਗੜਾ ਹੈ। ਰਾਹ ਜਾਂਦੇ ਲੋਕਾਂ ਦਾ ਮੈਂ ਕਦੋਂ ਕੀ ਵਿਗਾੜਿਆ ਹੈ ? ਬਸ ਇੰਨਾ ਯਾਦ ਹੈ ਕਿ ਵੀਹ ਸਾਲ ਪਹਿਲਾਂ ਕੂ ਚਿਊ (ਪ੍ਰਾਚੀਨ ਕਾਲ। ਲੂ ਸ਼ੁਨ ਦਾ ਇਸ਼ਾਰਾ ਇਥੇ ਚੀਨ ਵਿਚ ਜਗੀਰਦਾਰੀ ਪੀੜਾ ਦੇ ਲੰਮੇ ਦੌਰ ਦੇ ਇਤਿਹਾਸ ਵੱਲ ਹੈ)। ਸਾਹਿਬ ਦੀ ਸਾਲਾਂ ਪੁਰਾਣੀ ਬਹੀ ਉੱਤੇ ਮੇਰਾ ਪੈਰ ਪੈ ਗਿਆ ਸੀ ਤੇ ਕੂ ਸਾਹਿਬ ਬਹੁਤ ਨਾਰਾਜ਼ ਹੋ ਗਏ ਸਨ। ਪਰ ਕੂ ਦਾ ਚਾਓ ਨਾਲ ਮਤਲਬ ? ਇਕ ਦੂਜੇ ਨੂੰ ਪਛਾਣਦੇ ਵੀ ਨਹੀਂ। ਹੋ ਸਕਦਾ ਹੈ, ਚਾਓ ਨੇ ਇਸ ਬਾਰੇ ਕਿਸੇ ਤੋਂ ਸੁਣ ਲਿਆ ਹੋਵੇ ਤੇ ਮੇਰੇ ਤੋਂ ਉਸ ਦਾ ਬਦਲਾ ਲੈਣ ਦਾ ਧਾਰ ਲਿਆ ਹੋਵੇ। ਉਹ ਤੁਰੇ ਜਾਂਦੇ ਰਾਹੀਆਂ ਨੂੰ ਮੇਰੇ ਵਿਰੁੱਧ ਭੜਕਾਉਂਦੇ ਰਹਿੰਦੇ ਹਨ ਪਰ ਇਨ੍ਹਾਂ ਬੱਚਿਆਂ ਨੂੰ ਇਸ ਸਭ ਕਾਸੇ ਨਾਲ ਕੀ ਮਤਲਬ ? ਇਹ ਲੋਕ ਤਾਂ ਪੈਦਾ ਵੀ ਨਹੀਂ ਹੋਏ ਸਨ। ਇਹ ਲੋਕ ਮੈਨੂੰ ਇਉਂ ਘੂਰ-ਘੂਰ ਕੇ ਕਿਉਂ ਦੇਖਦੇ ਹਨ ? ਜਿਵੇਂ ਡਰੇ ਹੋਏ ਹੋਣ, ਮੇਰਾ ਕਤਲ ਕਰਨ ਦੀ ਝਾਕ ਵਿਚ ਹੋਣ। ਬਹੁਤ ਘਬਰਾਹਟ ਹੁੰਦੀ ਹੈ। ਕੀ ਕਰਾਂ ? ਅਜੀਬ ਜਹੀ ਪਰੇਸ਼ਾਨੀ ਹੈ।

ਮੈਂ ਸਮਝਦਾ ਹਾਂ। ਇਨ੍ਹਾਂ ਲੋਕਾਂ ਨੇ ਇਹ ਸਭ ਜ਼ਰੂਰ ਆਪਣੇ ਮਾਂ-ਬਾਪ ਤੋਂ ਸਿੱਖ ਲਿਆ ਹੋਵੇਗਾ।

-3-

ਰਾਤ ਨੂੰ ਨੀਂਦ ਨਹੀਂ ਆਉਂਦੀ। ਬਿਨਾਂ ਚੰਗੀ ਤਰ੍ਹਾਂ ਸੋਚੇ-ਵਿਚਾਰੇ ਕੋਈ ਵੀ ਗੱਲ ਸਮਝ ਵਿਚ ਨਹੀਂ ਆ ਸਕਦੀ।

ਇਨ੍ਹਾਂ ਲੋਕਾਂ ਨੂੰ ਦੇਖੋ—ਕਈ ਲੋਕਾਂ ਨੂੰ ਮਜਿਸਟ੍ਰੇਟ ਕਟਹਿਰੇ ਵਿਚ ਬੰਦ ਕਰਵਾ ਚੁੱਕਾ ਹੈ; ਬਹੁਤ ਸਾਰੇ ਲੋਕ ਆਲੇ-ਦੁਆਲੇ ਦੇ ਅਮੀਰਾਂ-ਜ਼ਿਮੀਂਦਾਰਾਂ ਤੋਂ ਮਾਰ ਖਾ ਚੁੱਕੇ ਹਨ, ਬਹੁਤਿਆਂ ਦੀਆਂ ਤੀਵੀਆਂ ਨੂੰ ਸਰਕਾਰੀ ਅਮਲੇ ਦੇ ਲੋਕ ਜ਼ਬਰਦਸਤੀ ਚੁੱਕ ਕੇ ਲੈ ਗਏ ਹਨ; ਕਈਆਂ ਦੇ ਮਾਂ-ਬਾਪ ਸ਼ਾਹੂਕਾਰਾਂ ਤੋਂ ਪਰੇਸ਼ਾਨ ਹੋ ਕੇ ਗਲ 'ਚ ਫੰਧਾ ਪਾ ਕੇ ਆਤਮ ਹੱਤਿਆ ਕਰ ਚੁੱਕੇ ਹਨ। ਪਰ ਇਨ੍ਹਾਂ ਸਾਰੀਆਂ ਗੱਲਾਂ ਨੂੰ ਯਾਦ ਕਰਕੇ ਵੀ ਇਨ੍ਹਾਂ ਲੋਕਾਂ ਦੀਆਂ ਅੱਖਾਂ ਵਿਚ ਇੰਨਾ ਖ਼ੂਨ ਨਹੀਂ ਉਤਰਿਆ ਹੋਵੇਗਾ, ਇਨ੍ਹਾਂ ਨੂੰ ਕਦੀ ਇੰਨਾ ਗ਼ੁੱਸਾ ਨਹੀਂ ਆਇਆ ਹੋਵੇਗਾ ਜਿੰਨਾ ਕਿ ਕੱਲ੍ਹ ਦੇਖਣ 'ਚ ਆਇਆ।

ਉਸ ਔਰਤ ਨੂੰ ਕੀ ਕਹਾਂ ? ਕੱਲ੍ਹ ਗਲੀ ਵਿਚ ਆਪਣੇ ਪੁੱਤ ਨੂੰ ਕੁੱਟਦੀ ਹੋਈ ਉੱਚੀ-ਉੱਚੀ ਕਹਿ ਰਹੀ ਸੀ, "ਬਦਮਾਸ਼ ਕਿਸੇ ਥਾਂ ਦਾ ! ਤੇਰੀ ਖੱਲ ਲਾਹ ਦਿਆਂਗੀ ! ਤੇਰੀ ਬੋਟੀ-ਬੋਟੀ ਕਰ ਦਿਆਂਗੀ ! ਤੂੰ ਮੇਰਾ ਕਾਲਜਾ ਲੂਹ ਸੁੱਟਿਆ !" ਉਹ ਵਾਰ-ਵਾਰ ਮੇਰੇ ਵੱਲ ਦੇਖਣ ਲੱਗ ਪੈਂਦੀ ਸੀ। ਮੈਂ ਕੰਬ ਗਿਆ। ਬੜੀ ਘਬਰਾਹਟ ਹੋਈ। ਨਿਰਦਈ ਚਿਹਰਿਆਂ, ਲੰਮੇ-ਲੰਮੇ ਦੰਦਾਂ ਵਾਲੇ ਲੋਕ ਹੱਸਣ ਲੱਗੇ। ਬਜ਼ੁਰਗ ਛਨ ਫ਼ੁਰਤੀ ਨਾਲ ਆਇਆ ਤੇ ਮੈਨੂੰ ਫੜ ਕੇ ਘਰ ਲੈ ਆਇਆ।

ਛਨ ਮੈਨੂੰ ਘਰ ਲੈ ਆਇਆ। ਸਾਰੇ ਜਣੇ ਇਉਂ ਬਣ ਗਏ ਜਿਵੇਂ ਪਛਾਣਦੇ ਹੀ ਨਾ ਹੋਣ। ਮੈਂ ਉਨ੍ਹਾਂ ਦੀਆਂ ਅੱਖਾਂ ਪਛਾਣੀਆਂ। ਉਨ੍ਹਾਂ ਦੀਆਂ ਨਜ਼ਰਾਂ ਵਿਚ ਵੀ ਉਹੀ ਗਲੀ ਦੇ ਲੋਕਾਂ ਵਾਲੀ ਗੱਲ ਸੀ। ਮੈਂ ਅਧਿਐਨ-ਕਮਰੇ ਵਿਚ ਆ ਗਿਆ ਤੇ ਉਨ੍ਹਾਂ ਨੇ ਝੱਟ ਬੂਹਾ ਬੰਦ ਕਰ ਦਿੱਤਾ ਤੇ ਕੁੰਡਾ ਲਾ ਦਿੱਤਾ ਜਿਵੇਂ ਮੁਰਗੀ ਜਾਂ ਬੱਤਖ਼ ਨੂੰ ਖੁੱਡੇ ਵਿਚ ਹੋੜ ਦਿੱਤਾ ਹੋਵੇ। ਮੈਂ ਹੋਰ ਵੀ ਪਰੇਸ਼ਾਨ ਹੋ ਗਿਆ।

ਕੁਝ ਦਿਨ ਪਹਿਲਾਂ ਦੀ ਗੱਲ ਹੈ ਸ਼ਿਸ਼ੂ-ਭੇੜੀਆ ਪਿੰਡ ਤੋਂ ਸਾਡਾ ਇਕ ਕਰਜ਼ਦਾਰ ਫ਼ਸਲ ਦੇ ਤਬਾਹ ਹੋਣ ਦੀ ਖ਼ਬਰ ਦੇਣ ਆਇਆ ਸੀ। ਉਹਨੇ ਮੇਰੇ ਵੱਡੇ ਭਰਾ ਨੂੰ ਦੱਸਿਆ ਕਿ ਪਿੰਡ ਦੇ ਸਾਰੇ ਲੋਕਾਂ ਨੇ ਮਿਲ ਕੇ ਪਿੰਡ ਦੇ ਇਕ ਬਦਨਾਮ ਦਲੇਰ ਮੁੰਡੇ ਨੂੰ ਘੇਰ ਲਿਆ ਤੇ ਮਾਰ-ਮਾਰ ਕੇ ਉਹਦੀ ਚੰਗੀ ਭੁਗਤ ਸੁਆਰੀ ਤੇ ਫਿਰ ਕੰਮ ਤਮਾਮ ਕਰ ਦਿੱਤਾ। ਕੁਝ ਲੋਕਾਂ ਨੇ ਉਹਦੀ ਛਾਤੀ ਪਾੜ ਕੇ ਦਿਲ ਤੇ ਕਾਲਜਾ ਕੱਢ ਲਿਆ, ਉਹਨੂੰ ਤੇਲ ਵਿਚ ਤਲਿਆ ਤੇ ਵੰਡ ਕੇ ਖਾ ਲਿਆ ਕਿ ਉਨ੍ਹਾਂ ਦਾ ਵੀ ਹੌਂਸਲਾ ਵਧ ਜਾਵੇ। ਮੇਰੇ ਤੋਂ ਰਿਹਾ ਨਾ ਗਿਆ ਤੇ ਮੈਂ ਬੋਲ ਪਿਆ। ਭਰਾ ਤੇ ਉਹ ਕਰਜ਼ਦਾਰ ਦੋਵੇਂ ਮੈਨੂੰ ਘੂਰਨ ਲੱਗੇ। ਬਿਲਕੁਲ ਇਉਂ ਹੀ ਘੂਰ ਰਹੇ ਸਨ ਜਿਵੇਂ ਅੱਜ ਸੜਕ ਉੱਤੇ ਲੋਕਾਂ ਦੀਆਂ ਨਜ਼ਰਾਂ।

ਇਹ ਸਭ ਕੁਝ ਸੋਚ ਕੇ ਅੱਡੀ ਤੋਂ ਚੋਟੀ ਤਕ ਸਾਰਾ ਸਰੀਰ ਕੰਬ ਜਾਂਦਾ ਹੈ।

ਇਹ ਲੋਕ ਆਦਮਖੋਰ ਹਨ, ਇਹ ਮੈਨੂੰ ਵੀ ਖਾ ਸਕਦੇ ਹਨ।

ਯਾਦ ਆਇਆ, ਇਹ ਔਰਤ ਕਹਿ ਰਹੀ ਸੀ, "ਤੇਰੀ ਬੋਟੀ-ਬੋਟੀ ਕੱਟ ਦਿਆਂਗੀ।" ਨਿਰਦਈ ਚਿਹਰਿਆਂ ਉੱਤੇ ਲੰਮੇ ਦੰਦ ਕੱਢਦੇ ਲੋਕ ਹੱਸ ਰਹੇ ਸਨ ਤੇ ਉਸ ਕਰਜ਼ਦਾਰ ਨੇ ਜੋ ਕਹਾਣੀ ਸੁਣਾਈ...ਇਹ ਸਾਰੇ ਗੁਪਤ ਸੰਕੇਤ ਹਨ। ਇਨ੍ਹਾਂ ਲੋਕਾਂ ਦੀਆਂ ਗੱਲਾਂ ਵਿਚ ਕਿੰਨੀ ਜ਼ਹਿਰ ਭਰੀ ਹੋਈ ਹੈ। ਇਨ੍ਹਾਂ ਦਾ ਹਾਸਾ ਖ਼ੰਜਰ ਦੀ ਧਾਰ ਵਾਂਗ ਕੱਟਦਾ ਹੈ। ਇਨ੍ਹਾਂ ਦੇ ਲੰਮੇ-ਲੰਮੇ ਚਿੱਟੇ ਦੰਦ ਆਦਮੀਆਂ ਦੇ ਹੱਡ-ਮਾਸ ਨੂੰ ਚਬਾ-ਚਬਾ ਕੇ ਚਮਕ ਗਏ ਹਨ। ਇਹ ਸਾਰੇ ਆਦਮਖੋਰ ਹਨ।

ਮੈਨੂੰ ਪਤਾ ਹੈ, ਮੈਂ ਬੁਰਾ ਆਦਮੀ ਨਹੀਂ। ਜਦੋਂ ਤੋਂ ਕੂ ਸਾਹਿਬ ਦੀ ਬਹੀ ਉੱਤੇ ਮੇਰਾ ਪੈਰ ਪਿਆ ਹੈ, ਲੋਕ ਮੇਰੇ ਪਿੱਛੇ ਪਏ ਹੋਏ ਹਨ। ਇਨ੍ਹਾਂ ਲੋਕਾਂ ਦੇ ਮਨ ਵਿਚ ਅਜਿਹੀ ਗੰਢ ਪੈ ਗਈ ਹੈ ਕਿ ਮੈਂ ਕੁਝ ਕਰ ਹੀ ਨਹੀਂ ਸਕਦਾ। ਇਹ ਲੋਕ ਕਿਸੇ ਨਾਲ ਇਕ ਵਾਰ ਵਿਗੜ ਜਾਂਦੇ ਹਨ ਤਾਂ ਉਨ੍ਹਾਂ ਨੂੰ ਬਦਮਾਸ਼ ਸਮਝ ਲੈਂਦੇ ਹਨ। ਚੰਗੀ ਤਰ੍ਹਾਂ ਯਾਦ ਹੈ, ਵੱਡਾ ਭਰਾ ਮੈਨੂੰ ਲੇਖ ਲਿਖਣੇ ਸਿਖਾਉਂਦਾ ਹੁੰਦਾ ਸੀ। ਕੋਈ ਆਦਮੀ ਕਿੰਨਾ ਵੀ ਚੰਗਾ ਰਿਹਾ ਹੋਵੇ, ਜੇ ਮੈਂ ਉਸ ਦੇ ਨੁਕਸ ਦਿਖਾਉਂਦਾ ਤਾਂ ਉਹਨੂੰ ਬਹੁਤ ਪਸੰਦ ਆਉਂਦਾ ਸੀ। ਨਾਲ ਹੀ ਜੇ ਮੈਂ ਕਿਸੇ ਦੇ ਨੁਕਸਾਂ ਉੱਤੇ ਪਰਦਾ ਪਾ ਦਿੰਦਾ ਤਾਂ ਇਹ ਕਹਿੰਦਾ, "ਬਹੁਤ ਵਧੀਆ ! ਇਹ ਤੇਰੀ ਨਵੀਂ ਸਮਝ ਹੈ।" ਇਨ੍ਹਾਂ ਲੋਕਾਂ ਦੇ ਮਨ ਦੀ ਥਾਹ ਕਿਵੇਂ ਪਾ ਸਕਦਾ ਹਾਂ—ਖ਼ਾਸ ਕਰਕੇ ਜਦੋਂ ਇਹ ਲੋਕ ਕਿਸੇ ਨੂੰ ਖਾ ਜਾਣ ਦੀ ਗੱਲ ਸੋਚ ਰਹੇ ਹੋਣ।

ਬਹੁਤ ਡੂੰਘਾਈ ਨਾਲ ਸੋਚ-ਵਿਚਾਰ ਕੀਤੇ ਬਿਨਾਂ ਕੁਝ ਸਮਝ ਸਕਣਾ ਔਖਾ ਹੈ। ਯਾਦ ਆਉਂਦਾ ਹੈ ਕਿ ਆਦਮ ਲੋਕ ਅਕਸਰ ਨਰ-ਮਾਸ ਖਾਂਦੇ ਸਨ, ਪਰ ਬਿਲਕੁਲ ਠੀਕ-ਠੀਕ ਯਾਦ ਨਹੀਂ ਆ ਰਿਹਾ। ਇਸ ਵਿਸ਼ੇ ਬਾਰੇ ਇਤਿਹਾਸ ਦੀਆਂ ਕਿਤਾਬਾਂ ਵਿਚ ਵੀ ਖੋਜ ਕਰਨ ਦੀ ਕੋਸ਼ਿਸ਼ ਕੀਤੀ, ਕਿਤੇ ਲੜੀਵਾਰ ਇਤਿਹਾਸ ਵਿਚ ਨਾ ਮਿਲਿਆ। 'ਸਦਗੁਣ ਤੇ ਸਦਾਚਾਰ' ਇਹੀ ਸ਼ਬਦ ਸਾਰਿਆਂ ਸਫ਼ਿਆਂ ਉੱਤੇ ਮਿਲਦੇ ਹਨ। ਨੀਂਦ ਉੱਕੀ ਨਹੀਂ ਆ ਰਹੀ ਸੀ, ਇਸ ਲਈ ਬਹੁਤ ਧਿਆਨ ਨਾਲ ਅੱਧੀ ਰਾਤ ਤਕ ਪੜ੍ਹਦਾ ਰਿਹਾ। ਜਿਥੇ ਕਿਤੇ ਅਸਲੀ ਸੰਦਰਭ ਸਮਝ ਵਿਚ ਆਉਣ ਲੱਗਾ। ਸਾਰੀ ਕਿਤਾਬ ਵਿਚ ਹਰ ਥਾਂ ਇਕ ਹੀ ਗੱਲ ਸੀ, "ਮਨੁੱਖ ਨੂੰ ਖਾ ਜਾਉ।"

ਕਿਤਾਬ 'ਚ ਲਿਖੀਆਂ ਇਹ ਸਾਰੀਆਂ ਗੱਲਾਂ, ਉਸ ਕਰਜ਼ਦਾਰ ਦੀਆਂ ਸਾਰੀਆਂ ਗੱਲਾਂ, ਮੇਰੇ ਵੱਲ ਕਿਵੇਂ ਘੂਰ ਰਹੀਆਂ ਸਨ, ਗੂੜ੍ਹੀ ਮੁਸਕਾਨ ਨਾਲ !

ਮੈਂ ਵੀ ਤਾਂ ਮਨੁੱਖ ਹਾਂ ਤੇ ਇਹ ਲੋਕ ਮੈਨੂੰ ਖਾ ਜਾਣਾ ਚਾਹੁੰਦੇ ਹਨ !

**-4-**

ਸਵੇਰੇ ਕੁਝ ਦੇਰ ਤਕ ਖ਼ਾਮੋਸ਼ ਬੈਠਾ ਰਿਹਾ। ਛਨ ਖਾਣਾ ਲੈ ਕੇ ਕਮਰੇ ਵਿਚ ਆਇਆ। ਇਕ ਕੌਲੀ 'ਚ ਸਬਜ਼ੀ ਸੀ, ਦੂਜੀ ਵਿਚ ਭਾਫ਼ ਨਾਲ ਪਕਾਈ ਮੱਛੀ। ਮੱਛੀ ਦੀਆਂ ਪਥਰਾਈਆਂ ਹੋਈਆਂ ਚਿੱਟੀਆਂ ਅੱਖਾਂ ਸਨ, ਮੂੰਹ ਖੁੱਲ੍ਹਾ ਹੋਇਆ ਸੀ ਜਿਵੇਂ ਕੋਈ ਭੁੱਖਾ ਆਦਮਖੋਰ ਮੂੰਹ ਖੋਲ੍ਹ ਕੇ ਬੈਠਾ ਹੋਵੇ। ਮੈਂ ਖਾਣ ਲੱਗਾ। ਗ੍ਰਾਸ ਨਿਗਲਦਾ ਜਾ ਰਿਹਾ ਸੀ। ਪਤਾ ਨਹੀਂ ਮੱਛੀ ਖਾ

ਰਿਹਾ ਸੀ ਜਾਂ ਬੰਦੇ ਦਾ ਮਾਸ। ਸਭ ਬਾਹਰ ਕੱਢ ਮਾਰਿਆ।

ਮੈਂ ਛਨ ਨੂੰ ਆਖਿਆ, "ਛਨ ਬਾਈ, ਭਾ'ਜੀ ਨੂੰ ਦੱਸਣਾ ਕਿ ਇਸ ਕੋਠੜੀ ਵਿਚ ਸਾਹ ਘੁਟਦਾ ਜਾ ਰਿਹਾ ਹੈ, ਜ਼ਰਾ ਵਿਹੜੇ 'ਚ ਘੁੰਮ ਲਵਾਂਗਾ।" ਛਨ ਚੁੱਪਚਾਪ ਚਲਾ ਗਿਆ। ਫ਼ੁਰਤੀ ਨਾਲ ਮੁੜ ਆਇਆ ਤੇ ਬੂਹਾ ਖੋਲ੍ਹ ਦਿੱਤਾ।

ਮੈਂ ਕੋਠੜੀ 'ਚ ਹੀ ਬੈਠਾ ਰਿਹਾ, ਉੱਠਿਆ ਨਾ। ਸੋਚ ਰਿਹਾ ਸੀ, ਇਹ ਲੋਕ ਹੁਣ ਕੀ ਕਰਨਗੇ ? ਇਹ ਤਾਂ ਮੈਨੂੰ ਪਤਾ ਨਹੀਂ ਸੀ ਕਿ ਮੈਨੂੰ ਹੱਥੋਂ ਨਹੀਂ ਨਿਕਲਣ ਦੇਣਗੇ। ਇਹ ਤਾਂ ਪੱਕਾ ਸੀ। ਭਰਾ ਹੌਲੀ-ਹੌਲੀ ਪੈਰ ਧਰਦਾ ਇਕ ਬਜ਼ੁਰਗ ਨੂੰ ਨਾਲ ਲੈ ਆ ਆਇਆ। ਬੁੱਢੇ ਦੀਆਂ ਖ਼ੂਨ ਲਈ ਪਿਆਸੀਆਂ ਅੱਖਾਂ ਵਿਚ ਕਟਾਰ ਵਰਗੀ ਚਮਕ ਸੀ। ਉਹ ਮੇਰੇ ਨਾਲ ਅੱਖਾਂ ਨਹੀਂ ਮਿਲਾਉਣਾ ਚਾਹੁੰਦਾ ਸੀ ਕਿ ਮੈਂ ਕਿਤੇ ਤਾੜ ਨਾ ਲਾਵਾਂ, ਇਸ ਲਈ ਉਸ ਨੇ ਨੀਵੀਂ ਪਾਈ ਹੋਈ ਸੀ। ਐਨਕ ਦੇ ਅੰਦਰੋਂ ਤਿਰਛਾ ਜਿਹੀਆਂ ਨਜ਼ਰਾਂ ਨਾਲ ਮੇਰੇ ਵੱਲ ਦੇਖ ਰਿਹਾ ਸੀ।

"ਅੱਜ ਤਾਂ ਤੇਰੀ ਤਬੀਅਤ ਬਹੁਤ ਠੀਕ ਲੱਗ ਰਹੀ ਏ", ਭਰਾ ਨੇ ਕਿਹਾ। ਮੈਂ ਹਾਮੀ ਭਰੀ।

"ਤੈਨੂੰ ਦਿਖਾਉਣ ਲਈ ਹੀ ਤਾਂ ਸਾਹਬ ਨੂੰ ਬੁਲਾਇਆ ਹੈ", ਭਰਾ ਨੇ ਦੱਸਿਆ।

"ਠੀਕ ਹੈ", ਮੈਂ ਕਿਹਾ, ਪਰ ਸਮਝ ਗਿਆ ਕਿ ਬੁੱਢਾ ਅਸਲ ਵਿਚ ਜੱਲਾਦ ਹੈ, ਜੋ ਹਕੀਮ ਬਣ ਕੇ ਆਇਆ ਹੈ। ਮੇਰੀ ਨਬਜ਼ ਦੇਖਣ ਦੇ ਬਹਾਨੇ ਉਹ ਮੈਨੂੰ ਟੋਹ-ਟੋਹ ਕੇ ਮਾਸ ਦਾ ਅੰਦਾਜ਼ਾ ਲਾ ਰਿਹਾ ਸੀ। ਇਸ ਸੇਵਾ ਬਦਲੇ ਉਸ ਨੂੰ ਵੀ ਮੇਰੇ ਮਾਸ ਦਾ ਹਿੱਸਾ ਮਿਲਣ ਦੀ ਉਮੀਦ ਸੀ। ਪਰ ਇਸ ਨਾਲ ਵੀ ਮੈਂ ਡਰਿਆ ਨਾ। ਮੈਂ ਆਦਮਖੋਰ ਨਹੀਂ ਹਾਂ, ਪਰ ਉਨ੍ਹਾਂ ਲੋਕਾਂ ਨਾਲੋਂ ਮੈਨੂੰ ਜ਼ਿਆਦਾ ਸਮਝ ਹੈ। ਮੈਂ ਆਪਣੀਆਂ ਦੋਵੇਂ ਬਾਹਾਂ ਮੂਹਰੇ ਨੂੰ ਵਧਾ ਦਿੱਤੀਆਂ। ਇਹ ਸੋਚ ਕਿ ਦੇਖਾਂ ਕੀ ਕਰਦਾ ਹੈ। ਬੁੱਢਾ ਚੌਕੀ ਉੱਤੇ ਬੈਠ ਗਿਆ, ਅੱਖਾਂ ਬੰਦ ਕਰਕੇ ਮੇਰੀ ਨਬਜ਼ ਦੇਖਦਾ ਰਿਹਾ। ਕੁਝ ਚਿਰ ਸੋਚ ਵਿਚ ਪਿਆ ਖ਼ਾਮੋਸ਼ ਰਿਹਾ, ਫਿਰ ਅੱਖਾਂ ਖੋਲ੍ਹ ਕੇ ਆਖਣ ਲੱਗਾ, "ਆਪਣੇ ਵਿਚਾਰਾਂ ਨੂੰ ਭਟਕਣ ਨਾ ਦੇ, ਬਿਲਕੁਲ ਫ਼ਿਕਰ ਨਾ ਕਰ। ਕੁਝ ਦਿਨ ਪੂਰਾ ਆਰਾਮ ਕਰ, ਚੈਨ ਨਾਲ ਰਹਿ, ਤੇਰੀ ਸਿਹਤ ਬਿਲਕੁਲ ਠੀਕ ਹੋ ਜਾਵੇਗੀ।"

ਆਪਣੇ ਵਿਚਾਰਾਂ ਨੂੰ ਭਟਕਣ ਨਾ ਦੇ, ਬਿਲਕੁਲ ਫ਼ਿਕਰ ਨਾ ਕਰ। ਕੁਝ ਦਿਨ ਪੂਰਾ ਆਰਾਮ ਕਰ। ਚੈਨ ਨਾਲ ਰਹਿ। ਹਾਂ, ਜਦ ਮੈਂ ਬਹੁਤ ਮੋਟਾ ਹੋ ਜਾਵਾਂਗਾ ਤਾਂ ਇਨ੍ਹਾਂ ਨੂੰ ਬਹੁਤ ਮਾਸ ਮਿਲੇਗਾ। ਪਰ ਮੈਨੂੰ ਇਹਦੇ ਨਾਲ ਕੀ ਮਿਲੇਗਾ ? ਕੀ ਇਹ ਸਿਹਤ ਦਾ ਠੀਕ ਹੋਣਾ ਹੈ ? ਇਹ ਇਨ੍ਹਾਂ ਸਾਰੇ ਆਦਮਖੋਰਾਂ ਦਾ ਮਨੁੱਖੀ ਮਾਸ ਲਈ ਲਾਲਚ ਤੇ ਨਾਲ ਹੀ ਭਲਮਾਣਸੀ ਦਾ ਦਿਖਾਵਾ ਹੈ। ਬੁਜ਼ਦਿਲੀ ਕਾਰਨ ਇਹ ਲੋਕ ਤੁਰੰਤ ਕਾਰਵਾਈ ਕਰਨ ਦੀ ਹਿੰਮਤ ਨਹੀਂ ਕਰਦੇ—ਇਹ ਦੇਖ ਕੇ ਹਾਸੇ ਨਾਲ ਪੇਟ 'ਚ ਦਰਦ ਹੋਣ ਲੱਗ ਪੈਂਦਾ ਹੈ। ਮੇਰਾ ਹਾਸਾ ਰੁਕ ਨਾ ਸਕਿਆ ਤੇ ਮੈਂ ਠਹਾਕਾ ਮਾਰ ਕੇ ਹੱਸ ਪਿਆ। ਬੜਾ ਮਜ਼ਾ ਆਇਆ। ਬਹੁਤ ਮਜ਼ਾ ਆਇਆ। ਮੈਨੂੰ ਪਤਾ ਸੀ ਕਿ ਇਸ ਹਾਸੇ ਵਿਚ ਨਿਡਰਤਾ ਤੇ ਸੱਚਾਈ ਲੁਕੀ ਹੋਈ ਹੈ। ਭਰਾ ਤੇ ਬੁੱਢੇ ਹਕੀਮ ਦੇ ਚਿਹਰੇ ਪੀਲੇ ਪੈ ਗਏ। ਉਹ ਲੋਕ ਮੇਰੀ ਨਿਡਰਤਾ ਤੇ ਸੱਚਾਈ ਦੇਖ ਕੇ ਡਰ ਗਏ।

ਮੈਂ ਨਿਡਰ ਹਾਂ, ਦਲੇਰ ਹਾਂ, ਇਸੇ ਕਰਕੇ ਉਹ ਲੋਕ ਮੈਨੂੰ ਖਾਣ ਲਈ ਬਹੁਤ ਕਾਹਲੇ ਹਨ। ਇਸ ਲਈ ਕਿ ਮੇਰਾ ਮਜਬੂਤ ਕਾਲਜਾ ਖਾ ਕੇ ਉਨ੍ਹਾਂ ਦਾ ਹੌਸਲਾ ਹੋਰ ਵਧ ਸਕੇ। ਬੁੱਢਾ ਹਕੀਮ ਉੱਠ ਕੇ ਚਲਾ ਗਿਆ। ਜਾਂਦਾ-ਜਾਂਦਾ ਭਰਾ ਦੇ ਕੰਨ ਵਿਚ ਕਹਿੰਦਾ ਗਿਆ, "ਇਸ ਨੂੰ ਹੁਣੇ ਖਾਣਾ ਹੈ।" ਭਰਾ ਨੇ ਸਿਰ ਨੀਵਾਂ ਕਰਕੇ ਹਾਂ ਕਰ ਦਿੱਤੀ। ਹੁਣ ਸਮਝ ਵਿਚ ਆਇਆ। ਗੁੱਝਾ ਭੇਤ ਖੁੱਲ੍ਹ ਗਿਆ। ਮਨ ਨੂੰ ਧੱਕਾ ਤਾਂ ਲੱਗਾ, ਪਰ ਇਹ ਤਾਂ ਹੋਣਾ ਹੀ ਸੀ। ਮੈਨੂੰ ਪਤਾ ਹੀ ਸੀ : ਮੇਰਾ ਆਪਣਾ ਹੀ ਭਰਾ ਮੈਨੂੰ ਖਾਣ ਜਾਣ ਦੀਆਂ ਸਾਜ਼ਿਸ਼ਾਂ ਵਿਚ ਸ਼ਾਮਿਲ ਹੈ !

ਇਹ ਆਦਮਖੋਰ ਮੇਰਾ ਆਪਣਾ ਹੀ ਵੱਡਾ ਭਰਾ ਹੈ !

ਮੈਂ ਇਕ ਆਦਮਖੋਰ ਦਾ ਛੋਟਾ ਭਰਾ ਹਾਂ !

ਮੈਨੂੰ ਦੂਜੇ ਲੋਕ ਖਾ ਜਾਣਗੇ, ਪਰ ਫਿਰ ਵੀ ਮੈਂ ਇਕ ਆਦਮਖੋਰ ਦਾ ਛੋਟਾ ਭਰਾ ਹਾਂ।

-5-

ਕੁਝ ਦਿਨਾਂ ਤੋਂ ਇਕ ਹੋਰ ਹੀ ਗੱਲ ਮੇਰੇ ਮਨ ਵਿਚ ਆ ਰਹੀ ਹੈ—ਹੋ ਸਕਦਾ ਹੈ ਹਕੀਮ ਦੇ ਭੇਸ ਵਿਚ ਉਹ ਬੁੱਢਾ ਜੱਲਾਦ ਨਾ ਹੋਵੇ, ਹਕੀਮ ਹੀ ਹੋਵੇ; ਜੇ ਅਜਿਹਾ ਹੋਵੇ ਵੀ ਤਾਂ ਉਹ ਆਦਮਖੋਰ ਤਾਂ ਹੈ ਹੀ। ਵੈਦਾਂ ਦੇ ਪੁਰਖੇ ਲੀ ਸ਼ੀ-ਚਨ (ਇਕ ਪ੍ਰਸਿੱਧ ਚੀਨੀ ਦਵਾਈ ਵਿਗਿਆਨਕ (1518-1563) ਜਿਸ ਨੇ "ਪਨਛਾਓਕਾਡਮੂ" ਨਾਂ ਦੇ ਦਵਾਈ-ਗ੍ਰੰਥ ਦੀ ਰਚਨਾ ਕੀਤੀ ਸੀ) ਦੀਆਂ ਜੜ੍ਹੀਆਂ-ਬੂਟੀਆਂ ਦੀਆਂ ਕਿਤਾਬਾਂ ਵਿਚ ਸਾਫ਼ ਲਿਖਿਆ ਹੋਇਆ ਹੈ ਕਿ ਨਰ-ਮਾਸ ਨੂੰ ਉਬਾਲ ਕੇ ਖਾਧਾ ਜਾ ਸਕਦਾ ਹੈ, ਸੋ ਉਹ ਵੈਦ ਆਦਮਖੋਰ ਨਹੀਂ ਤਾਂ ਹੋਰ ਕੀ ਹੈ ?

ਵੱਡੇ ਭਰਾ ਦਾ ਤਾਂ ਕਹਿਣਾ ਹੀ ਕੀ, ਉਹ ਤਾਂ ਆਦਮਖੋਰ ਹੈ ਹੀ। ਜਦੋਂ ਮੈਨੂੰ ਪੜ੍ਹਾਉਂਦਾ ਹੁੰਦਾ ਸੀ ਤਾਂ ਆਪਣੇ ਮੂੰਹੋਂ ਕਹਿੰਦਾ ਸੀ, "ਲੋਕ ਆਪਣੇ ਪੁੱਤਾਂ ਨੂੰ ਇਕ-ਦੂਜੇ ਨਾਲ ਬਦਲ ਕੇ ਖਾ ਲੈਂਦੇ ਹਨ" ਤੇ ਇਕ ਵਾਰ ਇਕ ਬਦਮਾਸ਼ ਵਾਸਤੇ

ਉਸ ਨੇ ਕਿਹਾ ਸੀ ਕਿ ਉਸ ਨੂੰ ਮਾਰ ਸੁੱਟਣ ਨਾਲ ਕੀ ਹੋਵੇਗਾ, "ਉਹਦਾ ਮਾਸ ਖਾ ਲਵੋ ਤੇ ਉਹਦੀ ਖੱਲ ਨੂੰ ਵਿਛਾਉਣਾ ਬਣਾ ਲਵੋ !" (ਇਕ ਪ੍ਰਾਚੀਨ ਚੀਨੀ ਗ੍ਰੰਥ 'ਚਵੋਚਵਾਨ' 'ਚੋਂ ਹਵਾਲਾ)। ਉਦੋਂ ਮੇਰੀ ਉਮਰ ਕੱਚੀ ਸੀ। ਸੁਣ ਕੇ ਦਿਲ ਦੇਰ ਤਕ ਧੜਕਦਾ ਰਿਹਾ। ਜਦੋਂ ਸ਼ਿਸ਼ੂ-ਭੇੜੀਆ ਪਿੰਡ ਦੇ ਕਰਜ਼ਦਾਰ ਨੇ ਇਕ ਬਦਮਾਸ਼ ਦਾ ਕਾਲਜਾ ਕੱਢ ਕੇ ਖਾ ਜਾਣ ਦੀ ਗੱਲ ਕਹੀ ਸੀ ਉਦੋਂ ਵੀ ਭਰਾ ਨੂੰ ਬੁਰਾ ਨਹੀਂ ਲੱਗਿਆ ਸੀ। ਸੁਣ ਕੇ ਚੁੱਪਚਾਪ ਸਿਰ ਹਿਲਾਉਂਦਾ ਰਿਹਾ ਸੀ, ਜਿਵੇਂ ਠੀਕ ਹੀ ਹੋਇਆ ਹੋਵੇ। ਮੇਰੇ ਤੋਂ ਕੀ ਲੁਕਿਆ ਹੋਇਆ, ਉਹ ਤਾਂ ਪਹਿਲਾਂ ਵਾਂਗ ਹੀ ਖ਼ੂੰਖਾਰ ਹੈ। ਕਿਉਂਕਿ "ਪੁੱਤਾਂ ਨੂੰ ਇਕ-ਦੂਜੇ ਨਾਲ ਬਦਲ ਕੇ ਉਸ ਨੂੰ ਖਾ ਜਾਣਾ" ਸੰਭਵ ਹੈ, ਫਿਰ ਤਾਂ ਹਰ ਚੀਜ਼ ਨੂੰ ਬਦਲਿਆ ਜਾ ਸਕਦਾ ਹੈ। ਹਰ ਕਿਸੇ ਨੂੰ ਖਾਧਾ ਜਾ ਸਕਦਾ ਹੈ। ਉਨ੍ਹੀਂ ਦਿਨੀਂ ਭਰਾ ਜਦੋਂ ਅਜਿਹੀਆਂ ਗੱਲਾਂ ਸਮਝਾਉਂਦਾ ਸੀ ਤਾਂ ਮੈਂ ਸੁਣ ਲੈਂਦਾ ਸੀ, ਸੋਚਦਾ ਨਹੀਂ ਸੀ। ਪਰ ਹੁਣ ਚੰਗੀ ਤਰ੍ਹਾਂ ਸਮਝ ਵਿਚ ਆਉਂਦੀਆਂ ਹਨ ਅਜਿਹੀਆਂ ਗੱਲਾਂ। ਕਹਿੰਦੇ ਵਕਤ ਉਹਦੇ ਮੂੰਹ ਵਿਚ ਮਨੁੱਖੀ-ਮਾਸ ਦਾ ਸੁਆਦ ਭਰ ਜਾਂਦਾ ਹੋਵੇਗਾ ਤੇ ਉਹਦਾ ਮਨ ਮਨੁੱਖ ਨੂੰ ਖਾਣ ਲਈ ਕਾਹਲਾ ਹੋ ਜਾਂਦਾ ਹੋਵੇਗਾ।

**-6-**

ਘੁੱਪ ਹਨ੍ਹੇਰਾ ਹੈ। ਪਤਾ ਨਹੀਂ ਲੱਗਦਾ ਦਿਨ ਹੈ ਕਿ ਰਾਤ। ਚਾਓ ਪਰਿਵਾਰ ਦਾ ਕੁੱਤਾ ਫਿਰ ਭੌਂਕ ਰਿਹਾ ਹੈ।

ਬੱਬਰ ਸ਼ੇਰ ਵਾਂਗ ਖ਼ੂੰਖਾਰ, ਖ਼ਰਗੋਸ਼ ਵਾਂਗ ਤੇਜ਼-ਤਰਾਰ, ਲੂੰਬੜੀ ਵਾਂਗ ਚਲਾਕ...।

**-7-**

ਮੈਂ ਉਨ੍ਹਾਂ ਲੋਕਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਕਿਸੇ ਨੂੰ ਇਕਦਮ ਮਾਰ ਸਕਣ ਨੂੰ ਤਿਆਰ ਨਹੀਂ। ਅਜਿਹਾ ਕਰ ਸਕਣ ਦੀ ਦਲੇਰੀ ਇਨ੍ਹਾਂ ਲੋਕਾਂ ਵਿਚ ਨਹੀਂ ਹੈ। ਨਤੀਜੇ ਦੇ ਡਰ ਨਾਲ ਇਨ੍ਹਾਂ ਦੀ ਜਾਨ ਨਿਕਲਦੀ ਹੈ, ਇਸ ਲਈ ਇਹ ਲੋਕ ਸਾਜ਼ਿਸ਼ ਰਚ ਕੇ ਜਾਲ ਵਿਛਾ ਰਹੇ ਹਨ, ਮੈਨੂੰ ਖ਼ੁਦਕੁਸ਼ੀ ਕਰ ਲੈਣ ਲਈ ਮਜਬੂਰ ਕਰ ਰਹੇ ਹਨ। ਕੁਝ ਦਿਨਾਂ ਤੋਂ ਗਲੀ ਦੀਆਂ ਤੀਵੀਆਂ ਤੇ ਆਦਮੀਆਂ ਦਾ ਰਵੱਈਆ ਦੇਖ ਰਿਹਾ ਹਾਂ ਤੇ ਵੱਡੇ ਭਰਾ ਦੇ ਤੇਵਰ ਵੀ ਦੇਖ ਰਿਹਾ ਹਾਂ। ਮੈਂ ਸਭ ਸਮਝਦਾ ਹਾਂ। ਇਹ ਲੋਕ ਤਾਂ ਚਾਹੁੰਦੇ ਹਨ ਕਿ ਕੋਈ ਘਰ ਦੀ ਸ਼ਤੀਰੀ ਨਾਲ ਫਾਹਾ ਲਾ ਕੇ ਇਨ੍ਹਾਂ ਲਈ ਮਰ ਜਾਵੇ। ਕਤਲ ਲਈ ਇਨ੍ਹਾਂ ਉੱਤੇ ਕੋਈ ਉਂਗਲੀ ਨਾ ਉਠਾ ਸਕੇ ਤੇ ਇਹ ਲੋਕ ਵੀ ਰੱਜ-ਰੱਜ ਖਾਣ। ਇਹ ਲੋਕ ਕਿਸੇ ਗੱਲ ਦੀ ਕਲਪਨਾ ਕਰਕੇ ਖ਼ੁਸ਼ੀ ਨਾਲ ਫੁੱਲੇ ਨਹੀਂ ਸਮਾ ਰਹੇ। ਭਾਵੇਂ ਕੋਈ ਆਦਮੀ ਚਿੰਤਾ ਤੇ ਸੰਕਟ ਨਾਲ ਸੁੱਕ-ਸੁੱਕ ਕੇ ਖ਼ੁਦਕੁਸ਼ੀ ਕਰ ਲਵੇ ਤੇ ਉਹਦੇ ਸਰੀਰ ਵਿਚ ਲਹੂ-ਮਾਸ ਕੁਝ ਵੀ ਨਾ ਰਹੇ, ਇਹ ਲੋਕ ਉਸ ਨੂੰ ਵੀ ਖਾਣ ਲਈ ਉਤਾਵਲੇ ਰਹਿੰਦੇ ਹਨ।

ਇਹ ਲੋਕ ਸਿਰਫ਼ ਮੁਰਦਾਰ ਗੋਸ਼ਤ ਖਾਂਦੇ ਹਨ। ਯਾਦ ਆਉਂਦਾ ਹੈ, ਇਕ ਘਿਣਾਉਣੇ ਜਾਨਵਰ ਦੇ ਬਾਰੇ ਪੜ੍ਹਿਆ ਹੋਇਆ। ਉਹਦੀਆਂ ਅੱਖਾਂ ਬਹੁਤ ਡਰਾਉਣੀਆਂ ਹੁੰਦੀਆਂ ਹਨ। ਹਾਂ, ਉਹਨੂੰ ਲੱਕੜਬੱਗਾ ਕਹਿੰਦੇ ਹਨ। ਲੱਕੜਬੱਗਾ ਅਕਸਰ ਮੁਰਦਾਰ ਗੋਸ਼ਤ ਖਾਂਦਾ ਹੈ। ਮੋਟੀ ਤੋਂ ਮੋਟੀ ਹੱਡੀ ਦੰਦਾਂ 'ਚ ਚਬਾ ਕੇ ਨਿਗਲ ਜਾਂਦਾ ਹੈ। ਖ਼ਿਆਲ ਆਉਂਦਿਆਂ ਹੀ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਲੱਕੜਬੱਗਾ ਦੀ ਨਸਲ ਬਘਿਆੜ ਨਾਲ ਮਿਲਦੀ ਹੈ ਤੇ ਬਘਿਆੜ ਕੁੱਤੇ ਦੀ ਨਸਲ ਵਿਚੋਂ ਹੁੰਦਾ ਹੈ। ਉਸ ਦਿਨ ਚਾਓ ਪਰਿਵਾਰ ਦਾ ਕੁੱਤਾ ਵਾਰ-ਵਾਰ ਮੇਰੇ ਵੱਲ ਦੇਖਦਾ ਰਿਹਾ ਸੀ। ਲਗਦਾ ਸੀ ਉਹ ਕੁੱਤਾ ਵੀ ਸਾਜ਼ਿਸ਼ ਵਿਚ ਸ਼ਾਮਿਲ ਹੈ। ਬੁੱਢੇ ਹਕੀਮ ਨੇ ਨਜ਼ਰਾਂ ਝੁਕਾਈਆਂ ਹੋਈਆਂ ਸਨ ਪਰ ਮੈਂ ਤਾਂ ਤਾੜ ਗਿਆ ਸੀ।

ਸਭ ਤੋਂ ਵੱਧ ਦੁੱਖ ਤਾਂ ਮੈਨੂੰ ਆਪਣੇ ਵੱਡੇ ਭਰਾ ਦਾ ਹੈ। ਉਹ ਵੀ ਤਾਂ ਆਦਮੀ ਹੈ, ਉਸ ਨੂੰ ਡਰ ਕਿਉਂ ਨਹੀਂ ਲੱਗਦਾ। ਮੈਨੂੰ ਖਾ ਲੈਣ ਲਈ ਉਹ ਵੀ ਦੂਜਿਆਂ ਨਾਲ ਕਿਉਂ ਮਿਲ ਗਿਆ ਹੈ। ਸ਼ਾਇਦ ਜੋ ਹੁੰਦਾ ਆ ਰਿਹਾ ਹੈ, ਉਸ ਨੂੰ ਹੁੰਦੇ ਜਾਣ ਵਿਚ ਲੋਕ ਜੁਰਮ ਤੇ ਦੋਸ਼ ਨਹੀਂ ਮੰਨਦੇ। ਜਾਂ ਮੇਰੇ ਭਰਾ ਨੂੰ ਪਤਾ ਹੈ ਕਿ ਇਹ ਜੁਰਮ ਹੈ, ਪਾਪ ਹੈ, ਪਰ ਉਸ ਨੇ ਪਾਪ ਕਰਨ ਲਈ ਆਪਣਾ ਦਿਲ ਪੱਥਰ ਦਾ ਬਣਾ ਲਿਆ ਹੈ ?

ਸਭ ਤੋਂ ਪਹਿਲਾਂ ਤਾਂ ਇਸ ਆਦਮਖੋਰ ਦਾ ਹੀ ਪਰਦਾਫ਼ਾਸ਼ ਕਰਾਂਗਾ। ਸਭ ਤੋਂ ਪਹਿਲਾਂ ਇਸ ਨੂੰ ਹੀ ਪਾਪ ਤੋਂ ਰੋਕਾਂਗਾ।

**-8-**

ਅਸਲ ਵਿਚ ਇਹ ਤਰਕ ਤਾਂ ਬਹੁਤ ਪਹਿਲਾਂ ਮੰਨ ਲਿਆ ਜਾਣਾ ਚਾਹੀਦਾ ਸੀ।

ਅਚਾਨਕ ਕੋਈ ਅੰਦਰ ਆ ਗਿਆ। ਉਹ ਵੀਹ ਕੁ ਵਰ੍ਹਿਆਂ ਦਾ ਨੌਜਵਾਨ ਹੋਵੇਗਾ। ਉਹਦਾ ਚਿਹਰਾ ਚੰਗੀ ਤਰ੍ਹਾਂ ਨਹੀਂ ਦੇਖ ਸਕਿਆ। ਉਸ ਉੱਤੇ ਮੁਸਕਾਨ ਖੇਡ ਰਹੀ ਸੀ। ਪਰ ਜਦੋਂ ਉਸ ਨੇ ਧੌਣ ਝੁਕਾ ਕੇ ਮੇਰਾ ਸਵਾਗਤ ਕੀਤਾ ਤਾਂ ਉਹਦੀ ਮੁਸਕਾਨ ਬਣਾਉਟੀ ਜਿਹੀ ਲੱਗੀ। ਮੈਂ ਪੁੱਛ ਹੀ ਲਿਆ, "ਦੱਸੋ, ਮਨੁੱਖੀ-ਮਾਸ ਖਾਣਾ ਠੀਕ ਹੈ ?"

ਉਹ ਮੁਸਕਰਾਉਂਦਾ ਰਿਹਾ ਤੇ ਕਹਿਣ ਲੱਗਾ, "ਕੀ ਕਿਤੇ ਕਾਲ ਪੈ ਗਿਆ ? ਨਰ-ਮਾਸ ਕੋਈ ਕਿਉਂ ਖਾਵੇਗਾ ?"

ਮੈਂ ਤਾੜ ਗਿਆ ਕਿ ਇਹ ਵੀ ਉਨ੍ਹਾਂ ਦੇ ਗ੍ਰੋਹ ਦਾ ਹੈ। ਮੈਂ ਹਿੰਮਤ ਕੀਤੀ ਤੇ ਫਿਰ ਪੁੱਛਿਆ—"ਮੇਰੀ ਗੱਲ ਦਾ ਜਵਾਬ ਦਿਉ!"

"ਆਖ਼ਿਰ ਇਸ ਸਵਾਲ ਦਾ ਮਤਲਬ ਕੀ ਹੈ ?...ਕੀ ਮਜ਼ਾਕ ਕਰ ਰਹੇ ਹੋ ? ਕਿੰਨਾ ਸੋਹਣਾ ਮੌਸਮ ਹੈ!"

"ਹਾਂ, ਮੌਸਮ ਵਧੀਆ ਹੈ, ਚਾਨਣੀ ਬਹੁਤ ਉਜਲੀ ਹੈ। ਪਰ ਤੁਸੀਂ ਮੇਰੀ ਗੱਲ ਦਾ ਜਵਾਬ ਦਿਉ, ਕੀ ਇਹ ਠੀਕ ਹੈ ?"

ਉਹ ਥੋੜ੍ਹਾ ਪਰੇਸ਼ਾਨ ਹੋ ਗਿਆ ਤੇ ਬੋਲਿਆ, "ਨਹੀਂ!"

"ਨਹੀਂ ? ਤੇ ਫਿਰ ਲੋਕ ਅਜਿਹਾ ਕਿਉਂ ਕਰਦੇ ਹਨ ?"

"ਤੁਹਾਡਾ ਮਤਲਬ ਕੀ ਹੈ ?"

"ਮੇਰਾ ਮਤਲਬ ? ਸ਼ੀਸ਼ੂ-ਭੇੜੀਆ ਪਿੰਡ ਵਿਚ ਲੋਕ ਨਰ-ਮਾਸ ਖਾ ਰਹੇ ਹਨ। ਤੁਸੀਂ ਪੋਥੀਆਂ-ਗ੍ਰੰਥ ਪੜ੍ਹ ਕੇ ਦੇਖ ਲਵੋ। ਸਭ ਥਾਂ ਇਹੋ ਲਿਖਿਆ, ਤਾਜ਼ਾ ਲਾਲ-ਲਾਲ ਅੱਖਰਾਂ 'ਚ।"

ਉਹ ਗੁੰਮਸੁੰਮ ਹੋ ਗਿਆ। ਉਹਦਾ ਚਿਹਰਾ ਪੀਲਾ ਪੈ ਗਿਆ। ਮੇਰੇ ਵੱਲ ਘੂਰ ਕੇ ਬੋਲਿਆ, "ਹੋਵੇਗਾ, ਹਮੇਸ਼ਾ ਤੋਂ ਹੀ ਹੁੰਦਾ ਆਇਆ ਹੈ।"

"ਹਮੇਸ਼ਾ ਤੋਂ ਹੁੰਦਾ ਆਇਆ ਹੈ, ਕੀ ਇਸ ਲਈ ਠੀਕ ਹੈ ?"

"ਮੈਂ ਇਸ ਬਹਿਸ 'ਚ ਨਹੀਂ ਪੈਣਾ ਚਾਹੁੰਦਾ। ਤੁਹਾਨੂੰ ਵੀ ਇਨ੍ਹਾਂ ਫ਼ਜ਼ੂਲ ਦੇ ਝਗੜਿਆਂ 'ਚ ਨਹੀਂ ਪੈਣਾ ਚਾਹੀਦਾ। ਅਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।"

ਮੈਂ ਝੱਟ ਉੱਠ ਪਿਆ, ਅੱਖਾਂ ਪਾੜ-ਪਾੜ ਇਧਰ-ਉਧਰ ਦੇਖਣ ਲੱਗ ਪਿਆ। ਉਹ ਆਦਮੀ ਗ਼ਾਇਬ ਹੋ ਗਿਆ ਸੀ। ਮੈਂ ਪਸੀਨਾ-ਪਸੀਨਾ ਹੋ ਰਿਹਾ ਸੀ। ਨੌਜਵਾਨ ਦੀ ਉਮਰ ਮੇਰੇ ਭਰਾ ਨਾਲੋਂ ਬਹੁਤ ਘੱਟ ਸੀ, ਪਰ ਉਹ ਵੀ ਉਨ੍ਹਾਂ ਲੋਕਾਂ ਦੇ ਨਾਲ ਸੀ। ਉਸ ਨੇ ਆਪਣੇ ਮਾਂ-ਬਾਪ ਤੋਂ ਸਿੱਖ ਲਿਆ ਹੋਵੇਗਾ, ਰੱਬ ਜਾਣੇ, ਆਪਣੇ ਪੁੱਤ ਨੂੰ ਵੀ ਸਿਖਾ ਚੁੱਕਾ ਹੋਵੇਗਾ। ਤਾਂ ਹੀ ਇਹ ਨਿੱਕੇ-ਨਿੱਕੇ ਛੋਕਰੇ ਮੈਨੂੰ ਇਉਂ ਘੂਰ-ਘੂਰ ਕੇ ਦੇਖਦੇ ਹਨ।

**-9-**

ਦੂਜਿਆਂ ਨੂੰ ਖਾ ਲੈਣ ਦਾ ਲਾਲਚ, ਪਰ ਖ਼ੁਦ ਖਾਜਾ ਬਣ ਜਾਣ ਦਾ ਡਰ। ਸਾਰਿਆਂ ਨੂੰ ਦੂਜਿਆਂ ਉੱਤੇ ਸ਼ੱਕ ਹੈ, ਦੂਜਿਆਂ ਨਾਲੋਂ ਸ਼ੱਕੀ ਹਨ।

ਜੇ ਇਸ ਲਗਾਤਾਰ ਬਣੇ ਡਰ ਤੋਂ ਲੋਕਾਂ ਨੂੰ ਮੁਕਤੀ ਮਿਲ ਜਾਵੇ ਤਾਂ ਉਹ ਨਿਡਰ ਹੋ ਕੇ ਕੰਮ ਕਰ ਸਕਦੇ ਹਨ। ਬਸ, ਮਨ 'ਚੋਂ ਇਕ ਵਿਚਾਰ ਕੱਢ ਦੇਣ ਦੀ ਜ਼ਰੂਰਤ ਹੈ। ਪਰ ਲੋਕਾਂ ਤੋਂ ਇਹ ਹੁੰਦਾ ਨਹੀਂ ਤੇ ਬਾਪ-ਬੇਟੇ, ਪਤੀ-ਪਤਨੀ, ਭਰਾ-ਭਰਾ, ਦੋਸਤ, ਗੁਰੂ-ਚੇਲਾ, ਇਕ-ਦੂਜੇ ਦੇ ਜਾਨੀ ਦੁਸ਼ਮਣ ਤੇ ਇਥੋਂ ਤਕ ਕਿ ਨਾਵਾਕਿਫ਼ ਵੀ ਇਕ-ਦੂਜੇ ਨੂੰ ਖਾ ਜਾਣ ਦੀ ਸਾਜ਼ਿਸ਼ ਵਿਚ ਸ਼ਾਮਿਲ ਹਨ, ਦੂਜਿਆਂ ਨੂੰ ਵੀ ਇਸ ਵਿਚ ਘਸੀਟ ਰਹੇ ਹਨ ਤੇ ਇਸ ਚੱਕਰ 'ਚੋਂ ਨਿਕਲਣ ਨੂੰ ਕੋਈ ਤਿਆਰ ਨਹੀਂ।

**-10-**

ਅੱਜ ਸਵੇਰੇ ਵੱਡੇ ਭਰਾ ਨੂੰ ਮਿਲਣ ਗਿਆ। ਉਹ ਡਿਓੜੀ ਦੇ ਮੂਹਰੇ ਖੜ੍ਹਾ ਅਸਮਾਨ ਵੱਲ ਨੂੰ ਦੇਖ ਰਿਹਾ ਸੀ। ਮੈਂ ਉਹਦੇ ਪਿੱਛੇ ਬੂਹੇ 'ਤੇ ਉਹਦੇ ਵਿਚਾਲੇ ਖੜ੍ਹਾ ਹੋ ਗਿਆ। ਬਹੁਤ ਹੀ ਨਿਮਰਤਾ ਨਾਲ ਆਖਿਆ—

"ਭਾ ਜੀ, ਕੁਝ ਕਹਿਣਾ ਚਾਹੁੰਦਾ ਹਾਂ।"

"ਹਾਂ, ਦੱਸ ਕੀ ਗੱਲ ਹੈ ?" ਉਹਨੇ ਫ਼ੁਰਤੀ ਨਾਲ ਮੇਰੇ ਵੱਲ ਘੁੰਮ ਕੇ ਸਿਰ ਹਿਲਾਉਂਦਿਆਂ ਆਗਿਆ ਦਿੱਤੀ।

"ਗੱਲ ਕੋਈ ਖ਼ਾਸ ਨਹੀਂ, ਪਰ ਕਹਿ ਨਹੀਂ ਹੋ ਰਿਹਾ। ਭਾ ਜੀ ਆਦਮ ਦੌਰ ਵਿਚ ਤਾਂ ਸ਼ਾਇਦ ਸਾਰੇ ਲੋਕ ਥੋੜ੍ਹਾ-ਬਹੁਤ ਮਨੁੱਖੀ-ਮਾਸ ਖਾ ਲੈਂਦੇ ਹੋਣਗੇ। ਜਦੋਂ ਲੋਕਾਂ ਦਾ ਜੀਵਨ ਬਦਲਿਆ, ਉਨ੍ਹਾਂ ਦੇ ਵਿਚਾਰ ਬਦਲੇ ਤਾਂ ਉਨ੍ਹਾਂ ਮਨੁੱਖੀ-ਮਾਸ ਦਾ ਤਿਆਗ ਕਰ ਦਿੱਤਾ। ਉਹ ਲੋਕ ਆਪਣਾ ਜੀਵਨ ਸੁਧਾਰਨਾ ਚਾਹੁੰਦੇ ਸਨ। ਇਸ ਲਈ ਉਹ ਸਭਿਅ ਬਣ ਗਏ, ਉਨ੍ਹਾਂ ਅੰਦਰ ਮਨੁੱਖਤਾ ਆ ਗਈ। ਪਰ ਕੁਝ ਲੋਕ ਅਜੇ ਵੀ ਖਾ ਰਹੇ ਹਨ—ਮਗਰਮੱਛਾਂ ਵਾਂਗ। ਕਹਿੰਦੇ ਨੇ ਜੀਵਾਂ ਦਾ ਵਿਕਾਸ ਹੁੰਦਾ ਹੈ, ਇਕ ਜੀਵ ਤੋਂ ਦੂਸਰਾ ਜੀਣ ਬਣ ਜਾਂਦਾ ਹੈ। ਕੁਝ ਜੀਵ ਵਿਕਾਸ ਕਰਕੇ ਮੱਛੀ ਬਣ ਗਏ ਹਨ, ਪੰਛੀ ਬਣ ਗਏ ਹਨ, ਬਾਂਦਰ ਬਣ ਗਏ ਹਨ। ਇਵੇਂ ਹੀ ਆਦਮੀ ਬਣ ਗਿਆ ਹੈ ਪਰ ਕੁਝ ਜੀਵਾਂ ਅੰਦਰ ਵਿਕਾਸ ਦੀ ਇੱਛਾ ਨਹੀਂ ਹੁੰਦੀ। ਉਨ੍ਹਾਂ ਦਾ ਵਿਕਾਸ ਨਹੀਂ ਹੁੰਦਾ, ਉਹ ਸੁਧਰਦੇ ਹੀ ਨਹੀਂ, ਰੀਂਗਣ ਵਾਲੇ ਜਾਨਵਰ ਹੀ ਬਣ ਜਾਂਦੇ ਹਨ। ਮਨੁੱਖੀ ਮਾਸ ਖਾਣ ਵਾਲੇ ਅਸਭਿਅ ਲੋਕ ਮਨੁੱਖੀ-ਮਾਸ ਨਾ ਖਾਣ ਵਾਲੇ ਮਨੁੱਖਾਂ ਦੇ ਮੁਕਾਬਲੇ ਕਿੰਨਾ ਨੀਵਾਂ ਤੇ ਸ਼ਰਮ ਮਹਿਸੂਸ ਕਰਦੇ ਹੋਣਗੇ। ਬਾਂਦਰ ਦੇ ਮੁਕਾਬਲੇ ਰੀਂਗਣ ਵਾਲੇ ਜਾਨਵਰ ਨਿਮਰ ਹਨ, ਪਰ ਮਨੁੱਖੀ-ਮਾਸ ਨਾ ਖਾਣ ਵਾਲੇ ਸਭਿਅ ਲੋਕਾਂ ਦੀ ਤੁਲਨਾ ਵਿਚ

ਮਨੁੱਖੀ-ਮਾਸ ਖਾਣ ਵਾਲੇ ਲੋਕ ਉਨ੍ਹਾਂ ਤੋਂ ਵੀ ਹੇਠਾਂ ਹਨ।

ਪੁਰਾਣੇ ਸਮੇਂ ਵਿਚ ਈ ਯਾ ਨੇ ਆਪਣੇ ਪੁੱਤ ਨੂੰ ਉਬਾਲ ਕੇ ਚਯੇ ਅਤੇ ਚਯੋ ਦੇ ਅੱਗੇ ਪਰੋਸ ਦਿੱਤਾ ਸੀ। ਇਹ ਇਕ ਪੁਰਾਣੀ ਕਹਾਣੀ ਹੈ। (ਪੁਰਾਤਨ ਲਿਖਤਾਂ ਅਨੁਸਾਰ ਈ ਯਾ ਨੇ ਆਪਣੇ ਪੁੱਤ ਦਾ ਮਾਸ ਛੀ ਰਾਜ ਦੇ ਰਾਜਾ ਹਵਾਨ ਨੂੰ, ਜਿਸ ਨੇ ਈਸਵੀ ਪੂਰਵ 685 ਤਕ ਸ਼ਾਸਨ ਕੀਤਾ, ਨੂੰ ਪਰੋਸਿਆ ਸੀ। ਚਯੋ ਤੇ ਚਯੇ ਇਸ ਤੋਂ ਪਹਿਲਾਂ ਦੇ ਜ਼ਮਾਨੇ ਵਿਚ ਤਾਨਾਸ਼ਾਹ ਸਨ। ਇਥੇ ਪਾਗਲ ਆਦਮੀ ਨੇ ਗ਼ਲਤੀ ਨਾਲ ਉਸ ਦਾ ਜ਼ਿਕਰ ਕਰ ਦਿੱਤਾ ਹੈ।) ਇਸ ਤੋਂ ਪਹਿਲਾਂ ਵੀ ਜਿਸ ਦਿਨ ਤੋਂ ਫਾਨ ਕੂ ਨੇ ਧਰਤੀ ਤੇ ਅਸਮਾਨ ਬਣਾਏ ਹਨ, ਈ ਯਾ ਦੇ ਪੁੱਤਰ ਦੇ ਜ਼ਮਾਨੇ ਤੋਂ ਸ਼ਵੀ ਸ਼ੀ-ਲਿਨ ਦੇ ਜ਼ਮਾਨੇ ਤਕ (ਛਿਡ ਰਾਜਵੰਸ਼ (1644-1911) ਦੇ ਆਖ਼ਰੀ ਸਮੇਂ ਦੇ ਇਕ ਇਨਕਲਾਬੀ ਸ਼ਵੀ ਸ਼ੀ-ਲਿਨ ਨੂੰ 1907 ਵਿਚ ਇਕ ਛਿਡ ਅਫ਼ਸਰ ਨੂੰ ਮਾਰਨ ਦੇ ਦੋਸ਼ ਵਿਚ ਮੌਤ ਦੀ ਸਜ਼ਾ ਦਿੱਤੀ ਗਈ ਸੀ। ਉਸ ਦੇ ਦਿਲ ਤੇ ਜਿਗਰ ਦਾ ਮਾਸ ਖਾਧਾ ਗਿਆ ਸੀ।) ਮਨੁੱਖ ਇਕ-ਦੂਜੇ ਨੂੰ ਖਾਂਦੇ ਰਹੇ ਹਨ। ਸ਼ਵੀ ਸ਼ੀ-ਲਿਨ ਦੇ ਜ਼ਮਾਨੇ ਤੋਂ ਸ਼ਿਸ਼ੂ-ਭੇੜੀਆ ਪਿੰਡ ਵਿਚ ਫੜੇ ਗਏ ਆਦਮੀ ਦੇ ਜ਼ਮਾਨੇ ਤਕ ਇਹੋ ਕੁਝ ਹੁੰਦਾ ਰਿਹਾ ਹੈ। ਪਿਛਲੇ ਸਾਲ ਸ਼ਹਿਰ ਵਿਚ ਇਕ ਦੋਸ਼ੀ ਦਾ ਗਾਟਾ ਲਾਹਿਆ ਗਿਆ ਸੀ। ਲਹੂ ਵਗਦਾ ਦੇਖ ਕੇ ਤਪਦਿਕ ਦੇ ਇਕ ਮਰੀਜ਼ ਨੇ ਉਸ ਦੇ ਲਹੂ ਵਿਚ ਰੋਟੀ ਡੁਬੋ ਕੇ ਖਾ ਲਈ ਸੀ।

"ਇਹ ਲੋਕ ਮੈਨੂੰ ਖਾ ਜਾਣਾ ਚਾਹੁੰਦੇ ਹਨ। ਇਨ੍ਹਾਂ ਸਾਰੇ ਲੋਕਾਂ ਨੂੰ ਇਕੱਲਿਆਂ ਰੋਕ ਸਕਣਾ ਤੁਹਾਡੇ ਵੱਸ ਦਾ ਨਹੀਂ; ਪਰ ਤੁਸੀਂ ਉਨ੍ਹਾਂ ਵਿਚ ਕਿਉਂ ਰਲ ਗਏ ਹੋ ? ਇਹ ਲੋਕ ਆਦਮਖੋਰ ਨੇ, ਇਹ ਕਿਤੇ ਕੁਝ ਕਰ ਨਾ ਦੇਣ ! ਇਹ ਮੈਨੂੰ ਖਾ ਜਾਣਗੇ। ਇਸ ਤੋਂ ਬਾਅਦ ਤੁਹਾਡੀ ਵਾਰੀ ਵੀ ਆਵੇਗੀ। ਫਿਰ ਇਹ ਲੋਕ ਆਪਸ ਵਿਚ ਵੀ ਇਕ-ਦੂਜੇ ਨੂੰ ਨਹੀਂ ਛੱਡਣਗੇ। ਭਾ ਜੀ, ਜੇ ਤੁਸੀਂ ਸਾਰੇ ਜਣੇ ਅੱਜ ਹੀ ਇਹ ਰਸਤਾ ਛੱਡ ਦਿਓਗੇ ਤਾਂ ਸਭ ਨੂੰ ਚੈਨ ਮਿਲ ਜਾਵੇਗਾ। ਮੰਨਿਆ ਪਈ ਬਹੁਤ ਪੁਰਾਣੇ ਸਮੇਂ ਤੋਂ ਅਜਿਹਾ ਹੀ ਹੁੰਦਾ ਆ ਰਿਹਾ ਹੈ, ਆਦਮੀ ਆਦਮੀ ਨੂੰ ਖਾਂਦਾ ਆਇਆ ਹੈ। ਪਰ ਹੁਣ, ਖ਼ਾਸ ਕਰਕੇ ਇਸ ਸਮੇਂ ਤਾਂ ਅਸੀਂ ਸਾਰੇ ਜਣੇ ਆਪਸ ਵਿਚ ਇਕ-ਦੂਜੇ ਉੱਤੇ ਦਇਆ ਕਰ ਸਕਦੇ ਹਾਂ ਤੇ ਕਹਿ ਸਕਦੇ ਹਾਂ ਕਿ ਅਜਿਹਾ ਨਹੀਂ ਹੋਵੇਗਾ ! ਭਾ ਜੀ ਮੈਨੂੰ ਭਰੋਸਾ ਹੈ ਕਿ ਇਸ ਤਰ੍ਹਾਂ ਕਹੋਗੇ। ਅਜੇ ਉਸ ਦਿਨ ਉਹ ਕਰਜ਼ਦਾਰ ਲਗਾਨ ਘਟਾਉਣ ਲਈ ਕਹਿ ਰਿਹਾ ਸੀ। ਫਿਰ ਵੀ ਤੁਸੀਂ ਕਹਿ ਦਿੱਤਾ ਸੀ, ਇਹ ਨਹੀਂ ਹੋ ਸਕਦਾ।"

ਭਰਾ ਪਹਿਲਾਂ ਤਾਂ ਬੇਪਰਵਾਹੀ ਦਿਖਾਉਣ ਲਈ ਮੁਸਕਰਾਉਂਦਾ ਰਿਹਾ, ਫਿਰ ਉਹਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ ਤੇ ਜਦੋਂ ਮੈਂ ਉਹਦਾ ਪਰਦਾਫ਼ਾਸ਼ ਕਰ ਦਿੱਤਾ ਤਾਂ ਉਹਦਾ ਚਿਹਰਾ ਪੀਲਾ ਪੈ ਗਿਆ। ਡਿਓੜੀ ਤੋਂ ਬਾਹਰ ਕਈ ਲੋਕ ਇਕੱਠੇ ਹੋਏ ਪਏ ਸਨ। ਚਾਯੋ ਸਾਹਿਬ ਵੀ ਆਪਣਾ ਕੁੱਤਾ ਲੈ ਕੇ ਖੜ੍ਹੇ ਸਨ। ਸਾਰੇ ਜਣੇ ਧੌਣਾਂ ਵਧਾ-ਵਧਾ ਕੇ ਬੜੀ ਉਤਸੁਕਤਾ ਨਾਲ ਅੰਦਰ ਨੂੰ ਝਾਕ ਰਹੇ ਸਨ। ਮੈਨੂੰ ਉਨ੍ਹਾਂ ਦੇ ਮੂੰਹ ਨਹੀਂ ਦਿਸ ਰਹੇ ਸਨ। ਲੱਗਦਾ ਸੀ ਕਈ ਲੋਕਾਂ ਨੇ ਕੱਪੜੇ ਨਾਲ ਮੂੰਹ ਢੱਕੇ ਹੋਏ ਸਨ। ਕਈਆਂ ਦੇ ਚਿਹਰੇ ਪੀਲੇ ਤੇ ਡਰਾਉਣੇ ਲੱਗ ਰਹੇ ਸਨ, ਕੁਝ ਆਪਣੇ ਹਾਸੇ ਨੂੰ ਰੋਕ ਕੇ ਖੜ੍ਹੇ ਸਨ। ਮੈਨੂੰ ਪਤਾ ਸੀ ਕਿ ਉਹ ਆਦਮਖ਼ੋਰ ਹਨ, ਆਪਸ ਵਿਚ ਮਿਲੇ ਹੋਏ ਹਨ। ਪਰ ਉਨ੍ਹਾਂ ਵਿਚ ਆਪਸੀ ਏਕਾ ਤੇ ਮੇਲ ਕਿੱਥੇ ਸੀ ! ਕੁਝ ਕੁ ਦਾ ਖ਼ਿਆਲ ਸੀ ਕਿ ਆਦਮਖ਼ੋਰੀ ਸ਼ੁਰੂ ਤੋਂ ਹੁੰਦੀ ਆਈ ਹੈ ਤੇ ਇਹ ਕੋਈ ਬੁਰੀ ਗੱਲ ਨਹੀਂ ਹੈ। ਕੁਝ ਮੰਨਦੇ ਸਨ ਕਿ ਇਹ ਅੱਤਿਆਚਾਰ ਹੈ, ਪਰ ਆਪਣਾ ਲਾਲਚ ਲੁਕੋ ਨਹੀਂ ਸੀ ਹੋ ਰਿਹਾ। ਚਾਹੁੰਦੇ ਸਨ ਕਿ ਉਨ੍ਹਾਂ ਦਾ ਭੇਤ ਖੁੱਲ੍ਹ ਨਾ ਜਾਵੇ। ਇਸ ਲਈ ਮੇਰੀ ਗੱਲ ਸੁਣੀ ਤਾਂ ਉਨ੍ਹਾਂ ਨੂੰ ਗ਼ੁੱਸਾ ਆ ਗਿਆ। ਪਰ ਆਪਣੇ ਗ਼ੁੱਸੇ ਨੂੰ ਕਾਬੂ ਕਰਕੇ ਉਹ ਮੁਸਕਰਾਉਂਦੇ ਰਹੇ।

ਭਰਾ ਇਕਦਮ ਗ਼ੁੱਸੇ ਵਿਚ ਆ ਗਿਆ ਤੇ ਜ਼ੋਰ ਨਾਲ ਬੋਲਿਆ—

"ਜਾਓ ਇਥੋਂ, ਦੌੜ ਜਾਓ ਸਾਰੇ ਜਣੇ ਇਥੋਂ। ਕਿਸੇ ਦਾ ਦਿਮਾਗ਼ ਖ਼ਰਾਬ ਹੋ ਗਿਆ ਹੈ ਤੇ ਤੁਸੀਂ ਉਸ ਦਾ ਤਮਾਸ਼ਾ ਦੇਖਣ ਆਏ ਹੋ !"

ਮੈਂ ਉਨ੍ਹਾਂ ਲੋਕਾਂ ਦੀ ਚਾਲ ਨੂੰ ਤਾੜ ਗਿਆ। ਇਹ ਲੋਕ ਆਪਣੇ ਰਸਤੇ ਤੋਂ ਹਟਣ ਵਾਲੇ ਨਹੀਂ, ਇਨ੍ਹਾਂ ਲੋਕਾਂ ਨੇ ਪੂਰੀ ਸਾਜਿਸ਼ ਰਚੀ ਹੋਈ ਹੈ। ਸਾਰਿਆਂ ਨੇ ਮਿਲ ਕੇ ਮੈਨੂੰ ਪਾਗਲ ਸਮਝ ਲਿਆ ਹੈ। ਇਹ ਲੋਕ ਮੈਨੂੰ ਖ਼ਤਮ ਕਰ ਦੇਣਗੇ ਤਾਂ ਕੋਈ ਕੁਝ ਨਹੀਂ ਕਹੇਗਾ। ਸਾਰੇ ਇਹ ਸਮਝਣਗੇ ਕਿ ਪਾਗਲ ਸੀ, ਉਸ ਨੂੰ ਬਿਲੇ ਲਾ ਦਿੱਤਾ। ਠੀਕ ਕੀਤਾ। ਜਦੋਂ ਸ਼ਿਸ਼-ਭੇੜੀਆ ਪਿੰਡ ਦੇ ਕਰਜ਼ਦਾਰ ਨੇ ਇਕ ਬਦਮਾਸ਼ ਨੂੰ ਮਾਰ ਕੇ ਖਾ ਲਿਆ ਤਾਂ ਵੀ ਕਿਸੇ ਨੇ ਕੁਝ ਨਹੀਂ ਕਿਹਾ ਸੀ। ਉਦੋਂ ਵੀ ਇਨ੍ਹਾਂ ਲੋਕਾਂ ਨੇ ਇਹੋ ਚਾਲ ਚੱਲੀ ਸੀ। ਇਹ ਇਨ੍ਹਾਂ ਲੋਕਾਂ ਦੀ ਇਕ ਪੁਰਾਣੀ ਚਾਲ ਹੈ।

ਛਨ ਵੀ ਅੰਦਰ ਆ ਗਿਆ। ਉਹ ਵੀ ਬਹੁਤ ਗਰਮ ਹੋ ਰਿਹਾ ਸੀ, ਪਰ ਉਹ ਲੋਕ ਮੇਰਾ ਮੂੰਹ ਬੰਦ ਨਾ ਕਰ ਸਕੇ। ਮੈਂ ਬੋਲੇ ਬਿਨਾਂ ਨਾ ਮੰਨਿਆ—

"ਇਹ ਠੀਕ ਨਹੀਂ ਹੈ, ਇਉਂ ਨਾ ਕਰੋ। ਤੁਹਾਨੂੰ ਆਪਣਾ ਮਨ ਬਦਲਣਾ ਪਵੇਗਾ।" ਮੈਂ ਆਖਿਆ, "ਸਮਝ ਲਵੋ, ਇਹ ਅਨਿਆਂ ਨਹੀਂ ਚੱਲ ਸਕੇਗਾ। ਭਵਿੱਖ ਵਿਚ ਦੁਨੀਆ ਵਿਚ ਆਦਮਖੋਰੀ ਨਹੀਂ ਚੱਲ ਸਕੇਗੀ।

"ਜੇ ਆਦਮਖੋਰੀ ਨਹੀਂ ਛੱਡੋਗੇ ਤਾਂ ਤੁਸੀਂ ਸਾਰੇ ਜਣੇ ਖ਼ਤਮ ਹੋ ਜਾਵੋਗੇ, ਇਕ ਦੂਜੇ ਨੂੰ ਖਾ ਜਾਵੋਗੇ। ਤੁਹਾਡੇ ਘਰਾਂ 'ਚ

ਭਾਵੇਂ ਜਿੰਨੇ ਵੀ ਨਿਆਣੇ ਜੰਮਣ, ਸਭਿਅ ਲੋਕ ਤੁਹਾਨੂੰ ਖ਼ਤਮ ਕਰ ਦੇਣਗੇ। ਜਿਵੇਂ ਸ਼ਿਕਾਰੀ ਜੰਗਲ ਵਿਚ ਬਘਿਆੜਾਂ ਨੂੰ ਖ਼ਤਮ ਕਰ ਦਿੰਦੇ ਹਨ, ਜਿਵੇਂ ਲੋਕ ਸੱਪਾਂ ਨੂੰ ਖ਼ਤਮ ਕਰ ਦਿੰਦੇ ਹਨ।"

ਛਨ ਨੇ ਸਾਰੇ ਲੋਕਾਂ ਨੂੰ ਭਜਾ ਦਿੱਤਾ। ਭਰਾ ਚਲਾ ਗਿਆ ਸੀ। ਛਨ ਨੇ ਮੈਨੂੰ ਕਮਰੇ ਵਿਚ ਜਾਣ ਨੂੰ ਕਿਹਾ। ਕਮਰੇ ਵਿਚ ਘੁੱਪ ਹਨ੍ਹੇਰਾ ਸੀ। ਸਿਰ ਉੱਤੇ ਛੱਤ ਦੀਆਂ ਸ਼ਤੀਰੀਆਂ ਤੇ ਕੜੀਆਂ ਹਿੱਲਦੀਆਂ ਜਾਪਦੀਆਂ ਸਨ। ਉਨ੍ਹਾਂ ਦਾ ਆਕਾਰ ਵਧਦਾ ਜਾ ਰਿਹਾ ਸੀ। ਕੁਝ ਪਲ ਇਉਂ ਹੀ ਖੜਖੜਾਹਟ ਹੁੰਦੀ ਰਹੀ। ਫਿਰ ਛੱਤ ਮੇਰੇ ਉੱਤੇ ਆ ਡਿੱਗੀ।

ਛੱਤ ਦੇ ਬੋਝ ਥੱਲੇ ਹਿੱਲ ਸਕਣਾ ਸੰਭਵ ਨਹੀਂ ਸੀ। ਉਹ ਲੋਕ ਤਾਂ ਚਾਹੁੰਦੇ ਹੀ ਸਨ ਕਿ ਮੈਂ ਮਰ ਜਾਵਾਂ। ਮੈਨੂੰ ਪਤਾ ਹੀ ਸੀ ਕਿ ਇਹ ਬੋਝ ਮਹਿਜ਼ ਖ਼ਿਆਲੀ ਹੀ ਹੈ। ਇਸ ਲਈ ਹਿੰਮਤ ਕੀਤੀ, ਮੋਢਾ ਡਾਹਿਆ ਤੇ ਬਾਹਰ ਨਿਕਲ ਆਇਆ। ਮੈਂ ਪਸੀਨਾ-ਪਸੀਨਾ ਹੋ ਰਿਹਾ ਸੀ, ਪਰ ਫਿਰ ਵੀ ਬੋਲੇ ਬਿਨਾਂ ਨਾ ਰਹਿ ਸਕਿਆ:

"ਤੁਹਾਨੂੰ ਤੁਰਤ ਬਦਲਣਾ ਪਵੇਗਾ। ਆਪਣਾ ਮਨ ਬਦਲਣਾ ਪਵੇਗਾ। ਯਾਦ ਰੱਖੋ, ਭਵਿੱਖ ਵਿਚ ਦੁਨੀਆ ਵਿਚ ਆਦਮਖੋਰੀ ਨਹੀਂ ਚੱਲ ਸਕੇਗੀ।"

## -11-

ਕੋਠੜੀ ਦਾ ਬੂਹਾ ਬੰਦ ਰਹਿੰਦਾ ਹੈ। ਕਦੀ ਧੁੱਪ ਦਿਖਾਈ ਨਹੀਂ ਦਿੰਦੀ। ਰੋਜ਼ਾਨਾ ਦੋ ਵਕਤ ਖਾਣਾ ਮਿਲ ਜਾਂਦਾ ਹੈ।

ਮੈਂ ਖਾਣਾ ਖਾਣ ਲਈ ਚਾਪ-ਸਟਿਕਾਂ ਚੁੱਕੀਆਂ ਤਾਂ ਭਰਾ ਦਾ ਖ਼ਿਆਲ ਆ ਗਿਆ, ਆਪਣੀ ਛੋਟੀ ਭੈਣ ਦੀ ਮੌਤ ਦੀ ਘਟਨਾ ਚੇਤੇ ਆ ਗਈ। ਉਹ ਭਰਾ ਦੀ ਹੀ ਕਰਤੂਤ ਸੀ। ਉਦੋਂ ਮੇਰੀ ਭੈਣ ਸਿਰਫ਼ ਪੰਜ ਸਾਲਾਂ ਦੀ ਹੀ ਸੀ। ਕਿੰਨੀ ਪਿਆਰੀ ਤੇ ਕਿੰਨੀ ਭੋਲੀ ਸੀ ਉਹ। ਯਾਦ ਆਉਂਦੀ ਹੈ ਤਾਂ ਚਿਹਰਾ ਅੱਖਾਂ ਮੋਹਰੇ ਆ ਜਾਂਦਾ ਹੈ। ਮਾਂ ਰੋ-ਰੋ ਕੇ ਬੇਹਾਲ ਹੋ ਰਹੀ ਸੀ। ਭਰਾ ਮਾਂ ਨੂੰ ਢਾਰਸ ਦੇ ਕੇ ਸਮਝਾ ਰਿਹਾ ਸੀ, ਕਾਰਨ ਸ਼ਾਇਦ ਇਹ ਸੀ ਕਿ ਖ਼ੁਦ ਹੀ ਬੇਚਾਰੀ ਨੂੰ ਖਾ ਗਿਆ ਸੀ, ਇਸ ਲਈ ਮਾਂ ਨੂੰ ਇਸ ਤਰ੍ਹਾਂ ਰੋਂਦਿਆਂ ਦੇਖ ਕੇ ਉਹਨੂੰ ਸ਼ਰਮ ਆ ਰਹੀ ਸੀ। ਜੇ ਉਹਦੇ ਵਿਚ ਸ਼ਰਮ ਹੁੰਦੀ...।

ਭਰਾ ਮੇਰੀ ਭੈਣ ਨੂੰ ਖਾ ਗਿਆ ਸੀ। ਪਤਾ ਨਹੀਂ ਮਾਂ ਨੂੰ ਇਸ ਭੇਤ ਦਾ ਪਤਾ ਹੈ ਕਿ ਨਹੀਂ।

ਮੇਰਾ ਤਾਂ ਖ਼ਿਆਲ ਹੈ ਕਿ ਮਾਂ ਸਭ ਕੁਝ ਜਾਣਦੀ ਸੀ, ਪਰ ਜਦੋਂ ਮਾਂ ਰੋ ਰਹੀ ਸੀ ਤਾਂ ਉਸ ਨੇ ਸਾਫ਼-ਸਾਫ਼ ਕੁਝ ਵੀ ਨਹੀਂ ਕਿਹਾ ਸੀ। ਸ਼ਾਇਦ ਇਹ ਸੋਚ ਕੇ ਚੁੱਪ ਰਹੀ ਸੀ ਕਹਿਣ ਵਾਲੀ ਗੱਲ ਹੀ ਨਹੀਂ ਸੀ। ਇਕ ਘਟਨਾ ਹੋਰ ਯਾਦ ਹੈ। ਉਦੋਂ ਮੇਰੀ ਉਮਰ ਸ਼ਾਇਦ ਚਾਰ ਜਾਂ ਪੰਜ ਸਾਲ ਦੀ ਹੋਵੇਗੀ। ਮੈਂ ਵਿਹੜੇ ਵਿਚ ਛਾਂ 'ਚ ਬੈਠਾ ਹੋਇਆ ਸੀ। ਭਰਾ ਨੇ ਕਿਹਾ ਸੀ—ਇਕ ਪੁੱਤਰ ਦਾ ਫ਼ਰਜ਼ ਹੈ ਕਿ ਆਪਣੇ ਮਾਂ-ਪਿਉ ਦੇ ਬਿਮਾਰ ਹੋਣ 'ਤੇ ਉਨ੍ਹਾਂ ਦੀ ਦਵਾਈ ਲਈ ਜੇ ਜ਼ਰੂਰਤ ਪਵੇ ਤਾਂ ਆਪਣੇ ਸਰੀਰ ਦਾ ਮਾਸ ਵੀ ਕੱਟ ਕੇ ਤੇ ਉਬਾਲ ਕੇ ਪੇਸ਼ ਕਰ ਦੇਵੇ। ਮਾਂ ਉਨ੍ਹਾਂ ਦੇ ਪੱਖ ਵਿਚ ਗੱਲ ਸੁਣ ਕੇ ਚੁੱਪ ਰਹਿ ਗਈ ਸੀ, ਉਹਨੇ ਕੋਈ ਵਿਰੋਧ ਨਾ ਕੀਤਾ। ਜੇ ਮਨੁੱਖੀ-ਮਾਸ ਦੀ ਇਕ ਬੋਟੀ ਖਾਧੀ ਜਾ ਸਕਦੀ ਹੈ ਤਾਂ ਪੂਰੇ ਆਦਮੀ ਨੂੰ ਵੀ ਖਾਧਾ ਜਾ ਸਕਦਾ ਹੈ। ਜਦੋਂ ਮਾਂ ਦੇ ਸੋਗ ਤੇ ਰੁਦਨ ਦੀ ਯਾਦ ਆਉਂਦੀ ਹੈ ਤਾਂ ਦਿਲ ਟੋਟੇ-ਟੋਟੇ ਹੋਣ ਲੱਗਦਾ ਹੈ। ਕਿੰਨੇ ਨਿਰਾਲੇ ਢੰਗ ਹਨ, ਇਨ੍ਹਾਂ ਲੋਕਾਂ ਦੇ!

## -12-

ਉਸ ਨੂੰ ਯਾਦ ਕਰਦਿਆਂ, ਸੋਚਦਿਆਂ ਹੀ, ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਸਿਰ ਚਕਰਾ ਜਾਂਦਾ ਹੈ।

ਆਖ਼ਿਰ ਇਹ ਗੱਲ ਸਮਝ ਵਿਚ ਆਈ ਕਿ ਉਮਰ-ਭਰ ਅਜਿਹੇ ਲੋਕਾਂ ਵਿਚਾਲੇ ਰਹਿ ਰਿਹਾ ਹਾਂ ਜੋ ਚਾਰ-ਪੰਜ ਹਜ਼ਾਰ ਸਾਲ ਤੋਂ ਮਨੁੱਖੀ ਮਾਸ ਦਾ ਭੋਜਨ ਕਰਦੇ ਆ ਰਹੇ ਹਨ। ਵੱਡੇ ਭਰਾ ਨੇ ਅਜੇ ਘਰ ਸੰਭਾਲਿਆ ਹੀ ਸੀ ਕਿ ਕੁਝ ਦਿਨ ਬਾਅਦ ਛੋਟੀ ਭੈਣ ਦੀ ਮੌਤ ਹੋ ਗਈ। ਇਸ ਨੇ ਉਹਦੇ ਮਾਸ ਨੂੰ ਵਰਤਿਆ ਹੀ ਹੋਵੇਗਾ, ਪੁਲਾਓ ਜਾਂ ਕਿਸੇ ਹੋਰ ਤਰ੍ਹਾਂ। ਬੇਖ਼ਬਰੀ ਵਿਚ ਅਸੀਂ ਲੋਕ ਵੀ ਖਾ ਗਏ ਹੋਵਾਂਗੇ।

ਸੰਭਵ ਹੈ, ਅਨਜਾਣੇ 'ਚ ਆਪਣੀ ਭੈਣ ਦੇ ਮਾਸ ਦੀਆਂ ਕਈ ਬੋਟੀਆਂ ਖਾ ਲਈਆਂ ਹੋਣ ਤੇ ਹੁਣ ਮੇਰੀ ਵਾਰੀ ਆਈ ਹੈ।

ਮੈਂ ਭਾਵੇਂ ਬੇਖ਼ਬਰ ਰਿਹਾ ਹਾਂ, ਮੇਰੇ ਪੁਰਖੇ ਚਾਰ ਹਜ਼ਾਰ ਸਾਲ ਤੋਂ ਆਦਮਖੋਰ ਰਹੇ ਹਨ। ਮੇਰੇ ਵਰਗਾ ਆਦਮੀ ਕਿਸੇ ਸਭਿਅ, ਅਸਲੀ ਇਨਸਾਨ ਨੂੰ ਆਪਣਾ ਮੂੰਹ ਕਿਵੇਂ ਦਿਖਾ ਸਕਦਾ ਹੈ?


## -13-

ਸੰਭਵ ਹੈ ਨਵੀਂ ਪੀੜ੍ਹੀ ਦੇ ਛੋਟੇ ਬੱਚਿਆਂ ਨੇ ਅਜੇ ਮਨੁੱਖੀ ਮਾਸ ਨਾ ਖਾਧਾ ਹੋਵੇ।

ਇਨ੍ਹਾਂ ਬੱਚਿਆਂ ਨੂੰ ਤਾਂ ਬਚਾ ਲਈਏ!

••

Mob : 93505-48100 • E-mail : bmadhupuri@yahoo.in




# ਫੁੱਟਬਾਲ ਦੀ ਸੁੰਦਰ ਖੇਡ
# ਵੇਦਨਾ ਤੇ ਵਜਦ ਦੀ ਇੰਤਹਾ ਅਤੇ ਲਾਲੀ ਬਾਬਾ

*ਗੁਰਦਿਆਲ ਸਿੰਘ ਬੱਲ*

ਕੋਪਾ ਅਮਰੀਕਾ ਫੁੱਟਬਾਲ ਦੇ 100 ਸਾਲਾ ਜਸ਼ਨਾਂ ਵਿੱਚ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਕਰਵਾਏ ਗਏ ਟੂਰਨਾਮੈਂਟ ਦਾ ਫਾਈਨਲ ਮੁਕਾਬਲਾ ਲਿਓਨਲ ਮੈਸੀ ਦੀ ਕਪਤਾਨੀ ਹੇਠ ਖੇਡ ਰਹੀ ਅਰਜਨਟੀਨੀਅਨ ਸ਼ੇਰਾਂ ਦੀ ਟੀਮ ਦਾ ਟਾਕਰਾ ਅਲੈਕਸਿਜਸੰਚੇਜ਼ ਦੀ 'ਅਗਵਾਈ' ਹੇਠਲੀ ਚਿਲੀਅਨ 'ਚੀਤਿਆਂ' ਦੀ ਟੀਮ ਨਾਲ ਸ਼ੁਰੂ ਹੋਣ ਵਿਚ ਅਜੇ ਕੁੱਝ ਮਿੰਟ ਬਾਕੀ ਹਨ। ਕਨੇਡਾ ਦੇ ਟੋਰਾਂਟੋ ਸ਼ਹਿਰ ਵਿਚ ਸ਼ਾਮ ਦਾ ਵਕਤ ਹੈ। ਸਾਡੇ ਆਪਣੇ ਭਾਰਤ ਦੇਸ਼ ਅੰਦਰ ਸਵੇਰ ਚੜ੍ਹਨ ਦਾ ਸਮਾਂ ਹੈ। ਮੈਂ ਆਪਣੇ ਅਜ਼ੀਜ ਗੁਰਫਤਿਹ ਸਿੰਘ ਬਦੇਸ਼ਾਂ, ਡਾ. ਬਲਕਾਰ ਸਿੰਘ, ਕੰਵਲਜੀਤ ਸਿੰਘ ਸੰਧੂ, ਡਾ. ਕੇਹਰ ਸਿੰਘ ਅਤੇ ਪ੍ਰਿੰ. ਅਮਰਜੀਤ ਸਿੰਘ ਪਰਾਗ – ਜਾਨੀ ਕਿ ਸਾਰੇ ਹੀ ਮਿੱਤਰਾਂ ਨੂੰ ਕਾਹਲੀ-ਕਾਹਲੀ ਨਾਲ ਫੋਨ 'ਤੇ ਸਾਵਧਾਨ ਕਰਨ ਦੀ ਕੋਸ਼ਿਸ਼ ਕੀਤੀ ਹੈ – ਕਿ ਕਿਧਰੇ ਉਹ ਇਹ ਨਜ਼ਾਰਾ ਮਿਸ ਨਾ ਕਰ ਦੇਣ।

ਮੈਚ ਸ਼ੁਰੂ ਹੁੰਦਿਆਂ ਹੀ ਅਰਜਨਟਾਈਨਾ ਦੇ ਖਿਡਾਰੀਆਂ ਨੇ ਚਿਲੀਅਨ ਗੋਲਾਂ ਉਪਰ ਆਪਣੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਅਜੇ ਕਈ ਹੋਰ ਮਿੱਤਰਾਂ ਨੂੰ ਫੋਨ ਕਰਨੇ ਰਹਿੰਦੇ ਹਨ – ਪ੍ਰੰਤੂ ਮੈਨੂੰ ਲਾਗੇ ਬੈਠੇ ਆਪਣੇ ਲੜਕੇ ਗੁਰਨੀਤ ਦਾ ਮੱਧਮ ਜਿਹਾ ਸੰਕੇਤ ਮੰਨਦਿਆਂ ਆਪਦਾ ਇਹ ਕੰਮ ਠੱਪ ਕਰਨਾ ਪੈਂਦਾ ਹੈ। ਉਹ ਆਖ ਰਿਹਾ ਹੈ ਕਿ ਮੈਚ ਜਿਸ ਗਤੀ ਨਾਲ ਸ਼ੁਰੂ ਹੋਇਆ ਹੈ ਅਤੇ ਅਰਜਨਟੀਨੀਅਨ ਟੀਮ ਜਿਸ ਕਿਸਮ ਦੀ ਫਾਰਮ ਵਿੱਚ ਹੈ – ਉਨ੍ਹਾਂ ਸੈਮੀ ਫਾਈਨਲ ਵਿਚ ਅਮਰੀਕਾ ਨੂੰ ਜਿਸ ਤਰ੍ਹਾਂ 4-0 ਨਾਲ ਹਰਾਇਆ ਹੋਇਆ ਹੈ– ਇਸ ਮੈਚ ਵਿਚ ਜਿੱਤ-ਹਾਰ ਦਾ ਅੰਤਰ ਟੈਨਿਸ ਸਕੋਰ ਵਾਲਾ ਵੀ ਹੋ ਸਕਦਾ ਹੈ। ਮੈਂ ਉਸਨੂੰ ਯਾਦ ਕਰਵਾਉਂਦਾ ਹਾਂ ਕਿ ਚਿਲੀਅਨ ਟੀਮ ਵਿਚ ਸੰਚੇਜ਼ ਅਤੇ ਵਾਰਗਸ ਹੀ ਨਹੀਂ ਮਾਰਤੂਰੋ ਵੀਦਾਲ, ਚਾਰਲਸ ਅਰੰਗੀਸ ਵੀ ਲੈਅ ਵਿਚ ਹਨ ਅਤੇ ਉਨ੍ਹਾਂ ਦੇ ਗੋਲਾਂ ਦੀ ਰਾਖੀ ਕਰ ਰਹੇ ਕਲਾਦੀਓ ਬਰਾਵੇ ਦਾ ਤਾਂ ਕੋਈ ਜਵਾਬ ਹੀ

ਨਹੀਂ ਹੈ। ਕੋਈ ਹੈਰਾਨੀ ਨਹੀਂ ਕਿ ਅਜੇ ਮਹਿਜ਼ ਹਫ਼ਤਾ ਕੁ ਪਹਿਲਾਂ ਹੀ ਮੈਕਸੀਕੋ ਵਰਗੀ ਜਾਂਬਾਜ ਖਿਡਾਰੀਆਂ ਦੀ ਟੀਮ ਨੂੰ ਪ੍ਰੀ-ਕਵਾਟਰ ਗੇੜ ਦੇ ਮੈਚ ਵਿਚ ਉਨ੍ਹਾਂ ਨੇ ਸਿਫਰ ਦੇ ਮੁਕਾਬਲੇ 7 ਗੋਲਾਂ ਨਾਲ ਜਦੋਂ ਹਰਾਇਆ ਸੀ ਤਾਂ ਉਨ੍ਹਾਂ ਨੂੰ ਖੇਡਦਿਆਂ ਵੇਖ ਕੇ ਭਲੇ ਵਕਤਾਂ 'ਚ ਭਾਰਤੀ ਹਾਕੀ ਦੇ ਉਨ੍ਹਾਂ ਇਤਿਹਾਸਕ ਮੈਚਾਂ ਦੇ ਅੰਕੜੇ ਬਾਰ-ਬਾਰ ਯਾਦ ਆਉਂਦੇ ਰਹੇ ਸਨ – ਜਾਨੀ ਲਗਦਾ ਇਹ ਸੀ ਕਿ ਚਿਲੀਅਨ ਟੀਮ ਉਸ ਦਿਨ 24-0 ਦੇ ਅੰਕੜੇ ਨੂੰ ਛੂਹ ਸਕਦੀ ਸੀ। ਸਾਡੇ ਖੇਮੇ ਦੇ ਸਭਸਾਥੀਆਂ ਦੀ ਤਾਂਘ ਤਾਂ ਨਿਰਸੰਦੇਹ ਅਰਜਨਟਾਈਨਾ ਦੀ ਟੀਮ ਨੂੰ ਜਿੱਤਦਿਆਂ ਵੇਖਣ ਦੀ ਹੀ ਹੈ। ਪਰ ਅਜੇ ਕੁਝ ਕਿਹਾ ਨਹੀਂ ਜਾ ਸਕਦਾ।

ਇਸੇ ਦੌਰਾਨ ਸਾਡੇ ਸੱਜਣਾਂ ਵਿਚੋਂ ਕੋਈ ਇਹ ਗੱਲ ਮੰਨਣੀ ਤਾਂ ਕੀ– ਕਿਸੇ ਸੂਰਤ ਵਿਚ ਅਰਜਨਟੀਨੀਅਨ ਟੀਮ ਦੀ ਹਾਰ ਦੀ ਸੰਭਾਵਨਾ ਤਸੱਵਰ ਵਿਚ ਲਿਆਉਣ ਲਈ ਵੀ ਤਿਆਰ ਨਹੀਂ ਸੀ। ਗੁਰਨੀਤ ਦੇ ਆਪਣੇ ਤਰਕ ਸਨ। ਅਰਜਨਟੀਨੀਅਨ ਹਮਲਾਵਰ ਪੰਕਤੀ ਵਿਚ ਗੋਂਸ਼ਾਲੋ ਇਗੂਆਈਨ ਅਤੇ ਅੰਖਿਲ ਦਾ ਮਾਰੀਆ ਦੀ ਫਾਰਮ ਦਾ ਉਸਨੂੰ ਵਧੇਰੇ ਪਤਾ ਸੀ। ਇਤਫਾਕਵਸ ਇਸ ਟੂਰਨਾਮੈਂਟ ਦੌਰਾਨ ਅਰਜਨਟਾਈਨਾ ਦਾ ਸ਼ੁਰੂਆਤੀ ਮੈਚ ਚਿਲੀਅਨ ਟੀਮ ਨਾਲ ਹੀ ਪਿਆ ਸੀ। ਲਿਓਨ ਮੈਸੀ ਨੂੰ ਲੱਕ ਵਿਚ ਗੰਭੀਰ ਚੋਟ ਲੱਗੀ ਹੋਣ ਕਾਰਨ ਉਨ੍ਹਾਂ ਗਰਾਊਂਡ ਵਿਚ ਉਤਾਰਿਆ ਨਹੀਂ ਸੀ...ਉਹ ਖੇਡਣ ਦੇ ਸਮਰੱਥ ਹੀ ਨਹੀਂ ਸੀ। ਉਸ ਦਿਨ ਉਸ ਦੀ ਜਗ੍ਹਾ ਗੈਤੋਂ ਨਾਂ ਦਾ ਜੋ ਖਿਡਾਰੀ ਖੇਡਣ ਆਇਆ ਸੀ – ਉਸਨੇ ਚਿਲੀਅਨ ਟੀਮ ਨੂੰ ਵਕਤ ਪਾਈ ਰੱਖਿਆ ਸੀ। ਮੈਚ ਉਨ੍ਹਾਂ ਉਹ ਇਕ ਦੇ ਮੁਕਾਬਲੇ 2 ਗੋਲਾਂ ਨਾਲ ਇਕ ਤਰ੍ਹਾਂ ਸਹਿਜੇ ਹੀ ਜਿੱਤ ਲਿਆ ਸੀ। ਉਸ ਦਿਨ ਮੈਚ ਦਾ ਸਾਰਾ ਹੀ ਸਮਾਂ ਅੰਖਿਲ ਦਾ ਮਰੀਆ ਪੂਰੀ ਤਰ੍ਹਾਂ ਖੇਡ 'ਤੇ ਹਾਵੀ ਰਿਹਾ। ਗੋਲ ਦੋਵੇਂ ਉਸ ਦੀਆਂ ਬੇਹੱਦ ਆਕਰਸ਼ਕ ਚਾਲਾਂ 'ਤੇ ਹੀ ਹੋਏ ਸਨ ਅਤੇ ਆਪਦੀ ਜ਼ੋਰਦਾਰ ਖੇਡ ਸਦਕਾ ਉਸ ਦਿਨ 'ਮੈਨ ਆਫ਼ ਦਾ ਮੈਚ' ਵੀ ਉਹ ਹੀ ਬਣਿਆ ਸੀ। ਕੁਝ ਦਿਨ ਪਿਛੋਂ ਲੀਗ ਦੇ ਪਨਾਮਾ ਵਿਰੁੱਧ ਅਗਲੇ ਮੈਚ ਵਿਚ ਉਨ੍ਹਾਂ ਨੇ ਮੈਸੀ ਨੂੰ ਮਹਿਜ਼ 15-20 ਮਿੰਟਾਂ ਲਈ ਮੈਦਾਨ ਵਿਚ ਉਤਾਰਿਆ ਸੀ। ਉਨ੍ਹਾਂ ਥੋੜੇ ਜਿਹੇ ਪਲਾਂ ਵਿਚ ਟੂਰਨਾਮੈਂਟ ਦੀ ਪਹਿਲੀ ਹੈਟ ਟਰਿੱਕ ਵੀ ਉਸੇ ਨੇ ਮਾਰੀ ਸੀ। ਫਿਰ ਰਖਿੱਅਕ ਪੰਕਤੀ ਵਿਚ ਕੰਬਿਆਸੋ ਅਤੇ ਉਸ ਦੇ ਪਿਛੇ ਮਾਰਕੋਸੋ ਰੋਖੋ ਕੰਧਾਂ ਵਰਗੇ ਤਜ਼ਰਬੇਕਾਰ, ਮੰਜੇ ਹੋਏ ਖਿਡਾਰੀ ਸਨ। ਹਾਂ ਉਸਨੂੰ ਇਕ ਚਿੰਤਾ ਜ਼ਰੂਰ ਸੀ ਕਿ ਅਰਜਨਟੀਨੀਅਨ ਮੱਧ ਪੰਕਤੀ ਦੇ ਧੁਰੇ ਵਜੋਂ ਖੇਡ ਰਹੇ ਇਜ਼ੀਕਲ ਲਵੇਜੀ ਨਾਂ ਦਾ ਖਿਡਾਰੀ ਜਿਸ ਨੇ ਕਿ ਅਮਰੀਕਾ ਵਿਰੁੱਧ ਮੈਚ ਵਿਚ ਪਹਿਲਾ ਗੋਲ ਕੀਤਾ ਸੀ – ਉਸ ਦਿਨ ਉਸਦੀ ਬਾਂਹ ਕੂਹਣੀ ਤੋਂ ਟੁੱਟ ਗਈ ਹੋਣ ਕਾਰਨ – ਉਹ ਮੈਦਾਨ ਵਿਚ ਹਾਜ਼ਰ ਨਹੀਂ ਸੀ। ਨਿਰਸੰਦੇਹ ਉਸਦਾ ਲਿਓਨਲ ਮੈਸੀ ਨਾਲ ਬਹੁਤ ਹੀ ਤਾਲ ਮੇਲ ਸੀ। ਸਾਲ 2014 ਦੇ ਇਰਾਨ ਵਿਰੁੱਧ ਵਿਸ਼ਵ ਕੱਪ ਲੀਗ 'ਚ ਘਮਸਾਨ ਦੇ ਮੁਕਾਬਲੇ ਦੌਰਾਨ ਜਦੋਂ ਉਨ੍ਹਾਂ ਨੇ ਅਰਜਨਟੀਨੀਅਨ 'ਹਨੇਰੀ' ਨੂੰ ਕੇਰਾਂ ਬੰਨ੍ਹ ਕੇ ਰੱਖ ਦਿੱਤਾ ਸੀ ਤਾਂ ਮੈਚ ਦਾ ਇਕੋ ਇਕ ਨਿਰਣਾਇਕ ਤੇ ਚਮਤਕਾਰੀ ਗੋਲ ਮੈਸੀ ਨੇ ਲਵੇਜ਼ੀ ਦੇ ਬੇਹੱਦ ਸਟੀਕ ਪਾਸ 'ਤੇ ਹੀ ਕੱਢਿਆ ਸੀ। ਪ੍ਰੰਤੂ ਉਸਦੇ ਬਦਲ ਹੈਗੇ ਸਨ – ਲਗਦਾ ਇਹ ਸੀ ਕਿ ਚਿੰਤਾ ਵਾਲੀ ਕੋਈ ਗੱਲ ਨਹੀਂ ਸੀ।

ਅਜੋਕੇ ਸਮਿਆਂ ਦੇ ਫੁੱਟਬਾਲ ਜਗਤ ਅੰਦਰ ਲਿਓਨਲ ਮੈਸੀ ਦੀ ਪ੍ਰਤਿਭਾ ਅਤੇ ਸਮਰੱਥਾ ਦਾ ਕੋਈ ਸਾਨੀ ਨਹੀਂ ਹੈ। ਇਸਦਾ ਸਬੂਤ ਇਹ ਹੈ ਕਿ 5 ਵਾਰ ਤਾਂ ਫੀਫਾ ਵੱਲੋਂ 'ਪਲੇਅਰ ਆਫ ਯੀਅਰ' ਚੁਣਿਆ ਗਿਆ; ਚਾਰ ਵਾਰ ਉਨ ਚੈਂਪੀਅਨ ਲੀਗ ਖਿਤਾਬ ਜਿੱਤੇ ਅਤੇ ਸਪੈਨਿਸ਼ ਲੀਗ ਵਿਚ ਆਪ ਦੀ ਬਾਰਸੀਲੋਨਾ ਕਲੱਬ ਲਈ ਖੇਡਦਿਆਂ ਉਸਨੇ ਇਹ ਕੌਤਿਕ 8 ਵਾਰੀਂ ਕੀਤਾ ਹੋਇਆ ਹੈ।

ਪੇਲੇ ਜਾਂ ਮਾਰਾਡੋਨਾ ਵਿਚੋਂ – ਸਦੀ ਦਾ ਸਭ ਤੋਂ ਮਹਾਨ ਫੁੱਟਬਾਲ ਕੌਣ – ਪਿਛਲੇ 15-20 ਵਰ੍ਹਿਆਂ ਤੋਂ ਇਹ ਬਹਿਸ ਚਲਦੀ ਆ ਰਹੀ ਹੈ। ਸਾਲ 2000 'ਚ ਫੀਫਾ ਨੇ ਖੇਡ ਮਾਹਿਰਾਂ ਅਤੇ ਪੱਤਰਕਾਰਾਂ ਤੋਂ ਰਾਏ ਲੈਣ ਲਈ ਜੋ ਸਰਵੇ ਕਰਵਾਇਆ ਸੀ ਉਸ ਵਿਚ ਪੇਲੇ ਨੂੰ 1705 ਅੰਕ ਮਿਲੇ ਸਨ; ਉਹ ਸਿਖ਼ਰ 'ਤੇ ਸੀ।ਮਾਰਾਡੋਨਾ ਉਸ ਤੋਂ ਕਾਫੀ ਪਿੱਛੇ ਪੰਜਵੇਂ ਥਾਂ 'ਤੇ ਰਿਹਾ। ਪ੍ਰੰਤੂ ਇੰਟਰਨੈੱਟ 'ਤੇ ਆਮ ਦਰਸ਼ਕਾਂ ਅਤੇ ਖੇਡ ਪ੍ਰੇਮੀਆਂ ਤੋਂ ਜਦੋਂ ਰਾਏ ਪੁੱਛੀ ਗਈ ਤਾਂ ਮਾਰਾਡੋਨਾ 53.6% ਅੰਕਾਂ ਨਾਲ ਬਹੁਤ ਜ਼ਿਆਦਾ ਅੱਗੇ ਅੱਗੇ ਨਿਕਲ ਗਿਆ ਸੀ ਜਦੋਂ ਕਿ ਦੂਸਰੇ ਨੰਬਰ 'ਤੇ ਪੇਲੇ ਹੀ ਸੀ – ਵੋਟਾਂ ਵੀ ਉਸਨੂੰ ਕੇਵਲ 18.53 ਮਿਲੀਆਂ। ਇਹ ਅਲੱਗ ਗੱਲ ਹੈ ਕਿ ਫਰਾਂਜ ਬੈਕਨਬਾਵਰ, ਜਿਨੇਡਨ ਜਿਡਾਨ, ਜੀਕੋ ਪਲਾਟੀਨੀ ਵਰਗੇ ਸਟਾਰਾਂ ਦੀਆਂ ਵੋਟਾਂ 5% ਦੇ ਆਸ ਪਾਸ ਹੀ ਸੀਮਤ ਰਹੀਆਂ। ਕੀ ਮੈਸੀ ਇਸ ਪੱਖ ਤੋਂ ਆਪਣੇ ਦੋਵਾਂ ਧੁਰੰਤਰ ਪੂਰਵਜਾਂ ਨੂੰ ਪਿਛਾੜ ਨਹੀਂ ਗਿਆ ਹੋਇਆ।

ਬਰਾਜ਼ੀਲ ਨੇ ਸਾਲ 1958 ਵਿਚ ਸਵੀਡਨ ਦੀ ਧਰਤੀ 'ਤੇ ਖੇਡਦਿਆਂ ਪਹਿਲੀ ਵਾਰ ਵਿਸ਼ਵ ਕੱਪ ਜਿੱਤਿਆ। ਪੇਲੇ ਦੀ ਉਮਰ ਉਸ ਸਮੇਂ ਮਹਿਜ਼ 17 ਸਾਲ ਸੀ। ਇਹ ਕੱਪ ਜਿੱਤਣ 'ਚ ਉਸਦੀ ਕੇਂਦਰੀ ਭੂਮਿਕਾ ਦੀ ਗੱਲ ਤਾਂ ਛੱਡੋ– ਫੁੱਟਬਾਲ ਦੀ ਗੇਮ ਦੇ ਇਤਿਹਾਸ ਵਿਚ ਉਸਨੂੰ 'ਪੇਲੇ ਦਾ ਕੱਪ' ਹੀ ਕਿਹਾ ਜਾਂਦਾ ਹੈ। ਕਰੀਬ ਤਿੰਨ ਦਹਾਕੇ ਬਾਅਦ ਸਾਲ 1986 ਦੇ ਵਿਸ਼ਵ ਕੱਪ ਦੌਰਾਨ ਫਿਰ ਉਸੇ ਤਰ੍ਹਾਂ ਦੀ ਭੂਮਿਕਾ ਮਾਰਾਡੋਨਾ ਨੇ ਅਰਜਨਟੀਨਾ ਦੀ ਸ਼ਾਨਦਾਰ ਜਿੱਤ 'ਚ ਨਿਭਾਈ। ਹੁਣ ਮੈਸੀ ਦੀ ਵਾਰੀ ਸੀ ਪਰ ਕੀ ਇਸ ਮੈਚ ਵਿਚ ਉਹ ਅਜਿਹਾ ਕੌਤਿਕ ਕਰ ਸਕੇਗਾ?

ਯੋਰਪ ਦੀਆਂ ਲੀਗਾਂ ਵਿਚ ਖਿਡਾਰੀਆਂ ਦਾ ਵਿਸ਼ਵ ਕੱਪ ਨਾਲ ਵੀ ਕਰੜਾ ਇਮਤਿਹਾਨ ਹੋ ਜਾਂਦਾ ਹੈ ਅਤੇ ਇਹ ਇਮਤਿਹਾਨ ਬਾਰ-ਬਾਰ ਮੈਸੀ ਨੇ ਕਿਸ ਸ਼ਾਨ ਨਾਲ ਪਾਸ ਕਰਕੇ ਦਿਖਾਏ ਹੋਏ ਹਨ – ਸਭ ਨੂੰ ਪਤਾ ਹੈ। ਉਹ ਸਾਲ 2014 ਦੇ ਵਿਸ਼ਵ ਕੱਪ ਸਮੇਤ ਤਿੰਨ ਵਾਰੀਂ ਆਪਣੇ ਦੇਸ਼ ਦੀ ਟੀਮ ਨੂੰ ਫਾਈਨਲ ਗੇੜ ਤੱਕ ਲੈ ਕੇ ਗਿਆ ਪ੍ਰੰਤੂ ਤਿੰਨੇ ਵਾਰੀਂ ਪੈਨਲਟੀ ਕਿੱਕਾਂ ਦੇ ਗੇੜ 'ਚ ਜਾ ਕੇ ਉਸਦੀ ਹਾਰ ਹੁੰਦੀ ਰਹੀ। ਆਮ ਖੇਡ ਪ੍ਰੇਮੀਆਂ ਦੀ ਰਾਇ ਅਨੁਸਾਰ ਅੱਜ ਦੀ ਤਰੀਕ ਵਿਚ ਉਸਦਾ ਮੁਕਾਮ ਪਹਿਲਾਂ ਹੀ ਪੇਲੇ ਅਤੇ ਆਪਣੇ ਉਸਤਾਦ ਮਾਰਾਡੋਨਾ ਤੋਂ ਉਪਰ ਉਠ ਗਿਆ ਹੋਇਆ ਹੈ। ਪ੍ਰੰਤੂ ਕਿਸੇ ਨਾ ਕਿਸੇ ਅਹਿਮ ਟੂਰਨਾਮੈਂਟ ਵਿਚ ਸੋਨ ਤਮਗਾ ਚੁੱਕੇ ਬਗੈਰ ਪੂਰੀ ਗੱਲ ਬਣਦੀ ਨਹੀਂ ਹੈ ਅਤੇ ਉਸੇ ਦੀ ਉਡੀਕ ਵਿਚ ਅਸੀਂ ਬੈਠੇ ਸਾਂ।

ਕਾਫੀ ਸਮਾਂ ਪਹਿਲਾਂ ਤੱਕ ਏਸ਼ੀਅਨ ਦੇਸ਼ਾਂ ਸਮੇਤ ਤੀਸਰੇ ਜਗਤ ਵਿਚ ਖੇਡ ਪ੍ਰੇਮੀਆਂ ਅੰਦਰ ਬਰਾਜ਼ੀਲ ਦੀ ਟੀਮ ਲਈ ਵਿਸ਼ੇਸ਼ ਆਕਰਸ਼ਣ ਸੀ – ਪ੍ਰੰਤੂ ਮਾਰਾਡੋਨਾ ਦੇ ਮਕਬੂਲ ਹੋ ਜਾਣ ਤੋਂ ਬਾਅਦ ਇਹ ਸਥਾਨ ਅਰਜਨਟੀਨੀਅਨ ਫੁੱਟਬਾਲ ਟੀਮ ਨੇ ਹਥਿਆ ਲਿਆ ਹੋਇਆ ਹੈ। ... ਤੇ 1986 ਦੇ ਜੇਤੂ ਕੱਪ ਤੋਂ ਬਾਅਦ ਹਰ ਵਾਰ ਬਹੁਤ ਹੀ ਵਧੀਆ ਖੇਡਣ ਦੇ ਬਾਵਜੂਦ ਅਰਜਨਟੀਨਾ ਕਦੀ ਪ੍ਰੀ-ਕਵਾਟਰ ਫਾਈਨਲ ਗੇੜ ਅਤੇ ਕਦੀ ਕਵਾਟਰ ਫਾਈਨਲ ਗੇੜ ਵਿਚ ਹਾਰ ਕੇ ਬਾਹਰ ਹੁੰਦੀ ਵੇਖਦਿਆਂ ਲਈ ਸਾਡੇ ਮਿੱਤਰਾਂ ਦੇ ਮਨਾਂ ਵਿਚ ਫੁੱਟਬਾਲ ਦੀ ਖੇਡ ਦੇ ਚਾਰਮ ਦਾ ਸਾਰਾ ਮਜ਼ਾ ਹੀ ਕਿਰਕਿਰਾ ਹੋ ਜਾਂਦਾ ਰਿਹਾ ਹੈ।

ਸੋ ਇਹ ਸੀ ਉਹ ਪਿਛੋਕੜ ਜਿਸ ਵਿਚ ਇਕ ਪਾਸੇ ਮੈਸੀ ਤੇ ਦੂਸਰੇ ਪਾਸੇ ਸੰਚੇਜ਼ ਦੀਆਂ ਟੀਮਾਂ 'ਰਣਤੱਤੇ' ਲਈ ਇਕ ਦੂਸਰੇ ਦੇ ਆਹਮੋ-ਸਾਹਮਣੇ ਹੋਈਆਂ – ਸਾਡੀਆਂ ਹਮਦਰਦੀਆਂ ਪਾਠਕ ਅੰਦਾਜ਼ਾ ਲਗਾ ਹੀ ਸਕਦੇ ਹਨ ਕਿ ਕਿਸ ਦਾਅ 'ਤੇ ਸਨ। ਅੰਖਿਲ ਦਾ ਮਾਰੀਆ, ਗੰਜਾਲੋ ਈਗੁਆਈਨ ਅਤੇ ਮੈਸੀ ਪੂਰੀ ਲੈਅ ਵਿਚ ਸਨ – ਮੈਚ ਸ਼ੁਰੂ ਹੁੰਦਿਆਂ ਹੀ ਉਨ੍ਹਾਂ ਦੀ ਚੜ੍ਹਾਈ ਸਾਫ ਨਜ਼ਰ ਆ ਰਹੀ ਸੀ। ਚਿਲੀਅਨ ਰਖਿਅੱਕ ਪੰਕਤੀ ਦੇ ਖਿਡਾਰੀਆਂ ਦਾ ਸਾਰਾ ਧਿਆਨ ਮੈਸੀ 'ਤੇ ਕੇਂਦਰਿਤ ਸੀ। 20 ਮਿੰਟਾਂ ਦੀ ਖੇਡ ਲੰਘਦਿਆਂ ਹੀ ਉਨ੍ਹਾਂ ਦੇ ਅਹਿਮ ਖਿਡਾਰੀ ਮੈਡਲ ਤੋਂ ਜ਼ਰਾ ਕੁ ਜਿੰਨੀ ਗਲਤੀ ਹੁੰਦਿਆਂ ਹੀ ਗੰਜਾਲੋ ਇਗੁਆਈਨ ਨੇ ਬਾਲ 'ਤੇ ਕਬਜ਼ਾ ਕੀਤਾ ਤੇ ਉਸ ਕੋਲ ਗੋਲ ਕਰਨ ਦਾ ਸੁਨਹਿਰੀ ਮੌਕਾ ਲੈ ਲਿਆ। ਗੋਲਕੀਪਰ ਬਰਾਵੋ ਬੀਟ ਹੋ ਚੁੱਕਾ ਹੋਇਆ ਸੀ – ਪਰ ਉਸ ਤੋਂ ਗੱਲ ਬਣੀ ਨਾ। – ਬਾਲ ਪੋਸਟ ਨੂੰ ਖਹਿੰਦੀ ਹੋਈ ਪਾਸੇ ਨਿਕਲ ਗਈ। ਸਾਡੇ ਸਾਹ ਸੂਤੇ ਗਏ – ਪ੍ਰੰਤੂ ਚਿਲੀਅਨ ਖਿਡਾਰੀਆਂ ਦੇ ਜ਼ਾਹਿਰ ਹੈ ਸਾਹ ਵਿਚ ਸਾਹ ਆਇਆ। ਗੁਰਨੀਤ ਮੈਨੂੰ ਦੱਸ ਰਿਹਾ ਸੀ ਕਿ ਇਗੁਆਈਨ ਬਹੁਤ ਸਮਰੱਥ ਖਿਡਾਰੀ ਹੈ ਕੋਈ ਰੌਲਾ ਨਹੀਂ ਹੈ ਪ੍ਰੰਤੂ ਉਸਨੇ ਜਰਮਨੀ ਵਿਰੁੱਧ ਵਿਸ਼ਵ ਕੱਪ ਫਾਈਨਲ ਮੁਕਾਬਲੇ ਦੌਰਾਨ ਉਸ ਮੈਚ ਦੇ ਅਜਿਹੇ ਹੀ ਮੋੜ 'ਤੇ ਐਨ ਇਸੇ ਤਰ੍ਹਾਂ ਹੀ ਗੋਲ ਕਰਨ ਦਾ ਸੁਨਹਿਰੀ ਮੌਕਾ ਗਵਾਇਆ ਸੀ ਅਤੇ ਨਾਲ ਹੀ ਉਸਨੇ ਡਰ ਪ੍ਰਗਟਾਇਆ ਕਿ ਇਸ ਮੈਚ ਵਿਚ ਵੀ ਕਿਧਰੇ ਉਸੇ ਤਰ੍ਹਾਂ ਦਾ ਭਾਣਾ ਨਾ ਵਾਪਰ ਜਾਵੇ – ਅਜਿਹੇ ਮੌਕੇ ਚਿਲੀਅਨ ਟੀਮ ਨੇ ਬਹੁਤੇ ਦੇਣੇ ਨਹੀਂ ਹਨ।

ਅਸੀਂ ਇਹ ਗੱਲ ਕਰ ਰਹੇ ਸਾਂ ਕਿ ਮੋਬਾਈਲ ਦੀ ਘੰਟੀ ਖੜਕੀ। ਮਹਿਬੂਬ ਸਾਹਿਬ ਦੇ ਛੋਟੇ ਭਾਈ, ਸਾਡੇ ਮਿੱਤਰ ਡਾ. ਮਲਕੀਤ ਦਾ ਲੁਧਿਆਣੇ ਤੋਂ ਫੋਨ ਸੀ – ਮਹਿਜ਼ ਇਹ ਚਿੰਤਾ ਜ਼ਾਹਿਰ ਕਰਨ ਲਈ ਕਿ ਇਗੁਆਈਨ ਨੇ ਇਹ ਕੀ ਕਰ ਦਿੱਤਾ ਸੀ।

ਚਿਲੀਅਨ ਟੀਮ ਪਹਿਲਾਂ ਹੀ ਚੌਕੰਨੀ ਸੀ। ਲਗਾਤਾਰ ਮੰਡਰਾ ਰਹੇ ਖਤਰੇ ਦੇ ਲੰਘਦਿਆਂ ਸਾਰ ਹੀ ਉਹ ਪਹਿਲਾਂ ਤੋਂ ਵੀ ਵੱਧ ਚੌਕਸੀ ਨਾਲ ਮੈਸੀ ਦੇ ਸਿਰ ਹੋ ਗਏ – ਮਾਨੋ ਇਕ ਦੋ ਨਹੀਂ ਬਲਕਿ 3-4 ਖਿਡਾਰੀ ਉਸਦੇ ਨਾਲ ਹੀ ਚੰਬੜ ਗਏ। ਹੁਣ ਉਹ ਮੈਸੀ ਦੀ ਲੈਅ ਨੂੰ ਤੋੜਨ ਲਈ ਐਨ ਉਨ੍ਹਾਂ ਹੀ ਹੱਥ ਕੰਡਿਆਂ 'ਤੇ ਉਤਰ ਆਏ ਸਨ ਜਿਹੜੇ ਹੱਥ ਕੰਡੇ 1982 ਦੇ ਦੂਸਰੇ ਹੀ ਗੇੜ ਦੇ ਫੈਸਲਾਕੁਨ ਮੁਕਾਬਲੇ ਦੌਰਾਨ ਕਦੀ ਇਤਾਲਵੀ ਫੁੱਟਬਾਲ ਟੀਮ ਨੇ 22 ਵਰ੍ਹਿਆਂ ਦੀ ਉਮਰ ਦੇ – ਆਪਦੀ ਪ੍ਰਤਿਭਾ ਦੇ ਸਿਖ਼ਰ 'ਤੇ ਚਲ ਰਹੇ ਮਾਰਾਡੋਨਾ ਦੀ ਲੈਅ ਨੂੰ ਬਰਬਾਦ ਕਰਨ ਲਈ ਅਪਣਾਏ ਸਨ। ਸਾਡੇ ਮੀਤੀ ਬਾਈ ਨੇ ਉਹ ਮੈਚ ਟੈਲੀਵੀਜ਼ਨ ਉਪਰ ਤੱਕਿਆ ਹੋਇਆ ਸੀ ਅਤੇ ਫੋਨ ਉਪਰ ਉਸਨੇ ਯਾਦ ਕਰਵਾਇਆ ਕਿ ਚਿਲੀਅਨ ਡੀਫੈਂਸ ਮੈਸੀ ਨਾਲ ਉਸੇ ਤਰ੍ਹਾਂ ਹੀ ਕਰ ਰਿਹਾ ਹੈ। ਅਸੀਂ ਚਾਹਾਂਗੇ ਕਿ ਪਾਠਕਾਂ ਨਾਲ ਉਸ ਯਾਦਗਾਰੀ ਮੈਚ ਦੇ ਸੰਖੇਪ ਵੇਰਵੇ ਵੀ ਪਾਠਕਾਂ ਨਾਲ ਸਾਂਝੇ ਕਰ ਲਏ ਜਾਣ।

ਇਤਾਲਵੀ ਫੁੱਟਬਾਲ ਟੀਮ ਦੀਆਂ ਬਰਾਜ਼ੀਲ, ਅਰਜਨਟਾਈਨਾ, ਜਰਮਨੀ ਅਤੇ ਇੰਗਲੈਂਡ ਵਾਂਗ ਹੀ ਵੱਡੀਆਂ ਅਤੇ ਸ਼ਾਨਾਂਮਤੀਆਂ ਰਵਾਇਤਾਂ ਸਨ। ਕੱਪ ਚੱਕਿਆਂ 30-35 ਵਰ੍ਹੇ ਉਨ੍ਹਾਂ ਨੂੰ ਲੰਘ ਗਏ ਸਨ। ਕੈਬਰੀਨੀ, ਟਾਰਡੇਲੀ, ਗਰਾਜਿਆਨੀ, ਕੋਂਟੀ ਅਤੇ ਸਭ ਤੋਂ ਵੱਧ ਪਾਅਲੋ ਰੋਸੀ ਵਰਗੇ ਸਟਾਰ ਖਿਡਾਰੀਆਂ ਨਾਲ ਉਹ ਲੈੱਸ ਸਨ। 20ਵੀਂ ਸਦੀ ਦੇ ਸਭ ਤੋਂ ਸਖ਼ਤ ਜਾਨ ਡੀਫੈਂਸਿਵ ਮਿੱਡ ਫੀਲਡਰ ਕਲਾਦੀਓ ਜੈਨਟਾਇਲ ਦੀਆਂ ਸੇਵਾਵਾਂ ਉਨ੍ਹਾਂ ਨੂੰ ਹਾਸਲ ਸਨ। ਕਪਤਾਨ ਉਨ੍ਹਾਂ ਦਾ 40 ਵਰ੍ਹਿਆਂ ਤੋਂ ਪਾਰ ਉਮਰ ਦਾ ਕੀਪਰ ਡੀਨੋ ਜ਼ੌਫ ਸੀ ਜਿਸ ਦੀ ਕੁਸ਼ਲਤਾ ਦਾ ਕੋਈ ਪਾਰਾਵਾਰ ਨਹੀਂ ਸੀ ਅਤੇ ਉਸ ਨੇ ਮੈਚ ਦੇ ਸਾਰੇ ਸਮੇਂ ਤੱਕ ਮਾਰਡੋਨਾ ਨੂੰ ਬੰਨ੍ਹ ਕੇ ਰੱਖੀ ਰੱਖਣ ਦੀ ਜ਼ਿੰਮੇਵਾਰੀ ਮੈਚ ਸ਼ੁਰੂ ਹੁੰਦਿਆਂ ਹੀ ਜੈਨਟਾਇਲ ਨੂੰ ਸੰਭਾਲ ਦਿੱਤੀ ਸੀ । ਦੂਸਰੇ ਗੇੜ ਵਿਚ ਤਿੰਨ-ਤਿੰਨ ਵੱਡੀਆਂ ਟੀਮਾਂ ਦੇ ਚਾਰ ਪੂਲ ਸਨ ਅਤੇ ਅਗਲਾ ਮੈਚ ਉਨ੍ਹਾਂ ਦੇ ਜ਼ੀਕੋ,

ਸੌਕਰੇਟਸ, ਫਾਲਸਾਓ ਜੂਨੀਅਰ ਅਤੇ ਸੇਰਜੋ ਵਰਗੇ ਮਹਾਨ ਖਿਡਾਰੀਆਂ 'ਤੇ ਅਧਾਰਤ ਬਰਾਜ਼ੀਲੀਅਨ ਟੀਮ ਨਾਲ ਹੋਣੇ ਸਨ। ਰੂਸ ਅਤੇ ਪੋਲੈਂਡ ਦੀਆਂ ਉਨ੍ਹਾਂ ਵਕਤਾਂ ਦੀਆਂ ਸ਼ਕਤੀਸ਼ਾਲੀ ਟੀਮਾਂ ਪੂਲ ਏ ਵਿਚ ਸਨ। ਪਲਾਟੀਨੀ ਦੀ ਅਗਵਾਈ ਹੇਠ ਫਰਾਂਸੀਸੀ ਟੀਮ ਵਖਰੇ ਪੂਲ ਵਿਚ ਸੀ ਜਦੋਂ ਕਿ ਚੌਥੇ ਪੂਲ ਵਿੱਚ ਜਰਮਨ, ਮੇਜ਼ਬਾਨ ਸਪੇਨ ਅਤੇ ਇੰਗਲੈਂਡ ਦੀਆਂ ਟੀਮਾਂ ਕੜਿਆ ਰਹੀਆਂ ਸਨ। ਚਾਰਾਂ ਪੂਲਾਂ ਵਿੱਚੋਂ ਇਕ-ਇਕ ਟੀਮ ਨੇ ਹੀ ਅਗਾਂਹ ਸੈਮੀ ਫਾਈਨਲ ਵੱਲ ਜਾਣਾ ਸੀ। ਸੋ ਮਾਰਾਡੋਨਾ ਨੂੰ ਹਰ ਹੱਥ ਕੰਡਾ ਵਰਤਦਿਆਂ ਰੋਕਣ ਲਈ ਡੀਨੋ ਜ਼ੌਫ ਦੀ ਤੱਦੀ ਦਾ ਰੈਸ਼ਨਲ ਸਮਝਿਆ ਜਾ ਸਕਦਾ ਸੀ।

ਜ਼ਾਹਿਰ ਹੈ ਸੀ ਕਲਾਡੀਓ ਜ਼ੈਨਟਾਇਲ ਨੇ ਕਪਤਾਨ ਡੀਨੋ ਜ਼ੌਫ ਵੱਲੋਂ ਸੌਂਪੀ ਜ਼ਿੰਮੇਵਾਰੀ 'ਬਾਖੂਬੀ' ਨਾਲ ਨਿਭਾਈ। ਸਾਰੇ ਮੈਚ ਦੌਰਾਨ ਉਨ ਮਾਰਾਡੋਨਾ ਰੂਪੀ 'ਹਰੀਕੇਨ' ਨੂੰ ਜਕੜੀਂ ਰੱਖਿਆ। ਗ਼ਲਤ ਜਾਂ ਠੀਕ ਉਸਦਾ ਉਹ ਕੌਤਿਕ ਵਿਸ਼ਵ ਕੱਪ ਫੁੱਟਬਾਲ ਦੀਆਂ ਦੰਤ-ਕਥਾਵਾਂ ਦਾ ਮੁੱਖ ਪਾਰਟ ਬਣ ਗਿਆ। ਇਟਲੀ ਦੀ ਟੀਮ 2-1 ਨਾਲ ਜੇਤੂ ਰਹੀ ਤੇ ਅਰਜਨਟਈਨਾ ਵੱਲੋਂ ਕਪਤਾਨ ਪੈਸੇਗਲਾ ਨੇ ਗੋਲ ਇਕ ਲਾਹਿਆ ਪਰ ਉਹ ਆਪਦੀ ਟੀਮ ਨੂੰ ਹਾਰਨ ਤੋਂ ਬਚਾ ਨਾ ਸਕਿਆ। ਇਟਲੀ ਦੀ ਟੀਮ ਦਾ ਆਤਮ ਵਿਸ਼ਵਾਸ ਪਰਤ ਆਇਆ। ਅੱਗੇ ਬਰਾਜ਼ੀਲ ਦੀ ਮਹਾਨ ਟੀਮ ਨੂੰ ਉਨ੍ਹਾਂ ਨੇ 2 ਦੇ ਮੁਕਾਬਲੇ 3 ਗੋਲਾਂ ਨਾਲ ਹਰਾਇਆ। ਉਹ ਤਿੰਨੋਂ ਗੋਲ ਪਾਅਲੋ ਰੋਸੀ ਦੇ ਸਨ। ਉਸ ਨੇ ਉਸ ਮੈਚ ਵਿਚ ਹੈਟ-ਟ੍ਰਿਕ ਮਾਰੀ। ਜਿਸ ਬਾਰੇ ਲਾਲੀ ਬਾਬਾ ਜੀ ਅਤੇ ਹਰਿੰਦਰ ਮਹਿਬੂਬ ਹੋਰੀਂ ਵੀ ਅਕਸਰ ਹੀ ਕਈ ਵਰ੍ਹੇ ਦੇ ਵਰ੍ਹੇ ਬਾਅਦ ਤੱਕ ਬਹੁਤ ਹੀ ਉਤਸ਼ਾਹ ਨਾਲ ਜ਼ਿਕਰ ਕਰਦੇ ਰਹੇ ਸਨ। ਅਗੋਂ ਸੈਮੀ ਫਾਈਨਲ ਅਤੇ ਫਿਰ ਗੋਲਡ ਕੱਪ ਇਤਾਲਵੀ ਟੀਮ ਨੇ ਬੜੀ ਸ਼ਾਨ ਨਾਲ ਹਥਿਆਇਆ।

ਗੱਲ ਅਸੀਂ ਮੈਸੀ ਅਤੇ ਚਿਲੀਅਨ ਟੀਮ ਦੀ ਕਰ ਰਹੇ ਸਾਂ। ਉਨ੍ਹਾਂ ਨੇ ਗੋਂਜਾਲੋ ਦੇ ਹਮਲੇ ਤੋਂ ਬਚਣ ਤੋਂ ਤੁਰੰਤ ਬਾਅਦ ਆਪਣੇ ਸਭ ਤੋਂ ਕਰੜੇ ਡੀਫੈਂਸਿਵ ਮਿੱਡ ਫੀਲਡਰ ਅਰਸੇਲੋ ਡੀਆਜ਼ ਨੂੰ 'ਘੁੱਗੀ ਵਾਂਗ ਮਸੂਮ' ਨਜ਼ਰ ਆਉਂਦੇ ਮੈਸੀ ਨੂੰ ਰੌਂਦਣ ਦੀ ਡਿਊਟੀ ਲਗਾ ਦਿੱਤੀ। ਡਿਆਜ਼ ਨੇ ਉਸਨੂੰ ਪਹਿਲੀ ਵਾਰੀਂ ਸਿਟਿਆ ਤਾਂ ਰੈਫਰੀ ਨੇ ਚਿਤਾਵਨੀ ਦਿੱਤੀ; ਦੂਸਰੀ ਵਾਰੀਂ ਉਨ ਪੀਲਾ ਕਾਰਡ ਵਿਖਾਇਆ ਅਤੇ ਜਦੋਂ ਉਹ ਹਟਿਆ ਹੀ ਨਾ ਤਾਂ ਖੇਡ ਅਜੇ ਮਹਿਜ਼ ਅੱਧੇ ਕੁ ਘੰਟੇ ਤੱਕ ਗਈ ਸੀ ਕਿ ਉਸਨੂੰ ਦੂਸਰੀ ਵਾਰੀਂ ਪੀਲਾ ਕਾਰਡ ਵਿਖਾ ਦਿੱਤਾ।

ਰੈਫਰੀ ਦਾ ਕਦਮ ਸਾਨੂੰ ਬਿਲਕੁਲ ਸਹੀ ਲੱਗ ਰਿਹਾ ਸੀ। ਪ੍ਰੰਤੂ ਪਹਿਲੇ ਅੱਧ ਦੀ ਖੇਡ ਖੱਤਮ ਹੋਣ 'ਚ ਮਹਿਜ਼ 2-4 ਮਿੰਟ ਹੀ ਰਹਿੰਦੇ ਸਨ ਕਿ ਉਸੇ 'ਸਾਰਜੈਂਟ' ਨੇ ਮਾਨੋਂ ਮੈਚ ਨੂੰ ਸਾਵਾਂ ਕਰਨ ਦੀ ਸੋਚਦਿਆਂ ਅਰਜਨਟੀਨੀਅਨ ਮੱਧ ਪੰਕਤੀ ਦੇ ਥੰਮ ਵਰਗੇ ਖਿਡਾਰੀ ਮਾਰਕੋਸ ਰੋਖੋ ਦੀ ਕੁਤਾਹੀ ਤੇ ਉਸਨੂੰ ਸਿੱਧਾ ਹੀ ਲਾਲ ਕਾਰਡ ਵਿਖਾ ਕੇ ਗਰਾਊਂਡ ਵਿੱਚੋਂ ਬਾਹਰ ਕੱਢ ਦਿੱਤਾ। ਨਿਰਸੰਦੇਹ ਉਨ ਤੇਜ਼ ਤਰਾਰ ਚਿਲੀਅਨ ਖਿਡਾਰੀ ਆਰਤੂਰੋ ਵੀਦਾਲ ਨੂੰ ਗਲਤ ਅੰਦਾਜ਼ ਵਿੱਚ ਟੈਕਲ ਕੀਤਾ ਸੀ। ਚਿਤਾਵਨੀ ਉਸਨੂੰ ਮਿਲਣੀ ਚਾਹੀਦੀ ਸੀ - ਪ੍ਰੰਤੂ ਮੈਚ ਨੂੰ ਆਪ ਦੀ ਤਰਫੋਂ ਪੂਰੇ ਗਹੁ ਨਾਲ ਦੇਖਦਿਆਂ ਲਾਲ ਛੱਡੋ ਪੀਲਾ ਕਾਰਡ ਵੀ ਉਸਨੂੰ ਵਿਖਾਉਣ ਤੱਕ ਦੀ ਵਜ੍ਹਾ ਸਾਨੂੰ ਸਮਝ ਨਾ ਲੱਗੀ।

ਜ਼ਾਹਿਰ ਹੈ ਕਿ ਮੈਸੀ, ਗੋਂਜਾਲੋ ਈਗੁਆਇਨ ਜਾਂ ਅੰਖਿਲ ਦਾ ਮਾਰੀਆ ਦੀ ਕਰਤਾਰੀ ਖੇਡ ਵੇਖਣ ਦੀ ਸਾਡੀ ਰੀਝ ਪਹਿਲਾਂ ਤਾਂ ਚਿਲੀਅਨ ਟੀਮ ਦੀ ਮਾਰਖੋਰੀ ਯੁੱਧਨੀਤੀ ਨੇ ਪੰਕਚਰ ਕੀਤੀ ਅਤੇ ਰਹਿੰਦੀ ਖੂੰਹਦੀ ਖੇਹ ਰੈਫਰੀ ਹੱਥੋਂ ਹੋ ਗਈ। ਦੂਸਰੇ ਅੱਧ ਦੀ ਖੇਡ ਦੌਰਾਨ ਖੁਦ ਮੈਸੀ ਨੂੰ ਪੀਲਾ ਕਾਰਡ ਵਿਖਾ ਕੇ ਮੈਚ ਦੇ ਸਿਖ਼ਰ ਵੱਲ ਜਾਣ ਦੀ ਸਾਰੀ ਸੰਭਾਵਨਾ ਹੀ ਜਾਇਆ ਕਰ ਦਿੱਤੀ। ਮੈਚ ਦੇ ਆਮ ਸਮੇਂ ਤੱਕ ਕੋਈ ਗੋਲ ਨਾ ਹੋਇਆ ਤੇ ਅੱਧੇ ਘੰਟੇ ਦੀ ਵਾਧੂ ਸਮੇਂ ਦੀ ਖੇਡ ਦੌਰਾਨ ਵੀ ਦੋਵਾਂ ਟੀਮਾਂ ਨੇ ਇਕ ਦੂਸਰੇ ਉਪਰ ਹਾਵੀ ਹੋਣ ਦੀ ਪੂਰੀ ਵਾਹ ਲਗਾਈ। ਅਰਜਨਟਾਈਨਾ ਵੱਲੋਂ ਮੈਸੀ, ਮੈਸ਼ਾਰਾਨੋ ਅਤੇ ਅਗੇਰੋ - ਤਿੰਨਾਂ ਨੇ ਚਿਲੀਅਨ ਗੋਲਾਂ ਉਪਰ ਰਾਕਟਾਂ ਵਾਂਗ ਕਿੱਕਾਂ ਦਾਗੀਆਂ - ਪ੍ਰੰਤੂ ਕਪਤਾਨ ਕਲਾਡੀਓ ਬਰਾਵੋ ਨੇ ਉਨ੍ਹਾਂ ਦੀਆਂ ਸਭ ਕੋਸ਼ਿਸ਼ਾਂ ਉਵੇਂ ਹੀ ਨਿਹਫਲ ਕਰ ਦਿੱਤੀਆਂ ਜਿਵੇਂ ਇਤਾਲਵੀ ਕੀਪਰ ਕਪਤਾਨ ਡੀਨੋ ਜ਼ੋਫ ਨੇ 34 ਵਰ੍ਹੇ ਪਹਿਲਾਂ ਉਨ੍ਹਾਂ ਦੇ ਮਹਾਨ ਪੂਰਵਜਾਂ ਦੇ 'ਰਾਕਟ' ਜਾਇਆ ਕੀਤੇ ਸਨ।

ਮੈਚ ਪੈਨਲਟੀ ਕਿੱਕਾਂ 'ਤੇ ਆ ਗਿਆ। ਇਸੇ ਦੌਰਾਨ ਸਾਡੇ ਮੋਬਾਈਲ ਦੀ ਘੰਟੀ ਕੇਰਾਂ ਮੁੜ ਖੜਕੀ। ਵੈਨਕੂਵਰ ਤੋਂ ਸਾਡੇ ਮਿੱਤਰ ਰਛਪਾਲ ਗਿੱਲ ਦੀ ਕਾਲ ਸੀ। ਉਸ ਦਾ ਕਹਿਣਾ ਸੀ ਕਿ 'ਬੱਲ ਹੁਣ ਤਾਂ ਡਰ ਜਿਹਾ ਲੱਗਦਾ ਹੈ!' ਐਤਕੀਂ ਬਾਈ ਡਰਦਾ ਲਗਦਾ ਸੀ - ਸਾਨੂੰ ਫੁੱਟਬਾਲ ਦੀ ਸੁੰਦਰ ਖੇਡ ਦੇ ਸਾਰੇ ਜਲਵੇ ਉਪਰ ਕਿਸੇ ਯੂਨਾਨੀ 'ਦੁਖਾਂਤ' ਦਾ ਸਇਆ ਮੰਡਰਾਉਂਦਾ ਨਜ਼ਰ ਆ ਰਿਹਾ ਸੀ।

ਖੈਰ ਟਾਸ ਪਿਆ ਤੇ ਡਰਾਮੇ ਦਾ ਸਿਖਰਲਾ ਸੀਨ ਸ਼ੁਰੂ ਹੋਇਆ। ਪਹਿਲੀ ਪੈਨਲਟੀ ਕਿੱਕ ਚਿਲੀਅਨ ਖਿਡਾਰੀ ਵੀਡਲ ਨੇ ਆਪਦੀ ਜਾਣੇ ਬੜੇ ਆਤਮ ਵਿਸ਼ਵਾਸ ਨਾਲ ਮਾਰੀ ਪ੍ਰੰਤੂ ਅਰਜਨਟੀਨੀਅਨ ਗੋਲ ਕੀਪਰ ਰਿਮੇਰੋ ਨੇ ਚਕ੍ਰਿਤ ਕਰਨ ਵਾਲੇ ਅੰਦਾਜ਼ ਨਾਲ ਛਲਾਂਗ ਲਗਾਉਂਦਿਆਂ ਬਾਲ ਨੂੰ ਰੋਕ ਲਿਆ ਅਤੇ ਉਸਦੀ ਇਸ ਸਫ਼ਲਤਾ ਦੇ ਨਾਲ ਹੀ 'ਡਰਾਮੇ' ਦੇ ਸੁਖਾਂਤ ਵਿਚ ਢਲਣ ਦੀਆਂ ਸਾਡੀਆਂ ਉਮੀਦਾਂ ਹਰੀਆਂ ਹੋ ਗਈਆਂ। ਵੀਡਲ ਤੋਂ ਬਾਅਦ ਅਰਜਨਟਾਈਨਾ ਵੱਲੋਂ ਪਹਿਲੀ ਕਿੱਕ ਲੈਣ ਲਈ ਮੈਸੀ ਖੁਦ ਅੱਗੇ ਆਇਆ। ਹੁਣ ਕਪਤਾਨ ਮੈਸੀ ਕਪਤਾਨ ਬਰਾਵੋ ਦੇ ਸਾਮ੍ਹਣੇ ਹੈ; ਦੋਵੇਂ ਪਿਛਲੇ ਕਈ ਵਰ੍ਹਿਆਂ ਤੋਂ ਸਪੈਨਿਸ਼ ਲੀਗ ਅੰਦਰ ਜਗਤ ਪ੍ਰਸਿੱਧ ਬਾਰਸੀਲੋਨਾ ਕਲੱਬ ਵਿੱਚ ਖੇਡਦੇ ਰਹੇ ਹਨ। ਦੋਵੇਂ ਗੂੜ੍ਹੇ ਮਿੱਤਰ ਹਨ ਅਤੇ ਦੋਵਾਂ ਨੇ

ਮਿਲ ਕੇ ਫੁੱਟਬਾਲ ਜਗਤ ਅੰਦਰ ਇਕ ਨਹੀਂ ਬਲਕਿ ਅਨੇਕਾਂ (ਇਕ ਤੋਂ ਵੱਧ ਕੇ ਇਕ) ਕੀਰਤੀਮਾਨ ਸਥਾਪਤ ਕੀਤੇ ਹੋਏ ਹਨ। ਦੋਵੇਂ 'ਮਹਾਂ ਬਲੀ' ਕੀ ਸੋਚ ਰਹੇ ਹੋਣਗੇ – ਪਾਠਕ ਖੁਦ ਹੀ ਸੋਚਣ – ਪ੍ਰੰਤੂ ਹੋਇਆ ਉਥੇ ਇਹ ਕਿ 'ਪਾਂਡਵਾਂ ਦੀ ਫੌਜ਼ ਦਾ ਮੋਹਰੀ – ਫੁੱਟਬਾਲ ਜਗਤ ਦਾ ਅਜੋਕਾ ਯੁਧਿਸ਼ਟਰ' ਜਾਂ ਕਹੋ ਕਿ ਘੁੱਗੀ ਵਾਂਗੂ ਮਸੂਮ ਨਜ਼ਰ ਆਉਂਦਾ ਸਾਡਾ ਮਹਾਂ ਨਾਇਕ ਆਪਦਾ 'ਅਗਨ ਬਾਣ' ਪੋਸਟ ਵੱਲ ਸਿੱਧਾ ਸੇਧਣ ਦੀ ਜਗ੍ਹਾ ਗੋਲ ਪੋਸਟ ਤੋਂ ਬਾਹਰ ਵੱਲ ਹੀ ਸੇਧ ਗਿਆ।...ਮਾਨੋ ਉਨ ਆਪਣੇ ਗੂੜ੍ਹੇ ਮਿੱਤਰ ਕਲਾਡੀਓ ਬਰਾਵੋ ਨੂੰ 'ਧਰਮ ਸੰਕਟ' ਵਿਚ ਪਾਇਆ ਹੀ ਨਾ।

ਇਸਤੋਂ ਦੋਵਾਂ ਟੀਮਾਂ ਦੇ ਦੋ-ਦੋ ਖਿਡਾਰੀਆਂ ਨੇ ਗੋਲ ਕਰੇ। ਪ੍ਰੰਤੂ ਬਰਾਵੋ ਨੇ ਲੂਕਸ ਬਿਗਲੀਆ ਦੀ ਚੌਥੀ ਪੈਨਲਟੀ ਰੋਕ ਲਈ ਜਦੋਂ ਕਿ ਅ੍ਰਜਨਟੀਨੀਅਨ ਕੀਪਰ ਰਿਮੇਰੋ ਸਿਲਵਾ ਦੀ ਕਿੱਕ ਦੀ ਦਿਸ਼ਾ ਨੂੰ ਸਹੀ ਜੱਜ ਨਾ ਕਰ ਸਕਿਆ। ਇਹ ਤਰਾਸਦੀ ਲਿਓਨਿਲ ਮੈਸੀ ਦੀ ਹੀ ਸੀ; ਕਿ ਉਸਦੇ ਕਰੋੜਾਂ ਅਰਜਨਟੀਨੀਅਨ ਪ੍ਰਸ਼ੰਸਕਾਂ ਦੀ ਸੀ ਜਾਂ ਖੁਦ ਸਾਡੀ ਆਪਣੀ ਸੀ – ਸਮਝ ਤੋਂ ਬਾਹਰ ਸੀ। ਇਹ ਚੌਥੀ ਵਾਰ ਸੀ ਕਿ ਮੈਸੀ ਵੱਖ ਵੱਖ ਅਹਿਮ ਟੂਰਨਾਮੈਂਟਾਂ ਦੇ ਫਾਈਨਲ ਤੱਕ ਆਪ ਦੀ ਟੀਮ ਨੂੰ ਲਿਜਾਂਦਾ ਰਿਹਾ ਸੀ ਅਤੇ ਪੈਨਲਟੀ ਕਿੱਕਾਂ 'ਤੇ ਜਾ ਕੇ ਉਸਦੀ ਹਾਰ ਹੁੰਦੀ ਰਹੀ। ਕੇਹੀ ਸੁੰਦਰ ਖੇਡ ਸੀ – ਤੇ ਕੇਹਾ ਕਹਿਰ ਸਾਨੂੰ ਇਹ ਵੇਖਣਾ ਪੈ ਰਿਹਾ ਸੀ।

ਮਹਾਂ ਦੁਖਾਂਤ ਦੇ ਆਸਾਰ ਤਾਂ ਨਾਇਕ ਦੀ ਪਹਿਲੀ ਕਿੱਕ ਮਿੱਸ ਹੋਣ 'ਤੇ ਹੀ ਬਣ ਗਏ ਸਨ – ਪ੍ਰੰਤੂ ਟੀਮ ਦੀ ਹਾਰ ਤੋਂ ਪਿੱਛੋਂ ਤਾਂ ਚੁਫੇਰੇ ਕਰੁਣਾ ਛਾਈ ਹੋਈ ਨਜ਼ਰ ਆ ਰਹੀ ਸੀ। ਮੈਸੀ ਦੇ ਚਿਹਰੇ ਚਿਹਰੇ 'ਤੇ ਭੋਲੇਪਣ ਅਤੇ ਬੇਬਸੀ ਨੂੰ ਤੱਕਦਿਆਂ ਦਿਲ ਮੂੰਹ ਨੂੰ ਆਉਣ ਨੂੰ ਕਰ ਰਿਹਾ ਸੀ। ਮੈਚ ਖਤਮ ਹੋਣ ਤੋਂ ਬਾਅਦ ਇਕ ਪਾਸੇ ਚਿਲੀਅਨ ਕੈਂਪ ਵਿੱਚ ਅਨੰਤ ਚਾਅ ਦਾ ਮਹੌਲ ਸੀ– ਖਿਡਾਰੀ ਖੁਸ਼ੀਆਂ ਮਨਾ ਰਹੇ ਸਨ; ਇਕ ਦੂਸਰੇ ਨੂੰ ਜੱਫੀਆਂ ਪਾ ਰਹੇ ਸਨ। ਉਨ੍ਹਾਂ ਦੇ ਰਾਸ਼ਟਰਪਤੀ ਨੇ ਜਿੱਤ ਦੀ ਖੁਸ਼ੀ ਵਿਚ ਅਗਲੇ ਦਿਨ ਛੁੱਟੀ ਦਾ ਐਲਾਨ ਕਰ ਦਿੱਤਾ ਸੀ। ਰਾਜਧਾਨੀ ਸੰਤਿਆਗੋ ਵਿਚ ਜਸ਼ਨ ਸ਼ੁਰੂ ਹੋ ਗਏ ਸਨ ਜਿਹੜੇ ਕਿ ਅਗਲਾ ਪੂਰਾ ਹਫ਼ਤਾ ਚਲਦੇ ਰਹਿਣੇ ਸਨ। ਦੂਸਰੇ ਪਾਸੇ ਸਾਡੇ ਸਾਥੀਆਂ ਦੇ ਖੇਮੇ ਵਿਚ ਅਨੰਤ ਮਾਯੂਸੀ ਅਤੇ ਬੇਬਸੀ ਦਾ ਮਹੌਲ ਸੀ। ਟੀ.ਵੀ. ਸਕਰੀਨ ਉਪਰ ਮੈਸੀ ਦੀ ਉਦਾਸੀ ਦੇ ਇਕ ਤੋਂ ਬਾਅਦ ਇਕ ਬਿੰਬ ਫਲੈਸ਼ ਹੋ ਰਹੇ ਸਨ। ਕਿਧਰੇ ਅੰਖਿਲ ਦਾ ਮਾਰੀਆ ਉਸਨੂੰ ਪੈਰਾਂ 'ਤੇ ਖੜੇ ਹੋਣ ਲਈ ਮੱਦਦ ਕਰ ਰਿਹਾ ਸੀ; ਕਿਧਰੇ ਅਗੇਰੋ ਉਸਨੂੰ ਹੌਸਲਾ ਦੇ ਰਿਹਾ ਸੀ।

...ਮੇਰੇ ਨੇੜੇ ਬੈਠਾ ਗੁਰਨੀਤ ਕਹਿ ਰਿਹਾ ਸੀ ਕਿ ਬਹੁਤ ਮਾੜਾ ਹੋਇਆ ਹੈ... ਅਖੇ ਏਨਾ ਦੁੱਖ ਤਾਂ ਵਿਸ਼ਵ ਕੱਪ ਫਾਈਨਲ 'ਚ ਉਨ੍ਹਾਂ ਦੇ ਜਰਮਨਾਂ ਹੱਥੋਂ ਹਾਰ ਜਾਣ 'ਤੇ ਵੀ ਨਹੀਂ ਹੋਇਆ ਸੀ। ਇਹ ਸੁਣ ਕੇ ਮੈਨੂੰ ਹਰਿੰਦਰ ਸਿੰਘ ਮਹਿਬੂਬ ਹੋਰਾਂ ਦਾ ਕਥਨ ਯਾਦ ਆ ਗਿਆ। ਉਹ ਦਸਦੇ ਹੁੰਦੇ ਸਨ ਕਿ ਸ਼ੁਰੂ ਸ਼ੁਰੂ ਵਿਚ ਉਨ੍ਹਾਂ ਨੂੰ ਭਾਰਤੀ ਹਾਕੀ ਟੀਮ ਨਾਲ ਡਾਢੀ ਉਨਸ ਸੀ ਅਤੇ 1960 ਦੀ ਰੋਮ ਉਲੰਪਿਕ ਜਦੋਂ ਉਹ ਪਹਿਲੀ ਵਾਰੀਂ ਪਾਕਿਸਤਾਨ ਹੱਥੋਂ ਫਾਈਨਲ ਮੈਚ ਵਿਚ ਇਕ ਗੋਲ 'ਤੇ ਹਾਰੀ ਤਾਂ ਕਈ ਦਿਨਾਂ ਲਈ ਉਨ੍ਹਾਂ ਦੀ ਭੁੱਖ ਹੀ ਮਰ ਗਈ ਸੀ। ਪ੍ਰੰਤੂ ਬੜੀ ਜਲਦੀ ਨਜ਼ਰੀਆ ਬਦਲ ਜਾਣ 'ਤੇ ਉਨ੍ਹਾਂ ਦੇ ਕੇਸ ਵਿਚ ਗੱਲ ਉਲਟੀ ਹੋ ਗਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਸਭ ਤੋਂ ਵੱਧ ਤਸੱਲੀ ਨਵੀਂ ਦਿੱਲੀ ਏਸ਼ੀਅਨ ਖੇਡਾਂ ਦੇ ਫਾਈਨਲ ਵਿਚ ਉਸ ਸਮੇਂ ਹੋਈ ਸੀ ਜਦੋਂ ਪਾਕਿਸਤਾਨੀ ਟੀਮ ਨੇ ਭਾਰਤ ਨੂੰ 1 ਦੇ ਮੁਕਾਬਲੇ 7 ਗੋਲਾਂ ਨਾਲ ਦਰੜ ਸੁੱਟਿਆ ਸੀ। ਰੇਲਵੇ ਵਾਲਾ ਬਲਬੀਰ ਉਨ੍ਹਾਂ ਦਾ ਭਣੋਈਆ ਸੀ ਤੇ ਉਹ ਆਪਣੇ ਵਕਤਾਂ ਦੀ ਦੰਤ ਕਥਾ। ਪਾਕਿਸਤਾਨ ਵਿਰੁੱਧ ਫਾਈਨਲ ਵਿਚ ਉਸ ਦਾ ਅਲੌਕਿਕ ਅੰਦਾਜ਼ ਵਿਚ ਕੀਤਾ ਗੋਲ ਲੋਕਾਂ ਨੂੰ ਅੱਜ ਤੱਕ ਵੀ ਯਾਦ ਹੈ ਪ੍ਰੰਤੂ ਰੇਲਵੇ ਵੱਲੋਂ ਪੂਰੇ 20 ਸਾਲ ਖੇਡਦਿਆਂ ਉਹ ਲਗਾਤਾਰ ਜਿਸ ਤਰ੍ਹਾਂ ਦੇ ਜਲਵੇ ਖੜ੍ਹੇ ਕਰਦਾ ਰਿਹਾ ਸੀ – ਉਹ ਵੀ ਅੱਜ ਤੱਕ ਲੋਕਾਂ ਨੂੰ ਭੁੱਲੇ ਨਹੀਂ ਹਨ। ਉਹ ਪ੍ਰਿਥੀਪਾਲ ਸਿੰਘ ਦੇ ਵੀ ਤਕੜੇ ਮਦਾਹ ਸਨ। ਪ੍ਰੰਤੂ ਪਾਕਿਸਤਾਨ ਦੇ ਸਮੀਉਲਾ, ਕਲੀਮਉਲਾ, ਸ਼ਹਿਨਾਜ਼, ਮਨਜ਼ੂਰ, ਰਸ਼ੀਦ, ਇਸਲਾ-ਓ-ਦੀਨ, ਸ਼ਾਂਹਬਾਜ਼ ਦੀ ਖੇਡ ਕਲਾ ਦੀ ਗੱਲ ਉਹ ਅਕਸਰ ਏਨੇ ਅਧਿਕਾਰ ਨਾਲ ਕਰਦੇ ਸਨ – ਜਿਵੇਂ ਖੁਦ ਉਨ੍ਹਾਂ ਨਾਲ ਖੇਡਦੇ ਰਹੇ ਹੋਣ। ਇਹ ਇਵੇਂ ਹੀ ਸੀ ਜਿਵੇਂ ਉਨ੍ਹਾਂ ਦੇ ਗੂੜ੍ਹੇ ਮਿੱਤਰਅਤੇ 'ਭੂਤਵਾੜਾ' ਅਕੈਡਮੀ ਦੇ ਦਿਨਾਂ ਦੇ ਉਨ੍ਹਾਂ ਦੇ ਸਾਥੀ ਲਾਲੀ ਬਾਬਾ ਜੀ ਪੇਲੇ, ਗਰਿੰਚਾ, ਹਿਵੇਲੀਨੋ, ਸੌਕਰੇਟਸ, ਜੀਕੋ, ਜੋਹਾਨ ਕਰੂਫ, ਕਿਊਬੀਲਾਸ (ਪੀਰੂ) ਆਦਿ ਫੁੱਟਬਾਲ ਖਿਡਾਰੀਆਂ ਦੀ ਕਰਤਾਰੀ ਖੇਡ ਕਲਾ ਦੇ ਸੁਹੱਪਣ ਦੀ ਚਰਚਾ ਅਕਸਰ ਹੀ ਕਰਿਆ ਕਰਦੇ ਸਨ। ਦੋਵਾਂ ਮਹਾਂ ਪੁਰਖਾਂ ਨੂੰ ਵਿਸ਼ਵ ਸਾਹਿਤ, ਕਲਾ ਅਤੇ ਦਰਸ਼ਨ ਦੇ ਨਾਲ ਨਾਲ ਖੇਡਾਂ ਵਿਚ ਵੀ ਏਨੀ ਦਿਲਚਸਪੀ ਸੀ –ਕਿ ਜ਼ਿੰਦਗੀ ਦੇ ਸੁਹੱਪਣ ਲਈ ਉਨ੍ਹਾਂ ਦੀ ਤਾਂਘ ਅਤੇ ਜਜ਼ਬੇ ਨੂੰ ਵੇਂਹਦਿਆਂ ਅਕਸਰ ਹੀ ਹੈਰਾਨੀ ਹੋਇਆ ਕਰਦੀ ਸੀ।

ਅਰਜਨਟਾਈਨਾ – ਚਿੱਲੀ ਮੈਚ ਦੌਰਾਨ ਮੈਸੀ ਦੀ ਅਸਲਫ਼ਤਾ 'ਤੇ ਆਪਣੀ ਅਤੇ ਆਪਣੇ ਮਿੱਤਰਾਂ ਦੀ ਮਾਯੂਸੀ ਨੂੰ ਸਮਝਣ ਦੀ ਮੈਂ ਕੋਸ਼ਿਸ਼ ਕਰ ਰਿਹਾ ਸਾਂ। ਸਵਾਲ ਇਹ ਸੀ ਕਿ ਕੀ ਚਿਲੀਅਨ ਟੀਮ ਦਾ ਜਿੱਤ ਲਈ ਸੰਘਰਸ਼ ਕਰਨ ਦਾ ਅਧਿਕਾਰ ਨਹੀਂ ਸੀ। ਕੀ ਉਨ੍ਹਾਂ ਦੇ ਖਿਡਾਰੀ ਸਾਰੇ ਟੂਰਨਾਮੈਂਟ ਹੈਰਤਅੰਗੇਜ਼ ਪ੍ਰਤੀਬਧਤਾ ਨਾਲ ਖੇਡੇ ਨਹੀਂ ਸਨ। ਕੀ ਅਜੇ ਮਹਿਜ਼ ਇਕ ਸਾਲ ਪਹਿਲਾਂ ਕੋਪਾ ਅਮੈਰਿਕਾ ਦੇ ਫਾਈਨਲ ਵਿਚ ਪੈਨਲਟੀ ਕਿੱਕਾਂ 'ਤੇ ਗਏ ਮੈਚ ਵਿਚ ਉਨ੍ਹਾਂ ਨੇ ਅਰਜਨਟਾਈਨਾ ਦਾ ਵਿਓ ਭੰਨਿਆ ਨਹੀਂ ਸੀ।...ਫਿਰ ਸਭ ਤੋਂ ਵੱਧ ਇਸੇ ਟੂਰਨਾਮੈਂਟ ਦੇ ਕਵਾਟਰ ਫਾਈਨਲ, ਪ੍ਰੀ ਕਵਾਟਰ ਫਾਈਨਲ – ਜਾਨੀ ਲਾਕ ਆਊਟ ਗੇੜ ਵਿਚ ਉਨ੍ਹਾਂ ਜਦੋਂ ਮੈਕਸੀਕੋ ਵਰਗੀ ਹਰ ਪੱਖ ਤੋਂ ਸੰਤੁਲਤ ਅਤੇ ਜਬਰਦਸਤ

ਟੀਮ ਨੂੰ 7-1 ਨਾਲ ਨਹੀਂ ਬਲਕਿ 7-0 ਨਾਲ ਤਹਿ ਤੇਗ਼ ਕਰਕੇ ਫਾਈਨਲ ਵੱਲ ਪੇਸ਼ ਕਦਮੀ ਕੀਤੀ ਸੀ ਤਾਂ ਉਨ੍ਹਾਂ ਦੀ ਚੈਂਪੀਅਨ ਬਣ ਸਕਣ ਦੀ ਸੰਭਾਵੀ ਸਮਰੱਥਾ ਬਾਰੇ ਸ਼ੱਕ ਦੀ ਗੁੰਜਾਇਸ਼ ਕੋਈ ਬਾਕੀ ਰਹਿ ਗਈ ਸੀ। ਉਨ੍ਹਾਂ ਦੀ ਹਮਲਾਵਰ ਪੰਕਤੀ ਵਿਚ ਉਸ ਦਿਨ ਐਡੂਆਰਡੋ ਵਾਰਗਾਸ ਨੇ ਲਗਾਤਾਰ 4 ਗੋਲ ਜਦੋਂ ਕੀਤੇ ਅਤੇ ਉਹ ਵੀ ਮੈਕਸੀਕਨ ਗੋਲ ਕੀਪਰ ਗਿਲੈਰਮੋ ਓਚੋਆ ਦੇ ਖਿਲਾਫ ਤਾਂ ਕੀ ਉਹ ਕੋਈ ਕ੍ਰਿਸ਼ਮਾ ਨਹੀਂ ਸੀ। ਇਹ ਗਿਲੈਰਮੋ ਓਚੋਆ ਉਹ ਗੋਲ ਕੀਪਰ ਸੀ ਜਿਸ ਨੇ ਸਾਲ 2014 ਦੇ ਵਿਸ਼ਵ ਕੱਪ ਲੀਗ ਮੈਚ ਦੌਰਾਨ ਬਰਾਜ਼ੀਲ ਦੀ ਟੀਮ ਨੂੰ ਜਾਮ ਲਾਈ ਰੱਖਿਆ ਸੀ। ਉਸ ਮੈਚ ਦੌਰਾਨ ਨਾਇਮਾਰ ਦੀ ਕਿੱਕ ਤੋਂ ਜਦੋਂ ਉਸਤੋਂ ਵੀ ਵੱਧ ਅਦਭੁੱਤ ਅੰਦਾਜ਼ ਵਿਚ ਆਪਣੇ ਗੋਲਾਂ ਨੂੰ ਬਚਾਇਆ ਸੀ ਤਾਂ ਦਰਸ਼ਕਾਂ ਦੇ ਚੇਤਿਆਂ ਵਿਚ ਸਾਲ 1970 ਦੇ ਇੰਗਲੈਂਡ-ਬਰਾਜ਼ੀਲ ਮੈਚ ਦੌਰਾਨ ਉਸੇ ਹੀ ਅੰਦਾਜ਼ ਵਿਚ ਗੋਲ ਕੀਪਰ ਰੋਥਡਨ ਬੈਂਕਸ ਵੱਲੋਂ ਪੇਲੇ ਦੀ ਕਿੱਕ ਨੂੰ ਜਾਇਆ ਕਰਕੇ ਕੀਤੇ ਕੌਤਿਕ ਦੀਆਂ ਯਾਦਾਂ ਉਭਰ ਆਈਆਂ ਸਨ। ਨਿਰਸੰਦੇਹ 'ਮੈਨ ਆਫ ਦਾ ਮੈਚ' ਉਹ ਹੀ ਬਣਿਆ ਸੀ। ਟੂਰਨਾਮੈਂਟ ਦੇ ਅਖੀਰ ਵਿਚ 'ਗੋਲਡਨ ਬੂਟ' ਦਾ ਇਨਾਮ ਉਨ੍ਹਾਂ ਦੇ ਗੋਲਚੀ ਕਲਾਡੀਓ ਬਰਾਵੋ ਦੇ ਹਿੱਸੇ ਆਇਆ। ਮਾਹਿਰਾਂ ਵੱਲੋਂ 'ਪਲੇਅਰ ਆਫ ਦਾ ਟੂਰਨਾਮੈਂਟ' ਵੀ ਉਨ੍ਹਾਂ ਦੇ ਸਾਥੀ ਸੰਚੇਜ਼ ਨੂੰ ਕਰਾਰ ਦਿਤਾ ਗਿਆ। ਟੂਰਨਾਮੈਂਟ ਦੀ ਟੀਮ ਜੋ ਐਲਾਨੀ ਗਈ ਉਸ ਵਿਚ ਵੀ ਚਾਰ ਚਿਲੀਅਨ ਖਿਡਾਰੀ ਸ਼ਾਮਲ ਸਨ। ਨਿਰਸੰਦੇਹ ਸਾਫ ਸੁਥਰੀ ਅਤੇ ਆਕਰਸ਼ਕ ਖੇਡ ਲਈ ਇਨਾਮ ਅਰਜਨਟਾਈਨਾ ਨੂੰ ਹੀ ਮਿਲਿਆ। ਪ੍ਰੰਤੂ ਸਾਡੇ ਲਈ ਜਾਂ ਸਾਡੇ ਸਾਥੀਆਂ ਲਈ ਇਹ ਤਸੱਲੀ ਕੁੱਝ ਵੀ ਨਹੀਂ ਸੀ।

ਲਗਾਤਾਰ ਮਨ ਵਿਚ ਆ ਰਿਹਾ ਸੀ ਕਿ ਆਖਰ ਅਜਿਹਾ ਕਿਉਂ ਸੀ। ਵਿਸ਼ਵ ਕੱਪ ਫੁੱਟਬਾਲ ਮੈਚਾਂ ਦੇ ਅਸੀਮ ਸੁਹੱਪਣ ਦਾ ਨਜ਼ਾਰਾ ਕਰਨ ਦੀ ਪ੍ਰੇਰਨਾ ਮੈਨੂੰ ਸਭ ਤੋਂ ਪਹਿਲਾਂ ਸਾਲ 1986 ਦੇ ਬਰਾਜ਼ੀਲ ਅਤੇ ਫਰਾਂਸ ਵਿਚਾਲੇ ਖੇਡੇ ਕਲਾਸਿਕ ਕਵਾਟਰ ਫਾਈਨਲ ਮੈਚ ਤੋਂ ਬਾਅਦ ਦੇ ਦਿਨ ਪੰਜਾਬੀ ਯੂਨੀਵਰਸਿਟੀ ਕਾਫੀ ਹਾਊਸ ਮੂਹਰੇ ਬੈਠ ਕੇ ਲਾਲੀ ਬਾਬਾ ਜੀ ਦੇ 'ਪ੍ਰਵਚਨ' ਤੋਂ ਮਿਲੀ ਸੀ। ਉਨ੍ਹਾ ਦਾ ਸਦਾ ਹੀ ਇਹ ਕਹਿਣਾ ਸੀ ਕਿ ਮੈਚ ਵੇਖੀਦਾ ਹੈ; ਅਨੰਦ ਲਈਦਾ ਹੈ। ਜਿੱਤ-ਹਾਰ ਦੀ ਪ੍ਰਵਾਹ ਕਰੇ ਬਗੈਰ ਹਮੇਸ਼ਾ ਵੇਦਨਾ ਅਤੇ ਵਜਦ ਤੋਂ ਪਾਰ ਰਹੀਦਾ ਹੈ। ਅਰਜਨਟਾਈਨਾ ਅਤੇ ਚਿੱਲੀ ਦੇ ਮੈਚ ਤੋਂ ਬਾਅਦ ਹੀ ਮੈਨੂੰ ਪੰਜਾਬ ਦੇ ਮਹਾਨ ਢਾਡੀ ਸ. ਸੋਹਣ ਸਿੰਘ ਸੀਤਲ ਦੀ ਕਿਸੇ ਵਾਰ ਦੀ ਇਹ ਸਤਰ ਸੁਤੇ ਹੀ ਯਾਦ ਆ ਗਈ ਸੀ:

ਸੀਤਲ ਜਿੱਤ-ਹਾਰ ਵਸ ਕਰਤਾਰ ਦੇ
ਜ਼ੋਰ ਘੱਟ ਨਾ ਕਿਸੇ ਨੇ ਲਾਇਆ।

ਪ੍ਰੰਤੂ ਸਵਾਲ ਇਹ ਸੀ ਕਿ ਸਾਥੋਂ ਲਾਲੀ ਬਾਬਾ ਜੀ ਜਾਂ ਬਜ਼ੁਰਗ ਸੀਤਲ ਵਰਗੇ ਦਰਵੇਸ਼ਾਂ ਦੀ ਸਲਾਹ ਮੰਨੀ ਕਿਉਂ ਨਹੀਂ ਜਾ ਰਹੀ ਸੀ।

ਮੈਨੂੰ ਯਾਦ ਆ ਰਿਹਾ ਸੀ ਕਿ ਸਾਲ 2014 ਦੇ ਵਿਸ਼ਵ ਕੱਪ ਦੌਰਾਨ ਸਪੇਨੀਆਂ ਦੀ ਬਹੁਤ ਹੀ ਬੇਹਤਰੀਨ ਟੀਮ ਨੂੰ ਪਹਿਲੇ ਹੀ ਗੇੜ ਵਿਚ ਲਗਾਤਾਰ ਦੋ ਹਾਰਾਂ ਖਾਣ ਪਿੱਛੋਂ ਟਰਾਫੀ ਦੀ ਦੌੜ ਵਿੱਚੋਂ ਬਾਹਰ ਹੋਣਾ ਪਿਆ। ਦਰਅਸਲ ਵਿਸ਼ਵ ਵਿਜੇਤਾ ਸਪੇਨੀਆਂ ਨੂੰ ਉਸ ਦਿਨ ਡੱਚ ਟੀਮ ਨੇ 5-1 ਗੋਲਾਂ ਨਾਲ ਨੇਸਤੋ ਨਬੂਦ ਹੀ ਤਾਂ ਕਰ ਦਿੱਤਾ ਸੀ। ਦੋ ਗੋਲ ਆਰਜਨ ਰੋਬੇਨ ਵੱਲੋਂ ਦਾਗੇ ਗਏ ਸਨ। ਸਪੇਨ ਤੋਂ ਬਾਅਦ ਹਾਲੈਂਡ ਦੀ ਟੀਮ ਬਹੁਤ ਹੀ ਵਧੀਆ ਸੀ – ਆਰਜਨ ਰੋਬੇਨ, ਸ਼ਨਾਈਡਰ, ਵਾਨ ਪਰਸੀ – ਗੱਲ ਕੀ ਉਨ੍ਹਾਂ ਦੇ ਸਾਰੇ ਹੀ ਖਿਡਾਰੀ ਸਿਖ਼ਰ 'ਤੇ ਸਨ। ਉਸ ਵਿਸ਼ਵ ਕੱਪ ਦੌਰਾਨ ਅਰਜਨਟਾਈਨਾ ਵਿਰੁੱਧ ਸੈਮੀ ਫਾਈਨਲ ਮੈਚ ਵਿਚ ਜਿੱਤਣ ਦੇ ਹੱਕਦਾਰ ਵੀ ਉਹ ਹੀ ਨਜ਼ਰ ਆ ਰਹੇ ਸਨ...ਪ੍ਰੰਤੂ ਪੈਨਲਟੀ ਕਿੱਕਾਂ 'ਤੇ ਗਏ ਉਸ 'ਮਿੰਨੀ ਮਹਾਂ ਭਾਰਤ' ਵਿਚ ਮੈਸੀ ਦੀ ਟੀਮ ਜਦੋਂ ਜਿੱਤੀ ਤਾਂ ਮਨ ਨੂੰ ਸਕੂਨ ਕਿੰਝ ਮਿਲਿਆ ਸੀ। ਪੈਨਲਟੀ ਕਿੱਕ ਵੀ ਕਿਸੇ ਹੋਰ ਨੇ ਨਹੀਂ ਬਲਕਿ ਸ਼ਨਾਈਡਰ ਵਰਗੇ ਧੁਨੰਤਰ ਨੇ ਮਿਸ ਕੀਤੀ ਅਤੇ ਰਿਮੇਰੋ ਨੇ ਬੜੀ ਸ਼ਾਨ ਨਾਲ ਉਹ ਰੋਕੀ ਸੀ। ਉਸ ਮੈਚ ਤੋਂ ਬਾਅਦ ਰਛਪਾਲ ਗਿੱਲ ਹੋਰਾਂ ਨਾਲ ਉਸ ਮੈਚ ਦੀ ਚਰਚਾ ਕਰਦਿਆਂ ਮੈਂ 'ਪੇਸ਼ੀਨਗੋਈ' ਇਹ ਕਰੀ ਸੀ ਕਿ ਦੋ ਵਰ੍ਹਿਆਂ ਨੂੰ ਯੋਰੋ ਕੱਪ ਤੇ ਕਬਜਾ ਲਾਜ਼ਮੀ ਉਨ੍ਹਾਂ ਦਾ ਹੋਵੇਗਾ – ਵਾਰੀ ਉਨ੍ਹਾਂ ਦੀ ਨੂੰ ਦੁਨੀਆਂ ਦੀ ਕੋਈ ਤਾਕਤ ਰੋਕ ਸਕੇਗੀ ਨਹੀਂ। ਪ੍ਰੰਤੂ ਹੋਇਆ ਪਤਾ ਕੀ – ਅਸੀਂ ਚਾਹਾਂਗੇ ਕਿ ਸਾਡੇ ਪਾਠਕ ਉਹ ਵੀ ਜ਼ਰਾ ਜਾਣ ਕੇ ਵੇਖਣ।... ਟਰਾਫੀ ਜਿੱਤਣੀ ਤਾਂ ਪਾਸੇ ਉਨ੍ਹਾਂ ਨੂੰ ਅਗਲੇ ਮਾਵਾਂ ਦੇ ਪੁੱਤਰਾਂ ਨੇ ਕੁਆਲੀਫਾਇੰਗ ਗੇੜ 'ਚੋਂ ਹੀ ਬਾਹਰ ਕੱਢ ਛੱਡਿਆ। ਉਨ੍ਹਾਂ ਦੀ ਲੀਗ ਵਿਚ ਚੈੱਕ, ਆਈਸਲੈਂਡ ਅਤੇ ਟਰਕੀ ਸਮੇਤ ਛੇ ਟੀਮਾਂ ਸਨ – ਦੁੱਧ ਅਤੇ ਪਾਣੀ ਨਿਤਾਰਨ ਲਈ ਹਰ ਟੀਮ ਨਾਲ ਉਨ੍ਹਾਂ ਨੂੰ ਦੋ ਦੋ ਵਾਰੀ 'ਲੋਹਾ' ਲੈਣਾ ਪੈਣਾ ਸੀ। 9 ਸਤੰਬਰ ਨੂੰ ਕੁਆਲੀਫਾਇੰਗ ਲੀਗ ਦੇ ਪਹਿਲੇ ਮੈਚ ਵਿਚ ਉਹ ਚੈੱਕ ਟੀਮ ਹੱਥੋਂ ਇਕ ਦੇ ਮੁਕਾਬਲੇ 2 ਗੋਲਾਂ ਨਾਲ ਹਾਰੇ। ਅਗਲਾ ਮੈਚ 13 ਅਕਤੂਬਰ 2014 ਦੇ ਦਿਨ ਉਨ੍ਹਾਂ ਦਾ ਨਾਰਵੇ ਦੇ ਗਵਾਂਢ 'ਚ ਪੈਂਦੇ, ਬਰਨਾਲਾ ਕਸਬੇ ਤੋਂ ਵੀ ਘੱਟ ਅਬਾਦੀ ਵਾਲੇ, ਆਈਸਲੈਂਡ ਦੀ ਟੀਮ ਨਾਲ ਪਿਆ। ਸਭ ਸਟਾਰ ਖਿਡਾਰੀਆਂ ਦੇ ਪੂਰਾ ਤਾਣ ਲਗਾ ਕੇ ਖੇਡਣ ਦੇ ਬਾਵਜੂਦ ਉਹ 2-0 ਨਾਲ ਹਾਰੇ। ਪੂਰੇ ਵਰ੍ਹੇ ਦੀ ਕਰੜੀ ਮੁਸ਼ੱਕਤ ਪਿਛੋਂ 3 ਸਤੰਬਰ, 2015 ਦੇ ਦਿਨ ਉਹ ਆਈਸਲੈਂਡ ਵਾਲਿਆਂ ਨਾਲ ਹੀ ਦੂਸਰੀ ਵਾਰ ਜਦੋਂ ਭਿੜੇ ਤਾਂ ਉਨ੍ਹਾਂ ਨੂੰ ਹਾਰ ਹੀ ਨਸੀਬ ਹੋਈ।...ਤੇ ਫਿਰ 6 ਸਤੰਬਰ ਨੂੰ ਟਰਕੀ ਨਾਲ ਮੈਚ ਵਿਚ ਜਿੱਤ-ਹਾਰ ਉਨ੍ਹਾਂ ਲਈ ਜ਼ਿੰਦਗੀ ਮੌਤ ਦਾ ਸਵਾਲ ਸੀ – ਪ੍ਰੰਤੂ ਟਰਕੀ ਦੀ ਟੀਮ ਨੇ ਉਨ੍ਹਾਂ ਨੂੰ ਬਹੁਤ ਹੀ ਬੁਰਾ ਸਬਕ

ਸਿਖਾਇਆ। ਆਰਜਨ ਰੋਬੇਨ ਅਤੇ ਸ਼ਨਾਈਡਰ ਵਰਗੇ ਸ਼ਾਨਾਮੱਤੇ ਖਿਡਾਰੀਆਂ 'ਤੇ ਅਧਾਰਤ ਡੱਚ ਟੀਮ ਨੂੰ ਉਨ੍ਹਾਂ ਨੇ 1 ਜਾਂ ਦੋ ਗੋਲਾਂ ਨਾਲ ਨਹੀਂ ਬਲਕਿ ਸਿਫਰ ਦੇ ਮੁਕਾਬਲੇ 3 ਗੋਲਾਂ ਦੇ ਸਪੱਸ਼ਟ ਫਰਕ ਨਾਲ ਹਰਾਇਆ। ਇਸ ਨਿਸਚੇ ਹੀ ਘਾਤਕ ਹਾਰ ਤੋਂ ਪਿੱਛੋਂ ਸ਼ਨਾਈਡਰ ਰੋ ਰਿਹਾ ਸੀ ਜਦੋਂ ਆਰਜਨ ਰੋਬੇਨ ਡੌਰ ਭੌਰ ਹੋਇਆ ਸ਼ਾਂਤ ਖੜਾ ਸੀ। ਇਹ ਮੈਂ ਲਿਖ ਇਸ ਲਈ ਰਿਹਾ ਹਾਂ ਕਿ 'ਇਓਂ ਵੀ ਹੁੰਦੈ' ...ਖੇਡ ਖੇਡ ਹੁੰਦੀ ਹੈ – ਕਿਸੇ ਧਿਰ ਨਾਲ ਵੀ ਇਹੋ ਹੋ ਸਕਦਾ ਹੈ। ਬੇਹਤਰ ਹੈ ਕਿ ਜ਼ਿੰਦਗੀ ਨੂੰ ਕਾਦਰ ਦੀ ਲੀਲਾ ਮੰਨਿਆ ਜਾਵੇ – ਫੁੱਟਬਾਲ, ਮੁਹੱਬਤ ਜਾਂ ਜ਼ਿੰਦਗੀ ਦੀ ਖੇਡ ਨੂੰ ਉਵੇਂ ਹੀ ਲਿਆ ਜਾਵੇ ਜਿਵੇਂ ਸਾਡੇ ਦਰਵੇਸ਼ ਲਾਲੀ ਬਾਬਾ ਜੀ ਸਾਰੀ ਉਮਰ ਕਹਿੰਦੇ ਰਹੇ ਜਾਂ ਜਿਵੇਂ ਕਿ ਖੁਦ ਭਗਵਾਨ ਨੇ 'ਕੁਰਕੁਸ਼ੇਤਰ ਦੇ ਮੈਦਾਨ ਅੰਦਰ ਆਪਦੀ ਲੀਲਾ' ਰਚਾਉਣ ਤੋਂ ਪਹਿਲਾਂ ਆਪਣੇ ਪਿਆਰੇ ਸ਼ਗਿਰਦ ਅਰਜਣ ਨੂੰ ਸਮਝਾਇਆ ਸੀ। ਇਹ ਸਾਰੀਆਂ ਹੀ ਗੱਲਾਂ ਠੀਕ ਹਨ। ਸਾਨੂੰ ਹਾਲੈਂਡ ਵਰਗੀ ਟੀਮ ਦੀ ਆਈਸਲੈਂਡ ਹੱਥੋਂ ਹੋਈ ਗਤ ਦਾ ਭਲੀ ਭਾਂਤ ਪਤਾ ਸੀ। 'ਗੀਤਾ ਉਪਦੇਸ਼' ਵੀ ਸਾਨੂੰ ਯਾਦ ਸੀ। ਪ੍ਰੰਤੂ ਹਾਰ ਪਿਛੋਂ ਮੈਸੀ ਦੀ ਹਾਲਤ ਵੇਂਹਦਿਆਂ ਲਗਦਾ ਇਹ ਸੀ ਕਿ ਜ਼ਿੰਦਗੀ ਦੇ ਮਜੇ ਸਾਰੇ ਹਮੇਸ਼ਾ ਲਈ ਹੀ ਕਿਰਕਿਰੇ ਹੋ ਗਏ ਸਨ। ਮਾਨੋ ਕਿਆਮਤ ਹੀ ਕੋਈ ਆ ਗਈ ਸੀ।

ਸ਼ਾਇਦ ਕਾਦਰ ਨੇ ਖੁਦ ਬੰਦੇ ਦੀ ਫ਼ਿਤਰਤ ਘੜੀ ਹੀ ਇਓਂ ਹੈ – ਉਸ ਤੋਂ ਇਓਂ ਹੁੰਦਾ ਨਹੀਂ ਹੈ। ਮਸਲਨ ਚਿੱਲੀ ਤੋਂ ਅਰਜਨਟਾਈਨਾ ਦੀ ਹਾਰ ਪਿਛੋਂ ਮੇਰੇ ਲੜਕੇ ਨੇ ਸਹਿਵਨ ਹੀ ਜਦੋਂ ਇਹ ਆਖਿਆ ਕਿ ਉਸਨੂੰ ਵਿਸ਼ਵ ਕੱਪ ਫਾਈਨਲ 'ਚ ਉਨ੍ਹਾਂ ਦੀ ਹਾਰ ਤੋਂ ਵੀ ਵੱਧ ਦੁੱਖ ਲੱਗਿਆ ਹੈ – ਤਾਂ ਮੈਂ ਉਸਨੂੰ ਆਪਦੀ ਜਾਣੇ ਇਹ ਆਖ ਕੇ ਠੀਕ ਕਰਨ ਦੀ ਕੋਸਿਸ਼ ਕੀਤੀ ਕਿ ਨਹੀਂ – ਦੁੱਖ ਤਾਂ ਉਹ ਵੀ ਵੱਡਾ ਸੀ। ਮੈਸੀ ਅਤੇ ਉਸ ਦੇ ਸਾਥੀਆਂ ਦੀ ਉਸ ਮੈਚ ਵਿਚ ਹੋਈ ਹਾਰ ਦਾ ਦੁੱਖ ਵੀ ਲੰਮੇ ਸਮੇਂ ਤੱਕ ਮਨ ਵਿਚੋਂ ਗਿਆ ਨਹੀਂ ਸੀ। ਆਖਰ ਫੁੱਟਬਾਲ ਜਗਤ ਦੇ ਮਹਿਬੂਬ ਖਿਡਾਰੀ ਪੇਲੇ ਦੇ ਦੇਸ਼ ਵਿਚ ਜਰਮਨਾਂ ਨੇ ਸੈਮੀ ਫਾਈਨਲ ਗੇੜ ਵਿਚ ਨੇਮਾਰ ਤੋਂ ਬਿਨਾਂ ਖੇਡ ਰਹੀ ਬਰਾਜ਼ੀਲੀਅਨ ਟੀਮ ਨੂੰ 7-1 ਦੇ ਫਰਕ ਨਾਲ ਹਰਾਇਆ ਸੀ। ਪੇਲੇ ਤਾਂ ਰੋਇਆ ਹੀ ਸੀ – ਦੁਨੀਆ ਭਰ ਵਿਚ ਉਨ੍ਹਾਂ ਦੇ ਕਰੋੜਾਂ ਪ੍ਰਸ਼ੰਸਕਾਂ ਦੀਆਂ ਚੀਕਾਂ ਵੀ ਉਨ੍ਹਾਂ ਨੇ ਕਢਵਾ ਦਿੱਤੀਆਂ ਸਨ। ਉਸ ਫਾਈਨਲ ਵਿਚ ਅਰਜਨਟੀਨੀਅਨ ਜੇਕਰ ਜਾਂਦੇ ਤਾਂ ਸਾਰੀ ਸਕਰਿਪਟ ਹੀ ਬਦਲ ਜਾਣੀ ਸੀ। ਸਾਲ 2006 ਦੇ ਜਰਮਨੀ ਵਿਚ ਹੋਏ ਵਿਸ਼ਵ ਕੱਪ ਕਵਾਟਰ ਫਾਈਨਲ ਮੁਕਾਬਲੇ ਦੌਰਾਨ ਰਿਕੁਐਲਮੇ, ਸੇਵੀਓਲੋ, ਮੈਸੀ, ਟਵੇਜ਼, ਕਰੈਸਪੋ ਅਤੇ ਮੱਧ ਪੰਕਤੀ ਵਿਚ ਮੈਸ਼ਾਰਨੋ, ਰੌਡਰੀਗੋ ਅਤੇ ਕੈਂਬੀਆਸੋਂ ਵਰਗੇ ਮਹਾਂਰਥੀਆਂ ਨਾਲ ਲੈੱਸ ਟੀਮ ਦਾ ਕੋਈ ਲੇਖਾ ਹੀ ਨਹੀਂ ਸੀ। ਉਸ ਟੂਰਨਾਮੈਂਟ ਵਿਚ ਟਰਾਫੀ ਦੀ ਮੁਹਿੰਮ ਉਨ੍ਹਾਂ ਸਰਬੀਆਂ ਵਰਗੇ ਟੀਮ ਇਕ ਦੇ ਮੁਕਾਬਲੇ 6 ਗੋਲਾਂ ਨਾਲ ਹਰਾ ਕੇ ਸ਼ੁਰੂ ਕੀਤੀ ਸੀ। ਪ੍ਰੰਤੂ ਫਿਰ ਜਰਮਨਾਂ ਵਿਰੁੱਧ ਕਵਾਟਰ ਫਾਈਨਲ ਮੈਚ ਦੌਰਾਨ 'ਫੌਜ਼ਾਂ ਜਿੱਤ ਕੇ ਅੰਤ ਨੂੰ ਹਾਰੀਆਂ' ਸਨ ਤਾਂ ਉਹ ਕਸਕ ਸਾਨੂੰ ਅਰਜਨਟਾਈਨਾ ਦੇ ਸਾਡੇ ਸਭ ਸਾਥੀ ਪ੍ਰਸ਼ੰਸਕਾਂ ਨੂੰ ਪਿਛਲੇ 10 ਵਰ੍ਹਿਆਂ ਤੋਂ ਭੁੱਲੀ ਹੀ ਨਹੀਂ ਸੀ। ਉਸ ਮੈਚ ਵਿਚ 'ਫੌਜ਼ਾਂ ਜਿੱਤ ਕੇ ਹਾਰਨ' ਵਾਲੀ ਰਾਏ ਮੇਰੀ ਨਹੀਂ ਬਲਕਿ ਮਹਿਬੂਬ ਸਾਹਿਬ ਦੀ ਸੀ। ਉਨ੍ਹੀਂ ਦਿਨੀਂ ਉਨ੍ਹਾਂ ਸਮੇਤ ਸਾਡੇ ਸਾਰੇ ਦੋਸਤ ਰਿਕੁਐਲਮੇ ਦੇ ਸਭ ਤੋਂ ਵੱਧ ਮਦਾਹ ਸਨ। ਸਾਲ 2010 ਦੇ ਵਿਸ਼ਵ ਕੱਪ ਦੌਰਾਨ ਟੀਮ ਦਾ ਰਾਹਬਰ ਖੁਦ ਡੀਅਗੋ ਆਰਡੋਨਾ ਸੀ ਅਤੇ ਸਾਡੀਆਂ ਦੁਆਵਾਂ ਮੈਸੀ ਨਾਲੋਂ ਵੀ ਵੱਧ ਉਸ 'ਦਰਵੇਸ਼' ਦੀ ਸਫ਼ਲਤਾ ਨਾਲ ਜੁੜੀਆਂ ਹੋਈਆਂ ਸਨ। ਪਹਿਲੇ ਗੇੜ ਦੇ ਮੈਚ ਮਾਰਾਡੋਨਾ ਦੀ ਟੀਮ ਨੇ ਪੂਰੀ ਸ਼ਾਨ ਨਾਲ ਜਿੱਤੇ ਅਤੇ 16 ਦਾ ਗੇੜ ਵੀ ਪੂਰਨ ਆਤਮ ਵਿਸ਼ਵਾਸ ਨਾਲ ਪਾਰ ਕੀਤਾ। ਪ੍ਰੰਤੂ ਅਗਾਂਹ ਕਵਾਟਰ ਫਾਈਨਲ ਵਿਚ 'ਫੇਟ ਫੁੱਲ' ਟੱਕਰ ਉਨ੍ਹਾਂ ਦੀ ਇੱਕ ਵਾਰ ਫੇਰ ਜਰਮਨਾਂ ਨਾਲ ਪੈ ਗਈ ਸੀ।

ਬਰਾਜ਼ੀਲ ਵਿਸ਼ਵ ਕੱਪ ਫਾਈਨਲ ਤੋਂ ਮਹਿਜ਼ ਦੋ ਕੁ ਮਹੀਨਿਆਂ ਦੇ ਅੰਦਰ ਅੰਦਰ ਉਸੇ ਸਾਲ ਸਤੰਬਰ ਦੇ ਪਹਿਲੇ ਹੀ ਹਫ਼ਤੇ ਅਰਜਨਟਾਈਨਾ ਟੀਮ ਜਰਮਨੀ ਦੇ ਡਿਊਸਲਡੋਰਫ ਸ਼ਹਿਰ ਵਿਚ ਲਿਓਨਲ ਮੈਸੀ ਤੋਂ ਬਗੈਰ ਮੈਦਾਨ ਵਿਚ ਉਤਰੀ। ਉਸ ਟੀਮ ਵਿਚ ਕਪਤਾਨ ਸ਼ਵੈਨਸਟਾਈਗਰ ਵੀ ਸ਼ਾਮਲ ਨਹੀਂ ਸੀ। ਪ੍ਰੰਤੂ ਗੌਟਜੇ, ਡਰੈਕਸਲਰ ਸ਼ੁਰਲੇ, ਕਰੂਸ ਅਤੇ ਰਿਊਸ ਆਦਿ ਬਾਕੀ ਸਭ ਸਿਰੇ ਦੇ ਤੇਜ਼ ਤਰਾਰ ਖਿਡਾਰੀ ਹਾਜ਼ਰ ਸਨ। ਉਸ ਮੈਚ ਵਿਚ ਅਰਜਨਟਾਈਨੀਅਨਾਂ ਨੇ ਜਰਮਨਾਂ ਦੀ ਨਾਂਹ ਕਰਵਾ ਦਿਤੀ ਸੀ। ਨੈੱਟ ਉਪਰ ਉਸ ਮੈਚ ਦੀਆਂ ਕਲਿਪਿੰਗਜ਼ ਵੇਖਿਆਂ ਇਹ ਖਿਡਾਰੀ ਕਿਧਰੇ ਨਜ਼ਰ ਵੀ ਨਹੀਂ ਆਉਂਦੇ – ਚਾਰੇ ਪਾਸੇ ਜਰਮਨ ਗੋਲਾਂ ਦੇ ਗਿਰਦ ਅੰਖਿਲ ਦਾ ਮਾਰੀਆ ਬਾਲ ਨੂੰ ਕਾਬੂ ਕਰਕੇ ਲਗਾਤਾਰ ਆਪਣੇ ਲੈਅ ਮਈ ਅੰਦਾਜ਼ ਵਿੱਚ ਨ੍ਰਿਤ ਕਰਦਾ ਅਤੇ ਕਿਸੇ ਮਸੂਮ ਪਰ ਅਥਰੇ ਹਰਨੋਟੇ ਦੇ ਹਾਰ ਚੁੰਘੀਆਂ ਭਰਦਾ ਹੀ ਨਜ਼ਰ ਆਉਂਦਾ ਹੈ। ਅਰਜਨਟਾਈਨਾ ਨੇ ਇਹ ਮੈਚ 2 ਦੇ ਮੁਕਾਬਲੇ 4 ਗੋਲਾਂ ਨਾਲ ਜਿੱਤ ਕੇ ਜਰਮਨਾਂ ਦੀ ਭਾਜੀ ਮੋੜੀ। ਪਹਿਲੇ ਤਿੰਨ ਗੋਲ ਅੰਖਿਲ ਮਾਰੀਆ ਦੇ ਸਟੀਕ ਪਾਸ ਤੇ ਉਸਦੇ ਸਾਥੀਆਂ ਨੇ ਕੀਤੇ ਅਤੇ ਆਖਰੀ ਬਹੁਤ ਹੀ ਸੁੰਦਰ – ਆਪਦਾ 'ਸਿਗਨੇਚਰ' ਗੋਲ ਉਸ ਨੇ ਖੁਦ ਕੀਤਾ।

ਅਰਜਨਟਾਈਨਾ ਦੀ ਇਸ ਜਿੱਤ ਨਾਲ ਮੇਰੀ ਆਪਦੀ ਅਤੇ ਮੇਰੇ ਮਿੱਤਰਾਂ ਦੀ ਹੋਣੀ ਤਾਂ 'ਤਸੱਲੀ' ਚਾਹੀਦੀ ਸੀ। ਪ੍ਰੰਤੂ ਹੋ ਇਸਦੇ ਉਲਟ ਗਿਆ ਸੀ। ਮਨ ਵਿੱਚ ਕਿੰਨੀ ਦੇਰ ਤੱਕ ਇਹੋ ਹੀ ਆਈ ਗਿਆ ਸੀ ਕਿ ਕਸਰ ਤਾਂ ਥੋੜੀ ਹੀ ਸੀ – ਵਿਸ਼ਵ ਕੱਪ ਫਾਈਨਲ ਮੈਚ ਦੌਰਾਨ ਅੰਖਿਲ ਦਾ ਮਾਰੀਆ ਜੇਕਰ ਮੈਸੀ ਦੇ ਨਾਲ ਹੁੰਦਾ ਤਾਂ – ਜਰਮਨਾਂ ਨੂੰ ਉਨ੍ਹਾਂ ਉਸ ਦਿਨ ਜਿੱਤਣ

ਦੇਣਾ ਨਹੀਂ ਸੀ। ਉਸ ਟੂਰਨਾਮੈਂਟ ਦੌਰਾਨ ਪ੍ਰੀ ਕਵਾਟਰ ਫਾਈਨਲ ਗੇੜ ਦੀ ਸਵਿਟਜਰਲੈਂਡ ਵਿਰੁੱਧ ਬਹੁਤ ਹੀ ਫਸਵੀਂ ਟੱਕਰ ਦੌਰਾਨ ਮੈਚ ਦਾ ਇਕੋ ਇਕ ਨਿਰਣਾਇਕ ਗੋਲ ਉਸਨੇ ਹੀ ਕੀਤਾ ਸੀ। ਪ੍ਰੰਤੂ ਅੱਗੋਂ ਕਵਾਟਰ ਫਾਈਨਲ ਗੇੜ ਦੇ ਮੈਚ ਦੌਰਾਨ ਬਰਾਜ਼ੀਲੀਅਨ ਟੀਮ ਦੇ ਕੇਂਦਰੀ ਖਿਡਾਰੀ ਨੇਮਾਰ ਵਾਂਗ ਉਹ ਵੀ ਵਿਰੋਧੀ ਧਿਰ ਦੇ ਕਿਸੇ ਖਿਡਾਰੀ ਦੇ ਗ਼ਲਤ ਟੈਕਲ ਕਾਰਨ ਜ਼ਖ਼ਮੀ ਹੋ ਕੇ ਆਪਦੀ ਟੀਮ ਦੀ ਮੁਹਿੰਮ ਵਿਚੋਂ ਬਾਹਰ ਜਦੋਂ ਹੋਇਆ ਤਾਂ ਫਾਈਨਲ ਮੁਕਾਬਲੇ ਦੌਰਾਨ 2006 ਦੇ ਕਵਾਟਰ ਫਾਈਨਲ ਵਾਂਗ ਉਸੇ ਤਰ੍ਹਾਂ 'ਫੌਜ਼ਾਂ ਜਿੱਤ ਕੇ ਅੰਤ ਨੂੰ ਹਾਰਨ' ਵਾਲੀ ਕਹਾਣੀ ਦੁਹਰਾ ਹੋ ਗਈ। ਬਰਾਜ਼ੀਲ ਤੋਂ ਬਾਅਦ ਅਰਜਨਟਾਈਨਾ ਨਾਲ ਸਾਡੀ ਤਾਰ ਹੀ ਇਓਂ ਜੁੜੀ ਹੋਈ ਸੀ ਕਿ ਉਸਨੂੰ ਹਾਰਦਿਆਂ ਵੇਖਣ ਨੂੰ ਸਾਡਾ ਮਨ ਮੂਲੋਂ ਰਾਜ਼ੀ ਹੀ ਨਹੀਂ ਸੀ।

ਜਰਮਨ ਟੀਮ 2002, 2006, 2010 ਅਤੇ ਸਭ ਤੋਂ ਵੱਧ 2014 – ਕਿਸੇ ਵਿਸ਼ਵ ਕੱਪ ਵਿਚ ਮਾੜੀ ਨਹੀਂ ਸੀ। ਪ੍ਰੰਤੂ 2006 ਦੇ ਸੈਮੀ ਫਾਈਨਲ ਵਿਚ ਉਹ ਇਤਾਲਵੀ ਟੀਮ ਹੱਥੋਂ ਅਤੇ ਫਿਰ 2010 ਦੀ ਮੁਹਿੰਮ ਦੇ ਅਜਿਹੇ ਹੀ ਮੁਕਾਮ ਤੇ ਉਹ ਸਪੇਨੀਆਂ ਹੱਥੋਂ ਜਦੋਂ ਹਾਰੇ ਤਾਂ ਸਾਡੇ ਖੇਮੇ ਦੇ ਸਭ ਸਾਥੀਆਂ ਨੂੰ ਕਹਿਰਾਂ ਦਾ ਮਜਾ ਆਇਆ ਸੀ। ਪ੍ਰੰਤੂ ਇਸ ਦਾ ਰੈਸ਼ਨੇਲ ਕੀ ਹੈ। ਮਹਾਨ ਪੇਲੇ ਦਾ ਕਹਿਣਾ ਹੈ ਤੇ ਸਾਡੇ ਆਪਦੇ ਲਾਲੀ ਬਾਬਾ ਸਦਾ ਕਹਿੰਦੇ ਹੀ ਇਹ ਰਹੇ ਸਨ ਕਿ ਫੁੱਟਬਾਲ ਬਹੁਤ ਹੀ ਸੁੰਦਰ ਗੇਮ ਹੈ। ਇਸਦਾ ਨਿਰਲੇਪ ਮਨੋ ਅਵਸਥਾ ਵਿਚ ਨਜ਼ਾਰਾ ਲੈਣਾ ਚਾਹੀਦਾ ਹੈ ਅਤੇ ਕਿਸੇ ਵੀ ਤਕੜੇ -ਗਹਿਗਚ ਮੈਚ ਨੂੰ ਵੇਖਣ ਤੋਂ ਬਾਅਦ ਇਨਸਾਨ ਦਾ ਮਨ ਚਿਤ ਪਹਿਲਾਂ ਨਾਲੋਂ ਵੱਧ ਨਿਰਮਲ ਜੇਕਰ ਨਾ ਹੋਵੇ – ਉਦਾਤ ਦੀ ਕਿਸੇ ਉਚੀ ਅਵਸਥਾ ਨੂੰ ਨਾ ਛੂਹੇ ਤਾਂ ਕੋਈ ਬਾਤ ਨਹੀਂ ਹੈ। ਪ੍ਰੋ. ਹਰਿੰਦਰ ਸਿੰਘ ਮਹਿਬੂਬ ਦਾ ਵੀ ਐਨ ਇਹੋ ਮੱਤ ਸੀ।

ਸੋ ਹੁਣ ਅਸੀਂ ਉਨ੍ਹਾਂ ਦੇ ਕਥਨਾਂ ਦੇ ਅਧਾਰ 'ਤੇ ਇਹ ਵੇਖਣ ਦਾ ਯਤਨ ਕਰਾਂਗੇ ਕਿ ਆਦਮੀ ਇਓਂ ਕਰ ਸਕਦਾ ਹੈ ਅਤੇ ਇਹ ਵੀ ਕਿ ਕੀ ਖੁਦ ਆਪ ਉਨ੍ਹਾਂ ਤੋਂ 'ਇਓਂ' ਹੋਇਆ – ਮੌਕਾ ਆਉਣ ਤੇ 'ਵੇਦਨਾ ਜਾਂ ਵਜਦ ਤੋਂ ਪਾਰ' ਉਹ ਕਿੰਨੇ ਕੁ ਰਹੇ। ਸਭ ਤੋਂ ਪਹਿਲਾਂ ਅਸੀਂ ਮਹਿਬੂਬ ਸਾਹਿਬ ਨੂੰ ਲਈਏ। ਗਹਿਰੇ ਧਾਰਮਿਕ ਅਨੁਭਵ ਅਤੇ ਉਚੀ ਸੁਰਤ ਦਾ ਉਨ੍ਹਾਂ ਦਾ ਦਾਅਵਾ ਸੀ ਜਿਸ 'ਤੇ ਸਾਨੂੰ ਭੋਰਾ ਭਰ ਵੀ ਸੰਦੇਹ ਨਹੀਂ ਹੈ। ਪ੍ਰੰਤੂ ਇਥੇ ਸਾਡੇ ਸਾਹਵੇਂ ਫੁੱਟਬਾਲ ਦੀ ਨਹੀਂ ਹਾਕੀ ਦੀ ਗੱਲ ਹੈ। ਉਹ ਸਾਲ 1972 ਦੀ ਮਿਊਨਿਖ ਉਲਿੰਪਿਕ ਤੋਂ 10 ਸਾਲ ਬਾਅਦ ਮਿਲੇ। ਉਦੋਂ ਜਰਮਨਾਂ ਨੇ ਪਾਕਿਸਤਾਨੀ ਟੀਮ ਨੂੰ ਪਹਿਲੀ ਵਾਰ ਹਰਾਇਆ। ਸੋਨ ਤਮਗੇ ਦੀ ਜਗ੍ਹਾ ਉਨ੍ਹਾਂ ਨੂੰ ਜਦੋਂ ਚਾਂਦੀ ਦੇ ਮੈਡਲ ਮਿਲੇ ਤਾਂ ਸ਼ਹਿਨਾਜ ਨੇ ਉਸਨੂੰ ਆਪਣੇ ਪੈਰ ਦੀ ਜੁੱਤੀ ਵਿਚ ਟੰਗ ਕੇ ਘੁੰਮਾ ਦਿੱਤਾ। ਜ਼ੁਲਫਕਾਰ ਅਲੀ ਭੁੱਟੋ ਟੀਮ ਦਾ ਹੌਸਲਾ ਵਧਾਉਣ ਲਈ ਉਚੇਚੇ ਚਾਰਟਡ ਜਹਾਜ਼ ਰਾਹੀਂ ਉਥੇ ਪੁਜਿਆ ਹੋਇਆ ਸੀ। ਭੁੱਟੋ ਦੇ ਪ੍ਰਤੀਕਰਮ ਦੀ ਚਰਚਾ ਕਰਨ ਦੀ ਜ਼ਰੂਰਤ ਨਹੀਂ – ਸਭ ਨੂੰ ਪਤਾ ਹੈ। ਗੱਲ ਮਹਿਬੂਬ ਸਾਹਿਬ ਦੀ ਹੈ। ਉਨ੍ਹਾਂ ਨੂੰ ਉਨ੍ਹੀਂ ਦਿਨੀਂ ਸ਼ਹਿਨਾਜ਼ ਦੀ ਖੇਡ ਓਨੀ ਹੀ ਮੋਹਦੀ ਸੀ ਜਿਵੇਂ ਕੁੱਝ ਵਰ੍ਹੇ ਪਿੱਛੋਂ ਰੰਗੀਨ ਟੈਲੀਵਿਜ਼ਨ ਤੇ ਵਿਸ਼ਵ ਕੱਪ ਮੈਚਾਂ ਦੇ ਪ੍ਰਸਾਰਨ ਦੌਰ ਵਿਚ ਪਹਿਲਾਂ ਮਾਰਾਡੋਨਾ ਅਤੇ ਫਿਰ ਰੋਮਾਰੀਓ ਜਾਂ ਰੋਨਾਲਡੋ ਦੀ ਖੇਡ ਨੇ ਮੋਹਿਤ ਕਰਨਾ ਸੀ। ਬਾਬਿਆਂ ਦਾ ਕਹਿਣਾ ਸੀ ਕਿ ਅਜਿਹੇ ਵਿਸ਼ਵ ਮੰਚ ਤੇ ਸ਼ਹਿਨਾਜ਼ ਦੀ ਮੈਡਲ ਨੂੰ ਪੈਰਾਂ ਦੀ ਜੁੱਤੀ 'ਚ ਪਾ ਕੇ ਘੁੰਮਾਉਣ ਦੀ ਗੱਲ ਤਾਂ ਸਹੀ ਨਹੀਂ ਸੀ – ਪ੍ਰੰਤੂ ਜਰਮਨਾਂ ਨੇ ਚੀਟਿੰਗ ਤਾਂ ਉਸ ਮੈਚ ਵਿਚ ਕੀਤੀ ਹੀ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਅਗਲੇ ਮਹਿਜ਼ ਕੁੱਝ ਹੀ ਵਰ੍ਹਿਆਂ ਦੌਰਾਨ ਜਦੋਂ ਜਰਮਨਾਂ ਤੋਂ ਬਾਅਦ ਪਹਿਲਾ ਆਸਟ੍ਰੇਲੀਆ ਅਤੇ ਫਿਰ ਡੱਚ ਹਾਕੀ ਟੀਮਾਂ ਨੇ ਆਪਦੀ ਚੌਧਰ ਮੁਕੰਮਲ ਤੌਰ 'ਤੇ ਸਥਾਪਤ ਕਰ ਲਈ ਤਾਂ ਪਿੱਛੋਂ ਜਾ ਕੇ ਵੀ ਮਹਿਬੂਬ ਸਾਹਿਬ ਨੇ ਆਪਦੀ ਉਹ ਰਾਏ ਬਦਲੀ ਨਹੀਂ ਸੀ। ਹਾਕੀ ਦੀ ਗੇਮ ਸੋਹਣੀ ਸੀ ਪ੍ਰੰਤੂ ਨਿਸ਼ਾ ਉਨ੍ਹਾਂ ਦੀ ਪਾਕਿਸਤਾਨੀ ਹਾਕੀ ਟੀਮ ਦੀ ਜਿੱਤ ਨਾਲ ਹੀ ਹੁੰਦੀ ਸੀ। ਸਾਲ 1996 ਦੀ ਗੱਲ ਹੈ। ਕਈ ਵਰ੍ਹਿਆਂ ਦੇ ਸੋਕੇ ਤੋਂ ਬਾਅਦ ਸ਼ਹਿਨਾਜ਼ ਦੇ ਵਾਰਿਸ ਸ਼ਾਹਬਾਜ਼ ਦੀ ਟੀਮ ਨੇ ਅਹਿਮ ਕੌਮਾਂਤਰੀ ਟੂਰਨਾਮੈਂਟ ਵਿਚ ਸੋਨ ਤਮਗਾ ਜਿੱਤਿਆ ਤਾਂ ਮੈਂ ਖੁਦ 'ਸ਼ਾਹਬਾਜ਼! ਸ਼ਾਹਬਾਜ਼! ਸ਼ਾਹਬਾਜ਼!' ਸਿਰਲੇਖ ਹੇਠ ਜਦੋਂ ਲਿਖਿਆ ਤਾਂ ਉਹ ਪੜ੍ਹ ਕੇ ਕਿੰਨੇ ਖੁਸ਼ ਹੋਏ ਸਨ। ਇਸ ਪ੍ਰਥਾਏ ਲਿਖੀ ਉਨ੍ਹਾਂ ਦੀ ਚਿੱਠੀ ਮੈਂ ਅੱਜ ਤੱਕ ਵੀ ਸੰਭਾਲੀ ਹੋਈ ਹੈ।

ਹੁਣ ਲਾਲੀ ਬਾਬਾ ਜੀ ਵੱਲ ਆਉਣ ਤੋਂ ਪਹਿਲਾਂ ਬੇਹਤਰ ਹੈ ਕਿ ਇਸੇ ਵਿਸ਼ੇ ਤੇ ਮਹਾਨ ਪੇਲੇ ਦੀ ਕਹਿਣੀ ਅਤੇ ਕਰਨੀ ਦਾ ਜਾਇਜ਼ਾ ਲਿਆ ਜਾਵੇ। ਡੇੜ-ਦੋ ਕੁ ਸਾਲ ਪਹਿਲਾਂ ਅਸੀਂ 'ਲਾਲੀ ਬਾਬਾ ਤੇ ਵਿਸ਼ਵ ਕੱਪ ਫੁੱਟਬਾਲ' ਸਿਰਲੇਖ ਹੇਠਲੇ ਆਪਣੇ ਇਕ ਲੇਖ ਵਿਚ ਅਸੀਂ ਉਸ ਦੀ ਯਾਦਾਂ ਦੀ ਪੁਸਤਕ 'ਮਾਈ ਲਾਈਫ ਐਂਡ ਦਾ ਬਿਊਟੀਫੁਲ ਗੇਮ' ਦੇ ਹਵਾਲੇ ਨਾਲ ਇਸੇ ਪ੍ਰਥਾਏ ਉਸਦੇ ਕੁਝ ਪ੍ਰਭਾਵ ਪਾਠਕਾਂ ਨਾਲ ਸਾਂਝੇ ਕੀਤੇ ਸਨ। ਕਈ ਸਾਲ ਪਹਿਲਾਂ ਲਿਖੀ ਇਸ ਪੁਸਤਕ ਤੋਂ ਬਾਅਦ ਉਸਦੀ ਕੁਝ ਮਹੀਨੇ ਪਹਿਲਾਂ 'ਪੇਲੇ: ਵਾਈ ਫੁੱਟਬਾਲ ਮੈਟਰਜ਼' ਨਾਂ ਦੀ ਪੁਸਤਕ ਦੇ 'ਬਰਾਜ਼ੀਲ 1950' ਸਿਰਲੇਖ ਹੇਠਲੇ ਪਹਿਲੇ ਹੀ ਚੈਪਟਰ ਦੇ ਪਹਿਲੇ ਹੀ ਪੰਨੇ ਤੋਂ ਉਹ ਸਾਲ 1950 ਦੇ ਉਸਦੀ ਆਪਦੀ ਧਰਤੀ ਉਪਰ ਹੋਏ ਵਿਸ਼ਵ ਕੱਪ ਫੁੱਟਬਾਲ ਦੇ 'ਬਰਾਜ਼ੀਲ ਅਤੇ ਯੁਰੂਗੁਏ' ਵਿਚਾਲੇ ਖੇਡੇ ਗਏ ਇਤਿਹਾਸਕ ਫਾਈਨਲ ਮੁਕਾਬਲੇ ਤੋਂ ਪਹਿਲਾਂ ਅਤੇ ਬਾਅਦ ਖੁਦ ਆਪਣੇ ਅਤੇ ਆਪਣੇ ਪਰਿਵਾਰ – ਖਾਸ ਕਰਕੇ ਆਪਣੇ ਪਿਤਾ ਤੇ ਹੋਰ ਮੈਂਬਰਾਂ ਦੇ ਪ੍ਰਤੀਕਰਮ ਪਾਠਕਾਂ ਨਾਲ ਸਾਂਝੇ ਕਰਦਾ ਹੈ।

ਇਹ ਟੂਰਨਾਮੈਂਟ ਬਰਾਜ਼ੀਲ ਦੀ ਆਪਦੀ ਧਰਤੀ 'ਤੇ ਹੋ ਰਿਹਾ ਸੀ। ਬਰਾਜ਼ੀਲ ਦੀ ਟੀਮ ਨੇ ਪਹਿਲੇ ਹੀ ਮੈਚ ਵਿਚ

ਮੈਕਸੀਕੋ ਨੂੰ ਸਿਫਰ ਦੇ ਮੁਕਾਬਲੇ 4 ਗੋਲਾਂ ਨਾਲ ਹਰਾ ਕੇ ਸੁਨਹਿਰੀ ਕੱਪ ਜਿੱਤਣ ਦੀ ਪੱਕੀ ਦ੍ਰਿੜਤਾ ਨਾਲ ਆਪਦੀ ਮੁਹਿੰਮ ਸ਼ੁਰੂ ਕੀਤੀ। ਦੂਸਰੇ ਮੈਚ ਵਿਚ ਸਵਿਟਜ਼ਰਲੈਂਡ ਦੀ ਟੀਮ ਨੇ ਉਨ੍ਹਾਂ ਨੂੰ 2-2 ਗੋਲਾਂ ਦੀ ਬਰਾਬਰੀ ਤੇ ਰੋਕ ਲਿਆ। ਪ੍ਰੰਤੂ ਪੂਲ ਦੇ ਮੁਢਲੇ ਗੇੜ ਦੇ ਯੋਗੋਸਲਾਵੀਆ ਨਾਲ ਖੇਡੇ ਆਖ਼ਰੀ ਮੈਚ ਵਿਚ ਉਨ੍ਹਾਂ ਦਾ ਆਤਮ ਵਿਸ਼ਵਾਸ ਪਰਤ ਆਇਆ ਅਤੇ ਉਹ 2-0 ਦੀ ਪਹਿਲ ਨਾਲ ਜੇਤੂ ਰਹੇ। ਟੂਰਨਾਮੈਂਟ ਦੇ ਅਗਲੇ ਗੇੜ ਵਿਚ ਉਨ੍ਹਾਂ ਦਾ ਉਤਸ਼ਾਹ ਸਿਖ਼ਰ 'ਤੇ ਹੈ। ਉਨ੍ਹਾਂ ਨੇ ਇਸ ਮੈਚ ਵਿਚ ਸਵੀਡਨ ਦੀ ਟੀਮ ਨੂੰ 1 ਦੇ ਮੁਕਾਬਲੇ 7 ਗੋਲਾਂ ਨਾਲ ਹਰਾਇਆ ਅਤੇ ਉਸ ਤੋਂ ਅਗਲੇ ਮੈਚ ਵਿਚ ਸਪੇਨੀਆਂ ਦੀ ਸਖ਼ਤ ਜਾਨ ਟੀਮ ਉਪਰ 6-1 ਗੋਲਾਂ ਦੇ ਲਗਪਗ ਉਸੇ ਤਰ੍ਹਾਂ ਦੇ ਵਿਸ਼ਾਲ ਅੰਤਰ ਨਾਲ ਜੇਤੂ ਰਹੇ। ਉਨ੍ਹਾਂ ਦੀ ਹਮਲਾਵਰ ਪੰਕਤੀ ਵਿਚ ਤੇਜ਼ ਤਰਾਰ ਖਿਡਾਰੀ ਚੀਕੋ ਨੇ ਦੋਵਾਂ ਮੈਚਾਂ ਦੌਰਾਨ 2-2 ਗੋਲ ਕੀਤੇ। ਉਨ੍ਹੀ ਦਿਨੀਂ ਬਰਾਜ਼ੀਲੀਅਨ ਫੁੱਟਬਾਲ ਜਗਤ ਅਤੇ ਬਾਲ ਉਮਰ ਪੇਲੇ ਦਾ ਨਾਇਕ, ਆਦੇਮੀਰ ਨਾਂ ਦਾ ਖਿਡਾਰੀ ਸੀ। ਉਸਨੇ ਪਹਿਲੇ ਮੈਚ ਵਿਚ 4 ਗੋਲ ਕੀਤੇ ਅਤੇ ਸਪੇਨੀਆਂ ਵਿਰੁੱਧ ਵੀ ਉਹ ਦੋ ਗੋਲ ਕਰਨ ਵਿਚ ਸਫ਼ਲ ਰਿਹਾ। ਜ਼ਾਹਿਰ ਹੈ ਕਿ ਇਨ੍ਹਾਂ ਅਹਿਮ ਜਿੱਤਾਂ ਨਾਲ ਬਰਾਜ਼ੀਲ ਦੀ ਗੁੱਡੀ ਸੱਤ ਅਸਮਾਨੇ ਚੜ੍ਹੀ ਹੋਈ ਸੀ ਅਤੇ ਰਾਜਧਾਨੀ ਤੋਂ ਦੂਰ ਦੁਰਾਡੇ ਪੇਲੇ ਦੇ ਨਿੱਕੇ ਜਿਹੇ ਪਹਾੜੀ ਪਿੰਡ ਅਤੇ ਖਾਸ ਕਰਕੇ ਉਸ ਦੇ ਘਰ ਵਿਚ ਦਿਨ-ਰਾਤ ਉਸੇ ਦਾ ਨਾਂ ਜਪ ਹੋ ਰਿਹਾ ਸੀ।

ਪੇਲੇ ਦੀ ਯਾਦਾਂ ਦੀ ਇਸ ਨਵੀਂ ਪੁਸਤਕ ਦੀਆਂ ਸ਼ੁਰੂਆਤੀ ਸਤਰਾਂ ਜ਼ਰਾ ਵੇਖੋ:

"ਅਸੀਂ ਹੱਸ ਰਹੇ ਸਾਂ, ਹੇਠਾਂ ਉਪਰ ਟੱਪ ਰਹੇ ਸਾਂ – ਚਾਅ ਸਾਨੂੰ ਚੜ੍ਹਿਆ ਹੋਇਆ ਸੀ। ਉੱਚੀ-ਉੱਚੀ ਚੰਘਾੜਾਂ ਅਸੀਂ ਪਾ ਰਹੇ ਸਾਂ – ਗੀਤ ਗਾ ਰਹੇ ਸਾਂ। ਸਾਰਾ ਪਰਿਵਾਰ ਸਾਡੇ ਨਿੱਕੇ ਜਿਹੇ ਘਰ ਵਿਚ ਉਨ੍ਹਾਂ ਵਕਤਾਂ ਦੇ ਵੱਡੇ ਰੇਡੀਓ ਸੈਟ ਦੇ ਇਰਦ ਗਿਰਦ ਬੈਠਾ ਕਮੈਂਟਰੀ ਸੁਣ ਰਿਹਾ ਸੀ – ਪੂਰੇ ਬਰਾਜ਼ੀਲ ਦੇ ਹਰ ਇਕ ਘਰ ਵਾਂਗੂ।

ਸਾਡੇ ਪਿੰਡ ਤੋਂ 300 ਮੀਲ ਦੂਰ ਰਾਜਧਾਨੀ ਵਿਚ ਬਰਾਜ਼ੀਲ ਅਤੇ ਯੁਰੂਗੁਏ ਵਿਚਾਲੇ ਫਾਈਨਲ ਮੁਕਾਬਲਾ ਚਲ ਰਿਹਾ ਸੀ। ਸਾਡੀ ਟੀਮ ਬੇਹਤਰ ਸੀ। ਦੂਸਰੇ ਅੱਧ ਦੀ ਖੇਡ ਲਈ ਟੀਮਾਂ ਵਾਪਸ ਮੈਦਾਨ ਅੰਦਰ ਪਰਤੀਆਂ ਹੀ ਸਨ ਕਿ ਸਾਡੇ ਖਿਡਾਰੀ ਫਰਿਆਕਾ ਨੇ ਗੋਲ ਦਾਗ ਦਿੱਤਾ। ਮੈਂ ਉਦੋਂ ਮਹਿਜ਼ 9 ਵਰ੍ਹਿਆਂ ਦਾ ਸਾਂ। ਪ੍ਰੰਤੂ ਵਡੇਰਿਆਂ ਦੇ ਮੂੰਹੋਂ ਉਸ ਗੋਲ ਬਾਰੇ ਸੁਣਦਿਆਂ ਜਿਸ ਕਿਸਮ ਦੀ ਖੁਸ਼ੀ ਅਤੇ ਜਿਸ ਕਿਸਮ ਦਾ ਮਾਣ ਮੈਨੂੰ ਮਹਿਸੂਸ ਹੋਇਆ – ਉਹ ਅਹਿਸਾਸ ਬਾਅਦ ਦੀ ਸਾਰੀ ਉਮਰ ਕਦੀ ਵੀ ਭੁੱਲਿਆ ਨਾ। ਬਰਾਜ਼ੀਲ ਦੀ ਪਿਆਰੀ ਮਾਂ ਭੂਮੀ ਅਤੇ ਫੁੱਟਬਾਲ ਦੀ ਖੇਡ – ਮੇਰੀ ਜ਼ਿੰਦਗੀ ਦੇ ਦੋਵੇਂ ਇਸ਼ਕ ਇਕ ਦੂਸਰੇ ਵਿਚ ਆਤਮਸਾਤ ਹੋਏ ਮੈਨੂੰ ਉਸ ਪਲ ਮਹਿਸੂਸ ਹੋਏ।

ਪ੍ਰੰਤੂ ਇਹ ਅਨੋਖੀ ਅਤੇ ਇੰਤਹਾ ਦੀ ਖੁਸ਼ੀ ਕੇਵਲ 19 ਮਿੰਟਾਂ ਤੱਕ ਹੀ ਬਣੀ ਰਹੀ। ਇੰਤਹਾ ਦੀ ਬੇਬਸੀ ਅਤੇ ਦਰਦ ਦੇ ਪਲ ਤਾਂ ਅਜੇ ਇਸ ਤੋਂ ਪਿੱਛੋਂ ਸਾਮ੍ਹਣੇ ਆਉਣੇ ਸਨ।"

ਪੁਸਤਕ ਦੇ ਅਗਲੇ ਕਾਂਡ ਵਿਚ ਪੇਲੇ ਦਸਦਾ ਹੈ ਕਿ ਯੁਰੂਗੁਏ ਦੇ ਖਿਡਾਰੀ ਕੀਗੀਆ ਨੇ ਕਿਵੇਂ ਪਹਿਲਾਂ ਗੋਲ ਉਤਾਰਿਆ ਤੇ ਫਿਰ ਮੈਚ ਦੇ ਅੰਤਿਮ ਪਲਾਂ ਵਿਚ ਰੋਸਾਨਾ ਸਕਿਆਫੀਨੋ ਨੇ ਉਨ੍ਹਾਂ ਵੱਲੋਂ ਜਦੋਂ ਜੇਤੂ ਗੋਲ ਕੀਤਾ ਤਾਂ ਉਸਦੇ ਪਿਤਾ ਸਮੇਤ ਪਰਿਵਾਰ ਮੈਂਬਰਾਂ ਦੀ ਮਨੋਅਵਸਥਾ ਡੂੰਘੀ ਰਸਾਤਲ 'ਚ ਕਿਵੇਂ ਡਿੱਗੀ ਅਤੇ ਪੂਰੇ ਬਰਾਜ਼ੀਲ ਅੰਦਰ ਕਬਰਾਂ ਵਰਗੀ ਭਿਆਨਕ ਸੁੰਨ ਮਸਾਣ ਵਿਆਪ ਕਿਵੇਂ ਗਈ ਸੀ। ਬਰਾਜੀਲੀਅਨ ਗੋਲ ਤੋਂ ਬਾਅਦ ਉਸਦਾ ਬਾਪ ਅਤੇ ਉਸਦੇ ਮਿੱਤਰ ਅਗੇਤੇ ਜਸ਼ਨਾਂ ਵੱਜੋਂ ਬੀਅਰ ਸਿੱਪ ਕਰ ਰਹੇ ਸਨ – ਗੱਪਾਂ ਮਾਰ ਰਹੇ ਸਨ। ਰੇਡੀਓ ਕਮੈਂਟਰੀ ਵੱਲ ਵੀ ਉਨ੍ਹਾਂ ਦਾ ਕੋਈ ਧਿਆਨ ਨਹੀਂ ਸੀ। ਉਨ੍ਹਾਂ ਦੀ ਜਾਣੇ ਬਰਾਜੀਲੀਅਨ ਟੀਮ ਜਿੱਤ ਗਈ ਹੋਈ ਸੀ – ਮਹਿਜ਼ ਰਸਮੀ ਐਲਾਨ ਹੋਣਾ ਹੀ ਬਾਕੀ ਸੀ। ਪ੍ਰੰਤੂ ਪਿੱਛੋਂ ਐਲਾਨ ਜੋ ਹੋਇਆ ਉਸ ਤੋਂ ਬਾਅਦ ਬੀਅਰ ਕਿਸੇ ਨੇ ਪੀਤੀ ਨਹੀਂ ਸੀ; ਕੋਈ ਪੀ ਸਕਿਆ ਹੀ ਨਹੀਂ ਸੀ।

ਹੁਣ ਉਹ ਉਨ੍ਹਾਂ ਸੰਭਾਵੀ ਕਾਰਨਾਂ ਦੀ ਤਲਾਸ਼ ਕਰਦਾ ਹੈ ਕਿ ਭਾਣਾ ਇਹ ਵਾਪਰਿਆ ਕਿਵੇਂ, ਉਨ੍ਹਾਂ ਦੀ ਅਜਿਹੀ ਜ਼ਬਰਦਸਤ ਟੀਮ ਚਿੜੀ ਦੇ ਪੌਂਚੇ ਜਿੱਡੇ ਛੋਟੇ ਜਿਹੇ ਅਤੇ ਗੁਮਨਾਮ ਜਿਹੇ ਦੇਸ਼ ਦੀ ਟੀਮ ਤੋਂ ਆਖ਼ਰ ਹਾਰ ਕਿਵੇਂ ਗਈ। ਪੁਸਤਕ ਦੇ ਪਹਿਲੇ ਭਾਗ ਦੇ 12ਵੇਂ ਕਾਂਡ ਵਿਚ ਉਹ ਦਸਦਾ ਹੈ – "16 ਜੁਲਾਈ 1950 ਦੇ ਦਿਨ ਯੁਰੂਗੁਏ ਦੇ ਖਿਡਾਰੀ ਸਵੇਰੇ-ਸਵੇਰੇ ਆਪਦਾ ਨਾਸ਼ਤਾ ਲੈ ਰਹੇ ਸਨ। ਉਨ੍ਹਾਂ ਦੇ ਸਫ਼ਾਰਤੀਖਾਨੇ ਵਿਚ ਤਾਇਨਾਤ ਕੌਂਸਲਰ ਮੈਨੁਇਲ ਕਬਾਲੇਰੋ ਸਥਾਨਕ ਅਖ਼ਬਾਰਾਂ ਦਾ ਬੰਡਲ ਚੁੱਕੀ ਅਚਾਨਕ ਉਨ੍ਹਾਂ ਦੇ ਹੋਟਲ ਰੂਮ ਵਿਚ ਦਾਖ਼ਲ ਹੋਇਆ। ਕਮਰੇ ਵਿਚ ਵੜਦੇ ਸਾਰ ਉਸਨੇ ਕਿਹਾ ਕਿ ਉਹ ਟੀਮ ਦੀ ਹਾਰ ਦਾ ਮਾਤਮ ਮਨਾਉਣ ਆਇਆ ਹੈ। ਇਸ ਦੇ ਨਾਲ ਹੀ ਉਨ 'ਬਰਾਜ਼ੀਲ ਵਿਸ਼ਵ ਫੁੱਟਬਾਲ ਚੈਂਪੀਅਨ ਬਣਨ ਜਾ ਰਿਹਾ ਹੈ' ਦੀ ਮੁੱਖ ਸੁਰਖੀ ਵਾਲੀਆਂ ਅਖ਼ਬਾਰਾਂ ਉਨ੍ਹਾਂ ਅੱਗੇ ਰੱਖ ਦਿੱਤੀਆਂ। ਪਲ ਭਰ ਲਈ ਤਾਂ ਸੰਨਾਟਾ ਜਿਹਾ ਛਾਇਆ – ਪਰ ਜਦੇ ਉਨ੍ਹਾਂ ਦੀ ਟੀਮ ਦਾ ਸਭ ਤੋਂ ਜ਼ਬਰਦਸਤ ਸਮਝਿਆ ਜਾਂਦਾ ਯੂਸੇਬੀਓ ਤਰੇਜਾ ਨਾਂ ਦਾ ਖਿਡਾਰੀ ਉਠਿਆ। ਉਨ ਜਦੇ ਹੀ ਐਲਾਨ ਕੀਤਾ "ਨਹੀਂ! ਨਹੀਂ! ਬਿਲਕੁਲ ਨਹੀਂ!!!" ਬਰਾਜ਼ੀਲ ਵਿਸ਼ਵ ਕੱਪ ਚੈਂਪੀਅਨ ਨਹੀਂ ਹੈ। ਇਹ ਅਸੀਂ ਉਨ੍ਹਾਂ ਨੂੰ ਗਰਾਊਂਡ ਅੰਦਰ ਜਾ ਕੇ ਦੱਸਾਂਗੇ ਕਿ ਵਿਸ਼ਵ ਚੈਂਪੀਅਨ ਕੌਣ ਹੈ।"

...ਤੇ ਅੱਗੋਂ ਫਿਰ ਸਭ ਨੂੰ ਪਤਾ ਹੈ ਕਿ ਉਸ ਦਿਨ ਚੈਂਪੀਅਨ ਬਣਿਆ ਕਿਹੜਾ ਅਤੇ ਕਿੰਝ ਬਣਿਆ। ਪੇਲੇ ਦੇ ਦੱਸਣ ਅਨੁਸਾਰ ਉਸ ਹਾਰ ਦਾ ਬਰਾਜ਼ੀਲ ਵਾਸੀਆਂ ਨੇ ਦੁੱਖ ਏਨਾ ਗਹਿਰਾ ਮੰਨਿਆ ਕਿ ਅਗਲੇ ਅਨੇਕਾਂ ਵਰ੍ਹੇ ਉਨ੍ਹਾਂ ਦੀ ਸਮੂਹਿਕ

ਚੇਤਨਾ ਵਿਚੋਂ ਉਸਦਾ ਦਰਦ ਖਤਮ ਹੋਇਆ ਨਹੀਂ ਸੀ। ਉਨ੍ਹਾਂ ਦੀਆਂ ਟੀਮਾਂ ਵੱਲੋਂ ਤਿੰਨ ਵਾਰ ਵਿਸ਼ਵ ਕੱਪ ਜਿੱਤ ਲੈਣ ਪਿੱਛੋਂ ਵੀ ਉਸ ਹਾਰ ਨੂੰ ਚੇਤੇ ਕਰਦਿਆਂ ਹੌਲ ਉਨ੍ਹਾਂ ਮਨਾਂ ਅੰਦਰ ਕਿਵੇਂ ਪੈਂਦੇ ਰਹੇ ਸਨ।

ਬਰਾਜ਼ੀਲ ਦੀ ਉਸ ਮਹਾਨ ਟੀਮ ਵਿਚ ਬਾਰਬੋਜ਼ਾ ਆਪਣੇ ਸਮਿਆਂ ਦਾ ਸਭ ਤੋਂ ਜਾਂ ਬਾਜ ਗੋਲਕੀਪਰ ਸੀ। ਪ੍ਰੰਤੂ ਉਸ ਹਾਰ ਤੋਂ ਬਾਅਦ ਬਹੁਤੇ ਬਰਾਜ਼ੀਲੀਅਨ ਲੋਕ ਉਸਨੂੰ ਨਹਿਸ਼ ਹੀ ਮੰਨਣ ਲਗ ਗਏ ਸਨ। ਮਸਲਨ ਪੇਲੇ ਆਪਦੀ ਪੁਸਤਕ ਦੇ ਪੰਨਾ 49 ਉਪਰ ਦਸਦਾ ਹੈ ਕਿ "ਸਾਲ 1994 'ਚ ਬਰਾਜ਼ੀਲ ਨੂੰ ਵਿਸ਼ਵ ਕੱਪ ਜਿੱਤਿਆਂ ਪੂਰੇ 24 ਵਰ੍ਹੇ ਹੋ ਗਏ ਸਨ। 90 ਵਿਆਂ ਵਿਚ ਜੀਕੋ ਅਤੇ ਸੌਕਰੇਟਸ ਵਰਗੇ ਦੰਤਕਥਾਈ ਪ੍ਰਤਿਭਾ ਵਾਲੇ ਖਿਡਾਰੀ ਕੱਪ ਚੁੱਕਣ ਵਿਚ ਨਾਕਾਮ ਰਹੇ ਸਨ। ਉਨ੍ਹਾਂ ਦੀ ਜਗ੍ਹਾ ਰੋਮਾਰੀਓ ਅਤੇ ਬੈਬੀਟੋ ਵਰਗੇ ਤੂਫਾਨੀ ਖਿਡਾਰੀ ਆ ਗਏ ਸਨ।ਬਰਾਜ਼ੀਲ ਦੇ ਤਰੇਸੋਪੋਲਿਸ ਨਗਰ ਵਿਚ ਟ੍ਰੇਨਿੰਗ ਕੈਂਪ ਚਲ ਰਿਹਾ ਸੀ ਅਤੇ ਅਗਲੇ ਦਿਨ ਵਿਸ਼ਵ ਕੱਪ ਮੁਹਿੰਮ ਵਿਚ ਕਿਸਮਤ ਅਜ਼ਮਾਈ ਕਰਨ ਲਈ ਉਨ੍ਹਾਂ ਨੇ ਰਵਾਨਾ ਹੋ ਜਾਣਾ ਸੀ। ਬਾਰਬੋਜ਼ਾ ਉਨ੍ਹਾਂ ਨੂੰ ਸ਼ੁਭ ਇਛਾਵਾਂ ਦੇਣ ਲਈ ਉਥੇ ਪਹੁੰਚਦਾ ਹੈ। ਪ੍ਰੰਤੂ ਸਥਿਤੀ ਦੇ ਵਿਅੰਗ ਦੀ ਇੰਤਹਾ ਜ਼ਰਾ ਵੇਖੋ ਕਿ ਪ੍ਰਬੰਧਕ ਅਤੇ ਖਿਡਾਰੀ ਉਸ ਨੂੰ ਮਨਹੂਸ ਮੰਨਦਿਆਂ ਉਸਨੂੰ ਮੱਥੇ ਲੱਗਣ ਤੋਂ ਮਨ੍ਹਾਂ ਕਰ ਦਿੰਦੇ ਹਨ। ਅਪ੍ਰੈਲ 2000 ਵਿਚ ਭਲੇ ਪੁਰਸ਼ ਦਾ ਦੇਹਾਂਤ ਹੋਇਆ ਅਤੇ ਪੇਲੇ ਦੇ ਦੱਸਣ ਅਨੁਸਾਰ ਉਸ ਨਾਲ ਉਸਦੀ ਬਹੁਤ ਹੀ ਮੁਹੱਬਤ ਸੀ ਅਤੇ ਉਹ ਅਕਸਰ ਹੀ ਕਹਿੰਦਾ ਰਿਹਾ ਸੀ ਕਿ ਬਰਾਜ਼ੀਲ ਵਿਚ ਕਿਸੇ ਵੀ ਵੱਡੇ ਜ਼ੁਰਮ ਲਈ ਵੱਧ ਤੋਂ ਵੱਧ ਸਜ਼ਾ 30 ਸਾਲ ਹੈ। ਮੈਂ ਕਦੀ ਕੋਈ ਜ਼ੁਰਮ ਤਾਂ ਕੀਤਾ ਨਹੀਂ। ਪ੍ਰੰਤੂ 30 ਸਾਲਾਂ ਤੋਂ ਵੱਧ ਕਿਤੇ ਵੱਧ ਸਜ਼ਾ ਮੈਂ ਕੱਟ ਲਈ ਹੈ।"

...ਤੇ ਫਿਰ ਪੁਸਤਕ ਦੇ ਇਸੇ ਪੰਨੇ ਉਪਰ ਉਹ ਜਿੰਜ਼ਿਨਹੋ ਨਾਂ ਦੇ ਇਕ ਹੋਰ ਮਹਾਨ ਖਿਡਾਰੀ ਨੂੰ ਇਸ ਪ੍ਰਕਾਰ ਕੋਟ ਕਰਦਾ ਹੈ ਜਿਸਦਾ ਕਹਿਣਾ ਸੀ ਕਿ ਖੇਡ ਖੇਡ ਹੁੰਦੀ ਹੈ – ਉਸਨੂੰ ਖੇਡ ਦੀ ਭਾਵਨਾ ਨਾਲ ਹੀ ਲੈਣਾ ਹੁੰਦਾ ਹੈ। ਬਾਰਬੋਜ਼ਾ ਹੋਰ ਖਿਡਾਰੀਆਂ ਜਾਂ ਕੋਚ ਦਾ ਅਕਸਰ ਕਦੀ ਵੀ ਕੋਈ ਕਸੂਰ ਨਹੀਂ ਹੁੰਦਾ – ਸਭ ਤੋਂ ਵੱਧ ਕਸੂਰ ਤਾਂ ਉਨ੍ਹਾਂ ਖੁਦ ਪ੍ਰਸਤ ਰਾਜਨੀਤਕਾਂ, ਖੱਪੀ ਪੱਤਰਕਾਰਾਂ ਦਾ ਹੁੰਦਾ ਹੈ ਜੋ ਖੇਡ ਨੂੰ ਖੇਡ ਰਹਿਣ ਦਿੰਦੇ ਹੀ ਨਹੀਂ – ਮੀਡੀਆ ਹਾਈਪ ਅਜਿਹੀ ਖੜੀ ਕਰ ਦਿੰਦੇ ਹਨ ਕਿ ਖਿਡਾਰੀਆਂ ਕੋਲੋਂ ਤਣਾਅਮੁਕਤ ਹੋ ਕੇ ਖੇਡਿਆ ਜਾਂਦਾ ਹੀ ਨਹੀਂ ਤੇ ਫਿਰ ਕਈ ਵਾਰੀਂ ਭਾਣਾਂ ਅਜਿਹਾ ਵਾਪਰ ਜਾਂਦਾ ਹੈ ਜਿਸ ਤਰ੍ਹਾਂ ਭਾਣਾ ਕਿ ਅਜਿਹੇ ਹੀ ਪਿਛੋਕੜ ਵਿਚ ਜਰਮਨਾਂ ਨੇ ਬਰਾਜ਼ੀਲ ਦੀ ਧਰਤੀ ਉਪਰ ਸਾਲ 2014 ਦੇ ਵਿਸ਼ਵ ਕੱਪ ਫਾਈਨਲ ਦੌਰਾਨ ਬਾਖੂਬੀ ਵਰਤਾਇਆ।ਪੇਲੇ ਟੀਮ ਦੇ ਕੋਚ ਕੋਸਟਾ ਨੂੰ ਵੀ ਕੋਟ ਕਰਦਾ ਹੈ ਜਿਸਦਾ ਰੰਜ਼ ਸੀ ਕਿ ਉਨ੍ਹਾਂ ਦੀ ਟੀਮ ਨੂੰ ਉਸ ਦਿਨ ਅਖਬਾਰਾਂ ਦੀ ਉਸ ਸੁਰਖੀ ਨੇ ਹਰਾਇਆ ਸੀ ਜਿਸ ਵਿਚ 'ਬਰਾਜ਼ੀਲ ਦੀ ਜਿੱਤ' ਮੈਚ ਤੋਂ ਪਹਿਲਾਂ ਹੀ ਲਿਖ ਦਿੱਤੀ ਹੋਈ ਸੀ। ਇਸੇ ਤਰ੍ਹਾਂ ਬਰਾਬੋਜ਼ਾ ਦੇ ਦੱਸਣ ਅਨੁਸਾਰ ਉਸ ਦੀ ਜ਼ਿੰਦਗੀ ਦਾ ਸਭ ਤੋਂ ਭਿਆਨਕ ਦਿਨ 16 ਜੁਲਾਈ 1950 ਨਹੀਂ ਸੀ ਬਲਕਿ ਉਸ ਤੋਂ ਪੂਰੇ 20 ਵਰ੍ਹੇ ਬਾਅਦ ਦੀ ਉਹ ਸਧਾਰਨ ਜਿਹੀ ਸ਼ਾਮ ਸੀ। ਉਹ ਕਿਸੇ ਸਟੋਰ ਵਿਚ ਖੜਾ ਸੀ। ਕੋਈ ਸਧਾਰਨ ਔਰਤ ਆਪਣੇ ਨੰਨੇ ਬੱਚੇ ਨਾਲ ਸਹਿਵਨ ਉਥੇ ਆਈ। ਉਨ ਚੰਗੀ ਤਰ੍ਹਾਂ ਸੁਣਿਆ – ਉਹ ਔਰਤ ਬੱਚੇ ਨੂੰ ਦੱਸ ਰਹੀ ਸੀ "ਐਧਰ ਵੇਖ ਔਹ ਹੈ ਉਹ ਸਖਸ਼ ਜਿਸ ਨੇ ਕਦੀ ਸਮੁੱਚੀ ਬਰਾਜ਼ੀਲੀਅਨ ਕੌਮ ਦੀਆਂ ਚੀਕਾਂ ਕਢਵਾਈਆਂ ਸਨ!"

ਇਸੇ ਪ੍ਰਥਾਏ ਬਰਾਇਨ ਵਿਟਿਰ ਨੂੰ ਆਪਣੀ ਬਹੁਤ ਹੀ ਰੌਚਿਕ ਜੀਵਨ ਕਥਾ ਦੇ ਰੂਪ ਵਿਚ ਸੁਣਾਈ ਹੋਈ ਪੁਸਤਕ ਦੇ ਪੰਨਾ 285 ਉਪਰ ਲੇਖਕ ਉਸਨੂੰ ਪੁੱਛਦਾ ਹੈ ਕਿ ਬਰਾਜ਼ੀਲੀ ਫੁੱਟਬਾਲ ਦੇ ਇਤਿਹਾਸ ਵਿਚ ਪੇਲੇ ਦੀ ਰਾਇ ਅਨੁਸਾਰ ਸਭ ਤੋਂ ਚਮਤਕਾਰੀ ਅਤੇ ਯਾਦਗਾਰੀ ਗੋਲ ਕਿਹੜਾ ਸੀ?"

ਕੀ ਉਹ ਸਾਲ 1958 ਦੇ ਪੇਲੇ ਵਾਲੇ ਵਿਸ਼ਵ ਕੱਪ ਦੇ ਦੌਰਾਨ ਮਹਾਨ ਰੂਸੀ ਗੋਲ ਕੀਪਰ ਲੇਵ ਯਾਸ਼ੀਨ ਵਿਰੁੱਧ ਗੀਗੀ ਵੱਲੋਂ ਦਾਗਿਆ ਗਿਆ'ਰਾਕਟ ਨੁਮਾ' ਗੋਲ ਸੀ? ਕੀ ਉਹ ਸਦੀ ਦੀ ਸਭ ਤੋਂ ਹੁਸੀਨ, ਸਾਲ 1970 ਦੀ ਬਰਾਜ਼ੀਲੀਅਨ ਟੀਮ ਵੱਲੋਂ ਇਟਲੀ ਵਿਰੁੱਧ ਫਾਈਨਲ ਵਿਚ ਖੁਦ ਪੇਲੇ ਦੇ ਪਾਸ ਤੇ ਕਾਰਲੋਸ ਅਲਬਰੋਟੋ ਵੱਲੋਂ ਕੀਤਾ ਗਿਆ ਮੈਚ ਦਾ ਅਖ਼ਰੀ ਗੋਲ ਸੀ ਜਾਂ ਫਿਰ ਸਾਲ 1958 ਦੇ ਫਾਈਨਲ ਵਿਚ ਮੇਜ਼ਬਾਨ ਸਵੀਡਨ ਦੀ ਟੀਮ ਵਿਰੁੱਧ 17 ਸਾਲਾਂ ਦੀ ਉਮਰ ਦੇ ਪੇਲੇ ਵੱਲੋਂ ਹੇੱਡਰ ਮਾਰ ਵਿਰੋਧੀ ਨੈੱਟ ਵਿਚ ਸੁੱਟਿਆ ਜਾਨੀ ਖੁਦ ਉਸਦਾ ਗੋਲ ਸੀ।...ਤੇ ਪੇਲੇ ਪਤਾ ਜੋ ਕਹਿੰਦਾ ਹੈ – ਉਹ ਕਾਫੀ ਦਿਲਚਸਪ ਹੈ। ਸਾਡੇ ਪਾਠਕ ਸੁਣ ਕੇ ਜ਼ਰਾ ਵੇਖਣ: ਇਨ੍ਹਾਂ ਸਾਰੇ ਅਤੇ ਅਜਿਹੇ ਹੋਰ ਵੀ ਬਥੇਰੇ ਗੋਲਾਂ ਵਿਚੋਂ ਕੋਈ ਵੀ ਨਹੀਂ – ਜਿਹੜੇ ਗੋਲ ਨੂੰ ਸਾਰਾ ਬਰਾਜ਼ੀਲ ਅੱਜ ਵੀ ਯਾਦ ਕਰਦਾ ਹੈ ਅਤੇ ਜੋ ਉਨ੍ਹਾਂ ਨੂੰ ਭੁੱਲਿਆ ਨਹੀਂ ਹੈ – ਉਹ ਉਹੋ ਹੀ ਸੀ ਜੋ ਉਸ ਦਿਨ, ਸਾਲ 1956 ਦੇ ਵਿਸ਼ਵ ਕੱਪ ਫਾਈਨਲ ਮੁਕਾਬਲੇ ਦੌਰਾਨ ਮਾਰਕਾਨਾ ਸਟੇਡੀਅਮ ਅੰਦਰ ਉਨ੍ਹਾਂ ਦੀ ਟੀਮ ਵਿਰੁੱਧ ਕੀਗੀਆ ਵੱਲੋਂ ਕੀਤਾ ਗਿਆ ਸੀ।

ਹੁਣ ਮਹਿਬੂਬ ਅਤੇ ਪੇਲੇ ਤੋਂ ਬਾਅਦ ਆਉ ਜ਼ਰਾ ਲਾਲੀ ਬਾਬਾ ਜੀ ਵੱਲ ਪਰਤੀਏ ਕਿ ਸੁੰਦਰ ਗੇਮ 'ਚ ਜਿੱਤ-ਹਾਰ ਨੂੰ ਉਹ ਕਿਵੇਂ ਲੈਂਦੇ ਸਨ। ਉਨ੍ਹਾਂ ਦੀਆਂ ਟੀਮਾਂ ਵੱਲੋਂ ਤਿੰਨ ਵਾਰ ਵਿਸ਼ਵ ਕੱਪ ਜਿੱਤ ਲੈਣ ਪਿੱਛੋਂ ਵੀ ਉਸ ਹਾਰ ਨੂੰ ਚੇਤੇ ਕਰਦਿਆਂ ਹੌਲ ਉਨ੍ਹਾਂ ਦੇ ਮਨ ਅੰਦਰ ਕਿਵੇਂ ਪੈਂਦੇ ਸਨ।ਉਹ ਸੇਕਸ਼ਪੀਅਰ ਦੇ ਵੱਡੇ ਮਦਾਹ ਸਨ। ਉਨ੍ਹਾਂ ਨੂੰ ਭਲੀ-ਭਾਂਤ ਪਤਾ ਸੀ ਕਿ ਉਹ ਕਰ ਕੀ ਰਿਹਾ ਸੀ; ਉੱਚੀ ਸੁਰ ਵਿਚ ਕੋਈ ਇਲਹਾਮੀ ਮਹਾਂ ਵਾਕ ਉਚਾਰਨ ਤੋਂ ਬਿਨਾਂ ਹੀ 'ਕਿੰਗ ਲੀਅਰ' ਲਿਖ ਕੇ

ਇਨਸਾਨ ਦੇ ਪੁੱਤਰਾਂ ਨੂੰ ਸੂਖਮ ਸੰਕੇਤ ਉਹ ਕੀ ਦੇ ਰਿਹਾ ਸੀ। ਪ੍ਰੰਤੂ ਉਨ੍ਹਾਂ ਦਾ ਸਦਾ ਹੀ ਕਹਿਣਾ ਸੀ ਸੇਕਸ਼ਪੀਅਰ ਦਾ ਕੋਈ ਜਵਾਬ ਨਹੀਂ ਹੈ – ਪ੍ਰੰਤੂ ਇਨਸਾਨੀ ਜ਼ਿੰਦਗੀ ਦੀ ਨਿਹਤ ਤਰਾਸਦੀ ਨੂੰ ਜਿਸ ਸ਼ਿਦਤ ਨਾਲ ਪ੍ਰਾਚੀਨ ਯੂਨਾਨੀਆਂ ਨੇ ਸਮਝਿਆ ਅਤੇ ਉਸਨੂੰ ਸ਼ਾਨਾਮੱਤੇ ਸਹਿਜ ਨਾਲ ਵਾਚ ਕਰਨ ਦੀ ਜਾਚ ਸਮਝਾਉਣ ਦੀ ਕੋਸ਼ਿਸ਼ ਕਰੀ – ਉਸਦਾ ਕੋਈ ਤੋੜ ਨਹੀਂ ਸੀ: 'ਡੈਥ ਟੂ ਦਾ ਸੈਂਟੀਮੈਂਟ' ਵਰਗਾ ਮਹਾਂ ਵਾਕ ਉਨ੍ਹਾਂ ਵੱਲੋਂ ਹੀ ਤਾਂ ਉਚਾਰਿਆ ਗਿਆ ਸੀ ਅਤੇ ਲਾਲੀ ਬਾਬਾ ਜੀ ਨੂੰ ਇਸਦੇ ਆਗਾਜ਼ ਦਾ ਕਿਸੇ ਵੀ ਹੋਰ ਨਾਲੋਂ ਕਿਤੇ ਵੱਧ ਪਤਾ ਸੀ।

ਵਿਸ਼ਵ ਕੱਪ ਫੁੱਟਬਾਲ ਟੂਰਨਾਮੈਂਟ ਚਾਰ ਵਰ੍ਹਿਆਂ ਬਾਅਦ ਆਉਂਦਾ ਹੈ ਅਤੇ ਇਹ 'ਮਹਾਂ ਭਾਰਤ' ਪੂਰਾ ਇਕ ਮਹੀਨਾ ਚਲਦਾ ਹੈ ਅਤੇ ਮੈਂ ਵੇਖਿਆ ਪੂਰਾ ਮਹੀਨਾ ਉਨ੍ਹਾਂ ਨੂੰ ਚਾਅ ਚੜ੍ਹਿਆ ਰਹਿੰਦਾ ਸੀ। ਉਨ੍ਹਾਂ ਨੂੰ ਹੁੰਦਾ ਸੀ ਕਿ ਉਨ੍ਹਾਂ ਨੂੰ ਜਾਨਣ ਜਾਂ ਉਨ੍ਹਾਂ ਦੀ ਗੱਲ ਸੁਣਨ ਵਾਲਾ ਹਰ ਸੱਜਣ ਹੀ ਕਲਾਸਿਕ ਮੈਚਾਂ ਦਾ ਜਲਵਾ ਵੇਖੇ। ਯੂਸੇਬੀਓ, ਬਰਤਾਨਵੀ ਗੋਲ ਕੀਪਰ ਗੌਰਡਨ ਬੈਂਕਸ, ਸੋਕਿਲ, ਮਾਰਾਡੋਨਾ, ਪਲਾਟੀਨੀ ਵਰਗੇ ਖਿਡਾਰੀਆਂ ਦੇ ਉਹ ਪ੍ਰਸ਼ੰਸਕ ਸਨ – ਕੋਈ ਰੌਲਾ ਨਹੀਂ ਸੀ। ਪ੍ਰੰਤੂ ਸਾਡੇ ਵਾਂਗੂ ਕਿਸੇ ਵੀ ਟੀਮ ਦੀ ਜਿੱਤ ਜਾਂ ਹਾਰ 'ਤੇ ਉਨ ਉਚੀ ਸੁਰ ਵਿਚ ਬਾਹਲੀ ਹਾਲ ਪਾਹਰਿਆ ਕਦੀ ਵੀ ਨਾ ਕੀਤੀ। ਪ੍ਰੰਤੂ ਚੰਗੀ ਤਰ੍ਹਾਂ ਯਾਦ ਹੈ ਇਕ ਦਿਨ ਇਸ ਪੱਖੋਂ ਉਨ੍ਹਾਂ ਦੀ ਵੀ 'ਹਾਰ' ਹੋਈ। ਸਾਲ 1994 ਦੇ ਵਿਸ਼ਵ ਕੱਪ ਸੈਮੀ ਫਾਈਨਲ ਮੁਕਾਬਲੇ ਇਕੱਠਿਆਂ ਬੈਠ ਕੇ ਵੇਖਣ ਲਈ ਪਿੰਡੋਂ ਮੇਰਾ ਮਿੱਤਰ ਕੰਵਲਜੀਤ ਸਿੰਘ ਸੰਧੂ ਉਚੇਚਾ ਮੇਰੇ ਕੋਲ ਆਇਆ ਹੋਇਆ ਸੀ।

ਸੰਨ 1970 ਦੇ ਵਿਸ਼ਵ ਕੱਪ ਫਾਈਨਲ ਦੇ ਹਾਰ ਹੀ ਇਕ ਪਾਸੇ ਕਪਤਾਨ ਡੁੰਗਾ, ਰੋਮਾਰੀਓ ਅਤੇ ਬਬੇਟੋ 'ਤੇ ਅਧਾਰਤ ਬਰਾਜ਼ੀਲੀਅਨ ਅਤੇ ਦੂਸਰੇ ਪਾਸੇ ਕਪਤਾਨ ਬਰੇਸੀ, ਮਾਲਡੀਨੀ ਅਤੇ 'ਸੇਂਟ' ਬੈਜੀਓ ਵਰਗੇ ਦਿਗੰਬਰ ਖਿਡਾਰੀਆਂ 'ਤੇ ਅਧਾਰਤ ਇਤਾਲਵੀ ਟੀਮਾਂ ਇਕ ਦੂਸਰੇ ਦੇ ਆਮੋ ਸਾਮ੍ਹਣੇ ਸਨ। ਅੰਤਿਮ ਲੀਗ ਮੈਚ ਦੌਰਾਨ ਮਾਰਾਡੋਨਾ 'ਤੇ ਕਿਸੇ ਨਸ਼ੇ ਵਾਲੀ ਦਵਾਈ ਦੀ ਵਰਤੋਂ ਦੇ ਰੌਲੇ ਕਾਰਨ ਰੋਮਾਨੀਆ ਵਿਰੁੱਧ ਅਹਿਮ ਪ੍ਰੀ ਕਵਾਟਰ ਫਾਈਨਲ ਮੁਕਾਬਲੇ ਵਿਚ ਉਸ ਦੀ ਗੈਰਹਾਜ਼ਰੀ ਦੇ ਬਾਵਜੂਦ ਉਹ ਬਹੁਤ ਹੀ ਵਧੀਆ ਖੇਡੇ। ਬੈਟਿਸ ਟੂਟਾ ਅਤੇ ਬਾਲਬੋਨੇ ਯਾਦਗਾਰੀ ਅੰਦਾਜ਼ ਵਿਚ ਗੋਲ ਵੀ ਕੀਤੇ। ਪ੍ਰੰਤੂ ਉਹ 'ਜਨਰਲ' ਹਾਗੀ ਦਾ ਜ਼ਮਾਨਾ ਸੀ ਅਤੇ ਬੇਹੱਦ ਸੰਘਰਸ਼ ਪੂਰਨ ਮੈਚ ਵਿਚ 2 ਦੇ ਮੁਕਾਬਲੇ 3 ਗੋਲਾਂ ਨਾਲ ਰੋਮਾਨੀਆ ਹੱਥੋਂ ਹਾਰ ਕੇ ਉਹ ਟਰਾਫੀ ਦੀ ਦੌੜ ਵਿਚੋਂ ਬਾਹਰ ਸਨ। ਉਨ੍ਹਾਂ ਦੀ ਗੈਰਹਾਜ਼ਰੀ ਵਿਚ ਫਾਈਨਲ ਮੁਕਾਬਲਾ ਸ਼ੁਰੂ ਹੋਣ ਤੋਂ ਪਹਿਲਾਂ ਸਾਡੀਆਂ ਸਭ ਹਮਦਰਦੀਆਂ ਬਰਾਜ਼ੀਲੀਅਨਾਂ ਨਾਲ ਸਨ; ਜਾਨੀ ਬਰਾਜ਼ੀਲ ਦੀ ਟੀਮ ਸਾਡੀ ਆਪਦੀ ਟੀਮ ਸੀ। ਲਾਲੀ ਬਾਬਾ ਪਹਿਲੀ ਵਾਰੀਂ ਦੂਸਰੇ ਦਾਅ 'ਤੇ ਸੀ।

ਪ੍ਰੰਤੂ ਆਉ ਪਹਿਲਾਂ ਫਾਈਨਲ ਮੈਚ ਦੇ ਨਤੀਜੇ ਅਤੇ ਲਾਲੀ ਬਾਬਾ ਜੀ ਦੇ ਪ੍ਰਤੀਕਰਮ ਦੀ ਚਰਚਾ ਕਰਨ ਤੋਂ ਪਹਿਲਾਂ ਮੋਟੀ ਜਿਹੀ ਨਜ਼ਰ ਮਾਰੀਏ ਕਿ ਫਾਈਨਲ 'ਚ ਅਪੜਨ ਤੋਂ ਪਹਿਲਾਂ ਸਬੰਧਤ ਦੋਵਾਂ ਟੀਮਾਂ ਨੇ ਕਿਸ ਕਿਸਮ ਦੇ ਮਰਹਲੇ ਪਾਰ ਕੀਤੇ। – ਹੋਇਆ ਇਹ ਕਿ ਟੂਰਨਾਮੈਂਟ ਦੇ ਸ਼ੁਰੂਆਤੀ ਗੇੜ ਵਿਚ ਬਰਾਜ਼ੀਲ ਨੇ ਪਹਿਲਾਂ ਰੂਸੀਆਂ ਨੂੰ 2–0 'ਤੇ ਹਰਾਇਆ ਅਤੇ ਫਿਰ ਦੂਸਰੇ ਮੈਚ ਦੌਰਾਨ ਕੈਮਰੂਨ ਦੇ 'ਚੀਤਿਆਂ' ਨੂੰ 3–0 ਨਾਲ ਖਦੇੜਿਆ। ਰੋਮੈਰੀਓ ਅਤੇ ਬਬੀਟੋ ਨੇ ਦੋਵਾਂ ਹੀ ਮੈਚਾਂ ਦੌਰਾਨ ਗੋਲ ਕੀਤੇ। ਤੀਸਰਾ ਮੁਕਾਬਲਾ ਉਨ੍ਹਾਂ ਦਾ ਸਵੀਡਨ ਨਾਲ ਸੀ। ਰੋਮੈਰੀਓ ਨੇ ਗੋਲ ਇਸ ਮੈਚ 'ਚ ਵੀ ਕੀਤਾ – ਪ੍ਰੰਤੂ ਸਵੀਡਨ ਨੂੰ ਹਰਾਉਣ ਵਿਚ ਉਹ ਅਸਫਲ ਰਹੇ। ਇਸਦੇ ਉਲਟ ਕਪਤਾਨ ਬਰੇਸੀ ਅਤੇ ਮਾਲਡੀਨੀ ਦੀ ਅਗਵਾਈ ਹੇਠਲੀ ਇਤਾਲਵੀ ਟੀਮ ਆਪਣੇ ਪਹਿਲੇ ਸ਼ੁਰੂਆਤੀ ਮੈਚ ਵਿਚ ਹੀ ਆਇਰਲੈਂਡ ਹੱਥੋਂ 1–0 ਨਾਲ ਹਾਰ ਗਈ। ਨਿਊਯਾਰਕ ਦੇ ਜੈਂਟਲ ਸਟੇਡੀਅਮ ਅੰਦਰ 70–80000 ਦਰਸ਼ਕ ਜਿਹੜੇ ਬੈਠੇ ਸਨ – ਉਨ੍ਹਾਂ ਵਿਚੋਂ 50000 ਦੇ ਕਰੀਬ ਇਕੱਲੇ ਆਇਰਿਸ਼ ਮੂਲ ਦੇ ਲੋਕ ਸਨ ਜੋ ਮੈਚ ਦੀ ਪਹਿਲੀ ਕਿੱਕ ਵੱਜਣ ਤੋਂ ਹੀ ਖੜ੍ਹੇ ਹੋ ਕੇ ਆਪਣੀ ਟੀਮ ਨੂੰ ਬੱਕ ਅੱਪ ਕਰ ਰਹੇ ਸਨ। ਹੋਇਆ ਇਹ ਕਿ ਮੁਕਾਬਲੇ ਦੇ ਮਹਿਜ਼ 10ਵੇਂ ਜਾਂ 12ਵੇਂ ਮਿੰਟ 'ਚ ਹੀ ਹੌਗਟਨ ਨੇ ਕਪਤਾਨ ਬਰੇਸੀ ਨੂੰ ਡਾਜ਼ ਦਿੰਦਿਆਂ ਆਪਣੀ ਟੀਮ ਲਈ ਮੈਚ ਦਾ ਇਕੋ ਇਕ ਗੋਲ ਟੰਗ ਦਿੱਤਾ। ਇਸ ਤੋਂ ਬਾਅਦ ਬਰੇਸੀ, ਸਿਗੋਨਰੀ ਅਤੇ 'ਸੇਂਟ' ਬੈਜੀਓ ਨੇ ਗੋਲ ਉਤਾਰਨ ਲਈ ਸਾਰੀ ਹੀ ਵਾਹ ਲਗਾ ਦਿੱਤੀ ਪ੍ਰੰਤੂ ਉਨ੍ਹਾਂ ਦੀ ਰਖਿੱਅਕ ਪੰਕਤੀ ਵਿਚ ਮੈਕਗਰਾਥ ਰੂਪੀ ਚਟਾਨ ਵਿਚ ਉਹ ਕਿਵੇਂ ਵੀ ਪਾੜ ਪਾ ਨਾ ਸਕੇ।

ਇਤਾਲਵੀ ਟੀਮ ਦਾ ਦੂਸਰਾ ਮੈਚ ਆਇਰਸ਼ ਟੀਮ ਨਾਲੋਂ ਵੀ ਵੱਧ ਸਖ਼ਤ ਜਾਨ ਨਾਰਵੇ ਦੀ ਟੀਮ ਦੇ ਨਾਲ ਸੀ। ਜੰਗ ਜ਼ਿੰਦਗੀ–ਮੌਤ ਦੀ ਸ਼ੁਰੂ ਹੋਈ। ਅੱਧੇ ਕੁ ਘੰਟੇ ਦੀ ਖੇਡ ਦੇ ਆਸ ਪਾਸ ਭਾਣਾ ਇਹ ਵਾਪਰਿਆ ਕਿ ਕਿਸੇ ਨਾਰਵੀਜੀਅਨ ਖਿਡਾਰੀ ਨੂੰ ਗ਼ਲਤ ਟੈਕਲ ਕਰਨ ਦੀ ਸਜਾ ਵਜੋਂ ਰੈਫਰੀ ਨੇ ਇਟਾਲੀਅਨ ਗੋਲ ਕੀਪਰ ਜਾਂਲੂਕਾ ਪਾਲੀਊਕਾ ਨੂੰ ਲਾਲ ਕਾਰਡ ਵਿਖਾ ਕੇ ਬਾਹਰ ਕੱਢ ਦਿੱਤਾ। ਉਨ੍ਹਾਂ ਦੇ 10 ਖਿਡਾਰੀ ਮੈਦਾਨ ਵਿਚ ਜਦੋਂ ਰਹਿ ਗਏ ਤਾਂ ਕਪਤਾਨ ਬਰੇਸੀ ਉਪਰ ਜ਼ਿੰਮੇਵਾਰੀ ਵੀ ਵੱਧ ਗਈ। ਉਸੇ ਰੱਸਾ ਕਸ਼ੀ ਵਿਚ ਕੁਝ ਮਿੰਟਾਂ ਬਾਅਦ ਹੀ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ; ਉਸਦੇ ਗੋਡੇ ਦਾ ਮਸਲ ਬੁਰੀ ਤਰ੍ਹਾਂ ਪਾਟ ਗਿਆ। ਜਾਂ ਬਾਜ ਖਿਡਾਰੀ ਨੂੰ ਸਟਰੈਚਰ 'ਤੇ ਲੇਟ ਕੇ ਗਰਾਊਂਡ ਵਿੱਚੋਂ ਬਾਹਰ ਜਾਣਾ ਪੈ ਗਿਆ। ਬੈਜੀਓ ਪਹਿਲਾਂ ਹੀ ਜ਼ਖ਼ਮੀ ਸੀ – ਉਹ ਪੂਰੀ ਤਰ੍ਹਾਂ ਫਿੱਟ ਬਿਲਕੁਲ ਹੀ ਨਹੀਂ ਸੀ।

ਹੁਣ ਇਟਲੀ ਦਾ ਬਚਾਅ ਬੜਾ ਮੁਸ਼ਕਿਲ ਸੀ। ਪ੍ਰੰਤੂ ਹੋਇਆ ਇਹ ਕਿ ਹੇਠਾਂ ਉਪਰ ਦੀਆਂ ਤਕੜੀਆਂ ਸੱਟਾਂ ਪੈਣ ਅਤੇ

ਮੈਚ ਦੇ ਅੰਤਰਾਲ ਦੇ ਵਕਫੇ ਦੌਰਾਨ ਕਪਤਾਨ ਬਰੇਸੀ ਨੇ ਰੱਬ ਜਾਣੇ ਫੂਕ ਕੀ ਮਾਰੀ ਕਿ ਵਿਰੋਧੀ ਸਾਰਾ ਜ਼ੋਰ ਲਗਾ ਕੇ ਜਦੋਂ ਸਿਗਨੋਰੀ ਅਤੇ ਰਾਬਰਟੋ ਬੈਜੀਓ ਦੇ ਹਮਲਿਆਂ ਨੂੰ ਲਗਾਤਾਰ ਨਕਾਰ ਰਹੇ ਸਨ ਤਾਂ ਡੀਨੋ ਬੈਜੀਓ ਨੇ ਕਰੜਾ ਗੋਲ ਆਪਦੀ ਟੀਮ ਲਈ ਕਰ ਦਿੱਤਾ। ਅਗਲਾ ਸਖ਼ਤ ਮੈਚ ਮੈਕਸੀਕੋ ਨਾਲ ਉਨ੍ਹਾਂ ਨੇ ਬਰਾਬਰ ਕੱਢਿਆ। ਪ੍ਰੰਤੂ ਉਨ੍ਹਾਂ ਦੀ ਟੀਮ 16 ਵਾਲੇ ਗੇੜ ਵਿਚ ਮਾਰਚ ਕਰ ਗਈ।

ਹੁਣ 16 ਵਾਲੇ ਗੇੜ ਵਿਚ ਉਨ੍ਹਾਂ ਦੀ ਟੱਕਰ ਪਹਿਲੀਆਂ ਟੀਮਾਂ ਨਾਲੋਂ ਵੀ ਵੱਧ ਕਰੜੀ ਨਾਇਜੀਰੀਅਨ 'ਸੁਪਰ ਈਗਲਜ਼' ਦੀ ਟੀਮ ਨਾਲ ਪੈ ਗਈ। ਇਹ ਮੈਚ ਏਨਾ ਜ਼ਿਆਦਾ ਦਿਲਚਸਪ, ਡਰਾਮਈ ਅਤੇ ਆਕਰਸ਼ਕ ਸੀ ਕਿ ਇਸ ਇਕੱਲੇ ਬਾਰੇ ਪੂਰੀ ਪੁਸਤਕ ਲਿਖੀ ਜਾ ਸਕਦੀ ਹੈ। ਇਸ ਮੈਚ ਵਿਚ ਲਾਲੀ ਬਾਬਾ ਜੀ ਦਾ ਨਾਇਕ ਕਪਤਾਨ ਬਰੇਸੀ ਗੈਰਹਾਜ਼ਰ ਸੀ। ਉਸਦੇ ਗੋਡੇ ਦਾ ਸਫ਼ਲ ਅਪਰੇਸ਼ਨ ਤਾਂ ਉਨ੍ਹਾਂ ਕਰ ਦਿੱਤਾ – ਪ੍ਰੰਤੂ ਡਾਕਟਰਾਂ ਮੁਤਾਬਕ ਉਸਨੂੰ ਖੜੇ ਹੋਣ ਨੂੰ ਘੱਟੋ ਘੱਟ 20-25 ਦਿਨ ਲਗ ਜਾਣੇ ਸਨ।ਉਨ੍ਹਾਂ ਦਾ ਨਿਯਮਤ ਗੋਲਚੀ ਪਾਲੀਊਕਾ ਲਾਲ ਕਾਰਡ ਦੀ ਸਜ਼ਾ ਖਾ ਜਾਣ ਕਾਰਨ ਦੋ ਮੈਚਾਂ ਲਈ ਉਂਜ ਬਾਹਰ ਸੀ। ਮੈਚ ਨੂੰ ਬਚਾਉਣ ਦੀ ਸਾਰੀ ਜ਼ਿੰਮੇਵਾਰੀ ਬਦਲਵੇਂ ਕਪਤਾਨ ਅਤੇ ਇਤਾਲਵੀ ਰਖਿੱਅਕ ਪੰਕਤੀ ਦੇ ਦੂਸਰੇ 'ਜਰਨੈਲ' ਮਾਲਡੀਨੀ ਦੇ ਕੰਧਿਆਂ 'ਤੇ ਸੀ।ਰਾਬਰਟ ਬੈਜੀਓ ਬਾਰੇ ਪੱਕ ਨਹੀਂ ਸੀ ਕਿ ਪ੍ਰੇਰਨਾ ਦੀ ਦੇਵੀ ਉਸ 'ਤੇ 'ਨਿਹਾਲ' ਹੁੰਦੀ ਹੈ ਜਾਂ ਨਹੀਂ। ਹੋਇਆ ਇਹ ਕਿ 'ਸੁਪਰ ਈਗਲਜ਼' ਵੱਲੋਂ ਖੇਡ ਦੇ ਪਹਿਲੇ ਹੀ ਅੱਧ ਵਿਚ ਐਮੂਨੀਕਾ ਨੇ ਉਨ੍ਹਾਂ ਸਿਰ ਗੋਲ ਦਾਗ਼ ਕੇ ਇਤਾਲਵੀ ਸਫਾਂ ਵਿਚ ਖਲਬਲੀ ਮਚਾ ਦਿੱਤੀ। ਦੂਸਰੇ ਅੱਧ ਦੀ ਖੇਡ ਦੌਰਾਨ ਸਿਗਨੋਰੀ ਕੋਲੋਂ ਗੱਲ ਬਣਦੀ ਨਾ ਵੇਂਹਦਿਆਂ ਕੋਚ ਨੇ ਉਸਦੀ ਜਗ੍ਹਾ 'ਤੇ ਹਮਲਾਵਰ ਰੁਖ ਦੇ ਖਿਡਾਰੀ ਜ਼ੋਲਾ ਨੂੰ ਮੈਦਾਨ ਵਿਚ ਉਤਾਰਿਆ ਅਤੇ ਉਨ ਬਾਲ ਨੂੰ ਲੈ ਕੇ ਬਾਰ ਬਾਰ 'ਸੁਪਰ ਬਾਜਾਂ' ਦੇ ਗੋਲਾਂ ਵੱਲ ਹਮਲੇ ਬੰਨਣੇ ਸ਼ੁਰੂ ਕੀਤੇ।...ਜਿਵੇਂ ਕਿ ਫੁੱਟਬਾਲ ਦੀ 'ਅਤਿਅੰਤ ਸੁੰਦਰ' ਖੇਡ ਵਿਚ ਹੁੰਦਾ ਹੀ ਹੈ। ਨਵਾਨੂ ਨਾਂ ਦੇ ਇਕ 'ਬਾਜ' ਨੇ ਉਸ ਨੂੰ ਪੂਰੇ ਜ਼ੋਰ ਨਾਲ ਪੰਜਾ ਕੱਢ ਮਾਰਿਆ। ਤੈਸ਼ ਵਿਚ ਆਏ ਜਿਆਂਫਰਾਕੋ ਜ਼ੋਲਾ ਦੇ ਕੋਲੋਂ ਵੀ ਸੰਜ਼ਮ ਵਰਤਿਆ ਨਾ ਗਿਆ ਅਤੇ ਰੈਫਰੀ ਨੇ ਉਸਨੂੰ ਜਦੋਂ ਹੀ ਲਾਲ ਕਾਰਡ ਦਿਖਾ ਕੇ ਬਾਹਰ ਕੱਢ ਦਿੱਤਾ। ਇਤਾਲਵੀ ਟੀਮ ਕੇਰਾਂ ਮੁੜ 10 ਖਿਡਾਰੀਆਂ 'ਤੇ ਸੀਮਤ ਹੋ ਗਈ ਪ੍ਰੰਤੂ ਉਨ੍ਹਾਂ ਨੇ ਹੌਸਲਾ ਨਾ ਹਾਰਿਆ। 'ਸੁਪਰ ਈਗਲਜ਼' ਜਿੱਤ ਰਹੇ ਸਨ। 90 ਮਿੰਟਾਂ ਦੀ ਖੇਡ ਤੋਂ ਬਾਅਦ ਦੋ ਮਿੰਟ 'ਇੰਜਰੀ' ਦਾ ਸਮਾਂ ਚਲ ਰਿਹਾ ਸੀ ਕਿ ਅਸਲ ਡਰਾਮਾ ਸ਼ੁਰੂ ਹੋਇਆ – ਮਾਨੋ ਸੁੱਤੀ ਪਈ ਪ੍ਰੇਰਨਾ ਦੀ ਦੇਵੀ ਨੂੰ ਆਪਦਾ ਪੁੱਤਰ, 'ਸੇਂਟ ਬੈਜੀਓ' ਯਾਦ ਆਇਆ। ਇਤਾਵਲੀ ਰੱਖਿਅਕ ਪੰਕਤੀ 'ਚ ਸਭ ਤੋਂ ਪਿਛਲੀ ਪੁਜੀਸ਼ਨ 'ਤੇ ਖੇਡ ਰਹੇ ਮੂਸੀ ਨਾਂ ਦੇ ਖਿਡਾਰੀ ਨੇ ਨਾਇਜੀਰੀਅਨ ਪੈਨਲਟੀ ਏਰੀਏ ਦੀ ਸਾਈਡ 'ਤੇ ਖੜੇ ਸੇਂਟ ਬੈਜੀਓ ਵੱਲ ਜ਼ੋਰਦਾਰ ਅੰਦਾਜ਼ ਵਿਚ ਬਾਲ ਸੁੱਟੀ ਜੋ ਉਸਨੇ 'ਸੁਪਰ ਬਾਜ਼' ਦੇ ਚੁਕੰਨੇ ਗੋਲਚੀ ਰੂਫਾਈ ਦੇ ਸਾਮ੍ਹਣੇ ਅਚਾਨਕ, ਮਾਨੋ ਅੱਖ ਦੇ ਫੋਰ ਵਿਚ ਹੀ ਨੈੱਟ ਅੰਦਰ ਸੁੱਟ ਦਿੱਤੀ।

ਵਾਧੂ ਸਮੇਂ ਦੀ ਖੇਡ ਸ਼ੁਰੂ ਹੋ ਗਈ। ਗੋਲ ਖਾ ਕੇ 'ਸੁਪਰ ਬਾਜ਼ਾਂ' ਦੀ ਲੈਅ ਵਿਗੜ ਗਈ। ਮੈਚ ਮੁੜ ਸ਼ੁਰੂ ਹੋਇਆਂ 10 ਜਾਂ 12 ਮਿੰਟ ਹੋਏ ਹੋਣਗੇ ਕਿ ਬੈਜੀਓ ਦੇ ਪਾਸ ਤੇ ਬਾਲ ਲੈ ਕੇ ਹਨੇਰੀ ਵਾਂਗ ਚੜ੍ਹੇ ਆ ਰਹੇ ਉਸਦੇ ਸਾਥੀ ਖਿਡਾਰੀ ਬੋਨਾਰਿਵੋ ਨੂੰ ਡੇਗ ਦਿੱਤਾ – ਜਿਸ ਦੀ ਕਿ ਕੋਈ ਲੋੜ ਨਾ ਸੀ। ਪੈਨਲਟੀ ਉਨ੍ਹਾਂ ਨੂੰ ਮਿਲ ਗਈ ਅਤੇ 'ਸੇਂਟ ਬੈਜੀਓ' ਨੇ ਬਗੈਰ ਕਿਸੇ ਤਣਾਓ ਦੇ ਆਪਦੀ ਟੀਮ ਲਈ ਜੇਤੂ ਗੋਲ ਦਾਗ ਦਿੱਤਾ।

ਮੈਨੂੰ ਅੱਜ ਤੱਕ ਯਾਦ ਹੈ ਇਹ ਗੋਲ ਹੁੰਦਿਆਂ ਜਿਓਂ ਹੀ ਇਤਾਵਲੀ ਕੋਚ ਅਰਿਗੋ ਸਾਚੀ ਨੇ 'ਨੱਚਣਾ' ਸ਼ੁਰੂ ਕਰ ਕੀਤਾ ਤਾਂ ਮੇਰੇ ਲੜਕੇ ਮਨਵੀਰ ਨੇ ਵੀ ਉਸਨੂੰ ਵੇਂਹਦਿਆਂ ਆਪ ਮੁਹਾਰੇ 'ਸਾਅਚੀ – ਸਾਅਚੀ' ਕੂਕਦਿਆਂ 'ਭੰਗੜਾ' ਪਾਉਣਾ ਸ਼ੁਰੂ ਕਰ ਦਿੱਤਾ ਸੀ। ਉਸਦੀ ਉਨ੍ਹਾਂ ਪਲਾਂ ਦੀ ਆਪਮੁਹਾਰੀ ਖੁਸ਼ੀ ਦਾ ਉਹ ਦ੍ਰਿਸ਼ ਅੱਜ ਤੱਕ ਮੇਰੀ ਸਿਮਰਤੀ ਵਿਚੋਂ ਵਿਸਰਿਆ ਨਹੀਂ ਹੈ। ਅਗਲੇ ਕਈ ਸਾਲ ਉਹ ਪੌਨੀ ਟੇਲ ਵਾਲੇ ਖਿਡਾਰੀ ਬੈਜੀਓ ਅਤੇ ਉਨ੍ਹਾਂ ਦੇ ਕੋਚ ਸਾਚੀ ਦੇ ਹਾਵਾਂ-ਭਾਵਾਂ ਦੀਆਂ ਗੱਲਾਂ ਚੇਤੇ ਕਰ ਕਰ ਕੇ ਹੱਸਦਾ ਹੱਸਾਉਂਦਾ ਰਿਹਾ ਸੀ।

ਇਸ ਪ੍ਰਕਾਰ ਇਟਲੀ ਵਾਲੇ ਟੂਰਨਾਮੈਂਟ ਦੇ ਕਵਾਟਰ ਫਾਈਨਲ ਗੇੜ ਵਿਚ ਪਹੁੰਚ ਗਏ – ਜਿਥੇ ਉਨ੍ਹਾਂ ਦੀ ਟੱਕਰ ਆਇਰਲੈਂਡ, ਨਾਰਵੇ ਅਤੇ ਨਾਇਜੀਰਆ ਨਾਲੋਂ ਵੀ ਕਿਤੇ ਵੱਧ ਜਾਂਬਾਜ ਅਤੇ ਪ੍ਰਤਿਭਾਸ਼ੀਲ ਸਪੇਨੀਆਂ ਦੀ ਟੀਮ ਨਾਲ ਸੀ। ਉਨ੍ਹਾਂ ਦੇ ਫੁੱਟਬਾਲ ਦੇ ਇਤਿਹਾਸ ਅਤੇ ਇਸ ਲਈ ਪੈਸ਼ਨ ਦੀ ਸ਼ਿੱਦਤ ਦਾ ਸਭ ਨੂੰ ਪਤਾ ਹੈ – ਚਰਚਾ ਦੀ ਕੋਈ ਜ਼ਰੂਰਤ ਨਹੀਂ ਹੈ। ਸਾਲ 1950 ਵਾਲੇ ਵਿਸ਼ਵ ਕੱਪ ਦੇ ਮੁਢਲੇ ਗੇੜ ਦੌਰਾਨ ਉਨ੍ਹਾਂ ਨੇ ਵਰ੍ਹਿਆਂ ਦੌਰਾਨ ਇੰਗਲੈਂਡ ਦੀ ਬਹੁਤ ਹੀ ਸਸ਼ੱਕਤ ਟੀਮ ਨੂੰ ਹਰਾ ਕੇ ਟਰਾਫੀ ਦੀ ਦੌੜ ਵਿਚੋਂ ਬਾਹਰ ਕੱਢਿਆ ਸੀ। ਇਟਲੀ ਵੱਲੋਂ ਇਸ ਮੈਚ ਲਈ ਗੋਲਕੀਪਰ ਜਾਂਲੂਕਾ ਪਾਲੀਊਕਾ ਤਾਂ ਟੀਮ ਵਿਚ ਵਾਪਸ ਆ ਗਿਆ ਸੀ ਪ੍ਰੰਤੂ ਕਪਤਾਨ ਬਰਾਸੋ ਅਜੇ ਵੀ ਬਾਹਰ ਹੀ ਸੀ।

ਪ੍ਰੀ-ਕਵਾਟਰ ਫਾਈਨਲ ਗੇੜ ਵਿਚ ਸਵਿਟਜਰਲੈਂਡ ਨੂੰ 3-0 ਦੇ ਸਪੱਸ਼ਟ ਫਰਕ ਨਾਲ ਹਰਾ ਕੇ ਅੱਗੇ ਵਧੇ ਸਪੇਨੀ ਖਿਡਾਰੀ ਸਵੈ ਭਰੋਸੇ ਦੇ ਸਿਖ਼ਰ 'ਤੇ ਸਨ ਅਤੇ ਉਨ੍ਹਾਂ ਨੇ ਖੇਡ ਦੀ ਸ਼ੁਰੂਆਤ ਵੀ ਬੜੇ ਕਹਿਰੀ ਅੰਦਾਜ਼ ਵਿਚ ਕੀਤੀ – ਪ੍ਰੰਤੂ ਮੈਚ ਦੇ ਮਹਿਜ਼ 25ਵੇਂ ਮਿੰਟ ਵਿਚ ਪਹਿਲਾ ਗੋਲ ਮੋੜਵੇਂ ਹਮਲੇ ਤੋਂ ਡੀਨੋ ਬੈਜੀਓ ਵੱਲੋਂ ਕੀਤਾ ਗਿਆ। ਇਹ ਗੋਲ ਹੁੰਦੇ ਸਾਰ ਹੀ ਮੈਚ ਅੰਦਰ ਹਨੇਰੀ ਵਰਗੀ ਗਤੀ ਆ ਗਈ। ਸਪੇਨੀਆਂ ਵੱਲੋਂ ਲੂਈ ਐਨਰੀਕ, ਓਟੇਰੋ, ਸਾਲੀਨਾ ਅਤੇ ਜ਼ੇਹਰੋ – ਸਾਰੇ

ਹੀ ਟਾਪ ਦੇ ਖਿਡਾਰੀਆਂ ਨੇ ਇਤਾਲਵੀ ਗੋਲਾਂ 'ਤੇ ਮਾਨੋ 'ਚਾਂਦਮਾਰੀ' ਸ਼ੁਰੂ ਕਰ ਦਿੱਤੀ। – ਖਾਸ ਕਰਕੇ ਕੈਮੀਨਾਰੋ ਦੀਆਂ ਕਿੱਕਾਂ ਤਾਂ ਦੋ ਤਿੰਨ ਵਾਰੀਂ ਜਾਂਲੂਕਾ ਪਾਲੀਊਕਾ ਨੇ ਬੜੀ ਮੁਸ਼ਕਿਲ ਨਾਲ ਰੋਕੀਆਂ।ਉਸ ਦਿਨ ਇਤਾਲਵੀ ਰੱਖਿਅਕ ਪੰਕਤੀ ਵਿਚ ਕਪਤਾਨ ਮਾਲਡੀਨੀ ਬੇਹੱਦ ਠਰੰਮੇ ਅਤੇ ਸ਼ਾਂਤ ਚਿੱਤ ਅੰਦਾਜ਼ ਵਿਚ ਸਪੇਨੀਆਂ ਦੇ ਸਾਰੇ ਤਾਬੜਤੋੜ ਹਮਲਿਆਂ ਨੂੰ ਜਿਵੇਂ ਠਲਿਆ – ਉਸਦਾ ਕੋਈ ਵੀ ਲੇਖਾ ਨਹੀਂ ਸੀ – ਪ੍ਰੰਤੂ ਫਿਰ ਵੀ ਉਹ ਅਖ਼ੀਰ ਕੈਮੀਨਾਰੋ ਨੂੰ ਆਪਦੀ ਟੀਮ ਲਈ ਬਰਾਬਰੀ ਦਾ ਗੋਲ ਕੱਢਣੋ ਰੋਕ ਨਾ ਸਕਿਆ।

ਮੈਚ ਦੇ ਅੰਤਿਮ ਛਿਣਾਂ ਵਿਚ ਸਟੇਡੀਅਮ ਵਿਚ ਹਾਜ਼ਰ ਬਹੁਤੇ ਦਰਸ਼ਕ ਖੜੇ ਹੋ ਗਏ ਸਨ।ਮਾਨੋ ਸਾਹ ਉਨ੍ਹਾ ਦੇ ਰੁਕੇ ਹੋਏ ਸਨ। ਮੈਚ ਕੇਰਾਂ ਮੁੜ ਵਾਧੂ ਸਮੇਂ ਵੱਲ ਵੱਧ ਹੀ ਰਿਹਾ ਸੀ ਕਿ ਸਿਗਨੋਰੀ ਨੇ ਬਹੁਤ ਹੀ ਸਟੀਕ ਅੰਦਾਜ਼ ਵਿਚ ਪਾਸ ਬੈਜੀਓ ਨੂੰ ਦੇ ਦਿੱਤਾ ਅਤੇ 'ਸੰਤ' ਨੇ ਬੇਹੱਦ ਹੀ ਕਠਿਨ ਕੋਨੇ ਤੋਂ ਅੱਖ ਦੇ ਫੋਰ ਵਿਚ ਸਪੇਨੀ ਗੋਲ ਕੀਪਰ ਜਬੀਜਾਰੇਟਾ ਦੇ ਛਲਾਂਗ ਮਾਰ ਕੇ ਰੋਕਣ ਤੋਂ ਪਹਿਲਾਂ ਹੀ ਨੈੱਟ ਅੰਦਰ ਸੁੱਟ ਕੇ ਉਸੇ ਤਰ੍ਹਾਂ ਦਾ ਮਧੁੱਰ ਕੌਤਿਕ ਕਰ ਦਿੱਤਾ ਜਿਸ ਤਰ੍ਹਾਂ ਦਾ ਕ੍ਰਿਸ਼ਮਾ ਕਿ ਉਨ ਦੋ ਦਿਨ ਪਹਿਲਾਂ ਨਾਈਜੀਰੀਅਨ 'ਸੁਪਰ ਈਗਲਾਂ' ਵਿਰੁੱਧ ਮੈਚ ਦੌਰਾਨ ਕੀਤਾ ਸੀ। ਬਾਅਦ ਵਿਚ ਲਾਲੀ ਬਾਬਾ ਤੋਂ ਮਿਲੀ ਜਾਣਕਾਰੀ ਅਨੁਸਾਰ ਸਪੇਨੀ ਮੀਡੀਆ ਵੱਲੋਂ ਅਗਲੇ ਦਿਨ ਮਾਨੋ ਵਿਅੰਗ ਦੀ ਸੁਰ ਵਿਚ ਮੈਚ ਦੀ ਰਿਪੋਰਟਿੰਗ 'ਗਾਡ ਇਜ਼ ਇਟੈਲੀਅਨ' ਦੀ ਸੁਰਖੀ ਨਾਲ ਕੀਤੀ ਗਈ ਸੀ।...ਉਹੋ ਹੀ ''ਵੱਸ ਜਿੱਤ ਹਾਰ ਹੱਥ ਕਰਤਾਰ ਦੇ' ਵਾਲੀ ਗੱਲ ਸੀ – ਵਰਨਾ ਜ਼ੋਰ ਸਪੇਨੀਆਂ ਨੇ ਉਸ ਦਿਨ ਕਿਸੇ ਪੱਖੋਂ ਵੀ ਘੱਟ ਲਾਇਆ ਨਹੀਂ ਸੀ। ਪਹਿਲਾਂ ਨਾਇਜੀਰੀਅਨ 'ਬਾਜਾਂ' ਅਤੇ ਫਿਰ ਸਪੇਨੀ ਜਾਂਬਾਜਾਂ ਵਿਰੁੱਧ ਇਤਾਲਵੀ ਆਪ ਦੇ ਨਾਇਕ 'ਸੇਂਟ' ਬੈਜੀਓ ਦਿਆਂ ਗੋਲਾਂ ਸਦਕਾ ਸਫ਼ਲ ਰਹੇ ਸਨ। ਪ੍ਰੰਤੂ ਆਪਦੀ ਟੀਮ ਦੀ ਵਿਸ਼ਵ ਕੱਪ ਵੱਲ ਮੁਹਿੰਮ ਲਈ ਅਸਲ ਸੁਨਿਹਰੀ ਗੋਲ ਤਾਂ 'ਸੰਤ' ਨੇ ਅਜੇ ਦਾਗਣੇ ਸਨ ਅਤੇ ਉਹ ਗੋਲ ਉਨ ਬਲਗਾਰੀਆ ਵਿਰੁੱਧ ਸੈਮੀ ਫਾਈਨਲ ਮੈਚ ਦੌਰਾਨ ਦਾਗੇ।

ਬਲਗਾਰੀਆ ਦੀ ਇਸ ਟੀਮ ਨੇ ਲੀਗ ਵਿਚ ਯੂਨਾਨੀਆਂ ਨੂੰ 4-0 'ਤੇ ਹਰਾਇਆ ਅਤੇ ਉਸ ਤੋਂ ਬਾਅਦ ਅਰਜਨਟੀਨੀਅਨ ਟੀਮ ਵਿਰੁੱਧ ਉਹ ਸਿਫਰ ਦੇ ਮੁਕਾਬਲੇ 2 ਗੋਲਾਂ ਨਾਲ ਜੇਤੂ ਰਹੇ ਸਨ।ਪ੍ਰੀ ਕਵਾਟਰ ਫਾਈਨਲ ਗੇੜ 'ਚ ਉਨ੍ਹਾਂ ਨੇ ਮੈਕਸੀਕੋ ਦੀ ਪੂਰੇ ਦੋ ਘੰਟਿਆਂ ਤੱਕ ਚੱਲੇ ਮੈਚ ਵਿਚ ਨਾਂਹ ਕਰਵਾਈ ਅਤੇ ਫਿਰ ਪੈਨਲਟੀ ਕਿੱਕਾਂ 'ਤੇ ਉਨ੍ਹਾਂ ਨੂੰ ਮਾਤ ਕੀਤਾ। ਕਵਾਟਰ ਫਾਈਨਲ ਗੇੜ ਵਿਚ ਉਨ੍ਹਾਂ ਨੇ ਮੈਥੀਸ, ਬਰ੍ਹੀਮੇ, ਮੌਲਰ, ਵੋਲਰ ਅਤੇ ਕਿਨਜ਼ਮਾਨ ਵਰਗੇ ਮਹਾਂਰਥੀ ਖਿਡਾਰੀਆਂ 'ਤੇ ਅਧਾਰਤ ਜਰਮਨ ਟੀਮ ਨੂੰ ਇਕ ਦੇ ਮੁਕਾਬਲੇ ਦੋ ਗੋਲਾਂ ਨਾਲ ਹਰਾ ਕੇ ਉਨ੍ਹਾਂ ਸਨਸਨੀ ਫੈਲਾਈ। ਉਸ ਦਿਨ ਉਨ੍ਹਾਂ ਦੇ ਉੱਘੇ ਖਿਡਾਰੀ ਸਟੈਚਕੋਵ ਨੇ ਫਰੀ ਕਿੱਕ ਲਗਾ ਕੇ ਸਾਹਵੇਂ ਖੜੇ ਛੇ ਖਿਡਾਰੀਆਂ ਦੀ ਕੰਧ ਦੇ ਉੱਪਰੋਂ ਦੀ ਘੁਕੀਂ ਜਾ ਰਹੀ ਬਾਲ ਨੂੰ ਨੈੱਟ ਵਿਚ ਡਿਗਦਿਆਂ ਤੱਕਣ ਤੋਂ ਪਹਿਲਾਂ ਹੀ ਤੁਰੰਤ ਜਰਮਨ ਗੋਲਾਂ ਵੱਲ ਕਰਕੇ ਜਿਸ ਆਤਮ ਵਿਸ਼ਵਾਸ ਨਾਲ ਆਪ ਦੀਆਂ ਬਾਹਾ ਹਵਾ ਵਿਚ ਫੈਲਾਈਆਂ ਸਨ – ਨਜ਼ਾਰਾ ਵੇਖਿਆਂ ਬਣਦਾ ਸੀ।

ਸੋ ਇਹ ਸੀ ਉਹ ਬਲਕਾਨ ਖਿਡਾਰੀਆਂ ਦੀ ਟੀਮ ਜਿਸ ਨਾਲ ਉਸ ਦਿਨ ਇਤਾਲਵੀ ਟੀਮ ਦਾ ਮੈਚ ਪਿਆ। ਇਸ ਮੈਚ ਵਿਚ ਕਪਤਾਨ ਬਰੇਸੀ ਅਜੇ ਵੀ ਹਾਜ਼ਰ ਨਹੀਂ ਸੀ – ਫਿਰ ਵੀ ਮਾਲਡੀਨੀ ਦੀ ਅਗਵਾਈ ਹੇਠ ਅਲੈਸਾਂਦਰੋ ਕੂਸਤਾਕੂਰਤ, ਬਰਟੀ, ਅਲਬਰਟੀਨੀ, ਡੋਨਾਡੋਨੀ 'ਤੇ ਅਧਾਰਤ ਪੂਰੀ ਟੀਮ ਹੀ ਮੁਕੰਮਲ ਲੈਅ ਵਿਚ ਸੀ। ਪ੍ਰੰਤੂ ਟੀਮ ਦਾ ਮੋਹਰੀ ਉਸ ਦੇ ਗੋਡੇ ਦੀ ਸੱਟ ਪੂਰੀ ਤਰ੍ਹਾਂ ਠੀਕ ਨਾ ਹੋਣ ਦੇ ਬਾਵਜੂਦ ਰਾਬਰਟ ਬੈਜੀਓ ਹੀ ਸੀ। ਉਸ ਦਿਨ ਪਹਿਲੇ ਵਾਰੀਂ ਉਨ ਅੱਧੇ ਘੰਟੇ ਦੀ ਖੇਡ ਖਤਮ ਹੋਣ ਤੋਂ ਪਹਿਲਾਂ ਹੀ ਮਹਿਜ਼ 4 ਮਿੰਟਾਂ ਦੇ ਵਕਫੇ ਵਿਚ ਦੋ ਗੋਲ ਕਰਕੇ ਲਾਲੀ ਬਾਬਾ ਜੀ ਦੇ 'ਨਾਇਕ' ਕਪਤਾਨ ਫਰਾਂਕੋ ਬਰੇਸੀ ਦੀ ਇਕ ਵਾਰ ਮੁੜ ਜਾ ਕਹੋ ਕਿ ਆਪਣੇ ਸ਼ਾਨਾਮੱਤੇ ਖੇਡ ਕੈਰੀਅਰ ਦੇ ਸਿਖ਼ਰ 'ਤੇ ਆਖਰੀ ਵਾਰ ਆਪਦੀ ਤਾਕਤ ਦੇ ਜ਼ੌਹਰ ਵਿਖਾਉਣ ਦੀ ਸੱਧਰ ਪੂਰੀ ਕੀਤੀ। ਉਸ ਦਿਨ ਅਲਬਰਟੀਨੀ ਅਤੇ ਬੈਜੀਓ ਨੇ ਮਿਲ ਕੇ ਬਲਕਾਨ ਖਿਡਾਰੀਆਂ ਨੂੰ ਚੱਕਰ ਵਿਚ ਪਾਈ ਰੱਖਿਆ ਸੀ। ਡਾ. ਕੇਹਰ ਸਿੰਘ ਦੇ ਘਰੇ ਡਾ. ਬਲਕਾਰ ਸਿੰਘ ਅਤੇ ਮੇਰਾ ਮਿੱਤਰ ਕੰਵਲਜੀਤ – ਅਸੀਂ ਮੈਚ ਵੇਂਹਦਿਆਂ ਸਾਰੇ ਲਗਾਤਾਰ ਧੰਨ ਧੰਨ ਹੀ ਕਰੀ ਗਏ ਸਾਂ। ਬੈਜੀਓ ਦਾ ਬਾਲ ਨੂੰ ਲੈ ਕੇ ਉਸ ਦਿਨ ਦਾ 'ਨ੍ਰਿਤ' ਸ਼ਹਾਨਾ ਵੀ ਸੀ ਅਤੇ ਸਬਲਾਈਮ ਵੀ ਸੀ। ਸ਼ਾਇਦ ਇਸੇ ਲਈ ਤਾਂ ਪੂਰੇ ਇਤਾਲਵੀ ਮੀਡੀਏ ਵੱਲੋਂ 'ਬੈਜੀਓ ਦਾ ਸੇਂਟ' ਕਿਹਾ ਜਾ ਰਿਹਾ ਸੀ।

ਸਾਲ 1975 'ਚ ਭਾਰਤ ਅਤੇ ਪਾਕਿਸਤਾਨ ਦੀਆਂ ਟੀਮਾਂ ਵਿਚਾਲੇ ਖੇਡੇ ਗਏ ਕੁਆਲਾਲੰਪਰ ਵਿਖੇ ਖੇਡੇ ਗਏ ਹਾਕੀ ਦੇ ਫਾਈਨਲ ਮੈਚ ਦੀ ਕੁਮੈਂਟਰੀ ਵੀ ਮੈਂ ਅਤੇ ਕੰਵਲ ਨੇ ਇਕੱਠਿਆਂ ਹੀ ਸੁਣੀ ਸੀ। ਜਸਦੇਵ ਸਿੰਘ ਦੇ ਉਸ ਦਿਨ ਉਚਰੇ ਇਹ ਬੋਲ ਕਿ 'ਇੰਡੀਅਨ ਫਾਰਵਰਡ ਪਲੇਅਰਜ਼ ਡ੍ਰਿਊ ਸਰਕਲਜ਼ ਰਾਊਂਡ ਦਾ ਪਾਕਿਸਤਾਨੀ ਗੋਲ ਏਰੀਆ' 40 ਵਰ੍ਹੇ ਲੰਘ ਜਾਣ ਪਿੱਛੋਂ ਅੱਜ ਤੱਕ ਵੀ ਮੈਨੂੰ ਭੁੱਲੇ ਨਹੀਂ ਹਨ। ਮੈਸੀ ਫਾਈਨਲ ਵਿਚ ਬਲਕਾਨ ਗੋਲਾਂ ਦੇ ਗਿਰਦ ਬੈਜੀਓ, ਅਲਬਰਟੀਨੀ ਅਤੇ ਡੋਨਾਡੋਨੀ ਆਪ ਦੀਆਂ ਕਿਸੇ ਕਲਾਸਿਕ ਸ਼ਤਰੰਜ ਦੇ ਮੈਚ ਦੇ ਹਾਰ ਸਟੀਕ ਚਾਲਾਂ ਨਾਲ ਉਸੇ ਤਰ੍ਹਾਂ ਦੇ 'ਦਾਇਰੇ' ਹੀ ਲਗਾਤਾਰ ਵਾਹ ਰਹੇ ਸਨ। ਪਹਿਲੇ ਅੱਧ ਲਈ ਰੈਫਰੀ ਦੀ ਵਿਸਲ ਵੱਜਣ ਤੋਂ ਪਹਿਲਾਂ ਮਿਲੀ ਪੈਨਲਟੀ ਤੋਂ ਸਟੈਚਕੋਵ ਨੇ ਇਕ ਗੋਲ ਤਾਂ ਲਾਹਿਆ ਪਰ ਉਸ ਦਿਨ ਉਹ ਇਤਾਲਵੀ ਖਿਡਾਰੀਆਂ ਦੀ ਲੈਅ ਭੰਗ ਕਰਨ ਵਿਚ ਕਤਈ ਸਫ਼ਲ ਨਾ ਹੋ ਸਕਿਆ।

ਸੋ ਇਹ ਸੀ ਕਪਤਾਨ ਫਰਾਂਕੋ ਬਰੇਸੀ ਦੀ ਇਤਾਲਵੀ ਟੀਮ ਜਿਹੜੀ ਸਾਲ 1970 ਦੇ ਫਾਈਨਲ ਤੋਂ 24 ਵਰ੍ਹੇ ਬਾਅਦ ਮਹਾਨ ਪੇਲੇ ਦੇ ਵਾਰਸਾਂ ਨਾਲ ਲੋਹਾ ਲੈਣ ਲਈ ਮੈਦਾਨ ਵਿਚ ਉਤਰੀ। ਇਥੇ ਇਹ ਵੀ ਯਾਦ ਰਹੇ ਕਿ ਮਜ਼ੋਲ, ਬਰਟੀਨੀ, ਰੀਵਾ, ਰੋਸਾਟੋ ਅਤੇ ਪੋਲੈਟੀ ਵਰਗੇ ਨਾਮੀ ਖਿਡਾਰੀਆਂ 'ਤੇ ਆਸਰਤ ਉਹ ਵੀ ਬੜੀ ਤਕੜੀ ਟੀਮ ਸੀ ਅਤੇ ਪ: ਜਰਮਨੀ ਵਿਰੁੱਧ 120 ਮਿੰਟਾਂ ਤੱਕ ਚੱਲੇ ਮੈਚ ਦੌਰਾਨ 3 ਦੇ ਮੁਕਾਬਲੇ 4 ਗੋਲਾਂ ਨਾਲ ਸਨਸਨੀਖ਼ੇਜ਼ ਜਿੱਤ ਦਰਜ਼ ਕਰਕੇ ਉਸ ਦਿਨ ਫਾਈਨਲ ਗੇੜ ਵਿਚ ਅਪੜੇ ਸਨ। ਉਹ ਮੈਚ ਅੱਜ ਤੱਕ ਚਰਚਾ ਦਾ ਵਿਸ਼ਾ ਇਸ ਲਈ ਵੀ ਹੈ ਕਿ ਸਭ ਤੋਂ ਕਦਾਵਰ ਜਰਮਨ ਖਿਡਾਰੀ ਫਰਾਂਜ ਬੈਕਨਬਾਵਰ ਮੋਢੇ ਦੀ ਗੰਭੀਰ ਸੱਟ ਦਾ ਸ਼ਿਕਾਰ ਸੀ ਅਤੇ ਲਗਾਤਾਰ ਪੀੜ ਕਾਰਨ ਲਟਕੀ ਹੋਈ ਬਾਂਹ ਨਾਲ ਖੇਡਣ ਲਈ ਮਜ਼ਬੂਰ ਹੋਣ ਦੇ ਬਾਵਜੂਦ ਉਸ ਨੇ ਮੈਦਾਨ ਛੱਡਿਆ ਨਹੀਂ ਸੀ।ਸਾਲ 1994 ਦੇ ਟੂਰਨਾਮੈਂਟ ਦੌਰਾਨ ਗੋਡੇ ਦੀ ਸੱਟ ਤੋਂ ਪੂਰੀ ਤਰ੍ਹਾਂ ਠੀਕ ਹੋਏ ਬਗੈਰ ਬੈਜੀਓ ਨੂੰ ਲਗਾਤਾਰ ਖੇਡਣਾ ਪਿਆ ਅਤੇ ਫਾਈਨਲ ਮੁਕਾਬਲੇ ਦੌਰਾਨ ਸੋਨ ਤਮਗੇ ਲਈ ਇਤਾਲਵੀ ਟੀਮ ਦੀ ਅਗਵਾਈ ਕਰਨ ਲਈ ਕਪਤਾਨ ਬਰੇਸੀ ਗੋਡੇ ਦੇ ਅਪਰੇਸ਼ਨ ਤੋਂ 25 ਦਿਨ ਬਾਅਦ 'ਠੀਕ' ਹੋ ਕੇ ਮੈਦਾਨ ਵਿਚ ਤਾਂ ਆ ਗਿਆ – ਪਰ ਉਸਨੇ ਮੈਚ ਪ੍ਰੈਕਟਿਸ ਪੂਰੀ ਤਰ੍ਹਾਂ ਛੱਡੀ ਰੱਖੀ ਸੀ। ਇਨ੍ਹਾਂ ਸਾਰੇ ਦਿਨਾਂ ਦੌਰਾਨ ਬਾਲ ਨੂੰ ਇਕ ਕਿੱਕ ਵੀ ਮੈਦਾਨ ਅੰਦਰ ਜਾ ਕੇ ਮਾਰੀ ਨਹੀਂ ਸੀ।

ਇਹ ਸਤਰਾਂ ਜਦੋਂ ਮੈਂ ਲਿਖ ਰਿਹਾ ਹਾਂ ਤਾਂ ਮੱਲੋ ਮੱਲੀ ਮੇਰੇ ਜ਼ਿਹਨ ਅੰਦਰ ਭਾਰਤੀ ਫੁੱਟਬਾਲ ਦੇ ਭਲੇ ਜ਼ਮਾਨਿਆਂ ਦੇ 'ਫਰਾਂਕ ਬਰੇਸੀ' ਜਾਨੀ ਕਿ 'ਬਾਬਾ' ਜਰਨੈਲ ਸਿੰਘ ਦੀ ਅਜਿਹੀ ਹੀ ਅਕੀਦਤ ਸਬੰਧੀ ਉਸ ਬਾਰੇ ਕਈ ਪੜ੍ਹੀਆਂ ਸੁਣੀਆਂ ਯਾਦਾਂ ਸਿਮਰਤੀ ਵਿਚ ਉਭਰਦੀਆਂ ਚਲੀਆਂ ਜਾ ਰਹੀਆਂ ਹਨ। ਮਸਲਨ ਜਕਾਰਤਾ ਵਿਖੇ ਸਾਲ 1962 ਦੀਆਂ ਜਕਾਰਤਾ ਖੇਡਾਂ ਸਮੇਂ ਕਵਾਟਰ ਫਾਈਨਲ ਮੈਚ ਅੰਦਰ ਜਰਨੈਲ ਦਾ ਸਿਰ ਪਾਟ ਗਿਆ, ਛੇ ਟਾਂਕੇ ਲੱਗੇ ਹੋਏ ਸੀ ਰਖਿੱਅਕ ਪੰਕਤੀ ਵਿਚ ਹੈੱਡਰ ਮਾਰਨ ਦੀ ਅਕਸਰ ਜ਼ਰੂਰਤ ਵੱਧ ਪੈਂਦੀ ਹੈ ਅਤੇ ਸਿਰ ਉਸਦਾ ਇਸ ਜ਼ਿੰਮੇਵਾਰੀ ਦੇ ਹੁਣ ਯੋਗ ਬਿਲਕੁਲ ਨਹੀਂ ਸੀ ਅਤੇ ਉਸਨੂੰ ਟੀਮ ਵਿਚੋਂ ਬਾਹਰ ਰੱਖਣਾ ਵੀ ਮੁਮਕਿਨ ਨਹੀਂ ਸੀ। ਕੋਚ ਸਈਅਦ ਅਬਦੁਲ ਰਹੀਮ ਨੂੰ ਉਸ ਨਾਲ ਅਤੇ ਚੂੰਨੀ ਗੋਸਵਾਮੀ ਨਾਲ ਸਨੇਹ ਵੀ ਬੜਾ ਸੀ। ਉਨ ਕੀਤਾ ਇਹ ਕਿ ਬਾਬਿਆਂ ਨੂੰ ਸੈਂਟਰ ਹਾਫ ਵਜੋਂ ਮੱਧ ਪੰਕਤੀ ਅੰਦਰ ਚੂੰਨੀ ਦੇ ਨਾਲ ਹੀ ਮੈਦਾਨ ਵਿਚ ਉਤਾਰ ਦਿੱਤਾ। ਵੀਅਤਨਾਮ ਵਿਰੁੱਧ ਅਹਿਮ ਸੈਮੀ ਫਾਈਨਲ ਵਿਚ ਦੋਵਾਂ ਮਿੱਤਰਾਂ ਨੇ ਇਕ-ਇਕ ਗੋਲ ਕੀਤਾ। ਫਿਰ ਕੋਰੀਆ ਦੀ ਸ਼ਕਤੀਸ਼ਾਲੀ ਟੀਮ ਵਿਰੁੱਧ ਤਾਂ ਕਮਾਲ ਹੀ ਉਸਨੇ ਕਰ ਦਿੱਤੀ ਸੀ। ਮੈਚ ਦਾ ਇਕੋ ਇਕੋ ਗੋਲ – ਤੇ ਉਹ ਵੀ ਜ਼ਖ਼ਮੀ ਸਿਰ ਨਾਲ ਜ਼ੋਰਦਾਰ ਹੈੱਡਰ ਮਾਰ ਕੇ 'ਬਾਬੇ' ਜਰਨੈਲ ਵੱਲੋਂ ਹੀ ਦਾਗਿਆ ਗਿਆ ਸੀ। ਭਾਰਤ ਦਾ ਉਹ ਪਹਿਲਾ ਤੇ ਆਖ਼ਰੀ ਏਸ਼ੀਅਨ ਫੁੱਟਬਾਲ ਕੱਪ ਸੀ।

ਫਰਾਂਕੋ ਬਰੇਸੀ ਸਾਲ 1982 ਦੀ ਵਿਸ਼ਵ ਵਿਜੇਤਾ ਇਤਾਲਵੀ ਟੀਮ ਦਾ ਮੈਂਬਰ ਸੀ। ਉਮਰ ਉਸਦੀ ਹੁਣ 34 ਜਾਂ 35 ਵਰ੍ਹੇ ਹੋ ਗਈ ਹੈ। ਬੜੀ ਜਲਦੀ ਉਸਨੇ ਫੁੱਟਬਾਲ ਜਗਤ ਤੋਂ ਸੰਨਿਆਸ ਲੈ ਲੈਣਾ ਹੈ। ਇਤਾਲਵੀ ਟੀਮ ਦੀ ਹਮਲਾਵਰ ਪੰਕਤੀ ਦਾ ਕੇਂਦਰੀ ਖਿਡਾਰੀ ਬੈਜੀਓ ਪੂਰੀ ਤਰ੍ਹਾਂ ਤੰਦਰੁਸਤ ਨਹੀਂ ਹੈ। ਰਖਿੱਅਕ ਪੰਕਤੀ 'ਚ ਪਾਅਲੋ ਮਾਲਡੀਨੀ ਦਾ ਸਹਿਯੋਗੀ ਮੁਖ ਖਿਡਾਰੀ ਅਲੈਸਾਂਦਰੋ ਕੌਸਤਾਕੂਰਤਾ ਅਤੇ ਮਾਅਰੋ ਤਸੌਤੀ ਦੋਵੇਂ ਹੀ ਫਾਈਨਲ ਮੈਚ ਤੋਂ ਮੁਅੱਤਲ ਹਨ।

ਪਾਠਕ ਖੁਦ ਹੀ ਅੰਦਾਜ਼ਾ ਲਗਾਉਣ ਕਿ ਫਰਾਂਕੋ ਬਰੇਸੀ ਦਾ ਗੋਡਾ ਕਿੰਨਾ ਕੁ ਠੀਕ ਹੋਵੇਗਾ ਅਤੇ ਮਾਲਡੀਨੀ ਦੇ ਨਾਲ ਮੈਦਾਨ ਵਿਚ ਉਤਰਨ ਤੋਂ ਬਿਨਾਂ ਉਸ ਕੋਲ ਚਾਰਾ ਵੀ ਕੀ ਸੀ। ਫਿਰ ਫਾਈਨਲ ਵੱਲ ਬਰਾਜ਼ੀਲੀ ਟੀਮ ਦੀ ਮੁਹਿੰਮ ਦੀ ਗੱਲ ਤਾਂ ਅਜੇ ਅਸੀਂ ਕੀਤੀ ਹੀ ਨਹੀਂ। ਉਹ ਇਟਾਲੀਅਨ ਟੀਮ ਨਾਲੋਂ ਵੀ ਕਿਤੇ ਵੱਧ ਜੋਖਿਮ ਭਰੀ ਸੀ। ਖੈਰ ਇਹ ਗੱਲ ਹੋਰ ਅੱਗੋਂ ਕਰਨ ਤੋਂ ਪਹਿਲਾਂ ਬੇਹਤਰ ਹੈ ਕਿ ਪਾਠਕ ਇਹ ਵੀ ਜਾਣ ਲੈਣ ਕਿ ਸਾਲ 1990 'ਚ ਇਟਲੀ ਦੀ ਧਰਤੀ ਉਪਰ ਕਰਵਾਏ ਵਿਸ਼ਵ ਕੱਪ ਦੌਰਾਨ ਮੇਜ਼ਬਾਨ ਟੀਮ ਦਾ ਕਪਤਾਨ ਵੀ ਕੋਈ ਹੋਰ ਨਹੀਂ ਬਲਕਿ ਫਰਾਂਕੋ ਬਰੇਸੀ ਹੀ ਸੀ। ਇਸ ਵਿਸ਼ਵ ਕੱਪ ਮੁਹਿੰਮ ਵਿਚ ਪਾਅਲੋ ਮਾਲਡੀਨੀ ਅਜੇ ਨਵਾਂ-ਨਵਾਂ ਹੀ ਆਇਆ ਸੀ। ਟੀਮ ਦਾ ਧੁਰਾ ਫਰਾਂਕੋ ਬਰੇਸੀ ਸੀ ਜਦੋਂ ਕਿ ਹਮਲਿਆ ਦਾ ਦਾਰੋਮਦਾਰ ਮੁਖ ਰੂਪ ਵਿਚ ਸਕੀਲਾਚੀ ਦੇ ਸਿਰ 'ਤੇ ਸੀ। ਸਕੀਲਾਚੀ ਨੇ ਆਸਟਰੀਆ ਵਿਰੁੱਧ ਸ਼ੁਰੂਆਤੀ ਮੈਚ ਤੋਂ ਲੈ ਕੇ ਮਾਰਾਡੋਨਾ ਦੀ ਅਗਵਾਈ ਹੇਠਲੀ ਅਰਜਨਟੀਨੀਅਨ ਟੀਮ ਵਿਰੁੱਧ ਸੈਮੀ ਫਾਈਨਲ ਮੁਕਾਬਲੇ ਸਮੇਤ ਲਗਪਗ ਹਰ ਮੈਚ ਅੰਦਰ ਹੀ ਫੈਸਲਾਕੁਨ ਗੋਲ ਵੀ ਦਾਗੇ। ਇਸ ਵਿਸ਼ਵ ਕੱਪ ਦੌਰਾਨ ਇਨ੍ਹਾਂ ਦੋਵਾਂ ਖਿਡਾਰੀਆਂ ਦੀ ਬਹੁਤ ਸ਼ਾਨਾਮਤੀ ਕਥਾ ਹੈ। ਮਸਲਨ ਇਸ ਟੂਰਨਾਮੈਂਟ ਦੇ ਪਹਿਲੇ ਮੈਚ ਦੌਰਾਨ ਵਿਰੋਨੀ ਦੇ ਤੂਫਾਨੀ ਹਮਲਿਆਂ ਨੂੰ ਠਲਦਿਆਂ ਲੜਖੜਾ ਕੇ ਬੁਰੀ ਤਰ੍ਹਾਂ ਡਿੱਗ ਜਾਣ ਕਾਰਨ ਫਰਾਂਕੋ ਬਰੇਸੀ ਦੀ ਕੂਹਣੀ ਤੋਂ ਬਾਂਹ ਟੁੱਟ ਗਈ ਸੀ। ਉਹ ਡਿੱਗਿਆ – ਬਾਹਰ ਆਇਆ ਤੇ ਟੀਮ ਡਾਕਟਰ ਨੇ ਚੈੱਕ ਕਰਦਿਆਂ ਹੀ ਉਸਨੂੰ ਬੈਂਚ ਤੇ ਬਿਠਾਏ ਜਾਣ ਲਈ ਆਖ ਦਿੱਤਾ। ਪ੍ਰੰਤੂ ਕਪਤਾਨ ਨੇ ਡਾਕਟਰ ਨੂੰ 'ਅੱਖ ਮਾਰੀ' ਉਸਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਤੇ ਜਦੇ ਹੀ ਉਹ ਗਰਾਊਂਡ ਵਿਚ ਵਾਪਸ ਪਰਤ ਆਇਆ। ਬਰੇਸੀ ਵੱਲੋਂ ਡਾਕਟਰ ਨੂੰ 'ਅੱਖ ਮਾਰ ਕੇ' ਚੁੱਪ ਕਰਵਾਉਣ ਦੀ ਗੱਲ ਲਾਲੀ ਬਾਬਾ ਜੀ ਦੇ ਉਸ ਕੱਪ ਬਾਰੇ ਗਾਹੇ ਬਗਾਹੇ ਦਿੱਤੇ ਕਿਸੇ ਪ੍ਰਵਚਨ 'ਤੇ ਹੀ ਅਧਾਰਤ ਹੈ। ਇਹ ਕਹਿਣਾ ਤਾਂ ਬੜਾ ਮੁਸ਼ਕਿਲ ਹੈ ਕਿ ਉਨ੍ਹਾਂ ਕੋਲ ਕਿਹੜੀ ਦੂਰਬੀਨ ਸੀ ਜਿਸ ਨਾਲ ਉਨ੍ਹਾਂ ਨੇ ਬਰੇਸੀ ਦਾ ਉਹ ਸੰਕੇਤ ਪਕੜ ਲਿਆ ਹੋਣੈ। ਪਰ ਆਪਣੇ ਪ੍ਰਵਚਨ ਦੌਰਾਨ ਚਕ੍ਰਿਤ ਉਹ ਇਉਂ ਅਕਸਰ

ਹੀ ਕਰਦੇ ਰਹਿੰਦੇ ਸਨ। ਮਸਲਨ ਅਜੇ ਪਿਛਲੇ ਮਹੀਨੇ ਟਰਾਂਟੋ ਦੇ ਨੇੜੇ ਟਰਿੰਟਨ ਸ਼ਹਿਰ ਵਿਚ ਗੁਰਦੇਵ ਚੌਹਾਨ ਦੇ ਘਰ ਮਹਾਂ ਪੁਰਖਾਂ ਦੇ ਅਜੀਜ਼ ਬਾਈ ਹਰਮੀਤ ਨੇ ਉਨ੍ਹਾਂ ਬਾਰੇ ਅਜਿਹੇ ਕਈ ਅਦਭੁੱਤ ਟੋਟਕੇ ਸੁਣਾਏ ਅਤੇ ਉੱਚੀ-ਉੱਚੀ ਹੱਸਦਿਆਂ ਉਹ ਨਾਲ ਹੀ ਦੱਸ ਰਿਹਾ ਸੀ ਕਿ ਉਨ੍ਹੀਂ ਦਿਨੀਂ 'ਵਿਕੀਪੀਡੀਆ' ਤਾਂ ਅਜੇ ਆਇਆ ਨਹੀਂ ਸੀ। ਉਨ੍ਹਾਂ ਦੀ ਜਾਣਕਾਰੀ ਦੇ ਸੋਮਿਆਂ ਦਾ ਕਦੀ ਕਿਸੇ ਨੂੰ ਪਤਾ ਨਾ ਲੱਗਿਆ ਅਤੇ ਖੁਦ ਉਨ੍ਹਾਂ ਕਦੀ ਦੱਸਿਆ ਵੀ ਨਹੀਂ ਸੀ। ਪ੍ਰੰਤੂ ਕਰਦੇ ਉਹ ਇਉਂ ਹੀ ਸਨ ਅਤੇ ਗੁਰਦੇਵ ਚੌਹਾਨ ਹੋਰੀਂ ਜੋ ਖੁਦ ਪੂਰੇ 10-12 ਵਰ੍ਹੇ ਬਾਬੇ ਦੇ ਪੂਰਨ ਜਲੌ ਦੇ ਸਮਿਆਂ ਦੌਰਾਨ ਉਨ੍ਹਾਂ ਦੀ ਸੰਗਤ ਵਿਚ ਰਹੇ – ਹਰਮੀਤ ਦੇ ਪ੍ਰਗਟਾਵੇ ਦੀ ਭਰਪੂਰ ਤਾਈਦ ਕਰ ਰਹੇ ਸਨ।

ਸੋ ਇਹ ਸੀ ਕਪਤਾਨ ਬਰੇਸੀ – ਸਾਡੇ ਲਾਲੀ ਬਾਬਾ ਜੀ ਦਾ ਨਾਇਕ ਜੋ 30 ਜੂਨ 1994 ਦੀ ਸਵੇਰ ਨੂੰ ਕੈਲੇਫੋਰਨੀਆ ਦੇ ਪਾਸੇਡੇਨਾ ਸ਼ਹਿਰ ਦੇ ਵਿਸ਼ਾਲ ਰੋਜ਼ ਬਾਉਲ ਸਨੇਹੀਆਂ ਅੰਦਰ ਬਰਾਜ਼ੀਲੀਅਨ ਟੀਮ ਵਿਰੁੱਧ ਆਪਣੇ ਲੰਮੇ ਕੈਰੀਅਰ ਦਾ ਆਖ਼ਰੀ ਅਹਿਮ ਮੈਚ ਖੇਡਣ ਲਈ ਅਤੇ ਦੁਨੀਆ ਭਰ ਵਿਚ ਇਤਾਵਲੀ ਟੀਮ ਦੇ ਕਰੋੜਾਂ ਪ੍ਰਸ਼ੰਸਕਾਂ ਨੂੰ ਬਾਗੋ ਬਾਗ ਕਰਨ ਲਈ ਮੈਦਾਨ ਦੇ ਅੰਦਰ ਆਇਆ। ਮੈਚ ਉਹ 120 ਮਿੰਟਾਂ ਤੋਂ ਵੀ ਵੱਧ ਸਮੇਂ ਤੱਕ ਚੱਲਿਆ ਸੀ। ਬਰਾਜ਼ੀਲੀਅਨ ਗੋਲਾਂ ਵਿਚ ਤਿਫਰੇਓ ਦੇ ਰੂਪ ਵਿਚ ਬੜਾ ਹੀ ਨਿਗਰ ਕੀਪਰ ਸੀ। ਰਖਿੱਅਕ ਪੰਕਤੀ ਵੀ ਉਨ੍ਹਾਂ ਦੀ ਠੀਕ ਸੀ। ਮੱਧ ਪੰਕਤੀ ਵਿਚ ਕਪਤਾਨ ਡੂੰਗਾ , ਬਰਾਂਕੋ, ਸਿਲਵਾ ਅਤੇ ਜਿਨਹੋ ਪੂਰੇ ਹਾਤਮ ਸਨ ਅਤੇ ਹਮਲਾਵਰ ਪੰਕਤੀ ਵਿਚ ਰੋਮਾਰੀਓ ਅਤੇ ਬੀਬੀਟੋ ਬਾਰ ਬਾਰ ਭੁੱਖੇ ਬਾਘਾਂ ਵਾਂਗ ਦੇ ਹਾਰ ਇਤਾਲਵੀ ਗੋਲਾਂ ਵੱਲ ਵਧ ਰਹੇ ਸਨ। ਦੂਸਰੇ ਪਾਸੇ ਇਤਾਵਲੀ ਟੀਮ ਦਾ 'ਜਰਨੈਲ' ਰਾਬਰਟ ਬੈਜੀਓ ਥੱਕ ਕੇ ਚੂਰ ਹੋਇਆ ਪਿਆ ਸੀ –ਉਸਦੀ ਇਕ ਲੱਤ ਪੂਰੀ ਤਰ੍ਹਾਂ ਸਾਥ ਨਹੀਂ ਦਿੰਦੀ ਸੀ – ਪਰ ਕਪਤਾਨ ਦੀ ਨਿਰੰਤਰ ਪ੍ਰੇਰਨਾ ਸਦਕਾ ਆਪਦੀ ਵੱਲੋਂ ਪੂਰੀ ਵਾਹ ਉਹ ਲਗਾਈ ਜਾ ਰਿਹਾ ਸੀ। ਇਸੇ ਦੌਰਾਨ ਖੁਦ ਬਰੇਸੀ ਨੇ ਰੋਮਾਰੀਓ ਅਤੇ ਬੀਬੀਟੋ ਦੇ ਸਾਮ੍ਹਣੇ ਕੰਧ ਖੜੀ ਕੀਤੀ ਹੋਈ ਸੀ। ਅੱਧ ਸਮੇਂ ਦੀ ਖੇਡ ਦੇ ਖਾਤਮੇ ਤੋਂ ਥੋੜਾ ਪਹਿਲਾਂ ਰੋਮਾਰੀਓ ਨੇ ਬੀਬੀਟੋ ਵੱਲ ਬਹੁਤ ਹੀ ਸਟੀਕ ਪਾਸ ਸਿੱਟਿਆ – ਬਰੇਸੀ ਦੂਰ ਸੀ। ਪ੍ਰੰਤੂ ਪਾਅਲੋ ਮਾਲਡੀਨੀ ਦੀਆਂ ਤੇਜ ਨਿਗਾਹਾਂ ਨੇ ਅਗਾਊਂ ਹੀ ਉਸਦੀ ਚਾਲ ਤਾੜਦਿਆਂ ਬੜੇ ਹੀ ਕਸੂਤੇ ਕੋਣ ਤੋਂ ਗੋਲ ਵੱਲ ਤੇਜ਼ੀ ਨਾਲ ਚੱਲੀ ਆ ਰਹੀ ਬਾਲ ਨੂੰ ਬੜੇ ਅਰਾਮ ਨਾਲ ਹੀ ਪਾਸੇ ਕੱਢ ਕੇ ਖਤਰਾ ਟਾਲ ਦਿੱਤਾ।

ਪਹਿਲੇ ਅੱਧ ਦੇ ਵਕਫੇ ਪਿਛੋਂ ਵਾਪਸ ਗਰਾਊਂਡ ਵਿਚ ਪਰਤਣ ਤੋਂ 15-20 ਮਿੰਟ ਬਾਅਦ ਮਾਰਸੀਓ ਸੰਤੋਸ ਨੇ ਰੋਮਾਰੀਓ ਅਤੇ ਬੀਬੀਟੋ ਦੀ ਹਰ ਚਾਲ 'ਤੇ ਨਿਰੰਤਰ ਨਿਗਾਹਾਂ ਜਮਾਈ ਖੜੇ ਬਰੇਸੀ ਨੂੰ ਚਕਮਾ ਦੇਣ ਲਈ ਬਾਲ ਉਨ੍ਹਾਂ ਵੱਲ ਸੁੱਟਣ ਦੀ ਬਜਾਏ ਖੁਦ ਹੀ ਮੌਕਾ ਲੈਣ ਦੀ ਕੋਸ਼ਿਸ਼ ਕੀਤੀ। ਉਨ ਇਤਾਲਵੀ ਗੋਲ ਪੋਸਟ ਤੋਂ 30-35 ਗਜ਼ ਦੀ ਦੂਰੀ 'ਤੇ ਮਿਲੇ ਬਾਲ ਨੂੰ ਖਾਹ ਮਖਾਹ ਡਰਿੱਬਲ ਕਰਨ ਦੀ ਬਜਾਏ ਸਿੱਧੀ ਹੀ ਰਾਕਟ ਨੁਮਾ ਕਿੱਕ ਦਾਗ ਦਿੱਤੀ। ਗੋਲਕੀਪਰ ਜਾਂ ਲੂਕਾ ਪਾਲੀਊਕਾ ਨੇ ਕਿੱਕ ਉਹ ਰੋਕ ਤਾਂ ਲਈ ਪ੍ਰੰਤੂ ਵਲਾਸਿਟੀ ਏਨੀ ਜ਼ਿਆਦਾ ਸੀ ਕਿ ਬਾਲ ਉਸਦੇ ਹੱਥਾਂ ਵਿਚੋਂ ਨਿਕਲੀ ਪ੍ਰੰਤੂ ਕਿਸਮਤ ਚੰਗੀ ਨੂੰ ਸਾਮ੍ਹਣੇ ਖਿਡਾਰੀਆਂ ਦੇ ਜਮਘਟੇ ਵਿਚ ਨਾ ਡਿੱਗੀ ਅਤੇ ਗੋਲ ਪੋਸਟ ਦੇ ਲਾਗੋਂ ਦੀ ਪਾਸੇ ਨਿਕਲ ਗਈ। ਜਾਂ ਲੂਕਾ ਪਾਲੀਊਕਾ ਨੇ ਸੁੱਖ ਦਾ ਸਾਹ ਲਿਆ ਅਤੇ ਬਹੁੜੀ ਬਹੁੜੀ ਦਰਸ਼ਕਾਂ ਨੂੰ ਉਹ ਆਪਦੀ ਗੋਲ ਪੋਸਟ ਚੁੰਮਦਾ ਨਜ਼ਰ ਆਇਆ। ਜਲਦੀ ਹੀ ਬਾਅਦ 90+3 ਮਿੰਟਾਂ ਦੀ ਖੇਡ ਖਤਮ ਹੋ ਗਈ। ਬਰਾਜ਼ੀਲੀਅਨ ਕੋਚ ਨੇ ਰਖਿੱਅਕ ਪੰਕਤੀ ਵਿਚ ਜੋਰਜ਼ਿਨਹੋ ਦੀ ਜਗ੍ਹਾ ਕੈਫੂ ਨੂੰ ਮੈਦਾਨ ਵਿਚ ਉਤਾਰਿਆ। ਤਾਜ਼ਾ ਦਮ ਕੈਫੂ ਨੇ ਵਾਧੂ ਸਮੇਂ ਦੇ ਮਹਿਜ਼ ਤੀਸਰੇ ਜਾਂ ਚੌਥੇ ਮਿੰਟ ਬੜਾ ਹੀ ਸਟੀਕ ਪਾਸ ਇਤਾਲਵੀ ਗੋਲਾਂ ਮੂਹਰੇ ਬੀਬੀਟੋ ਵੱਲ ਸੁੱਟਿਆ। ਗੋਲ ਕੀਪਰ ਤਿਫਰੇਓ ਪਹਿਲੀ ਵਾਰੀ ਪੂਰੀ ਤਰ੍ਹਾਂ ਬੀਟ ਹੋ ਗਿਆ ਸੀ। ਪ੍ਰੰਤੂ ਬੀਬੀਟੋ ਬਾਲ ਗੋਲਾਂ ਅੰਦਰ ਸਿੱਟਣ ਵਿਚ ਮਾਰ ਖਾ ਗਿਆ।

ਡਰਾਮੇ ਦੇ ਸਿਖਰ 'ਤੇ ਕਹਾਣੀ ਪੈਨਲਟੀ ਕਿੱਕਾਂ 'ਤੇ ਆ ਗਈ ਅਤੇ ਸਾਡੇ ਪਾਠਕ ਹੁਣ ਅਗਲੇ ਤਮਾਸ਼ੇ ਦੇ ਹੋਰ ਵੀ ਚਕ੍ਰਿਤ ਕਰਨ ਵਾਲੇ ਰੰਗ ਜ਼ਰਾ ਵੇਖਣ। ਲਿਓਨਲ ਮੈਸੀ ਦੇ ਹਾਰ ਹੀ ਬੇਹੱਦ ਤਣਾਓ ਭਰੀ ਸਥਿਤੀ ਵਿਚ ਏਵਾਨੀ ਜਾਂ ਐਪੋਲੀਨੀ ਵਰਗੇ ਤਾਜ਼ਾ ਦਮ ਖਿਡਾਰੀਆਂ 'ਚੋਂ ਕਿਸੇ ਨੂੰ ਕਹਿਣ ਦੀ ਬਜਾਏ ਕਪਤਾਨ ਬਰੇਸੀ ਬੇਹੱਦ ਮਾਣ ਮੱਤੇ ਅੰਦਾਜ਼ ਵਿਚ ਪਹਿਲੀ ਪੈਨਲਟੀ ਲੈਣ ਲਈ ਖੁਦ ਅੱਗੇ ਆਇਆ ਅਤੇ ਐਨ ਮੈਸੀ ਵਾਂਗ ਹੀ ਬਾਰ ਉਪਰੋਂ ਦੀ ਕਿੱਕ ਮਾਰ ਗਿਆ। ਇਤਾਲਵੀ ਖੇਮੇ ਵਿਚ ਇਕ ਦਮ ਸੰਨਾਟਾ ਛਾ ਗਿਆ। ਲਾਲੀ ਬਾਬਾ ਜੀ ਦੇ ਦੱਸਣ ਅਨੁਸਾਰ ਉਨ੍ਹਾਂ ਦੇ ਮੂੰਹੋਂ ਆਪ ਮੁਹਾਰੇ ਹੀ 'ਹਾਏ ਓਏ ਰੱਬਾ!' ਨਿਕਲ ਗਿਆ – ਉਸ ਦਿਨ ਉਹ ਜਦੇ ਹੀ ਉਠੇ ਅਤੇ ਟੈਲੀਵੀਜ਼ਨ ਮੂਹਰਿਓਂ ਉਠ ਕੇ ਬਾਹਰ ਨਿਕਲ ਗਏ। ਫੁੱਟਬਾਲ ਦੀ ਖੇਡ ਸੁੰਦਰ ਸੀ, ਆਕਰਸ਼ਕ ਸੀ, ਮਨਮੋਹਕ ਬੜੀ ਸੀ – ਪ੍ਰੰਤੂ ਇਹ ਭਾਣਾ ਕੀ ਵਾਪਰਿਆ? ਸੁਕਰਾਤ ਅਤੇ ਸੇਨੇਕਾ ਦੇ ਲਾਲੀ ਬਾਬਾ ਜੀ ਵਰਗੇ ਪੈਰੋਕਾਰ ਦਾ ਮਨ ਭਰ ਕਿਉਂ ਆਇਆ? ਉਸ ਦਰਵੇਸ਼ ਨੂੰ ਰੋਮਾਰੀਓ ਅਤੇ ਬੀਬੀਟੋ ਵਰਗੇ ਫੁੱਟਬਾਲ ਖੇਡ ਦੇ ਮਹਾਨ ਕਲਾਕਾਰ ਉਨ੍ਹਾਂ ਪਲਾਂ ਦੌਰਾਨ ਖਲਨਾਇਕ ਕਿਉਂ ਲੱਗਣ ਲੱਗ ਗਏ? ਪਰ ਇਓਂ ਹੋਇਆ ਅਤੇ ਸਾਡੇ ਸਾਹਵੇਂ ਸਵਾਲ ਇਹ ਹੈ ਕਿ ਇਸ ਤਰ੍ਹਾ ਕਿਉਂ ਹੋਇਆ? ਸਾਲ 1980 ਦੇ ਫਾਈਨਲ ਮੈਚ ਵਿਚ ਅਲਸਾਈਡੀਜ਼ ਕੀਗੀਆ ਅਤੇ ਉਸਦੇ ਸਾਥੀ ਬੇਹਤਰ ਖੇਡ ਕੇ ਜਿੱਤੇ ਸਨ। ਬਰਾਜ਼ੀਲ ਤੋਂ ਉਹ ਕਮਜ਼ੋਰ ਨਹੀਂ ਸਨ। ਕੀ ਉਨ੍ਹਾਂ ਨੇ ਸਾਲ 1950 ਦੇ ਉਸੇ ਕੱਪ ਦੇ ਮੁਢਲੇ ਮੈਚ ਦੌਰਾਨ ਬੋਲੀਵੀਆ ਨੂੰ ਸਿਫਰ ਦੇ ਮੁਕਾਬਲੇ 8-0 ਨਾਲ ਹਰਾਇਆ ਹੋਇਆ ਨਹੀਂ ਸੀ। ਫੁੱਟਬਾਲ ਦੀ ਖੇਡ ਜੇ

ਏਨੀ ਹੀ ਸਬਲਾਈਮ ਹੈ ਤਾਂ ਫਿਰ ਅਗਲੀ ਕਰੀਬ ਅੱਧੀ ਸਦੀ ਤੱਕ ਉਸ ਮੈਚ ਨੂੰ ਚੇਤੇ ਕਰਦਿਆਂ ਪੇਲੇ ਸਮੇਤ ਬਰਾਜ਼ੀਲ ਦੇ ਲੋਕਾਂ ਨੂੰ ਡਰਾਉਣੇ ਸੁਪਨੇ ਕਿਉਂ ਆਉਂਦੇ ਰਹੇ।

ਮੇਰੇ ਵੱਲੋਂ ਆਪਦੀ ਕਥਾ ਖਤਮ ਹੈ ਪ੍ਰੰਤੂ ਸਾਥੀਆਂ ਦਾ ਜ਼ੋਰ ਦੇ ਕੇ ਕਹਿਣਾ ਹੈ ਕਿ ਅਗਲੀ ਗੱਲ ਵੀ ਦੱਸੀ ਜਾਵੇ।

ਸੋ ਸੁਣੋ ...ਅੱਗੋਂ ਕੀ ਹੋਇਆ। ਕਪਤਾਨ ਫਰਾਂਕੋ ਬਰੇਸੀ ਤੋਂ ਬਾਅਦ ਬਰਾਜ਼ੀਲ ਵੱਲੋਂ ਮਾਰਸੀਓ ਸੰਤੋਸ ਪਹਿਲੀ ਕਿੱਕ ਲੈਣ ਲਈ ਅੱਗੇ ਆਇਆ ਅਤੇ ਉਹ ਵੀ ਸਫਲ ਨਾ ਹੋਇਆ। ਲਾਲੀ ਬਾਬਾ ਜੀ ਨੂੰ ਜਿੰਨੀ ਪ੍ਰੇਸ਼ਾਨੀ ਕਪਤਾਨ ਬਰੇਸੀ ਦੀ ਅਸਫਲਤਾ 'ਤੇ ਹੋਈ – ਉਨ੍ਹਾਂ ਦੇ ਉਲਟ ਸਾਨੂੰ ਉਸ ਪਲ ਓਨੀ ਹੀ ਜ਼ਿਆਦਾ ਖੁਸ਼ੀ ਹੋਈ। ਸਾਡੇ ਸਿਰਾਂ 'ਤੇ ਸੌ ਘੜੇ ਪਾਣੀ ਸੰਤੋਸ ਦੀ ਅਸਫਲਤਾ ਨੂੰ ਵੇਖਣ ਤੋਂ ਬਾਅਦ ਪਿਆ। ਬਰੇਸੀ ਤੋਂ ਬਾਅਦ ਇਟਲੀ ਵੱਲੋਂ ਦਮਤਰਿਓ ਅਲਬਰਟੀਨੀ ਅਤੇ ਏਵਾਨੀ ਨੇ ਅਤੇ ਬਰਾਜ਼ੀਲ ਦੀ ਤਰਫੋਂ ਰੋਮਾਰੀਓ ਅਤੇ ਬਰਾਂਕੋ ਨੇ ਆਪੋ ਆਪਣੀ ਵਾਰੀ 'ਤੇ ਬਾਲ ਗੋਲ ਪੋਸਟ ਵਿਚ ਸੁੱਟ ਦਿੱਤੀ।

ਚੌਥੀ ਪੈਨਲਟੀ ਲੈਣ ਲਈ ਇਟਲੀ ਦੀ ਤਰਫੋਂ ਮਸਾਰੋ ਅੱਗੇ ਆਇਆ ਅਤੇ ਉਹ ਅਸਫਲ ਹੋਇਆ। ਬਰਾਜ਼ੀਲ ਵੱਲੋਂ ਕਪਤਾਨ ਡੁੰਗਾ ਆਇਆ ਅਤੇ ਉਸਨੇ ਗੋਲ ਕਰ ਦਿੱਤਾ।

ਤੇ ਹੁਣ ਡਰਾਮੇ ਦਾ ਸਿਖਰ; ਲਾਲੀ ਬਾਬੇ ਵਾਲੀ ਧਿਰ ਲਈ ਦੁਖਾਂਤ ਦੀ ਇੰਤਹਾ ਜ਼ਰਾ ਵੇਖੋ। ਇਤਾਲਵੀ ਫੁੱਟਬਾਲ ਜਗਤ ਦੇ 'ਸੇਂਟ' ਰਾਬਰਟ ਬੈਜੀਓ ਦੀ ਅਜਿਹੇ ਮੌਕੇ, ਅਜਿਹੇ ਬੋਝ ਲਈ ਚੋਣ ਬਿਲਕੁਲ ਹੀ ਵਾਜਬ ਨਹੀਂ ਸੀ। ਪਾਅਲੋ ਮਾਲਡੀਨੀ, ਬਰਟੀ, ਡੌਨਾਡੋਨੀ, ਬੇਨਾਰੀਵੋ – ਕਿਸੇ ਨੂੰ ਵੀ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਸੀ। ਪ੍ਰੰਤੂ 'ਵਾਰਸ ਸ਼ਾਹ ਨਾ ਮਿਟੇ ਪੈਗੰਬਰਾਂ ਤੋਂ ਜੋ ਕੁਝ ਲਿਖਿਆ ਵਿਚ ਤਕਦੀਰ ਹੈ ਜੀ!' ਵਾਲੀ ਕਹਾਣੀ ਹੀ ਸੀ। ਸੋ ਬੈਜੀਓ ਆਇਆ ਅਤੇ ਗੇਮ ਦੇ ਕਿਸੇ ਵੀ 'ਚੱਕਰਵਿਊ' ਨੂੰ ਤੋੜਨ ਦੀ ਸਮਰੱਥਾ ਵਾਲਾ ਉਨ੍ਹਾਂ ਦਾ ਉਹ ਨਾਇਕ ਸਿਰੇ ਦੇ ਬੇਢੱਬੇ ਅੰਦਾਜ਼ ਵਿਚ ਕਿੱਕ ਮਾਰ ਗਿਆ। ਹਰਿੰਦਰ ਸਿੰਘ ਮਹਿਬੂਬ ਹੋਰੀਂ ਅਗਲੇ ਕਈ ਵਰ੍ਹੇ ਦੱਸਦੇ ਰਹੇ ਕਿ ਸਾਰੇ ਟੂਰਨਾਮੈਂਟ ਦੌਰਾਨ ਅਤਿਅੰਤ ਸ਼ਾਨਾਮਤੇ ਅੰਦਾਜ਼ ਵਿਚ ਖੇਡਦੇ ਰਹਿਣ ਪਿੱਛੋਂ ਰਾਬਰਟ ਬੈਜੀਓ ਨੂੰ ਉਸ ਦਿਨ ਸਿਖਰ 'ਤੇ ਜਾ ਕੇ ਅਸਫਲ ਹੁੰਦਿਆਂ ਤੱਕ ਕੇ ਉਨ੍ਹਾਂ ਨੂੰ ਉਸ ਤੇ ਰਹਿਮ ਆਇਆ ਸੀ। ਬੈਜੀਓ ਨੂੰ ਵੀ ਛੱਡੋ, ਮਹਾਨ ਬਰੇਸੀ ਨੂੰ ਵੀ ਛੱਡੋ – ਪਾਅਲੋ ਮਾਲਡੀਨੀ ਸਵੀਪਰ ਬੈਕ ਵਜੋਂ ਖੇਡਣ ਦੇ ਬਾਵਜੂਦ ਫੁੱਟਬਾਲ ਦੀ ਖੇਡ ਦੇ ਸੁਹੱਪਣ ਅਤੇ ਗਰੇਸ ਦਾ ਮੁਜੱਸਮਾ ਸੀ ਅਤੇ ਆਪਦੀ ਟੀਮ ਦੀ ਹਾਰ ਤੋਂ ਬਾਅਦ ਉਹ ਬੇਹੱਦ ਨਿਰਾਸ਼ ਖੜਾ ਸੀ; ਉਸਦੇ ਸਾਥੀ ਰੋ ਰਹੇ ਸਨ। ਪ੍ਰੰਤੂ ਅਸੀਂ ਖੁਸ਼ ਸਾਂ; ਇਕ ਦੂਸਰੇ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਸਨ। ਬਰਾਜ਼ੀਲ ਨੂੰ ਸੋਨ ਤਮਗਾ ਚੁੱਕਦਿਆਂ ਤੱਕਣ ਦੀ ਤਾਂਘ ਹਾਵੀ ਏਨੀ ਸੀ ਕਿ ਸਾਨੂੰ ਹੋਰ ਕੁੱਝ ਸੁੱਝ ਹੀ ਨਹੀਂ ਰਿਹਾ ਸੀ; ਨਜ਼ਰ ਆਉਂਦਾ ਹੀ ਨਹੀਂ ਸੀ। ਫਰਾਂਕੋ ਬਰੇਸੀ, ਮਾਲਡੀਨੀ ਜਾਂ ਪਾਅਲੋ ਰੋਮੀ ਦੀ ਉਨ੍ਹਾਂ ਪਲਾਂ 'ਚ ਕੌਣ ਪ੍ਰਵਾਹ ਕਰਦਾ ਸੀ।

ਸੋ ਸਵਾਲ ਹੈ ਕਿ ਫੁੱਟਬਾਲ ਦੀ ਖੇਡ ਜੇਕਰ ਆਪਣੇ ਆਪ ਵਿਚ ਏਨੀ ਹੀ ਸੁੰਦਰ ਹੈ ਤਾਂ ਇਕ ਧਿਰ ਭਿਆਨਕ ਤਰਾਸ ਅਤੇ ਦੂਸਰੀ ਧਿਰ ਨੂੰ ਅੰਤਾਂ ਦੇ ਹੁਲਾਸ ਦਾ ਅਹਿਸਾਸ ਕਿਉਂ ਹੋ ਰਿਹਾ ਸੀ। ਇਹ ਲਿਖਦਿਆਂ ਮੇਰਾ ਜੀਅ ਕਰਦਾ ਹੈ ਕਿ ਬਰਾਜ਼ੀਲ ਦੀ ਜਿੱਤ ਲਈ ਅਜਿਹੀ ਅਣਮਿਆਉਂਦੀ ਤਾਂਘ ਦਾ ਆਪਣੇ ਪਾਠਕਾਂ ਨੂੰ ਕੋਈ ਨਾ ਕੋਈ ਰੈਸ਼ਨੇਲ ਦੇਣ ਦੀ ਕੋਸ਼ਿਸ਼ ਤਾਂ ਕਰੀ ਜਾਵੇ! – ਪਹਿਲੀ ਗੱਲ ਤਾਂ ਸ਼ਾਇਦ ਇਹ ਕਹੀ ਜਾ ਸਕਦੀ ਹੈ ਕਿ ਸਾਲ 1982 'ਚ ਵਿਸ਼ਵ ਕੱਪ ਇਟਲੀ ਨੇ ਚੁੱਕਿਆ ਪ੍ਰੰਤੂ ਸੌਕਰੇਟਸ ਦੀ ਅਗਵਾਈ ਹੇਠਲੀ ਬਰਾਜ਼ੀਲ ਟੀਮ ਸਾਡੀ ਜਾਣਕਾਰੀ ਅਨੁਸਾਰ ਉਦੋਂ ਕਿਤੇ ਵੱਧ ਬੇਹਤਰ ਸੀ। ਦੂਸਰੀ ਗੱਲ ਸਾਲ 1980 ਦੇ ਵਿਸ਼ਵ ਕੱਪ ਦਾ ਬਰਾਜ਼ੀਲ ਅਤੇ ਮਾਈਕਲ ਪਲਾਟੀਨੀ ਦੀ ਅਗਵਾਈ ਹੇਠਲੀ ਫਰਾਂਸੀਸੀ ਟੀਮ ਦਾ ਕਵਾਟਰ ਫਾਈਨਲ ਅਸੀਂ ਖੁਦ ਵੇਖਿਆ ਸੀ। ਸਾਡੀ 'ਪ੍ਰਸੈਪਸ਼ਨ' ਅਨੁਸਾਰ ਬਰਾਜ਼ੀਲ ਦੀ ਉਸ ਮੈਚ ਵਿਚ ਹਾਰ ਬੇਹਤਰ ਖੇਡ ਨਹੀਂ ਬਲਕਿ ਇਤਿਫਾਕ ਦੇ ਮਜ਼ਾਕ ਦਾ ਸਿੱਟਾ ਸੀ। ਉਸ ਤੋਂ ਬਾਅਦ ਸਾਲ 1990 ਦੇ ਇਟਲੀ ਵਿਚ ਹੋਏ ਵਿਸ਼ਵ ਕੱਪ ਪ੍ਰੀ ਕਵਾਟਰ ਫਾਈਨਲ ਵਿਚ ਮਾਰਾਡੋਨਾ ਦੀ ਅਗਵਾਈ ਹੇਠਲੀ ਅਰਜਨਟਾਈਨਾ ਤੋਂ ਵੀ ਹਾਰੇ ਨਹੀਂ ਸਨ ਬਲਕਿ ਇਕ ਤਰ੍ਹਾਂ ਨਾਲ 'ਠੱਗੇ' ਗਏ ਸਨ। ਉਸ ਮੈਚ ਦੌਰਾਨ ਮਾਰਾਡੋਨਾ ਦੇ ਪਾਸ 'ਤੇ ਕਨਿਗੀਆ ਨੇ ਇਕੋ ਇਕ ਗੋਲ ਜੋ ਕੀਤਾ ਸੀ ਉਹ ਚਮਤਕਾਰੀ ਸੀ। ਪ੍ਰੰਤੂ ਉਸ ਮੈਚ ਵਿਚ ਬਰਾਜ਼ੀਲੀਅਨ ਟੀਮ ਲਗਾਤਾਰ ਹਾਵੀ ਰਹੀ ਸੀ। ਕਰੇਕਾਂ, ਆਲੇਮਾਓ, ਡੁੰਗਾ, ਬਰਾਂਕੋ – ਉਨ੍ਹਾਂ ਦੇ ਉਨ ਵਕਤਾਂ ਦੇ ਸਾਰੇ ਨਾਮੀ ਖਿਡਾਰੀਆਂ ਨੇ ਬਹੁਤ ਹੀ ਬੇਹਤਰੀਨ ਖੇਡ ਦਾ ਪ੍ਰਦਰਸ਼ਨ ਕੀਤਾ ਸੀ – ਪ੍ਰੰਤੂ ਸਾਲ 1982 ਅਤੇ 86 ਵਾਂਗੂ ਹੀ ਉਨ੍ਹਾਂ ਨੂੰ ਸੋਨ ਮੈਡਲ ਦੀ ਦੌੜ ਵਿਚੋਂ ਬਾਹਰ ਹੋਣਾ ਪਿਆ ਸੀ। ਸੋ ਸਾਲ 1994 'ਚ ਕਪਤਾਨ ਬਰੇਸੀ, ਮਾਲਡੀਨੀ ਅਤੇ ਬੈਜੀਓ ਵਿਰੁੱਧ ਫਾਈਨਲ ਮੁਕਾਬਲੇ ਵਿਚ ਉਤਰੇ ਰੋਮਾਰੀਓ ਅਤੇ ਬੀਬੀਟੋ ਵਰਗੇ ਖਿਡਾਰੀ ਤਾਂ ਕਮਾਲ ਦੇ ਸਨ। – ਕੋਈ ਰੌਲਾ ਨਹੀਂ ਸੀ। ਸਾਨੂੰ ਉਹ ਪੇਲੇ, ਸੌਕਰੇਟਸ ਅਤੇ ਜ਼ੀਕੋ ਦੇ ਸਹੀ ਵਾਰਸ ਵੀ ਨਜ਼ਰ ਆ ਰਹੇ ਸਨ ਜੋ ਵਿਸ਼ਵ ਕੱਪ ਜਿੱਤ ਕੇ ਕਰੋੜਾਂ ਬਰਾਜ਼ੀਲੀਅਨ ਲੋਕਾਂ; ਸਾਡੇ ਵਰਗੇ ਆਪਦੇ ਪ੍ਰਸ਼ੰਸਕਾਂ ਨੂੰ ਖੁਸ਼ ਤਾਂ ਕਰ ਹੀ ਰਹੇ ਸਨ ਆਪਣੇ ਪੂਰਬਲੇ ਮਹਾਨ ਖਿਡਾਰੀਆਂ ਦੀਆਂ ਉਨ੍ਹਾਂ ਹਾਰਾਂ ਦਾ ਬਦਲਾ ਵੀ ਚੁਕਾ ਰਹੇ ਸਨ।

ਲਾਲੀ ਬਾਬਾ ਜੀ ਉਸ ਦਿਨ ਜ਼ਿੰਦਗੀ 'ਚ ਸ਼ਾਇਦ ਪਹਿਲੀ ਵਾਰ ਹਤਾਸ਼ ਕਿਉਂ ਸਨ; ਸਾਡੇ ਵਾਂਗੂ ਹੀ ਬੇਹੱਦ ਨਿਰਾਸ਼ ਕਿਉਂ ਸਨ – ਇਸਦਾ ਰੈਸ਼ਨੇਲ ਦੇਣ ਦੀ ਅਸੀਂ ਕੋਸ਼ਿਸ਼ ਤਾਂ ਕੀਤੀ ਹੈ ਪ੍ਰੰਤੂ ਇਹ ਅਧੂਰਾ ਹੈ; ਕਮਜ਼ੋਰ ਹੈ; ਠੀਕ ਬਿਲਕੁਲ ਸ਼ਾਇਦ ਨਹੀਂ ਹੈ। ਸਵਾਲ ਉਹੋ ਪੁਰਾਣਾ ਹੈ – ਧਿਰ ਬਣੇ ਬਿਨਾ ਸਹਿਜ ਨਾਲ ਸਹੀ ਰਾਏ ਬੰਦੇ ਵਲੋਂ ਆਖ਼ਰ ਦਿੱਤੀ ਜਾ

ਸਕਦੀ ਕਿਉਂ ਨਹੀਂ ਹੈ? ਸ਼ਾਇਦ 'ਦਿਲ ਹੀ ਤੋ ਹੈ ਨਾ ਸੰਗੋ ਖਸ਼ਤ, ਦਰਦ ਸੇ ਭਰ ਨਾ ਆਏ ਕਿਓਂ' ਵਾਲੀ ਗੱਲ ਹੈ ਵਰਨਾ ਆਖ਼ਰ ਇਨਸਾਨ ਕੋਲੋਂ ਜ਼ਿੰਦਗੀ, ਮੁਹੱਬਤ ਜਾਂ ਫੁੱਟਬਾਲ ਦੀ ਖੇਡ ਵਿਚ ਹਾਰ ਨਿਰਲੇਪ ਰਹਿੰਦਿਆਂ; ਕਾਦਰ ਦਾ ਭਾਣਾ ਮੰਨਦਿਆਂ ਵੇਖੀ ਕਿਉਂ ਨਹੀਂ ਜਾਂਦੀ।

ਚਿੱਲੀ ਅਤੇ ਅਰਜਨਟਈਨਾ ਟੀਮਾਂ ਵਿਚਾਲੇ ਫਾਈਨਲ ਮੈਚ ਦੌਰਾਨ ਲਿਉਨਿਲ ਮੈਸੀ ਅਤੇ ਅੰਖਿਲ ਦਾ ਮਾਰੀਆ ਦੀ ਉਦਾਸੀ ਅਤੇ ਹਾਰ ਦੀ ਯਾਦ ਸਾਨੂੰ ਅੱਜ ਤੱਕ ਵੀ ਉਦਾਸ ਕਿਉਂ ਕਰ ਰਹੀ ਹੈ, ਅਤੇ ਸਾਡੇ ਸਾਥੀਆਂ ਕੋਲੋਂ ਇਹ ਹਕੀਕਤ ਸਵੀਕਾਰ ਕਿਉਂ ਨਹੀਂ ਕੀਤੀ ਜਾ ਰਹੀ ਕਿ ਸੰਚੇਜ਼ ਅਤੇ ਵਾਆਸ ਵੀ ਓਨੇ ਹੀ ਵੱਡੇ ਖਿਡਾਰੀ ਸਨ। ਉਨ੍ਹਾਂ ਦਾ ਵੀ ਓਨਾ ਹੀ ਹੱਕ ਸੀ ਅਤੇ ਉਸ ਦਿਨ ਉਹ ਖੇਡੇ ਵੀ ਬੇਹਤਰ ਸਨ।

ਆਪਦੀ ਰਿਪੋਰਟ ਦੇ ਅਖੀਰ ਵਿਚ ਫੁੱਟਬਾਲ ਦੀ ਖੇਡ ਦੀ ਅਸੀਮ ਸੁੰਦਰਤਾ ਅਤੇ ਆਕਰਸ਼ਨ ਦੇ ਰਹੱਸ ਬਾਰੇ 'ਫੁੱਟਬਾਲ ਇਨ ਸੰਨ ਐਂਡ ਸ਼ੈਡੋ' ਸਿਰਲੇਖ ਹੇਠਲੀ ਚਰਚਿਤ ਪੁਸਤਕ ਦੇ ਲਿਖਾਰੀ, ਯੁਰੂਗੁਏ ਦੇ ਜੰਮਪਲ ਅਤੇ ਲਤੀਨੀ ਅਮਰੀਕਾ ਦੇ ਮਹਾਨ ਖੱਬੇ ਪੱਖੀ ਚਿੰਤਕ/ਇਤਿਹਾਸਕਾਰ ਐਡੂਆਰਦੋ ਗਲੇਆਨੋ ਵੱਲ ਆਉਂਦੇ ਹਾਂ ਕਿ ਭਲਾਂ ਉਹ ਕੀ ਆਂਹਦਾ ਹੈ।

ਗਲੇਆਨੋ ਪੇਲੇ ਦਾ ਪ੍ਰਸ਼ੰਸਕ ਹੈ, ਮਿੱਤਰ ਹੈ ਅਤੇ ਹਮ ਉਮਰ ਵੀ ਹੈ। ਪੇਲੇ ਵਾਂਗੂ ਹੀ ਉਹ ਵੀ 9 ਵਰਿਆਂ ਦਾ ਹੈ। ਸਾਲ 1950 ਦੇ ਵਿਸ਼ਵ ਕੱਪ ਫਾਈਨਲ ਵਿਚ ਉਸਦੇ ਆਪਣੇ ਦੇਸ਼ ਯੁਰੂਗੁਏ ਅਤੇ ਬਰਾਜ਼ੀਲ ਦੀਆਂ ਟੀਮਾਂ ਵਿਚਾਲੇ ਮੁਕਾਬਲਾ ਚੱਲ ਰਿਹਾ ਹੈ। ਉਸਦੇ ਦੱਸਣ ਜਾਂ ਲਿਖਣ ਅਨੁਸਾਰ "ਆਪਣੇ ਸਮੂਹ ਦੇਸ਼ ਵਾਸੀਆਂ ਵਾਂਗੂ ਮੈਂ ਵੀ ਆਪਣੇ ਮਾਂ ਬਾਪ ਨਾਲ ਜੁੜਿਆ ਆਪਦੇ ਰੇਡੀਓ ਕੁਮੈਂਟੇਟਰ ਕਾਰਲੋਸ ਸੋਲੇ ਦੀ ਕੰਬਦੀ ਅਵਾਜ਼ ਵਿਚ ਬਰਾਜ਼ੀਲ ਦੀ ਟੀਮ ਦੇ ਗੋਲ ਦੀ ਖ਼ਬਰ ਸੁਣੀ । ਸੁਣਦੇ ਸਾਰ ਮੇਰਾ ਦਿਲ ਡੁੱਬ ਜਾਂਦਾ ਹੈ। ਮੇਰਾ ਧਿਆਨ ਆਪਣੇ ਸਭ ਤੋਂ ਸਰਬ ਸ਼ਕਤੀਮਾਨ ਮਿੱਤਰ ਵੱਲ ਜਾਂਦਾ ਹੈ। ਉਸ ਪਲ ਮੈਂ ਮਨੋ ਮਨੀ ਕੋਈ ਵੀ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਅਰਦਾਸ ਕਰਦਾ ਹਾਂ ਬਸ਼ਰਤੇ ਕਿ ਰੱਬ ਸੱਚਾ ਸਾਡੀ ਟੀਮ ਲਈ ਸਿੱਧੀਆਂ ਬਾਜੀਆਂ ਪਾ ਦੇਵੇ।"

ਗਲੇਆਨੋ ਸਪੱਸ਼ਟ ਕਰਦਾ ਹੈ ਕਿ ਯੁਰੂਗੁਏ ਦੀਆਂ ਬਾਜੀਆਂ ਸਿੱਧੀਆਂ ਪਈਆਂ ਅਤੇ ਉਹ ਕਿਸੇ ਗੈਬੀ ਤਾਕਤ ਨੇ ਨਹੀਂ ਬਲਕਿ ਹੱਡ-ਮਾਸ ਦੇ ਖਿਡਾਰੀ, ਟੀਮ ਦੇ ਧੁਰੇ ਵੱਜੋਂ ਖੇਡ ਰਹੇ ਕਪਤਾਨ ਉਯਦੂਲੀਓ ਵਰੇਲਾ ਦੀ ਦ੍ਰਿੜਤਾ ਅਤੇ ਆਪਣੇ ਸਾਥੀ ਖਿਡਾਰੀਆਂ ਲਈ ਪ੍ਰੇਰਨਾ ਨੇ ਪਾਈਆਂ। ਅੱਗੋਂ ਉਨ ਉਸੇ ਤਰ੍ਹਾਂ ਉਸ ਕ੍ਰਿਸ਼ਮਈ ਖਿਡਾਰੀ ਦੀ ਨਿਮਰਤਾ ਅਤੇ ਸਮਰੱਥਾ ਦੀ ਸਿਫਤ ਸਲਾਹ ਕਰੀ ਹੋਈ ਹੈ ਹੈ ਜਿਸ ਤਰ੍ਹਾਂ ਕਿ ਪੇਲੇ ਉਸੇ ਮੈਚ ਵਿਚ ਖੇਡਣ ਵਾਲੀ ਆਪਣੇ ਦੇਸ਼ ਦੀ ਟੀਮ ਦੇ ਆਦੇਮੀਰ ਨਾਂ ਦੇ ਕੇਂਦਰੀ ਖਿਡਾਰੀ ਦੀ ਕਰਦਾ ਹੈ।

ਬਰੇਲਾ ਦੀ ਉਮਰ ਸਾਲ 1950 ਦੇ ਵਿਸ਼ਵ ਕੱਪ ਮੌਕੇ 34 ਸਾਲ ਸੀ ਅਤੇ ਉਹ ਆਪ ਦੀ ਖੇਡ ਕਲਾ ਦੇ ਸਿਖਰ 'ਤੇ ਸੀ। ਪੇਲੇ ਨੇ 1970 ਵਿੱਚ 29 ਵਰ੍ਹਿਆਂ ਦੀ ਉਮਰੇ ਵਿਸ਼ਵ ਕੱਪ ਜਿੱਤਣ ਪਿੱਛੋਂ ਆਪਣੇ ਦੇਸ਼ ਦੀ ਕੌਮੀ ਟੀਮ ਤੋਂ ਸੰਨਿਆਸ ਲੈ ਲਿਆ ਸੀ। ਪ੍ਰੰਤੂ ਮਹਾਨ ਬਰੇਲਾ ਨੇ 4 ਸਾਲ ਬਾਅਦ 1954 ਦੇ ਵਿਸ਼ਵ ਕੱਪ ਦੌਰਾਨ ਵੀ ਆਪਣੇ ਦੇਸ਼ ਦੀ ਟੀਮ ਦੀ ਅਗਵਾਈ ਕੀਤੀ ਅਤੇ ਨਵੀਆਂ ਦੰਤ ਕਥਾਵਾਂ ਦੀ ਸਿਰਜਣਾ ਵੀ ਕੀਤੀ। ਉਸਦੀ ਟੀਮ ਨੇ ਲੀਗ ਵਿਚ ਸਕਾਟਲੈਂਡ ਨੂੰ ਸਿਫਰ ਦੇ ਮੁਕਾਬਲੇ 7 ਗੋਲਾਂ ਨਾਲ ਹਰਾਇਆ। ਟੂਰਨਾਮੈਂਟ ਦੇ ਕਵਾਟਰ ਫਾਈਨਲ ਗੇੜ ਵਿਚ ਉਹ ਇੰਗਲੈਂਡ ਦੀ ਸ਼ਕਤੀਸ਼ਾਲੀ ਟੀਮ ਉਪਰ 2 ਦੇ ਮੁਕਾਬਲੇ 4 ਗੋਲਾਂ ਨਾਲ ਜੇਤੂ ਰਹੇ। ਪ੍ਰੰਤੂ ਇਸੇ ਮੈਚ ਦੌਰਾਨ ਬਦਕਿਸਮਤੀ ਵਸ ਉਬਦੂਲੀਓ ਬਰੇਲਾ ਨੂੰ ਗੰਭੀਰ ਸੱਟ ਲੱਗ ਗਈ।

ਸੈਮੀ ਫਾਈਨਲ ਮੈਚ ਯੁਰੂਗੁਏ ਦਾ ਹੰਗਰੀ ਦੀ ਦੰਤਕਥਾਈ ਟੀਮ ਨਾਲ ਪਿਆ ਜਿਸ ਵਿਚ ਬਰੇਲਾ ਹਾਜ਼ਰ ਨਹੀਂ ਸੀ। ਉਹ ਟੀਮ ਅਖੀਰੀ ਹਾਰ ਤਾਂ ਗਈ ਪ੍ਰੰਤੂ ਖੇਡ ਦਾ ਆਮ 90 ਮਿੰਟ ਦਾ ਸਮਾਂ ਉਨ੍ਹਾਂ ਨੇ ਹੰਗੇਰੀਅਨਾਂ ਨੂੰ 2-2 ਗੋਲਾਂ ਦੀ ਬਰਾਬਰੀ ਤੇ ਰੋਕੀ ਰਖਿਆ।

ਯਾਦ ਰਹੇ ਕਿ ਸਾਲ 1970 ਵਿਸ਼ਵ ਕੱਪ ਵਿਜੇਤਾ ਬਰਾਜ਼ੀਲੀਅਨ ਟੀਮ, ਸਾਲ 1974 ਵਾਲੀ ਜੋਹਾਨ ਕਰੂਫ ਦੀ ਅਗਵਾਈ ਹੇਠਲੀ ਹਾਲੈਂਡ ਦੀ ਟੀਮ, 1986 'ਚ ਮਾਰਾਡੋਨਾ ਦੀ ਅਗਵਾਈ ਹੇਠਲੀ ਅਰਜਨਟੀਨੀਅਨ ਜਾਂ ਸਾਲ 2010 ਦੀ ਵਿਸ਼ਵ ਕੱਪ ਵਿਜੇਤਾ ਸਪੇਨੀ ਟੀਮਾਂ 'ਚੋਂ ਸ਼ਾਇਦ ਕੋਈ ਵੀ ਸਦੀ ਦੀ ਸਭ ਤੋਂ ਮਹਾਨ ਟੀਮ ਨਹੀਂ ਸੀ – ਸਦੀ ਦੀ ਮਹਾਨ ਟੀਮ ਸਾਲ 1954 ਦੇ ਵਿਸ਼ਵ ਕੱਪ ਫਾਈਨਲ ਮੈਚ ਵਿਚ ਜਰਮਨਾਂ ਹੱਥੋਂ ਹਾਰਨ ਵਾਲੀ ਮਹਾਨ ਪੁਕਾਸ ਦੀ ਅਗਵਾਈ ਹੇਠਲੀ ਹੰਗੇਰੀਅਨ ਟੀਮ ਸੀ ਜਿਸ ਵਿਰੁੱਧ ਖੇਡਦਿਆਂ ਵਰੇਲਾ ਦੀ ਗੈਰਹਾਜ਼ਰੀ ਦੇ ਬਾਵਜੂਦ ਉਸਦੀ ਪ੍ਰੇਰਨਾ ਨਾਲ ਉਸਦੇ ਸਾਥੀ ਖਿਡਾਰੀਆਂ ਨੇ ਪੂਰੇ 90 ਮਿੰਟ ਮੈਚ ਬਰਾਬਰ ਰੱਖਿਆ।

ਅੰਤਿਕਾ: ਆਪਣੇ ਇਸ 'ਲੇਖ' ਰਾਹੀਂ ਅਸੀਂ ਕੋਪਾ-ਅਮੈਰਿਕਾ ਫੁੱਟਬਾਲ ਦੇ ਅਰਜਨਟਾਈਨਾ ਅਤੇ ਚਿੱਲੀ ਵਿਚਾਲੇ ਖੇਡੇ ਗਏ ਬਹੁਤ ਹੀ ਸੰਘਰਸ਼ਪੂਰਨ ਅਤੇ ਆਕਰਸ਼ਕ ਫਾਈਨਲ ਮੁਕਾਬਲੇ ਦੌਰਾਨ ਲਿਓਨਲ ਮੈਸੀ ਦੀ ਟੀਮ ਨੂੰ ਸਾਰਾ ਜ਼ੋਰ ਲਗਾ ਕੇ ਖੇਡਣ ਦੇ ਬਾਵਜੂਦ ਹਾਰਦਿਆਂ ਵੇਖਣ ਤੋਂ ਬਾਅਦ ਦੇ ਪਲਾਂ ਦੌਰਾਨ ਆਪਦੀ ਅਤੇ ਆਪਣੇ ਮਿੱਤਰਾਂ ਦੀ ਮਾਯੂਸੀ ਅਤੇ

ਫੁੱਟਬਾਲ ਦੀ ਖੇਡ ਨਾਲ ਜੁੜੀਆਂ ਅਜਿਹੀਆਂ ਹੀ ਆਪ ਦੀਆਂ ਕੁਝ ਹੋਰ ਯਾਦਾਂ ਨੂੰ ਚਿਤਾਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਕਿਸਮ ਦੀਆਂ ਸਿਮਰਤੀਆਂ ਮਨ ਅੰਦਰ ਅਜੇ ਤਾਜ਼ਾ ਹੀ ਸਨ ਕਿ ਯੂਰੋ ਫੁੱਟਬਾਲ ਕੱਪ ਦੇ ਫਾਈਨਲ ਵਿਚ ਲਗਪਗ ਸਾਰੇ ਸਿਰੇ ਦੇ ਹਾਤਮ ਖਿਡਾਰੀਆਂ ਨਾਲ ਲੈੱਸ ਫਰਾਂਸੀਸੀ ਟੀਮ ਨੂੰ ਰੋਨਾਲਡੋ ਦੀ ਅਗਵਾਈ ਹੇਠਲੀ ਪੁਰਤਗਾਲ ਦੀ ਟੀਮ ਹੱਥੋਂ ਹਾਰਦਿਆਂ ਵੇਖਣ ਦਾ ਸਾਨੂੰ ਮੌਕਾ ਮਿਲਿਆ। ਪੁਰਤਗਾਲ ਦੀ ਟੀਮ ਵਿਚ ਮਹਾਨ ਯੂਸੈਬੀਓ ਜਾਂ ਫੀਗੋ ਵਾਲੀਆਂ ਟੀਮਾਂ ਵਾਲੀ ਲੈਅ ਬਿਲਕੁਲ ਨਹੀਂ ਸੀ ਅਤੇ ਉਹ ਬਹੁਤ ਮੁਸ਼ਕਿਲ ਨਾਲ ਫਾਈਨਲ ਤੱਕ ਅਪੜੀ ਸੀ। ਇਸ ਦੇ ਉਲਟ ਫਰਾਂਸੀਸੀ ਟੀਮ ਦੀ ਪ੍ਰੇਰਨਾ ਅਤੇ ਅਕੀਦਤ ਦਾ ਕੋਈ ਲੇਖਾ ਹੀ ਨਹੀਂ ਸੀ ਅਤੇ ਇਸਦਾ ਭਰਪੂਰ ਸਬੂਤ ਉਨ੍ਹਾਂ ਕਵਾਟਰ ਫਾਈਨਲ ਗੇੜ ਵਿਚ ਪਹਿਲਾਂ ਆਈਸਲੈਂਡ ਨੂੰ ਹਰਾ ਕੇ ਅਤੇ ਫਿਰ ਸੈਮੀ ਫਾਈਨਲ ਵਿਚ ਟੂਰਨਾਮੈਂਟ ਦੀ ਸਭ ਤੋਂ ਸੰਗਠਤ, ਜਰਮਨ ਟੀਮ ਨੂੰ ਚਿੱਤ ਕਰਕੇ ਬਾਖੂਬੀ ਦਿੱਤਾ ਹੋਇਆ ਸੀ। ਯਕੀਨਨ ਸੋਨ ਤਮਗੇ ਤੇ ਹੱਕ ਉਨ੍ਹਾਂ ਦੇ ਬਾਰੇ ਕੋਈ ਰੌਲਾ ਹੀ ਨਹੀਂ ਸੀ। ਪ੍ਰੰਤੂ ਅਸੀਂ ਫਾਈਨਲ ਮੈਚ ਬੈਠ ਕੇ ਨਹੀਂ ਬਲਕਿ ਲਗਪਗ ਸਾਰਾ ਸਮਾਂ ਖੜੇ ਹੋ ਕੇ ਅਤੇ ਸਾਹ ਰੋਕ ਕੇ ਬਸ ਇਸੇ ਇਕੋ ਆਸ ਨਾਲ ਵੇਖਿਆ ਕਿ ਫਰਾਂਸੀਸੀ ਕਿਧਰੇ ਜਿੱਤ ਨਾ ਜਾਣ। ਫਰਾਂਸੀਸੀ ਅਤੇ ਪੁਰਤਗਾਲ ਫੁੱਟਬਾਲ ਟੀਮਾਂ ਦੇ ਮੁਕਾਬਲਿਆਂ ਦੇ ਇਤਿਹਾਸ ਦੀ ਕਥਾ ਬੇਹੱਦ ਦਿਲਚਸਪ ਤੇ ਲੰਮੇਰੀ ਹੈ। ਉਸ ਵਿਚ ਅਸੀਂ ਨਹੀਂ ਜਾਣਾ। ਬਸ ਏਨਾ ਦਸ ਦਈਏ ਕਿ ਸਾਲ 2000 ਯੂਰੋ ਦੇ ਸੈਮੀ ਫਾਈਨਲ ਵਿਚ ਫੀਗੋ ਦੀ ਅਗਵਾਈ ਹੇਠਲੀ ਪੁਰਤਗੇਜ ਟੀਮ ਦਾ ਕੋਈ ਜਵਾਬ ਨਹੀਂ ਸੀ। ਉਹ ਰੈਫਰੀ ਵੱਲੋਂ ਵਿਵਾਦਜਨਕ ਢੰਗ ਨਾਲ ਦਿਤੀ ਗਈ ਪੈਨਲਟੀ ਨਾਲ ਜਦੋਂ ਹਾਰੇ ਸਨ ਤਾਂ ਫੀਗੋ ਦਾ ਕਹਿਰਾਂ ਦਾ ਅਕਰੋਸ਼ ਅਤੇ ਉਸਦੀ ਬੇਬਸੀ ਦੇ ਦ੍ਰਿਸ਼ ਕਦੀ ਵੀ ਸਾਨੂੰ ਭੁੱਲੇ ਨਾ। ਉਸ ਤੋਂ 6 ਵਰ੍ਹੇ ਬਾਅਦ ਜਰਮਨੀ ਵਿਚ ਹੋਏ ਵਿਸ਼ਵ ਕੱਪ ਦੇ ਸੈਮੀ ਫਾਈਨਲ ਵਿਚ ਫੀਗੋ ਅਤੇ ਉਸਦੇ ਸਾਥੀ ਜਿਨੇਡਨ ਜਿਡਾਨ ਦੀ ਅਗਵਾਈ ਹੇਠ ਖੇਡ ਰਹੇ ਫਰਾਂਸੀਸੀਆਂ ਨਾਲ ਹੀ ਜਦੋਂ ਟਕਰਾਏ ਤਾਂ ਕੇਰਾਂ ਮੁੜ ਜਿਨੇਡਨ ਜਿਡਾਨ ਦੀ ਸਫਲ ਪੈਨਲਟੀ ਨੇ ਹੀ ਉਨ੍ਹਾਂ ਨੂੰ ਮੁੜ ਜਿੱਤ ਤੋਂ ਵਾਂਝੇ ਰੱਖਿਆ। ਉਸ ਹਾਰ ਨੂੰ ਵੇਂਹਦਿਆਂ ਅਸੀਂ ਬੇਹੱਦ ਨਿਰਾਸ਼ ਸਾਂ ਅਤੇ ਅੱਗੇ ਤੋਂ ਫੁੱਟਬਾਲ ਮੈਚ ਵੇਖਣਾ ਹੀ ਛੱਡ ਦੇਣ ਵਰਗੀਆਂ ਭਾਵਨਾਵਾਂ ਲਈ ਬੈਠੇ ਸਾਂ, ਪ੍ਰੰਤੂ ਫੀਗੋ ਨਿਰਲੇਪ ਸੀ – ਉਸਦੀ ਕ੍ਰਿਸ਼ਮਈ ਅਗਵਾਈ ਹੇਠਲੀ ਪੁਰਤਗੇਜ਼ ਟੀਮ ਸਾਲ 2004 ਦੇ ਉਸਦੇ ਆਪਣੇ ਦੇਸ਼ ਅੰਦਰ ਹੋਏ ਫਾਈਨਲ ਮੈਚ ਦੇ ਸਾਰੇ ਸਮੇਂ ਦੌਰਾਨ ਲਗਾਤਾਰ ਹਾਵੀ ਰਹਿਣ ਦੇ ਬਾਵਜੂਦ ਸਨਸਨੀਖੇਜ਼ ਅੰਦਾਜ਼ ਵਿਚ ਜਿਵੇਂ ਹਾਰੇ ਸਨ, ਸ਼ਾਇਦ ਉਸ ਤੋਂ ਉਨ ਇਹ ਅਹਿਮ ਜਾਚ ਸਿਖ ਲਈ ਹੋਈ ਸੀ। ਮੈਚ ਤੋਂ ਬਾਅਦ ਆਪੋ ਆਪਣੀਆਂ ਟੀਮਾਂ ਦੇ ਕਪਤਾਨ ਅਤੇ ਮਹਾਨ ਖਿਡਾਰੀ ਫਗਿੋ ਅਤੇ ਜਿਡਾਨ ਫੁੱਟਬਾਲ ਮੈਦਾਨ ਵਿਚ ਖੜੇ ਜਰਸੀਆਂ ਵਟਾਉਂਦਿਆਂ ਇਕ ਦੂਸਰੇ ਦੇ ਗਲੇ ਲੱਗ ਕੇ ਜਿਵੇਂ ਮਿਲ ਰਹੇ ਸਨ ਤਾਂ ਉਹ ਭਰਤ ਮਿਲਾਪ ਵਰਗਾ ਮਾਰਮਿਕ ਦ੍ਰਿਸ਼ ਕਦੀ ਵੀ ਸਾਨੂੰ ਭੁੱਲਿਆ ਨਹੀਂ ਹੈ। ਪ੍ਰੰਤੂ ਉਸ ਦ੍ਰਿਸ਼ ਤੋਂ ਉਸ ਦਿਨ ਸਾਨੂੰ ਕੋਈ ਵੀ ਰਾਹਤ ਮਿਲੀ ਨਾ। ਸਾਡੀ ਅਤੇ ਸਾਡੇ ਮਿੱਤਰਾਂ ਦੀ ਤਸੱਲੀ ਪਿਛਲੇ ਦਿਨੀਂ ਆਖਰ ਪੁਰਤਗਾਲੀ ਟੀਮ ਦੀ ਫਰਾਂਸੀਸ਼ੀਆਂ ਉਪਰ ਜਿੱਤ ਤੋਂ ਪਿਛੋਂ ਹੀ ਹੋਈ।

ਫਿਰ ਵੀ ਸਾਡੀ ਇਹ ਸੀਮਾ ਹੈ। ਇਨਸਾਨ ਅੰਦਰ ਆਪ ਦੀਆਂ ਨਿਹਤ ਸੰਭਾਵਨਾਵਾਂ ਦੀ ਕਿਸੇ ਉਦਾਤ ਸਿਖਰ ਨੂੰ ਛੂਹ ਕੇ ਜਿਉਣ ਜਾਂ ਆਪਣੇ ਕਿਸੇ ਸਾਥੀ ਔਰਤ ਜਾਂ ਇਨਸਾਨ ਨੂੰ ਅਜਿਹਾ ਕ੍ਰਿਸ਼ਮਾ ਕਰਨ ਲਈ ਜੂਝਦਿਆਂ ਤੱਕਣ ਦੀ ਸਦੀਵੀ ਸਿੱਕ ਹੈ। ਫੁੱਟਬਾਲ, ਟੈਨਿਸ, ਸਤਰੰਜ ਸਭ ਆਕਰਸ਼ਕ ਖੇਡਾਂ – ਸੂਫ਼ੀਆਂ ਦੇ ਗੀਤ, ਮਹਾਨ ਸੰਗੀਤ, ਸੁਰਾਂ, ਕਾਵਿਕ ਦੋਸਤਾਨੇ ਜਾਂ ਅਜ਼ੀਮ ਮੁਹੱਬਤਾਂ ਆਦਮੀ ਦੀ ਇਸ ਰੂਹਾਨੀ ਸਿੱਕ ਦੇ ਪਰਤੌ ਹੀ ਤਾਂ ਹਨ। ਸਵਾਲ ਸਫਲਤਾਵਾਂ ਜਾਂ ਅਸਫਲਤਾਵਾਂ ਦਾ ਨਹੀਂ – ਸ਼ਿੱਦਤ ਦੀ ਪਾਕੀਜ਼ਗੀ ਦਾ ਹੈ। ਕਪਤਾਨ ਬਰੇਸੀ, ਲਿਉਨਲ ਮੈਸੀ, ਹੀਰ ਵਰਗੀ ਕਿਸੇ ਕੁੜੀ ਜਾਂ ਵਾਨਗਾਗ ਵਰਗੇ ਕਿਸੇ ਕਲਾਕਾਰ ਨੂੰ ਆਪੋ ਆਪਣੇ ਖੇਤਰ ਵਿਚ ਸੁਖਾਂਤ ਦੇ ਪਲਾਂ ਬਾਅਦ ਤਰਾਸਦੀਆਂ ਦੇ ਸ਼ਿਕਾਰ ਹੁੰਦਿਆਂ ਜਦੋਂ ਵੇਖੀਦਾ ਹੈ ਤਾਂ ਦਿਲ ਪਾਟਣ ਨੂੰ ਆਉਂਦਾ ਹੈ। ਅਹਿਮ ਗੱਲ ਇਹ ਹੈ ਕਿ ਪੀੜ ਦੀ ਅਚਾਨਕ ਦਿਲ ਅੰਦਰ ਛੁਰਾ ਖੁਭ ਜਾਣ ਦੀ ਹੁੰਦੀ ਹੈ ਜਾਂ ਕ੍ਰਿਪਾ ਨਿਧਾਨ ਜਿਹਾ ਪਵਿੱਤਰ ਸੁਖਧ ਅਹਿਸਾਸ ਕੋਈ। ਉਸ ਦਿਨ ਦੀ ਅਸਹਿ ਹਾਰ ਦੇ ਬਾਵਜੂਦ ਮੈਸੀ ਦੇ ਚਿਹਰੇ ਉਪਰ ਦਰਦ ਦੀ ਇੰਤਹਾ ਸੀ। ਦੁਨੀਆ ਭਰ ਵਿਚ ਉਸਦੇ ਕਰੋੜਾਂ ਪ੍ਰਸ਼ੰਸਕਾਂ ਸਮੇਤ ਸਾਡੇ ਸਭ ਮਿੱਤਰ ਸੁੰਨ ਹੋਏ ਬੈਠੇ ਸਨ। ਪ੍ਰੰਤੂ ਸਾਡੀ ਜਾਚੇ ਦਰਦ ਉਹ ਅਚਾਨਕ ਪਿੱਠ ਜਾਂ ਦਿਲ ਵਿਚ ਛੁਰਾ ਵੱਜਣ ਜਿਹਾ ਬਿਲਕੁਲ ਨਹੀਂ ਸੀ ਬਲਕਿ ਕੁਝ ਕੁਝ ਕ੍ਰਿਪਾ ਨਿਧਾਨ ਜਿਹਾ ਸੀ ਜੋ ਉਸਦੇ 'ਗੂੜ੍ਹੇ ਮਿੱਤਰ' ਕਲਾਡੀਓ ਬਰਾਵੋ ਨੇ ਅਰਜਨਟੀਨੀਅਨ ਖਿਡਾਰੀ ਲੂਕਸ ਬਿਗਲੀਆ ਦੀ ਫੈਸਲਾਕੁੰਨ ਪੈਨਲਟੀ ਕਿੱਕ ਰੋਕ ਕੇ ਉਸ ਉਪਰ ਕੀਤਾ ਸੀ। ਮਹਾਂ 'ਕਥਾਰਸਿਜ਼' ਵਰਗਾ ਸ਼ਾਂਤ ਅਹਿਸਾਸ ਤਾਂ ਹੌਲੀ ਹੌਲੀ, ਬਾਅਦ ਵਿਚ ਜਾ ਕੇ ਹੋਣਾ ਸ਼ੁਰੂ ਹੋਇਆ ਸੀ। ਇਸਦੇ ਉਲਟ ਯੂਰੋ ਕੱਪ ਦੇ ਫਾਈਨਲ ਵਿਚ ਰੋਨਾਲਡੋ ਦੀ ਜਿੱਤ ਨੇ ਸਾਨੂੰ ਖੁਸੀ ਅਤੇ ਮੌਕੇ ਤੇ ਤਸੱਲੀ ਦਿੱਤੀ ਪ੍ਰੰਤੂ ਉਥੇ ਵਿਸ਼ਵ ਕੱਪ ਜਾਂ ਕੋਪ-ਅਮਰੀਕਾ ਫਾਈਨਲ ਮੈਚਾਂ ਵਿਚ ਮੈਸੀ ਦੀ ਹਾਰ ਪਿਛੋਂ – ਸੋਹਣੀ ਦੇ ਝਨਾਂ ਅੰਦਰ ਰੁੜ੍ਹ ਜਾਣ ਜਿਹਾ ਕੋਈ ਉਦਾਤ ਨਜ਼ਾਰਾ ਨਹੀਂ ਸੀ; ਵੇਦਨਾ ਜਾਂ ਵਜਦ ਦੀ ਕੋਈ ਵੀ ਇੰਤਹਾ ਨਹੀਂ ਸੀ।

ਲਾਲੀ ਬਾਬਾ ਜੀ ਦਾ ਕਹਿਣਾ ਸੀ ਕਿ ਸਾਲ 1994 ਦੇ ਫਾਈਨਲ ਨੂੰ ਯਾਦਗਾਰੀ ਵੀ ਤਾਂ ਪਹਿਲਾਂ ਕਪਤਾਨ ਬਰੇਸੀ ਅਤੇ ਅਖੀਰ ਵਿਚ ਪਾਅਲੋ ਰੋਸੀ ਦੀ ਪੈਨਲਟੀ ਕਿੱਕਾਂ ਲੈਣ ਵਿਚ ਤਰਾਸਦਿਕ ਅਸਫਲਤਾ ਨੇ ਹੀ ਬਣਾਇਆ ਵਰਨਾ ਉਸ ਵਿਸ਼ਵ ਕੱਪ ਨੇ ਚੇਤਿਆਂ ਵਿਚ ਕਿਉਂ ਪੁੜ ਜਾਣਾ ਸੀ।

# ਸਤਾਲਿਨ ਦਾ ਲੈਨਿਨਵਾਦ

-ਤਸਕੀਨ



*"ਸਾਡੇ ਸਮੇਂ ਵਿਚ ਵਿਕਾਸ, ਕ੍ਰਮ-ਵਿਕਾਸ* (evolution), *ਦਾ ਵਿਚਾਰ ਸਮਾਜੀ ਚੇਤਨਤਾ ਵਿਚ ਲਗਭਗ ਪੂਰੀ ਤਰ੍ਹਾਂ ਘੁਸ ਗਿਆ ਹੈ, ਲੈਨਿਨ ਲਿਖਦਾ ਹੈ, ਸਿਰਫ ਹੋਰ ਢੰਗਾਂ ਸਦਕਾ ਅਤੇ ਹੀਗਲਵਾਦੀ ਦਰਸ਼ਨ ਰਾਹੀਂ ਤਾਂ ਬਿਲਕੁਲ ਨਹੀਂ। ਇਹਦੇ ਬਾਵਜੂਦ ਇਹ ਵਿਚਾਰ, ਜਿਹੜਾ ਮਾਰਕਸ ਅਤੇ ਏਂਗਲਜ਼ ਨੇ ਹੀਗਲ ਦੇ ਦਰਸ਼ਨ ਦੇ ਆਧਾਰ ਉੱਤੇ ਸੂਤਰਬੱਧ ਕੀਤਾ, ਕ੍ਰਮ-ਵਿਕਾਸ ਦੇ ਨਖਿਧ ਵਿਚਾਰ ਨਾਲੋਂ ਵਧੇਰੇ ਸਰਬ-ਵਿਆਪਕ ਅਤੇ ਤੱਤ ਵਿਚ ਵਧੇਰੇ ਭਰਪੂਰ ਹੈ।"* ਜੇ ਇਹਨਾਂ ਸਤਰਾਂ ਨੂੰ ਧਿਆਨ ਨਾਲ ਘੋਖਿਆ ਗਿਆ ਹੁੰਦਾ ਤਾਂ ਸੋਵੀਅਤ ਕਮਿਊਨਿਸਟ ਪਾਰਟੀ ਲੈਨਿਨ ਤੋਂ ਬਾਅਦ ਕਿਸੇ ਹੋਰ ਇਤਿਹਾਸ 'ਚੋਂ ਲੰਘਦੀ, ਜੋ ਇਤਿਹਾਸ ਘਟਿਤ ਹੋ ਚੁੱਕਾ ਹੈ, ਉਸ ਵਿਚੋਂ ਨਹੀਂ। 'ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਦਾ ਇਤਿਹਾਸ' ਪੜ੍ਹਦਿਆਂ ਅਜਿਹਾ ਹੀ ਮਹਿਸੂਸ ਹੁੰਦਾ ਹੈ ਕਿ ਲੈਨਿਨ ਦੇ ਮਾਰਕਸਵਾਦ ਨੂੰ ਲੈਨਿਨਵਾਦੀ ਪੁੱਠ ਲੈਨਿਨ ਨੇ ਨਹੀਂ, ਸਗੋਂ 'ਲੈਨਿਨਵਾਦ' ਸਤਾਲਿਨ ਦਾ ਆਪਣੇ ਅਨੁਸਾਰੀ ਸੋਵੀਅਤ ਸਮਾਜ/ਸੱਤਾ ਨੂੰ ਢਾਲਣ ਦਾ ਇਕ 'ਕਰਤਬੀ ਹੁਨਰ' ਸੀ ਜਿਸ ਨਾਲ ਪਾਰਟੀ ਵਿਚਲੇ ਵਿਰੋਧੀ ਮਾਰਕਸਵਾਦੀਆਂ ਜਾਂ ਲੈਨਿਨ ਦੇ ਵਿਚਾਰਾਂ ਵਰਗੇ ਵਿਰੋਧੀਆਂ ਨੂੰ ਚਿੱਤ ਕੀਤਾ ਜਾ ਸਕਦਾ ਸੀ। ਲੈਨਿਨ ਨੂੰ ਪੜ੍ਹਦਿਆਂ ਕਿਤੇ ਵੀ ਮਾਰਕਸਵਾਦ ਤੋਂ ਭਿੰਨਤਾ ਨਜ਼ਰ ਨਹੀਂ ਆਉਂਦੀ, ਵਿਰੋਧ-ਵਿਕਾਸੀ ਪਦਾਰਥਵਾਦ ਬਾਰੇ ਤਾਂ ਬਿਲਕੁਲ ਨਹੀਂ, ਮਗਰ ਸਤਾਲਿਨ ਦੇ 'ਵਿਰੋਧ-ਵਿਕਾਸੀ ਅਤੇ ਇਤਿਹਾਸਕ ਪਦਾਰਥਵਾਦ' ਦੇ ਨਕਸ਼ਾਂ 'ਚ ਨਾ ਲੈਨਿਨੀ ਰੰਗ ਹੈ ਅਤੇ ਨਾ ਮਾਰਕਸਵਾਦੀ। ਉੱਪਰ ਲੈਨਿਨ ਜਿਸ "ਕ੍ਰਮ-ਵਿਕਾਸ" ਨੂੰ ਨਿਰਾਰਥਿਕ ਕਹਿ ਕੇ ਰੱਦ ਕਰ ਰਿਹਾ ਹੈ, ਸਤਾਲਿਨ ਦੇ ਲੈਨਿਨਵਾਦ ਨੇ ਉਸੇ ਦਾ ਪ੍ਰਚਾਰ ਕਰਦਿਆਂ ਹੀਗਲ, ਮਾਰਕਸ ਅਤੇ ਲੈਨਿਨ ਦੇ ਵਿਰੋਧ-ਵਿਕਾਸ ਦੀ ਅਸਲੀ ਗੁਲ਼ੀ 'ਨਿਖੇਧ ਦੇ ਨਿਖੇਧ' ਨੂੰ 'ਗੋਦ' ਲੈਣ ਤੋਂ ਇਨਕਾਰ ਕਰ ਦਿੱਤਾ। 'ਨਿਖੇਧ ਦੇ ਨਿਖੇਧ' ਤੋਂ ਸੱਖਣਾ ਵਿਰੋਧ ਵਿਕਾਸ ਅਜਿਹੀ ਮਕਾਨਕੀ ਰੰਗਤ ਹੈ ਜੋ ਪਾਰਟੀ ਦੀ 'ਸਿੰਜਾਈ' ਨਾਲ ਹੀ

ਵਧ ਫੁੱਲ ਸਕਦੀ ਹੈ ਅਤੇ 'ਭਰਪੂਰ ਝਾੜ' ਦੇ ਸਕਦੀ ਹੈ। ਇਹ ਹੀਗਲ, ਮਾਰਕਸ ਅਤੇ ਲੈਨਿਨ ਦੇ ਪ੍ਰਕਿਰਤਕ ਅਮਲ ਵਿਚ ਪਾਈ ਗਈ ਸਤਾਲਿਨਵਾਦੀ ਖੋਟ ਹੈ ਅਤੇ ਅਜਿਹਾ ਹੀ ਕਾਊਟਸਕੀ ਵੀ ਧੜੱਲੇ ਨਾਲ ਕਰਦਾ ਹੈ। ਸਤਾਲਿਨ ਦਾ 'ਵਿਰੋਧ-ਵਿਕਾਸੀ ਅਤੇ ਇਤਿਹਾਸਕ ਪਦਾਰਥਵਾਦ' ਚੇਤਨਾ ਮੁਕਤ ਇਤਿਹਾਸਵਾਦ ਹੈ, ਮਗਰ ਮਾਰਕਸਵਾਦੀ ਸਿਧਾਂਤਕ ਪੱਧਤੀ 'ਚ ਮਾਰਕਸਵਾਦ ਅਤੇ ਇਤਿਹਾਸ 'ਚ ਕੀ ਕੋਈ ਅੰਤਰ ਹੈ? 'ਵਿਸ਼ਵ ਇਤਿਹਾਸ ਆਜ਼ਾਦ ਹੋਣ ਦੀ ਚੇਤਨਤਾ 'ਚ ਪ੍ਰਗਤੀ ਹੈ, ਹੀਗਲ ਕਹਿੰਦਾ ਹੈ, ਪ੍ਰਗਤੀ ਜੀਹਨੂੰ ਅਸੀਂ ਇਹਦੀਆਂ ਲਾਜ਼ਮੀ ਜ਼ਰੂਰਤਾਂ ਚੋਂ ਜ਼ਰੂਰੀ ਸਮਝੀਏ।' ਲੈਨਿਨ ਦੇ ਜਿਉਂਦੇ ਕੋਈ ਲੈਨਿਨਵਾਦ ਨਹੀਂ ਸੀ, ਸਾਰੇ ਲੈਨਿਨਵਾਦ ਲੈਨਿਨ ਦੀ ਜਨਵਰੀ 1924 'ਚ ਮੌਤ ਤੋਂ ਬਾਅਦ ਪ੍ਰਗਟ ਹੋਏ, ਜਿਸ 'ਚ ਸਭ ਤੋਂ ਪਹਿਲਾ ਲੈਨਿਨਵਾਦ 1924 'ਚ ਹੀ ਸਤਾਲਿਨ ਦੁਆਰਾ ਭਾਸ਼ਨਾਂ ਦੇ ਰੂਪ 'ਚ ਪ੍ਰਗਟ ਹੋਇਆ, ਜਿਸ ਦਾ ਨਾਮ ਸੀ 'ਲੈਨਿਨਵਾਦ ਦੀਆਂ ਨੀਹਾਂ' ਅਤੇ ਇਹਨਾਂ ਨੀਹਾਂ 'ਤੇ ਸਤਾਲਿਨ ਦੀ ਪਾਰਟੀ ਰਹਿਨੁਮਾਈ ਨੇ 1928 ਤੱਕ ਇਕ ਐਸਾ ਵਿਚਾਰਧਾਰਕ ਕਿਲ੍ਹਾ ਉਸਾਰ ਲਿਆ ਜਿਸਦੇ ਅੰਦਰ ਬਾਹਰ ਆਜ਼ਾਦ ਵਿਚਾਰਾਂ ਦੀ ਪ੍ਰਗਤੀ ਨੂੰ ਵਿਰੋਧੀ ਗਰਦਾਨ ਕੇ ਇਸ ਉੱਪਰ 'ਕ੍ਰਮ ਵਿਕਾਸ' ਵਿਰੋਧੀ (ਗ਼ੱਦਾਰ) ਲੇਬਲਾਂ ਨੂੰ ਚੇਪਣ ਦਾ ਅਥਾਹ ਉਤਪਾਦਨ ਕੀਤਾ ਗਿਆ, ਗੌਹ ਨਾਲ ਘੋਖਿਆ ਇਹ ਸਾਫ਼-ਸਾਫ਼ ਦਿਖਾਈ ਦੇਣ ਲੱਗਦਾ ਹੈ ਕਿ ਸਤਾਲਿਨੀ ਵਿਚਾਰਧਾਰਾ ਦਾ ਨਾਂ ਹੀ ਲੈਨਿਨਵਾਦ ਹੈ, ਉਂਝ ਲੈਨਿਨ ਦਾ ਸਿਧਾਂਤ ਮਾਰਕਸਵਾਦੀ ਸਿਧਾਂਤ ਤੋਂ ਭਿੰਨ ਨਹੀਂ। ਉਸ ਤਰ੍ਹਾਂ ਜਿਨੋਵੀਵੀਅਨ ਲੈਨਿਨਵਾਦ, ਬੁਖਾਰਨੀ ਲੈਨਿਨਵਾਦ, ਤ੍ਰਾਤਸਕੀਅਨ ਲੈਨਿਨਵਾਦ, ਰਾਦੇਕੀਅਨ ਲੈਨਿਨਵਾਦ ਵੀ ਪੈਦਾ ਹੋਏ, ਮਗਰ ਵਿਸ਼ਵ-ਪ੍ਰਸਿੱਧੀ ਸਤਾਲਿਨ ਦੇ ਲੈਨਿਨਵਾਦ ਨੇ ਹੀ ਪ੍ਰਾਪਤ ਕੀਤੀ, ਕਿਉਂਕਿ ਵਿਸ਼ਵ ਮੰਡੀ 'ਚ ਸੋਵੀਅਤ ਹਕੂਮਤ, ਪਾਰਟੀ, ਸਟੇਟ ਅਤੇ ਰਾਸ਼ਟਰ ਦੇ ਮੁੱਲਾਂ ਦੇ ਸੁਮੇਲ ਦੀ ਸਪਲਾਈ ਸਤਾਲਿਨ ਦੀ ਸੱਤਾ ਅਧੀਨ ਕੀਤੀ ਗਈ ਸੀ। ਜ਼ਾਹਿਰ ਹੈ! ਬਾਕੀ ਲੈਨਿਨਵਾਦ ਮੁਕਾਬਲੇ 'ਚ ਪਛੜ ਹੀ ਜਾਣੇ ਸਨ। ਤ੍ਰਾਤਸਕੀ 'ਗ਼ੱਦਾਰ' ਦੇ ਰੂਪ 'ਚ ਪਨਾਹਗੀਰੀ ਭੋਗਦਾ ਹੋਣ ਕਰਕੇ ਅਤੇ ਜਿਨੋਵੀਵ, ਬੁਖਾਰਿਨ ਸੋਵੀਅਤ ਹਕੂਮਤ ਦੇ 'ਗ਼ੱਦਾਰ' ਵਜੋਂ ਗੋਲ਼ੀ ਨਾਲ ਉਡਾਏ ਜਾ ਚੁੱਕੇ ਹੋਣ ਕਰਕੇ ਇਹਨਾਂ ਦੇ ਲੈਨਿਨਵਾਦਾਂ ਦਾ 'ਭੋਗ' ਪੈ ਜਾਣਾ ਸੁਭਾਵਕ ਸੀ।

ਇੱਥੇ ਵਿਚਾਰ ਚਰਚਾ ਅਧੀਨ ਮਾਰਕਸ ਅਤੇ ਏਂਗਲਜ਼ ਦੁਆਰਾ ਇਤਿਹਾਸਕ ਵਿਕਾਸ ਕ੍ਰਮ 'ਚ ਉਤਪਾਦਨ ਦੀ ਵਿਧੀ ਦੀ ਇਨਕਲਾਬੀ ਤਬਦੀਲੀ ਦੇ ਘਟਿਤ ਹੋ ਜਾਣ ਦੀ ਪ੍ਰਕਿਰਤਕ ਅਤੇ ਸਮਾਜਿਕ ਸਿਧਾਂਤਕੀ ਅਤੇ ਇਸਦੇ ਵਿਰੋਧ ਵਿਕਾਸੀ ਲੱਛਣਾਂ ਨੂੰ ਉਹਨਾਂ ਦੁਆਰਾ ਦੇਖਣ ਦੀ ਪ੍ਰਕਿਰਿਆ ਦਾ ਜ਼ਿਕਰ ਕਰਨਾ ਹੈ ਅਤੇ ਇਤਿਹਾਸ ਦੇ ਅਹਿਮ ਫੈਸਲਾਕੁੰਨ ਮੋੜ 'ਤੇ ਲੈਨਿਨ ਦੇ ਮਾਰਕਸਵਾਦੀ ਅਮਲ ਦੀ ਮਹੱਤਤਾ ਨੂੰ ਸਮਝਦੇ ਹੋਏ ਸਤਾਲਿਨਵਾਦ ਦੇ ਪ੍ਰੋਲੇਤਾਰੀ ਸਮਾਜਵਾਦ ਵੱਲ ਪਰਤਣਾ ਹੈ, ਪਰ ਇਹ ਧਿਆਨ ਰਹੇ ਕਿ ਇਹ ਲਿਖਤ ਮੁੱਖ ਰੂਪ 'ਚ 'ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਦਾ ਇਤਿਹਾਸ' ਅਤੇ 'ਲੈਨਿਨਵਾਦ ਦੀਆਂ ਨੀਂਹਾਂ' ਉੱਪਰ ਕੇਂਦਰਿਤ ਹੈ।

ਸ਼ਬਦ ਸਮਾਜਵਾਦ ਮਾਰਕਸ ਦੇ ਜਨਮ ਲੈਣ ਤੋਂ ਵੀ ਕਈ ਚਿਰ ਪਹਿਲਾਂ ਪੱਛਮੀ ਯੂਰਪ ਦੇ ਬੁੱਧੀਜੀਵੀਆਂ ਦਾ ਅੰਗ-ਭਾਗ ਸੀ। ਟਾਮਸ ਮੋਰ ਤੋਂ ਰੂਸੋ ਅਤੇ ਰੂਸੋ ਤੋਂ ਪਰੂਧੋਂ ਤੱਕ ਸਾਰੇ ਚਿੰਤਕ ਸਮਾਜਵਾਦ ਸ਼ਬਦ ਨੂੰ ਸੰਕਲਪ ਬਣਾਉਣ 'ਚ ਰੁੱਝੇ ਨਜ਼ਰ ਆਉਂਦੇ ਹਨ, ਪ੍ਰੰਤੂ ਉਹਨਾਂ ਦੇ ਸਮਾਜਵਾਦੀ ਸੰਕਲਪ 'ਚ ਨਿੱਜੀ ਜਾਇਦਾਦ ਦਾ ਮੁਕੰਮਲ ਅੰਤ ਸ਼ਾਮਿਲ ਨਹੀਂ ਸੀ, ਕਿਉਂਕਿ ਇਹ ਚਿੰਤਕ ਰਾਜਤੰਤਰ ਨਾਲ ਸੰਘਰਸ਼ 'ਚ ਬੁਰਜੂਆਜ਼ੀ ਦੀ ਨੁਮਾਇੰਦਗੀ ਕਰ ਰਹੇ ਸਨ ਅਤੇ ਸੱਤਾ ਨੂੰ ਰਾਜਤੰਤਰ ਤੋਂ ਗਣਤੰਤਰ/ਲੋਕਤੰਤਰ 'ਚ ਬਦਲਣ ਦੀ ਇਨਕਲਾਬੀ ਨੁਮਾਇੰਦਗੀ ਕਰ ਰਹੇ ਸਨ। ਰੂਸੋ ਦੇ ਚਿੰਤਨ ਨੇ ਅੰਗਰੇਜ਼ ਬੁਰਜੂਆਜੀ ਦੀ ਇਨਕਲਾਬੀ ਸੱਤਾ ਪਲਟੀ ਤੋਂ ਵੱਖ ਗਣਤੰਤਰ ਦੇ ਸੰਕਲਪ ਨੂੰ ਫਿਲਾਸਫੀਕਲ ਆਧਾਰ ਮੁਹੱਈਆ ਕਰਵਾ ਕੇ ਰਾਜਤੰਤਰ ਨਾਲ ਆਵਾਮ ਦੇ 'ਸੋਸ਼ਲ ਕੌਨਟਰੈਕਟ' ਨੂੰ ਸਮਾਪਿਤ ਕਰਦਿਆਂ ਨੋਬਿਲਟੀ ਅਤੇ ਪਾਦਰੀ ਵਰਗ (ਰਾਜਤੰਤਰ ਦੇ ਦੋ ਆਧਾਰ ਰਾਜੀਸ਼ਾਹੀ ਅਤੇ ਧਰਮ) ਨੂੰ ਤਰਕਹੀਣ ਸਿੱਧ ਕਰ ਦਿੱਤਾ ਅਤੇ ਬੁਰਜੂਆਜ਼ੀ ਅੰਦਰ ਇਨਕਲਾਬੀ ਅੰਗਿਆਰ ਭਖਾ ਦਿੱਤੇ। ਰਾਬਸਪੀਅਰ ਨੇ ਰੂਸੋ ਚਿੰਤਨ ਅਤੇ ਥਰਡ ਅਸਟੇਟ ਦੀ ਅਗਵਾਈ ਕਰਦਿਆਂ 1792 'ਚ ਰਾਜਾਸ਼ਾਹੀ ਦਾ ਭੋਗ ਲੂਈ 16ਵੇਂ ਦਾ ਗਿਲੋਤੀਨ ਨਾਲ ਚੁਰਾਹੇ 'ਚ ਸਿਰ ਵੱਢ ਕੇ ਪਾ ਦਿੱਤਾ। ਇਹ ਇਕ ਅਜਿਹੀ ਘਟਨਾ ਸੀ ਜਿਸ ਨਾਲ ਬਾਦਸ਼ਾਹ ਵਿਰੁੱਧ ਵੱਖ-ਵੱਖ ਜਮਾਤਾਂ ਦੇ ਤਾਲਮੇਲ ਦੇ ਮਹੱਤਵ ਨੂੰ ਵਿਸ਼ੇਸ਼ ਇਤਿਹਾਸਕ ਚੇਤਨਾ ਦੇ ਵਿਕਾਸ ਵਿਚ ਅਹਿਮ ਸਥਾਨ ਪ੍ਰਾਪਤ ਹੋਇਆ। ਇਹ ਇਤਿਹਾਸ ਦਾ ਇਕ ਅਜਿਹਾ ਬਿੰਦੂ ਸੀ ਜਿਸਨੇ ਇਹ ਦਰਸਾਇਆ ਕਿ ਉਤਪਾਦਨ ਦੀ ਵਿਧੀ 'ਚ ਪੈਦਾਵਾਰੀ ਸ਼ਕਤੀਆਂ ਦੀ ਇਨਕਲਾਬੀ ਤਬਦੀਲੀ ਉਹਨਾਂ ਦੀ ਚੇਤਨਤਾ 'ਚ ਵੀ ਇਨਕਲਾਬੀ ਤਬਦੀਲੀ ਹੁੰਦੀ ਹੈ, ਜੋ ਮਿਕਦਾਰ ਦੇ ਹੌਲੀ-ਹੌਲੀ ਵਧਦੇ ਜਾਣ ਨਾਲ ਅੰਤਿਮ ਰੂਪ 'ਚ ਸਿਫਤ ਅੰਦਰ ਤਬਦੀਲ ਹੋ ਜਾਂਦੀ ਹੈ ਅਤੇ ਜਿਹੜੀ ਬਾਦਸ਼ਾਹੀ ਅਤੇ ਪਾਦਰੀ ਵਰਗ ਕਿਸੇ ਵੇਲੇ "ਤਾਰਕਿਕ" ਸਨ, ਸਮਾਜਿਕ ਚੇਤਨਾ ਦੇ ਇਤਿਹਾਸਕ ਵਿਕਾਸ 'ਚ "ਅਤਾਰਕਿਕ" ਹੋ ਗਏ ਸਨ ਅਤੇ ਰਾਜ ਦੀ ਅਗਵਾਈ ਕਰਨ ਦੇ ਅਯੋਗ ਹੋ ਗਏ ਸਨ।

ਪੈਦਾਵਾਰੀ ਸ਼ਕਤੀਆਂ ਦੇ ਇਤਿਹਾਸਕ ਵਿਕਾਸ 'ਚ ਬੁਰਜੂਆ ਉਤਪਾਦਨ ਵਿਧੀ ਨੇ ਸਾਮੰਤੀ ਉਤਪਾਦਨ ਵਿਧੀ ਦਾ ਅੰਤ ਕਰ ਦਿੱਤਾ ਜੋ ਉਸਦੀ ਆਪਣੀ ਹੀ ਕੁੱਖ 'ਚ ਪਲ਼ੀ ਸੀ। ਮਾਰਕਸ ਇਸ ਇਤਿਹਾਸਕ ਵਿਕਾਸ ਦੇ ਪ੍ਰਕਿਰਤਕ ਸਹਿਜ ਅਮਲ ਨੂੰ ਗਹੁ ਨਾਲ ਵਾਚਣ ਵਾਲਾ ਚਿੰਤਕ ਸੀ। ਸਮਾਜ ਦੇ ਪ੍ਰਕਿਰਤਕ ਵਿਰੋਧ-ਵਿਕਾਸੀ ਅਮਲ ਲਈ ਉਸਨੇ ਹੀਗੇਲੀਅਨ ਟਰਾਇਡ 'ਚ 'ਨਿਖੇਧ ਦੇ ਨਿਖੇਧ' ਸਿਧਾਂਤ ਨੂੰ ਵਿਸ਼ੇਸ਼ ਥਾਂ ਦਿੱਤੀ, ਕਿਉਂਕਿ ਉਸਨੇ ਰੂਸੋ ਦੇ ਸਿਧਾਂਤ ਅਤੇ ਉਸਦੇ 1789 ਤੋਂ 1793 ਤੱਕ ਦੇ ਇਨਕਲਾਬੀ ਅਮਲ ਨੂੰ ਗਹੁ ਨਾਲ ਘੋਖਿਆ ਅਤੇ ਹੀਗਲ ਦੇ ਵਿਰੋਧ-ਵਿਕਾਸੀ ਸਿਧਾਂਤ ਨੂੰ ਪਦਾਰਥਕ ਅਮਲ ਦਾ ਰੂਪ ਦਿੱਤਾ। ਬੁਰਜੂਆ ਉਤਪਾਦਨ ਦੀ ਵਿਧੀ ਇਤਿਹਾਸਕ ਵਿਕਾਸ ਦਾ ਸਿੱਟਾ ਸੀ ਪਰ ਇਸਦੀ ਗਤੀ ਅਤੇ ਕਾਰਨਾਂ ਨੂੰ ਖੋਜਦੇ ਹੋਏ ਮਾਰਕਸ 'ਦਾਸ ਕੈਪੀਟਲ' ਰਾਹੀਂ ਇਸ ਸਿੱਟੇ 'ਤੇ ਪੁੱਜਾ ਕਿ ਬੁਰਜੂਆ ਉਤਪਾਦਨ 'ਚ ਜਿਨਸ ਤਾਂ ਪ੍ਰੋਲੇਤਾਰੀ ਦੀ ਕਿਰਤ ਸ਼ਕਤੀ ਹੀ ਹੈ, ਮੁਨਾਫ਼ਾ, ਉਤਪਾਦਨ 'ਚ ਵਾਧੇ ਲਈ ਪ੍ਰੋਲੇਤਾਰੀ ਦੀ ਕਿਰਤ ਸ਼ਕਤੀ ਦੇ ਹਿੱਸੇ ਨੂੰ ਹਥਿਆਉਣਾ (surplus value) ਹੈ। 'ਵਾਧੂ ਕਦਰ' ਦੇ ਸਿਧਾਂਤ ਦਾ ਲੰਬਾ ਚੌੜਾ ਵਿਸ਼ਲੇਸ਼ਣ ਕਰਦਿਆਂ ਮਾਰਕਸ ਇਸ ਨਤੀਜੇ 'ਤੇ ਪਹੁੰਚਿਆ ਕਿ ਬੁਰਜੂਆ ਉਤਪਾਦਨ ਦੇ ਮੁਨਾਫ਼ੇ ਦਾ ਅਸਲ, ਪ੍ਰੋਲੇਤਾਰੀ ਦੀ ਕਿਰਤ ਸ਼ਕਤੀ ਦਾ ਜਿਨਸ ਵਜੋਂ ਲੁੱਟਣਾ ਹੈ, ਬੁਰਜੂਆ ਕਾਰਖਾਨੇਦਾਰ ਤਾਂ ਸਿਰਫ਼ ਮੈਨੇਜਰ ਦੀ ਭੂਮਿਕਾ ਨਿਭਾਉਂਦਾ ਹੈ। ਪ੍ਰੋਲੇਤਾਰੀ ਦੀ ਕਿਰਤ ਸ਼ਕਤੀ ਜਿਨਸ ਦਾ ਰੂਪ ਧਾਰ ਕੇ ਬੁਰਜੂਆ ਕਾਰਖਾਨੇਦਾਰ ਲਈ ਮੁਨਾਫ਼ਾ ਬਣ ਜਾਂਦੀ ਹੈ ਅਤੇ ਸਰਮਾਏ ਦੇ ਇਕੱਤਰੀਕਰਨ ਦਾ ਮਾਰਗ ਵੀ। ਉਦਯੋਗਿਕ ਕ੍ਰਾਂਤੀ ਨਾਲ ਬੁਰਜੂਆ ਉਤਪਾਦਨ ਕ੍ਰਾਂਤੀਕਾਰੀ ਤਬਦੀਲੀ 'ਚੋਂ ਲੰਘਦਾ ਹੈ ਅਤੇ ਬੁਰਜੂਆਜ਼ੀ ਮੈਨੇਜਰ ਦੀ ਭੂਮਿਕਾ ਨੂੰ ਵੀ ਮੁਲਾਜਮਾਂ ਨੂੰ ਸੌਂਪ ਕਿ ਆਪ ਪੈਰਾਸਾਈਟ ਬਣਨ ਦੇ ਰਾਹੇ ਹੋ ਤੁਰਦੀ ਹੈ। ਇਸ ਵਿਕਾਸ ਦੇ ਮੋੜ 'ਤੇ ਪਹੁੰਚ ਕੇ ਤਾਰਕਿਕ ਬੁਰਜੂਆਜ਼ੀ ਉਸੇ ਤਰ੍ਹਾਂ ਅਤਾਰਕਿਕਤਾ ਤੱਕ ਪਹੁੰਚ ਜਾਂਦੀ ਹੈ, ਜਿਵੇਂ ਪਹਿਲਾਂ ਫਿਊਡਲ ਲੌਰਡ ਹੌਲੀ-ਹੌਲੀ ਆਪਣੀ ਤਾਰਕਿਕ ਭੂਮਿਕਾ ਗਵਾ ਚੁੱਕੇ ਸਨ, ਭਾਵ ਸਮਾਜਿਕ ਸੰਪਤੀ ਦੇ ਨਿੱਜੀ ਮਾਲਕ ਜਿਹਨਾਂ ਦਾ ਸਟੇਟ ਉੱਤੇ ਕਬਜ਼ਾ ਹੁੰਦਾ ਹੈ, ਉਸੇ ਤਰ੍ਹਾਂ ਅਤਾਰਕਿਕ ਹੋ ਜਾਂਦੇ ਹਨ, ਜਿਵੇਂ ਪੈਦਾਵਾਰੀ ਸ਼ਕਤੀਆਂ ਦੀ ਬੁਰਜੂਆ ਉਤਪਾਦਨ ਵਿਧੀ 'ਚ ਰਾਜਤੰਤਰ ਨੇ ਆਪਣੀ ਭੂਮਿਕਾ ਗਵਾ ਲਈ ਸੀ।

ਇੱਥੇ ਪਹੁੰਚ ਕੇ ਆਜ਼ਾਦ ਵਪਾਰ ਅਜਿਹੇ ਅਜਾਰੇਦਾਰੀ ਮੁਕਾਬਲੇ 'ਚ ਦਾਖਲ ਹੁੰਦਾ ਹੋਇਆ ਇਕ ਦੂਜੇ ਨੂੰ ਮੁਕਾਬਲੇ 'ਚੋਂ ਕੱਢਣ ਲੱਗਦਾ ਹੈ ਅਤੇ ਉਦਯੋਗਿਕ ਪੂੰਜੀ ਵਿੱਤੀ ਪੂੰਜੀ ਤੋਂ ਹਾਰਦੀ ਹੋਈ ਕਾਰਟਲਾਂ, ਟਰੱਸਟਾਂ 'ਚੋਂ ਹੁੰਦੀ ਲੰਘਦੀ ਹੋਈ ਕਾਰਪੋਰੇਟ ਦਾ ਰੂਪ ਧਾਰਨ ਕਰਨ ਲੱਗਦੀ ਹੈ ਅਤੇ ਉਤਪਾਦਨ ਦੇ ਸਾਧਨਾਂ ਦੇ ਰੂਪ 'ਚ ਇਕੱਠੀ ਕੀਤੀ ਹੋਈ ਸਮਾਜਿਕ ਕਿਰਤ ਉੱਪਰ ਚੰਦ ਕੁ ਡਾਇਰੈਕਟਰ ਸਮੁੱਚੀ ਸਮਾਜਿਕ ਜਾਇਦਾਦ ਰਾਹੀਂ ਕੁਦਰਤੀ ਸਾਧਨਾਂ ਦੇ ਨਿੱਜੀ ਮਾਲਕ ਬਣ ਬੈਠਦੇ ਹਨ। ਮਾਰਕਸ ਨੇ ਪੂੰਜੀਵਾਦੀ ਮੁਕਾਬਲੇ ਦੀ ਗਤੀ ਦਾ ਸਿਧਾਂਤ ਤਿਆਰ ਕਰਦਿਆਂ ਇਹ ਸਿੱਟਾ ਕੱਢਿਆ ਕਿ ਇਕੱਠੀ, ਸਮਾਜੀ ਹੋਈ ਕਿਰਤ ਅਤੇ ਉਤਪਾਦਨ ਦੇ ਸਾਧਨਾਂ ਨੂੰ ਪ੍ਰੋਲੇਤਾਰੀ ਜਮਾਤ ਸੰਘਰਸ਼ ਰਾਹੀਂ ਨਿੱਜੀ ਮਾਲਕੀ ਦੇ ਚੰਦ ਕੁ ਹੱਥਾਂ 'ਚੋਂ ਕੱਢ ਕੇ ਸਾਂਝੀ ਮਾਲਕੀ ਦਾ ਰੂਪ ਧਾਰਨ ਕਰਦੀ ਹੈ ਅਤੇ 'ਨਵੇਂ ਸਿਰਿਉਂ ਉਤਪਾਦਕ ਲਈ ਨਿੱਜੀ ਜਾਇਦਾਦ ਪੈਦਾ ਨਹੀਂ ਕਰਦੀ।' ਇੱਥੇ ਮਾਰਕਸ ਦੇ ਸਮਾਜਵਾਦੀ ਸੰਕਲਪਾਂ 'ਚ ਵਿਰੋਧ-ਵਿਕਾਸੀ ਖੋਜ ਕੁਦਰਤ ਦੇ ਕਾਨੂੰਨ ਦੀ ਅਟੱਲਤਾ 'ਚ ਪ੍ਰਵਾਨ ਚੜ੍ਹਦੀ ਹੈ, ਕਿਉਂਕਿ ਮਾਰਕਸ ਦੀ ਵਿਰੋਧ-ਵਿਕਾਸ ਨੂੰ ਸਮਝਣ ਦੀ ਸਮਝ ਹੀ ਉਸਨੂੰ ਯੂਟੋਪੀਅਨ ਸਮਾਜਵਾਦੀਆਂ ਤੋਂ ਵੱਖਰਾ ਕਰਦੀ ਹੋਈ ਵਿਰੋਧ-ਵਿਕਾਸ ਦੀ ਗਤੀ ਦੇ ਸਮਾਜਿਕ ਨਿਯਮ ਤਿਆਰ ਕਰਦੀ ਹੈ। ਸਰਮਾਏਦਾਰੀ ਵਿਕਾਸ 'ਚ "ਇਕ ਸਰਮਾਏਦਾਰ ਹਮੇਸ਼ਾ ਬਹੁਤ ਸਾਰੇ ਸਰਮਾਏਦਾਰਾਂ ਦੀ ਹੱਤਿਆ ਕਰਦਾ ਹੈ, ਮਾਰਕਸ ਲਿਖਦਾ ਹੈ, ਇਸ ਕੇਂਦਰੀਕਰਨ ਦੇ ਨਾਲ ਨਾਲ, ਜਾਂ ਇਉਂ ਕਹਿ ਲਵੋ, ਕਿ ਕੁਝ ਸਰਮਾਏਦਾਰਾਂ ਵੱਲੋਂ ਬਹੁਤ ਸਾਰੇ ਸਰਮਾਏਦਾਰਾਂ ਦੀ ਇਸ ਜਾਇਦਾਦ ਦੀ ਜ਼ਬਤੀ ਦੇ ਨਾਲ ਨਾਲ ਵਧੇਰੇ ਵਧੇਰੇ ਵਧਦੇ ਹੋਏ ਪੈਮਾਨੇ ਉੱਤੇ ਕਿਰਤ-ਕਿਰਿਆ ਦਾ ਸਹਿਕਾਰੀ ਰੂਪ ਵਿਕਸਤ ਹੁੰਦਾ ਜਾਂਦਾ ਹੈ, ਵਿਗਿਆਨ ਦੀ ਸੁਚੇਤ ਤਕਨੀਕੀ ਵਰਤੋਂ ਕੀਤੀ ਜਾਂਦੀ ਹੈ, ਧਰਤੀ ਦੀ ਤਰੀਕਾਕਾਰ ਵਾਹੀ ਕੀਤੀ ਜਾਂਦੀ ਹੈ, ਕਿਰਤ ਦੇ ਸੰਦਾਂ ਨੂੰ ਅਜਿਹੇ ਕਿਰਤ ਦੇ ਸੰਦਾਂ 'ਚ ਬਦਲਿਆ ਜਾਂਦਾ ਹੈ ਜਿਹੜੇ ਕੇਵਲ ਸਾਂਝੇ ਤੌਰ ਉੱਤੇ ਵਰਤੇ ਜਾ ਸਕਦੇ ਹਨ, ਉਤਪਾਦਨ ਦਾ ਸਾਰੇ ਸੰਦਾਂ ਦੀ, ਇਕੱਠੀ, ਸਮਾਜੀ ਕੀਤੀ ਹੋਈ ਕਿਰਤ ਦੇ ਉਤਪਾਦਨ ਦੇ ਸਾਧਨਾਂ ਵਜੋਂ ਵਰਤੋਂ ਕਰਕੇ ਬਚਤ ਕੀਤੀ ਜਾਂਦੀ ਹੈ, ਸੰਸਾਰ ਮੰਡੀ ਦੇ ਜਾਲ 'ਚ ਸਾਰੀਆਂ ਕੌਮਾਂ ਫਸ ਜਾਂਦੀਆਂ ਹਨ ਅਤੇ ਇਸ ਨਾਲ ਸਰਮਾਏਦਾਰੀ ਸਲਤਨਤ ਦਾ ਕੌਮਾਂਤਰੀ ਖਾਸਾ ਬਣ ਜਾਂਦਾ ਹੈ। ਅਜਿਹੇ ਸਰਮਾਏ ਦੇ ਧਨਾਢਾਂ ਦੀ ਗਿਣਤੀ ਵਿਚ ਲਗਾਤਾਰ ਕਮੀ ਹੋਣ ਦੇ ਨਾਲ ਜਿਹੜੇ ਇਸ ਤਬਦੀਲੀ ਦੇ ਅਮਲ ਦੇ ਮਾਰੇ ਲਾਭਾਂ ਨੂੰ ਖੋਹ ਲੈਂਦੇ ਹਨ ਅਤੇ ਇਹਨਾਂ ਉੱਤੇ ਆਪਣੀ ਅਜਾਰੇਦਾਰੀ ਸਥਾਪਤ ਕਰਦੇ ਹਨ, ਗ਼ੁਰਬਤ, ਜਬਰ, ਗ਼ੁਲਾਮੀ, ਗਿਰਾਵਟ, ਲੁੱਟ ਖੋਹ ਵਧਦੇ ਹਨ; ਪਰ ਇਸ ਨਾਲ ਮਜ਼ਦੂਰ ਜਮਾਤ ਦੀ ਗਿਰਾਵਟ ਵੀ ਫੈਲਦੀ ਹੈ, ਇਹ ਜਮਾਤ ਗਿਣਤੀ ਵਿਚ ਸਦਾ ਵਧਦੀ ਹੈ ਅਤੇ ਸਰਮਾਏਦਾਰੀ ਉਤਪਾਦਨ ਦੀ ਬਣਤਰ ਕਾਰਨ ਜ਼ਾਬਤੇ ਵਿਚ ਇਕ ਮੁੱਠ ਅਤੇ ਜਥੇਬੰਦ ਹੋਈ ਹੁੰਦੀ ਹੈ। ਸਰਮਾਏ ਦੀ ਅਜਾਰੇਦਾਰੀ ਉਤਪਾਦਨ ਦੇ ਤਰੀਕੇ ਉੱਤੇ ਇਕ ਜ਼ੰਜੀਰ ਬਣ ਜਾਂਦੀ ਹੈ। ਉਤਪਾਦਨ ਦਾ ਇਹ ਤਰੀਕਾ ਸਰਮਾਏ ਦੇ ਅਧੀਨ ਵੀ ਪੈਦਾ ਹੋਇਆ ਹੁੰਦਾ ਹੈ ਅਤੇ ਇਸ ਦੇ ਨਾਲ

ਅਤੇ ਇਸ ਦੇ ਅਧੀਨ ਹੀ ਇਸਨੇ ਤਰੱਕੀ ਕੀਤੀ ਹੁੰਦੀ ਹੈ। ਉਤਪਾਦਨ ਦੇ ਸਾਧਨਾਂ ਦਾ ਕੇਂਦਰੀਕਰਨ ਅਤੇ ਕਿਰਤ ਦਾ ਸਮਾਜੀਕਰਨ ਅਖੀਰ ਇਕ ਅਜਿਹੇ ਨੁਕਤੇ ਤੇ ਪਹੁੰਚਦੇ ਹਨ ਜਿੱਥੇ ਉਹ ਆਪਣੇ ਸਰਮਾਏਦਾਰੀ ਖੋਲ ਅੰਦਰ ਨਹੀਂ ਰਹਿ ਸਕਦੇ। ਇਉਂ ਇਹ ਖੋਲ ਫਟ ਜਾਂਦਾ ਹੈ। ਸਰਮਾਏਦਾਰੀ ਨਿੱਜੀ ਜਾਇਦਾਦ ਦੀ ਮੌਤ ਦੀ ਘੰਟੀ ਵੱਜ ਜਾਂਦੀ ਹੈ। ਲੁੱਟਣ ਵਾਲੇ ਆਪਣੀ ਜਾਇਦਾਦ ਖੁਹਾ ਬਹਿੰਦੇ ਹਨ।''

ਮਾਰਕਸ ਇਸ ਵਿਰੋਧ ਵਿਕਾਸੀ ਨਿਯਮ ਨੂੰ ਪੱਛਮੀ ਯੂਰਪ 'ਚ ਸਾਮੰਤਵਾਦ ਤੋਂ ਪੂੰਜੀਵਾਦ ਦੇ ਰੁਪਾਂਤਰਣ ਦੀ ਪ੍ਰਕਿਰਿਆ ਰਾਹੀਂ ਫੜਨ ਦੀ ਕੋਸ਼ਿਸ਼ ਕਰ ਰਿਹਾ ਹੈ ਜਿਸ 'ਚ ਬੁਰਜੂਆ ਉਤਪਾਦਨ ਵਿਧੀ ਸਾਮੰਤਵਾਦ ਦੀ ਕੁੱਖ ਅੰਦਰ ਤਿੰਨ ਪੜਾਵਾਂ 'ਚ ਵਿਕਸਤ ਹੁੰਦੀ ਹੈ ਅਤੇ ਉਸਦੇ ਖੋਲ ਤੋਂ ਬੇਕਾਬੂ ਹੁੰਦੀ ਹੋਈ ਉਸਦਾ ਨਿਖੇਧ ਬਣ ਜਾਂਦੀ ਹੈ ਅਤੇ ਇਸੇ ਤਰ੍ਹਾਂ ਸਰਮਾਏਦਾਰੀ, ਉਤਪਾਦਨ ਦੇ ਸਾਧਨਾਂ ਦਾ ਕੇਂਦਰੀਕਰਨ ਕਰਦਿਆਂ ਆਪਣੀ ਕੁੱਖ 'ਚ ਕਿਰਤ ਦੇ ਸਮਾਜੀਕਰਨ ਦਾ ਭਰੂਣ ਵਿਕਸਤ ਕਰ ਲੈਂਦੀ ਹੈ, ਜੋ ਉਸਦੇ ਨਿਖੇਧ ਦਾ ਕਾਰਣ ਬਣਦਾ ਹੈ। ਇਸ ਤਰ੍ਹਾਂ ਨਿਖੇਧ ਦਾ ਨਿਖੇਧ ਹੀਗਲ ਦੇ ਕੁਦਰਤ ਦੇ ਕਾਨੂੰਨ ਰਾਹੀਂ ਅਟੱਲਤਾ ਤੱਕ ਪਹੁੰਚਦਾ ਹੈ। ''ਜਾਇਦਾਦ ਪ੍ਰਾਪਤ ਕਰਨ ਦਾ ਤਰੀਕਾ ਜਿਹੜਾ ਕਿ ਉਤਪਾਦਨ ਦੇ ਸਰਮਾਏਦਾਰੀ ਤਰੀਕੇ ਦਾ ਨਤੀਜਾ ਹੈ, ਮਾਰਕਸ ਲਿਖਦਾ ਹੈ, ਸਰਮਾਏਦਾਰ ਨਿੱਜੀ ਜਾਇਦਾਦ ਪੈਦਾ ਕਰਦਾ ਹੈ। ਇਹ ਵਿਅਕਤੀਗਤ ਨਿੱਜੀ ਜਾਇਦਾਦ ਪੈਦਾ ਕਰਦਾ ਹੈ ਇਹ ਵਿਅਕਤੀਗਤ ਨਿੱਜੀ ਜਾਇਦਾਦ ਦਾ ਜਿਸਦੀ ਬੁਨਿਆਦ ਕਿ ਮਾਲਕ ਦੀ ਕਿਰਤ ਉੱਤੇ ਹੁੰਦੀ ਹੈ, ਪਹਿਲਾਂ ਨਿਖੇਧ ਹੁੰਦੀ ਹੈ। ਪਰ ਸਰਮਾਏਦਾਰੀ ਉਤਪਾਦਨ ਕੁਦਰਤ ਦੇ ਕਾਨੂੰਨ ਦੀ ਅਟੱਲਤਾ ਦੇ ਨਾਲ ਆਪਣੇ ਨਿਖੇਧ ਤੱਕ ਪੁੱਜਦਾ ਹੈ। ਇਹ ਨਿਖੇਧ ਦਾ ਨਿਖੇਧ ਹੈ। ਇਹ ਨਵੇਂ ਸਿਰਿਉਂ ਉਤਪਾਦਕ ਲਈ ਨਿੱਜੀ ਜਾਇਦਾਦ ਪੈਦਾ ਨਹੀਂ ਕਰਦਾ ਸਗੋਂ ਉਸ ਨੂੰ ਸਰਮਾਏਦਾਰੀ ਯੁੱਗ ਦੀਆਂ ਜਮਾਂ ਕੀਤੀਆਂ ਚੀਜ਼ਾਂ ਉੱਤੇ ਆਧਾਰਤ ਵਿਅਕਤੀਗਤ ਸਰਮਾਇਆ ਦਿੰਦਾ ਹੈ ਭਾਵ ਇਹ ਵਿਅਕਤੀਗਤ ਸਰਮਾਇਆ ਸਹਿਕਾਰਤਾ ਉੱਤੇ ਅਤੇ ਜ਼ਮੀਨ ਅਤੇ ਉਤਪਾਦਨ ਦੇ ਸਾਧਨਾਂ ਉਤੇ ਸਾਂਝੀ ਮਾਲਕੀ ਉੱਤੇ ਆਧਾਰਤ ਵਿਅਕਤੀਗਤ ਜਾਇਦਾਦ ਉਤਪਾਦਕ ਨੂੰ ਦਿੰਦਾ ਹੈ।''

ਇਹ ਇਕ ਅਜਿਹੀ ਵਿਧੀ ਹੈ, ਜਿੱਥੇ ਬੁਰਜੂਆ ਮੁਕਾਬਲੇ 'ਚ ਕਾਰਪੋਰੇਟਾਂ ਨੇ ਸਟੇਟ ਮਸ਼ੀਨਰੀ ਨੂੰ ਆਪਣੇ ਕਾਬੂ 'ਚ ਕਰਕੇ ਰਾਸ਼ਟਰਵਾਦੀ ਸਾਮਰਾਜਵਾਦ ਦਾ ਵਿੱਤੀ ਰੂਪ ਨਹੀਂ ਧਾਰਿਆ ਹੁੰਦਾ, ਭਾਵ ਸਾਮੰਤਵਾਦ ਦੇ ਅਧੀਨ ਉਤਪਾਦਕ ਸ਼ਕਤੀਆਂ ਦਾ ਵਿਕਾਸ ਕੌਮਾਂ ਦੇ ਵਿਕਾਸ ਦੀਆਂ ਸੰਭਾਵਨਾਵਾਂ ਦੇ ਹਿੱਤ ਗੁਣਾਂ ਦੀ ਮਿਕਦਾਰ ਦੇ ਵਧਦੇ ਜਾਣ ਨਾਲ ਸਿਫਤ ਦਾ ਰੂਪ ਧਾਰਨ ਕਰਦਾ ਹੈ, ਇਸ ਲਈ ਕਲਾਸਕੀ ਮਾਰਕਸਵਾਦ ਕੁਦਰਤ ਦੇ ਕਾਨੂੰਨ ਅਨੁਸਾਰ ਪੈਦਾਵਾਰੀ ਸ਼ਕਤੀਆਂ 'ਚ ਗੁਣਾਤਮਿਕ ਵਾਧਾ ਆਖਿਰ ਨੋਡਲ ਬਿੰਦੂ ਉਪਰ ਪਹੁੰਚ ਕੇ ਆਪਣੀ ਸਿਫਤ ਬਦਲਣ ਲਈ ਮਜਬੂਰ ਹੋ ਜਾਂਦਾ ਹੈ, ਜਿਵੇਂ ਸਿਫਰ ਤਾਪਮਾਨ ਜਾਂ $100^0$ ਤਾਪਮਾਨ 'ਤੇ ਪਾਣੀ ਆਪਣੀ ਸਥਿਤੀ ਬਦਲਣ ਲਈ ਮਜਬੂਰ ਹੁੰਦਾ ਹੋਇਆ ਸਿਫਤੀ ਤਬਦੀਲੀ 'ਚ ਪਹੁੰਚ ਜਾਂਦਾ ਹੈ। ਇਸੇ ਲਈ ਮਾਰਕਸ ਨੇ ਰਾਜਨੀਤਕ ਆਰਥਿਕਤਾ ਦੀ ਪੜਚੋਲ ਕਰਦਿਆਂ ਇਕ ਉਤਪਾਦਨ ਵਿਧੀ ਤੋਂ ਦੂਸਰੀ ਉਤਪਾਦਨ ਵਿਧੀ ਦੇ ਸਿਫਤ 'ਚ ਬਦਲ ਜਾਣ ਦੀ ਸੰਭਾਵਨਾ ਨੂੰ ਪਹਿਲੀ ਉਤਪਾਦਨ ਵਿਧੀ ਦੇ ਗਰਭ 'ਚ ਵਿਕਸਤ ਹੋ ਜਾਣ ਦੀਆਂ ਪੂਰਨ ਸੰਭਾਵਨਾਵਾਂ 'ਤੇ ਬਹੁਤ ਜ਼ੋਰ ਦਿੱਤਾ, ਕਿਉਂਕਿ ਗਰਭ 'ਚ ਪਲ਼ਦੇ ਭਰੂਣ (ਪੈਦਾਵਾਰੀ ਸ਼ਕਤੀਆਂ ਦਾ ਵਿਕਾਸ) ਦੇ ਵਿਕਾਸ ਦੇ ਹਾਲਾਤ ਉਸਨੂੰ ਉਸ ਸਥਿਤੀ ਤੋਂ ਬਾਹਰ ਹੋਣ ਲਈ ਇਨਕਲਾਬੀ ਸ਼ਕਲ ਧਾਰ ਕੇ ਖੋਲ ਤੋਂ ਬਾਹਰ ਆਉਣ ਲਈ ਮਜਬੂਰ ਕਰਦੇ ਹਨ। ਇਸ ਲਈ ਇਹ ਰੁਪਾਂਤਰਣ ਦੀ ਸਥਿਤੀ ਇਕ ਇਨਕਲਾਬੀ ਸਥਿਤੀ ਬਣ ਜਾਂਦੀ ਹੈ, ਜਿਵੇਂ ਮਾਂ ਦੀ ਕੁੱਖ 'ਚ ਪਲ਼ ਰਹੇ ਭਰੂਣ ਦਾ ਇਕ ਬੱਚੇ ਦੇ ਰੂਪ 'ਚ ਆਜ਼ਾਦ ਹੋਣ ਦੀ ਜੰਗ ਉਸ ਦੇ ਪ੍ਰਕਿਰਤਕ ਹਾਲਾਤ ਦਾ ਸਿੱਟਾ ਹੁੰਦਾ ਹੈ। ਜੱਚਾ ਅਤੇ ਬੱਚਾ ਦਾ ਕੁਦਰਤੀ ਯੁੱਧ ਹਾਲਾਤ ਦੇ ਸਿੱਟੇ ਵਜੋਂ ਵੱਖ ਹੋਣ ਲਈ ਮਜਬੂਰ ਹੁੰਦੇ ਹੋਏ ਇਕ ਕ੍ਰਾਂਤੀਕਾਰੀ ਯੁੱਧ ਦੀ ਪ੍ਰਕਿਰਿਆ 'ਚੋਂ ਲੰਘਦੇ ਹਨ। ਇਸੇ ਬੱਚੇ ਦਾ ਜਨਮ ਲੈਣਾ ਅਤੇ ਮਾਂ ਦੁਆਰਾ ਬੱਚੇ ਨੂੰ ਜਨਮ ਦੇਣ ਦੇ ਹਾਲਾਤ ਦੋਹਾਂ ਲਈ ਖੂਬਸੂਰਤ/'ਸੋਹਣੀ ਸੁਨੱਖੀ' ਪ੍ਰਕਿਰਿਆ ਨਹੀਂ ਹੈ, ਸਗੋਂ ਰੁਪਾਂਤਰਣ ਦਾ ਇਹ ਬਿੰਦੂ ਭਿਅੰਕਰ ਚੀਖੋ-ਪੁਕਾਰ ਅਤੇ ਲਹੂ ਮਿੱਝ ਨਾਲ ਭਰਿਆ ਹੁੰਦਾ ਹੈ, ਇਸੇ ਤਰ੍ਹਾਂ ਕ੍ਰਾਂਤੀ ਦੀ ਕਲਪਨਾ ਅਤੇ ਕ੍ਰਾਂਤੀ ਦਾ ਅਤੀਤ ਹਮੇਸ਼ਾਂ ਖੂਬਸੂਰਤ ਹੁੰਦੇ ਹਨ, ਉਸਦਾ ਵਰਤਮਾਨ ਹਮੇਸ਼ਾ ਲਹੂ-ਮਿੱਝ ਅਤੇ ਚੀਖਾਂ ਨਾਲ ਭਰਿਆ ਹੁੰਦਾ ਹੈ। ਉਹ ਭਾਵੇਂ 1640, 49 ਜਾਂ 1680 ਦੀਆਂ ਬੁਰਜੂਆ ਇੰਗਲਿਸ਼ ਕ੍ਰਾਂਤੀਆਂ ਹੋਣ ਜਾਂ 1789, 92, 1848 ਦੀਆਂ ਫ਼ਰਾਂਸੀਸੀ ਬੁਰਜੂਆ ਕ੍ਰਾਂਤੀਆਂ ਜਾਂ 1871 ਦਾ ਪੈਰਿਸ ਕਮਿਊਨ। ''ਕੋਈ ਸਮਾਜਿਕ ਵਿਵਸਥਾ ਓਨਾ ਚਿਰ ਕਦੇ ਖ਼ਤਮ ਨਹੀਂ ਹੁੰਦੀ, ਮਾਰਕਸ ਨੇ ਵਿਸ਼ੇਸ਼ ਜ਼ੋਰ ਦਿੰਦਿਆਂ ਕਿਹਾ, ਜਿੰਨਾ ਚਿਰ ਸਾਰੀਆਂ ਉਤਪਾਦਕ ਸ਼ਕਤੀਆਂ ਜਿਨ੍ਹਾਂ ਵਾਸਤੇ ਇਹਦੇ 'ਚ ਥਾਂ ਹੁੰਦੀ ਹੈ, ਵਿਕਸਤ ਨਹੀਂ ਹੋ ਜਾਂਦੀਆਂ; ਅਤੇ ਉਤਪਾਦਨ ਦੇ ਨਵੇਂ, ਉਚੇਰੇ ਸਬੰਧ ਓਨਾ ਚਿਰ ਕਦੇ ਪ੍ਰਗਟ ਨਹੀਂ ਹੁੰਦੇ ਜਿੰਨਾ ਚਿਰ ਉਹਨਾਂ ਦੇ ਅਸਤਿਤਵ ਦੀਆਂ ਪਦਾਰਥਕ ਹਾਲਤਾਂ ਖ਼ੁਦ ਪੁਰਾਣੇ ਸਮਾਜ ਦੀ ਕੁੱਖ ਵਿਚ ਪਰਪੱਕ ਨਹੀਂ ਹੋ ਜਾਂਦੀਆਂ। ਇਸ ਲਈ ਮਨੁੱਖਤਾ ਹਮੇਸ਼ਾ ਆਪਣੇ ਸਾਹਮਣੇ ਕੇਵਲ ਅਜਿਹੇ ਕਾਰਜ ਹੀ ਰੱਖਦੀ ਹੈ ਜਿਹੜੇ ਇਹ ਨਜਿੱਠ ਸਕਦੀ ਹੈ;

ਕਿਉਂਕਿ, ਇਸ ਮਾਮਲੇ ਉਤੇ ਰਤਾ ਡੂੰਘੀ ਝਾਤ ਮਾਰਿਆਂ, ਹਮੇਸ਼ਾ ਇਹੀ ਦਿਖਾਈ ਦੇਵੇਗਾ ਕਿ ਕਾਰਜ ਕੇਵਲ ਉਦੋਂ ਹੀ ਹੋਂਦ 'ਚ ਆਉਂਦਾ ਹੈ ਜਦੋਂ ਇਸ ਦੇ ਹੱਲ ਲਈ ਪਦਾਰਥਕ ਹਾਲਤਾਂ ਪਹਿਲਾਂ ਹੀ ਮੌਜੂਦ ਹੁੰਦੀਆਂ ਹਨ ਜਾਂ ਘੱਟੋ ਘੱਟ ਬਣਨ ਦੀ ਪ੍ਰਕਿਰਿਆ 'ਚ ਹੁੰਦੀਆਂ ਹਨ।" ਭਾਵ ਪਦਾਰਥਕ ਹਾਲਤਾਂ ਮਨੁੱਖਤਾ ਨੂੰ ਉਹ ਕਾਰਜ ਸੌਂਪਦੀਆਂ ਹਨ ਜਿਸਨੂੰ ਉਹ ਨਜਿੱਠ ਸਕਣ। ਇਸ ਲਈ ਕ੍ਰਾਂਤੀ ਦਾ ਕੇਵਲ ਮਕਸਦ ਆਪਣੇ ਕਾਰਜ ਤੱਕ ਨਹੀਂ ਪਹੁੰਚ ਸਕਦਾ ਉਸ ਲਈ ਪਦਾਰਥਕ ਹਾਲਤਾਂ (ਸਮਾਜ-ਆਰਥਿਕ) ਭਾਵ ਪੈਦਾਵਾਰੀ ਸ਼ਕਤੀਆਂ ਦਾ ਪੂਰਨ ਵਿਕਾਸ ਆਪਣੇ ਜਨਮ ਧਾਰਨ ਤੱਕ ਪਹੁੰਚ ਚੁੱਕਿਆ ਹੋਵੇ। ਸ਼ਾਇਦ! ਇਹੋ ਕਾਰਨ ਹੀ ਸੀ ਕਿ ਫਰਾਂਸ ਦੀ ਬੁਰਜੂਆ ਕ੍ਰਾਂਤੀ, ਇੰਗਲੈਂਡ ਦੀ ਬੁਰਜੂਆ ਕ੍ਰਾਂਤੀ ਤੋਂ ਤਕਰੀਬਨ ਇਕ ਸਦੀ ਬਾਅਦ ਪ੍ਰਵਾਨ ਚੜ੍ਹੀ ਅਤੇ ਉਹ ਵੀ ਇੰਗਲੈਂਡ ਦਾ ਦੁਹਰਾਅ ਮਾਤਰ ਨਹੀਂ, ਸਗੋਂ ਪੈਦਾਵਾਰੀ ਸ਼ਕਤੀਆਂ ਦੀ ਚੇਤਨਾ ਦੇ ਵਿਕਾਸ ਦੇ ਉੱਚ ਪੱਧਰੀ ਰੂਪ 'ਚ। ਉਤਪਾਦਨ ਵਿਧੀ ਦੇ ਨਾਲ ਉਤਪਾਦਕ ਸ਼ਕਤੀਆਂ ਦੀ ਚੇਤਨਾ ਦਾ ਵਿਕਾਸ ਕਾਰਜ ਲਈ ਭੂਮਿਕਾ ਨਿਭਾਉਂਦੇ ਹੋਏ ਇਤਿਹਾਸ ਨੂੰ ਬਦਲਣ ਲਈ ਮਜਬੂਰ ਕਰਦੇ ਹਨ ਪਰ ਉਹ ਉਸ ਤਰ੍ਹਾਂ ਨਹੀਂ ਬਦਲ ਸਕਦੇ, ਜਿਵੇਂ ਉਹ ਚਾਹੁਣ। ਇਸੇ ਲਈ ਬੁਰਜੂਆ ਉਤਪਾਦਨ ਵਿਧੀ ਅਤੇ ਮਸ਼ੀਨੀ ਵਿਕਾਸ ਅਜਿਹੀ ਸਥਿਤੀ ਤੱਕ ਪਹੁੰਚਦੇ ਹਨ ਕਿ ਬੁਰਜੂਆ ਮੁਕਾਬਲਾ ਕਾਰਪੋਰੇਟ ਦਾ ਰੂਪ ਧਾਰ ਕੇ ਬੁਰਜੂਆਜ਼ੀ ਨੂੰ ਮੈਦਾਨੋਂ ਨਿਕਲਣ ਲਈ ਮਜ਼ਬੂਰ ਕਰ ਦਿੰਦਾ ਹੈ, ਚੰਦ ਕਾਰਪੋਰੇਟੀ ਹੱਥ ਵਿਸ਼ਵ ਦੀ ਸਮੁੱਚੀ ਸਮਾਜਿਕ ਜਾਇਦਾਦ ਦੇ ਮਾਲਕ ਬਣ ਜਾਂਦੇ ਹਨ ਅਤੇ ਬੁਰਜੂਆਜ਼ੀ ਅਤੇ ਪੈਤੀ ਬੁਰਜੂਆਜ਼ੀ ਗਿਣਤੀ 'ਚ ਥੱਲੇ ਨੂੰ ਡਿਗਦੀ ਆਪਣੀ ਜਮਾਤ ਨੂੰ ਬਚਾਉਣ ਲਈ ਯਥਾ-ਸਥਿਤੀ ਦੀ ਲੜਾਈ 'ਚ ਗਲਤਾਨ ਹੋ ਜਾਂਦੀ ਹੈ (ਜਿਸ ਸਥਿਤੀ 'ਚੋਂ ਅੱਜਕਲ ਹਿੰਦੁਸਤਾਨ ਸਮੇਤ ਸਾਰੀ ਦੁਨੀਆ ਲੰਘ ਰਹੀ ਹੈ)।

ਵਿਕਾਸਸ਼ੀਲ ਦੇਸ਼ਾਂ 'ਚ ਬੁਰਜੂਆ ਪੈਦਾਵਾਰੀ ਸ਼ਕਤੀਆਂ ਦਾ ਵਿਕਾਸ ਸਮਾਜ ਦੇ ਗਰਭ 'ਚੋਂ ਨਹੀਂ ਹੋਇਆ ਅਤੇ ਇਸੇ ਕਾਰਨ ਉਸ ਦੀ ਚੇਤਨਾ ਦਾ ਵਿਕਾਸ ਵੀ ਇਸੇ ਨਿਸਬਤ ਨਾਲ ਅਸੰਭਵ ਬਣਿਆ ਰਿਹਾ ਹੈ, ਕਿਉਂਕਿ ਇਹ ਵਰਤਾਰਾ ਉੱਪਰ ਤੋਂ ਠੋਸਿਆ ਗਿਆ ਹੈ। ਮਾਰਕਸ ਕੁਦਰਤ ਦੇ ਉਸ ਵਿਰੋਧ-ਵਿਕਾਸੀ ਨਿਯਮ ਦੀ ਅਟੱਲਤਾ ਨੂੰ ਸਮਾਜ 'ਚ ਉਵੇਂ ਹੀ ਦੇਖਦਾ ਸੀ, ਜਿਵੇਂ ਇਹ ਪ੍ਰਕਿਰਤੀ 'ਚ ਘਟਿਤ ਹੁੰਦਾ ਹੈ। ਮਨੁੱਖੀ ਚੇਤਨਾ ਆਪਣੀਆਂ ਪਦਾਰਥਕ ਹਾਲਤਾਂ 'ਚ ਇਤਿਹਾਸ ਦਾ ਸਿੱਟਾ ਹੁੰਦੀ ਹੈ ਇਹ ਨਾਫ਼ਿਜ਼ ਨਹੀਂ ਕੀਤੀ ਜਾ ਸਕਦੀ। ਭਾਵ ਪੱਛੜੇ ਜਾਂ ਵਿਕਾਸਸ਼ੀਲ ਦੇਸ਼ਾਂ ਅੰਦਰ ਪੂੰਜੀਵਾਦੀ ਵਿਧੀ ਉਪਰ ਤੋਂ ਨਾਫਿਜ਼ ਕੀਤੀ ਗਈ ਹੈ, ਜਿਸ ਦੀਆਂ ਡੋਰਾਂ ਹਮੇਸ਼ਾ ਵਿਕਸਤ ਦੇਸ਼ਾਂ ਦੇ ਪੂੰਜੀਵਾਦੀਆਂ ਹੱਥ ਰਹੀਆਂ ਹਨ ਅਤੇ ਇਹ ਆਪਣੀ ਭੂਮਿਕਾ ਦਲਾਲ ਕਿਸਮ ਦੀ ਬੁਰਜੂਆਜ਼ੀ ਵਜੋਂ ਨਿਭਾਉਂਦੀ ਆ ਰਹੀ ਹੈ, ਜਿਵੇਂ ਫ਼ਰਾਂਜ਼ ਫਾਨੋਂ ਨੇ ਬਸਤੀਵਾਦੀ ਬੁਰਜੂਆਜ਼ੀ ਬਾਰੇ ਲੱਖਣ ਲਾਇਆ ਸੀ। ਮਾਰਕਸ ਇਸੇ ਲਈ ਉਤਪਾਦਕ ਸ਼ਕਤੀਆਂ ਦੇ ਉਠਾਣ ਦਾ ਕ੍ਰਾਂਤੀਕਾਰੀ ਰੂਪ ਸਮਾਜ ਦੇ ਗਰਭ ਚੋਂ ਮੰਨਦਾ ਹੈ, ਉਪਰੋਂ ਠੋਸਣ ਨੂੰ ਨਹੀਂ, "ਉਤਪਾਦਕਾਂ ਦੀ ਜਮਾਤ ਪੂੰਜੀਪਤੀਆਂ ਦਾ ਉਠਾਣ ਪਰਿਵਰਤਨ ਦਾ 'ਵਾਸਤਵਿਕ ਕ੍ਰਾਂਤੀਕਾਰੀ' ਤਰੀਕਾ ਹੁੰਦਾ ਹੈ। ਜਦ ਬੁਰਜੂਆ ਉਤਪਾਦਨ ਵਿਧੀ 'ਚ ਤਬਦੀਲੀ 'ਉੱਪਰ ਤੋਂ' ਸ਼ੁਰੂ ਕੀਤੀ ਜਾਂਦੀ ਹੈ ਤਾਂ ਪਰਿਵਰਤਨ ਦੀ ਪ੍ਰਕਿਰਿਆ ਅੱਧੇ ਰਾਹ 'ਚ ਰੁਕ ਜਾਂਦੀ ਹੈ, ਅਤੇ ਪੁਰਾਣੀ ਉਤਪਾਦਨ ਵਿਧੀ ਵਿਸਥਾਪਤ ਹੋਣ ਦੀ ਬਜਾਏ ਸੁਰੱਖਿਅਤ ਰਹਿ ਜਾਂਦੀ ਹੈ।" ਇਸ ਵਿਧੀ ਨੂੰ ਉਪਰੋਂ ਠੋਸਣ ਦੇ ਵਿੱਤੀ ਰੂਪ ਨੇ ਵਿਕਸਤ ਪੂੰਜੀਵਾਦੀ ਦੇਸ਼ਾਂ ਨੂੰ ਰਾਸ਼ਟਰਵਾਦੀ ਸਾਮਰਾਜਵਾਦ ਬਣਨ ਅਤੇ ਮੰਡੀਆਂ ਖੋਹਣ ਦੀ ਜੰਗ 'ਚ ਏਨਾ ਗਲਤਾਨ ਕੀਤਾ ਕਿ ਉਹ ਫਾਸ਼ਿਜ਼ਮ ਤੱਕ ਪਹੁੰਚ ਗਏ ਅਤੇ ਏਸ਼ੀਆ, ਅਫ਼ਰੀਕਾ ਦੇ ਮੁਲਕ ਇਹਨਾਂ ਦਾ ਖਾਜ਼ਾ।

ਹੁਣ ਦੁਨੀਆਂ ਦੇ ਹੋਰ ਦੇਸ਼ਾਂ 'ਚ ਪੈਦਾਵਾਰੀ ਸ਼ਕਤੀਆਂ ਦੇ ਕੁਦਰਤੀ ਵਿਕਾਸ ਦੀ ਸੰਭਾਵਨਾ ਤਕਰੀਬਨ ਮੁੱਕ ਗਈ, ਕਿਉਂਕਿ ਯੂਰਪ ਦਾ ਵਿਕਸਤ ਪੂੰਜੀਵਾਦ ਬਾਕੀ ਦੁਨੀਆਂ 'ਚੋਂ ਆਪਣੀ ਤਵਾਨਾਈ ਦਾ ਰਸ ਚੂਸਣ ਲਈ ਖੂੰਖਾਰ ਦੈਂਤ ਬਣ ਗਿਆ ਸੀ ਅਤੇ ਇਸ ਨੇ ਫ਼ਰਾਂਸ ਦੀ ਬੁਰਜੂਆਜ਼ੀ ਵਾਂਗ ਸਾਮੰਤਵਾਦ ਦੀ ਮੁਕੰਮਲ ਤਬਾਹੀ ਦੀ ਬਜਾਏ ਏਸ਼ੀਆ, ਅਫ਼ਰੀਕਾ ਆਦਿ ਮੁਲਕਾਂ ਦੀ ਪਰਜੀਵੀ ਸਾਮੰਤੀ ਜਮਾਤ ਨਾਲ ਭਿਆਲੀ ਗੰਢ ਲਈ ਅਤੇ ਯੂਰਪੀ ਬੈਂਕਰਾਂ ਦੀ ਪਰਜੀਵੀ ਜਮਾਤ ਦੀ ਧੌਂਸ ਨੂੰ ਸਵੀਕਾਰਦਿਆਂ ਸਮੁੱਚੇ ਵਿਸ਼ਵ ਨੂੰ ਜੰਗੀ ਅਖਾੜੇ 'ਚ ਪਲਟ ਦਿੱਤਾ ਅਤੇ ਸਾਮਰਾਜਾਂ ਦੇ ਪੁਰਾਣੇ ਰੂਪ ਨੂੰ ਨਵੇਂ ਵਿੱਤੀ ਪੂੰਜੀ ਦੇ ਸਾਮਰਾਜਵਾਦ 'ਚ ਪਲਟਦਿਆਂ ਖੋਹਾ-ਮਾਈ ਦੇ ਭਿਅੰਕਰ ਤਾਂਡਵ 'ਚ ਬਦਲ ਦਿੱਤਾ। ਇਸ ਨਵੀਂ ਸਥਿਤੀ 'ਚੋਂ ਲੈਨਿਨ ਅਤੇ ਉਸਦੀ ਪਾਰਟੀ ਨੇ ਜਨਮ ਲਿਆ, ਜੋ ਮਾਰਕਸਵਾਦ ਦੇ ਸਮਾਜਵਾਦੀ ਏਜੰਡੇ ਨੂੰ ਮਾਰਕਸ-ਏਂਗਲਜ਼ ਜਾਂ ਮਾਰਕਸਵਾਦੀ ਸਮਾਜਵਾਦ ਤੱਕ ਪਹੁੰਚਾਉਣ ਲਈ ਨਵੀਂ ਯੁੱਧ-ਨੀਤੀ ਤਿਆਰ ਕਰਨ ਦੇ ਰਾਹੇ ਹੋ ਤੁਰੇ, ਕਿਉਂਕਿ ਉਹ ਜਾਣਦੇ ਸੀ ਕਿ ਇਤਿਹਾਸ ਦੇ ਉਸ ਕਾਲ ਨੂੰ ਉਲੰਘਣਾ ਅਥਾਹ ਮੁਸ਼ਕਲ ਹੈ, ਜਿਸਦੀ ਸਿਧਾਂਤਕੀ ਮਾਰਕਸ ਨੇ ਆਪਣੇ ਸ਼ਬਦਾਂ ਨਾਲ ਤਿਆਰ ਕੀਤੀ ਸੀ। ਇਸੇ ਲਈ ਮਾਰਕਸ-ਏਂਗਲਜ਼ ਦੁਆਰਾ ਹੀਗਲ ਦੇ ਪ੍ਰਕਿਰਤਕ ਵਿਰੋਧ-ਵਿਕਾਸ ਨੂੰ ਆਧਾਰ ਮੰਨ ਕੇ ਵਿਕਸਤ ਕੀਤੇ ਪਦਾਰਥਵਾਦੀ ਵਿਰੋਧ-ਵਿਕਾਸ ਦੀ ਇਤਿਹਸਕ ਸ਼ਕਲ ਦਾ ਲੈਨਿਨ ਅਨੁਆਈ ਸੀ, ਜਿਸ ਨੂੰ ਸਤਾਲਿਨ ਨੇ ਆਪਣੀ ਵਿਚਾਰਧਾਰਾ ਦਾ ਵਾਹਕ ਬਣਾਉਂਦਿਆਂ ਉਸਦਾ ਨਾਮਕਰਨ 'ਲੈਨਿਨਵਾਦ' ਕਰ ਦਿੱਤਾ।

ਪਹਿਲਾਂ ਲੈਨਿਨ ਦੇ ਮਾਰਕਸਵਾਦੀ ਵਿਚਾਰਾਂ ਬਾਰੇ ਚਰਚਾ ਕਰਾਂਗੇ ਅਤੇ ਬਾਅਦ 'ਚ ਸਤਾਲਿਨ ਦੀ ਲੈਨਿਨਵਾਦੀ ਵਿਚਾਰਧਾਰਾ ਬਾਰੇ।

ਲੈਨਿਨ ਦੀਆਂ ਬਹੁਤ ਸਾਰੀਆਂ ਕਿਤਾਬਾਂ ਮਾਰਕਸ-ਏਂਗਲਜ਼ ਖਾਸ ਕਰਕੇ ਮਾਰਕਸ ਦੀਆਂ ਲਿਖਤਾਂ ਦੇ ਸਿਧਾਂਤ ਨੂੰ ਸਮਝਣ ਅਤੇ ਉਸਨੂੰ ਇਨਕਲਾਬ ਲਈ ਵਰਤੋਂ 'ਚ ਢਾਲਣ ਦੇ ਯਤਨ 'ਚ ਰੁੱਝੀਆਂ ਨਜ਼ਰ ਆਉਂਦੀਆਂ ਹਨ। ਇਹਨਾਂ ਲਿਖਤਾਂ ਤੋਂ ਸਿੱਧੇ ਰੂਪ 'ਚ ਸਪੱਸ਼ਟ ਹੁੰਦਾ ਹੈ ਕਿ ਇਹ ਸਰਮਾਏਦਾਰੀ ਪੈਂਤੜਿਆਂ ਦੇ ਨਵੇਂ ਰਾਹਾਂ ਨੂੰ ਮਾਰਕਸਵਾਦੀ ਸਿਧਾਂਤ 'ਚ ਢਾਲਦਿਆਂ ਪ੍ਰੋਲੇਤਾਰੀ ਸੰਘਰਸ਼ ਨੂੰ ਇਨਕਲਾਬ ਦੇ ਅਮਲੀ ਸਿਖਰ ਤੱਕ ਪਹੁੰਚਾਉਣ ਦੀ ਮੁਸ਼ੱਕਤ ਹਨ। ਲੈਨਿਨ ਦੇ ਸਮੁੱਚੇ ਵਿਚਾਰ ਮਾਰਕਸੀ ਸਿਧਾਂਤ ਨੂੰ ਅਮਲ 'ਚ ਲਿਆਉਣ ਦੇ ਲਈ ਬਦਲ ਰਹੀਆਂ ਪੂੰਜੀਵਾਦੀ ਸਥਿਤੀਆਂ, ਚਾਲਾਂ ਦਾ ਠੋਸ ਵਿਸਲੇਸ਼ਣ ਬਣਦੇ ਹਨ। ਉਹ 'ਨਿਖੇਧ ਦਾ ਨਿਖੇਧ' ਦੇ ਸਿਧਾਂਤ ਦਾ ਏਨਾ ਦੀਵਾਨਾ ਸੀ ਕਿ ਇਸਨੂੰ ਉਸਨੇ 'ਲਗਾਤਾਰ ਇਨਕਲਾਬਾਂ' ਦੇ ਸੰਕਲਪ 'ਚ ਢਾਲਣ ਦਾ ਯਤਨ ਕੀਤਾ। ਮਾਰਕਸ ਨੇ ਉੱਨਤ ਪੂੰਜੀਵਾਦੀ ਦੇਸ਼ਾਂ ਦੀਆਂ ਸਥਿਤੀਆਂ 'ਚੋਂ ਪ੍ਰੋਲੇਤਾਰੀ ਦੇ ਸਮਾਜਵਾਦੀ ਇਨਕਲਾਬ ਦਾ ਸੰਕਲਪੀਕਰਨ ਕੀਤਾ ਸੀ, ਪ੍ਰੰਤੂ ਲੈਨਿਨ ਦੇ ਸਮੇਂ ਪੂੰਜੀਵਾਦ ਪਰਜੀਵੀ ਵਿੱਤੀ ਪੂੰਜੀ ਦੇ ਵਲੇਵੇਂ 'ਚ ਅਜਾਏਦਾਰੀ ਰੂਪ ਧਾਰਦਿਆਂ ਅਜਾਰੇਦਾਰਾਨਾ ਪੂੰਜੀਵਾਦ ਦਾ ਸੰਘ ਬਣ ਗਿਆ ਸੀ ਅਤੇ ਸਾਮਰਾਜਵਾਦ ਨਾਲ ਗੰਢ-ਚਿਤਰਾਵੇ ਦਾ ਰੂਪ ਧਾਰਨ ਕਰਦਿਆਂ ਵਿਸ਼ਵ, ਖਾਸ ਕਰ ਤੀਸਰੀ ਦੁਨੀਆਂ ਦੇ ਮੁਲਕਾਂ ਦੀ ਪੁਨਰ-ਵੰਡ ਜਾਂ ਖੋਹਾਮਾਈ ਦੀਆਂ ਵਿਰੋਧਤਾਈਆਂ 'ਚ ਗਰੱਸਿਆ ਗਿਆ ਸੀ। ਵਿੱਤੀ ਪੂੰਜੀ ਰਾਹੀਂ ਪੱਛੜੇ ਮੁਲਕਾਂ 'ਤੇ ਕਬਜ਼ੇ ਸਾਮਰਾਜਾਂ ਦੀ ਮੁੱਖ ਯੁੱਧਨੀਤਕ ਵਿਰੋਧਤਾਈ ਸੀ, ਵਿੱਤੀ ਪੂੰਜੀ ਦੇ ਦਾਬੇ ਹੇਠਲੇ ਮੁਲਕ ਇਹਨਾਂ ਸਾਮਰਾਜੀ ਜੰਗਾਂ 'ਚ ਪਾਰਟੀ ਵਜੋਂ ਭੂਮਿਕਾ ਨਾ ਨਿਭਾਉਣ, ਇਸ ਵਾਸਤੇ ਉਥੋਂ ਦੇ ਆਵਾਮ ਨੂੰ ਲੋਕ ਜਮਹੂਰੀ ਇਨਕਲਾਬ ਲਈ ਜਥੇਬੰਦ ਕਰਦਿਆਂ ਸਟੇਟ ਉੱਤੇ ਪ੍ਰੋਲੇਤਾਰੀ ਜਮਾਤ ਦਾ ਰਾਜਨੀਤਕ ਕਬਜ਼ਾ, ਕਮਿਊਨਿਸਟ ਪਾਰਟੀ ਦੀ ਯੁੱਧ-ਨੀਤੀ ਹੋਵੇ, ਜੋ ਉਸ ਵਕਤ ਦੀ ਵਿੱਤੀ ਪੂੰਜੀ ਦੇ ਦਾਬੇ ਹੇਠਲੀਆਂ ਹਾਕਮ ਧਿਰਾਂ ਜਾਂ ਬਸਤੀਵਾਦੀ ਸਰਕਾਰਾਂ ਵਿਰੁੱਧ ਹੋਰ ਜਮਾਤਾਂ ਦੇ ਸੰਘਰਸ਼ ਦਾ ਸਾਥ ਦਿੰਦਿਆਂ ਗੁਣਾਤਮਿਕ ਤਬਦੀਲੀ ਵੱਲ ਪਹੁੰਚ ਕਰੇ ਅਤੇ ਇਸਨੂੰ ਲੋਕ ਜਮਹੂਰੀ ਇਨਕਲਾਬ 'ਚ ਪਲਟਣ ਲਈ ਇਸਦੀ ਕਮਜ਼ੋਰ ਕੜੀ 'ਤੇ ਸੱਟ ਮਾਰੇ, ਕਿਉਂਕਿ ਉਸ ਵਕਤ ਸਮਰਾਜਵਾਦ ਆਪਣੀ ਪ੍ਰਮੁੱਖ ਵਿਰੋਧਤਾਈ ਦੀ 'ਖਸਤਾ' ਹਾਲਤ 'ਚੋਂ ਲੰਘ ਰਿਹਾ ਹੁੰਦਾ ਹੈ। ਭਾਰਤੀ 'ਲੈਨਿਵਾਦੀ' ਕਮਿਊਨਿਸਟਾਂ ਨੇ ਲੈਨਿਨੀ ਵਿਚਾਰਾਂ ਦੇ ਐਨ ਉੱਲਟ ਸਤਾਲਿਨੀ ਰਾਸ਼ਟਰਵਾਦੀ ਬਿਰਤੀ ਦਾ ਸਾਥ ਦਿੰਦਿਆਂ ਇਕ ਦੇਸ਼ 'ਚ ਸਮਾਜਵਾਦ ਸਥਾਪਿਤ ਰੱਖੀ ਰੱਖਣ ਲਈ ਬਸਤੀਵਾਦ ਵਿਰੁੱਧ ਲੜ ਰਹੀਆਂ ਜਮਾਤਾਂ ਨਾਲ ਚੱਲਣ ਦੀ ਬਜਾਏ ਸਾਮਰਾਜਵਾਦ ਦੀ ਪਾਰਟੀ ਵਜੋਂ ਭੂਮਿਕਾ ਨਿਭਾਈ ਅਤੇ ਇਸੇ ਤਰ੍ਹਾਂ ਹੋਰ ਦੇਸ਼ਾਂ ਦੇ ਕਮਿਊਨਿਸਟਾਂ ਨੇ ਵੀ ਸੋਵੀਅਤ ਯੂਨੀਅਨ ਨੂੰ ਸੰਪੂਰਣ ਰੂਪ 'ਚ ਆਪਣਾ ਰਾਸ਼ਟਰ ਸਵੀਕਾਰਦੇ ਹੋਏ, ਬਸਤੀਵਾਦ ਵਿਰੁੱਧ ਆਪਣੇ ਸੰਘਰਸ਼ ਨੂੰ ਸਤਾਲਿਨਵਾਦ ਦੀ ਝੋਲੀ ਪਾ ਦਿੱਤਾ।

ਇਹ ਵਕਤ ਸਿੱਧੇ ਸਮਾਜਵਾਦੀ ਇਨਕਲਾਬ ਦਾ ਨਹੀਂ ਸੀ, ਸਗੋਂ 'ਲਗਾਤਾਰ ਇਨਕਲਾਬਾਂ' ਰਾਹੀਂ ਪ੍ਰੋਲੇਤਾਰੀਆ ਦੇ ਸਮਾਜਵਾਦੀ ਇਨਕਲਾਬ ਦੇ ਸੰਕਲਪ ਤੱਕ ਪਹੁੰਚਣ ਦੇ ਅਮਲ ਦੀ ਮੰਗ ਕਰ ਰਿਹਾ ਸੀ। ਜਦੋਂ ਉੱਨਤ ਪੂੰਜੀਵਾਦ ਨੇ ਵਿੱਤੀ ਰੂਪ ਧਾਰ ਕੇ ਪੱਛੜੇ ਮੁਲਕਾਂ ਨੂੰ ਕੇਵਲ ਕੱਚੇ ਮਾਲ ਦੀ ਮੰਡੀ ਤੱਕ ਸੀਮਤ ਕਰ ਦੇਣਾ ਹੋਵੇ ਤਾਂ ਉੱਥੋਂ ਦੀਆਂ ਉਤਪਾਦਕ ਸ਼ਕਤੀਆਂ ਦਾ ਵਿਕਾਸ ਅਸੰਭਵ ਹੋ ਜਾਂਦਾ ਹੈ ਜਾਂ ਹਾਕਮ ਜਮਾਤ ਵੱਲੋਂ ਪੇਸ਼ ਕੀਤੇ ਵਿਚਾਰ ਅਤੇ ਉਤਪਾਦਨ ਦੇ ਪ੍ਰਬੰਧ ਪੈਦਾਵਾਰੀ ਸ਼ਕਤੀਆਂ ਦੇ 'ਵਿਕਾਸ' 'ਚ ਅੜਿੱਕਾ ਬਣਕੇ ਕੇਵਲ ਬਸਤੀਵਾਦੀ ਚੇਤਨਾ ਦਾ ਅੰਗ-ਭਾਗ ਬਣ ਜਾਂਦੇ ਹਨ ਅਤੇ ਉਹ ਆਜ਼ਾਦ ਖਿਆਲਾਂ ਤੋਂ ਹੀਣੇ, ਪਰਜੀਵੀ ਵਿੱਤੀ ਪੂੰਜੀਪਤੀਆਂ ਲਈ ਲਹੂ ਮੁਹੱਈਆ ਕਰਨ ਵਾਲੇ 'ਜਾਨਵਰ' ਬਣ ਜਾਂਦੇ ਹਨ। ਇਸ ਲਈ ਇਸ ਨਵੇਂ ਸਾਮਰਾਜਵਾਦੀ ਪੂੰਜੀਵਾਦ ਲਈ ਪੱਛੜੇ ਮੁਲਕਾਂ ਚੋਂ 'ਲਹੂ' ਪ੍ਰਾਪਤ ਕਰਕੇ ਆਪਣੇ ਮੋਟੇ ਦਰ ਮੋਟੇ ਹੋਈ ਜਾਣ ਦੇ ਉਤਪਾਦਨੀ 'ਵਿਕਾਸ' ਨੂੰ ਰੋਕਣਾ ਹੀ ਲੈਨਿਨ ਦਾ ਥੀਸਸ ਸੀ, ਕਿਉਂਕਿ ਸਾਮਰਾਜ ਇਕ ਨਾ ਹੋਣ ਕਰਕੇ ਬਹੁ-ਰਾਸ਼ਟਰਾਂ ਨਾਲ ਸਬੰਧਿਤ ਸਨ ਅਤੇ ਖੋਹਾਮਾਹੀ ਦੀਆਂ ਆਪਸੀ ਵਿਰੋਧਤਾਈਆਂ 'ਚ ਉਲਝੇ ਖੂਨੀ ਜੰਗਾਂ ਤੱਕ ਪਹੁੰਚ ਗਏ ਸਨ। ਲੈਨਿਨ ਦੇ ਵਿਚਾਰਾਂ ਦੀ ਮੁੱਖ ਸ਼ਕਤੀ ਇਸਨੂੰ ਸਮਝਣਾ ਅਤੇ ਇਸ ਦੇ ਵਿਸਲੇਸ਼ਣ 'ਚੋਂ ਮਾਰਕਸਵਾਦੀ ਸਮਾਜਵਾਦੀ ਇਨਕਲਾਬ ਦੇ ਸਿਧਾਂਤ ਦੀ ਪਹਿਲੀ ਪੌੜੀ ਨੂੰ ਸਰ ਕਰਨ ਦੀ ਯੁੱਧ-ਨੀਤੀ ਉਲੀਕਦਿਆਂ, ਕਮਿਊਨਿਸਟ ਪਾਰਟੀ (ਬਾਲਸਵਿਕ) ਦਾ ਮਜ਼ਬੂਤ ਅਮਲੀ ਰਾਹ ਤਿਆਰ ਕਰਨਾ ਸੀ।

ਲੈਨਿਨ ਕੋਲ ਸਥਿਤੀਆਂ ਨੂੰ ਸਮਝਣ ਅਤੇ ਯੁੱਧ-ਨੀਤੀ ਨੂੰ ਦਾਅ-ਪੇਚਾਂ ਰਾਹੀਂ ਇਨਕਲਾਬੀ ਰੂਪ 'ਚ ਢਾਲਣ ਦੀ ਅਥਾਹ ਮੁਹਾਰਤ ਸੀ, ਇਸੇ ਲਈ ਉਹ ਕਾਊਟਸਕੀ ਦੇ ਢਿੱਲੜ ਮਾਰਕਸਵਾਦੀ ਅਮਲ ਤੋਂ ਵਿੱਥ ਥਾਪਦਾ ਉਸ ਦੀ ਅਲੋਚਨਾ ਰਾਹੀਂ ਵੱਖਰੇ ਸਿੱਟੇ 'ਤੇ ਪਹੁੰਚਦਾ ਹੈ। ਤ੍ਰਾਤਸਕੀ ਨੇ ਇਹ ਸਮਝ ਲਿਆ ਸੀ ਕਿ ਲੈਨਿਨ ਆਪਣੇ ਸਹੀ ਮਾਰਕਸਵਾਦੀ ਅਮਲ 'ਚ ਇਕੱਲਾ ਤਾਂ ਰਹਿ ਸਕਦਾ ਸੀ, ਮਗਰ ਸਮਝੌਤਾਵਾਦੀ ਬਿਰਤੀ ਉਸ ਨੂੰ ਕਦੇ ਆਕਰਸ਼ਿਤ ਨਹੀਂ ਕਰ ਸਕਦੀ ਸੀ (ਅਸਲ

'ਚ ਸਮਝੌਤਾਵਾਦੀ ਬਿਰਤੀ ਵਿਰੋਧ ਵਿਕਾਸੀ ਅਮਲ ਨਹੀਂ ਹੈ। ਗੁਣਾਤਮਿਕ ਤਬਦੀਲੀ ਦੀ ਲਗਾਤਾਰਤਾ ਲਈ ਇਕ ਤੱਤ/ਵਿਚਾਰ/ਜਮਾਤ ਦਾ ਦੂਸਰੇ ਤੱਤ (ਵਿਚਾਰ/ਜਮਾਤ) ਨਾਲ ਮਿਲਾਨ ਅਤੇ ਵਖਰੇਵਾਂ ਉਦੋਂ ਜਦੋਂ ਇਹ ਸਿਫਤ ਵੱਲ ਨੂੰ ਜਾਣ ਵਾਸਤੇ ਸਹਾਈ ਹੋਣ, ਇਸੇ ਅਮਲ ਰਾਹੀਂ ਅਸੀਂ ਵਿਰੋਧ ਵਿਕਾਸ ਨੂੰ ਸਮਝ ਸਕਦੇ ਹਾਂ), ਜਿਹਾ ਕਿ ਤ੍ਰਾਤਸਕੀ ਦੇ ਸੁਭਾਅ ਦਾ ਅਮਲ ਸੀ, ਇਸੇ ਕਰਕੇ ਲੈਨਿਨ ਦੇ ਸਮਕਾਲੀ ਮਾਰਕਸਵਾਦੀ ਉਸ ਦੀ ਅਲੋਚਨਾ ਦੇ 'ਡੰਗ' ਦਾ ਸ਼ਿਕਾਰ ਹੋਏ ਹਨ। ਉਸਦੀ ਨਿੱਜੀ ਵਿਰੋਧਤਾ ਕਿਸੇ ਨਾਲ ਨਹੀਂ ਸੀ, ਸਗੋਂ ਮਾਰਕਸਵਾਦ ਨਾਲ ਪ੍ਰਤੀਬੱਧਤਾ ਸੀ, ਜੋ ਅਮਲ 'ਚ ਉਸਦੀ ਚੇਤਨਾ ਦਾ ਹਿੱਸਾ ਹੋ ਗਈ ਸੀ, ਜੋ ਸਹੀ ਯੁੱਧ-ਨੀਤੀ 'ਚ ਹੋਰਾਂ ਦੀ ਅਲੋਚਨਾ ਦਾ ਰੂਪ ਧਾਰ ਜਾਂਦੀ ਸੀ।

ਸਭ ਤੋਂ ਪਹਿਲਾਂ ਵੱਖ-ਵੱਖ ਜਗ੍ਹਾ ਉੱਤੇ ਪੇਸ਼ ਕੀਤੇ ਜਾਂਦੇ ਲੈਨਿਨਵਾਦ ਦੇ ਮੁੱਖ ਥੀਸਸ 'ਸਾਮਰਾਜਵਾਦ: ਸਰਮਾਏਦਾਰੀ ਦਾ ਸਰਵਉੱਚ ਪੜਾਅ' ਬਾਰੇ ਮੁੜ ਚਰਚਾ ਕਰਾਂਗੇ, ਕਿਉਂਕਿ ਪਹਿਲਾਂ ਇਕ ਲੇਖ 'ਚ ਕੀਤੀ ਚਰਚਾ ਅਨੁਵਾਦਤ ਪੁਸਤਕਾਂ ਦੀ ਸਮੱਸਿਆ ਜਾਂ ਸਤਾਲਿਨਵਾਦ ਦੀ 'ਲੈਨਿਨਵਾਦੀ ਯੁੱਧਨੀਤੀ' ਕਾਰਨ ਅਧੂਰੀ ਜਾਂ ਗਲਤ ਸਿੱਟੇ ਕੱਢਦੀ ਹੈ। ਇਸ ਪੁਸਤਕ ਅਤੇ ਇਸਦੀ ਲੈਨਿਨਵਾਦੀ ਵਿਆਖਿਆ ਦੀ ਵਿਡੰਬਨਾ ਇਹ ਹੈ ਕਿ ਉਹ ਸਾਮਰਾਜਵਾਦ ਨੂੰ ਪੂੰਜੀਵਾਦ ਦੇ "ਸਰਵਉੱਚ ਪੜਾਅ" (highest stage) ਵਜੋਂ ਕਿਤੇ ਵੀ ਜ਼ੋਰ ਨਹੀਂ ਦੇ ਰਿਹਾ, ਸਗੋਂ ਸਾਮਰਾਜਵਾਦਾਂ ਵਿਚਲੇ ਅਜਾਰੇਦਾਰ ਪੂੰਜੀਪਤੀਆਂ ਦੇ ਬੈਂਕੀ ਪਰਜੀਵੀਆਂ ਨਾਲ ਗਠਜੋੜ ਦੇ ਪੜਾਅ ਨੂੰ ਨਵੀਨ/ਅਜੋਕਾ ਪੜਾਅ (latest stage) ਉੱਪਰ ਜ਼ੋਰ ਦੇ ਰਿਹਾ ਹੈ। 'ਸਰਵਉੱਚ' ਪੜਾਅ ਪੂੰਜੀਵਾਦ ਦਾ ਸੰਕਲਪੀਕਰਨ ਹੈ ਅਤੇ 'ਅਜੋਕਾ' ਪੜਾਅ ਲੈਨਿਨ ਦੇ ਆਪਣੇ ਸਮੇਂ ਦੇ ਪੂੰਜੀਵਾਦੀ ਰੂਪ ਦੀ ਵਿਆਖਿਆ ਹੈ। ਇਸ ਤਰ੍ਹਾਂ 'ਸਰਵਉੱਚ' ਅਤੇ 'ਨਵੀਨ/ਅਜੋਕਾ' ਦੇ ਅਰਥਾਂ 'ਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਲੈਨਿਨ ਦੀ ਇਸੇ ਕਿਤਾਬ ਦੀ ਅੰਗਰੇਜ਼ੀ ਛਾਪ 'ਚ ਸਰਵਉੱਚ ਸ਼ਬਦ 'ਵਸਤੂ ਉਤਪਾਦਨ ਦੇ ਤੌਰ 'ਤੇ ਸਰਵਉੱਚ ਅਵਸਥਾ' ਦੋ ਵਾਰ ਆਉਂਦਾ ਹੈ ਅਤੇ ਦੋ ਵਾਰ ਹੋਰ ਇਸਦੇ ਨੇੜੇ-ਤੇੜੇ ਦੇ ਅਰਥ ਦਿੰਦਾ ਹੈ, ਮਗਰ 'ਪੂੰਜੀਵਾਦ ਦੇ ਅਜੋਕੇ/ਨਵੀਨ ਪੜਾਅ ਨੂੰ ਸਾਮਰਾਜਵਾਦ ਨਾਲ ਪੁਕਾਰਿਆ ਜਾਣਾ ਚਾਹੀਦਾ ਹੈ ਜਾਂ ਵਿੱਤੀ ਪੂੰਜੀ ਦੇ ਪੜਾਅ ਵਜੋਂ।' ਕਾਊਟਸਕੀ ਦੇ ਢਿੱਲੜ ਜਾਂ ਅਜਾਰੇਦਾਰ ਪੂੰਜੀਵਾਦ ਦੇ ਪੱਖ ਪੂਰਨ ਨੂੰ ਲੈਨਿਨ ਨੇ ਸਾਮਰਾਜਵਾਦੀ ਪੱਖ ਹੀ ਕਰਾਰ ਦਿੱਤਾ ਹੈ, ਕਾਊਟਸਕੀ ਵਰਗਿਆਂ ਲਈ ਲੈਨਿਨ ਲਿਖਦਾ ਹੈ 'ਸਾਮਰਾਜਵਾਦ ਲਈ ਖਿਮਾ ਜਾਚਨਾ ਅਤੇ ਉਸਨੂੰ ਚਮਕਦਾਰ ਰੰਗ 'ਚ ਰੰਗਣ ਦੀਆਂ ਕੋਸ਼ਿਸ਼ਾਂ ਬਣ ਜਾਂਦੀਆਂ ਹਨ, ਕਿਉਂਕਿ ਉਹ ਪੂੰਜੀਵਾਦ: ਅਜਾਰੇਦਾਰੀ ਦੇ ਅਜੋਕੇ ਪੜਾਅ ਦੇ ਨਿਯਮਬੱਧ ਹੁਲੀਏ ਨੂੰ ਅੱਖੋਂ-ਪਰੋਖੇ ਕਰਦੇ ਹਨ।' ਅਤੇ ਇਸੇ ਤਰ੍ਹਾਂ 'ਬਸਤੀਵਾਦੀ ਨੀਤੀ ਅਤੇ ਸਾਮਰਾਜਵਾਦ ਪੂੰਜੀਵਾਦ ਦੇ ਅਜੋਕੇ ਪੜਾਅ ਤੋਂ ਪਹਿਲਾਂ ਵੀ ਆਪਣੀ ਹੋਂਦ ਰੱਖਦੇ ਸਨ ਅਤੇ ਇੱਥੋਂ ਤੱਕ ਕਿ ਪੂੰਜੀਵਾਦ ਤੋਂ ਪਹਿਲਾਂ ਵੀ।' ਇਹ ਆਖਰੀ ਸਤਰ ਉਹਨਾਂ ਸਭ ਸਤਰਾਂ ਦੇ ਸੰਦਰਭ ਦੀ ਨੁਮਾਇੰਦਗੀ ਕਰਦੀ ਹੈ ਕਿ ਲੈਨਿਨ ਦਾ ਮਕਸਦ ਕਿਤੇ ਵੀ ਸਾਮਰਾਜਵਾਦ ਨੂੰ ਪੂੰਜੀਵਾਦ ਦੀ ਸਰਵਉੱਚਤਾ ਦੇ ਸਿਧਾਂਤ ਵਜੋਂ ਸਿੱਧ ਕਰਨਾ ਨਹੀਂ ਹੈ, ਸਗੋਂ ਆਪਣੇ ਸਮੇਂ ਦੇ ਸਾਮਰਾਜਵਾਦ 'ਚ ਅਜਾਰੇਦਾਰ ਪੂੰਜੀਵਾਦੀ ਮਾਲਕਾਂ (monopolist industrial employer) ਦੇ ਪਰਜੀਵੀ ਵਿੱਤੀ ਪੂੰਜੀਪਤੀਆਂ ਨਾਲ ਨਵੇਂ ਗੰਢ-ਚਿਤਰਾਵੇ ਦੀ ਵਿਆਖਿਆ ਕਰਨਾ ਸੀ (ਹੁਣ ਇਹ ਗਠਜੋੜ ਕਾਰਪੋਰੇਟ ਦੇ ਛਲਾਵੇ 'ਚ ਸਿਖਰ ਹੰਢਾਅ ਰਿਹਾ ਹੈ), ਜਿਸ ਵਾਸਤੇ ਕਾਊਟਸਕੀ ਵਰਗੇ ਉੱਨਤ ਦੇਸ਼ਾਂ ਦੇ 'ਮਾਰਕਸਵਾਦੀ' ਆਪਣੇ ਦੇਸ਼ਾਂ ਦੇ ਕਾਮਿਆਂ ਦੇ ਹਿੱਤ ਮਾਰਕਸਵਾਦੀ ਸਿਧਾਂਤ ਦੇ ਭਗੌੜੇ ਬਣ ਪੱਛੜੇ ਦੇਸ਼ਾਂ ਦੀ ਸਾਮਰਾਜਵਾਦੀ ਲੁੱਟ ਦੇ ਇਸ ਪੜਾਅ ਦੀ ਭੌਂਡੀ ਵਿਆਖਿਆ ਕਰ ਰਹੇ ਸਨ। ਲੈਨਿਨ ਜਦੋਂ ਇਹ ਆਖ ਰਿਹਾ ਹੈ ਕਿ 'ਬਸਤੀਵਾਦੀ ਨੀਤੀ ਅਤੇ ਸਾਮਰਾਜਵਾਦ ਪੂੰਜੀਵਾਦ ਦੇ ਅਜੋਕਾ ਪੜਾਅ ਤਾਂ ਕੀ ਪੂੰਜੀਵਾਦ ਤੋਂ ਪਹਿਲਾਂ ਵੀ ਆਪਣੀ ਹੋਂਦ ਰੱਖਦਾ ਸੀ', ਤਾਂ ਕੀ ਲੈਨਿਨ ਦੇ ਥੀਸਸ ਦਾ ਮਕਸਦ 'ਸਾਮਰਾਜਵਾਦ: ਸਰਮਾਏਦਾਰੀ ਦਾ ਸਰਵਉੱਚ ਪੜਾਅ' ਹੋ ਸਕਦਾ ਹੈ? ਹਰਗਿਜ ਨਹੀਂ! ਇਸ ਦੀ ਵਿਆਖਿਆ ਲੈਨਿਨਵਾਦ ਬਣਾਉਣ ਵਾਲਿਆਂ ਦੇ ਹਿੱਤ ਪੂਰਦੀ ਨਜ਼ਰ ਆਉਂਦੀ ਹੈ ਅਤੇ ਇਸ ਕਿਤਾਬ ਦਾ ਸਿਰਲੇਖ ਇਤਿਹਾਸਕ ਕੁਤਾਹੀ ਬਣ ਜਾਂਦਾ ਹੈ। ਕਿਤਾਬ ਨੂੰ ਗਹੁ ਨਾਲ ਪੜ੍ਹਦਿਆਂ ਇਸ ਦੇ ਸਿਰਲੇਖ 'ਤੇ ਸ਼ੱਕ ਕਰਨਾ ਜ਼ਰੂਰੀ ਬਣ ਜਾਂਦਾ ਹੈ ਕਿ ਕੀ ਲੈਨਿਨ ਦੀ ਇਸ ਕਿਤਾਬ ਨੂੰ ਕਿਸੇ ਖਾਸ ਮਕਸਦ ਲਈ ਤਾਂ ਨਹੀਂ ਵਰਤਿਆ ਗਿਆ ਜੋ ਆਪ ਕਿਤਾਬ 'ਚ ਅਨੇਕਾਂ ਵਾਰ ਸਾਮਰਾਜਵਾਦ ਨੂੰ ਅਜੋਕਾ ਪੜਾਅ ਕਹਿੰਦਾ ਹੈ ਪਰ ਸਿਰਲੇਖ 'ਸਰਵਉੱਚ ਪੜਾਅ' ਬਣਿਆ ਰਿਹਾ ਹੈ।

ਅਸੀਂ ਇਸ ਪੁਸਤਕ ਦੇ ਸਿਰਲੇਖ ਨੂੰ 'ਸਾਮਰਾਜਵਾਦ: ਸਰਮਾਏਦਾਰੀ ਦਾ ਅਜੋਕਾ ਪੜਾਅ' ਮੰਨ ਕੇ ਇਸਦੀ ਵਿਆਖਿਆ ਕਰਾਂਗੇ ਅਤੇ ਏਸ਼ੀਆ, ਅਫ਼ਰੀਕਾ ਲਈ ਇਸ ਸਾਮਰਾਜਵਾਦ ਦਾ ਲੈਨਿਨੀ ਮਤਲਬ ਅਤੇ ਮਕਸਦ ਸਮਝਣ ਦੀ ਕੋਸ਼ਿਸ਼ ਕਰਾਂਗੇ। ਮਾਰਕਸ ਆਪਣੀਆਂ ਕਿਰਤਾਂ 'ਚ ਪੂੰਜੀਵਾਦ ਦੇ ਆਜ਼ਾਦ ਵਪਾਰਕ ਮੁਕਾਬਲੇ 'ਚ ਅਜਾਰੇਦਾਰੀ ਲੱਛਣ ਦੀ ਵਿਆਖਿਆ ਲੰਬੇ-ਚੌੜੇ ਰੂਪ 'ਚ ਕਰਦਾ ਹੈ, ਪ੍ਰੰਤੂ ਇਸਦੀ ਵਿੱਤੀ ਪੂੰਜੀ ਨਾਲ ਭਿਆਲੀ ਦੇ ਝਲਕਾਰੇ ਕਿਤੇ-ਕਿਤੇ ਏਂਗਲਜ਼ ਦੀਆਂ ਕਿਰਤਾਂ 'ਚ ਮਿਲਣੇ ਸ਼ੁਰੂ ਹੋ ਜਾਂਦੇ ਹਨ। ਲੈਨਿਨ ਦੀ ਮਾਰਕਸਵਾਦੀ ਗਹਿਰਾਈ ਹੀ ਸਾਮਰਾਜਵਾਦ ਦੇ ਇਸ ਨਵੇਂ ਰੂਪ

ਨੂੰ ਸਮਝਣ ਦੇ ਰਾਹੇ ਤੋਰਦੀ ਹੈ ਜਿਸ ਨਾਲ ਅਜਾਰੇਦਾਰ ਪੂੰਜੀਵਾਦ ਦੀ ਵਿੱਤੀ-ਪੂੰਜੀ ਨਾਲ ਭਿਆਲੀ ਨੇ ਉੱਨਤ ਸਾਮਰਾਜੀ ਦੇਸ਼ਾਂ ਨੂੰ ਰਾਸ਼ਟਰਵਾਦੀ ਬਿਰਤੀ ਦਾ ਨਸਲੀ ਪਾਠ ਪੜ੍ਹਾਉਂਦਿਆਂ ਅਸਿੱਧੇ ਰੂਪ 'ਚ ਵਿਕਸਤ ਪੂੰਜੀਵਾਦੀ ਸਟੇਟਾਂ ਉੱਤੇ ਕਬਜ਼ਾ ਕਰ ਲਿਆ ਅਤੇ ਆਪਣੇ ਹਿੱਤਾਂ ਲਈ ਵਿਸ਼ਵ ਭਰ ਦੇ ਆਵਾਮ ਨੂੰ ਖ਼ੂਨੀ ਜੰਗਾਂ ਅੰਦਰ ਧੱਕ ਦਿੱਤਾ। ਸਾਮਰਾਜਵਾਦ ਦੇ ਇਸ ਰੂਪ ਨੂੰ ਭੰਨਣਾ ਅਤੇ ਏਸ਼ੀਆ-ਅਫਰੀਕਾ ਦੇ ਪੱਛੜੇ ਦੇਸ਼ਾਂ ਦੇ ਆਵਾਮ ਨੂੰ ਲਾਮਬੰਦ ਕਰਕੇ ਸਾਮਰਾਜਵਾਦ ਜਾਂ ਅਜਾਰੇਦਾਰ ਪੂੰਜੀਵਾਦ ਦੇ ਵਿੱਤੀ ਪੂੰਜੀ ਨਾਲ ਭਿਆਲੀ ਦੇ ਇਸ ਖ਼ੂੰਖਾਰ ਦੈਂਤ ਵਿਰੁੱਧ ਪ੍ਰੋਲੇਤਾਰੀ ਜਮਾਤ ਅਧੀਨ ਬਾਕੀ ਦਮਿਤ ਜਮਾਤਾਂ ਨੂੰ ਏਕਤਾਬੱਧ ਸੰਘਰਸ਼ ਦੇ ਇਨਕਲਾਬੀ ਰਾਹੇ ਤੋਰਨਾ ਲੈਨਿਨ ਦੇ ਮਾਰਕਸਵਾਦੀ ਅਮਲ ਦਾ ਰਾਹ ਸੀ।

ਲੈਨਿਨ ਦੇ 'ਅਜੋਕੇ ਪੜਾਅ' ਦਾ ਮਕਸਦ ਸਾਮਰਾਜਵਾਦ ਦੀ ਉਸ ਅਵਸਥਾ ਦੇ ਬੂਹੇ ਬੰਦ ਕਰਨਾ ਸੀ ਜਿਸ ਨਾਲ ਸਮੁੱਚੀ ਦੁਨੀਆ ਦੀਆਂ ਪੀੜਤ ਧਿਰਾਂ ਦਾ ਖ਼ੂਨ ਚੰਦ ਅਜਾਰੇਦਾਰ ਪੂੰਜੀਪਤੀ ਅਤੇ ਪਰਜੀਵੀ ਬੈਂਕਰ ਚੂਸਣ ਲਈ ਆਵਾਮ ਨੂੰ ਜੰਗ ਦੇ ਮੈਦਾਨ 'ਚ ਸੁੱਟ ਰਹੇ ਸਨ। ਲੈਨਿਨ ਨੇ ਮਾਰਕਸਵਾਦੀ ਸਿਧਾਂਤ ਦੇ ਪਦਾਰਥਵਾਦੀ ਵਿਰੋਧ ਵਿਕਾਸ 'ਚ 'ਨਿਖੇਧ ਦਾ ਨਿਖੇਧ' ਸਮਝਦਿਆਂ ਇਹ ਜਾਣਿਆ ਕਿ ਸਮਾਜਿਕ ਵਿਵਸਥਾ 'ਚ ਕਿਸੇ ਤੰਤਰ ਦਾ ਨਿਖੇਧ ਤਾਂ ਹੋ ਸਕਦਾ ਹੈ ਜੇ ਪੂਰਨ ਰੂਪ 'ਚ ਪਦਾਰਥਕ ਹਾਲਤਾਂ ਦੀ ਏਕਤਾ ਉਸਨੂੰ ਨਿਖੇਧ ਤੱਕ ਪਹੁੰਚਾਉਣ ਲਈ ਏਕਤਾ 'ਚ ਸੁਰਬੱਧ ਹੋਈ ਹੋਵੇ ਜਾਂ ਹੋਣ ਵੱਲ ਜਾ ਰਹੀ ਹੋਵੇ, ਭਾਵ ਵਿਰੋਧਾਂ ਦੀ ਏਕਤਾ (object) ਹੀ ਵਸਤੂ (subject) ਦੇ ਵਾਸਤਵਿਕ ਰੂਪ ਦਾ ਨਿਖੇਧ ਕਰਕੇ ਉਸਨੂੰ ਅਗਲੀ ਨਿਖੇਧੀ ਪ੍ਰਕਿਰਿਆ 'ਚ ਪਾ ਸਕਦੀ ਹੈ, ਜਿਵੇਂ ਇਕ ਬੀਜ ਆਪਣੇ ਵਿਰੋਧਾਂ ਦੀ ਪੂਰਨ ਏਕਤਾ 'ਚ ਨਿਖੇਧ ਦਾ ਸ਼ਿਕਾਰ ਹੋ ਕੇ ਪੌਦੇ ਦਾ ਰੂਪ ਧਾਰਦਾ ਅਗਲੀ ਨਿਖੇਧੀ ਪ੍ਰਕਿਰਿਆ ਦੇ ਹਵਾਲੇ ਹੁੰਦਾ ਹੈ। ਵਿਰੋਧ-ਵਿਕਾਸ ਦੀ ਪ੍ਰਕਿਰਿਆ ਨੂੰ ਸਮਝਦਿਆਂ ਲੈਨਿਨ ਇਸ ਸਿੱਟੇ 'ਤੇ ਪੁੱਜਾ ਕਿ ਉੱਨਤ ਦੇਸ਼ਾਂ ਦਾ ਪੂੰਜੀਵਾਦ ਆਪਣੇ ਵਿਕਾਸ ਦੀ ਸਰਵਉੱਚ ਵਿਵਸਥਾ 'ਚ ਭਾਵੇਂ ਪਹੁੰਚ ਚੁੱਕਾ ਹੈ, ਪ੍ਰੰਤੂ ਇਸ ਦਾ ਨਿਖੇਧ ਹੋਣ ਲਈ ਯੂਰਪ 'ਚ ਇਸਦੇ ਵਿਰੋਧਾਂ ਦੀ ਏਕਤਾ ਸੁਰਬੱਧ ਨਹੀਂ ਹੋ ਸਕਦੀ, ਕਿਉਂਕਿ ਇਸਨੇ ਆਪਣੇ ਆਪ ਨੂੰ ਜਵਾਨ ਅਵਸਥਾ 'ਚ ਰੱਖਣ ਦੀ ਯੁੱਧ-ਨੀਤੀ ਅਤੇ ਦਾਅ ਪੇਚ ਸਿੱਖ ਲਏ ਹਨ। ਜਿੱਥੇ ਇਸ ਦੇ ਨਿਖੇਧ ਹੋਣ ਦਾ ਖਤਰਾ ਸੀ ਉਹ ਯੂਰਪ ਦੇ ਉੱਨਤ ਦੇਸ਼ਾਂ ਦੀ "ਕਬਰਪੁੱਟ" ਪ੍ਰੋਲੇਤਾਰੀ ਜਮਾਤ ਸੀ। ਉਹ ਕਬਰ ਤਾਂ ਖੋਦ ਸਕਦੀ ਸੀ ਜੇ ਉੱਥੇ ਉਤਪਾਦਨ ਦਾ ਵਹਾਅ ਰੁੱਕ ਜਾਵੇ ਅਤੇ ਸੋਸ਼ਣ ਦਾ ਵਢਾਂਗਾ ਤੇਜ਼ ਹੋ ਜਾਵੇ ਅਤੇ ਸੋਸ਼ਣ ਦਾ ਵਢਾਂਗਾ ਤਾਂ ਤੇਜ਼ ਹੁੰਦਾ ਹੈ ਜੇ ਬੇਰੁਜ਼ਗਾਰਾਂ ਦੀ ਰਾਖਵੀਂ ਫੌਜ 'ਚ ਬੇਵਹਾ ਵਾਧਾ ਹੋ ਜਾਵੇ, ਇਸ ਫੌਜ 'ਚ ਵਾਧਾ ਤਾਂ ਹੁੰਦਾ ਹੈ ਜੇ ਸਰਮਾਏਦਾਰੀ ਉਤਪਾਦਨ 'ਚ ਖੜੋਤ ਆ ਜਾਵੇ। ਇਸ ਲਈ ਪੱਛਮੀ ਸਰਮਾਏਦਾਰੀ ਨੇ ਉਤਪਾਦਨਸ਼ੀਲ ਸਾਮਰਾਜਾਂ ਅਤੇ ਵਿੱਤੀ ਪੂੰਜੀ ਦੇ ਬੈਂਕਰਾਂ ਰਾਹੀਂ ਪੱਛੜੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਕਰਜ਼ੇ ਦੇ ਜਾਲ 'ਚ ਫਸਾ ਕੇ ਸਾਮਰਾਜੀ ਬਣੇ ਮੁਲਕਾਂ ਨੇ ਉਤਪਾਦਨ ਲਈ ਇਹਨਾਂ ਦੇਸ਼ਾਂ ਨੂੰ ਮੰਡੀ ਦੇ ਤੌਰ ਤੇ ਵਰਤਣਾ ਸ਼ੁਰੂ ਕਰ ਦਿੱਤਾ। ਇਕ ਪਾਸੇ ਇਹ ਸਰਕਾਰਾਂ ਇਹਨਾਂ ਦੇਸ਼ਾਂ 'ਚ ਤਿਆਰ ਹੋਏ ਉਤਪਾਦਾਂ ਨੂੰ ਖਰੀਦ ਦੀਆਂ ਅਤੇ ਦੂਸਰੇ ਪਾਸੇ ਵਿੱਤ ਦੇ ਸੌਦਾਗਰਾਂ ਨੂੰ ਵਿਆਜ ਮੁਹੱਈਆ ਕਰਾਉਂਦੀਆਂ, ਤੀਸਰੇ ਪਾਸੇ ਇਹਨਾਂ ਦੇਸ਼ਾਂ 'ਚ ਹੋ ਰਹੇ ਉਤਪਾਦਨ ਲਈ ਕੱਚਾ ਮਾਲ ਮੁਹੱਈਆ ਕਰਾਉਂਦੀਆਂ। ਇਸ ਨਾਲ ਇਹਨਾਂ ਉੱਨਤ ਮੁਲਕਾਂ ਦੀ ਲੁੱਟ 'ਚ ਬੇ-ਵਹਾ ਵਾਧਾ ਹੋ ਗਿਆ ਅਤੇ ਦੂਸਰੇ ਪਾਸੇ ਏਸ਼ੀਆ, ਅਫ਼ਰੀਕਾ ਦੇ ਮੁਲਕ ਗ਼ੁਲਾਮੀ, ਅਰਧ ਗ਼ੁਲਾਮੀ ਦੀ ਅਵਸਥਾ 'ਚ ਤੇਜ਼ੀ ਨਾਲ ਫਸਣ ਲੱਗੇ। ਅਜਿਹੀ ਯੁੱਧ ਨੀਤੀ ਅਤੇ ਦਾਅ-ਪੇਚਾਂ ਨਾਲ ਅਜਾਰੇਦਾਰ ਸਰਮਾਏਦਾਰੀ ਤੇਜ਼ੀ ਨਾਲ ਸਮਾਜਿਕ ਧਨ, ਸਮਾਜਿਕ ਕਿਰਤ ਨੂੰ ਆਪਣੇ ਪੂੰਜੀ ਦੇ ਇਕੱਤਰੀਕਰਨ ਹਿੱਤ ਵਰਤਣ ਲੱਗੀ। ਇਸਦਾ ਨਿਖੇਧ ਅਸੰਭਵ ਬਣਦਾ ਜਾ ਰਿਹਾ ਸੀ, ਕਿਉਂਕਿ ਹੁਣ ਵਿੱਤੀ ਸਰਮਾਏ ਅਤੇ ਪੱਛੜੇ ਹੋਏ ਦੇਸ਼ਾਂ ਦੇ ਕੱਚੇ ਮਾਲ ਨੇ ਇਸ ਨੂੰ ਨਿਖੇਧੀ ਪ੍ਰਕਿਰਿਆ ਤੋਂ ਬਚਾ ਕੇ ਇਕ ਨਵਾਂ ਜੋਸ਼ ਭਰ ਦਿੱਤਾ ਸੀ। ਇਸ ਦਾ ਨਿਖੇਧ ਨਾ ਹੋਣਾ ਵਿਸ਼ਵ ਲਈ ਗ਼ੁਲਾਮੀ ਦਾ ਗਹਿਰਾ ਸੰਕਟ ਬਣਦਾ ਜਾ ਰਿਹਾ ਸੀ। ਇਸੇ ਸੰਕਟ ਨੂੰ ਹੀ ਲੈਨਿਨ ਸਮਝ ਰਿਹਾ ਸੀ ਅਤੇ ਇਸਦੇ ਨਵੇਂ ਜੋਸ਼ ਨੂੰ ਰੋਕਣ ਲਈ ਪੱਛੜੇ ਦੇਸ਼ਾਂ 'ਚ ਲੋਕ ਜਮਹੂਰੀ ਇਨਕਲਾਬ ਕਰਨ ਦੀ ਯੁੱਧ-ਨੀਤੀ ਉਲੀਕ ਰਿਹਾ ਸੀ, ਜਿੱਥੇ ਰਾਜਨੀਤਕ ਸ਼ਕਤੀ ਪ੍ਰੋਲੇਤਾਰੀ ਹੱਥ ਹੋਵੇ ਅਤੇ ਕਿਸਾਨ ਅਤੇ ਹੋਰ ਦਮਿਤ ਜਮਾਤਾਂ ਇਸ ਪ੍ਰੋਲੇਤਾਰੀ ਦੀ ਨੁਮਾਇੰਦਗੀ ਰਾਹੀਂ ਸ਼ਕਤੀ ਬਣ ਸਟੇਟ ਉੱਤੇ ਕਾਬਜ਼ ਹੋ ਜਾਣ, ਕਿਉਂਕਿ ਫ਼ਰਾਂਸੀਸੀ ਇਨਕਲਾਬ ਵਾਲੀ ਬੁਰਜੂਆਜ਼ੀ ਦੇ ਜਮਹੂਰੀ ਦੰਦ ਹੁਣ ਸਾਮੰਤੀ ਧਿਰ ਦੀ ਬਜਾਏ ਪ੍ਰੋਲੇਤਾਰੀ ਨੂੰ ਵੱਢ ਰਹੇ ਸਨ।

ਇਹ ਸਾਰਾ ਕੁਝ ਸਰਮਾਏਦਾਰੀ ਦੇ ਸਾਮਰਾਜਵਾਦੀ ਉਸ ਪੜਾਅ 'ਚ ਵਾਪਰ ਰਿਹਾ ਸੀ। ਲੈਨਿਨ ਭਵਿੱਖੀ ਕਿਆਫ਼ਿਆਂ ਦਾ ਵਿਰੋਧੀ ਸੀ ਅਤੇ ਪਦਾਰਥਵਾਦੀ ਵਿਰੋਧ-ਵਿਕਾਸ ਕਿਆਫ਼ਿਆਂ ਦਾ ਵਿਰੋਧੀ ਵਿਗਿਆਨ ਹੈ। ਪ੍ਰਕਿਰਤੀ ਅਤੇ ਮਨੁੱਖੀ ਚੇਤਨਾ ਹਾਲਤਾਂ ਨੂੰ ਬਿਹਤਰ ਬਣਾਉਣ ਲਈ ਹਮੇਸ਼ਾ ਸੰਘਰਸ਼ਸ਼ੀਲ ਰਹਿੰਦੇ ਹਨ ਅਤੇ ਪੀੜਤ ਮਨੁੱਖ ਦੀ ਬਿਹਤਰੀ ਲਈ ਉਸ ਵੇਲੇ ਦੇ ਹਾਲਾਤ ਇਹੋ ਸੱਦਾ ਦੇ ਰਹੇ ਸਨ ਕਿ ਪੱਛੜੇ ਹੋਏ ਦੇਸ਼ਾਂ 'ਚ ਪ੍ਰੋਲੇਤਾਰੀ ਦੇ ਬੁਰਜੂਆਜ਼ੀ ਨਾਲ ਅਤੇ ਕਿਸਾਨੀ ਦੇ

ਸਾਮੰਤਵਾਦ ਨਾਲ ਸੰਘਰਸ਼ ਨੂੰ ਤੇਜ਼ ਕਰਕੇ ਇਹਨਾਂ ਰਾਜਨੀਤਕ ਤਾਕਤਾਂ ਹੱਥ ਡੈਮੋਕਰੇਟਿਕ ਡਿਕਟੇਟਰਸ਼ਿਪ ਸੌਂਪੀ ਜਾਵੇ ਜਿਸਦੀ ਅਗਵਾਈ ਪ੍ਰੋਲੇਤਾਰੀ ਕਰੇ ਤਾਂ ਕਿ ਪੱਛੜੇ ਦੇਸ਼ਾਂ ਦੇ ਖ਼ੂਨ 'ਤੇ ਪਲ਼ ਰਹੀ ਉੱਨਤ ਦੇਸ਼ਾਂ ਦੀ ਸਰਮਾਏਦਾਰੀ ਦਾ ਰਾਹ ਰੋਕ ਦਿੱਤਾ ਜਾਵੇ ਅਤੇ ਅਜਿਹੀ ਨਿਖੇਧੀ ਪ੍ਰਕਿਰਿਆ ਨੂੰ 'ਲਗਾਤਾਰ ਇਨਕਲਾਬਾਂ' 'ਚ ਬਦਲ ਦਿੱਤਾ ਜਾਵੇ ਤਾਂ ਕਿ ਪੱਛਮੀ ਪ੍ਰੋਲੇਤਾਰੀਆ ਆਪਣੇ ਮੁਲਕਾਂ ਦੀ ਸਰਮਾਏਦਾਰੀ ਦਾ ਕਬਰਪੁੱਟ ਬਣਨ ਦੀ ਗਤੀ ਤੇਜ਼ ਕਰ ਦੇਵੇ। "ਜਿਹੜਾ ਵਿਕਾਸ, ਜਿਵੇਂ ਵੀ ਹੋਵੇ, ਉਹਨਾਂ ਪੜਾਵਾਂ ਨੂੰ ਦੁਹਰਾਉਂਦਾ ਹੈ ਜਿਹੜੇ ਪਹਿਲਾਂ ਬੀਤ ਚੁੱਕੇ ਹਨ, ਲੈਨਿਨ ਲਿਖਦਾ ਹੈ, ਪਰ ਉਹਨਾਂ ਨੂੰ ਵੱਖਰੀ ਤਰ੍ਹਾਂ, ਉਚੇਰੀ ਪੱਧਰ ਉੱਤੇ ਦੁਹਰਾਉਂਦਾ ਹੈ ("ਨਿਖੇਧ ਦਰ ਨਿਖੇਧ"), ਇਕ ਅਜਿਹਾ ਵਿਕਾਸ ਕਿਹਾ ਜਾ ਸਕਦਾ ਹੈ, ਜਿਹੜਾ ਚੂੜੀਦਾਰ ਰਾਹਾਂ ਉੱਤੇ ਚੱਲਦਾ ਹੈ, ਸਿੱਧੀ ਲੀਹ ਉੱਤੇ ਨਹੀਂ; ਛਾਲ਼ਾਂ, ਉੱਥਲ-ਪੁਥਲਾਂ ਅਤੇ ਇਨਕਲਾਬਾਂ ਰਾਹੀਂ ਵਿਕਾਸ; "ਲਗਾਤਾਰਤਾ ਵਿਚ ਤੋਟ"; ਮਾਤਰਾ ਦਾ ਸਿਫ਼ਤ ਵਿਚ ਤਬਦੀਲ ਹੋਣਾ; ਵਿਕਾਸ ਵੱਲ ਅੰਤ੍ਰੀਵ ਉਤੇਜਕ; ਜਿਹੜੇ ਕਿਸੇ ਨਿਸ਼ਚਿਤ ਆਕਾਰ ਵਿਚ, ਜਾਂ ਕਿਸੇ ਨਿਸ਼ਚਿਤ ਸਮਾਜ ਵਿਚ ਵੱਖ ਵੱਖ ਸ਼ਕਤੀਆਂ ਅਤੇ ਪ੍ਰਵਿਰਤੀਆਂ ਵਿਰੋਧ ਅਤੇ ਟੱਕਰ ਪੈਦਾ ਕਰਦੇ ਹਨ; ਕਿਸੇ ਵਰਤਾਰੇ ਦੇ ਸਭਨਾਂ ਪੱਖਾਂ ਦੀ ਅੰਤਰ-ਨਿਰਭਰਤਾ ਅਤੇ ਉਹਨਾਂ ਵਿਚਕਾਰ ਅਤਿਅੰਤ ਨੇੜਵਾਂ ਸੰਬੰਧ (ਇਤਿਹਾਸ ਸਦਾ ਨਵੇਂ ਪੱਖ ਪ੍ਰਗਟ ਕਰਦਾ ਹੋਇਆ), ਅਜਿਹਾ ਸੰਬੰਧ ਜਿਹੜਾ ਗਤੀ ਦਾ ਇਕਸਾਰ ਅਤੇ ਸਰਬ-ਵਿਆਪਕ ਅਮਲ ਪ੍ਰਾਪਤ ਕਰਦਾ ਹੈ।"

'ਲਗਾਤਾਰ ਇਨਕਲਾਬ' ਦੇ ਲੈਨਿਨੀ ਅਰਥ ਉਸਦੇ ਪੜਾਅ ਸਮੇਂ ਪੂੰਜੀਵਾਦੀ ਉਤਪਾਦਨ ਅਤੇ ਸਮਾਜ-ਸੱਭਿਆਚਾਰ ਦੇ ਆਧੁਨਿਕ ਸਥਿਤੀ 'ਚ ਨਾ ਢਲੇ ਆਵਾਮ ਲਈ ਸਨ, ਜਿਸ ਨਾਲ ਪੈਦਾਵਾਰੀ ਤਾਕਤਾਂ ਨੂੰ 'ਟੱਕਰਾਂ' ਦੇ ਰਾਹ ਤੋਰ ਕੇ ਸਮਾਜ ਦੀ ਬਣੀ ਹੋਈ 'ਲਗਾਤਾਰਤਾ ਵਿਚ ਤੋਟ' ਪੈਦਾ ਕਰਕੇ, ਚੇਤਨਾ ਨੂੰ ਉਸ ਇਤਿਹਾਸਕ ਸਥਿਤੀ ਵੱਲ ਲੈ ਕੇ ਜਾਣਾ, ਜਿੱਥੇ ਪਹੁੰਚ ਕੇ ਇਹਨਾਂ ਮੁਲਕਾਂ ਦਾ ਪ੍ਰੋਲੇਤਾਰੀਆ ਸਮਾਜਵਾਦੀ ਇਨਕਲਾਬ ਦੀ ਮੰਗ ਤੱਕ ਪੁੱਜ ਜਾਵੇ। ਇਸ ਦਾ ਅਰਥ ਇਹ ਨਹੀਂ ਕਿ ਉਸਨੇ ਪੱਛਮੀ ਮੁਲਕਾਂ ਦੇ ਪ੍ਰੋਲੇਤਾਰੀ ਤੋਂ ਅਜਿਹੀ ਮੰਗ ਦੀ ਆਸ ਛੱਡ ਦਿੱਤੀ ਸੀ, ਸਗੋਂ ਪੱਛਮੀ ਮੁਲਕਾਂ ਦੇ ਪ੍ਰੋਲੇਤਾਰੀਆ ਨੂੰ ਜੰਗ ਵਿਰੁੱਧ ਡਟਣ ਦਾ ਸੱਦਾ ਲੈਨਿਨ ਹਮੇਸ਼ਾ ਦਿੰਦਾ ਰਿਹਾ ਹੈ, ਭਾਵੇਂ ਉਹ ਇਸ ਯੁੱਧ-ਨੀਤੀ ਨੂੰ ਵੀ ਪੇਸ਼ ਕਰਦਾ ਹੈ ਕਿ ਸਾਮਰਾਜੀ ਜੰਗਾਂ 'ਚ ਮਸਰੂਫ਼ ਪੱਛੜੇ ਮੁਲਕਾਂ ਦੇ ਦਮਿਤ ਆਵਾਮ ਨੂੰ ਆਪਣੀ ਹਾਕਮ ਜਮਾਤ ਦੇ ਖਿਲਾਫ਼ ਲੜਦੇ ਹੋਏ ਜਮਹੂਰੀ ਇਨਕਲਾਬ ਤੱਕ ਪਹੁੰਚਣ ਦਾ ਸਹੀ ਰਾਹ ਹੈ, ਕਿਉਂਕਿ ਉਦੋਂ ਸਾਮਰਾਜਾਂ ਦੀ ਮੁੱਖ ਵਿਰੋਧਤਾਈ ਆਪਣਾ ਸਿਖਰ ਹੰਢਾਅ ਰਹੀ ਹੁੰਦੀ ਹੈ। ਇਹ ਸਾਮਰਾਜਵਾਦੀ ਜੰਗਾਂ ਬੈਂਕਰਾਂ ਦੀ ਪਰਜੀਵੀ ਭੁੱਖ ਦੀ ਚਮਕ ਸਨ, ਜਿਸਨੂੰ ਆਜਾਰੇਦਾਰ ਸਰਮਾਏਦਾਰੀ ਨੇ ਨਵੇਂ ਆਈਨੇ ਨਾਲ ਲਿਸ਼ਕੋਰਿਆ ਸੀ, ਇਸ ਤੋਂ ਪਹਿਲਾਂ ਇਹ ਬੈਂਕਰ ਸਧਾਰਨ ਰੂਪ 'ਚ ਬੁਰਜੂਆ ਉਤਪਾਦਨ ਦਾ ਹੱਥ-ਠੋਕਾ ਬਣ ਕੇ ਰਹਿ ਹਏ ਸਨ। ਇਹ ਅਮਰੀਕਾ ਅਤੇ ਯੂਰਪੀ ਦੇਸ਼ਾਂ ਦੇ ਦੋ-ਦੋ, ਚਾਰ-ਚਾਰ ਧਨਾਢ ਬੈਂਕ ਸਨ, ਜੋ ਧਨ ਦੇ ਭੋਖੜੇ ਲਈ ਵਿਸ਼ਵ ਦੀ ਪੁਨਰ-ਵੰਡ ਕਰਨ ਵਾਸਤੇ ਜੰਗਾਂ ਤੱਕ ਪਹੁੰਚ ਗਏ ਸਨ, ਕਿਉਂਕਿ ਜੰਗ ਦਰਮਿਆਨ ਹਮੇਸ਼ਾ ਵਪਾਰੀ ਦਾ ਧਨ ਵਧਦਾ ਹੈ ਅਤੇ ਜਨਤਾ ਦਾ ਦਮਨ। ਇਹ ਦਮਨ ਭੋਗਦੀਆਂ ਜਮਾਤਾਂ ਦੀ ਏਕਤਾ ਨੂੰ ਲੋਕ ਜਮਹੂਰੀ ਇਨਕਲਾਬ ਦੇ ਰਾਹੇ ਤੋਰਨਾ, ਜੰਗਾਂ ਦਾ ਅਤੇ ਜੰਗ 'ਚ ਫਸੀਆਂ ਜਮਾਤਾਂ ਦੇ ਵਿਰੋਧ ਚੋਂ ਇਨਕਲਾਬ ਦੇ ਗੋਲ਼ ਨੂੰ ਪ੍ਰਾਪਤ ਕਰਨਾ ਲੈਨਿਨ ਦੇ 'ਅਜੋਕੇ ਪੜਾਅ' ਦਾ ਮਕਸਦ ਸੀ। ਜਿਵੇਂ ਕਿ ਕਿਹਾ ਜਾਂਦਾ ਹੈ ਕਿ ਲੈਨਿਨ ਨੇ ਇਸਨੂੰ 'ਮਰਨਊ' ਕਿਹਾ ਸੀ, ਇਸ ਦਾ ਅਰਥ ਇਹ ਹਰਗਿਜ਼ ਨਹੀਂ ਕਿ ਇਸ ਨੇ ਆਪੇ ਮਰ ਜਾਣਾ ਹੈ ਜਾਂ ਸਾਮਰਾਜਵਾਦੀ ਜੰਗਾਂ ਹਮੇਸ਼ਾ ਹੁੰਦੀਆਂ ਰਹਿਣੀਆਂ ਹਨ। ਮਾਰਕਸ ਵੀ ਇਹੋ ਕਹਿ ਰਿਹਾ ਸੀ ਕਿ ਬੁਰਜੂਆਜ਼ੀ ਦੀ ਮੌਤ ਅਟੱਲ ਹੈ, ਮੁਨਾਫ਼ਾ ਜੋ ਪ੍ਰੋਲੇਤਾਰੀ ਦੇ ਰੂਪ 'ਚ ਇਸ ਦੇ ਕਬਰਪੁੱਟਾਂ ਦੀ ਜਮਾਤ ਨੂੰ ਜਨਮ ਦਿੰਦਾ ਹੈ, ਪਰ ਇਸਨੂੰ ਪ੍ਰੋਲੇਤਾਰੀ ਦੀ ਏਕਤਾ ਰਾਹੀਂ ਕਬਰ ਵਿਚ ਸੁੱਟ ਕੇ ਪੂਰਿਆ ਜਾਣਾ ਹੈ, ਆਪਣੇ ਆਪ ਨਹੀਂ। ਪੱਛੜੇ ਦੇਸ਼ਾਂ ਦੀ ਕਿਸਾਨੀ ਉਸ ਵਕਤ ਸਾਮੰਤੀ ਧਿਰ ਨਾਲ ਜੱਦੋ-ਜਹਿਦ 'ਚ ਸੀ ਅਤੇ ਇਸ ਲਈ ਉਹ ਬੁਰਜੂਆ ਰੂਪ 'ਚ ਪੂੰਜੀਵਾਦੀ ਜਮਾਤ ਦਾ ਹਿੱਸਾ ਨਹੀਂ ਬਣੀ ਸੀ, ਜਿਵੇਂ ਫ਼ਰਾਂਸੀਸੀ ਕ੍ਰਾਂਤੀ 'ਚ ਇਸ ਨੇ ਬੁਰਜੂਆ ਜਮਾਤ ਦਾ ਸਾਥ ਦੇ ਕੇ ਆਪਣੇ ਆਪਨੂੰ ਬੁਰਜੂਆ ਨੁਮਾਇੰਦਗੀ ਦੇ ਰਾਹ ਤੋਰ ਲਿਆ ਸੀ। ਲੈਨਿਨ ਨੂੰ ਪਤਾ ਸੀ ਕਿ ਬੁਰਜੂਆ ਜਮਹੂਰੀਅਤ 'ਚ ਕਿਸਾਨਾਂ ਦੇ ਹਿੱਤ ਕਦੇ ਵੀ ਸੁਰੱਖਿਅਤ ਨਹੀਂ ਹੁੰਦੇ ਅਤੇ ਉਹ ਦਮਨ ਭੋਗਦੀ ਜਮਾਤ ਬਣ ਜਾਂਦੇ ਹਨ ਭਾਵੇਂਕਿ ਖੇਤ ਮਜ਼ਦੂਰ ਜਮਾਤ ਨਾਲ ਉਹਨਾਂ ਦੀਆਂ ਵਿਰੋਧਤਾਈਆਂ ਮਾਲਕ ਵਜੋਂ ਬਣੀਆਂ ਰਹਿੰਦੀਆਂ ਹਨ। ਇਸ ਲਈ ਕਿਸਾਨ ਅਤੇ 'ਮਜ਼ਦੂਰ ਕਿਸਾਨ' ਦੇ ਹਿੱਤ ਪ੍ਰੋਲੇਤਾਰੀ ਜਮਾਤ ਦੀ ਨੁਮਾਇੰਦਗੀ 'ਚ ਹੀ ਸੁਰੱਖਿਅਤ ਹੋ ਸਕਦੇ ਹਨ ਅਤੇ ਇਸ ਯੁੱਧ ਨੀਤੀ ਰਾਹੀਂ ਹੀ ਸੋਵੀਅਤ ਇਨਕਲਾਬ ਅਤੇ ਉਸ ਤੋਂ ਬਾਅਦ ਚੀਨੀ ਇਨਕਲਾਬ ਘਟਿਤ ਹੋਇਆ ਸੀ। ਮੈਨਸ਼ਵਿਕ (ਘੱਟ ਗਿਣਤੀ) ਜਮਾਤ ਉੱਤੇ ਬਾਲਸ਼ਵਿਕ (ਬਹੁ ਗਿਣਤੀ) ਜਮਾਤ ਦੀ ਫ਼ਤਿਹ ਇਸ ਲਈ ਜ਼ਰੂਰੀ ਸੀ, ਕਿਉਂਕਿ ਬੁਰਜੂਆ ਜਮਹੂਰੀਅਤ ਅਧੀਨ ਕਿਰਤੀ ਜਮਾਤ ਦੇ ਹਿੱਤ ਸੁਰੱਖਿਅਤ ਨਹੀਂ ਹੁੰਦੇ, ਕਿਉਂਕਿ ਦੇਖਣ ਨੂੰ ਤਾਂ ਇਹ ਜਮਹੂਰੀਅਤ ਹੁੰਦੀ ਹੈ ਮਗਰ ਦੌਲਤਮੰਦਾਂ ਲਈ ਕਿਰਤੀ ਕਿਰਤ ਦਾ ਗ਼ੁਲਾਮ ਬਣ ਕੇ ਬੁਰਜੂਆਜ਼ੀ ਦੀ ਮੁਨਾਫ਼ਾ ਮਸ਼ੀਨ 'ਚ ਬਦਲ ਜਾਂਦਾ ਹੈ। ਆਪਣੀ ਕਿਰਤ ਵੇਚਣ ਲਈ ਆਜ਼ਾਦ ਇਹ ਕਿਰਤੀ ਆਪਣੇ

ਅਤੇ ਪਰਿਵਾਰ ਦੇ ਵਸੇਬੇ ਲਈ ਸਰਮਾਏਦਾਰਾਨਾ ਮੰਡੀ 'ਚ ਰੋਜ਼ ਆਪਣੀ ਜਿਨਸ ਕਿਰਤ ਵਜੋਂ ਵੇਚਣ ਲਈ ਮਜਬੂਰ ਹੁੰਦਾ ਹੈ। ਇਸ ਲਈ ਬੁਰਜੂਆ ਜਮਹੂਰੀਅਤ ਕਿਰਤੀ ਦੀ ਆਜ਼ਾਦੀ ਦਾ ਇਕ ਛਲਾਵਾ ਹੈ। ਕਿਰਤੀ/ਕਿਸਾਨ ਦੇ ਹਿੱਤ ਪ੍ਰੋਲੇਤਾਰੀ ਡਿਕਟੇਟਰਸ਼ਿਪ ਅਧੀਨ ਹੀ ਸੁਰੱਖਿਅਤ ਹੋ ਸਕਦੇ ਹਨ। ਇਹ ਡਿਕਟੇਟਰਸ਼ਿਪ ਬਹੁਗਿਣਤੀ ਜਮਾਤ ਲਈ ਤਾਂ ਜਮਹੂਰੀਅਤ ਹੀ ਹੁੰਦੀ ਹੈ, ਮਗਰ ਘੱਟ ਗਿਣਤੀ ਬੁਰਜੂਆ ਜਮਾਤ ਲਈ ਡਿਕਟੇਟਰਸ਼ਿਪ, ਤਾਂ ਕਿ ਉਹ ਆਜ਼ਾਦ ਵਪਾਰ ਵਜੋਂ ਅੰਨ੍ਹਾ ਮੁਨਾਫ਼ਾ ਪ੍ਰਾਪਤ ਕਰਕੇ ਪੂੰਜੀ ਦਾ ਆਥਾਹ ਇਕੱਤਰੀਕਰਨ ਨਾ ਕਰ ਸਕਣ। ਇਸ ਲਈ ਪ੍ਰੋਲੇਤਾਰੀ ਡਿਕਟੇਟਰਸ਼ਿਪ ਸਟੇਟ ਉੱਪਰ ਕਬਜ਼ਾ ਕਰਕੇ ਬੁਰਜੂਆ ਅਤੇ ਸਾਮੰਤੀ ਜਮਾਤ ਨੂੰ ਕਾਇਦੇ ਦਾ ਸਬਕ ਪੜ੍ਹਾਉਣਾ ਹੈ। ਸਵਾਲ ਇਹ ਹੈ ਕਿ ਇਹ ਰਾਜ ਕਾਇਮ ਤਾਂ ਹੋ ਸਕਦਾ ਹੈ ਪਰ ਕੀ ਇਹ ਇਨਕਲਾਬ ਇਕ ਦੇਸ਼ ਵਿਚ ਸਥਾਈ ਹੋ ਕੇ ਸਮਾਜਵਾਦ ਤੱਕ ਪਹੁੰਚ ਸਕਦਾ ਹੈ? ਜਵਾਬ ਨਹੀਂ ਹੋਵੇਗਾ, ਕਿਉਂਕਿ ਇਕ ਦੇਸ਼ ਵਿਚ ਪ੍ਰੋਲੇਤਾਰੀ ਇਨਕਲਾਬ ਇਕ ਕਿਲ੍ਹਾ ਬਣ ਸਕਦਾ ਹੈ; ਸਮੁੱਚੇ ਵਿਸ਼ਵ ਦੇ ਦੇਸ਼ਾਂ ਨੂੰ ਪ੍ਰੋਲੇਤਾਰੀ ਇਨਕਲਾਬ ਤੱਕ ਪਹੁੰਚਾਉਣ ਦਾ ਸਿਧਾਂਤ। ਅਗਰ ਇਹ ਮਿਸਾਲੀ ਇਨਕਲਾਬ ਹੋਰਨਾਂ ਦੇਸ਼ਾਂ ਤੱਕ ਨਹੀਂ ਫੈਲਦਾ ਤਾਂ ਇਹ ਅਪ੍ਰਕਿਰਤਕ ਅਮਲ ਹੈ ਅਤੇ ਇਸ ਦਾ ਅੰਤ ਹੋਣਾ ਤੈਅ ਹੈ, ਸਮਾਜਵਾਦੀ ਇਨਕਲਾਬ ਤੱਕ ਪਹੁੰਚਣਾ ਤਾਂ ਕਿਵੇਂ ਵੀ ਸੰਭਵ ਨਹੀਂ। ਲੈਨਿਨ ਦਾ 'ਲਗਾਤਾਰ ਇਨਕਲਾਬ' ਸਥਾਈ ਇਨਕਲਾਬ ਤੱਕ ਪਹੁੰਚਣ ਦਾ ਸੰਕੇਤਕ ਸੂਚਕ ਹੈ। ਇਕ ਦੇਸ਼ 'ਚ ਇਨਕਲਾਬ ਕਰਕੇ ਉਸਦਾ ਪੂੰਜੀਵਾਦ ਨਾਲ ਤਕਨੀਕੀ ਮੁਕਾਬਲਾ ਤਾਂ ਹਰਗਿਜ਼ ਨਹੀਂ। ਸਾਮਰਾਜਵਾਦੀ ਉਸ ਪੜਾਅ ਚੋਂ ਪੱਛੜੇ ਦੇਸ਼ਾਂ ਦੇ ਪ੍ਰੋਲੇਤਾਰੀ ਅਤੇ ਕਿਸਾਨ ਜਾਂ ਹੋਰ ਦਮਿਤ ਜਮਾਤਾਂ ਦੀ ਏਕਤਾ 'ਚੋਂ ਲੋਕ ਜਮਹੂਰੀ ਇਨਕਲਾਬਾਂ ਤੱਕ ਪਹੁੰਚਦਿਆਂ ਸਾਮਰਾਜੀ ਦੇਸ਼ਾਂ ਦੇ ਵਿਕਾਸ ਨੂੰ ਡਾਫ ਲਾਉਣਾ, "ਕੇਵਲ ਪ੍ਰੋਲੇਤਾਰੀ ਹੀ ਸਾਰੀ ਮਿਹਨਤਕਸ਼ ਅਤੇ ਪਿਸ ਰਹੀ ਜਨਤਾ ਦਾ ਨੇਤਾ ਬਣਨ ਦੇ ਯੋਗ ਹੈ, ਲੈਨਿਨ 'ਰਾਜ ਅਤੇ ਇਨਕਲਾਬ' 'ਚ ਲਿਖਦਾ ਹੈ, ਜਿਨ੍ਹਾਂ ਦੀ ਬੁਰਜੂਆਜ਼ੀ ਪ੍ਰੋਲੇਤਾਰੀ ਨਾਲੋਂ ਅਕਸਰ ਘੱਟ ਨਹੀਂ ਸਗੋਂ ਵਧ ਲੁੱਟ-ਚੋਂਘ ਕਰਦੀ, ਜਬਰ ਕਰਦੀ ਅਤੇ ਕੁਚਲਦੀ ਹੈ ਪਰ ਜਿਹੜੀ ਆਪਣੀ ਮੁਕਤੀ ਲਈ **ਸੁਤੰਤਰ** ਘੋਲ ਕਰਨ ਦੇ ਨਿਰਯੋਗ ਹੈ।" ਲੈਨਿਨ ਲਈ ਪੂੰਜੀਵਾਦ ਦੇ 'ਅਜੋਕੇ ਪੜਾਅ' 'ਚ ਅਜਾਰੇਦਾਰ ਪੂੰਜੀਵਾਦ ਦੇ ਵਿੱਤੀ ਪੂੰਜੀ ਨਾਲ ਗੰਢ-ਚਿਤਰਾਵੇ ਨੂੰ ਸਾਮਰਾਜਵਾਦ ਦੇ ਨਵੇਂ ਪੜਾਅ ਦੇ ਰੂਪ ਦੀ ਵਿਆਖਿਆ ਕਰਨਾ ਅਤੇ ਇਸ ਰੂਪ 'ਚੋਂ ਲਗਾਤਾਰ ਇਨਕਲਾਬਾਂ ਰਾਹੀਂ ਇਸ ਦੈਂਤ ਦੀ ਮਸਤ ਤੋਰ 'ਚ ਰੁਕਾਵਟ ਲਈ ਟੱਕਰਾਂ ਪੈਦਾ ਕਰਨਾ, ਇਸ ਪੁਸਤਕ ਦੀ ਸਾਫ਼-ਸਾਫ਼ ਯੁੱਧ ਨੀਤੀ ਹੈ।

ਲੈਨਿਨ ਨੇ ਪੂੰਜੀਵਾਦ ਦੇ 'ਅਜੋਕੇ ਪੜਾਅ' 'ਚ ਸਾਮਰਾਜਾਂ ਦੀ ਖੋਹਾਮਾਈ ਵਾਲੀ ਜੰਗੀ ਬਿਰਤੀ ਕਾਰਨ ਇਸ ਨੂੰ ਮਰਨਊ ਆਖਿਆ ਸੀ, ਜਿਵੇਂ "ਸਾਨੂੰ ਇਹਦੇ ਲਈ ਬਦਲ ਰਹੀ ਸਰਮਾਏਦਾਰੀ, ਜਾਂ, ਵਧੇਰੇ ਠੀਕ ਹੋਵੇਗਾ, ਮਰਨ-ਮਰਾਂਦ ਸਰਮਾਏਦਾਰੀ ਦੀ ਇਸਤਲਾਹ ਵਰਤਣੀ ਚਾਹੀਦੀ ਹੈ।" ਬਦਲ ਰਹੀ ਸਰਮਾਏਦਾਰੀ ਦਾ "ਮਰਨ-ਮਰਾਂਦ" ਵਾਲਾ "ਅਜੋਕਾ ਪੜਾਅ" ਹੀ ਉਸ ਦਾ ਮਰਨਊ ਪੜਾਅ ਸੀ। ਸਰਮਾਏਦਾਰੀ ਦੇ ਪਤਨ ਜਾਂ ਮਰਨਊ ਵਜੋਂ ਲੈਨਿਨ ਦੇ ਹਵਾਲੇ ਨਾਲ ਹੀ ਗੱਲ ਕਰਦੇ ਹਾਂ, "ਅਜਾਰੇਦਾਰੀਆਂ, ਜੁੰਡੀ-ਰਾਜ, ਗ਼ਲਬੇ ਲਈ, ਨਾ ਕਿ ਆਜ਼ਾਦੀ ਲਈ ਜਤਨ, ਮੁੱਠੀ ਭਰ ਸਭ ਤੋਂ ਵੱਧ ਅਮੀਰ ਸਭ ਤੋਂ ਵੱਧ ਸ਼ਕਤੀਸ਼ਾਲੀ ਕੌਮਾਂ ਵੱਲੋਂ ਵਧਦੀ ਗਿਣਤੀ ਵਿਚ ਛੋਟੀਆਂ ਤੇ ਕਮਜ਼ੋਰ ਕੌਮਾਂ ਦੀ ਲੁੱਟ-ਚੋਂਘ—ਇਹਨਾਂ ਸਾਰੀਆਂ ਗੱਲਾਂ ਨੇ ਸਾਮਰਾਜ ਦੇ ਉਹਨਾਂ ਵਿਸ਼ੇਸ਼ ਖ਼ਾਸਿਆਂ ਨੂੰ ਜਨਮ ਦਿੱਤਾ ਹੈ, ਜਿਹੜੇ ਸਾਨੂੰ ਮਜਬੂਰ ਕਰਦੇ ਹਨ ਕਿ ਇਹਦੀ ਪਰਜੀਵੀ ਜਾਂ ਪਤਨ ਵੱਲ ਜਾ ਰਹੀ ਸਰਮਾਏਦਾਰੀ ਵਜੋਂ ਪਰਿਭਾਸ਼ਤ ਕਰੀਏ।" ਇਸ ਸੰਦਰਭ 'ਚ ਲੈਨਿਨ ਇਸਨੂੰ ਮਰਨਊ ਕਹਿੰਦਾ ਹੈ, ਜਿਹੜੇ ਸਿੱਟੇ ਉਸਨੂੰ ਇਹ ਕਹਿਣ ਲਈ "ਮਜਬੂਰ" ਕਰ ਰਹੇ ਸਨ। ਉਸ ਤਰ੍ਹਾਂ ਉਹ ਜਾਣਦਾ ਸੀ ਕਿ ਇਹ ਪਤਨ ਵੱਲ ਨਹੀਂ ਸਗੋਂ ਨਵੇਂ ਵਿਕਾਸ ਵੱਲ ਵਧ ਰਹੀ ਹੈ, ਕਿਉਂਕਿ ਇਸਨੇ ਅਸਾਵੇਂਪਣ ਦੀ ਗਤੀ ਅਸਲੋਂ ਤੇਜ਼ ਕਰ ਦਿੱਤੀ ਹੈ, "ਇਹ ਸੋਚਣਾ ਭੁੱਲ ਹੋਵੇਗੀ ਕਿ ਪਤਨ ਦਾ ਇਹ ਝੁਕਾਅ ਸਰਮਾਏਦਾਰੀ ਦੇ ਤੇਜ਼ ਵਾਧੇ ਨੂੰ ਰੋਕ ਦਿੰਦਾ ਹੈ। ਇਹ ਨਹੀਂ ਰੋਕਦਾ। ਸਾਮਰਾਜ ਦੇ ਯੁੱਗ ਵਿਚ, ਸਨਅਤ ਦੀਆਂ ਕੁਝ ਸ਼ਾਖਾਂ, ਬੁਰਜੂਆਜ਼ੀ ਦੇ ਕੁਝ ਵਰਗ ਤੇ ਕੁਝ ਦੇਸ਼, ਘੱਟ ਜਾਂ ਵੱਧ ਹੱਦ ਤੱਕ, ਇਹਨਾਂ ਝੁਕਾਆਂ ਵਿਚੋਂ ਕਦੀ ਇਕ ਅਤੇ ਕਦੀ ਦੂਜੇ ਨੂੰ ਪ੍ਰਗਟ ਕਰਦੇ ਹਨ। ਸਮੁੱਚੇ ਤੌਰ ਤੇ, ਸਰਮਾਏਦਾਰੀ ਪਹਿਲਾਂ ਨਾਲੋਂ ਕਿਤੇ ਵਧੇਰੇ ਤੇਜ਼ੀ ਨਾਲ ਵਧ ਰਹੀ ਹੈ; ਪਰ ਇਹ ਵਾਧਾ ਆਮ ਤੌਰ ਤੇ ਨਾ ਸਿਰਫ਼ ਦਿਨੋ ਦਿਨ ਵਧੇਰੇ ਆਸਾਵਾਂ ਹੀ ਹੁੰਦਾ ਜਾ ਰਿਹਾ ਹੈ, ਸਗੋਂ ਇਹਦਾ ਅਸਾਵਾਂਪਨ ਖ਼ਾਸ ਤੌਰ ਤੇ ਉਹਨਾਂ ਦੇਸ਼ਾਂ ਦੇ ਪਤਨ ਵਿਚ ਵੀ ਪ੍ਰਗਟ ਹੁੰਦਾ ਹੈ ਜਿਹੜੇ ਸਰਮਾਏ ਵਿਚ ਸਭ ਤੋਂ ਅਮੀਰ ਹਨ (ਬਰਤਾਨੀਆ)।"

ਲੈਨਿਨ ਦੇ 'ਅਜੋਕੇ ਪੜਾਅ' ਨੂੰ ਸਾਮਰਾਜਵਾਦ: ਪੂੰਜੀਵਾਦ ਦਾ ਸਰਵਉੱਚ ਪੜਾਅ ਬਣਾ ਕੇ ਲੈਨਿਨ ਦੀ ਵਿਆਖਿਆ ਨੂੰ ਸੰਕਲਪ 'ਚ ਬਦਲਨਾ ਸੀ ਅਤੇ ਸੰਕਲਪ ਦੇ ਤੇਜ਼ ਨਾਲ ਲੈਨਿਨਵਾਦ ਦਾ ਮਾਰਕਸਵਾਦ ਤੋਂ ਵੱਖਰਾ ਸਿਧਾਂਤ ਬਣਨਾ ਸੁਭਾਵਿਕ ਸੀ।

ਲੈਨਿਨ ਦੇ ਵਿਚਾਰਾਂ ਨੂੰ ਲੈਨਿਨਵਾਦ ਵਿਚ ਢਾਲਣ ਦੀ ਇਕ ਹੋਰ ਅਤੇ ਅਹਿਮ ਕੜੀ ਪਾਰਟੀ (ਕਮਿਊਨਿਸਟ) ਬਣਤਰ

ਹੈ। ਸਾਰੀ ਦੁਨੀਆਂ ਦੀਆਂ ਕਮਿਊਨਿਸਟ ਪਾਰਟੀਆਂ ਅਤੇ ਹਿੰਦੁਸਤਾਨ ਵਿਚ ਵੀ ਪਾਰਟੀ ਬਣਤਰ ਦੇ ਸਿਧਾਂਤ ਨੂੰ ਲੈਨਿਨਵਾਦ ਦੀ ਅਹਿਮ ਕੜੀ ਮੰਨਿਆ ਜਾਂਦਾ ਰਿਹਾ ਹੈ। ਨਿਰੋਲ ਪਾਰਟੀ ਬਣਤਰ ਨੂੰ ਸਿਧਾਂਤ ਬਣਾਉਣਾ ਕਾਫ਼ੀ ਵਿਵਾਦਤ ਮਸਲਾ ਹੈ। ਪਾਰਟੀ ਬਣਤਰ ਕਿਸੇ ਵਿਸ਼ੇਸ਼ ਸਿਧਾਂਤ ਦੀ ਨੁਮਾਇੰਦਾ ਏਜੰਸੀ ਹੁੰਦੀ ਹੈ, ਜੋ ਉਸ ਸਿਧਾਂਤ ਦੀ ਨੁਮਾਇੰਦਗੀ ਕਰਦੀ ਇਕ ਯੁੱਧ-ਨੀਤੀ ਨੂੰ ਤੈਅ ਕਰਦੀ ਹੈ ਅਤੇ ਉਸਦੇ ਵਾਧੇ ਅਤੇ ਵਿਕਾਸ ਲਈ ਦਾਅ-ਪੇਚਕ ਤਾਣੇ ਬਾਣੇ ਨੂੰ ਬੁਣਦੀ ਹੈ, ਤਾਂ ਕਿ ਉਹ ਆਪਣੇ ਸਿਧਾਂਤਕ ਮਕਸਦ ਤੱਕ ਪੁੱਜ ਸਕੇ। ਯੁੱਧ-ਨੀਤੀ ਅਤੇ ਉਸ ਲਈ ਦਾਅ-ਪੇਚ ਕਿਵੇਂ ਵੀ ਸਿਧਾਂਤ ਦੀ ਕੋਟੀ 'ਚ ਨਹੀਂ ਰੱਖੇ ਜਾ ਸਕਦੇ। ਲੈਨਿਨ ਮਾਰਕਸਵਾਦੀ ਸਿਧਾਂਤ ਦਾ ਪੈਰੋਕਾਰ ਸੀ ਜਿਸਦੇ ਨਿਸ਼ਾਨੇ ਪ੍ਰੋਲੇਤਾਰੀ ਇਨਕਲਾਬ ਨੂੰ ਪ੍ਰਾਪਤ ਕਰਨ ਲਈ ਉਸਨੇ ਅਤੇ ਉਸਦੇ ਸਾਥੀਆਂ ਨੇ ਯੁੱਧਨੀਤੀ ਤਿਆਰ ਕੀਤੀ। ਇਸ ਨਿਸ਼ਾਨੇ ਨੂੰ ਪ੍ਰਾਪਤ ਕਰਨ ਦੀ ਯੁੱਧਨੀਤੀ ਅਤੇ ਦਾਅ-ਪੇਚਾਂ ਲਈ ਲੈਨਿਨ ਦੇ ਆਪਣੇ ਸਾਥੀਆਂ ਨਾਲ ਅਕਸਰ ਮਤਭੇਦ ਰਹਿੰਦੇ, ਕਿਉਂਕਿ ਉਹ ਮਾਰਕਸਵਾਦੀ ਸਿਧਾਂਤ ਅਪਲਾਈ ਕਰਨ 'ਚ ਨਿਪੁੰਨ ਸੀ।

ਉੱਨਤ ਦੇਸ਼ਾਂ 'ਚ ਪ੍ਰੋਲੇਤਾਰੀ ਦੀ ਚੇਤਨਾ ਦਾ ਵਿਕਾਸ ਸਹਿਜ ਰੂਪ 'ਚ ਹੌਲੀ-ਹੌਲੀ ਉਤਪਾਦਕ ਸ਼ਕਤੀਆਂ ਦੇ ਵਿਕਾਸ ਨਾਲ ਸਾਮੰਤਵਾਦ ਦੇ ਗਰਭ 'ਚ ਹੋਇਆ ਸੀ। ਇਸ ਲਈ ਜਿਸ ਨਿਸਬਤ ਨਾਲ ਸਰਮਾਏਦਾਰੀ ਤਰੱਕੀ ਕਰਦੀ ਗਈ ਉਸੇ ਨਿਸਬਤ ਨਾਲ ਪ੍ਰੋਲੇਤਾਰੀ ਦੀ ਤਕਨੀਕੀ ਨਿਪੁੰਨਤਾ ਅਤੇ ਚੇਤਨਾ ਦਾ ਵਿਕਾਸ ਹੁੰਦਾ ਗਿਆ ਸੀ, ਕਿਉਂਕਿ ਉਥੇ ਪੈਦਾਵਾਰੀ ਸ਼ਕਤੀਆਂ ਦਾ ਵਿਕਾਸ ਤਿੰਨ ਪੜਾਵਾਂ ਨਗਰ ਦਸਤਕਾਰੀਆਂ, ਮੈਨੂਫੈਕਚਰ ਅਤੇ ਫੈਕਟਰੀ ਚੋਂ ਹੋ ਕੇ ਲੰਘਿਆ ਸੀ। ਪੜਾਅ ਦਰ ਪੜਾਅ ਤਕਨੀਕ, ਵਿਗਿਆਨ, ਸਮਾਜ ਅਤੇ ਸੱਭਿਆਚਾਰਕ ਚੇਤਨਤਾ ਦੀ ਪ੍ਰਗਤੀ 'ਚੋਂ ਲੰਘਿਆ ਅਤੇ ਪ੍ਰੋਲੇਤਾਰੀ ਦੇ ਸ਼ੋਸ਼ਣ ਨੇ ਉਸਨੂੰ ਰਾਜਨੀਤਕ ਚੇਤਨਤਾ ਦਿੱਤੀ ਸੀ। ਇਸ ਰਾਜਨੀਤਕ ਚੇਤਨਾ ਰਾਹੀਂ ਉਹ ਆਪਣੀ ਪਾਰਟੀ ਆਪ ਬਣਾਉਣ ਦੇ ਸਮਰੱਥ ਬਣਿਆ ਅਤੇ ਬੁਰਜੂਆ ਬੁੱਧੀਜੀਵੀਆਂ ਨੂੰ ਆਪਣੇ ਸੰਘਰਸ਼ ਵੱਲ ਆਕਰਸ਼ਿਤ ਕਰਦਿਆਂ, ਉਹਨਾਂ ਨੂੰ ਆਪਣੀ ਜਮਾਤ ਦੇ ਮੁਹਰੈਲ ਬਣਾਉਣ ਦੇ ਸਮਰੱਥ ਹੋਇਆ ਸੀ, ਜਿਸਨੇ ਪ੍ਰੋਲੇਤਾਰੀ ਜਮਾਤ ਦੀ ਪਾਰਟੀ ਨੇ ਪੈਰਿਸ ਕਮਿਊਨ ਨੂੰ ਸਰਅੰਜਾਮ ਦਿੱਤਾ ਸੀ। ਮਗਰ ਰੂਸ ਵਰਗੇ ਮੁਲਕ 'ਚ ਫੈਕਟਰੀ ਨੇ ਉਪਰੋਂ ਜਨਮ ਲਿਆ ਸੀ, ਇਸ ਕਾਰਨ ਏਕਾਏਕ ਉਥੋਂ ਦਾ ਪ੍ਰੋਲੇਤਾਰੀ ਉਸ ਰਾਜਨੀਤਕ ਚੇਤਨਾ ਦੇ ਸਮਰੱਥ ਨਹੀਂ ਬਣ ਸਕਦਾ ਸੀ, ਜਿਵੇ ਯੂਰਪੀ ਉੱਨਤ ਦੇਸ਼ਾਂ 'ਚ ਹੋ ਰਿਹਾ ਸੀ। ਇੱਥੇ ਬੁਰਜੂਆਜ਼ੀ ਦੀ ਸਾਮੰਤਵਾਦ ਅਤੇ ਰਾਜਤੰਤਰ ਨਾਲ ਵਿਰੋਧਤਾਈ, ਕਿਸਾਨੀ ਦੀ ਜਗੀਰਦਾਰੀ ਨਾਲ ਵਿਰੋਧਤਾਈ, ਪ੍ਰੋਲੇਤਾਰੀ ਦੀ ਬੁਰਜੂਆਜ਼ੀ ਨਾਲ ਵਿਰੋਧਤਾਈਆਂ ਆਦਿ ਲਈ ਇਕ ਰਾਜਨੀਤਕ ਪਾਰਟੀ ਨਾਲ ਇਨਕਲਾਬ ਲਿਆਉਣ ਦੀ ਮੁਸ਼ੱਕਤ ਕਰਨੀ ਸੀ ਜਿਸਦੇ ਵੈਨਗਾਰਡ ਪ੍ਰੋਲੇਤਾਰੀ ਹੋਣ ਅਤੇ ਲੋਕ ਜਮਹੂਰੀ ਇਨਕਲਾਬ ਕਰਨ, ਜਿਹੜਾ ਪੱਛਮ ਦੇ ਉੱਨਤ ਦੇਸ਼ਾਂ 'ਚ ਬੁਰਜੂਆ ਇਨਕਲਾਬ ਤੋਂ ਅਤੇ ਬੁਰਜੂਆ ਜਮਹੂਰੀਅਤ ਤੋਂ ਵੱਖ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਅਧੀਨ ਹੋਵੇ। ਅਜਿਹੀ ਪਾਰਟੀ ਜੋ ਬਹੁਤ ਸਾਰੀਆਂ ਲੜਾਕੂ ਜਮਾਤਾਂ ਸਮੇਤ ਮੁੱਖ ਵਿਰੋਧਤਾਈ ਨੂੰ ਟੱਕਰ ਵੀ ਦੇਵੇ ਅਤੇ ਉਹਨਾਂ ਜਮਾਤਾਂ ਨੂੰ ਵੀ ਟੱਕਰ ਦੇਵੇ ਜੋ ਉਸ ਦੀ ਭਵਿੱਖੀ ਵਿਰੋਧਤਾਈ ਬਣਨ ਦੀ ਸਮਰੱਥਾ ਰੱਖਦੀਆਂ ਹੋਣ। ਅਜਿਹੀ ਪਾਰਟੀ ਨੂੰ ਆਪਣੇ ਨਿਸ਼ਾਨੇ ਦੀ ਸਿਧਾਂਤਕ ਸਮਝ ਦੀ ਨਿਪੁੰਨਤਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ ਅਤੇ ਵਾਰ-ਵਾਰ ਯੁੱਧਨੀਤੀ ਨੂੰ ਸਮਝਣਾ ਅਤੇ ਉਸਨੂੰ ਨਿਸ਼ਾਨੇ ਤੱਕ ਪਹੁੰਚਾਉਣ ਦੇ ਦਾਅ ਪੇਚਾਂ 'ਚੋਂ ਲੰਘਣਾ ਕਾਫ਼ੀ ਜ਼ੋਖਮ ਦਾ ਕੰਮ ਹੁੰਦਾ ਹੈ। ਲੈਨਿਨ ਦੀ ਇਹ ਮਹਾਨਤਾ ਸੀ ਕਿ ਉਸਨੇ ਇਸਨੂੰ ਇਨਕਲਾਬ ਦੇ ਨਿਸ਼ਾਨੇ ਤੱਕ ਪਹੁੰਚਾਇਆ।

ਇਹ ਸਿਧਾਂਤਕ ਅਤੇ ਰਾਜਨੀਤਕ ਸਮਝ ਦੀ ਨਿਪੁੰਨਤਾ ਸੀ, ਕਿਉਂਕਿ ਉਸਨੇ ਪੂੰਜੀਵਾਦ ਦੇ ਉਸ 'ਪੜਾਅ' 'ਚ ਇਸ ਦੀ ਕਮਜ਼ੋਰ ਕੜੀ 'ਤੇ ਸੱਟ ਮਾਰੀ ਅਤੇ ਉਸ ਕਾਲ ਜਾਂ ਸਟੇਟ ਉੱਤੇ ਕਬਜ਼ਾ ਕਰਨ 'ਚ ਕਾਮਯਾਬ ਹੋ ਗਏ। ਇਸ ਨਾਲ ਇਹ ਨੀਤੀ ਸਿਧਾਂਤ ਨਹੀਂ ਬਣ ਜਾਂਦੀ। ਲੈਨਿਨਵਾਦ ਸਿਧਾਂਤ ਬਣਨ ਦੇ ਰਾਹੇ ਸਟੇਟ ਉੱਤੇ ਕਬਜ਼ੇ ਤੋਂ ਬਾਅਦ ਬਣਦਾ ਹੈ ਕਿ ਕਬਜ਼ਾ ਕੀਤੀ ਸਟੇਟ ਨੂੰ ਕਿਸ ਰੁਖ ਤੋਰਿਆ ਜਾਵੇ। 'ਨੈਪ' ਇਸ ਸਟੇਟ ਨੂੰ ਆਪਣੇ ਰਾਹੇ ਤੋਰਨ ਦਾ ਖਰੜਾ ਸੀ, ਜੋ ਰਾਜ ਸਰਮਾਏਦਾਰੀ (state capitalism) ਉਸਾਰਨ ਲਈ ਸਤਾਲਿਨ ਦਾ ਅਸਲ ਲੈਨਿਨਵਾਦੀ ਸਿਧਾਂਤ ਬਣਦਾ ਹੈ, ਬਿਨਾਂ ਮਾਲਕ ਸਰਮਾਏਦਾਰਾਂ ਦੇ ਸਰਮਾਏਦਾਰੀ ਉਤਪਾਦਨ ਦੇ ਵਿਕਾਸ ਦਾ ਸਿਧਾਂਤ। ਇਹ ਅਜਿਹੀ ਪਰਿਕਲਪਨਾ ਸੀ ਜੋ ਲੈਨਿਨ ਦੇ ਵਿਚਾਰਾਂ 'ਚ ਵਿਕਸਤ ਹੋ ਰਹੀ ਸੀ, ਅਮਲ 'ਚ ਇਸਨੇ ਥੀਸਿਜ਼ ਬਣਨਾ ਸੀ ਜਾਂ ਸਿਧਾਂਤ, ਇਹ ਇਸਦੇ ਭਵਿੱਖੀ ਅਮਲ ਨੇ ਦੱਸਣਾ ਸੀ, ਕਿਉਂਕਿ ਇਹ ਅਜਿਹਾ ਤਜ਼ਰਬਾ ਸੀ ਜੋ ਸੰਸਾਰ ਇਤਿਹਾਸ 'ਚ ਪਹਿਲੀ ਵਾਰ ਹੋ ਰਿਹਾ ਸੀ। ਹੁਣ ਤੱਕ (ਲੈਨਿਨ ਕਾਲ) ਦੇ ਇਤਿਹਾਸ 'ਚ ਪੈਦਾਵਾਰੀ ਸ਼ਕਤੀਆਂ ਦੇ ਉਤਪਾਦਨ ਅਤੇ ਚੇਤਨਾ ਦਾ ਵਿਕਾਸ ਸਟੇਟ ਏਜੰਡਾ ਨਹੀਂ ਸੀ ਰਿਹਾ, ਸਗੋਂ ਪੈਦਾਵਾਰੀ ਸਕਤੀਆਂ ਦੇ ਉਤਪਾਦਨ ਅਤੇ ਚੇਤਨਾ ਦਾ ਵਿਕਾਸ ਰਾਜ ਉੱਪਰ ਕਾਬਜ਼ ਉਤਪਾਦਨ ਵਿਧੀ ਅਤੇ ਉਸਦੀ ਧਰੋਹਰ ਰਾਜਨੀਤਕ ਜਮਾਤ ਤੋਂ ਆਜ਼ਾਦ ਅਤੇ ਵਧੇਰੇ ਕਰਕੇ ਵਿਰੋਧ 'ਚ ਉਸਰਦੇ ਆਏ ਸਨ। ਇਸੇ ਲਈ ਮਾਰਕਸ

ਦੇ ਸਿਧਾਂਤ 'ਚ ਇਹ ਵਿਰੋਧ ਵਿਕਾਸੀ ਸਨ। ਇੱਥੇ ਆ ਕੇ ਲੈਨਿਨ ਦੀ ਪਰਿਕਲਪਨਾ ਮਾਰਕਸਵਾਦ ਤੋਂ ਭਿੰਨ ਰਸਤਾ ਅਖਤਿਆਰ ਕਰਦੀ ਹੈ। ਅਕਤੂਬਰ 1917 ਦੇ ਬਾਲਸ਼ਵਿਕ ਇਨਕਲਾਬ ਨੂੰ ਲੈਨਿਨ ਨੇ ਪ੍ਰੋਲੇਤਾਰੀ ਇਨਕਲਾਬ ਸਵੀਕਾਰ ਨਹੀਂ ਕੀਤਾ ਸੀ, ਸਗੋਂ "ਬੁਰਜੂਆ ਇਨਕਲਾਬ" ਹੀ ਸਵੀਕਾਰਿਆ ਸੀ। ਲੈਨਿਨ ਦੀ ਕਿਤਾਬ ਦੀ ਤੇਤੀਵੀਂ ਜਿਲਦ ਅੱਗੇ ਵਧਣ ਲਈ ਫੂਕ-ਫੂਕ ਕਦਮ ਰੱਖਦੀ ਪਾਰਟੀ ਅਤੇ ਕਮਿਊਨਿਸਟਾਂ ਲਈ ਨਸੀਹਤਾਂ ਨਾਲ ਭਰੀ ਪਈ ਹੈ, ਕਿਉਂਕਿ ਉਹ ਜਾਣਦਾ ਸੀ ਕਿ ਇਤਿਹਾਸ ਦੇ ਰਥ ਨੂੰ ਆਪਣੀ ਮਰਜ਼ੀ ਨਾਲ ਘੜੀਸਣਾ ਅਸੰਭਵ ਹੈ। ਇਸ ਨਵੀਂ ਆਰਥਿਕ ਨੀਤੀ ਦਾ ਗੋਲ਼ ਪੈਤੀ-ਬੁਰਜੂਆ ਦਿਮਾਗ਼ਾਂ ਨੂੰ ਠਿੱਬੀ ਲਾਉਣਾ ਸੀ, ਜੋ ਕਿਰਤੀ ਜਮਾਤ ਦੇ ਨੇੜੇ ਹੁੰਦੀ ਹੋਈ ਉਸਨੂੰ 'ਕੁਰਾਹੇ' ਪਾਉਣ ਦੇ 'ਸਮਰੱਥ' ਹੁੰਦੀ ਹੈ, ਲੈਨਿਨ ਸਪੱਸ਼ਟ ਕਰਦਾ ਹੈ ਕਿ, "ਸਾਨੂੰ ਲੋੜ ਹੈ ਇਕ ਬਲਾਕ ਜਾਂ ਪੈਤੀ-ਬੁਰਜੂਆ ਤੱਤਾਂ ਵਿਰੁੱਧ ਪ੍ਰੋਲੇਤਾਰੀ ਰਾਜ ਅਤੇ ਰਾਜ ਸਰਮਾਏਦਾਰੀ ਵਿਚਾਲੇ ਗਠਜੋੜ ਦੀ", ਪਰ ਉਹ ਨਾਲ ਹੀ ਰੂਸੀ ਕਹਾਵਤ ਮੁਤਾਬਿਕ ਸਾਫ਼ ਕਰਦਾ ਹੈ ਕਿ 'ਅਸੀਂ ਇਸ ਕੱਪੜੇ ਨੂੰ ਕੱਟਣ ਤੋਂ ਪਹਿਲਾਂ ਕਈ ਵਾਰ ਮਿਣਾਂਗੇ।' ਲੈਨਿਨ ਦੀ ਬਹੁਤ ਜਲਦੀ ਮੌਤ ਤੋਂ ਬਾਅਦ ਉਸ ਦੇ 'ਉਤਰਾਧਿਕਾਰੀ' ਵੱਲੋਂ ਕੱਪੜੇ ਨੂੰ ਬਹੁਤ ਕੈਚੀਆਂ ਵੱਜੀਆਂ ਪਰ ਮਿਣਿਆ ਕਦੇ ਵੀ ਨਾ ਗਿਆ, ਜਿਸਦੀ ਮਿਣਤੀ ਅਤੇ ਕਟਾਈ ਲੈਨਿਨ ਦੇ ਦਿਮਾਗ਼ 'ਚ ਸੀ, ਬੱਸ ਕੈਂਚੀ ਚੱਲਦੀ ਰਹੀ।

*****

ਲੈਨਿਨ ਦੀਆਂ ਲਿਖਤਾਂ ਇਸ ਨਵੇਂ ਤਜਰਬੇ 'ਚ, ਉਸਦੀ ਬਿਮਾਰੀ ਕਾਰਨ ਬਣੇ ਉਤਰਾਧਿਕਾਰੀ ਪਾਰਟੀ ਜਨਰਲ ਸਕੱਤਰ, ਪਾਰਟੀ ਮੁਖੀ ਵਜੋਂ ਸਰਕਾਰ ਦੇ ਮੁਖੀ ਅਤੇ ਸਰਕਾਰ ਦੇ ਮੁਖੀ ਵਜੋਂ ਸਟੇਟ ਦੇ ਮੁਖੀ ਨੂੰ ਅਯੋਗ ਕਰਾਰ ਦੇ ਦਿੰਦੀਆਂ ਹਨ, ਪਰ ਇਹ ਲਿਖਤਾਂ ਬਣੇ ਰਹੇ ਮੁਖੀ ਦੇ ਕਾਲ 'ਚ ਸਾਹਮਣੇ ਨਹੀਂ ਆਉਂਦੀਆਂ, ਕਿਉਂਕਿ ਇਹਨਾਂ ਲਿਖਤਾਂ 'ਚ ਤ੍ਰਾਤਸਕੀ ਕੋਈ ਲੈਨਿਨ ਜਾਂ ਲੈਨਿਨਵਾਦ ਵਿਰੋਧੀ ਵਿਅਕਤੀ ਦਿਖਾਈ ਨਹੀਂ ਦਿੰਦਾ। ਲੈਨਿਨ ਦੇ ਸਤਾਲਿਨ ਨਾਲ ਆਪਣੇ ਨਿੱਜੀ ਵਿਹਾਰ, ਕਰੁਪਸਕਾਯਾ ਅਤੇ ਪਾਰਟੀ ਦੇ ਅਹਿਮ ਨੇਤਾਵਾਂ ਨਾਲ ਤਾਨਾਸ਼ਾਹ (rude) ਵਿਹਾਰ, ਖਾਸ ਕਰਕੇ ਤ੍ਰਾਤਸਕੀ ਨਾਲ ਉਸਦੇ ਵਿਚਾਰਕ ਪਾੜੇ ਕਾਰਨ ਵੀ ਪਾਰਟੀ ਮੁਖੀ ਵਜੋਂ ਉਸਦੀ ਯੋਗਤਾ ਨੂੰ ਰੱਦ ਕਰ ਦਿੰਦੀਆਂ ਹਨ, ਮਗਰ ਤ੍ਰਾਤਸਕੀ ਦੇ ਸੁਭਾਅ ਦੀ ਅਲੋਚਨਾ ਕਰਦਿਆਂ ਉਸਨੂੰ ਕੇਂਦਰੀ ਕਮੇਟੀ ਦਾ ਸਭ ਤੋਂ ਯੋਗ ਵਿਅਕਤੀ ਦੱਸਦੀਆਂ ਹਨ। ਲੈਨਿਨ ਦਾ ਤ੍ਰਾਤਸਕੀ ਬਾਰੇ 'ਲੋਕ ਦੁਸ਼ਮਣ' ਅਤੇ ਪਾਰਟੀ ਦੁਸ਼ਮਣ ਵਜੋਂ ਕਿਤੇ ਵੀ ਝਲਕਾਰਾ ਨਹੀਂ ਮਿਲਦਾ, ਸਗੋਂ ਸਤਾਲਿਨ-ਤ੍ਰਾਤਸਕੀ ਵਿਚਾਲੇ ਭੇੜ ਲੈਨਿਨ ਦੀ ਲਿਖਤ 'ਚ ਮੌਜੂਦ ਹੈ। 15 ਦਸੰਬਰ 1922 ਨੂੰ ਵਿਦੇਸ਼ੀ ਵਪਾਰ ਮੀਟਿੰਗ 'ਚ ਆਪਣੇ ਨਾ ਪਹੁੰਚਣ ਦੀ ਅਸਮਰੱਥਾ ਸਤਾਲਿਨ ਨੂੰ ਦੱਸਦਿਆਂ, ਤ੍ਰਾਤਸਕੀ ਨੂੰ ਆਪਣੇ ਵਿਚਾਰਾਂ ਦਾ ਪ੍ਰਤੀਨਿਧ ਨਿਰਧਾਰਤ ਕਰਦਿਆਂ ਕਹਿੰਦਾ ਹੈ,"ਮੈਨੂੰ ਪੱਕਾ ਪਤਾ ਕਿ ਤ੍ਰਾਤਸਕੀ ਮੇਰੇ ਵਿਚਾਰਾਂ ਦੀ ਇੰਨ-ਬਿੰਨ ਪੁਸ਼ਟੀ ਕਰੇਗਾ ਉਸੇ ਤਰ੍ਹਾਂ ਜਿਵੇਂ ਮੈਂ।" ਇਹ ਸਤਰ ਲੈਨਿਨ ਦੀ ਤ੍ਰਾਤਸਕੀ ਬਾਰੇ ਸੋਚ ਨੂੰ ਵੀ ਪ੍ਰਗਟ ਕਰਦੀ ਹੈ ਅਤੇ ਤ੍ਰਾਤਸਕੀ ਦੁਆਰਾ ਲੈਨਿਨ ਦੇ ਵਿਚਾਰਾਂ ਨੂੰ ਸਮਝਣ ਦੀ ਵੀ ਪੁਸ਼ਟੀ ਕਰਦੀ ਹੈ। ਪਾਰਟੀ ਅੰਦਰਲੇ ਵਿਰੋਧ ਉਪਰ ਕਿੰਤੂ ਕਰਦੇ ਹੋਏ ਲੈਨਿਨ ਤ੍ਰਾਤਸਕੀ ਬਾਰੇ ਆਖਦਾ ਹੈ ਕਿ, 'ਦੂਸਰੇ ਪਾਸੇ, ਕਾਮਰੇਡ ਤ੍ਰਾਤਸਕੀ, ਜੋ ਕਿ ਲੋਕ ਕੌਮੀਸਾਰੀ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਸਵਾਲ ਤੇ ਕੇਂਦਰੀ ਕਮੇਟੀ ਨਾਲ ਆਪਣੀ ਜੱਦੋ-ਜਹਿਦ ਤੇ ਆਪਣੇ ਆਪ ਨੂੰ ਆਪਣੀ ਯੋਗ ਕਾਬਲੀਅਤ ਕਾਰਨ ਮੌਜੂਦਾ ਕੇਂਦਰੀ ਕਮੇਟੀ 'ਚ ਨਾ ਸਿਰਫ਼ ਵੱਖਰਾ ਤੇ ਨਿਆਰਾ ਸਿੱਧ ਕਰ ਚੁੱਕਿਆ ਹੈ, ਬਲਕਿ ਇਹ ਉਹਦੇ ਦੂਰ ਪ੍ਰਭਾਵੀ ਆਤਮ-ਵਿਸ਼ਵਾਸ ਤੇ ਉਹਦੀ ਬਿਹਤਰੀਨ ਪ੍ਰਬੰਧਕੀ ਸੂਝ-ਬੂਝ ਦੇ ਸਦਕਾ ਸੰਭਵ ਹੋ ਸਕਿਆ ਸੀ।' ਇਹਨਾਂ ਸਤਰਾਂ ਰਾਹੀਂ ਲੈਨਿਨ ਤ੍ਰਾਤਸਕੀ ਦੀ ਯੋਗਤਾ ਦਾ ਕਾਇਲ ਨਜ਼ਰ ਆਉਂਦਾ ਹੈ, ਮਗਰ ਸਤਾਲਿਨ ਦੀ ਅਯੋਗਤਾ ਬਾਰੇ ਅਤੇ ਉਸਦੇ ਤਾਨਾਸ਼ਾਹ ਸੁਭਾਅ ਬਾਰੇ ਲੈਨਿਨ ਕਹਿੰਦਾ ਹੈ, ਕਿ ਜਨਰਲ ਸਕੱਤਰ ਦੀ ਪਦਵੀ 'ਤੇ ਪਹੁੰਚਣ ਤੋਂ ਬਾਅਦ, ਕਾਮਰੇਡ ਸਤਾਲਿਨ ਨੇ ਆਪਣੇ ਹੱਥਾਂ 'ਚ ਅਮਿਣਤ ਤਾਕਤ ਇਕੱਤ੍ਰਤ ਕਰ ਲਈ ਹੈ ਅਤੇ ਮੈਨੂੰ ਪੱਕਾ ਪਤਾ ਨਹੀਂ ਕਿ ਉਹ ਉਚਿਤ ਅਗਵਾਈ ਨਾਲ ਇਸ ਸੱਤਾ ਨੂੰ ਹਮੇਸ਼ਾ ਵਰਤਣ ਦੇ ਯੋਗ ਹੋਵੇ।.... ਸਤਾਲਿਨ ਹੱਦ ਦਰਜ਼ੇ ਦਾ ਤਾਨਾਸ਼ਾਹ ਹੈ, ਅਤੇ ਇਹ ਨੁਕਸ, ਜਿਸਨੂੰ ਬੜੇ ਆਰਾਮ ਨਾਲ ਸਾਡੇ ਕਮਿਊਨਿਸਟਾਂ ਦਰਮਿਆਨ ਤਾਂ ਜਰਿਆ ਜਾ ਸਕਦਾ ਹੈ, ਪ੍ਰੰਤੂ ਇਹ ਨੁਕਸ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਜਿਹੜਾ ਵਿਅਕਤੀ ਜਨਰਲ ਸਕੱਤਰ ਦੀ ਪਦਵੀ ਉੱਪਰ ਬੈਠਾ ਹੋਵੇ। ਇਸੇ ਕਰਕੇ ਹੀ, ਮੇਰੀ ਤਜਵੀਜ਼ ਹੈ ਕਿ ਕਾਮਰੇਡ ਕੋਈ ਅਜਿਹੀ ਤਰਕੀਬ ਕੱਢਣ ਜੀਹਦੇ ਰਾਹੀਂ ਸਤਾਲਿਨ ਨੂੰ ਇਸ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ ਜਾਵੇ ਅਤੇ ਜੀਹਦੇ ਰਾਹੀਂ ਕਿਸੇ ਹੋਰ ਆਦਮੀ ਨੂੰ ਇਸ ਅਹੁਦੇ ਲਈ ਚੁਣਿਆ ਜਾਵੇ, ਇਕ ਅਜਿਹਾ ਆਦਮੀ, ਜਿਹੜਾ ਸਤਾਲਿਨ ਦੇ 'ਗੁਣਾਂ' ਤੋਂ ਹਰ ਰੂਪ 'ਚ ਭਿੰਨ ਹੋਵੇ, ਭਾਵ ਮਹਾਂ-ਸਹਿਣਸ਼ੀਲ, ਮਹਾਂ-ਵਫ਼ਾਦਾਰ, ਅਤੇ ਕਾਮਰੇਡਾਂ ਨਾਲ ਜ਼ਿਆਦਾ ਲਿਹਾਜ਼ਦਾਰ ਵਤੀਰਾ ਰੱਖਦਾ ਹੋਵੇ, ਘੱਟ ਮਨਮੌਜੀ ਸੁਭਾਅ ਦਾ ਹੋਵੇ।" ਅਤੇ ਨਾਲ ਹੀ ਸਤਾਲਿਨ ਅਤੇ ਤ੍ਰਾਤਸਕੀ ਵਿਚਲੇ ਪਾੜੇ ਉੱਪਰ ਇਤਿਹਾਸਕ ਟਿੱਪਣੀ ਕਰਦਾ ਹੈ, ਜੋ ਲੈਨਿਨ ਦੀ ਭਵਿੱਖੀ ਸੋਚ ਦਾ ਨਤੀਜਾ ਸੀ, "ਇਹ ਘਟਨਾਕ੍ਰਮ

ਮਹੱਤਵਹੀਣ ਤੇ ਵਿਅਰਥ ਮਹਿਸੂਸ ਹੋ ਸਕਦਾ, ਮਗਰ ਮੈਂ ਸੋਚਦਾਂ ਕਿ ਇਸ ਨਜ਼ਰੀਏ ਨਾਲ ਇਕ ਪਾੜੇ ਨੂੰ ਰੋਕਿਆ ਜਾ ਸਕਦਾ ਜਿਹੜਾ ਸਤਾਲਿਨ ਅਤੇ ਤ੍ਰਾਤਸਕੀ ਵਿਚਾਲੇ ਸਬੰਧਾਂ ਫੈਲਿਆ ਹੋਇਆ ਹੈ ਜਿਸਨੂੰ ਮੈਂ ਉੱਪਰ ਵਿਚਾਰਿਆ ਹੈ, ਇਹ ਸੋਚਣਾ ਬੇਅਰਥਾ ਨਹੀਂ ਹੈਂ, ਜਾਂ ਅਜਿਹੀਆਂ ਮਮੂਲੀ ਅਰਥ ਰੱਖਦੀਆਂ ਘਟਨਾਵਾਂ ਫੈਸਲਾਕੁੰਨ ਮੋੜ ਅਖਤਿਆਰ ਕਰ ਸਕਦੀਆਂ ਹਨ।" ਲੈਨਿਨ ਅਜਿਹੇ ਹੀ ਗੁਣਾਂ ਅਤੇ ਸੋਚਾਂ ਦਾ ਮਾਲਕ ਸੀ, ਜੋ ਆਪਣੇ 'ਜਾਂਨਸ਼ੀਨ' ਕੋਲੋਂ ਵੀ ਅਜਿਹੀ ਮੰਗ ਕਰ ਰਿਹਾ ਹੈ, ਇਸੇ ਵਾਸਤੇ ਸਤਾਲਿਨ ਪ੍ਰਤੀ ਉਹ ਏਨੀ ਤਿੱਖੀ ਪ੍ਰਤੀਕਿਰਿਆ ਕਰਦਾ ਹੈ। ਏਨਾ ਹੀ ਬੱਸ ਨਹੀਂ ਆਪਣੇ ਨਿੱਜੀ ਜੀਵਨ 'ਚ ਆਪਣੀ ਪਤਨੀ ਨਾਲ ਦੁਰ-ਵਿਹਾਰ ਬਾਰੇ ਵੀ ਉਸਨੇ ਸਤਾਲਿਨ ਨੂੰ ਚਿੱਠੀ ਲਿਖੀ ਅਤੇ ਉਸ ਦੀ ਕਾਪੀ ਜਿਨੋਵੀਵ ਅਤੇ ਕਾਮਨੇਵ ਨੂੰ ਵੀ ਭੇਜੀ। ਇਸੇ ਤਰ੍ਹਾਂ ਲੈਨਿਨ ਦੀ ਗੰਭੀਰ ਬਿਮਾਰੀ ਦਰਮਿਆਨ ਕਰੁਪਸਕਾਯਾ ਨੇ ਉਸ ਵੇਲੇ ਪੋਲਿਟ ਬਿਊਰੋ ਮੁਖੀ ਕਾਮਨੇਵ ਨੂੰ ਸਤਾਲਿਨ ਦੇ ਤਾਨਾਸ਼ਾਹੀ ਵਿਹਾਰ ਦੀ ਸ਼ਿਕਾਇਤ ਦਸੰਬਰ 23, 1922 ਨੂੰ ਚਿੱਠੀ ਰਾਹੀਂ ਕੀਤੀ।

"ਲਿਉ ਬੋਰਸੋਵਿਚ

"ਇਹ ਨਿੱਕਾ ਜਿਹਾ ਖ਼ਤ ਹੈ ਜਿਸਨੂੰ ਡਾਕਟਰ ਦੀ ਆਗਿਆ ਨਾਲ ਲੈਨਿਨ ਨੇ ਮੈਨੂੰ ਦਰਜ ਕਰਾਇਆ ਹੈ, ਕੱਲ ਸਤਾਲਿਨ ਨੇ ਅਸਧਾਰਨ ਤਰੀਕੇ ਦੇ ਤਾਨਾਸ਼ਾਹ ਵਿਹਾਰ ਨਾਲ ਮੈਨੂੰ ਹਦਾਇਤਾਂ ਦਿੱਤੀਆਂ।

"ਪਾਰਟੀ 'ਚ ਮੇਰਾ ਇਹ ਕੋਈ ਪਹਿਲਾ ਦਿਨ ਨਹੀਂ ਹੈ। ਪਿਛਲੇ ਤੀਹਾਂ ਸਾਲਾਂ ਦਰਮਿਆਨ ਮੈਂ ਕਦੇ ਕਿਸੇ ਕਾਮਰੇਡ ਕੋਲੋਂ ਇਕ ਵੀ ਖਰਵਾ ਸ਼ਬਦ ਨਹੀਂ ਸੁਣਿਆ। ਪਾਰਟੀ ਅਤੇ ਇਲੀਅਚ ਦਾ ਬਿਜ਼ਨਸ ਮੈਨੂੰ ਸਤਾਲਿਨ ਨਾਲੋਂ ਘੱਟ ਪਿਆਰੇ ਨਹੀਂ। ਮੈਨੂੰ ਲੋੜ ਹੈ ਕਿ ਮੈਂ ਆਪਣੇ ਆਪ ਨੂੰ ਵੱਧ ਤੋਂ ਵੱਧ ਜ਼ਾਬਤੇ 'ਚ ਰੱਖਾਂ। ਕੀ ਕੋਈ ਇਲੀਅਚ ਨਾਲ ਗੱਲ-ਬਾਤ ਕਰ ਸਕਦਾ ਜਾਂ ਨਹੀਂ, ਮੈਂ ਡਾਕਟਰ ਨਾਲੋਂ ਬਿਹਤਰ ਜਾਣਦੀ ਹਾਂ, ਕਿਉਂਕਿ ਮੈਂ ਜਾਣਦੀ ਹਾਂ ਕਿ ਉਹ ਕੀਹਦੇ ਨਾਲ ਗੱਲ ਕਰਕੇ ਨਰਵਿਸ ਹੁੰਦਾ ਅਤੇ ਕੀਹਦੇ ਨਾਲ ਨਹੀਂ। ਕਿਸੇ ਵੀ ਹਾਲਤ 'ਚ ਮੈਂ (ਇਹ) ਸਤਾਲਿਨ ਨਾਲੋਂ ਬਿਹਤਰ ਜਾਣਦੀ ਹਾਂ। ਮੈਂ ਦੱਸ ਰਹੀ ਹਾਂ, ਕਿਉਂਕਿ ਤੂੰ ਅਤੇ ਗਿਰੋਗਰੀ (ਜਿਨੋਵੀਵ) ਵ(ਲਾਦੀਮੀਰ) ਇ(ਲੀਅਚ) ਦੇ ਬਹੁਤ ਨੇੜਲੇ ਸਾਥੀ ਹੋ। ਮੈਂ ਤੁਹਾਡਾ ਤਰਲਾ ਕਰਦੀ ਹਾਂ ਕਿ ਮੇਰੀ ਨਿੱਜੀ ਜ਼ਿੰਦਗੀ 'ਚ ਕਿਸੇ ਵੀ ਤਾਨਾਸ਼ਾਹੀ ਦਖਲਅੰਦਾਜ਼ੀ ਤੋਂ ਮੈਨੂੰ ਬਚਾਇਆ ਜਾਵੇ, ਵਾਧੂ ਦੀਆਂ ਫ਼ਿਟਕਾਰਾਂ ਅਤੇ ਧਮਕੀਆਂ ਤੋਂ। ਮੈਨੂੰ ਕੋਈ ਸ਼ੱਕ ਨਹੀਂ ਕਿ ਕੰਟਰੋਲ ਕਮਿਸ਼ਨ (ਇਸ ਮਾਮਲੇ 'ਚ) ਸਾਂਝੇ ਤੌਰ ਤੇ ਫੈਸਲਾ ਲਵੇਗਾ ਜੀਹਦੇ ਨਾਲ ਸਤਾਲਿਨ ਮੈਨੂੰ ਧਮਕੀਆਂ ਦੇਣ ਦੇ ਯੋਗ ਨਹੀਂ ਰਹੇਗਾ। ਕਿਸੇ ਤਰ੍ਹਾਂ ਵੀ ਮੇਰੇ ਕੋਲ ਨਾ ਤਾਂ ਸੱਤਿਆ ਹੈ ਅਤੇ ਨਾ ਹੀ ਸਮਾਂ ਕਿ ਇਸ ਫ਼ਜ਼ੂਲ ਝਗੜੇ ਨੂੰ ਵਧਾਵਾਂ। ਆਖਿਰਕਾਰ ਮੈਂ ਵੀ ਤਾਂ ਇਕ ਮਨੁੱਖੀ ਜੀਵ ਹਾਂ ਅਤੇ ਮੇਰੀਆਂ ਨਸਾਂ ਇਸ ਦਬਾਅ ਨਾਲ ਚਟਕ ਗਈਆਂ ਹਨ।

ਨ. ਕਰੁਪਸਕਾਯਾ"

ਲੈਨਿਨ ਇਸ ਵਾਕਿਆ ਨਾਲ ਅੰਦਰੋਂ ਝੰਜੋੜਿਆ ਗਿਆ ਸੀ, ਜੇ ਇਹ ਮਾਮੂਲੀ ਵਾਕਿਆ ਹੁੰਦਾ ਤਾਂ ਉਹ ਆਪਣੀ ਸਿਹਤਯਾਬੀ ਦੀ ਭਰਪਾਈ ਤੱਕ ਇਸਨੂੰ ਯਾਦ ਨਾ ਰੱਖਦਾ, ਕਿਉਂਕਿ ਉਹ ਜਿਨੋਵੀਵ ਅਤੇ ਕਾਮਨੇਵ ਦੇ ਅਕਤੂਬਰ ਇਨਕਲਾਬ 'ਚ ਪਾਰਟੀ ਦੇ ਹਥਿਆਰਬੰਦ ਇਨਕਲਾਬ ਦੇ ਵਿਰੋਧੀ ਹੁੰਦੇ ਹੋਏ, ਲੈਨਿਨ ਵਿਰੋਧੀ ਕਾਰਵਾਈਆਂ 'ਚ ਸ਼ਾਮਿਲ ਰਹੇ ਹੋਣ ਦੇ ਬਾਵਜੂਦ ਉਹ ਪੋਲਿਟ ਬਿਊਰੋ ਦੇ ਅਹਿਮ ਸਥਾਨਾਂ 'ਤੇ ਬਿਰਾਜਮਾਨ ਸਨ ਅਤੇ ਅਕਤੂਬਰ ਇਨਕਲਾਬ 'ਚ ਸਰਗਰਮ ਕਾਰਕੁਨ ਤ੍ਰਾਤਸਕੀ ਨਾਲ ਗੂੜ੍ਹੇ ਸਾੜੇ ਵਜੋਂ ਲੈਨਿਨ ਦੇ ਕੰਨ ਭਰਨ 'ਚ ਕਾਮਯਾਬ ਨਹੀਂ ਹੋਏ ਸਨ। ਆਪਣੀਆਂ ਕਾਰਵਾਈਆਂ ਨੂੰ ਤ੍ਰਾਤਸਕੀ ਦੇ ਖਾਤੇ 'ਚ ਪਾ ਕੇ ਉਸਦੇ ਮੈਨਸ਼ਵਿਕ ਪਿਛੋਕੜ ਦੀ ਭੰਡੀ ਕਰਦਿਆਂ, ਉਸਨੂੰ ਬੁਰਜੂਆ ਪਹੁੰਚ ਰੱਖਣ ਵਾਲਾ ਕਹਿ ਕੇ ਲੈਨਿਨ ਸਾਹਮਣੇ ਅਕਤੂਬਰ ਇਨਕਲਾਬ ਦੇ ਆਪਣੇ ਅਤੀਤ 'ਤੇ ਮਿੱਟੀ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਲੈਨਿਨ ਸਭ ਜਾਣਦਾ ਸੀ ਪਰ ਉਹ ਵਿਚਾਰਕ ਵਿਰੋਧੀ ਹੁੰਦਾ ਸੀ, ਵਿਅਕਤੀਆਂ ਦਾ ਨਹੀਂ। ਹੇਠਾਂ ਪੇਸ਼ ਕੀਤੀ ਜਾ ਰਹੀ 5 ਮਾਰਚ 1923, ਦੀ ਚਿੱਠੀ ਇਹ ਦੱਸ ਪਾਉਂਦੀ ਹੈ ਕਿ ਸਤਾਲਿਨ ਦੇ ਕਰੁਪਸਕਾਯਾ ਨਾਲ ਰੁੱਖੇ ਵਿਹਾਰ ਕਾਰਨ ਲੈਨਿਨ ਦੀ ਰੂਹ ਛਲਣੀ ਹੋਈ ਸੀ।

"ਪਿਆਰੇ ਕਾਮਰੇਡ ਸਤਾਲਿਨ!

ਤੂੰ ਟੈਲੀਫੋਨ 'ਤੇ ਮੇਰੀ ਬੀਵੀ ਨੂੰ ਤਾਨਾਸ਼ਾਹ ਤਰੀਕੇ ਨਾਲ ਸੰਮਨ ਜਾਰੀ ਕਰਨ ਦੀ ਆਗਿਆ ਆਪਣੇ ਕੋਲੋਂ ਕਿਵੇਂ ਲਈ ਅਤੇ ਉਸਨੂੰ ਫਿਟ ਲਾਹਨਤ ਪਾਈ। ਭਾਵੇਂ ਕਿ ਅਸਲੀ ਗੱਲ ਉਹਨੇ ਤੈਨੂੰ ਦੱਸ ਦਿੱਤੀ ਸੀ ਕਿ ਉਹ ਇਸ ਗੱਲ ਨਾਲ ਸਹਿਮਤ ਹੈ ਕਿ ਉਹ ਭੁੱਲ ਗਈ, ਤਾਂ ਉਸਨੇ ਕੀ ਕਿਹਾ, ਜ਼ਿਨੋਵੀਵ ਅਤੇ ਕਾਮਨੇਵ ਨੇ ਇਹ ਉਹਦੇ ਕੋਲੋਂ ਸੁਣਿਆ ਹੈ। ਮੈਨੂੰ ਕੋਈ ਪ੍ਰਵਾਹ ਨਹੀਂ ਅਤੇ ਇਸਨੂੰ ਮੈਂ ਸੌਖਿਆਂ ਹੀ ਭੁੱਲ ਜਾਂਦਾ ਜੇ ਤੂੰ ਇਹ ਮੇਰੇ ਨਾਲ ਕੀਤਾ ਹੁੰਦਾ। ਮੈਨੂੰ ਇੱਥੇ ਇਹ ਜ਼ੋਰ ਦੇਣ ਦੀ

ਲੋੜ ਨਹੀਂ ਕਿ ਮੈਂ ਇਹ ਵਿਚਾਰਾਂ ਕਿ, ਇਹ ਹਦਾਇਤਾਂ ਮੇਰੇ ਖ਼ਿਲਾਫ਼ ਨਹੀਂ ਸਨ, ਸਗੋਂ ਮੇਰੀ ਪਤਨੀ ਦੇ ਖ਼ਿਲਾਫ਼ ਸਨ। ਮੈਂ ਤੈਨੂੰ ਪੁੱਛਦਾਂ ਕਿ, ਤੂੰ ਉਹਨਾਂ ਸ਼ਬਦਾਂ ਨੂੰ ਹਾੜਦੇ ਹੋਏ ਉਹਨਾਂ ਨੂੰ ਵਾਪਿਸ ਲੈਣ ਲਈ ਸਹਿਮਤ ਹੁੰਨਾ ਅਤੇ ਮੁਆਫ਼ੀ ਮੰਗਦਾਂ ਜਾਂ ਫੇਰ ਤੂੰ ਸਾਡੇ ਵਿਚਾਲੇ ਸਬੰਧਾਂ ਨੂੰ ਤੋੜਨਾ ਪਸੰਦ ਕਰਦਾਂ?

ਸਿਨਸੀਅਰਲੀ: ਲੈਨਿਨ —ਕਾਪੀ ਕਾਮਨੇਵ ਅਤੇ ਜਿਨੋਵੀਵ ਲਈ"

ਇਹਨਾਂ ਤੱਥਾਂ ਤੋਂ ਬਾਅਦ ਜਦੋਂ 'ਸੋਵੀਅਤ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਦੇ ਇਤਿਹਾਸ' (ਕਿਤਾਬ) ਤੱਕ ਪਹੁੰਚਦੇ ਹਾਂ, ਤਦ ਤੱਕ, ਲੈਨਿਨ ਦੇ ਮਿੱਤਰ, ਪਾਰਟੀ ਦੇ ਮਹਾਨ ਨੇਤਾ ਅਤੇ ਲੱਖਾਂ ਸੁਹਿਰਦ ਦਿੱਗਜ ਸਭ, ਪਾਰਟੀ ਦੀ ਸਫਾਈ ਕਰਦਿਆਂ 'ਲੈਨਿਨਵਾਦ ਦੀਆਂ ਨੀਹਾਂ' 'ਚ ਪੂਰ ਦਿੱਤੇ ਗਏ। ਕੁਝ ਬਾਕੀ ਬਚਿਆ ਤਾਂ ਸਤਾਲਿਨ! ਸਿਰਫ ਸਤਾਲਿਨ.. ਸਤਾਲਿਨ ਤੇ ਸਤਾਲਿਨਵਾਦ। ਲੈਨਿਨ ਤੋਂ ਬਾਅਦ ਲੈਨਿਨਵਾਦ ਦਾ ਅਸਲ ਪਾਰਖੂ ਸਤਾਲਿਨਵਾਦੀ ਲੈਨਿਨ, ਬੰਜਰ ਇਤਿਹਾਸ ਦੀ ਜ਼ਮੀਨ 'ਚ ਸੁੱਟੇ ਲੈਨਿਨ ਦੇ ਵਿਚਾਰ ਸਤਾਲਿਨਵਾਦੀ ਆਤਮਾ ਬਣ ਕੇ ਵਿਸ਼ਵ ਦੇ ਕਾਮਰੇਡਾਂ ਨੂੰ ਆਪਣੇ ਨਾਲ 'ਗਰੱਸਦੇ' ਖਿੱਚੀ ਲਈ ਜਾਂਦੇ। ਕਮਿਊਨਿਸਟ ਪਾਰਟੀਆਂ ਦੇ ਕਾਮਰੇਡ ਸਤਾਲਿਨਵਾਦ ਦੇ ਖ਼ਿਲਾਫ਼ ਬੋਲਦੇ ਪਰ ਵਿਹਾਰ 'ਚ ਸਤਾਲਿਨਵਾਦੀ, ਕਿਉਂਕਿ ਉਹਨਾਂ ਦੇ ਵਿਚਾਰਾਂ ਨੂੰ ਉਹਨਾਂ ਦੀ ਆਤਮਾ ਦਾ ਘੇਰ ਨਿਸ਼ਚਤ ਕਰਦਾ ਅਤੇ ਉਸ 'ਤੇ ਸਤਾਲਿਨਵਾਦੀ ਅਮਲ ਦੀ ਆਤਮਾ ਦਾ ਪਹਿਰਾ ਹੁੰਦਾ। ਲੈਨਿਨ ਦੇ ਪੂਜਕ ਹਨ, ਪਰ ਲੈਨਿਨ ਦੇ ਵਿਚਾਰਾਂ ਨੂੰ ਤਾਂ 'ਲੈਨਿਨਵਾਦ ਦੀਆਂ ਨੀਂਹਾਂ' 'ਚ ਸਤਾਲਿਨੀ ਪੁੱਠ ਚੜ੍ਹ ਗਈ ਸੀ। 'ਲੈਨਿਨਵਾਦ' ਦੀਆਂ ਨੀਹਾਂ 'ਚ ਪੂਰ ਦਿੱਤੇ ਗਏ ਮਾਰਕਸਵਾਦੀਆਂ ਦੀਆਂ ਰੂਹਾਂ ਦਾ 'ਸਰਾਪ' ਕਿ ਵਿਸ਼ਵ ਦੀਆਂ ਕਮਿਊਨਿਸਟ ਪਾਰਟੀਆਂ ਜਿੰਨੇ ਜ਼ੋਰ ਨਾਲ 'ਲੈਨਿਨਵਾਦ' ਚੀਖਦੀਆਂ ਸਤਾਲਿਨੀ ਆਤਮਾ ਓਨੇ ਹੀ ਜ਼ੋਰ ਨਾਲ ਉਹਨਾਂ ਨੂੰ ਆਪਣੇ ਸ਼ਿਕੰਜੇ 'ਚ ਕਸ ਲੈਂਦੀ।

ਸਤਾਲਿਨ ਨੇ ਲੈਨਿਨ ਦੀ ਜਨਵਰੀ 1924, 'ਚ ਮੌਤ ਤੋਂ ਕੁਝ ਮਹੀਨੇ ਬਾਅਦ ਹੀ 'ਲੈਨਿਨਵਾਦ' ਦੀਆਂ ਨੀਂਹਾਂ' ਭਾਸ਼ਨ ਲੜੀ ਰਾਹੀਂ ਉਸਾਰ ਦਿੱਤੀਆਂ। ਇਹਨਾਂ ਨੀਂਹਾਂ ਨੂੰ ਉਸਾਰਨ ਦਾ ਅਸਲ ਕਾਰਜ ਸੀ "ਮੌਜੂਦਾ ਕੇਂਦਰੀ ਕਮੇਟੀ 'ਚ ਸਭ ਤੋਂ ਯੋਗ" ਜਾਂ ਲੈਨਿਨ ਤੋਂ ਬਾਅਦ ਦੂਸਰੇ ਨੰਬਰ ਦੇ ਮਾਰਕਸਵਾਦੀ ਅਤੇ ਬੁੱਧੀਜੀਵੀ ਨੇਤਾ ਤ੍ਰਾਤਸਕੀ ਵਿਰੁੱਧ ਨਵੇਂ ਤਰੀਕੇ ਨਾਲ ਮੋਰਚਾ ਖੋਲ੍ਹਣਾ। ਜਿਸਨੂੰ ਤ੍ਰਾਤਸਕੀਵਾਦ ਦੇ ਨਾਂ ਨਾਲ 'ਸੋਵੀਅਤ ਕਮਿਊਨਿਸਟ ਪਾਰਟੀ ਦੇ ਇਤਿਹਾਸ' 'ਚ ਅਣਗਿਣਤ ਵਾਰ ਦਰਜ ਕੀਤਾ ਗਿਆ ਹੈ। ਤ੍ਰਾਤਸਕੀਵਾਦ ਬਾਰੇ ਇਤਿਹਾਸ ਦੀ ਇਸ ਕਿਤਾਬ 'ਚ ਇਹ ਤਾਂ ਦਰਜ ਨਹੀਂ ਕਿ ਤ੍ਰਾਤਸਕੀਵਾਦ ਹੁੰਦਾ ਕੀ ਹੈ, ਪਰ ਮੋਟੀ-ਮੋਟੀ ਜਾਣਕਾਰੀ ਇਹ ਹੈ ਕਿ ਤ੍ਰਾਤਸਕੀ ਇਕ ਦੇਸ਼ 'ਚ ਸਮਾਜਵਾਦੀ ਇਨਿਕਲਾਬ ਦੀ ਹੋਂਦ ਨੂੰ ਨਕਾਰ ਕੇ ਸਥਾਈ ਇਨਕਲਾਬ ਦੀ ਗੱਲ ਕਰਦਾ ਸੀ। ਲੈਨਿਨ ਕਦੋਂ ਸਥਾਈ ਇਨਕਲਾਬ ਦਾ ਵਿਰੋਧੀ ਸੀ? 'ਨਿਖੇਧ ਦੇ ਨਿਖੇਧ' ਵਾਲੇ ਮਾਰਕਸਵਾਦੀ ਪੈਂਤੜੇ ਰਾਹੀਂ "ਲਗਾਤਾਰ ਇਨਕਲਾਬ"! ਕੀ ਸਥਾਈ ਭਾਵ ਸਮਾਜਵਾਦੀ ਇਨਕਲਾਬ ਤੱਕ ਬਿਨਾਂ ਇਨਕਲਾਬਾਂ ਤੋਂ ਪਹੁੰਚਿਆ ਜਾ ਸਕਦਾ ਸੀ, ਕਿਉਂਕਿ ਲੈਨਿਨ ਅਕਤੂਬਰ 1917 ਵਾਲੇ ਇਨਕਲਾਬ ਨੂੰ ਵੀ ਤਾਂ "ਬੁਰਜੂਆ ਕ੍ਰਾਂਤੀ" ਹੀ ਤਸਲੀਮ ਕਰ ਰਿਹਾ ਸੀ। ਨੈਪ ਸੋਵੀਅਤ ਆਰਥਿਕਤਾ ਦਾ ਵਿਕਾਸ ਸੀ, ਨਾ ਕਿ ਪੂੰਜੀਵਾਦੀ ਉਤਪਾਦਨ ਪੱਧਤੀ ਨਾਲ ਮੁਕਾਬਲਾ ਅਤੇ ਪ੍ਰੋਲੇਤਾਰੀ ਜਮਾਤ ਦੇ ਇਨਕਲਾਬ ਦੀਆਂ ਵਿਰੋਧੀ ਜਮਾਤਾਂ ਨਾਲ ਲਗਾਤਾਰ ਯੁੱਧ ਰਾਹੀਂ ਉਹਨਾਂ ਨੂੰ ਪਸਤ ਕਰਨ ਦੀ ਗੁਣਾਤਮਿਕ ਤਬਦੀਲੀ ਵੱਲ ਵਧਣਾ ਤਾਂ ਕਿ ਸਿਫਤ ਦੇ ਬਦਲਣ ਨਾਲ ਪਹਿਲੀ ਸਥਿਤੀ ਦਾ ਨਿਖੇਧ ਹੋ ਸਕੇ। ਸਤਾਲਿਨ ਨੂੰ ਜਮਾਤਾਂ ਦੀ ਖਹਿ-ਭੇੜ 'ਚ 'ਲਗਾਤਾਰ ਕ੍ਰਾਂਤੀ' ਰਾਹੀਂ ਮਜ਼ਦੂਰ ਜਮਾਤ ਦੀ ਚੇਤਨਾ ਦੇ ਵਿਕਾਸ ਨਾਲੋਂ ਜੰਗਾਲੀਆਂ 'ਚੇਤਨਾਵਾਂ' ਜ਼ਿਆਦਾ ਪੁੱਗਦੀਆਂ ਸਨ। ਲਕੀਰ ਦੀ ਫ਼ਕੀਰ ਭੀੜ ਨੂੰ ਪੈਦਾ ਕਰਨਾ। ਮਾਰਕਸਵਾਦੀ ਵਿਚਾਰਾਂ ਵਾਲੇ ਲੈਨਿਨੀ ਸਿਰ ਤਾਂ ਉਸ ਲਈ ਮੁਸੀਬਤਾਂ ਖੜ੍ਹੀਆਂ ਕਰੀ ਰੱਖਦੇ ਸਨ, ਜਿਹਨਾਂ ਦੀ ਲਗਾਤਾਰ ਏਨੀ ਵਾਰ ਸਫ਼ਾਈ ਕੀਤੀ ਗਈ ਕਿ ਪਾਰਟੀ ਚੇਤਨਾ ਪੱਖੋਂ ਬਾਂਝ ਹੋ ਗਈ। ਹੁਣ ਜਦੋਂ ਵੀ ਇਸਨੇ ਨਿਖੇਧੀ ਪ੍ਰਕਿਰਿਆ 'ਚ ਜਾਣਾ ਸੀ ਤਾਂ ਮੁੜ ਅਗਲੀ ਨਿਖੇਧੀ ਪ੍ਰਕਿਰਿਆ 'ਚੋਂ ਨਹੀਂ ਸੀ ਲੰਘਣਾ, ਕਿਉਂਕਿ ਢੋਰਾ ਲੱਗਾ ਬੀਜ ਉੱਗਣ ਦੇ ਸਮਰੱਥ ਨਹੀਂ ਹੁੰਦਾ। ਸਵਸਥ ਬੀਜ ਹੀ ਆਪਣੇ ਵਿਰੁੱਧ ਗੁਣਾਤਮਿਕ ਤਬਦੀਲੀ 'ਚੋਂ ਵਿਗਾਸ ਬਣਦੇ ਹਨ।

ਇੱਥੇ ਧਿਆਨ ਦੇਣ ਯੋਗ ਹੈ ਕਿ ਲੈਨਿਨ 1923 ਦੇ ਆਰੰਭ 'ਚ ਸਤਾਲਿਨ ਨੂੰ ਪਾਰਟੀ ਅਤੇ ਦੇਸ਼ ਦੇ ਮੁਖੀ ਵਜੋਂ ਬਰਖਾਸਤਗੀ ਦੀ ਮੰਗ ਕਰਦਾ ਹੈ, ਸਤਾਲਨੀ ਸਫਾਈ ਦੀ ਨਹੀਂ। ਜਦੋਂ ਇਹ ਨਹੀਂ ਹੁੰਦਾ ਤਾਂ ਜਨਵਰੀ 1924 'ਚ ਲੈਨਿਨ ਦੀ ਮੌਤ ਹੋ ਜਾਂਦੀ ਹੈ। ਚੌਵੀ ਦੇ ਅੱਧ 'ਚ ਜਾ ਕੇ ਸਤਾਲਿਨ ਲੈਨਿਨਵਾਦ ਦਾ ਚੌਖਟਾ ਤਿਆਰ ਕਰਦਾ ਹੈ ਅਤੇ ਚੌਵੀ ਖਤਮ ਹੋਣ ਤੋਂ ਪਹਿਲਾਂ-ਪਹਿਲਾਂ ਤ੍ਰਾਤਸਕੀ ਦਾ 'ਸਥਾਈ ਇਨਕਲਾਬ' ਕਿਤਾਬ ਤੋਂ ਪੂਰੇ 19 ਸਾਲ ਬਾਅਦ ਲੈਨਿਨਵਾਦ ਵਿਰੋਧੀ ਸਿਧਾਂਤ ਨਿਰਧਾਰਤ ਕੀਤਾ ਜਾਂਦਾ ਹੈ, ਜੋ ਸੋਵੀਅਤ ਅਵਾਮ ਨਾਲ ਤ੍ਰਾਤਸਕੀ ਅਤੇ ਉਸ ਦੇ ਪੱਖੀਆਂ ਦੀ ਗ਼ੱਦਾਰੀ ਦਾ ਜਿਉਂਦਾ ਜਾਗਦਾ ਸਬੂਤ ਸੀ। ਇਹ ਸਭ ਕੁਝ ਇਕੋ ਸਾਲ 'ਚ ਵਾਪਰਨਾ ਕੀ ਕੋਈ ਮੌਕਾਮੇਲ ਜਾਪਦਾ ਹੈ? ਕਿਉਂਕਿ 24 ਤੋਂ

ਬਾਅਦ ਲੈਨਿਨਵਾਦ ਦਾ ਮੁੱਖ ਦੁਸ਼ਮਣ ਪੂੰਜੀਵਾਦ ਦੀ ਬਜਾਏ ਤ੍ਰਾਤਸਕੀਵਾਦ ਹੀ ਨਜ਼ਰ ਆਉਂਦਾ ਹੈ। ਨਵਾਂ ਕੁਝ ਸਿਰਜਣ ਤੋਂ ਬਿਨਾਂ ਹੀ ਇਕ ਦੇਸ਼ ਵਿੱਚ ਉਸਾਰੇ ਸਮਾਜਵਾਦ ਦੀ ਤਬਾਹੀ 'ਲੈਨਿਨਵਾਦ ਦੀਆਂ ਨੀਹਾਂ', ਉੱਪਰ ਕੀ ਕੋਈ ਸ਼ੱਕ ਪੈਦਾ ਨਹੀਂ ਕਰਦੀ? ਕੀ ਇਸ ਨੂੰ ਜਾਨਣ ਦੀ ਕੋਸ਼ਿਸ਼ ਨਹੀਂ ਹੋਣੀ ਚਾਹੀਦੀ ਕਿ ਇਕੋ ਮੰਜ਼ਿਲ ਨੂੰ ਜਾਣ ਵਾਲੇ ਲੈਨਿਨ ਅਤੇ ਤ੍ਰਾਤਸਕੀ ਦੇ ਵਿਚਾਰ ਵੱਖ-ਵੱਖ ਰਾਹਾਂ ਥਾਣੀਂ ਪੈਂਡਾ ਤੈਅ ਕਰ ਰਹੇ ਸਨ ਅਤੇ ਵਿਰੋਧੀ ਕਿੱਥੇ ਸਨ? ਸਾਡੀ ਤਾਂ ਸਕੂਲਿੰਗ ਹੋਈ ਹੈ, ਜਿਵੇਂ 'ਸਵੈਮ ਸੇਵਕਾਂ' ਦੀ ਸ਼ਾਖਾ 'ਚ ਹੁੰਦੀ ਹੈ। ਸੋਵੀਅਤ ਇਤਿਹਾਸਕਾਰ ਲਿਖਦੇ ਹਨ,"ਤ੍ਰਾਤਸਕੀਵਾਦ ਨੂੰ ਸਿਧਾਂਤਕ ਤੌਰ ਤੇ ਹਾਰ ਦੇਣ ਅਤੇ ਲੈਨਿਨਵਾਦ ਦੀ ਰਖਵਾਲੀ ਕਰਨ ਵਿਚ, ਇਕ ਅਹਿਮ ਹਿੱਸਾ ਸਾਥੀ ਸਤਾਲਿਨ ਦੀ ਸਿਧਾਂਤਕ ਪੁਸਤਕ -ਲੈਨਿਨਵਾਦ ਦੀਆਂ ਨੀਹਾਂ- ਨੇ ਕੀਤਾ। ਇਹ 1924 ਵਿਚ ਪ੍ਰਕਾਸ਼ਤ ਹੋਈ ਸੀ। ਇਹ ਕਿਤਾਬ ਲੈਨਿਨਵਾਦ ਦੀ ਬੜੀ ਨਿਪੁੰਨਤਾ-ਭਰੀ ਵਿਆਖਿਆ ਹੈ ਅਤੇ ਸਿਧਾਂਤਕ ਤੌਰ ਅਤੇ ਲੈਨਿਨਵਾਦ ਦੇ ਹੱਕ ਵਿਚ ਇਕ ਬਹੁਤ ਵਜ਼ਨੀ ਦਲੀਲ ਹੈ। ਇਹ ਦੁਨੀਆ-ਭਰ ਦੇ ਬਾਲਸ਼ਵਿਕਾਂ ਦੇ ਹੱਥ ਵਿਚ ਮਾਰਕਸਵਾਦ-ਲੈਨਿਨਵਾਦ ਦੇ ਸਿਧਾਂਤ ਦਾ ਇਕ ਜ਼ਬਰਦਸਤ ਹਥਿਆਰ ਹੈ।" ਵੱਖ ਸੋਚਣਾ ਮਾਰਕਸਵਾਦ ਵਿਰੋਧੀ ਕਾਰਾ ਨਹੀਂ ਹੈ, ਆਜ਼ਾਦ ਅਤੇ ਵੱਖਰਾ ਸੋਚਣਾ ਹੀ ਚਿੰਤਨ ਹੈ, ਮਾਰਕਸਵਾਦ ਹੈ। ਲਕੀਰ ਦਾ ਫ਼ਕੀਰ ਹੋਣਾ ਪ੍ਰਤੀਬੱਧਤਾ ਨਹੀਂ ਭੇਡ-ਚਾਲ ਹੈ ਅਤੇ ਮਾਰਕਸਵਾਦ ਪੂਰੀ ਤਰ੍ਹਾਂ ਇਸਨੂੰ ਰੱਦ ਕਰਦਾ ਹੈ; ਤ੍ਰਾਤਸਕੀ ਲਕੀਰ ਦਾ ਫ਼ਕੀਰ ਨਹੀਂ ਸੀ। 'ਹਰ ਚੀਜ਼ 'ਤੇ ਸ਼ੱਕ' ਮਾਰਕਸ ਦਾ ਨਾਅਰਾ ਹੈ। ਸੋਵੀਅਤ ਇਤਿਹਾਸਕਾਰ ਕਹਿੰਦੇ ਹਨ,"ਜਿੱਥੋਂ ਤੱਕ ਤ੍ਰਾਤਸਕੀ ਅਤੇ ਉਹਦੇ ਕੁਝ ਗੂੜ੍ਹੇ ਮਿੱਤਰਾਂ ਦਾ ਸਬੰਧ ਹੈ, ਜੇਹਾ ਕਿ ਬਾਅਦ ਵਿਚ ਸਪੱਸ਼ਟ ਹੋਇਆ, ਉਹ ਪਾਰਟੀ 'ਚ ਇਸ ਮਕਸਦ ਲਈ ਸ਼ਾਮਲ ਨਹੀਂ ਸਨ ਹੋਏ ਕਿ ਪਾਰਟੀ ਦੇ ਮੁਫਾਦ ਵਿਚ ਕੰਮ ਕਰਨ, ਸਗੋਂ ਇਸ ਲਈ ਸ਼ਾਮਲ ਹੋਏ ਸਨ ਕਿ ਉਹਨੂੰ ਅੰਦਰੋਂ ਕਮਜ਼ੋਰ ਅਤੇ ਤਬਾਹ ਕਰਨ।" ਇਸ ਤਰ੍ਹਾਂ ਹੁੰਦਾ ਹੈ 'ਇਤਿਹਾਸ ਦਾ ਅੰਤ' ਬਿਨਾਂ ਕਿਸੇ ਸ਼ੋਰ ਜਾਂ ਖੜਕੇ ਦੇ।

ਇਹ ਫ਼ਰਜ਼ੀਵਾੜਾ ਪਾਰਟੀ ਕੋਲੋਂ ਮੰਗ ਕਰਦਾ ਸੀ ਕਿ ਪਾਰਟੀ ਦੀ ਲਗਾਤਾਰ ਸਫ਼ਾਈ ਲਈ ਉਹਨਾਂ ਉੱਪਰ ਗ਼ੱਦਾਰੀ ਦੇ ਤ੍ਰਾਤਸਕੀਵਾਦੀ ਠੱਪੇ ਲਾਉਣ 'ਚ ਕਦੀ ਰੁਕਾਵਟ ਨਾ ਪਵੇ। ਸਤਾਲਿਨ ਆਪਣੇ ਵਿਚਾਰਾਂ ਨਾਲ ਅਸਹਿਮਤੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦਾ, ਤਾਨਾਸ਼ਾਹ ਹਮੇਸ਼ਾ ਏਦਾਂ ਹੀ ਕਰਦੇ ਹਨ ਅਤੇ ਤ੍ਰਾਤਸਕੀ ਨੇ ਲੈਨਿਨ ਦੀਆਂ 'ਝਿੜਕਾਂ' ਤੋਂ ਬਾਅਦ ਸਮਝੌਤਾਵਾਦੀ ਬਿਰਤੀ ਤਿਆਗ ਦਿੱਤੀ ਸੀ। ਉਹ ਸਤਾਲਿਨ ਦੇ ਕਹਿਰ ਦਾ ਬੇਖ਼ੌਫ਼ ਤਰੀਕੇ ਨਾਲ ਮੁਕਾਬਲਾ ਕਰਦਾ ਦੇਸ਼ ਨਿਕਾਲੇ ਭੋਗਦਾ ਰਿਹਾ, ਪ੍ਰੰਤੂ ਬੁਖਾਰਨ ਵਰਗੇ 'ਤ੍ਰਾਤਸਕੀਵਾਦੀ' ਸੱਤਾ ਅਤੇ ਸਤਾਲਨੀ ਲੈਨਿਨਵਾਦ ਦੇ ਜਾਲ 'ਚ ਉਲਝ ਕੇ ਸਤਾਲਿਨ ਦੇ 'ਲੈਨਿਨਵਾਦ' ਦੀ ਪੁਸ਼ਟੀ ਕਰਨ ਲੱਗੇ, ਪ੍ਰੰਤੂ ਆਖਿਰ ਵੇਲੇ ਤ੍ਰਾਤਸਕੀਵਾਦੀ ਠੱਪੇ ਅਧੀਨ ਹੀ ਸੂਲ਼ੀ ਚਾੜ੍ਹੇ ਗਏ, ਕਿਉਂਕਿ ਇਤਿਹਾਸ ਦੇ ਫੈਸਲਾਕੁੰਨ ਮੋੜ 'ਤੇ ਉਹ ਸਤਾਲਿਨੀ ਸ਼ਰਣ 'ਚ ਖਿਸਕ ਗਏ ਸਨ ਅਤੇ ਤਖ਼ਤ ਦੀ ਜਗ੍ਹਾ ਤਖਤੇ 'ਤੇ ਚਾੜ੍ਹ ਦਿੱਤੇ ਗਏ, ਜੋ ਇਤਿਹਾਸ ਤੋਂ ਬਦਲਾ ਲੈਂਦੇ ਹਨ ਇਤਿਹਾਸ ਉਹਨਾਂ ਨਾਲ ਏਦਾਂ ਹੀ ਪੇਸ਼ ਆਉਂਦਾ ਹੈ। ਇਹਨਾਂ ਤ੍ਰਾਤਸਕੀਵਾਦੀ 'ਗੱਦਾਰਾਂ' ਦੇ ਇਕਬਾਲੀਆ ਬਿਆਨ ਸਤਾਲਿਨੀ 'ਰਾਜ ਸਰਮਾਏਦਾਰੀ' ਦੀ ਪ੍ਰੈਸ 'ਚ ਛਾਪੇ ਜਾਂਦੇ ਸਨ, ਜੋ ਬਿਨਾ ਸ਼ੱਕ ਨਿੱਜੀ ਪੂੰਜੀਵਾਦੀ ਪ੍ਰੈਸ ਤੋਂ ਵੱਧ ਉਤਪਾਦਨ ਕਰਦੀ ਸੀ। ਇਹਨਾਂ ਇਕਬਾਲੀਆ ਬਿਆਨਾਂ ਦੀ ਫਹਿਰਿਸਤ 'ਚ ਜਿਨੋਵੀਵ ਅਤੇ ਕਾਮਨੇਵ ਦਾ ਨਾਂ ਇਸ ਕਰਕੇ ਨਹੀਂ ਸੀ, ਕਿਉਂਕਿ ਉਹ ਤ੍ਰਾਤਸਕੀਵਾਦੀ ਨਹੀਂ ਸਨ। ਉਹ ਸਤਾਲਿਨ ਦੇ ਸਿੱਧੇ ਲੈਨਿਨਵਾਦੀ ਦੁਸ਼ਮਣ ਸਨ, ਇਸ ਲਈ 'ਲੋਕ ਦੁਸ਼ਮਣ' ਸਨ (ਸਤਾਲਲਿਨ ਦੀ ਸਫ਼ਾਈ ਮੁਹਿੰਮ ਦਾ ਨਾਅਰਾ Enemy of the people)। ਕਾਮਨੇਵ ਨੇ ਜਿਨੋਵੀਵ ਨੂੰ ਕਿਹਾ ਸੀ ਕਿ ਹੁਣ ਤੂੰ ਸਤਾਲਿਨ ਅੱਗੇ ਕਨਫੈੱਸ ਕਰੇਂਗਾ? ਇਹ ਸੁਣਕੇ ਜਿਨੋਵੀਵ ਦਾ ਸਿਰ ਘੁੰਮ ਗਿਆ ਅਤੇ ਉਸਨੇ ਪਹਿਰਾ ਦੇਣ ਵਾਲੇ ਸਿਪਾਹੀ ਨੂੰ ਚਪੇੜ ਕੱਢ ਮਾਰੀ। ਗੋਲ਼ੀਆਂ ਮਾਰਨ ਦੇ ਨਿਸ਼ਚਤ ਸਮੇਂ ਤੋਂ ਕਈ ਘੰਟੇ ਪਹਿਲਾਂ ਹੀ ਜਿਨੋਵੀਵ ਅਤੇ ਕਾਮਨੇਵ ਨੂੰ 'ਕਾਮਰੇਡ' ਲਾਲ ਸਿਪਾਹੀਆਂ ਨੇ ਬੱਕਰੇ ਵਾਂਗ ਕੋਹ ਦਿੱਤਾ। ਗ਼ੈਰ-ਸਰਕਾਰੀ ਅੰਕੜੇ 1935 ਤੋਂ 37 ਤੱਕ 'ਲੋਕ ਦੁਸ਼ਮਣਾਂ' ਦੇ 'ਝਟਕਾਏ' ਜਾਣ ਦੀ ਗਿਣਤੀ ਛੇ ਤੋਂ ਬਾਰਾਂ ਲੱਖ ਦੱਸਦੇ ਹਨ। ਇਹ ਪੂਰੀ ਤਰ੍ਹਾਂ ਸੋਵੀਅਤ ਵਿਰੋਧੀਆਂ ਦੇ ਅੰਕੜੇ ਹਨ, ਪਰ ਬਾਲਸ਼ਵਿਕ ਪਾਰਟੀ ਦੇ ਇਤਿਹਾਸਕਾਰ ਇਸ ਸਫ਼ਾਈ ਮੁਹਿੰਮ ਨੂੰ ਆਖ਼ਰੀ ਵੱਡੀ ਸਫ਼ਾਈ ਹੀ ਮੰਨਦੇ ਨਜ਼ਰ ਆਉਂਦੇ ਹਨ, ਕਿਉਂਕਿ 'ਇਤਿਹਾਸ' 1938 'ਚ ਲਿਖਿਆ ਗਿਆ ਸੀ। ਇਸ ਪੁਸਤਕ 'ਚ ਦੋ ਮਹਾਨ ਨੇਤਾਵਾਂ ਦੇ ਲੰਬੇ-ਲੰਬੇ ਹਵਾਲੇ ਦਰਜ ਹਨ। ਇਕ ਲੈਨਿਨ ਅਤੇ ਦੂਸਰੇ ਸਤਾਲਿਨ ਦੇ। ਲੈਨਿਨ ਦੇ ਹਵਾਲੇ ਇਸ ਕਰਕੇ ਦਰਜ ਹਨ, ਕਿਉਂਕਿ ਸਤਾਲਿਨਵਾਦੀ ਕਿਲ੍ਹੇ ਦਾ ਨਾਂ ਸੀ ਲੈਨਿਨਵਾਦ ਅਤੇ ਸਤਾਲਿਨ ਦੇ ਇਸ ਕਰਕੇ, ਕਿਉਂਕਿ ਉਹ ਕਿਲ੍ਹੇ ਦਾ ਇਕੋ-ਇਕ ਰੱਖਿਅਕ ਸੀ। ਮਨੁੱਖੀ ਆਤਮਾ ਆਪਣੀ ਹੀ ਬੁੱਤ ਪੂਜਾ ਦੀ ਏਨੀ ਦੀਵਾਨੀ ਹੋ ਸਕਦੀ ਹੈ ਜਿਨਾਂ 'ਸੋਵੀਅਤ ਬਾਲਸ਼ਵਿਕ ਪਾਰਟੀ ਦਾ ਇਤਿਹਾਸ' ਪੜ੍ਹਦਿਆਂ ਸਤਾਲਿਨ ਦਿਖਾਈ ਦੇਣ ਲੱਗਦਾ ਹੈ? ਮਾਰਕਸਵਾਦੀ ਇਸ ਨੂੰ ਜ਼ਰੂਰ ਪੜ੍ਹਨ, ਜੋ ਵਿਅਕਤੀ ਬੁੱਤ-ਪੂਜਾ ਦੇ ਵਿਰੋਧੀ ਹਨ। ਮਾਰਕਸ ਨੇ ਬੁੱਤ-ਪ੍ਰਸਤੀ ਦੇ ਤੁਅੱਸਬ ਨੂੰ ਸਿਰੇ ਤੋਂ ਖ਼ਾਰਜ ਕਰ ਦਿੱਤਾ ਸੀ। ਜ਼ਾਹਰਾ-ਜ਼ਹੂਰ ਦੀ ਉਪਾਧੀ ਮੱਠਧਾਰੀ ਪ੍ਰਵਿਰਤੀ ਹੈ। ਮਾਰਕਸਵਾਦੀ ਤਾਂ ਨਾਇਕ ਪੂਜਾ ਦੇ ਵਿਰੋਧ 'ਚ ਆਵਾਮ ਨੂੰ ਮਹੱਤਵ

ਦਿੰਦੇ ਹਨ, ਕੀ ਉਹ ਜ਼ਾਹਿਰਾ ਜ਼ਹੂਰ ਦੀ ਚਕਾਚੌਂਧ 'ਚ ਫਸ ਸਕਦੇ ਹਨ? ਅਥਾਰਟੀ ਦਮਨ ਦਾ ਪ੍ਰਤੀਕ ਹੈ ਅਤੇ ਸਤਾਲਿਨਵਾਦ ਅਥਾਰੇਟੇਟਿਵ 'ਮਾਰਕਸਵਾਦ' ਹੈ, ਭਾਵ ਆਪਣੀ ਗੱਲ ਨੂੰ ਤਰਕ ਉੱਪਰ ਖਰੀ ਉਤਾਰਨ ਦੀ ਬਜਾਏ ਅਥਾਰਟੀਜ਼ ਦੇ ਪ੍ਰਵਚਨਾਂ ਰਾਹੀਂ ਵਿਰੋਧੀਆਂ ਨੂੰ ਚਿੱਤ ਕਰਨ ਦਾ ਮੰਤਰ। ਇਸੇ ਲਈ 'ਲੈਨਿਨਵਾਦੀ' ਕਮਿਊਨਿਸਟਾਂ ਨੇ ਕਦੇ ਇਹ ਸ਼ੱਕ ਨਹੀਂ ਕੀਤਾ ਕਿ ਤ੍ਰਾਤਸਕੀਵਾਦ ਆਖਿਰ ਬੀਮਾਰੀ ਕੀ ਹੈ?

ਹੋਸ਼ ਸੰਭਲਣ ਤੋਂ ਹੁਣ ਤੱਕ ਅਸੀਂ ਇਹੋ ਸੁਣਿਆ ਹੈ ਕਿ ਤ੍ਰਾਤਸਕੀ 'ਸਥਾਈ ਇਨਕਲਾਬ' ਚਾਹੁੰਦਾ ਸੀ ਅਤੇ ਉਹ ਅਕਤੂਬਰ ਇਨਕਲਾਬ ਦਾ ਵਿਰੋਧੀ ਸੀ। ਲੈਨਿਨ ਅਜਿਹੇ ਬੰਦੇ ਨੂੰ 1922-23 'ਚ ਸਭ ਤੋਂ ਯੋਗ ਵਿਅਕਤੀ ਕਿਉਂ ਕਹਿ ਰਿਹਾ ਸੀ, ਜਿਹੜਾ ਸੋਵੀਅਤ ਇਨਕਲਾਬ ਦਾ ਵਿਰੋਧੀ ਸੀ ਅਤੇ ਉਸਦੀ 1905 'ਚ ਛਪੀ ਕਿਤਾਬ 'ਰਿਜ਼ਲਟ ਐਂਡ ਪ੍ਰਾਸਪੈਕਟਸ' ਜਿਸ 'ਚ 'ਸਥਾਈ ਇਨਕਲਾਬ' ਦਾ ਸਿਧਾਂਤ ਸੀ, ਨੂੰ ਬਾਲਸ਼ਵਿਕ ਪਾਰਟੀ 'ਚ ਵੜਨ ਦੀ ਇਜਾਜ਼ਤ ਕਿਉਂ ਦਿੱਤੀ ਗਈ? ਅਤੇ ਕਿਉਂ ਇਸ ਕਿਤਾਬ ਨੂੰ ਚੰਗੀ ਤਰ੍ਹਾਂ ਘੋਖ ਕੇ ਪੜ੍ਹਿਆ, ਵਾਚਿਆ ਅਤੇ 1922 'ਚ ਇਸਨੂੰ ਅਣਗਿਣਤ ਜਿਲਦਾਂ 'ਚ ਛਾਪਿਆ ਗਿਆ, ਜਦੋਂ ਲੈਨਿਨ ਅਜੇ ਜਿਉਂਦਾ ਸੀ। ਕਿਉਂ ਲੈਨਿਨ ਦੀ 1924 'ਚ ਮੌਤ ਤੋਂ ਬਾਅਦ ਹੀ ਤ੍ਰਾਤਸਕੀਵਾਦ (ਗ਼ੱਦਾਰੀ ਦਾ ਪ੍ਰਤੀਕ ਸ਼ੈਤਾਨ) 'ਲੈਨਿਨਵਾਦ ਦੀਆਂ ਨੀਂਹਾਂ' ਲਈ ਸੰਕਟ ਬਣਿਆ?

ਤ੍ਰਾਤਸਕੀ ਅਤੇ ਲੈਨਿਨ ਨੂੰ ਪੜ੍ਹਦਿਆਂ ਇਹ ਪਤਾ ਲੱਗਦਾ ਹੈ ਕਿ ਉਹ ਵਿਚਾਰ ਦੇ ਪੱਧਰ 'ਤੇ ਬਹੁਤ ਘੱਟ ਵਿਰੋਧੀ ਸਨ, ਸਗੋਂ ਲੈਨਿਨ ਤ੍ਰਾਤਸਕੀ ਦੇ ਅਮਲ ਦਾ ਵਿਰੋਧੀ ਸੀ ਅਤੇ ਤ੍ਰਾਤਸਕੀ ਦਾ ਅਮਲ ਸੀ ਇਨਕਲਾਬ ਵੱਲ ਕਾਹਲੀ ਨਾਲ ਵਧਣ ਲਈ ਐਰੇ-ਗੈਰਿਆਂ (ਜਮਾਤਾਂ ਦੀ ਸਹੀ ਦਿਸ਼ਾ ਨੂੰ ਨਾ ਸਮਝਣਾ) ਨਾਲ ਸਮਝੌਤਾਵਾਦੀ ਬਿਰਤੀ। ਲੈਨਿਨ ਨੇ ਤ੍ਰਾਤਸਕੀ ਦੀ ਇਸੇ ਬਿਰਤੀ ਨੂੰ ਕਈ ਵਾਰ ਆਪਣੀਆਂ ਲਿਖਤਾਂ 'ਚ ਭੰਡਿਆ ਸੀ, ਪਰ ਉਸਨੇ ਕਦੇ ਵੀ ਉਸਦੀ ਇਨਕਲਾਬੀ ਨੀਅਤ ਉੱਪਰ ਸ਼ੱਕ ਨਹੀਂ ਸੀ ਕੀਤਾ। 14 ਅਕਤੂਬਰ 1917 'ਚ ਮੈਨਸ਼ਵਿਕਾਂ ਅਤੇ ਸਮਾਜਵਾਦੀ ਕ੍ਰਾਂਤੀਕਾਰੀਆਂ ਵਿਚਾਲੇ ਸਮਝੌਤੇ 'ਚ ਲੈਨਿਨ ਨੇ ਤ੍ਰਾਤਸਕੀ ਬਾਰੇ ਕਿਹਾ ਸੀ, ਜੋ ਉਸ ਮੀਟਿੰਗ 'ਚ ਮੌਜੂਦ ਸੀ ਕਿ 'ਸਮਝੌਤਾ? ਇੱਥੋਂ ਤੱਕ ਕਿ ਮੈਂ ਇਸ ਉੱਪਰ ਗੰਭੀਰਤਾ ਨਾਲ ਬੋਲ ਨਹੀਂ ਸਕਦਾ, ਤ੍ਰਾਤਸਕੀ ਨੇ ਬਹੁਤ ਚਿਰ ਪਹਿਲਾਂ ਕਿਹਾ ਸੀ ਕਿ ਏਕਤਾ ਅਸੰਭਵ ਹੈ। ਤ੍ਰਾਤਸਕੀ ਸਮਝਦਾ ਹੈ ਇਸ ਗੱਲ ਨੂੰ ਅਤੇ ਤਦੇ ਇੱਥੇ ਉਸਤੋਂ ਵਧੀਆ ਕੋਈ ਬਾਲਸ਼ਵਿਕ ਨਹੀਂ।'

ਸਤਾਲਿਨ ਇਹ ਜਾਣਦਾ ਸੀ ਕਿ ਲੈਨਿਨ ਮੇਰੇ ਤਾਨਾਸ਼ਾਹ ਵਿਹਾਰ ਦਾ ਵਿਰੋਧੀ ਹੈ ਅਤੇ ਮੇਰੇ ਹੁੰਦਿਆਂ ਤ੍ਰਾਤਸਕੀ ਮੇਰੇ ਨਾਲ ਭੇੜ 'ਚ ਰਹੇਗਾ ਅਤੇ ਦੂਸਰਾ ਵਿਰੋਧੀ ਸੀ ਪਾਰਟੀ ਦਾ ਪੁਰਾਣਾ ਨੇਤਾ ਜਿਨੋਵੀਵ। ਉਹ ਇਹ ਵੀ ਜਾਣਦਾ ਸੀ ਕਿ ਤ੍ਰਾਤਸਕੀ ਬੁਖਾਰਨ, ਕਾਮਨੇਵ, ਜਿਨੋਵੀਵ ਬਾਰੇ ਲੈਨਿਨ ਦਾ ਕੀ ਨਜ਼ਰੀਆ ਹੈ ਅਤੇ ਉਹ ਸਰਵ ਪ੍ਰਵਾਨਤ ਲੀਡਰੀ ਦੇ ਗੁਣ ਪਿਆਤਾਕੋਵ 'ਚ ਢੂੰਡ ਰਿਹਾ ਸੀ, ਮਗਰ ਪਿਆਤਾਕੋਵ ਪਾਰਟੀ 'ਚ ਆਪਣੀ ਤਾਕਤ ਨਾ ਰੱਖਦਾ ਹੋਣ ਕਰਕੇ, ਦੋ ਨੰਬਰ ਦਾ ਜਨਤਕ ਲੀਡਰ ਤ੍ਰਾਤਸਕੀ ਹੀ ਬਣਦਾ ਸੀ। ਹੁਣ ਇਥੇ ਲੋੜ ਸੀ ਲੈਨਿਨਵਾਦ ਪ੍ਰਤੀ ਆਥਾਹ ਵਫਾਦਾਰੀ ਅਤੇ ਪੂਜਾ ਨਮਿਰਤ ਕਰਦਿਆਂ ਪਾਰਟੀ ਬਹੁ-ਲੋਕਾਂ ਦੀ ਹਮਾਇਤ ਪ੍ਰਾਪਤ ਕਰਨਾ ਅਤੇ ਆਪਣੇ ਪੁਰਾਣੇ ਵਿਰੋਧੀਆਂ ਨੂੰ ਇਸ ਲੈਨਿਨਵਾਦੀ ਪੂਜਾ ਬਿਰਤੀ ਰਾਹੀਂ ਚਿੱਤ ਕਰਨਾ। ਇਸ ਯੁੱਧ-ਨੀਤੀ ਰਾਹੀਂ ਸਤਾਲਿਨ ਨੇ ਇਨਕਲਾਬ ਪ੍ਰਤੀ ਸੁਹਿਰਦ ਕਾਮਨੇਵ, ਰਾਦੇਕ, ਪ੍ਰੀਓਬਰਾਜ਼ੈਨਸਕੀ, ਰਾਕੋਵਸਕੀ, ਪਯਾਤਾਕੋਵ, ਸਰਬਰਯਾਕੋਵ, ਸਮਿਰਨੋਵ, ਸਾਰਕੀਜ਼ ਸਾਫਨੋਵ, ਲਿਫਸ਼ਿਤਜ, ਮਦੀਵਾਨੀ ਸਮਿਲਗਾ ਸਭ ਨੂੰ ਲੈਨਿਨਵਾਦ ਵਿਰੋਧੀਆਂ ਅਤੇ 'ਲੋਕ ਦੁਸ਼ਮਣਾਂ' ਨੂੰ 1927 'ਚ ਪਾਰਟੀ 'ਚੋਂ ਛਾਂਗ ਦਿੱਤਾ। ਮਗਰ ਇਹਨਾਂ ਨੂੰ ਪਾਰਟੀ 'ਚ ਵਾਪਸੀ ਦੀ ਪਨਾਹ ਇਹ ਕਬੂਲਣ 'ਤੇ ਮਿਲੀ ਕਿ, "ਉਹ ਤ੍ਰਾਤਸਕੀਵਾਦ ਨੂੰ ਇਕ ਬਾਲਸ਼ਵਿਕ ਵਿਰੋਧੀ ਅਤੇ ਸੋਵੀਅਤ ਸਿਧਾਂਤ ਵਿਰੋਧੀ ਸਿਧਾਂਤਕ ਨਜ਼ਰੀਆ ਮੰਨ ਕੇ ਉਸਦੀ ਪਬਲਿਕ ਤੌਰ ਤੇ ਨਿਖੇਧੀ ਅਤੇ ਭੰਡੀ ਕਰਨ। ਉਹ ਪਬਲਿਕ ਤੌਰ ਤੇ ਮੰਨਣ ਕਿ ਪਾਰਟੀ ਪਾਲਸੀ ਹੀ ਇਕੋ ਇਕ ਸਹੀ ਪਾਲਸੀ ਹੈ। ਉਹ ਪਾਰਟੀ ਅਤੇ ਇਸ ਦੀਆਂ ਜਥੇਬੰਦੀਆਂ ਦੇ ਕੁੱਲ ਫੈਸਲਿਆਂ ਉੱਤੇ ਬਿਨਾਂ ਸ਼ਰਤ ਕਾਰਬੰਦ ਰਹਿਣ।" ਇਹ ਸੀ ਜਨਰਲ ਸਕੱਤਰ ਦੀ ਪਾਰਟੀ ਡਿਕਟੇਟਰਸ਼ਿਪ ਜਿਸਨੂੰ ਲੈਨਿਨ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਬਣਾਉਣਾ ਚਾਹੁੰਦਾ ਸੀ। ਰਾਦੇਕ ਨੇ ਸੱਤਾ ਅੱਗੇ ਸਮਰਪਣ ਕਰਦਿਆਂ 1928 'ਚ ਸਤਾਲਿਨ ਤੋਂ ਵੱਖਰੀਆਂ ਲੈਨਿਨਵਾਦੀ 'ਸਿਧਾਂਤਕ' ਰਾਹਾਂ ਉਲੀਕੀਆਂ, ਤ੍ਰਾਤਸਕੀ ਅਤੇ ਉਸਦੇ ਵਾਦ ਨੂੰ ਰੱਜ ਕੇ ਭੰਡਦਿਆਂ ਸਤਾਲਿਨੀ ਸ਼ਰਣ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਪ੍ਰਚਾਰ ਨਾਲ ਤ੍ਰਾਤਸਕੀਵਾਦ ਨੂੰ ਭਜਾਉਣ 'ਚ ਕਾਮਯਾਬ ਰਿਹਾ ਸਤਾਲਿਨ ਸੰਤੁਸ਼ਟ ਨਾ ਹੋਇਆ। ਇਹਨਾਂ ਨੂੰ ਵਰਤਣ ਤੋਂ ਬਾਅਦ ਸੋਵੀਅਤ ਪਾਰਟੀ ਇਤਿਹਾਸਕਾਰ ਲਿਖਦੇ ਹਨ, "ਹਕੀਕਤ ਇਹ ਹੈ ਕਿ ਪਾਰਟੀ ਉਦੋਂ ਹਾਲੇ ਇਹ ਗੱਲ ਨਹੀਂ ਸੀ ਜਾਣ ਸਕੀ ਕਿ ਤ੍ਰਾਤਸਕੀ, ਰਾਕੋਵਸਕੀ, ਰਾਦੇਕ, ਕਰੈਸਤਿਨਸਕੀ, ਸੋਕੋਲਨੀਕੋਵ, ਵਗੈਰਾ ਚਿਰਾਂ ਤੋਂ ਲੋਕਾਂ ਦੇ ਦੁਸ਼ਮਣ ਬਣ ਚੁੱਕੇ ਸਨ। ਨਾ ਹੀ ਉਦੋਂ ਪਾਰਟੀ ਨੂੰ ਇਹ ਪਤਾ ਸੀ ਕਿ ਕਾਮਨੇਵ, ਜਿਨੋਵੀਵ, ਪਯਾਤਾਕੋਵ ਅਤੇ ਕੁਝ ਹੋਰ ਸ਼ਖਸ ਪਹਿਲਾਂ ਤੋਂ ਹੀ ਸਰਮਾਏਦਾਰ ਮੁਲਕਾਂ ਵਿਚਲੇ, ਸੋਵੀਅਤ ਯੂਨੀਅਨ ਦੇ ਦੁਸ਼ਮਣਾਂ ਨਾਲ ਤੁਆਲਕਾਤ ਪੈਦਾ ਕਰ ਰਹੇ ਸਨ ਅਤੇ ਅਤੇ

ਉਹਨਾਂ ਦਾ ਮਕਸਦ ਸੋਵੀਅਤ ਲੋਕਾਂ ਦੇ ਖਿਲਾਫ਼ ਇਹਨਾਂ ਦੁਸ਼ਮਣਾਂ ਨਾਲ "ਸਾਂਝ ਭਿਆਲੀ" ਪਾਉਣਾ ਸੀ। ਪਰ ਤਜਰਬੇ ਨੇ ਪਾਰਟੀ ਨੂੰ ਸਿਖਾਇਆ ਸੀ ਕਿ ਇਹਨਾਂ ਲੋਕਾਂ ਕੋਲੋਂ ਕਿਸੇ ਵੀ ਧੋਖੇ ਅਤੇ ਮੱਕਾਰੀ ਦੀ ਆਸ ਕੀਤੀ ਜਾ ਸਕਦੀ ਸੀ, ਕਿਉਂਕਿ ਇਹ ਲੋਕ ਬਹੁਤ ਨਾਜਕ ਮੌਕਿਆਂ ਉੱਤੇ ਲੈਨਿਨ ਅਤੇ ਲੈਨਿਨ ਦੀ ਪਾਰਟੀ ਉੱਤੇ ਹਮਲੇ ਕਰਦੇ ਰਹੇ ਸਨ।" ਤ੍ਰਾਤਸਕੀ ਤੋਂ ਬਾਅਦ ਵੀ ਇਹ ਸਤਾਲਿਨ ਦੀਆਂ ਤਾਨਾਸ਼ਾਹ ਆਪਹੁਦਰੀਆਂ ਦੇ ਵਿਰੋਧੀ ਬਣੇ ਰਹੇ। ਨਵੀਂ ਆਰਥਿਕ ਨੀਤੀ ਨਾਲ ਰਾਜ ਸਰਮਾਏਦਾਰੀ ਨੇ 'ਬਹੁਤ' ਤਕਨੀਕੀ ਵਿਕਾਸ ਕਰ ਲਿਆ ਸੀ ਅਤੇ ਲੋਕਾਂ ਦੀ ਜ਼ਮੀਨ ਨੂੰ ਜਬਰੀ ਖੋਹ ਕੇ ਤਾਨਾਸ਼ਾਹ ਸਟੇਟ ਅਧੀਨ ਕੀਤਾ ਜਾ ਚੁੱਕਾ ਸੀ। ਹੁਣ ਲੋੜ ਸੀ ਪੁਰਾਣੀ ਰਾਜ ਸਰਮਾਏਦਾਰੀ ਦੇ ਸੰਵਿਧਾਨ ਨੂੰ ਬਦਲ ਕੇ 'ਸਮਾਜਵਾਦੀ ਸਮਾਜ' ਦਾ ਸੰਵਿਧਾਨ ਤਿਆਰ ਕਰਨ ਦੀ ਜਿਨੋਵੀਵ, ਕਾਮਨੇਵ ਐਂਡ ਕੰਪਨੀ ਅਤੇ ਅਨੇਕਾਂ ਵਾਰ ਪਾਰਟੀ ਦੀ ਸਫਾਈ ਦੇ ਬਾਵਜੂਦ ਤ੍ਰਾਤਸਕੀ ਪੱਖੀ ਕੇਂਦਰੀ ਕਮੇਟੀ ਦੀ ਦੋ ਤਿਹਾਈ ਗਿਣਤੀ ਵਜੋਂ ਸਰਕਾਰ ਵਿਰੋਧੀ ਪਾਰਟੀ ਦਾ ਹਿੱਸਾ ਸਨ। ਹੁਣ ਲੋੜ ਸੀ ਇਕ ਆਖਰੀ ਸਫਾਈ ਦੀ, ਕਿਉਂਕਿ ਲੋੜ ਸੀ ਪਾਰਟੀ, ਸਰਕਾਰ ਅਤੇ ਸਟੇਟ ਦੀ ਇਕਮਿਕਤਾ ਨੂੰ ਕਾਇਮ ਕਰਨ ਦੀ। 'ਲੋਕ ਦੁਸ਼ਮਣ' ਤੱਤਾਂ ਨੂੰ ਪਾਰਟੀ 'ਚੋਂ ਹੂੰਝਣ ਲਈ 1935 ਤੋਂ 37 ਤੱਕ ਲਗਾਤਾਰ ਸਫਾਈ ਮੁਹਿੰਮ ਜਾਰੀ ਰਹੀ। 1938 ਤੱਕ ਸੋਵੀਅਤ ਯੂਨੀਅਨ ਅੰਦਰੋਂ 'ਐਨਮੀ ਆਫ ਦੀ ਪੀਪਲ' ਸਾਫ਼ ਹੋ ਗਏ। ਹੁਣ ਲੋੜ ਸੀ ਪਾਰਟੀ, ਸਰਕਾਰ ਅਤੇ ਸਟੇਟ ਦੀ ਇਕਮਿਕਤਾ ਦੇ ਵਿਰੋਧ ਨੂੰ ਸਦਾ ਵਾਸਤੇ ਮਕਾਉਣ ਲਈ ਅਧਿਆਤਮਕ ਸ਼ਰਣ ਦੀ। ਸਾਰੇ ਮਾਨਵ ਇਤਿਹਾਸ ਦੇ ਚਿੰਤਕ ਸਟੇਟ ਨੂੰ ਜ਼ਾਲਿਮ ਦੱਸਦੇ ਆਏ ਹਨ। ਇਸ ਸਟੇਟ ਦੇ ਜ਼ਾਲਮ ਖਾਸੇ ਨੂੰ ਇਕ ਪਾਰਟੀ ਅਤੇ ਉਸਦੀ ਸਰਕਾਰ ਵਿਚ ਗੁੰਨ ਦੇਈਏ ਤਾਂ ਪੈਦਾ ਹੁੰਦੀ ਹੈ, ਤਾਨਾਸ਼ਾਹੀ! ਮਗਰ ਤਾਨਾਸ਼ਾਹੀ ਆਵਾਮ ਲਈ ਇਕ ਭਿਆਨਕ ਖ਼ੂੰਖਾਰ ਦੈਂਤ ਹੈ। ਇਸਨੂੰ ਲੋੜ ਹੁੰਦੀ ਹੈ ਇਕ ਅਧਿਆਤਮਿਕ ਸ਼ਰਣ ਦੀ ਅਤੇ ਆਧੁਨਿਕ ਸਮਿਆਂ 'ਚ ਉਸਦਾ ਨਾਂ ਹੈ **ਰਾਸ਼ਟਰਵਾਦ**! ਜ਼ਰਾ ਸੋਚੋ! ਜੇ ਪਾਰਟੀ, ਸਰਕਾਰ ਬਣ ਜਾਵੇ ਅਤੇ ਉਸਦੇ ਹਰ ਹੁਕਮ ਦੀ ਤਮੀਲ ਸਟੇਟ ਦਾ ਪ੍ਰਵਚਨ, ਤਾਂ ਕੀ ਉਹ ਆਪਣੇ ਪ੍ਰਵਚਨ ਨੂੰ ਬਿਨਾਂ ਰਾਸ਼ਟਰਵਾਦੀ ਅਧਿਆਤਮ ਦੇ ਪ੍ਰਵਾਨ ਚਾੜ੍ਹ ਸਕਦੇ ਹਨ? ਇਕ ਖਾਸ ਬਿਰਤੀ ਦੀ ਵਿਚਾਰਧਾਰਾ ਦੇ ਜਬਰ ਨੂੰ ਰਾਸ਼ਟਰਵਾਦੀ ਅਧਿਆਤਮ ਰਾਹੀਂ ਹੀ ਕਬੂਲ ਕਰਾਇਆ ਜਾ ਸਕਦਾ ਹੈ। ਪਾਰਟੀ/ਗਰੁੱਪ ਦੇ ਨਿਸ਼ਚਤ ਵਿਚਾਰਾਂ ਨੂੰ ਲਾਗੂ ਕਰਨ ਲਈ ਸਰਕਾਰ ਦੀ ਸਟੇਟ ਮਸ਼ੀਨਰੀ ਸਾਜ਼ਿਸ਼ਾਂ, ਖੁਰਾਫ਼ਾਤਾਂ ਦੇ ਅਜਿਹੇ ਜਾਲ ਨੂੰ ਪ੍ਰਾਪੇਗੰਡਾ ਦੀਆਂ ਕੰਨ ਪਾੜਵੀਆਂ ਆਵਾਜ਼ਾਂ ਰਾਹੀਂ ਕੇਵਲ ਆਪਣੇ ਵਿਚਾਰਾਂ ਨੂੰ ਹੀ ਰਾਸ਼ਟਰਵਾਦ ਘੋਸ਼ਿਤ ਕਰਨਾ ਹੁੰਦਾ ਹੈ। ਇਹਨਾਂ ਵਿਚਾਰਾਂ ਤੋਂ ਭਿੰਨ ਸੋਚ ਰੱਖਣਾ ਦੇਸ਼-ਧਰੋਹ ਬਣ ਜਾਂਦਾ ਹੈ। ਅੱਜ ਹਿੰਦੁਸਤਾਨੀ ਆਵਾਮ ਅਜਿਹੇ ਰਾਸ਼ਟਰਵਾਦੀ ਅਧਿਆਤਮ ਦੀ ਹਨੇਰਗਰਦੀ ਚੋਂ ਲੰਘ ਰਿਹਾ ਹੈ। ਇਹ ਉਸੇ ਪੈਟੀ-ਬੁਰਜੂਆ ਦਾ ਮੱਧਵਰਗੀ ਕੌਮਵਾਦ ਹੁੰਦਾ ਹੈ ਜਿਸਦੇ ਖਿਲਾਫ਼ ਲੈਨਿਨ ਦੁਆਰਾ ਨੈਪ ਦੀ ਵਿਉਂਤਬੰਦੀ ਕੀਤੀ ਗਈ ਸੀ। ਇਕ ਪਾਰਟੀ ਦੀ ਨਿਸ਼ਚਤ ਵਿਚਾਰਧਾਰਾ ਦੀ ਡੰਡੌਤ ਕਰਨ ਤੋਂ ਇਲਾਵਾ ਬਾਕੀ ਸਭ ਵਿਚਾਰ ਦੇਸ਼ ਧਰੋਹ ਜਾਂ 'ਲੋਕ-ਦੁਸ਼ਮਣ' ਬਣ ਜਾਂਦੇ ਹਨ। ਜੋ ਸੋਚਦੇ ਹੋ ਉਹ ਬੋਲਣਾ, ਸੰਵੇਦਨਾ, ਜਜ਼ਬਾਤ, ਆਜ਼ਾਦ ਹੋਂਦ ਸਭ ਰਾਸ਼ਟਰਵਾਦ ਲਈ ਦੇਸ਼-ਧਰੋਹ/'ਲੋਕ ਦੁਸ਼ਮਣ' ਹੋਣ ਦੇ ਪ੍ਰਤੀਕ ਬਣ ਜਾਂਦੇ ਹਨ।

ਮਾਰਕਸ ਨੇ ਵਿਚਾਰਧਾਰਾ ਨੂੰ 'ਝੂਠੀ ਚੇਤਨਾ" ਕਿਹਾ ਸੀ। ਸੋਵੀਅਤ ਤਾਨਾਸ਼ਾਹੀ 'ਸਮਾਜਵਾਦੀ ਸਮਾਜ' ਦੀ ਵਿਚਾਰਧਾਰਾ ਦਾ ਨਾਂ ਸੀ ਸਤਾਲਿਨਵਾਦ। ਮਾਰਕਸਵਾਦੀ ਵਿਚਾਰਧਾਰਾ ਤਾਂ ਇਸਦਾ ਨਾਮਕਰਨ ਕੀਤਾ ਗਿਆ ਸੀ। ਵਿਚਾਰਧਾਰਾ ਜਮਾਤੀ ਸਟੇਟ ਦਾ ਪ੍ਰਵਚਨ ਹੈ, 'ਝੂਠੀ ਚੇਤਨਾ'! ਉਹ ਚੇਤਨਾ ਜੋ ਕਿਰਤੀ ਵਰਗ ਦੇ ਦਮਨ ਅਤੇ ਸ਼ੋਸ਼ਣ 'ਚ ਕਿਸੇ ਜਮਾਤ ਦਾ ਬਾਹਰੀ ਹੱਥ ਹੋਣ ਤੋਂ ਇਨਕਾਰੀ ਹੈ। ਮਾਰਕਸਵਾਦ ਤਾਂ ਪਹਿਲੀ ਵਾਰ ਕਾਮੇ/ਪ੍ਰੋਲੇਤਾਰੀ ਨੂੰ ਇਹ ਚੇਤਨਾ ਦਿੰਦਾ ਹੈ ਕਿ ਦਮਨ ਲਈ ਜ਼ੁੰਮੇਵਾਰ ਹਾਕਮ ਜਮਾਤ ਦੀ ਜਮਾਤੀ ਵਿਚਾਰਧਾਰਾ ਹੈ। ਤਾਂ ਕੀ ਉਹ ਵਿਚਾਰਧਾਰਾ ਹੋ ਸਕਦਾ ਹੈ? ਫਿਰ ਮਾਰਕਸਵਾਦ ਦਾ ਅੰਤ ਕਿਵੇਂ ਮੰਨਿਆ ਗਿਆ। ਸੋਵੀਅਤ ਸਟੇਟਵਾਦ ਦੀ ਵਿਚਾਰਧਾਰਾ ਦਾ ਨਾਂ ਮਾਰਕਸਵਾਦ ਸੀ। ਸੋਵੀਅਤ ਸਟੇਟਵਾਦ ਦੇ ਅੰਤ ਨੂੰ ਹੀ ਉੱਤਰ-ਆਧੁਨਿਕਤਾ ਨੇ ਵਿਸ਼ਵ ਪਿੰਡ 'ਚ 'ਵਿਚਾਰਧਾਰਾ ਦਾ ਅੰਤ' ਨਾਲ ਪ੍ਰਚਾਰਿਆ ਪ੍ਰਸਾਰਿਆ। ਮਾਰਕਸਵਾਦ ਅੱਜ ਵੀ ਸਟੇਟ ਦੀ ਜਮਾਤੀ ਵਿਚਾਰਧਾਰਾ ਤੋਂ ਮੁਕਤੀ ਅਤੇ ਦੁਨੀਆ ਦੀ ਅੱਸੀ ਫੀਸਦ ਸਮਾਜੀ ਕਿਰਤ ਉੱਪਰ ਕਾਬਜ਼ ਮੁੱਠੀ ਭਰ ਕਾਰਪੋਰੇਟਾਂ ਨੂੰ ਪਰ੍ਹੇ ਕਰਨ ਦਾ ਸਿਧਾਂਤ ਹੈ। ਇਨਕਲਾਬ ਕਿਸੇ ਇਕ ਮਨੁੱਖ ਦੀ ਦਿਮਾਗ਼ੀ ਉਪਜ ਨਹੀਂ, ਨਾ ਇਹ ਕਿਸੇ ਦੇ ਜ਼ਿਹਨ 'ਚ ਧੱਕਿਆ ਜਾ ਸਕਦਾ ਹੈ, ਇਹ ਸਮਾਜ-ਆਰਥਿਕ ਹਾਲਾਤਾਂ ਦਾ ਸਿੱਟਾ ਹੁੰਦਾ ਹੈ। ਲੋਕ ਜਾਣ ਨੂੰ ਉਦੋਂ ਤਿਆਰ ਹੁੰਦੇ ਹਨ, ਜਦੋਂ ਉਹਨਾਂ ਨੂੰ ਜਾਣ ਦੀ ਲੋੜ ਹੁੰਦੀ ਹੈ। ਪਰਿਵਰਤਨਕਾਰੀ ਤਾਕਤਾਂ ਨੇ ਸੱਜੇ ਲਿਜਾਣਾ ਹੈ ਜਾਂ ਖੱਬੇ, ਇਹ ਹਾਲਾਤ ਦੇ ਮੱਦੇਨਜ਼ਰ ਤੈਅ ਹੁੰਦਾ, ਕਿਉਂਕਿ ਮਾਤਰਾ ਨੇ ਹੀ ਸਿਫ਼ਤ 'ਚ ਬਦਲਣਾ ਹੁੰਦਾ ਹੈ।

• • •

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਾਰਧਾਰਕ ਪ੍ਰਸੰਗ

*-ਡਾ. ਸਰਬਜੀਤ ਸਿੰਘ*



ਗੁਰੂ ਤੇਗ਼ ਬਹਾਦਰ ਜੀ (1 ਅਪ੍ਰੈਲ, 1621-11 ਨਵੰਬਰ 1675) ਸਿੱਖ ਇਤਿਹਾਸ ਦੀ ਲਾਸਾਨੀ ਸਖ਼ਸ਼ੀਅਤ ਤਾਂ ਹਨ ਹੀ ਪਰੰਤੂ ਭਾਰਤ ਦੇ ਬਹੁਧਰਮੀ ਸਮਾਜ ਅਤੇ ਇਤਿਹਾਸ ਵਿਚ ਵੀ ਅਜਿਹੀ ਲਾਮਿਸਾਲ ਸਖ਼ਸ਼ੀਅਤ ਹੈ ਜਿਸਨੇ ਦੂਸਰੇ ਧਰਮ ਦੀ ਸੁਤੰਤਰ ਅਤੇ ਵਿਲੱਖਣ ਹੋਂਦ ਨੂੰ ਬਣਾ ਕੇ ਰੱਖਣ ਲਈ ਸ਼ਹਾਦਤ ਦਿੱਤੀ। ਸਿੱਖ ਧਰਮ ਵਿਚ ਸ਼ਹਾਦਤ ਦੀ ਪਰੰਪਰਾ ਨਿਵੇਕਲੀ, ਵਿਲੱਖਣ ਅਤੇ ਰਾਜਸੀ ਅਰਥਾਂ ਵਾਲੀ ਹੈ ਜਿਸ ਨੇ ਮਨੁੱਖੀ ਆਜ਼ਾਦੀ, ਬਰਾਬਰੀ ਅਤੇ ਮਨੁੱਖੀ ਸ਼ਾਨ ਲਈ ਕੁਰਬਾਨੀ ਦੇ ਨਵੇਂ ਸੰਕਲਪ ਨੂੰ ਪੈਦਾ ਕੀਤਾ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ ਸਪੱਸ਼ਟ ਅਰਥ ਰਾਜਨੀਤਕ ਹਨ ਪਰੰਤੂ ਸਨਾਤਨੀ ਸਿੱਖ ਪਰੰਪਰਾ ਦੀ ਉਸ ਦਾਰਸ਼ਨਿਕ ਰਵਾਇਤ ਦੇ ਡੂੰਘੇ ਅਰਥਾਂ ਨਾਲ ਵੀ ਜੁੜੀ ਹੋਈ ਹੈ ਜਿਸ ਵਿਚ ਵੰਨ ਸੁਵੰਨਤਾ ਅਤੇ ਦੂਸਰੇ (others) ਦਾ ਮਹੱਤਵ ਵੀ ਹੈ। ਕੋਈ ਪਰੰਪਰਾ ਸਿਰਫ਼ ਸਿਧਾਂਤ (Theory) ਦੀ ਪੱਧਰ ਉੱਪਰ ਹੀ ਮਹਾਨ ਨਹੀਂ ਹੁੰਦੀ ਸਗੋਂ ਉਸ ਪਰੰਪਰਾ ਦੀਆਂ ਸਿਰਜੀਆਂ ਰਵਾਇਤਾਂ ਅਤੇ ਅਮਲ (Practice) ਹੀ ਉਸ ਪਰੰਪਰਾ ਨੂੰ ਪ੍ਰਮਾਣਿਕ ਅਤੇ ਪ੍ਰਵਾਨਿਤ ਵੀ ਬਣਾਉਂਦੇ ਹਨ। ਸਿੱਖ ਇਤਿਹਾਸ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਇਸ ਪੱਖ ਤੋਂ ਆਪਣੇ ਆਪ ਵਿਚ ਡੂੰਘੇ ਅਧਿਐਨ ਦੀ ਮੰਗ ਕਰਦੀ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਸਖ਼ਸ਼ੀਅਤ ਸਿੱਖ ਧਰਮ ਦੇ ਇਤਿਹਾਸ ਵਿਚ ਇਤਿਹਾਸਕ ਭੂਮਿਕਾ ਨਿਭਾਉਂਦੀ ਹੈ ਕਿਉਂਕਿ ਸਿੱਖ ਧਰਮ ਦੇ ਵਿਕਾਸ ਵਿਚ ਜਿਸ ਮੀਰੀ ਪੀਰੀ ਦੇ ਸਿਧਾਂਤ ਰਾਹੀਂ ਇਕ ਨਵਾਂ ਮੋੜ ਵਾਪਰਦਾ ਹੈ ਉਸ ਨੂੰ ਗਤੀ ਪ੍ਰਦਾਨ ਕਰਨੀ ਸਹਿਲ ਕਾਰਜ ਨਹੀਂ ਸੀ। ਇਤਿਹਾਸ ਦੇ ਆਰ-ਪਾਰ ਗੁਰੂ ਤੇਗ਼ ਬਹਾਦਰ ਜੀ ਦੇ ਇਸ ਮਹੱਤਵ ਨੂੰ ਠੀਕ ਪ੍ਰਸੰਗ ਵਿਚ ਡਾ. ਜੇ. ਐੱਸ. ਗਰੇਵਾਲ ਨੇ ਪਛਾਣਿਆ ਹੈ, "ਗੁਰੂ ਤੇਗ਼ ਬਹਾਦਰ ਜੀ ਦੇ ਗੁਰੂਤੱਵ ਦੀ ਭਾਰੀ ਮਹੱਤਤਾ ਇਸ ਤੱਥ ਵਿਚ ਹੈ ਕਿ ਗੂੜ੍ਹ ਇਤਿਹਾਸਕ ਅਰਥਾ ਵਿਚ ਉਨ੍ਹਾਂ ਨੇ ਸਿੱਖ ਇਤਿਹਾਸ ਦੇ ਕੇਂਦਰੀ ਧਾਰੇ ਨੂੰ ਸੁਰਜੀਤ ਕੀਤਾ। ਉਹ ਆਪਣੇ ਪਿਤਾ ਅਤੇ ਆਪਣੇ ਪੁੱਤਰ ਵਿਚਕਾਰ ਨੈਤਿਕ ਅਤੇ ਇਤਿਹਾਸਕ ਕੜੀ ਬਣ ਗਏ। ਉਨ੍ਹਾਂ ਗੁਰੂ ਗੋਬਿੰਦ ਸਿੰਘ ਦੀ ਪ੍ਰਾਪਤੀ ਲਈ ਰਾਹ ਤਿਆਰ ਕੀਤਾ। ਸਿੱਖ ਪੰਥ ਨੂੰ ਨਵੀਂ ਏਕਤਾ ਦਿੱਤੀ ਅਤੇ ਇਸ ਨੂੰ ਇਸ ਯੋਗ ਬਣਾਇਆ ਕਿ ਇਹ ਵਕਤ ਦੀ ਹਕੂਮਤ ਵਿਰੁੱਧ ਜ਼ਮੀਰ ਦੀਆਂ ਮੰਗਾਂ ਦੀ ਰੱਖਿਆ ਕਰ ਸਕੇ। ਅਠਾਰਵੀਂ ਸਦੀ ਦੀ ਸਿੱਖਾਂ ਦੀ ਰਾਜਸੀ ਆਜ਼ਾਦੀ ਉਸ ਜ਼ਮੀਰ ਦੀ ਆਜ਼ਾਦੀ ਦਾ ਤਰਕਸੰਗਤ ਅਤੇ ਇਤਿਹਾਸਕ ਵਿਕਾਸ ਸੀ ਜਿਸ ਦੀ ਗੁਰੂ ਤੇਗ਼ ਬਹਾਦਰ ਜੀ ਨੇ ਰੱਖਿਆ ਕੀਤੀ ਅਤੇ ਉਸਨੂੰ ਗੁਰੂ ਗੋਬਿੰਦ ਸਿੰਘ ਨੇ ਯਕੀਨੀ ਬਣਾਇਆ।"[1] ਇਉਂ ਗੁਰੂ ਤੇਗ਼ ਬਹਾਦਰ ਜੀ ਨੈਤਿਕ ਅਤੇ ਇਤਿਹਾਸਕ ਕੜੀ ਬਣ ਕੇ ਸਿੱਖ ਧਰਮ ਨੂੰ ਜੋ ਇਤਿਹਾਸਕ ਗਤੀ ਪ੍ਰਦਾਨ ਕਰਦੇ ਹਨ, ਉਹ ਬਹੁਤ ਅਹਿਮ ਅਤੇ ਇਤਿਹਾਸਕ ਮਹੱਤਤਾ ਵਾਲੀ ਹੈ। ਦੂਸਰੇ ਪਾਸੇ ਸਿੱਖ ਧਰਮ ਅੰਦਰੂਨੀ ਸੰਕਟਾਂ ਦਾ ਸ਼ਿਕਾਰ ਹੋ ਗਿਆ ਸੀ। ਧੀਰ ਮੱਲੀਏ ਅਤੇ ਮੀਣਿਆਂ ਦਾ ਵਰਤਾਰਾ ਸਿੱਖ ਧਰਮ ਦੇ ਅੰਦਰਲੇ ਗੰਭੀਰ ਸੰਕਟਾਂ ਦਾ ਸੰਕੇਤ ਹੈ। ਗੁਰੂ ਤੇਗ਼ ਬਹਾਦਰ ਜੀ ਨੂੰ ਜਿਨ੍ਹਾਂ ਸੰਕਟਾਂ

ਵਿਚੋਂ ਗੁਜ਼ਰਨਾ ਪੈਂਦਾ ਹੈ, ਸ਼ਾਇਦ ਅਜਿਹੇ ਅੰਦਰੂਨੀ ਸੰਕਟ ਕਿਸੇ ਹੋਰ ਗੁਰੂ ਸਾਹਿਬਾਨ ਦੇ ਦਰਪੇਸ਼ ਨਹੀਂ ਸਨ। ਗੁਰੂ ਸਾਹਿਬ ਨੂੰ ਗੁਰਗੱਦੀ ਉਪਰੰਤ ਧੀਰਮੱਲੀਏ ਗੁਰੂ ਸਾਹਿਬ ਉਪਰ ਗੋਲੀ ਚਲਾਉਂਦੇ ਹਨ ਅਤੇ ਲੁੱਟ ਮਾਰ ਕਰਦੇ ਹਨ ਤਾਂ ਦੂਜੇ ਪਾਸੇ ਮੀਣੇ ਜਿਨ੍ਹਾਂ ਦਾ ਉਸ ਸਮੇਂ ਦਰਬਾਰ ਸਾਹਿਬ, ਅੰਮ੍ਰਿਤਸਰ ਉਪਰ ਕਬਜ਼ਾ ਸੀ, ਗੁਰੂ ਤੇਗ਼ ਬਹਾਦਰ ਸਾਹਿਬ ਲਈ ਦਰਵਾਜ਼ੇ ਬੰਦ ਕਰ ਦਿੰਦੇ ਹਨ। ਧੀਰ ਮੱਲ ਅਤੇ ਰਾਮ ਰਾਇ ਦੋਹਾਂ ਨੂੰ ਮਸੰਦਾਂ ਦੀ ਹਿਮਾਇਤ ਪ੍ਰਾਪਤ ਸੀ ਤੇ ਉਹ ਯਕੀਨੀ ਤੌਰ 'ਤੇ ਸਥਾਪਤੀ ਪੱਖੀ ਸਨ। ਇਉਂ ਗੁਰੂ ਤੇਗ਼ ਬਹਾਦਰ ਜੀ ਨੂੰ ਗੁਰੂਤੱਵ ਮਿਲਣਾ ਹੀ ਸੱਤਾ ਵਿਰੋਧੀ ਸੀ। ਇਸੇ ਕਰਕੇ ਡਾ. ਜੇ ਐੱਸ. ਗਰੇਵਾਲ ਦਾ ਇਹ ਕਹਿਣਾ ਬਹੁਤ ਸਾਰਥਕ ਹੈ, "1664 ਈਸਵੀ ਵਿਚ ਗੁਰੂ ਹਰਿ ਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਸਿੱਖਾਂ ਦੀ ਗੁਰਿਆਈ ਸਵੀਕਾਰ ਕਰਨੀ ਔਰੰਗਜ਼ੇਬ ਦੀ ਇੱਛਾ ਦੇ ਖਿਲਾਫ਼ ਜਾਣ ਵਾਲੀ ਗੱਲ ਸੀ। ਗੁਰੂ ਤੇਗ਼ ਬਹਾਦਰ ਜੀ ਇਸ ਗੱਲ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਇਸ ਲਈ ਉਨ੍ਹਾਂ ਦਾ ਗੁਰਿਆਈ ਦਾ ਪਦ ਧਾਰਨ ਕਰਨਾ ਵੱਡੇ ਹੌਂਸਲੇ ਵਾਲਾ ਕੰਮ ਸੀ ਅਤੇ ਨਿਰਸੰਦੇਹ ਔਰੰਗਜ਼ੇਬ ਦੀ ਨਾਰਾਜ਼ਗੀ ਮੁੱਲ ਲੈਣਾ ਸੀ।"[2] ਇਉਂ ਇਤਿਹਾਸਕ ਤੌਰ 'ਤੇ ਉਹ ਸਥਿਤੀ ਬਹੁਤ ਵੰਗਾਰ ਭਰੀ ਸੀ ਜਦੋਂ ਗੁਰੂ ਤੇਗ਼ ਬਹਾਦਰ ਜੀ ਸਿੱਖ ਧਰਮ ਦੀ ਅਗਵਾਈ ਪ੍ਰਾਪਤ ਕਰਦੇ ਹਨ। ਇਸ ਵੰਗਾਰ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ ਕਿਉਂਕਿ ਭੱਟ ਵਹੀਆਂ ਵਿਚੋਂ ਮਿਲਦੇ ਵੇਰਵੇ ਇਸ ਤੱਥ ਦੀ ਜਾਣਕਾਰੀ ਦਿੰਦੇ ਹਨ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਪਹਿਲਾਂ ਵੀ ਮੁਗ਼ਲੀਆਂ ਸਲਤਨਤ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਭਾਈ ਸਰੂਪ ਸਿੰਘ ਕੌਸ਼ਿਸ਼ ਜਿਸ ਨੇ ਭੱਟਾਂ ਦੀਆਂ ਮਿਲਦੀਆਂ ਵਹੀਆਂ ਵਿਚੋਂ ਤੱਥਾਤਮਕ ਜਾਣਕਾਰੀ ਇਕੱਤਰ ਕਰਕੇ ਹਿੰਦੁਸਤਾਨੀ ਵਿਚ 'ਗੁਰੂ ਕੀਆਂ ਸਾਖੀਆਂ' ਪੁਸਤਕ 1790 ਵਿਚ ਲਿਖੀ ਸੀ। ਉਸ ਵਿਚੋਂ ਗੁਰੂ ਤੇਗ਼ ਬਹਾਦਰ ਜੀ ਸੰਬੰਧੀ ਬਹੁਤ ਮੁੱਲਵਾਨ ਜਾਣਕਾਰੀ ਮਿਲਦੀ ਹੈ, "ਏਕ ਸਿੱਖ ਭੰਨਾ ਭੰਨਾ (ਦੌੜਿਆ ਦੌੜਿਆ) ਗੁਰੂ ਜੀ ਕੇ ਪਾਸ ਆਇਆ, ਇਸੇ ਹਾਥ ਬਾਂਧ ਬੇਨਤੀ ਕੀ, ਮਹਾਰਾਜ ! ਤੁਰਕ ਚੌਂਕੀ ਜਹਾਂ ਸੇ ਨੇੜੇ ਹੈ, ਚਲੇ ਜਾਨਾ ਚਾਹੀਏ। ਗੁਰੂ ਜੀ ਨੇ ਕਹਾ, ਭਾਈ ਸਿੱਖਾ ! ਕਰਤਾਰ ਕੋ ਜੋ ਭਾਵੇ ਸਭ ਕਿਛ ਉਸ ਰਾਜ਼ਕ ਕੀ ਰਜਾਇ ਮੇ ਹੋਇ ਰਹਾ ਹੈ। ਇਤਨੇ ਅਰਸਾ ਮੇਂ ਚੌਂਕੀ ਕਾ ਸਰਦਾਰ (ਪਰਗਨਾ ਬਾਂਗਰ ਵਿਚ ਆਲਮ ਖਾਨ ਰੁਹੇਲਾ) ਕੂੰਏ ਤੇ ਆਇ ਗਿਆ। ਗੁਰੂ ਜੀ ਕੋ ਦੇਖ ਕੇ ਬੋਲਾ, ਜਿਸੇ ਹਮ ਖੋਜਤੇ ਥੇ, ਉਸੇ ਪਾਇ ਲੀਆ ਹੈ। ਸਰਦਾਰ ਨੇ ਘੋੜੇ ਸੇ ਉਤਰ ਕੇ ਕਹਾ, ਪੀਰ ਜੀ ! ਤੁਮਹੇਂ ਦਿਹਲੀ ਮੇਂ ਬਾਦਸ਼ਾਹ ਨੇ ਬੁਲਾਇਆ ਹੈ, ਤਿਆਰੀ ਕਰੀਏ।...ਇਹਨਾ ਕਹਿ ਕੇ ਘੋੜੀ ਤੇ ਅਸਵਾਰ ਹੋਇ ਚੌਂਕੀ ਸਰਦਾਰ ਕੇ ਗੈਲ ਦਿਹਲੀ ਕੋ ਆਏ। ...ਸੰਮਤ ਸਤਾਰਾਂ ਸੈ ਬਾਈਸ ਕ੍ਰਿਸ਼ਨਾ ਪੱਖੇ ਪੋਖ ਮਾਸ ਕੀ ਪੰਚਮੀ ਕੋ ਗੁਰੂ ਜੀ ਮਾਸ ਤੀਨ ਦਿਹੁੰ ਬੰਦੀਵਾਨ ਰਹਿ ਕੇ ਬੰਦੀਖਾਨੇ ਸੇ ਬਾਹਰ ਰਾਣੀ ਪੁਸ਼ਪਾ ਦੇਵੀ ਕੇ ਗ੍ਰਹਿ ਮੇਂ ਆਇ ਗਏ।"[3] ਗਿਆਨੀ ਗਰਜਾ ਸਿੰਘ ਵੀ ਉਪਰੋਕਤ ਤੱਥਾਂ ਦਾ ਜ਼ਿਕਰ ਕਰਦਾ ਹੈ ਅਤੇ ਚਉਪਾ ਸਿੰਘ ਹਜ਼ੂਰੀ, ਰਹਿਤਨਾਮਾ ਅਤੇ ਬਾਦਸ਼ਾਹ ਬੁਰੰਜੀ 'ਚੋਂ ਹਵਾਲਾ ਦੇ ਕੇ ਦੱਸਦਾ ਹੈ, "ਸੰਮਤ 1722 ਬਿ: ਮਾਂਹ ਕੱਤਕ (1665 ਈ.) ਰਾਜਾ ਜੈ ਸਿੰਘ ਮਿਰਜ਼ਾ ਦੇ ਪੁੱਤਰ ਕੰਵਰ ਰਾਮ ਸਿੰਘ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਜ਼ਮਾਨਤ ਉੱਤੇ ਰਿਹਾਅ ਕਰਵਾ ਕੇ ਦਿੱਲੀਓਂ ਬਾਹਰ ਭੇਜ ਦਿੱਤਾ, ਜਿਸ ਉੱਤੇ ਬਾਦਸ਼ਾਹ ਔਰੰਗਜ਼ੇਬ ਰਾਮ ਸਿੰਘ ਉੱਤੇ ਖਫ਼ਾ ਹੋਇਆ।"[4] ਉਪਰੋਕਤ ਹਵਾਲੇ ਇਸ ਤੱਥ ਦੀ ਪੁਖਤਾ ਜਾਣਕਾਰੀ ਹਨ ਕਿ ਗੁਰੂ ਤੇਗ਼ ਬਹਾਦਰ ਜੀ ਦਾ ਸਮਾਂ ਮੁਗ਼ਲ ਸਲਤਨਤ ਨਾਲ ਸਹਿਜ ਨਹੀਂ ਸਗੋਂ ਤਣਾਓ ਭਰਪੂਰ ਅਤੇ ਵੰਗਾਰ ਭਰਿਆ ਸੀ। ਇਹੋ ਵੰਗਾਰਾਂ ਉਨ੍ਹਾਂ ਦੀ ਸ਼ਹੀਦੀ ਦੇ ਠੋਸ ਇਤਿਹਾਸਕ ਕਾਰਨਾਂ ਵਿਚ ਸ਼ਾਮਲ ਹਨ। ਇਸ ਦੇ ਨਾਲ ਹੀ ਗੁਰੂ ਸਹਿਬ ਨੂੰ 1670 ਈ. ਵਿਚ ਮੁੜ ਹਕੂਮਤ ਦੀ ਨਿਗਰਾਨੀ ਵਿਚ ਰੱਖਿਆ ਗਿਆ। "1666 ਤੋਂ 1670 ਈ. ਤੱਕ ਗੁਰੂ ਸਾਹਿਬ ਪੰਜਾਬ ਤੋਂ ਬਾਹਰ ਸਨ ਅਤੇ ਪ੍ਰਯਾਗ, ਬਨਾਰਸ, ਬੁੱਧ ਗਯਾ, ਪਟਨਾ, ਮੌਂਘੇਰ, ਮਾਲਦਾ, ਢਾਕਾ ਅਤੇ ਧਬੂਰੀ (ਆਸਾਮ) ਵਰਗੀਆਂ ਥਾਵਾਂ ਦਾ ਰਟਨ ਕਰ ਰਹੇ ਸਨ। 1670 ਈ. ਵਿਚ ਉਨ੍ਹਾਂ ਨੂੰ ਦਿੱਲੀ ਪਰਤਣ ਤੋਂ ਦੋ ਮਹੀਨੇ ਤੋਂ ਜ਼ਿਆਦਾ ਸਮੇਂ ਲਈ ਹਕੂਮਤ ਦੀ ਨਿਗਰਾਨੀ ਹੇਠ ਰੱਖਿਆ ਗਿਆ ਅਤੇ ਇਸ ਪਿਛੋਂ ਉਨ੍ਹਾਂ ਨੂੰ ਬਕਾਲੇ ਅਤੇ ਮਾਖੋਵਾਲ ਜਾਣ ਦੀ ਇਜਾਜ਼ਤ ਮਿਲੀ।"[5] ਇਉਂ ਗੁਰੂ ਤੇਗ਼ ਬਹਾਦਰ ਜੀ ਨਿਰੰਤਰ ਮੁਗਲ ਸਲਤਨਤ ਦੀ ਨਜ਼ਰ ਹੇਠ ਸਨ। ਇਹ ਨਜ਼ਰ ਹੀ ਉਨ੍ਹਾਂ ਇਤਿਹਾਸਕ ਹਾਲਾਤ ਨੂੰ ਸਿਰਜਦੀ ਹੈ ਜਿਹੜੀ ਉਨ੍ਹਾਂ ਨੂੰ ਸ਼ਹੀਦੀ ਤੱਕ ਲਿਜਾਂਦੀ ਹੈ। ਇਸ ਦੀ ਚਰਮ ਸੀਮਾ ਉਹ ਘਟਨਾ ਬਣਦੀ ਹੈ ਜੋ 25 ਮਈ 1675 ਨੂੰ ਕਸ਼ਮੀਰੀ ਬ੍ਰਾਹਮਣਾਂ ਦਾ ਇਕ ਵਫ਼ਦ ਚੱਕ ਨਾਨਕੀ ਵਿਖੇ ਮਟਨ ਨਿਵਾਸੀ ਦੱਤ ਬ੍ਰਾਹਮਣ ਕ੍ਰਿਪਾ ਰਾਮ (ਇਹ ਕ੍ਰਿਪਾ ਰਾਮ ਗੁਰੂ ਗੋਬਿੰਦ ਸਿੰਘ ਦਾ ਸੰਸਕ੍ਰਿਤ ਅਧਿਆਪਕ ਸੀ।) ਦੀ ਅਗਵਾਈ ਹੇਠ ਕਸ਼ਮੀਰ ਦੇ ਸੂਬੇਦਾਰ ਇਫ਼ਤਿਖ਼ਾਰ ਖਾਨ ਦੀ ਕੱਟੜ ਧਾਰਮਿਕ ਨੀਤੀ ਖਿਲਾਫ਼ ਅਰਜ਼ੋਈ ਲੈ ਕੇ ਪਹੁੰਚੇ। ਇਸ ਅਰਜ਼ੋਈ ਨੂੰ ਲੈ ਕੇ ਗੁਰੂ ਤੇਗ਼ ਬਹਾਦਰ ਜੀ ਨੇ ਦਿੱਲੀ ਸਲਤਨਤ ਨਾਲ ਗੱਲ ਕਰਨੀ ਚਾਹੀ ਅਤੇ ਆਪਣੇ ਨਾਲ ਦੀਵਾਨ ਮਤੀ ਦਾਸ, ਰਸੋਈਏ ਸਤੀ ਦਾਸ ਤੇ ਭਾਈ ਦਿਆਲ ਦਾਸ ਨੂੰ ਲੈ ਕੇ ਦਿੱਲੀ ਲਈ ਚੱਲ ਪਏ। 11 ਜੁਲਾਈ 1675 ਨੂੰ ਪਰਗਨਾ ਘਨੌਲਾ ਦੇ ਮਲਿਕਪੁਰ ਰੰਗੜਾਂ ਵਿਚ ਆਪਣੇ ਸਿੱਖ ਭਾਈ ਨਿਗਾਹੀਏ ਦੇ ਘਰ ਠਹਿਰੇ। ਮਲਿਕਪੁਰ ਰੰਗੜਾਂ ਵਿਖੇ ਮੁਸਲਮਾਨ ਰੰਗੜਾਂ ਨੂੰ ਗੁਰੂ ਸਾਹਿਬ ਦੇ ਹੋਣ ਦਾ ਪਤਾ

ਲਗਦਾ ਹੈ ਤਾਂ ਰੋਪੜ ਪੁਲਿਸ ਚੌਂਕੀ ਦਾ ਕੋਤਵਾਲ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਬਸੀ ਪਠਾਨਾ ਦੇ ਬੰਦੀਖਾਨੇ ਭੇਜ ਦਿੰਦਾ ਹੈ। "ਗੁਰੂ ਜੀ ਤੀਨ ਮਾਸ ਸੇ ਜ਼ਿਆਦਾ ਬਸੀ ਪਠਾਨਾਂ ਬੰਦੀਖਾਨੇ ਬੰਦ ਰਹੇ, ਦੁਸ਼ਟਾਂ ਨੇ ਸਰੀਰ ਕੋ ਘਣਾਂ ਕਸ਼ਟ ਦੀਆਂ। ਤੀਨ ਮਾਸ ਬਾਦ ਦਿਹਲੀ ਸੇ ਪਰਵਾਨਾ ਆਨੇ ਸੇ ਗੁਰੂ ਜੀ ਕੋ ਲੋਹੇ ਕੇ ਪਿੰਜਰੇ ਮੇ ਬੰਦ ਕਰਕੇ ਦਿਹਲੀ ਤਰਫ਼ ਰਵਾਨਾ ਕੀਆ ਗਿਆ। ਸੰਮਤ ਸਤਰਾਂ ਸੈ ਬਤੀਸ ਮੰਗਸਰ (ਮੱਘਰ) ਵਦੀ ਤ੍ਰੇਦਸੀ ਵੀਰਵਾਰ ਕੇ ਦਿਹੁੰ ਗੁਰੂ ਜੀ ਕੋ ਦਿਹਲੀ ਮੇ ਪੁਚਾਇ ਦੀਆ।"[6] ਉਪਰੋਕਤ ਸਾਰੇ ਹਾਲਾਤ ਇਹੋ ਦੱਸ ਪਾਉਂਦੇ ਹਨ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਲਈ ਸਿਰਫ਼ ਕਸ਼ਮੀਰੀ ਬ੍ਰਾਹਮਣਾਂ ਦੀ ਘਟਨਾ ਹੀ ਇਕੱਲੀ ਨਹੀਂ ਸੀ ਪਰੰਤੂ ਇਹ ਘਟਨਾ ਫੌਰੀ ਕਾਰਨ ਬਣ ਗਈ। ਮੁਗ਼ਲ ਸਲਤਨਤ ਨਾਲ ਟੱਕਰ ਤਾਂ ਗੁਰੂ ਤੇਗ਼ ਬਹਾਦਰ ਜੀ ਦੇ ਗੁਰੂਗੱਦੀ ਵਾਲੇ ਦਿਨ ਤੋਂ ਹੀ ਆਰੰਭ ਹੋ ਚੁੱਕੀ ਸੀ। ਗੁਰੂ ਸਾਹਿਬ ਨੂੰ ਬਾਰ ਬਾਰ ਫੜਨਾ, ਨਜ਼ਰਸਾਨੀ ਕਰਨੀ, ਮਹੀਨਿਆਂ ਬੱਧੀ ਹਿਰਾਸਤ ਵਿਚ ਰੱਖਣਾ ਵਿਦਰੋਹੀ ਸਿੱਖ ਪਰੰਪਰਾ ਦੇ ਖਿਲਾਫ਼ ਕਾਰਵਾਈਆਂ ਸਨ। ਸ਼ਹਾਦਤ ਇਨ੍ਹਾਂ ਕਾਰਵਾਈਆਂ ਦਾ ਸਿਖ਼ਰ ਸੀ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨਾਲ ਸਿੱਖ ਪਰੰਪਰਾ ਵਿਚ ਇਤਿਹਾਸਕ ਮੋੜ ਉਤਪੰਨ ਹੁੰਦਾ ਹੈ। ਇਹ ਮੋੜ ਅਗਾਊਂ ਗੁਰੂ ਗੋਬਿੰਦ ਸਿੰਘ ਦਾ ਸਿੱਖ ਪੰਥ ਦੀ ਸਾਜਨਾ ਅਤੇ ਸੱਤਾ ਨਾਲ ਜੰਗਾਂ ਅਤੇ ਸੰਘਰਸ਼ਾਂ ਵਿਚ ਸਪੱਸ਼ਟ ਦੇਖਿਆ ਜਾ ਸਕਦਾ ਹੈ। ਡਾ. ਜੇ. ਐੱਸ. ਗਰੇਵਾਲ ਜਿਸ ਨੂੰ 'ਸਿੱਖ ਇਤਿਹਾਸ ਦਾ ਕੇਂਦਰੀ ਧਾਰਾ' ਕਹਿੰਦਾ ਹੈ, ਉਸਦਾ ਵਿਕਾਸ ਗੁਰੂ ਗੋਬਿੰਦ ਸਿੰਘ ਅਤੇ ਫਿਰ ਬੰਦਾ ਸਿੰਘ ਬਹਾਦਰ ਵਿਚ ਵਿਸਤਾਰ ਪ੍ਰਾਪਤ ਕਰਦਾ ਹੈ। ਗੁਰੂ ਤੇਗ਼ ਬਹਾਦਰ ਜੀ ਦਾ ਇਹ ਜੀਵਨ ਬਿਰਤਾਂਤ ਅਤੇ ਇਤਿਹਾਸਕ ਪ੍ਰਸੰਗ ਉਨ੍ਹਾਂ ਦੁਆਰਾ ਰਚਿਤ ਬਾਣੀ ਨੂੰ ਸਮਝਣ ਵਿਚ ਵੀ ਵਧੇਰੇ ਸਹਾਈ ਹੁੰਦਾ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ 59 ਪਦੇ ਜਾਂ ਸ਼ਬਦ ਅਤੇ 57 ਸਲੋਕ ਗੁਰੂ ਅਰਜਨ ਦੇਵ ਜੀ ਵਲੋਂ ਵਿਉਂਤੀ ਅਤੇ ਨਿਰਧਾਰਤ ਕੀਤੀ ਹੋਈ ਬਾਣੀ ਦੀ ਤਰਤੀਬ ਅਨੁਸਾਰ ਅਰਥਾਤ ਰਾਗਾਂ ਅਨੁਸਾਰ ਅਤੇ ਗੁਰੂ ਵਿਅਕਤੀਆਂ ਦੇ ਇਤਿਹਾਸਕ ਕ੍ਰਮ ਅਨੁਸਾਰ ਸ਼ਾਮਲ ਕੀਤੀ ਗਈ ਹੈ। ਸ਼ਲੋਕਾਂ ਦੇ ਰਚਣ ਬਾਰੇ ਸਿੱਖ ਰਵਾਇਤ ਅਨੁਸਾਰ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਆਪਣੇ ਬੰਦੀਵਾਨ ਹੋਣ ਸਮੇਂ ਦਿੱਲੀ 'ਚ ਅਤਿ ਵੈਰਾਗਮਈ ਅਤੇ ਉਦਾਸਮਈ ਅਵਸਥਾ ਵਿਚ ਰਚੇ। ਇਸ ਸੰਬੰਧੀ ਭਾਈ ਸੰਤੋਖ ਸਿੰਘ ਦੁਆਰਾ ਰਚਿਤ 'ਗੁਰਪ੍ਰਤਾਪ ਸੂਰਜ ਗ੍ਰੰਥ' ਵਿਚ ਸੰਕੇਤ ਕੀਤਾ ਗਿਆ ਹੈ। ਸ਼ਲੋਕ ਨੰ: 53 ਅਤੇ ਸ਼ਲੋਕ ਨੂੰ: 54 ਨੂੰ ਪ੍ਰਸ਼ਨ-ਉੱਤਰ ਦੇ ਰੂਪ ਵਿਚ ਮਿਥ ਕੇ ਸ਼ਲੋਕ ਨੰ: 54 ਨੂੰ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਮੰਨਿਆ ਗਿਆ ਹੈ। ਡਾ. ਗੋਪਾਲ ਸਿੰਘ ਨੇ ਪਟਨਾ ਸਾਹਿਬ ਵਾਲੀ ਬੀੜ - 1691 ਅਤੇ ਢਾਕੇ ਵਾਲੀ ਬੀੜ 1675 ਈਸਵੀ ਦੇ ਹਵਾਲੇ ਵੀ ਇਸ ਸੰਬੰਧੀ ਦਿੱਤੇ ਹਨ ਅਤੇ ਇਹ ਵੀ ਲਿਖਿਆ ਹੈ ਕਿ 'ਸੋ ਪੁਰਖ' ਦੇ ਸਿਰਲੇਖ ਹੇਠ ਚਾਰ ਸ਼ਬਦ ਵੀ ਨਿੱਤਨੇਮ ਦਾ ਅੰਗ ਬਣਾ ਕੇ ਬੀੜ ਦੇ ਪਹਿਲਾਂ ਲਿਖਵਾ ਦਿੱਤੇ। ਇਸ ਨੂੰ ਦਮਦਮੇ ਵਾਲੀ ਬੀੜ ਆਖਦੇ ਹਨ। ਇਹ ਬੀੜ, ਆਖਿਆ ਜਾਂਦਾ ਹੈ, ਅੰਤ ਤੀਕ ਗੁਰੂ ਸਾਹਿਬ (ਗੁਰੂ ਗੋਬਿੰਦ ਸਿੰਘ) ਦੇ ਨਾਲ ਰਹੀ ਤੇ ਗੁਰੂ ਪਦਵੀ ਇਸੇ ਨੂੰ ਬਖ਼ਸ਼ੀ ਗਈ।[7] ਇਸ ਤਰ੍ਹਾਂ ਦੀਆਂ ਭ੍ਰਮਿਤ ਧਾਰਨਾਵਾਂ ਜ਼ਰੂਰ ਮਿਲਦੀਆਂ ਹਨ ਪਰੰਤੂ ਇਤਿਹਾਸਕ ਤੱਥਾਂ ਦੀ ਰੌਸ਼ਨੀ ਵਿਚ ਇਹ ਮਨੌਤ ਨੂੰ ਮੰਨਣਾ ਵਧੇਰੇ ਤਰਕਸੰਗਤ ਪ੍ਰਤੀਤ ਨਹੀਂ ਹੁੰਦਾ। ਪੰਜਾਬੀ ਚਿੰਤਨ ਦਾ ਵੱਡਾ ਹਿੱਸਾ ਇਸ ਬਾਣੀ ਨੂੰ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਹੀ ਸਵੀਕਾਰ ਕਰਦਾ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਤੱਕ ਪਹੁੰਚਦਿਆਂ ਗੁਰਮਤਿ ਪਰੰਪਰਾ, ਗੁਰਮਤਿ ਦਰਸ਼ਨ ਅਤੇ ਵਿਚਾਰਧਾਰਾ ਆਪਣੇ ਆਪ ਨੂੰ ਇਕ ਸੁਤੰਤਰ ਜੀਵਨ ਦ੍ਰਿਸ਼ਟੀਕੋਣ ਵਜੋਂ ਸਥਾਪਤ ਕਰ ਲੈਂਦੀ ਹੈ। ਇਹ ਦ੍ਰਿਸ਼ਟੀਕੋਣ ਧਾਰਮਿਕ ਚੇਤਨਾ ਦੀ ਹੋਂਦ ਵਿਧੀ ਰਾਹੀਂ ਆਪਣੇ ਯੁੱਗ ਵਿਚ ਅਜਿਹੀ ਦਾਰਸ਼ਨਿਕ ਪਰੰਪਰਾ ਦਾ ਉਦੈ ਕਰਦੀ ਹੈ ਜਿਹੜੀ ਸਮਾਜ ਸਾਪੇਖ ਹੈ। ਗੁਰੂ ਅਰਜਨ ਦੇਵ ਜੀ ਦੁਆਰਾ 1604-05 ਵਿਚ ਆਦਿ ਗ੍ਰੰਥ ਦੀ ਸਥਾਪਨਾ ਇਕ ਇਤਿਹਾਸਕ ਅਤੇ ਮਹੱਤਵਪੂਰਨ ਘਟਨਾ ਹੈ ਜਿਸ ਨੇ ਦਰਸ਼ਨ ਨੂੰ ਵਿਧੀਵਤ ਰੂਪ ਪ੍ਰਦਾਨ ਕੀਤਾ। ਧਾਰਮਿਕ ਚੇਤਨਾ ਦੀ ਹੋਂਦ ਵਿਧੀ ਨਾਲ ਜੁੜੀਆਂ ਲੋਕ ਹਿੱਤੀ ਵਿਚਾਰਾਂ ਦੀਆਂ ਪ੍ਰਣਾਲੀਆਂ ਨੂੰ ਸਮੁੱਚੇ ਹਿੰਦੁਸਤਾਨ ਦੀ ਪਰੰਪਰਾ ਵਿਚੋਂ ਤਲਾਸ਼ ਕੇ ਉਨ੍ਹਾਂ ਦੀ ਅੰਤਰੀਵੀ ਇਕਸੁਰਤਾ ਅਤੇ ਇਕ ਦ੍ਰਿਸ਼ਟੀ ਨੂੰ ਸਿਰਜਣਾ ਆਪਣੇ ਆਪ ਵਿਚ ਹੀ ਇਤਿਹਾਸਕ ਮਹੱਤਤਾ ਵਾਲਾ ਕੰਮ ਸੀ। ਗੁਰੂ ਗੋਬਿੰਦ ਸਿੰਘ ਨੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਸ਼ਾਮਲ ਕਰਕੇ ਜਿਥੇ ਆਦਿ ਗ੍ਰੰਥ ਨੂੰ ਵਿਸਤਾਰਿਆ ਉਥੇ 'ਗੁਰੂ' ਦੀ ਉਪਾਧੀ ਦੇ ਕੇ ਸ਼ਬਦ ਨੂੰ ਮਨੁੱਖੀ ਮੁਕਤੀ ਦੇ ਪ੍ਰਵਚਨ ਵਜੋਂ ਵੀ ਸਥਾਪਤ ਕੀਤਾ। ਇਉਂ ਗੁਰੂ ਗ੍ਰੰਥ ਸਾਹਿਬ ਇਕ ਜੀਵਨ-ਦ੍ਰਿਸ਼ਟੀਕੋਣ ਅਤੇ ਵਿਚਾਰਧਾਰਕ ਸ਼ਾਸਤਰ ਵਜੋਂ ਪ੍ਰਪੱਕ ਕਰ ਦਿੱਤਾ।

ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਹੁਣ ਤੱਕ ਬਹੁਤ ਵਿਭਿੰਨਤਾ ਅਤੇ ਵੰਨ-ਸੁਵੰਨਤਾ ਵਾਲਾ ਹੈ। ਟੀਕਿਆਂ, ਪ੍ਰਮਾਰਥਾਂ ਤੋਂ ਆਰੰਭ ਹੋ ਕੇ ਆਧੁਨਿਕ ਚਿੰਤਨ ਪ੍ਰਣਾਲੀਆਂ ਤੱਕ ਫੈਲਿਆ ਇਹ ਅਧਿਐਨ ਸ਼ਰਧਾ ਸਥਿਤੀ ਵਾਲਾ ਵੀ ਹੈ ਅਤੇ ਤਾਰਕਿਕ ਸਥਿਤੀ ਵਾਲਾ ਵੀ ਹੈ। ਇਸ ਸਮੁੱਚੇ ਚਿੰਤਨ ਵਿਚ ਇਹ ਗੱਲ ਸਵੀਕਾਰੀ ਜਾਂਦੀ ਹੈ ਕਿ ਬਾਣੀ ਜਿਥੇ ਇਕ

ਜੀਵਨ ਦ੍ਰਿਸ਼ਟਕੋਣ ਹੈ, ਉਥੇ ਇਹ ਉੱਚ ਪਾਏ ਦੇ ਕਾਵਿਕ ਗੁਣਾਂ ਵਾਲੀ ਸਿਰਜਣਾ ਵੀ ਹੈ। ਸੋਚ ਵਿਧੀ (Mode of Thinking) ਦੇ ਨਜ਼ਰੀਏ ਤੋਂ ਬ੍ਰਹਮ ਅਤੇ ਜੀਵ, ਬ੍ਰਹਿਮੰਡ ਦੇ ਰਹੱਸਾਂ ਨਾਲ ਸੰਬੰਧਿਤ ਹੋਣ ਕਰਕੇ ਇਸ ਨੂੰ ਅਧਿਆਤਮਕ ਅਤੇ ਰਹੱਸਵਾਦੀ ਕਿਹਾ ਜਾਂਦਾ ਹੈ। ਇਸ ਅਧਿਆਤਮਕਤਾ ਨੂੰ ਅਮੂਰਤ ਰੂਪ 'ਚ ਸਵੀਕਾਰ ਕਰਨਾ ਸਾਡੇ ਜ਼ਿਆਦਾ ਚਿੰਤਨ ਦੀ ਜਾਣੀ ਪਛਾਣੀ ਜੁਗਤ ਹੈ। ਸੁਆਲਾਂ ਦਾ ਸੁਆਲ ਪੈਦਾ ਹੋ ਜਾਂਦਾ ਹੈ ਕਿ ਜੇਕਰ ਬਾਣੀ ਜੀਵਨ ਦ੍ਰਿਸ਼ਟੀਕੋਣ ਹੈ ਤਾਂ ਉਸਦੀ ਅਧਿਆਤਮਕਤਾ ਅਮੂਰਤ ਕਿਵੇਂ ਹੋ ਸਕਦੀ ਹੈ? ਦੂਸਰਾ, ਕੀ ਅਧਿਆਤਮਕਤਾ ਇਕ ਸਮਾਜਕਤਾ ਉਤਪੰਨ ਕਰਦੀ ਹੈ। ਇਸੇ ਸਮਾਜਕਤਾ ਦੇ ਡੂੰਘੇ ਦਾਰਸ਼ਨਿਕ ਅਰਥ ਹਨ ਜਿਨ੍ਹਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਨੂੰ ਸਮਝ ਕੇ ਹੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਸਮਝਿਆ ਜਾ ਸਕਦਾ ਹੈ। ਨਹੀਂ ਤਾਂ ਉਸਨੂੰ ਵੈਰਾਗ ਦੇ ਸੰਕਲਪ ਤੱਕ ਮਹਿਦੂਦ ਕਰ ਦਿੱਤਾ ਜਾਣ ਸੁਭਾਵਕ ਬਣ ਜਾਂਦਾ ਹੈ।

ਅਧਿਆਤਮਕਤਾ ਦੀ ਆਪਣੀ ਸਮਾਜਕਤਾ ਹੁੰਦੀ ਹੈ ਜਿਹੜੀ ਮਨੁੱਖੀ ਅੰਤਰਮਨ ਵਿਚ ਉਹ ਬੀਜ ਬੀਜਦੀ ਹੈ ਜਿਸ ਦੇ ਅਰਥ ਰਾਜਨੀਤਕ ਅਤੇ ਵਿਚਾਰਧਾਰਕ ਹੁੰਦੇ ਹਨ। ਅਧਿਆਤਮਕਤਾ ਮੱਧ ਯੁੱਗ ਵਿਚ ਮਨੁੱਖੀ ਚੇਤਨਾ ਨੂੰ ਸੁਲਾਉਣ ਦਾ ਕੰਮ ਹੀ ਨਹੀਂ ਕਰਦੀ ਬਾਣੀ ਦੇ ਰੂਪ ਵਿਚ ਮਨੁੱਖੀ ਚੇਤਨਾ ਨੂੰ ਰੇਤਣ ਦਾ ਕੰਮ ਵੀ ਕਰਦੀ ਹੈ। ਅਧਿਆਤਮਕਤਾ ਮਨੁੱਖ ਨੂੰ ਅਜਿਹੇ ਸੰਸਾਰ ਤੋਂ ਸੁਚੇਤ ਕਰਦੀ ਹੈ ਜੋ ਉਸਨੂੰ ਅਮਾਨਵ ਬਣਾਉਂਦਾ ਹੈ ਅਤੇ ਉਸਦੇ ਸਮਾਨਾਂਤਰ ਅਜਿਹੀਆਂ ਕਦਰਾਂ-ਕੀਮਤਾਂ ਦੀ ਸਿਰਜਣਾ ਕਰਦੀ ਹੈ ਜਿਹੜੀਆਂ ਉਸ ਨੂੰ ਮਾਨਵ ਬਣਾਉਣ ਲਈ ਕਿਰਿਆਸ਼ੀਲ ਹੁੰਦੀਆਂ ਹਨ। ਗੁਰਬਾਣੀ ਮੱਧ ਯੁੱਗ ਵਿਚ ਧਾਰਮਿਕ ਚੇਤਨਾ ਦੀ ਹੋਂਦ ਵਿਧੀ ਦੇ ਬਾਵਜੂਦ ਅਜਿਹੀ ਸਮਾਜਕ ਵਸਤੂ ਸਿਰਜਦੀ ਹੈ ਜੋ ਉਸ ਯੁੱਗ ਦੇ ਨਿਹੱਥੇ, ਨਿਮਾਣੇ ਨਿਤਾਣੇ ਅਤੇ ਦੱਬੇ-ਦਰੜੇ ਮਨੁੱਖ ਨੂੰ ਜੀਵਨ ਲਈ ਇਕ ਰਸਤਾ ਦਿੰਦੀ ਹੈ। ਇਸ ਦੀ ਚਰਚਾ ਕਰਨ ਤੋਂ ਪਹਿਲਾਂ ਡਾ. ਤਰਲੋਕ ਸਿੰਘ ਕੰਵਰ ਦੀ ਗੁਰੂ ਨਾਨਕ ਬਾਣੀ ਦੇ ਪ੍ਰਸੰਗ ਵਿਚ ਕੀਤੀ ਗਈ ਚਰਚਾ ਦੇਖਣੀ ਬਣਦੀ ਹੈ, "ਗੁਰੂ ਨਾਨਕ ਆਪਣੀ ਬ੍ਰਹਮ ਬਾਣੀ ਦੁਆਰਾ ਨੀਵਿਆਂ, ਨਿਤਾਣਿਆਂ ਲਈ ਇਕ ਸ਼ਰਨਭੂਮੀ ਬਣਾ ਦਿੰਦੇ ਹਨ। ਇਸ ਸ਼ਰਨਭੂਮੀ ਵਿਚ ਆ ਕੇ ਨੀਵੇਂ ਨਿਤਾਣੇ ਸਾਮੰਤਵਾਦੀ ਹਿੰਸਾ ਦਾ ਮੁਕਾਬਲਾ ਕਰਨ ਲਈ ਤੱਤਪਰ ਹੋ ਜਾਂਦੇ ਹਨ। ...ਗੁਰੂ ਨਾਨਕ ਦੇਵ ਆਪਣੀ ਸਾਰੀ ਅਧਿਆਤਮਕਤਾ ਰਾਹੀਂ ਇਸ ਤਰ੍ਹਾਂ ਦੇ ਪ੍ਰਸ਼ਾਸ਼ਨੀ ਕਬਜ਼ੇ ਪ੍ਰਤੀ ਸ਼ਕਤੀ ਵਿਹੀਨ ਮਾਨਵ ਵਰਗ ਨੂੰ ਚੇਤੰਨ ਕਰਦੇ ਹਨ।"[8] ਡਾ. ਤਰਲੋਕ ਸਿੰਘ ਕੰਵਰ ਦਾ ਇਹ ਸੰਕੇਤ ਬਹੁਤ ਮਹੱਤਵਪੂਰਨ ਹੈ ਕਿਉਂਕਿ ਗੁਰੂ ਸਾਹਿਬ ਦੀ ਬ੍ਰਹਮ ਬਾਣੀ ਮੱਧਕਾਲ ਵਿਚ ਰੱਬ ਵਿਹੂਣੇ ਮਨੁੱਖ ਨੂੰ ਰੱਬ ਦਾ ਵਿਸ਼ਵਾਸ ਦਿੰਦੀ ਹੈ। ਭਾਰਤੀ ਸਮਾਜ ਦੀ ਜਾਤ-ਪਾਤ ਸੰਰਚਨਾ ਇਹੋ ਦੱਸ ਪਾਉਂਦੀ ਹੈ ਕਿ ਬ੍ਰਹਮ ਨਾਲ ਜੁੜਿਆ ਕੰਮ ਇਕ ਵਿਸ਼ੇਸ਼ ਜਾਤੀ ਦੀ ਮਲਕੀਅਤ ਸੀ। ਕੁਝ ਵਰਗਾਂ ਨੂੰ ਤਾਂ ਬ੍ਰਹਮ ਦਾ ਨਾਮ ਲੈਣਾ ਹੀ ਮਨ੍ਹਾ ਸੀ। ਅਜਿਹੇ ਸ਼ਕਤੀ ਵਿਹੀਣ, ਸਾਧਨ ਵਿਹੀਣ ਅਤੇ ਰੱਬ ਵਿਹੀਣ ਮਨੁੱਖ ਨੂੰ ਰੱਬੀ ਸੰਕਲਪ ਅਤੇ ਰੱਬੀ ਵਿਸ਼ਵਾਸ ਦੇਣਾ ਉਸ ਸਮੇਂ ਦਾ ਬਹੁਤ ਵੱਡਾ ਸਮਾਜਕ ਕਰਮ ਸੀ। ਇਸ ਕਰਕੇ ਬਾਣੀ ਨੂੰ ਅਮੂਰਤ ਅਧਿਆਤਮਕਤਾ ਦੀ ਥਾਵੇਂ ਸਮੂਰਤ ਅਧਿਆਤਮਕ ਪ੍ਰਵਚਨ ਵਜੋਂ ਪੜ੍ਹਨਾ ਬਣਦਾ ਹੈ।

ਇਸ ਪ੍ਰਸੰਗ ਵਿਚ ਇਕ ਹੋਰ ਮਸਲਾ ਬਹੁਤ ਵੱਡਾ ਹੈ ਜਿਸ ਨੂੰ ਸਮਝਣਾ ਜ਼ਰੂਰੀ ਹੈ। ਉਹ ਹੈ ਕਿ ਆਪਣੇ ਯੁੱਗ ਦਾ ਸਥਾਪਤੀ ਵਰਗ ਮਹਿਜ਼ ਸਮਾਜ ਉੱਪਰ ਸੱਤਾ ਦੇ ਰੂਪ ਵਿਚ ਹੀ ਕਾਬਜ਼ ਨਹੀਂ ਹੁੰਦਾ ਸਗੋਂ ਅਜਿਹੀ ਸਮਾਜਕਤਾ ਵੀ ਸਿਰਜਦਾ ਹੈ ਜੋ ਸੱਤਾਧਾਰੀ ਵਰਗ ਦੀ ਆਪਣੀ ਹੁੰਦੀ ਹੈ। ਸੱਤਾਧਾਰੀ ਵਰਗ ਉਸ ਸਮਾਜਕ ਵਿਧੀ ਵਿਧਾਨ, ਰਸਮਾਂ, ਰਵਾਇਤਾਂ ਅਤੇ ਪ੍ਰਤੀਮਾਨਾਂ ਨੂੰ ਸਮੁੱਚੀ ਮਨੁੱਖ ਜਾਤੀ ਵਿਚ ਫੈਲਾ ਦੇਣੀ ਚਾਹੁੰਦਾ ਹੈ ਤਾਂ ਜੋ ਸੱਤਾਧਾਰੀ ਵਰਗ ਦੀ ਸਿਆਸਤ ਮਨੁੱਖੀ ਅਵਚੇਤਨ ਦਾ ਅੰਗ ਬਣ ਕੇ ਉਸਦਾ ਸਭਿਆਚਾਰ ਅਤੇ ਜੀਵਨ ਸ਼ੈਲੀ ਬਣ ਜਾਵੇ। ਜਦੋਂ ਸੱਤਾਧਾਰੀ ਵਰਗ ਸਮਾਜਕ ਰਵਾਇਤਾਂ ਰਾਹੀਂ ਮਨੁੱਖੀ ਅਵਚੇਤਨ ਬਣ ਕੇ ਉਸਦਾ ਸਭਿਆਚਾਰ ਅਤੇ ਜੀਵਨ ਸ਼ੈਲੀ ਬਣ ਜਾਵੇ। ਜਦੋਂ ਸੱਤਾਧਾਰੀ ਵਰਗ ਸਮਾਜਕ ਰਵਾਇਤਾਂ ਰਾਹੀਂ ਮਨੁੱਖੀ ਅਵਚੇਤਨ ਬਣ ਜਾਂਦਾ ਹੈ ਤਾਂ ਮਨੁੱਖ ਸੁਚੇਤ ਹੁੰਦਿਆਂ ਹੋਇਆਂ ਵੀ ਅਵਚੇਤਨ ਦੀ ਪੱਧਰ ਉੱਤੇ ਗ਼ੁਲਾਮ ਹੁੰਦਾ ਹੈ। ਇਸ ਲਈ ਮੱਧਯੁੱਗ ਦੀ ਸਮਾਜਕਤਾ ਜਿਸਨੂੰ ਸੱਤਾਧਾਰੀ ਵਰਗ ਨੇ ਸਥਾਪਤ ਕਰ ਦਿੱਤਾ ਹੈ, ਉਸ ਨੂੰ ਗੁਰਬਾਣੀ ਵਿਸ਼ੇ ਵਿਕਾਰਾਂ ਦੇ ਰੂਪ ਵਿਚ ਚਿਤਵਦੀ ਹੀ ਨਹੀਂ ਸਗੋਂ ਰੱਦ ਕਰਦੀ ਹੈ ਅਤੇ ਮਨੁੱਖ ਹਿਤੈਸ਼ੀ ਸਮਾਜਕਤਾ ਉਤਪੰਨ ਕਰਦੀ ਹੈ। ਇਸ ਕਰਕੇ ਵਿਸ਼ੇ ਵਿਕਾਰਾਂ ਨੂੰ ਸਮਾਜ ਨਿਰਲੇਪਤਾ 'ਚੋਂ ਨਹੀਂ ਸਗੋਂ ਸਮਾਜ-ਸਾਪੇਖਤਾ, ਇਤਿਹਾਸਕ ਪ੍ਰਸੰਗ, ਵਿਚਾਰਧਾਰਕ ਚੇਤਨਾ ਵਿਚੋਂ ਜਾਨਣ ਦੀ ਜ਼ਰੂਰਤ ਹੈ। ਇਸ ਦਾ ਸੂਖ਼ਮ ਵਿਸ਼ਲੇਸ਼ਣ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਪ੍ਰਯਾਪਤ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਤੱਕ ਪਹੁੰਚਦਿਆਂ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਗੁਰੂ ਤੇਗ਼ ਬਹਾਦਰ ਸਥਾਪਤ ਕੀਤੀ ਬਾਣੀ ਪਰੰਪਰਾ ਨੂੰ ਵਿਸਤਾਰ ਰਹੇ ਹਨ। ਇਸ ਵਿਸਤਾਰ ਦਾ ਵਿਚਾਰਧਾਰਕ ਪ੍ਰਸੰਗ ਸਮੁੱਚੀ ਬਾਣੀ ਤੋਂ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ। ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਵਾਸ਼ਨਾਵਾਂ, ਭੋਗ ਅਤੇ ਲੋਭ ਦਾ

ਵਿਚਾਰਧਾਰਕ ਪ੍ਰਸੰਗ ਬਹੁਤ ਮਹੱਤਤਾ ਵਾਲਾ ਹੈ ਕਿਉਂਕਿ ਇਹ ਵਾਸ਼ਨਾਵਾਂ, ਭੋਗ ਅਤੇ ਲੋਭ ਸਥਾਪਤੀ ਅਤੇ ਸੱਤਾ ਨੇ ਸਮੁੱਚੀ ਸਮਾਜਕਤਾ ਵਿਚ ਫੈਲਾ ਕੇ ਮਨੁੱਖ ਨੂੰ ਮਨੁੱਖ ਨਹੀਂ ਬਣਨ ਦਿੱਤਾ ਸਗੋਂ ਭੋਗੀ, ਲੋਭੀ, ਕਾਮੀ ਆਦਿ ਬਣਾ ਕੇ ਉਸ ਅੰਦਰੋਂ ਮਨੁੱਖੀ ਗੁਣਾ ਨੂੰ ਖਾਰਜ ਕਰ ਦਿੱਤਾ ਹੈ। ਮਨੁੱਖ ਇਨ੍ਹਾਂ ਦੀ ਪ੍ਰਾਪਤੀ ਲਈ ਭਟਕ ਗਿਆ ਹੈ। ਉਸਦੀ ਜ਼ਿੰਦਗੀ ਜਿਉਣ ਦੇ ਮਾਧਿਅਮ ਜ਼ਿੰਦਗੀ ਦਾ ਮੰਤਵ ਬਣਾ ਦਿੱਤੇ ਹਨ ਜਿਸ ਕਰਕੇ ਉਹ ਇਨ੍ਹਾਂ ਦੀ ਪ੍ਰਾਪਤੀ ਲਈ ਸਦਾਚਾਰਕਤਾ ਛੱਡ ਕੇ ਆਚਰਣਹੀਣ ਹੋ ਗਿਆ ਹੈ। ਇਸ ਆਚਰਣਹੀਣਤਾ ਨੇ ਮਨੁੱਖ ਨੂੰ ਅਮਾਨਵ (Dehumanised) ਬਣਾ ਦਿੱਤਾ ਹੈ। ਇਸ ਅਮਾਨਵੀਕਰਨ ਦੀ ਪ੍ਰਕਿਰਿਆ ਤੋਂ ਮੋੜ ਕੇ ਮਨੁੱਖ ਨੂੰ ਮਨੁੱਖ (Humanised) ਬਣਾਉਣਾ ਗੁਰਬਾਣੀ ਦਾ ਪਰਮ ਲਕਸ਼ ਹੈ। ਗੁਰੂ ਤੇਗ਼ ਬਹਾਦਰ ਦੀ ਬਾਣੀ ਸੂਖ਼ਮ ਰੂਪ ਵਿਚ ਇਹ ਵਿਚਾਰਧਾਰਕ ਕਾਰਜ ਕਰ ਰਹੀ ਹੈ। ਗੁਰੂ ਤੇਗ਼ ਬਹਾਦਰ ਜੀ ਅਨੁਸਾਰ ਮਨੁੱਖ ਦਾ ਜਨਮ ਬਿਰਥਾ ਜਾਂਦਾ ਹੀ ਤਾਂ ਹੈ ਕਿ ਸੱਤਾਧਾਰੀ ਸਮਾਜਕਤਾ ਦੀ ਦੁਰਮਤਿ ਵਿਚ ਫਸ ਕੇ ਭਟਕ ਗਿਆ ਹੈ। ਮਨੁੱਖ ਭੋਗੀ ਸਮਾਜਕਤਾ ਦਾ ਸ਼ਿਕਾਰ ਹੋ ਕੇ ਕੁਮਤਿ ਦੇ ਰਸਤੇ ਉੱਪਰ ਅੰਨ੍ਹੀ ਦੌੜ ਦਾ ਪਾਂਧੀ ਬਣ ਗਿਆ ਹੈ। ਇਸ ਕੁਮਤਿ ਨੇ ਮਨੁੱਖ 'ਚੋਂ ਮਨੁੱਖਤਾ ਖਾਰਜ ਕਰ ਦਿੱਤੀ ਹੈ। ਇਸ ਲਈ ਗੁਰੂ ਸਾਹਿਬ ਮਨੁੱਖ ਨੂੰ ਮਾਨਵੀਕਰਨ ਦੀ ਪ੍ਰਕਿਰਿਆ ਵਿਚ ਸੁਮਤਿ/ਗੁਰਮਤਿ ਦੇ ਰਸਤੇ ਦਾ ਗਿਆਨ ਦਿੰਦੇ ਹਨ। ਗੁਰੂ ਤੇਗ਼ ਬਹਾਦਰ ਜੀ ਦੇ ਬਹੁਤੇ ਸ਼ਬਦ ਇਸ ਵਿਚਾਰਧਾਰਕ ਪ੍ਰਸੰਗ ਨੂੰ ਦ੍ਰਿੜ ਕਰਦੇ ਹਨ:-

ਮਨ ਰੇ ਕਹਾ ਭਇਓ ਹੈ ਬਉਰਾ
ਅਹਿਨਿਸ ਅਉਧ ਘਟੇ ਨਹੀ ਜਾਨੈ
ਭਇਓ ਲੋਭ ਸੰਗ ਹਉਰਾ ॥੧॥ ਰਹਾਉ ॥
ਜੋ ਤਨੁ ਤੈ ਅਪਨੋ ਕਰਿ ਮਾਨਿਉ
ਅਰ ਸੁੰਦਰ ਗ੍ਰਿਹ ਨਾਰੀ ॥
ਇਨ ਮੈ ਕਛੁ ਤੇਰੋ ਰੇ ਨਾਹਿਨ
ਦੇਖੋ ਸੋਚ ਬਿਚਾਰੀ ॥੨॥[9]

ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ
ਤਾ ਤੇ ਅਹਿਨਸ ਭਾਗਉ ॥੨॥ ਰਹਾਉ ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ
ਆਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੇ ਅਤੀਤਾ
ਤਿਨਿ ਜਗਿ ਤਤੁ ਪਛਾਨਾ ॥੨॥
ਉਸ ਤਤਿ ਨਿੰਦਾ ਦੋਊ ਤਿਆਗੈ
ਖੋਜੈ ਪਦੁ ਨਿਰਬਾਨਾ
ਜਨੁ ਨਾਨਕ ਕਿਹੁ ਖੇਲੁ ਕਠੁਨ ਹੈ
ਕਿਨਹੂ ਗੁਰਮੁਖਿ ਜਾਨਾ ॥੨॥[10]

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਮਨੁੱਖੀ ਦੇਹ ਕੇਂਦਰ ਬਿੰਦੂ ਹੈ। ਇਹ ਦੇਹ ਅਨਮੋਲ ਜੀਵਨ ਦੀ ਲਖਾਇਕ ਹੈ। ਇਹ ਸਿਰਫ਼ ਉਪਭੋਗਤਾ ਖਾਤਰ ਹੀ ਨਹੀਂ ਬਣੀ ਹੈ। ਇਹ ਦੇਹ ਮਨੁੱਖੀ ਜੀਵਨ ਦੇ ਸਤ (Human Essence) ਅਤੇ ਸਤਿ (Humanity) ਦੇ ਸਦਗੁਣਾਂ ਦੀ ਤਲਾਸ਼ ਅਤੇ ਉਨ੍ਹਾਂ ਨੂੰ ਮਨੁੱਖੀ ਵਿਹਾਰ ਦਾ ਅਟੁੱਟ ਅੰਗ ਬਣਾ ਕੇ ਇਕ ਮਾਨਵੀਕ੍ਰਿਤ ਸਮਾਜ ਬਣਾਉਣ ਲਈ ਬਣੀ ਹੈ। ਜਿਸ ਸਮਾਜ ਵਿਚ ਕੁਦਰਤ ਦਾ ਹਰ ਬਸ਼ਰ ਸੁਤੰਤਰ ਅਤੇ ਮਾਨਵੀ ਜੀਵਨ ਜਿਉਂ ਸਕੇ। ਇਸ ਅਨਮੋਲ ਦੇਹ ਨੂੰ ਮਨੁੱਖ ਮਾਇਆਧਾਰੀ ਜੀਵਨ ਸ਼ੈਲੀ ਤੋਂ ਮੁਕਤ ਕਰਕੇ ਹੀ ਨਿਰਵਾਣ ਪ੍ਰਾਪਤੀ ਤੱਕ ਪਹੁੰਚਾ ਸਕਦਾ ਹੈ। ਇਥੇ ਹੀ ਗੁਰੂ ਤੇਗ਼ ਬਹਾਦਰ ਜੀ ਦੇ ਵਿਚਾਰਧਾਰਕ ਅਰਥ ਸਥਿਤ ਹਨ ਕਿ ਮਨੁੱਖੀ ਦੇਹ ਸੱਤਾਧਾਰੀ ਸਮਾਜਕਤਾ ਵਿਚ ਫਸੀ ਵਿਸ਼ੇ ਵਿਕਾਰਾਂ ਦੀ ਗ੍ਰਿਫ਼ਤ ਵਿਚ ਅਕਾਰਨ ਹੀ ਆਪਣੇ ਆਪ ਨੂੰ ਅੰਜਾਈ ਬਰਬਾਦ ਕਰ ਰਹੀ ਹੈ। ਇਹ ਵਿਸ਼ੇ ਵਿਕਾਰ ਸੱਤਾਧਾਰੀ ਸਮਾਜਕਤਾ ਹੈ ਜਿਹੜੀ ਮਨੁੱਖ ਦੇਹ ਨੂੰ ਉਪਭੋਗੀ ਬਣਾ ਕੇ ਮਨੁੱਖ ਨੂੰ ਮਾਨਵੀਕਰਨ ਤੋਂ ਵਿਛੁੰਨ ਦਿੰਦੀ ਹੈ। ਇਉਂ ਗੁਰੂ ਤੇਗ਼ ਬਹਾਦਰ ਜੀ ਮਨੁੱਖੀ ਦੇਹ ਦੇ ਸਾਰਥਕ ਮਾਨਦੰਡ ਭਗਤੀ, ਨਿਰਵਾਣ, ਗੁਰਮਤਿ, ਗਿਆਨ ਨੂੰ ਬਣਾ ਕੇ ਉਸ

ਮਨੁੱਖ ਦੀ ਸਮਾਜਕ ਅਤੇ ਵਿਚਾਰਧਾਰਕ ਪਰਿਭਾਸ਼ਾ ਸਿਰਜਦੇ ਹਨ ਜਿਹੜੀ ਸਮਾਜੀਕ੍ਰਿਤ (Socialised) ਅਤੇ ਮਾਨਵੀਕ੍ਰਿਤ (Humanised) ਹੈ। ਕੁਮਤਿ ਜੋ ਦੇਹ ਨੂੰ ਉਪਭੋਗੀ ਬਣਾਉਂਦੀ ਹੈ ਉਸ ਨੂੰ ਖ਼ਤਮ ਕਰਨ ਦਾ ਗੁਰਮੰਤਰ ਹੀ ਗੁਰਮਤਿ ਹੈ ਜੋ ਮਨੁੱਖੀ ਦੇਹ ਨੂੰ ਮਾਨਵਕਾਰੀ ਸਰੂਪ ਪ੍ਰਦਾਨ ਕਰਦੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਮਨੁੱਖੀ ਦੇਹ ਇਸੇ ਕਰਕੇ ਕੇਂਦਰ ਬਿੰਦੂ ਬਣਦੀ ਹੈ ਅਤੇ ਗੁਰਮਤਿ ਹੈ ਜੋ ਮਨੁੱਖੀ ਦੇਹ ਨੂੰ ਮਾਨਵਕਾਰੀ ਸਰੂਪ ਪ੍ਰਦਾਨ ਕਰਦੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਮਨੁੱਖੀ ਦੇਹ ਇਸੇ ਕਰਕੇ ਕੇਂਦਰ ਬਿੰਦੂ ਬਣਦੀ ਹੈ ਅਤੇ ਗੁਰਮਤਿ ਪਰੰਪਰਾ ਦੇ ਉਸ ਦਾਰਸ਼ਨਿਕ ਵਿਚਾਰ ਨੂੰ ਹੀ ਦ੍ਰਿੜ ਕਰਦੀ ਹੈ ਜਿਹੜਾ ਵਿਚਾਰ ਇਸ ਪਰੰਪਰਾ ਦਾ ਕੇਂਦਰੀ ਤੱਤ ਹੈ:-

ਬਿਰਥਾ ਕਹਉ ਕਉਨ ਸਿਉ ਮਨ ਕੀ।
ਲੋਭ ਗ੍ਰਸਿਓ ਦਸਹੁ ਇਸ ਧਾਵਤ ਆਸਾ ਲਾਗਿਓ ਧਨ ਕੀ ॥੧॥ ਰਹਾਉ ॥
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥੨॥
ਮਾਨਸ ਜਨਮ ਅਕਾਰਥ ਖੋਵਤ ਲਾਗ ਨਾ ਲੋਕ ਹਸਨ ਕੀ ॥
ਨਾਨਕ ਹਰੁ ਜਸੁ ਕਿਉ ਨਹ ਗਾਵਤ ਕੁਮਤਿ ਬਿਨਾਸੈ ਤਨ ਕੀ ॥੨॥[11]

ਗੁਰੂ ਤੇਗ਼ ਬਹਾਦਰ ਸਾਹਿਬ ਦਾ ਵਿਚਾਰਧਾਰਕ ਮਕਸਦ ਬਿਲਕੁਲ ਸਪੱਸ਼ਟ ਹੈ ਕਿ ਕੁਮਤਿ ਨੇ ਉਸ ਸਮੇਂ ਹੀ ਬਿਨਸਣਾ ਹੈ ਜਦੋਂ ਮਨੁੱਖ ਦਾ ਅਕੀਦਾ ਸੱਤਾਧਾਰੀ ਭੋਗਣਹਾਰ ਸਮਾਜੀ-ਸੰਸਾਰ ਦੀ ਥਾਵੇਂ ਉਸ ਸਮਾਜਕਤਾ ਨਾਲ ਪ੍ਰਤੀਬੱਧ ਹੋਣਾ ਹੈ ਜਿਹੜੀ ਮਾਨਵਕਾਰੀ ਹੋਣ ਕਰਕੇ ਨਿਰਵਾਣ ਪ੍ਰਾਪਤੀ ਲਈ ਬ੍ਰਹਮ ਕੇਂਦਰਿਤ ਬਣਦੀ ਹੈ। ਬ੍ਰਹਮ ਕੇਂਦਰਿਤ ਮਨੁੱਖ ਭੋਗਣਹਾਰ ਸੰਸਕ੍ਰਿਤੀ ਦੇ ਸਵਾਰਥੀ ਹਿੱਤਾਂ ਤੋਂ ਉੱਪਰ ਉੱਠ ਜਾਂਦਾ ਹੈ। ਭੋਗਣਹਾਰ ਮੋਹ ਮਾਇਆ ਦਾ ਤਿਆਗ ਸਮਾਜਕ ਤੌਰ ’ਤੇ ਮਨੁੱਖ ਨੂੰ ਨਿਸ਼ਕਿਰਿਆ ਕਰਨਾ ਨਹੀਂ ਸਗੋਂ ਸੱਤਾਧਾਰੀ ਵਰਗ ਵਲੋਂ ਦਿੱਤੀ ਗਈ ਸਮਾਜਕਤਾ ਦੀ ਗਹਿਨ ਸੋਝੀ ਕਰਵਾ ਕੇ ਉਸ ਤੋਂ ਮੁਕਤ ਕਰਨ ਦੀ ਚੇਤਨਾ ਹੈ। ਇਸੇ ਕਰਕੇ ਗੁਰਬਾਣੀ ਵੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵੀ ਮਨੁੱਖ ਨੂੰ ਦਿੱਤੀ ਗਈ ਸਮਾਜਕਤਾ ਪ੍ਰਤੀ ਸਜੱਗ ਕਰਦੀ ਹੈ ਕਿ ਮਨੁੱਖ ਨੇ ਜਿਸ ਦਿਖਦੇ ਸਮਾਜਕ ਸੱਚ ਨੂੰ ਸੱਚ ਸਵੀਕਾਰ ਕਰ ਲਿਆ, ਉਹ ਸੱਚ ਨਹੀਂ ਹੈ ਉਲਟਾ ਉਸ ਨੇ ਮਨੁੱਖੀ ਜੀਵਨ ਨੂੰ ਉਸਦੇ ਪਰਮ ਲਕਸ਼ ਤੋਂ ਵਿਛੁੰਨ ਦਿੱਤਾ ਹੈ। ਇਸ ਕਰਕੇ ਸਮੁੱਚੀ ਗੁਰਬਾਣੀ ਦਾ ਅਧਿਐਨ ਕਰਦਿਆਂ ਇਹ ਪਹਿਲੂ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿਉਂਕਿ ਪਰੰਪਰਾਗਤ ਵਿਆਖਿਆ ਪ੍ਰਣਾਲੀਆਂ ਇਸ ਗੰਭੀਰ ਮਸਲੇ ਨੂੰ ਪਦਾਰਥਕ ਮੋਹ ਮਾਇਆ ਤੋਂ ਤਿਆਗ ਦੇ ਅਨੁਵਾਨ ਹੇਠ ਬੰਨ ਕੇ ਸੁਰਖਰੂ ਹੋ ਜਾਂਦੀਆਂ ਹਨ। ਗੁਰਬਾਣੀ ਦੇ ਇਸ ਭਾਵ ਅਰਥ ਨੂੰ ਇਤਿਹਾਸਕ ਪਰਿਪੇਖ ਵਿਚ ਸਮਝਣ ਦੀ ਜ਼ਰੂਰਤ ਹੈ। ਇਸ ਪ੍ਰਸੰਗ ਵਿਚ ਡਾ. ਰਮੇਸ਼ ਕੁੰਤਲ ਮੇਘ ਨੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਠੀਕ ਕਿਹਾ ਹੈ ਕਿ ਇਸ ਤੋਂ ਮੁਕਤੀ ਦਾ ਇਕੋ ਇਕ ਉਪਾਅ ਭੌਤਿਕ ਮੋਹ ਮਾਇਆ ਤੋਂ ਛੁਟਕਾਰਾ ਪਾਉਣ ਵਿਚ ਅਤੇ ਸਹਜ-ਸੁਭਾਵਕ ਜੀਵਨ ਮੁੱਲਾਂ (ਸੱਤ, ਗਿਆਨ, ਹਰਿ ਪ੍ਰੀਤ, ਸਰਬਤ ਦਾ ਭਲਾ ਆਦਿ) ਦੀ ਪ੍ਰਾਪਤੀ ਵਿਚ ਵਿਦਮਾਨ ਹੈ। ਇਹੋ ਹੀ ਜੀਵਨ ਮੁਕਤੀ ਹੈ।[12] ਇਸ ਕਰਕੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਦੋਹਾਂ ਸਮਾਜਕਤਾ ਦੀ ਤੁਲਨਾ ਤਾਂ ਹੈ ਤਣਾਓ ਨਹੀਂ। ਤਣਾਓ ਹਮੇਸ਼ਾ ਵਿਰੋਧੀ ਟਕਰਾਵਾਂ ਵਿਚ ਹੁੰਦਾ ਹੈ। ਗੁਰੂ ਸਾਹਿਬ ਇਸੇ ਕਰਕੇ ਉਪਭੋਗੀ ਸੰਸਕ੍ਰਿਤੀ ਦੀ ਜੀਵਨ ਸ਼ੈਲੀ ਦਾ ਤਿਆਗ ਕਰਕੇ ਮਾਨਵੀਕ੍ਰਿਤ ਜੀਵਨ ਸ਼ੈਲੀ ਦੀ ਮਹੱਤਤਾ ਪ੍ਰਗਟ ਕਰ ਰਹੇ ਹਨ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਾਰਧਾਰਕ ਪ੍ਰਸੰਗ ਵਿਚ ਐਨੀ ਸਪੱਸ਼ਟ ਹੈ ਕਿ ਉਹ ਤਣਾਓ-ਮੁਕਤ ਹੈ, ਤਣਾਓ ਸਿਰਜਣ ਵਾਲੇ ਮਾਨਦੰਡਾਂ ਨੂੰ ਸਪੱਸ਼ਟ ਪਛਾਣ ਕੇ ਉਨ੍ਹਾਂ ਦੇ ਸਮਾਨਾਂਤਰ ਮਾਨਵੀ ਗੁਣ ਸੰਪੰਨ ਮੁੱਲ-ਵਿਧਾਨ ਵਾਲਾ ਪ੍ਰਵਚਨ ਸਿਰਜਦੀ ਹੈ:-

ਜਗਤ ਮਹਿ ਝੂਠੀ ਦੇਖੀ ਪ੍ਰੀਤਿ ਆਪਨੇ ਹੀ ਸੁਖ ਸਿਉ ਸਭ ਲਾਗੇ !
ਕਿਆ ਦਾਰਾ ਕਿਆ ਮੀਤ ॥੧॥ ਰਹਾਉ ॥
ਮੇਰੋ ਮੇਰੋ ਸਭੈ ਕਹਿਤ ਹੈ ਹਿਤ ਸਿਉ ਬਾਧਿਓ ਚੀਤ ॥
ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ ॥੧॥
ਮਨ ਮੂਰਖ ਅਜਹੁ ਨਹ ਸਮਝਤ ਸਿਖ ਦੈ ਹਾਰਿਓ ਨੀਤ ॥
ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥੨॥[13]

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਅਚਰਜ ਗੀਤ, ਮੂਰਖ ਮਨ ਦੀ ਸਮਾਜੀ ਹਕੀਕਤ ਨੂੰ ਨਾ ਸਮਝਣ ਦੀ ਚੇਤਨਾ ਨਾਲ ਸੰਬੰਧਿਤ ਹੈ। ਉਹ ਮੂਰਖ ਮਨ ਅਸਥਿਰ ਸੰਸਾਰ, ਬਾਂਦਰ ਦੀ ਪਰਛਾਈਂ ਜਗ ਦੀ ਰਚਨਾ ਨੂੰ ਸੱਚ ਸਵੀਕਾਰ ਕਰ ਚੁੱਕਾ ਹੈ।

ਜੋ ਜਗਤ ਦੁਆਰਾ ਵਿਹਾਰੀ ਵਿਸ਼ੇ ਵਿਕਾਰ ਰਚਿਤ ਕੀਤਾ ਗਿਆ ਹੈ, ਇਹ ਬਿਨਸਨਹਾਰ ਹੈ ਤੇ ਇਸ ਦੇ ਸਮਾਨਾਂਤਰ ਪ੍ਰਭ ਦੇ ਗੀਤ ਗਾਉਣ ਵਾਲਾ ਹੀ ਭਵਜਲ ਸਾਗਰ ਤੋਂ ਪਾਰ ਲੱਗੇਗਾ ਅਰਥਾਤ ਉਹ ਹੀ ਇਸ ਹਕੀਕਤ ਦੀ ਥਾਹ ਪਾ ਸਕੇਗਾ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਸਭ ਤੋਂ ਚਰਚਿਤ ਪ੍ਰਸੰਗ ਉਸਦੇ ਉਦਾਸਮਈ ਅਤੇ ਵੈਰਾਗ ਭਾਵਾਂ ਦਾ ਰਿਹਾ ਹੈ। ਨਿਰਸੰਦੇਹ ਗੁਰੂ ਤੇਗ਼ ਬਹਾਦਰ ਜੀ ਦਾ ਇਹ ਪ੍ਰਸੰਗ ਬਹੁਤ ਮਹੱਤਵਪੂਰਨ ਹੈ। ਇਸ ਪ੍ਰਸੰਗ ਦੀ ਇਤਿਹਾਸਕ ਅਤੇ ਦਾਰਸ਼ਨਿਕ ਪ੍ਰਸੰਗ ਵਿਚ ਚਰਚਾ ਕਰਨ ਤੋਂ ਪਹਿਲਾਂ ਡਾ. ਪਿਆਰ ਸਿੰਘ ਦਾ ਇਹ ਕਥਨ ਵਾਚ ਲੈਣਾ ਜ਼ਰੂਰੀ ਹੈ। "ਬਾਬਾ ਬਕਾਲਾ ਵਿਚ ਲੰਘੇ ਅਗਲੇ ਗਿਆਰਾਂ ਬਾਰਾਂ ਸਾਲ ਬੜੀ ਸਾਧਨਾ ਦੇ ਸਨ। ਇਸ ਵਿਚ ਆਪ ਨੇ 'ਗ੍ਰਿਹਿ ਮਹਿ ਉਦਾਸ' ਰਹਿੰਦਿਆਂ ਵੈਰਾਗਮਈ ਜੀਵਨ ਬਤੀਤ ਕੀਤਾ-ਅਜਿਹੇ ਵੈਰਾਗ ਦਾ ਜਿਸ ਦੀਆਂ ਤਲਖੀਆਂ ਤੋਂ ਭੈਭੀਤ ਹੋ ਕੇ ਸੰਸਾਰ ਤਿਆਗ ਜਾਣ ਦਾ ਨਹੀਂ ਸੀ, ਸਗੋਂ ਇਸ ਪੰਚ ਭੌਤਿਕ ਸੰਸਾਰ ਵਿਚ ਵਿਚਰਦਿਆਂ ਹੋਇਆ ਅਜਿਹੀ ਅਵਸਥਾ ਪੈਦਾ ਕਰਨਾ ਸੀ, ਜਿਸ ਵਿਚ ਨਾ ਸੁਖ ਦੀ ਲਾਲਸਾ ਸੀ ਤੇ ਨਾ ਦੁੱਖ ਦਾ ਭੈਅ। ਇਹ ਵੈਰਾਗ ਅਪਾਰ ਆਤਮਿਕ ਬਲ ਦੀ ਖਾਣ ਸੀ ਜਿਸ ਵਿਚੋਂ ਲੰਘਿਆ ਮਨੁੱਖ ਕਿਸੇ ਵਕਤ ਕਿਸੇ ਦੇ ਸਿਰ ਆਪਣਾ ਠੀਕਰਾ ਫੋੜ ਸਕਦਾ ਸੀ ਤੇ ਕਹਿ ਸਕਦਾ ਸੀ ਕਿ ਮੈਂ ਨਾ ਕਿਸੇ ਨੂੰ ਭੈ ਦੇਂਦਾ ਹਾਂ ਤੇ ਨਾ ਕਿਸੇ ਦਾ ਭੈ ਮੰਨਦਾ ਹਾਂ।"[14] ਡਾ. ਪਿਆਰਾ ਸਿੰਘ ਦਾ ਕਹਿਣਾ ਕਿ ਗੁਰੂ ਤੇਗ਼ ਬਹਾਦਰ ਜੀ ਦੇ ਗੁਰੂਤਵ ਪ੍ਰਾਪਤ ਕਰਨ ਤੋਂ ਪਹਿਲਾਂ ਦਾ ਭਗਤੀ ਜੀਵਨ ਤਲਖੀਆਂ ਤੋਂ ਭੈਭੀਤ ਹੋਣਾ ਨਹੀਂ ਸੀ ਸਗੋਂ ਸਮਾਜੀ ਹਕੀਕਤਾਂ ਨੂੰ ਪ੍ਰਵਾਨ ਕਰਕੇ ਅਜਿਹੀ ਮਾਨਸਿਕ ਅਵਸਥਾ ਪ੍ਰਾਪਤ ਕਰਨਾ ਸੀ ਜੋ ਗੁਰਮਤਿ ਦਰਸ਼ਨ ਦੀ ਮੂਲ ਦ੍ਰਿਸ਼ਟੀ ਸੀ, ਪ੍ਰਮਾਤਮਾ ਦੀ ਰਜ਼ਾ ਵਾਲੀ। ਇਹ ਉਹ ਦ੍ਰਿਸ਼ਟੀ ਹੈ ਜਿਹੜੀ ਦੁੱਖ-ਸੁੱਖ ਨੂੰ ਸਮ ਕਰ ਜਾਨਣ ਲਈ ਪ੍ਰੇਰਿਤ ਕਰਦੀ ਹੈ। ਇਹੋ ਮਨੁੱਖੀ ਜੀਵਨ ਤੇ ਵਿਹਾਰ ਦੀ ਨਾਸ਼ਮਾਨਤਾ ਨੂੰ ਦ੍ਰਿੜ ਕਰਦੀ ਹੈ। ਇਹ ਵਿਚਾਰ ਜਿੰਨੀ ਸ਼ਿੱਦਤ ਅਤੇ ਸੰਵੇਦਨਾ ਨਾਲ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਪੇਸ਼ ਹੋਏ ਹਨ, ਉਨ੍ਹਾਂ ਦੀ ਮਿਸਾਲ ਬੜੀ ਦੁਰਲੱਭ ਹੈ। ਦੂਸਰਾ, ਸਾਡਾ ਪਰੰਪਰਕ ਚਿੰਤਨ ਗੁਰੂ ਤੇਗ਼ ਬਹਾਦਰ ਜੀ ਦੇ ਇਨ੍ਹਾਂ ਵੈਰਾਗਮਈ ਸ਼ਲੋਕਾਂ ਨੂੰ ਭਾਵਾਂ ਦੇ ਰੂਪ ਵਿਚ ਪੜ੍ਹਦਿਆਂ ਉਨ੍ਹਾਂ ਦੇ ਬੰਦੀ ਜੀਵਨ ਨਾਲ ਜੋੜਨ ਦਾ ਆਦੀ ਹੈ। ਜਿਸ ਨਾਲ ਗੁਰੂ ਸਾਹਿਬ ਦੀ ਬਾਣੀ ਦੇ ਅਰਥ ਮੂਲ ਨਾਲੋਂ ਵੱਖ ਹੋ ਜਾਂਦੇ ਹਨ ਅਤੇ ਉਸ ਇਤਿਹਾਸਕ ਪਰਿਪੇਖ ਤੋਂ ਵੀ ਵੰਚਿਤ ਹੋ ਜਾਂਦੇ ਹਾਂ ਜਿਨ੍ਹਾਂ ਪਰਿਸਥਿਤੀਆਂ ਨੇ ਇਨ੍ਹਾਂ ਭਾਵਾਂ/ਵਿਚਾਰਾ ਨੂੰ ਪੈਦਾ ਕਰਨ ਵਿਚ ਇਤਿਹਾਸਕ ਭੂਮਿਕਾ ਨਿਭਾਈ ਹੈ। ਭੱਟਾਂ ਦੀਆਂ ਵਹੀਆਂ ਅਤੇ ਭੱਟ ਵਹੀਆਂ ਦੇ ਆਧਾਰ 'ਤੇ ਕੀਤੀ ਭਾਈ ਸ੍ਰੂਪ ਸਿੰਘ ਕੌਸ਼ਿਸ਼ ਅਤੇ ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ ਇਹ ਦੱਸ ਪਾਉਂਦੀ ਹੈ ਕਿ ਗੁਰੂ ਤੇਗ਼ ਬਹਾਦਰ ਜੀ ਦਾ ਗੁਰਗੱਦੀ 'ਤੇ ਬਿਰਾਜਮਾਨ ਹੋਣ ਦੇ ਸਮੇਂ ਤੋਂ ਹੀ ਮੁਗ਼ਲ ਸਲਤਨਤ ਨਾਲ ਟਕਰਾ ਸੀ। ਇਹ ਟਕਰਾ ਵਿਅਕਤੀਗਤ ਨਹੀਂ ਸੀ ਸਗੋਂ ਗੁਰਮਤਿ ਦਰਸ਼ਨ ਅਤੇ ਸਿੱਖ ਧਰਮ ਦੀ ਮੂਲ ਪਰੰਪਰਾ ਦੇ ਸਦਕਾ ਸੀ। ਇਸੇ ਕਰਕੇ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ, ਹਕੂਮਤੀ ਨਜ਼ਰ ਅਤੇ ਹਕੂਮਤੀ ਦਬਾਅ, ਜਬਰ ਅਤੇ ਸਖ਼ਤੀ ਨੇ ਉਹ ਇਤਿਹਾਸਕ ਪ੍ਰਸਥਿਤੀਆਂ ਸਿਰਜੀਆਂ ਜਿਹੜੀਆਂ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ' ਦੀ ਦ੍ਰਿੜ ਚੇਤਨਾ ਅਤੇ ਦ੍ਰਿੜ ਮਾਨਸਿਕ ਸਥਿਤੀ ਵਿਚ ਲੈ ਜਾਂਦੀਆਂ ਹਨ। ਗੁਰੂ ਤੇਗ਼ ਬਹਾਦਰ ਜੀ ਦਾ ਗੁਰੂਤਵ ਵਾਲਾ ਸਮੁੱਚਾ ਜੀਵਨ ਵੰਨ-ਸੁਵੰਨੇ ਕਿਸਮ ਦੇ ਦਬਾਵਾਂ, ਵੰਗਾਰਾਂ ਨਾਲ ਭਰਪੂਰ ਰਿਹਾ ਭਾਵੇਂ ਉਹ ਪਰਿਵਾਰਕ ਸਨ ਤੇ ਭਾਵੇਂ ਆਪਣੇ ਦੌਰ ਦੀ ਹਕੂਮਤ ਦੇ ਸਨ। ਇਸ ਕਰਕੇ ਅਜਿਹੀਆਂ ਇਤਿਹਾਸਕ ਪਰਿਸਥਿਤੀਆਂ ਦੇ ਵਿਚੋਂ ਇਨ੍ਹਾਂ ਸਲੋਕਾਂ ਦਾ ਜਨਮ ਹੁੰਦਾ ਹੈ। ਡਾ. ਸੁਰਜੀਤ ਹਾਂਸ ਇਨ੍ਹਾਂ ਵੈਰਾਗਮਈ ਸਲੋਕਾਂ ਨੂੰ ਇਤਿਹਾਸਕ ਪਰਿਸਥੀਆਂ ਨਾਲ ਸੰਬੰਧਿਤ ਕਰਨ ਉਪਰੰਤ ਲਿਖਦਾ ਹੈ, "ਸਲੋਕ ਸ਼ਹੀਦੀ ਦੀ ਉਡੀਕ ਵਿਚ ਲਿਖੇ ਗਏ ਹਨ। ਉਹਨਾਂ ਵਿਚ ਗੁਰੂ ਤੇਗ਼ ਬਹਾਦਰ ਸ਼ਹੀਦੀ ਸਾਕੇ ਦਾ ਭਵਿਸ਼-ਅਨੁਭਵ (anticipation) ਕਰਦੇ ਹਨ। ਉਹ ਇਸੇ ਭਵਿਸ਼-ਅਨੁਭਵ ਦੇ ਦ੍ਰਿਸ਼ਟੀਕੋਣ ਤੋਂ ਕਈ ਗੱਲਾਂ ਕਹਿੰਦੇ ਹਨ ਜਿਹਨਾਂ ਦਾ ਉਹਨਾਂ ਨੂੰ ਸੰਸਾ ਸੀ ਕਿ ਇੰਜ ਹੋ ਸਕਦੀਆਂ ਹਨ, ਪਰ ਉਹਨਾਂ ਦੇ ਪੈਰੋਕਾਰ ਉਹਨਾਂ ਦੇ ਭਵਿਸ਼ ਅਨੁਭਵ ਤੋਂ ਵੱਧ ਪੂਰੇ ਉਤਰੇ। ਇਹ ਗ਼ਲਤ ਹੈ ਕਿ ਗੁਰੂ ਸਾਹਿਬ ਨੇ ਸਲੋਕ ਸ਼ਹੀਦੀ ਦੇ ਮੌਕੇ 'ਤੇ ਲਿਖੇ ਸਨ।"[15] ਇਉਂ ਵੈਰਾਗ ਕੋਈ ਭਾਵਨਾ ਜਾਂ ਤੱਤ-ਭੜੱਤੀ ਪੈਦਾ ਹੋਇਆ ਭਾਵ ਸੰਸਾਰ ਨਹੀਂ ਸਗੋਂ ਉਸ ਇਤਿਹਾਸਕ ਅਨੁਭਵ ਦਾ ਸਾਰ ਤੱਤ ਹੈ ਜਿਨ੍ਹਾਂ ਨੇ ਇਹ ਨਿਸ਼ਚਤ ਹੀ ਕੀਤਾ ਸੀ। ਜਦੋਂ ਉਪਰੋਕਤ ਇਤਿਹਾਸਕ ਪ੍ਰਸੰਗ ਵਿਚ ਗੁਰੂ ਸਾਹਿਬ ਦੇ ਸਲੋਕਾਂ ਦਾ ਅਧਿਐਨ ਕਰਦੇ ਹਾਂ ਤਾਂ ਵਿਚਾਰਧਾਰਕ ਤੌਰ 'ਤੇ ਸਲੋਕਾਂ ਵਿਚੋਂ ਉਦੈ ਹੁੰਦੀਆਂ ਅੰਤਰ-ਦ੍ਰਿਸ਼ਟੀਆਂ ਇਤਿਹਾਸਕ ਪਰਿਸਥਿਤੀਆਂ ਦੇ ਅਨੁਭਵ ਸਾਰ ਦਾ ਗਿਆਨ ਕਰਵਾਉਂਦੀਆਂ ਹਨ:-

ਜੈਸੇ ਜਲ ਤੇ ਬੁਦਬੁਦਾ
ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੀ ਰਚੀ
ਕਹੁ ਨਾਨਕ ਸੁਨਿ ਮੀਤ॥੨੪॥

ਜਤਨ ਬਹੁਤ ਸੁਖ ਕੇ ਕੀਏ
ਦੁਖ ਕੋ ਕੀਓ ਨ ਕੋਇ॥
ਕਹੁ ਨਾਨਕ ਰੇ ਸੁਨਿ ਰੇ ਮਨਾ
ਹਰਿ ਭਾਵੈ ਸੋ ਹੋਇ॥੩੯॥
ਜਗ ਰਚਨਾ ਸਭ ਝੂਠ ਹੈ
ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰ ਨ ਰਹੈ
ਜਿਉ ਬਾਲੂ ਕੀ ਭੀਤ॥੪੯॥
ਰਾਮ ਗਇਓ ਰਾਵਣ ਗਇਓ
ਜਾ ਕਉ ਬਹੁ ਪਰਵਾਰ
ਕਹੁ ਨਾਨਕ ਥਿਰ ਕਛੁ ਨਹੀਂ
ਸੁਪਨੇ ਜਿਉਂ ਸੰਸਾਰ॥
ਚਿੰਤਾ ਤਾ ਕੀ ਕੀਜੀਐ ਜੋ
ਅਨਹੋਨੀ ਹੋਇ॥
ਇਹ ਮਾਰਗ ਸੰਸਾਰ ਕੋ
ਨਾਨਕ ਥਿਰ ਨਹੀਂ ਕੋਇ॥
ਜੋ ਉਪਜਿਓ ਸੋ ਬਿਨਸਿ ਹੈ
ਪਰੋ ਆਜਿ ਕੈ ਕਾਲਿ॥
ਨਾਨਕ ਹਰਿ ਗੁਨ ਗਾਇ ਲੇ
ਛਾਡਿ ਸਗਲ ਜੰਜਾਲਿ॥੫੨॥[16]

ਉਪਰੋਕਤ ਸਲੋਕ ਮੌਤ ਦੇ ਕੇਂਦਰੀ ਬਿੰਦੂ 'ਤੇ ਖੜੇ ਸੰਸਾਰ ਦੀ ਨਾਸ਼ਮਾਨਤਾ ਉਸੇ ਦ੍ਰਿੜਤਾ ਨਾਲ ਦੱਸ ਰਹੇ ਹਨ ਜਿਸ ਦ੍ਰਿੜਤਾ ਨਾਲ ਮੌਤ ਦਾ ਸੰਕਲਪ ਬਾਬਾ ਫ਼ਰੀਦ ਦੀ ਬਾਣੀ ਵਿਚੋਂ ਉਦੈ ਹੁੰਦਾ ਹੈ। ਇਹ ਸਲੋਕ ਗੁਰਮਤਿ ਪਰੰਪਰਾ ਅਤੇ ਦਰਸ਼ਨ ਨੂੰ ਹੀ ਸੰਚਾਰਦੇ ਹਨ ਕਿਸੇ ਵਿਅਕਤੀਗਤ ਵਿਰਲਾਪ ਜਾਂ ਰੁਦਨ ਨੂੰ ਨਹੀਂ। ਜੇ ਇਨ੍ਹਾਂ ਸਲੋਕਾਂ ਵਿਚ ਇਕ ਪਾਸੇ ਮੌਤ ਦੀ ਚੇਤਨਾ ਦਾ ਪ੍ਰਗਟਾਵਾ ਹੈ ਤਾਂ ਦੂਸਰੇ ਪਾਸੇ ਗੁਰਮਤਿ ਦੀ ਮੂਲ ਦਾਰਸ਼ਨਿਕ ਸੋਝੀ ਸੱਚੇ ਪਾਤਸ਼ਾਹ ਵਿਚ ਦ੍ਰਿੜ ਵਿਸ਼ਵਾਸ ਦੀ ਵੀ ਹੈ। ਦੁਨਿਆਵੀ ਸੱਚਾਂ ਅਤੇ ਦੁਨਿਆਵੀ ਪਾਤਸ਼ਾਹ ਦੇ ਮੁਕਾਬਲੇ 'ਤੇ ਪ੍ਰਭੂ ਦੀ ਸ਼ਕਤੀ ਵਿਚ ਵਿਸ਼ਵਾਸ ਦ੍ਰਿੜ੍ਹ ਕਰਵਾਉਂਦੇ ਹਨ। ਇਹ ਸਲੋਕ ਦ੍ਰਿੜ੍ਹ ਨਿਸ਼ਚੇ ਅਤੇ ਅਖੁੱਟ ਵਿਸ਼ਵਾਸ ਦਾ ਪ੍ਰਗਟਾਵਾ ਹਨ। ਇਤਿਹਾਸਕ ਤਰਕ ਵਜੋਂ ਇਹ ਮੌਤ ਨੂੰ ਸਵੀਕਾਰ ਕਰਨ ਦਾ ਵੈਰਾਗਮਈ ਦਿਲਾਸਾ ਜਾਂ ਰੁਦਨਮਈ ਭਰੋਸਾ ਨਹੀਂ ਸਗੋਂ ਅਣਹੋਣੀ ਵੀ ਵਾਪਰ ਜਾਵੇ ਤਾਂ ਵੀ ਮਨੁੱਖ ਨੂੰ ਪ੍ਰਮਾਤਮਾ 'ਚ ਦ੍ਰਿੜ੍ਹ ਵਿਸ਼ਵਾਸ ਅਤੇ ਨਾਮ ਸੰਗ ਇਕ ਸੁਰ ਰਹਿਣ ਦਾ ਗੁਰਮਤਿ ਸੰਦੇਸ਼ ਹੈ। ਅਸੀਮ ਦੁਸ਼ਵਾਰੀਆਂ, ਇਤਿਹਾਸਕ ਦਬਾਵਾਂ ਅਤੇ ਹਕੂਮਤੀ ਜਬਰ ਦੇ ਲੰਮੇ ਇਤਿਹਾਸਕ ਅਨੁਭਵ ਵਿਚ ਉਚਾਰੇ ਇਹ ਸਲੋਕ ਬਾਰ ਬਾਰ ਮਨੁੱਖ ਨੂੰ ਇਕ ਦ੍ਰਿੜਤਾ ਪ੍ਰਦਾਨ ਕਰਦੇ ਹਨ। ਇਸੇ ਦ੍ਰਿੜ੍ਹਤਾ ਵਿਚ ਹੀ ਇਨ੍ਹਾਂ ਸਲੋਕਾਂ ਦੀ ਵਿਚਾਰਧਾਰਕ ਪ੍ਰਸੰਗਕਤਾ ਹੈ। ਇਨ੍ਹਾਂ ਸਲੋਕਾਂ ਉਪਰੰਤ ਦੋਹਿਰਾ ਦੇ ਸਲੋਕ ਇਸ ਲਈ ਸਾਰ ਗਰਭਿਤ ਹਨ ਕਿਉਂਕਿ ਜਿਸ ਇਤਿਹਾਸਕ ਪਰਿਪੇਖ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਬਾਦੀ ਦੇ ਵੈਰਾਗ ਨਾਲ ਸੰਬੰਧਿਤ ਸਲੋਕਾਂ ਦੀ ਚੇਤਨਾ ਹੈ। ਉਸਦਾ ਗੰਭੀਰ ਇਤਿਹਾਸਕ ਵਿਵੇਕ ਇਸ ਦੋਹਿਰੇ ਦੀ ਕੇਂਦਰੀ ਧੁਨੀ ਬਣਦਾ ਹੈ:-

ਬਲ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥[17]

ਇਸ ਦੇ ਉੱਤਰ ਰੂਪ ਵਿਚ ਅਗਲਾ ਸਲੋਕ ਉਸ ਵਿਚਾਰਧਾਰਕ ਪ੍ਰਸੰਗ ਨੂੰ ਭਵਿੱਖ ਦੀ ਦ੍ਰਿਸ਼ਟੀ ਵਿਚ ਬਦਲਣ ਦੀ ਇਤਿਹਾਸਕ ਚੇਤਨਾ ਹੈ:


ਬਲ ਹੋਆ ਬੰਧਨ ਛੂਟੇ ਸਭੁ ਕਿਛੁ ਹੋਤ ਉਪਾਇ॥

ਨਾਨਕ ਸਭ ਕਿਛੁ ਤੁਮਰੈ ਹਾਥ ਮਹਿ ਤੁਮ ਹੀ ਹੋਤ ਸਹਾਇ॥[18]

ਇਹ ਉਹ ਬਲ ਹੈ ਜਿਸ ਨੇ ਸਿੱਖ ਪਰੰਪਰਾ ਨੂੰ ਸ਼ਕਤੀਸ਼ਾਲੀ ਸੰਗਠਨ ਵਿਚ ਢਾਲ ਕੇ ਜਾਬਰ ਹਕੂਮਤ ਦੇ ਖਿਲਾਫ਼ ਖੜਿਆਂ ਕਰਨਾ ਹੈ ਤਾਂ ਕਿ ਸਭ ਬੰਧਨ, ਹਕੂਮਤੀ ਦਾਬਾ ਅਤੇ ਸੱਤਾ ਦੁਆਰਾ ਪੈਦਾ ਕੀਤੀਆਂ ਅਣਹੋਣੀਆਂ ਅਤੇ ਦੁਸ਼ਵਾਰੀਆਂ ਦਾ ਅੰਤ ਹੋ ਸਕੇ। ਇਹ ਇਤਿਹਾਸਕ ਸੰਕੇਤ ਭਵਿੱਖ ਦੀ ਸਿੱਖ ਲਹਿਰ ਵਿਚ ਗੁਰੂ ਗੋਬਿੰਦ ਸਿੰਘ ਅਤੇ ਬੰਦਾ ਸਿੰਘ ਬਹਾਦਰ ਰਾਹੀਂ ਸਿੱਖ ਪਰੰਪਰਾ ਵਿਚ ਰਾਜਸੀ ਆਜ਼ਾਦੀ ਦੀ ਪ੍ਰਚੰਡ ਚੇਤਨਾ ਜਗਾਉਂਦੇ ਹਨ। ਇਸ ਲਈ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਾਰਧਾਰਕ ਤੌਰ ’ਤੇ ਗੁਰਮਤਿ ਵਿਰਾਸਤ ਨੂੰ ਸਿਧਾਂਤਕ ਅਤੇ ਵਿਹਾਰਕ ਤੌਰ ’ਤੇ ਸੰਚਾਰਦੀ ਹੋਈ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਜਗਾਉਂਦੀ ਹੈ। ਗੁਰੂ ਗੋਬਿੰਦ ਸਿੰਘ ਅਤੇ ਉਸ ਉਪਰੰਤ ਸਿੱਖ ਪਰੰਪਰਾ ਰਾਜਸੀ ਅੰਦੋਲਨ ਵਿਚ ਮੁਖਰ ਹੁੰਦੀ ਹੈ ਤਾਂ ਉਸ ਦੀ ਪਿੱਠ ਭੂਮੀ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਅਤੇ ਉਨ੍ਹਾਂ ਦੀ ਬਾਣੀ ਦੀ ਵਿਚਾਰਧਾਰਕ ਮਹੱਤਤਾ ਅਤੇ ਇਨਕਲਾਬੀ ਸ਼ਕਤੀ ਹੈ। ਪ੍ਰੋ. ਕਿਸ਼ਨ ਸਿੰਘ ਦਾ ਕਹਿਣਾ ਠੀਕ ਹੈ, “ਬਾਕੀ ਦੀ ਬਾਣੀ ਵਾਂਗ, ਜਦੋਂ ਗੁਰੂ ਤੇਗ਼ ਬਹਾਦਰ ਦੀ ਬਾਣੀ “ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ” ਵਾਲਾ ਮਨੁੱਖ ਪੈਦਾ ਕਰਦੀ ਹੈ ਤਾਂ ਉਹ ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਵਿਰੁੱਧ ਇਨਕਲਾਬ ਪੈਦਾ ਕਰਦੀ ਹੈ। ਗੁਰੂ ਤੇਗ਼ ਬਹਾਦਰ ਦੀ ਬਾਣੀ ਦਾ ਮੂਲ ਜ਼ਿੰਦਗੀ ਦਾ ਤਿਆਗ ਨਹੀਂ, ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਵਿਰੁੱਧ ਇਨਕਲਾਬ ਹੈ?[19]

## ਹਵਾਲੇ


1. ਡਾ. ਜੇ. ਐੱਸ. ਗਰੇਵਾਲ, *ਗੁਰੂ ਤੇਗ਼ ਬਹਾਦਰ: ਭਰੋਸੇ ਦਾ ਪੈਗ਼ੰਬਰ*, **ਗੁਰੂ ਤੇਗ਼ ਬਹਾਦਰ: ਚਿੰਤਨ, ਕਲਾ ਤੇ ਬਾਣੀ** (ਸੰਪਾ. ਦੀਵਾਨ ਸਿੰਘ ਤੇ ਸਤਿੰਦਰ ਸਿੰਘ), ਪੰਨੇ 14-15.
2. **ਉਹੀ**, ਪੰਨਾ 12.
3. ਭਾਈ ਸ੍ਵਰੂਪ ਸਿੰਘ ਕੌਸ਼ਿਸ਼, **ਗੁਰੂ ਕੀਆਂ ਸਾਖੀਆਂ** (ਸੰਪਾ. ਪਿਆਰਾ ਸਿੰਘ ਪਦਮ), ਪੰਨੇ 73-74.
4. **ਗਿਆਨ ਗਰਜਾ ਸਿੰਘ ਦੀ ਇਤਿਹਾਸਕ ਖੋਜ** (ਸੰਪਾ. ਗੁਰਮੁਖ ਸਿੰਘ), ਪੰਨੇ 96-97.
5. ਡਾ. ਜੇ. ਐੱਸ. ਗਰੇਵਾਲ, *ਗੁਰੂ ਤੇਗ਼ ਬਹਾਦਰ: ਭਰੋਸੇ ਦਾ ਪੈਗ਼ੰਬਰ*, **ਗੁਰੂ ਤੇਗ਼ ਬਹਾਦਰ: ਚਿੰਤਨ, ਕਲਾ ਤੇ ਬਾਣੀ** (ਸੰਪਾ.ਦੀਵਾਨ ਸਿੰਘ ਤੇ ਸਤਿੰਦਰ ਸਿੰਘ), ਪੰਨੇ 13.
6. ਭਾਈ ਸ੍ਵਰੂਪ ਸਿੰਘ ਕੌਸ਼ਿਸ਼, **ਗੁਰੂ ਕੀਆਂ ਸਾਖੀਆਂ** (ਸੰਪਾ. ਪਿਆਰਾ ਸਿੰਘ ਪਦਮ), ਪੰਨੇ 81.
7. ਡਾ. ਗੋਪਾਲ ਸਿੰਘ, **ਗੁਰੂ ਗੋਬਿੰਦ ਸਿੰਘ**, ਪੰਨਾ 53.
8. ਡਾ. ਤਰਲੋਕ ਸਿੰਘ ਕੰਵਰ, **ਗੁਰੂ ਨਾਨਕ ਬਾਣੀ ਦਾ ਕਾਵਿ ਸ਼ਾਸਤਰ**, ਪੰਨੇ 122-123.
9. ਰਾਗੁ ਗਉੜੀ, ਮਹਲਾ ੯.
10. ਰਾਗੁ ਗਉੜੀ, ਮਹਲਾ ੯.
11. ਰਾਗੁ ਗਉੜੀ, ਮਹਲਾ ੯.
12. ਡਾ. ਰਮੇਸ਼ ਕੁੰਤਲ ਮੇਘ, *ਗੁਰੂ ਤੇਗ਼ ਬਹਾਦਰ ਦੇ ਦਰਸ਼ਨ ਦੀ ਸਮਾਜਿਕ ਸਾਰਥਕਤਾ*, **ਗੁਰੂ ਤੇਗ਼ ਬਹਾਦਰ : ਚਿੰਤਨ, ਕਲਾ ਤੇ ਬਾਣੀ** (ਸੰਪਾ. ਦੀਵਾਨ ਸਿੰਘ ਤੇ ਸਤਿੰਦਰ ਸਿੰਘ), ਪੰਨਾ 54.
13. ਰਾਗ ਦੇਵਗੰਧਾਰੀ, ਮਹਲਾ ੯.
14. ਡਾ. ਪਿਆਰਾ ਸਿੰਘ, **ਸ੍ਰੀ ਗੁਰੂ ਤੇਗ਼ ਬਹਾਦਰ** (ਫ਼ਾਰਸੀ ਸਰੋਤ), ਪੰਨਾ 26.
15. ਡਾ. ਸੁਰਜੀਤ ਹਾਂਸ, **ਗੁਰੂ ਤੇਗ਼ ਬਹਾਦਰ ਦੀ ਬਾਣੀ ਦਾ ਇਤਿਹਾਸਕ ਮੁੱਲ**, **ਗੁਰੂ ਤੇਗ਼ ਬਹਾਦਰ : ਜੀਵਨ ਅਤੇ ਸਿਰਜਣਾ** (ਸੰਪਾ. ਮੋਹਨਜੀਤ ਤੇ ਸਬਿੰਦਰਜੀਤ ਸਾਗਰ), ਪੰਨਾ 76.
16. ਸਲੋਕ ਮਹਲਾ, ਮਹਲਾ ੯.
17. ਦੋਹਰਾ, ਸਲੋਕ ਮਹਲਾ, ਮਹਲਾ ੯.
18. ਦੋਹਰਾ, ਸਲੋਕ ਮਹਾਲ, ਮਹਲਾ ੯.
19. ਪ੍ਰੋ. ਕਿਸ਼ਨ ਸਿੰਘ, **ਗੁਰਬਾਣੀ ਦਾ ਸੱਚ**, ਪੰਨਾ 188.



## • ਧੁੱਪ ਦੀ ਟੁਕੜੀ

ਤਲਾਸ਼ਦਾ ਰਿਹਾ ਮੈਂ ਉਮਰ ਸਾਰੀ
ਨਿੱਕੀ ਜਿੰਨੀ ਧੁੱਪ ਦੀ ਟੁਕੜੀ

ਕਿ ਹਾਂ ਜੀ ਹਾਂ—
ਇਕ ਘਰ ਹੁੰਦਾ
ਹੁੰਦਾ ਨਾ ਹੁੰਦਾ ਹੋਰ ਕੋਈ
ਸਾਜ਼-ਓ-ਸਮਾਨ ਉਸ 'ਚ, ਪਰ
ਖੁੱਲ੍ਹਦੀ ਸਓਲੇ ਪਹਾੜਾਂ ਵੱਲ ਖਿੜਕੀ
ਵਿਚੋਂ ਆਉਂਦਾ ਰੌਸ਼ਨੀ ਦਾ ਦਰਿਆ ਹੁੰਦਾ

ਨੀਲਗੂੰ ਚੋਟੀਆਂ ਹਰੀਆਂ ਛਤਰੀਆਂ ਤੋਂ
ਫ਼ਿਸਲਦੀ ਆਉਂਦੀ ਹਰ ਸ਼ਾਮ
ਸੰਦਲੀ ਰਾਤ-ਥਾਲ 'ਚ ਲਹਿੰਦੀ
ਗੁਆਚੀ ਰਹਿੰਦੀ ਦਿਨ ਅੰਦਰ ਜਿਹੜੀ
ਨਿੱਕੀ ਜਿੰਨੀ ਧੁੱਪ ਦੀ ਟੁਕੜੀ

ਤੇ ਮੈਂ ਤਨ ਮਨ ਤ੍ਰਿਪਤ ਤਕਮੀਲ
ਪਰਦਾ ਸਰਕਾਉਂਦਾ ਅੰਦਰ ਆਉਂਦਾ
ਹੁੰਦੀ ਘਰ ਅੰਦਰਲੀ ਸੰਦਲੀ ਸੰਝ ਫੈਲੀ
ਜਗੂੰ-ਜਗੂੰ ਕਰਦੀ
ਜਿਉਂ ਬੈਕੁੰਠ ਧਾਮ ਕੋਈ
ਸਜੀ ਸੰਵਰੀ ਸੁਹਾਗ ਸੇਜ 'ਤੇ ਬੈਠੀ

ਹੁੰਦੀ ਓਹੀ ਸ਼ਰਮੀਲੀ
ਨਿੱਕੀ ਜਿੰਨੀ ਧੁੱਪ ਦੀ ਟੁਕੜੀ

## • *ਸਮੁੰਦਰ ਕੋਲ*

ਸਮੁੰਦਰ ਕੋਲ ਮੁੜ-ਮੁੜ ਜਾਂਦਾ ਮੈਂ—

ਦੇਹ 'ਚ ਮੁੜ-ਮੁੜ ਆਤਮਾ ਮੁੜਦੀ ਜਿਵੇਂ
ਨੀਲਾ ਫਿਰੋਜ਼ੀ ਸੰਦਲੀ ਹਰਾ ਪੀਲਾ
ਕੋਈ ਵੀ ਰੰਗ ਨਾ ਹੁੰਦਾ ਜਦੋਂ ਉਸ ਦਾ
ਇਕੱਲਾ ਨਿਹੱਥਾ ਬਿਲਕੁਲ ਮੇਰੇ ਜਿਹਾ
ਰਾਤ ਨਾ ਦਿਨ ਕੋਈ ਉਤਾਰ ਨਾ ਜਵਾਰ
ਛੱਲ ਘੁੰਮਣਘੇਰੀ ਲਹਿਰ ਨਾ ਨਿਤਾਰ

ਸਮੁੰਦਰ ਕੋਲ ਮੁੜ-ਮੁੜ ਜਾਂਦਾ ਮੈਂ—
ਪ੍ਰਿਥਵੀ 'ਤੇ ਜੀਵ ਮੁੜ-ਮੁੜ ਆਉਂਦਾ ਜਿਵੇਂ
ਰੇਤ ਪੱਥਰ ਗੀਟ੍ਹੇ ਨਾ ਨੰਗੇ ਨਾ ਕੱਜੇ
ਮੱਛੀਆਂ ਪੱਥਰ ਚੱਟਣ ਗਈਆਂ
ਕਹਿੰਦੇ ਸੁਖ ਢੂੰਡਿਆਂ ਉਥੇ ਕਈਆਂ
ਘਰ ਪਿਆਰ ਪਰਿਵਾਰ ਆਹਰ ਪਾਹਰ
ਜਲ ਤੋਂ ਪੁੱਛਾਂ : ਗ੍ਰਹਿ 'ਤੇ ਕੌਣ ਲਵੇ ਤੇਰੀ ਸਾਰ ?

ਸਮੁੰਦਰ ਕੋਲ ਮੁੜ-ਮੁੜ ਜਾਂਦਾ ਮੈਂ

## • *ਚਿੜੀ*

ਕਰਨ ਸੋਚਣ ਲਈ
ਕੁਝ ਨਹੀਂ ਸੀ ਮੇਰੇ ਕੋਲ
ਜੰਗਲ ਦੇ ਵਿਚ ਵਿਚਾਲੇ ਸੀ ਮੈਂ ਕਿਤੇ

ਬੂੰਦਾਬਾਂਦੀ 'ਚ
ਭਿੱਜ ਰਹੀ ਸੀ ਮਿੱਟੀ

ਭਿੱਜੀ ਮਿੱਟੀ ਨੂੰ ਦੱਬ-ਦੱਬ
ਮੈਂ ਇਕ ਚਿੜੀ ਬਣਾਈ

ਕੁਝ ਖੰਭ
ਏਧਰੋਂ ਓਧਰੋਂ ਕੀਤੇ 'ਕੱਠੇ
ਸਿੱਲ੍ਹੀ ਮਿੱਟੀ 'ਚ ਫ਼ਸਾਏ

ਅੱਖਾਂ, ਨਿੱਕੇ ਕੰਨ ਦੋ
ਇਕ ਚੁੰਝ ਬਣਾਈ


ਹੱਥਾਂ ਦੀ ਗਰਮੀ ਨਾਲ
ਮਿੱਟੀ ਸੁੱਕਦੀ ਤਪਦੀ ਪੱਕਦੀ ਗਈ

’ਚਾਨਕ ਫਿਰ
ਖੰਭਾਂ ’ਚ ਸੀ ਫਰਫ਼ਰਾਹਟ ਹੋਈ
ਮਿੱਟੀ ਦੀ ਢੇਲੀ ’ਚ
ਦਿਲ ਜਿਹਾ ਕੁਝ ਧੜਕਿਆ
ਮੈਂ ਦਸਤਕਾਰ ਅਦਨਾ
ਥੋੜ੍ਹਾ ਤ੍ਰਭਕਿਆ

ਸਾਰੀ ਬਸੰਤ
ਬਹਾਰ ਸਾਰੀ
ਭਰ ਕੇ ਫੇਫੜਿਆਂ ’ਚ
ਫ਼ਰਕਦੇ ਮਿੱਟੀ ਪੰਖੇਰੂ ’ਤੇ
ਮੈਂ ਫੂਕ ਮਾਰੀ

ਹਵਾ ਨੇ ਉਸ ਨੂੰ ਸੈਨਤ ਕੀਤੀ
ਚਿੜੀ
ਮੇਰੇ ਹੱਥੋਂ ਫੁਰਰ ਕਰਦੀ ਓਹ
ਜੰਗਲ ਚੀਰਦੀ
ਨੀਲੇ ਅਸਮਾਨ ਵੱਲ ਨੂੰ ਉੱਡ ਗਈ

### • *ਮੋਏ ਕਵੀ ’ਤੇ ਸੈਮੀਨਰ*
*(ਹਰਨਾਮ ਨੂੰ)*



ਤੇਜ਼ ਹੁੰਦੀ ਗਈ ਗੱਡੀ
ਠਕ-ਠਕ...ਠਕ-ਠਕ

ਬਾਰੀ ’ਚੋਂ ਤੱਕਦਿਆਂ ਲੱਗਾ
ਦੁਨੀਆ-ਨਜ਼ਾਰੇ
ਰਹਿ ਗਏ ਪਿੱਛੇ

ਅੱਖਾਂ ਭਰ ਕੇ ਦੁਨੀਆ
’ਚਾਨਕ
ਚੱਲਦੀ ਗੱਡੀ ’ਚੋਂ ਛਾਲ ਮਾਰ ’ਤੀ ਓਹਨੇ
ਕਿਸੇ ਖੁੰਝੇ ਦ੍ਰਿਸ਼ ਨੂੰ ਕਹਿੰਦੇ
ਵੇਖਣਾ ਚਾਹੁੰਦਾ ਸੀ ਕੋਲੋਂ

ਰਹੱਸ
ਸ਼ਾਇਦ ਖੁੰਝੇ ’ਚ ਨਹੀਂ ਸੀ
ਕਿਤੇ ਹੋਰ
ਜਾਂ ਕਿਤੇ ਵੀ ਨਹੀਂ ਸੀ

ਓਹਦੀ ਕਿਸਮਤ
ਬਿੱਲੀ ਦੀਆਂ

ਤਲਾਸ਼ਦੀਆਂ ਅੱਖਾਂ 'ਚ ਬਦਲੀ
ਫੇਰ ਤੋਂ ਦੁਨੀਆ ਤੱਕਣ ਲੱਗੀ

ਸਰੋਤੇ
ਤਾੜੀ ਮਾਰਨ ਲੱਗੇ ਰੁਕੇ
ਸੈਮੀਨਾਰ-ਰੂਮ 'ਚ
ਬਿੱਲੀ ਆ ਵੜੀ ਸੀ

## • *ਮੇਰਾ ਦਿਲ*

***(ਹਰਨਾਮ ਨੂੰ)***


ਮੇਰਾ ਦਿਲ ਮੇਰਾ ਦਿਲ ਹੈ
ਮੇਰਾ ਦਿਲ ਤੁਹਾਡੇ ਸਿਕੰਦਰੀ ਖ਼ਾਬ ਵਿਚ ਵਿਛੀ
ਮੂਕ ਧਰਤੀ ਦਾ ਟੁਕੜਾ ਨਹੀਂ
ਕਿ ਖੋਭ ਦੇਵੋਗੇ ਸਾਮਰਾਜੀ ਸੂੰਮਾਂ ਤੁਸੀਂ ਇਸ ਦੇ ਵਿਚ ਵੀ

ਛੇ ਤੋਂ ਛੇ ਤੀਕ ਨਚੋੜਦੇ ਰਹੋ
ਮੇਰੀ ਦੇਹ 'ਚੋਂ ਕ਼ਤਰਾ ਕ਼ਤਰਾ ਲਹੂ ਮੇਰਾ
ਕੱਲ੍ਹ ਤੁਸਾਂ ਦੇ ਦਿੱਤੇ ਨਿਵਾਲੇ ਨਾਲ
ਜੋ ਕ਼ਤਰਾ ਲਹੂ ਦਾ
ਮੇਰੀ ਦੇਹ ਵਿਚ ਬਣੇਗਾ
ਆਖ਼ਰ ਤਾਂ ਉਹ ਮੇਰੇ ਹੀ ਦਿਲ ਵਿਚੋਂ ਦੀ ਲੰਘੇਗਾ
ਮੇਰੀ ਹੀ ਗੱਲ ਸੁਣੇਗਾ
ਮੇਰੀ ਹੀ ਗੱਲ ਮੰਨੇਗਾ

ਮੇਰਾ ਦਿਲ
ਮੇਰੀ ਛਾਤੀ ਵਿਚ
ਸਿਰਫ਼ ਮੇਰੇ ਲਈ ਹੈ ਧੜਕਦਾ
ਮੁੱਠ ਕੁ ਮਾਸ ਸਹੀ
ਮੂਕ ਲਾਚਾਰ ਧਰਤੀ ਦਾ ਟੁਕੜਾ ਨਹੀਂ

ਮੇਰਾ ਦਿਲ
ਸਾਰੇ ਦਾ ਸਾਰਾ ਮੇਰਾ ਹੈ
ਮੇਰਾ ਦਿਲ
ਮੇਰਾ ਦਿਲ ਹੈ

•



## • ਏਥੇ ਕਿਤੇ

ਏਥੇ ਕਿਤੇ ਇਕ
ਨਦੀ ਹੁੰਦੀ ਸੀ
ਨੀਲੀ ਮਿਟਿਆਲੀ ਗਹਿਰੀ

ਚੰਚਲ ਚਾਲ ਚੱਲਦੀ
ਸੋਹਣੇ ਨਾਮ ਵਾਲੀ
ਹੁਣ ਉਹ ਨਹੀਂ ਹੈ

ਕਹਿੰਦੇ ਉਤਰ ਗਈ
ਬੰਜਰ ਇਸ ਜ਼ਮੀਨ ਅੰਦਰ
ਮਿਥਿਹਾਸ ਅੰਦਰ

ਹੁਣ ਨਹੀਂ ਹੈ ਜਿਵੇਂ
ਮੇਰੇ ਤੇਰੇ ਵਿਚਕਾਰ ਜਿਹੜਾ
ਹੁੰਦਾ ਸੀ ਪ੍ਰੇਮ ਕਦੇ

## • ਅੱਗ

ਮੈਂ ਆਪਣੇ ਅੰਦਰ
ਇਕ ਅੱਗ ਲਈ ਫਿਰਦਾ ਹਾਂ
ਕਿਸੇ ਦੂਸਰੇ ਨੂੰ ਪਰ
ਇਹ ਦਿਸਦੀ ਨਹੀਂ

ਜ਼ਮੀਨ ਤੋਂ ਜ਼ਰਾ
’ਤਾਂਹ ਤੁਰਾਉਂਦੀ ਇਹ ਮੇਰੀ
ਹਰ ਸਵੇਰ ਨੂੰ
ਚਾਅ ਨਾਲ ਮਹਿਕਾਉਂਦੀ ਹੈ

ਪਰ ਇਹ ਧੂੰਏਂ ਵਾਲੀ ਆਮ ਸੰਸਾਰੀ ਅੱਗ ਹੈ
ਬੁੱਧ-ਬੰਦੇ ਲਈ
ਬੇਧੂੰਆਂ ਅੱਗ ਨਹੀਂ ਹੈ

ਮੈਂ ਇਸ ਤੋਂ ਬੜਾ ਡਰਦਾ ਵੀ ਹਾਂ
ਮੈਨੂੰ ਹੀ ਸਾੜ ਕੇ
ਸੁਆਹ ਨਾ ਕਰ ਦੇਵੇ ਕਿਤੇ

## • *ਊਰਜਾ*

ਸੁਬ੍ਹਾ ਸਵੇਰੇ
ਜਦੋਂ ਕਿ ਬੁਲਬੁਲਾਂ
ਬੰਸਰੀ-ਸੁਰਾਂ 'ਚ ਗੌਂਦੀਆਂ ਹੁੰਦੀਆਂ
ਕੁਰਖ਼ਤ ਕਾਂ-ਕਾਂ ਵੀ ਕਾਂ ਦੀ
ਕੁਰਖ਼ਤ ਨਹੀਂ ਹੁੰਦੀ
ਤੇ ਕੰਧ-ਘੜੀ ਦੀ ਟਿਕ-ਟਿਕ
ਪੰਚਮ ਸੁਰ ਜਾਪਦੀ
ਇਕੋ 'ਵਾਜ਼ ਹੁੰਦੀ
ਜਦੋਂ ਕਿ ਮਨ
ਸੌਣ-ਜਾਗਣ ਵਿਚਕਾਰਲੀ
ਬੇਮਾਲਦੀ ਥਾਂ ਹੁੰਦਾ

ਤਾਂ ਇਕ ਊਰਜਾ
ਅਰਬਾਂ ਵਰ੍ਹੇ ਪੁਰਾਤਨ
ਧਰਤੀ 'ਤੇ ਜੀਵਨ ਹੀ ਜਿੰਨੀ
ਜਾਂ ਅਨਾਦਿ ਖ਼ਬਰੇ
ਇਸ ਸ਼੍ਰਿਸਟੀ ਹੀ ਜਿੰਨੀ
ਅੰਦਰੀਂ ਮੇਰੇ ਉੱਸਲਵੱਟੇ ਭੰਨਦੀ

ਉੱਗਰਣ ਨੂੰ ਹੋਏ ਬੀਅ ਜਿਵੇਂ
ਨਰਮ ਨਮ ਜ਼ਮੀਨ ਅੰਦਰ
ਫੁੱਲਦੇ, ਹਿੱਲਦੇ

ਊਰਜਾ
ਉਨ੍ਹਾਂ ਤੁਣਕਿਆਂ ਵਰਗੀ
ਪਤੰਗ ਜਿਸ ਕਰਕੇ ਅਸਮਾਨੀਂ
ਚੜ੍ਹੀ ਰਹਿੰਦੀ
ਡੋਰ ਤਣੀ ਹੋਈ
ਕੱਸੀ ਰਹਿੰਦੀ

ਜਦੋਂ ਕਦੇ ਊਰਜਾ ਇਹ
ਨਹੀਂ ਹੁੰਦੀ

ਤਾਂ ਪਾਣੀ ਬਿਨਾਂ ਪਣਬੂਦੀ ਮਧੋਲੀ
ਮੈਂ ਸਮੁੰਦਰੀ ਬੂਟੀ ਹੋ ਜਾਂਦਾ
ਲਹਿਰਾਂ ਨੇ ਲਿਆ ਕੇ ਜਿਸ ਨੂੰ
ਕੰਢੇ ’ਤੇ ਸੁੱਟਿਆ ਹੁੰਦਾ

### • *ਸਫ਼ਾਈ ਅਭਿਆਨ*

ਕਮਰਿਆਂ ਅਲਮਾਰੀਆਂ ਦੀ
ਸਫ਼ਾਈ ਕਰਦਾ ਮੈਂ ਉਹ
ਸਭ ਸੁੱਟ ਦੇਣਾ ਚਾਹੁੰਦਾ
ਕਾਲੇ ਜਾਦੂ ਨਾਲ ਜੋ ਮੇਰੇ
ਘਰ ਨੂੰ ਚਿੰਬੜਿਆ

ਜੋ ਕਦੋਂ ਦਾ ਤਿਆਗਿਆ
ਤ੍ਰਿਸਕਾਰਿਆਂ
ਰੱਦ ਕੀਤਾ ਗਿਆ ਹੈ
ਉਹ ਕਿਉਂ ਪਿਆ ਹੈ ਘਰ ਅੰਦਰ ?

ਬਹੁਤ, ਬਹੁਤ ਸਾਰੀਆਂ ਸ਼ੈਆਂ ਨਾਲ
ਨੱਕੋ ਨੱਕ ਭਰੀ
ਸਿਊਣਾਂ ਤੋਂ ਉਧੜਦੀ ਇਸ
ਦੁਨੀਆ ’ਚ ਰਹਿੰਦਿਆਂ
ਅਵਾਜ਼ਾਰ ਹਾਂ ਬੜਾ
ਸ਼ੈਆਂ ਨਾਲ
ਘ੍ਰਿਣਾ ਹੀ ਹੋਣ ਲੱਗੀ ਹੈ ਸਗੋਂ



ਮੈਂ ਚਾਹੁੰਦਾਂ ਘਰ ਮੇਰਾ
ਫ਼ਕੀਰ ਦੀ ਕੁਟੀਆ ਜਿਹਾ
ਜਾਂ “ਜ਼ੈੱਨ” ਉਪਵਣ ਜਿਹਾ
ਅਣਘੜਮੱਸਿਆ, ਅਣਭਰਿਆ ਹੋਏ

ਵਸਤਾਂ ਤੇ ਵਸੀਲੇ ਤੇ ਸ਼ੈਆਂ
ਆਪਣੇ ਲਘੂਤਮ ਸਾਰਾਂ ’ਚ ਸਿਰਫ਼
ਘਰ ਅੰਦਰਲੇ ਸੀਮਿਤ
ਸਥਾਨਾਂ ’ਚ ਰਹਿਣ

ਕਮਰਿਆਂ ਅਲਮਾਰੀਆਂ ਦੀ
ਸਫ਼ਾਈ ਕਰਦਾ ਅਸਲ ਵਿਚ
ਮੈਂ ਉਸ ਸਭ ਤੋਂ ਵੀ
ਮੁਕਤੀ ਪਾਉਣਾ ਚਾਹ ਰਿਹਾਂ
ਜਿਹਨੇ ਘੜਮੱਸ ਪਾਇਆ
ਮੇਰੇ ਮਨ ਅੰਦਰ
•

### • *ਦਿਸਹੱਦੇ ਤੋਂ ਪਰ੍ਹੇ*

ਦੂਰ, ਦਿਸਹੱਦੇ ਤੋਂ ਪਰ੍ਹੇ
ਇਕ ਦੁਨੀਆ ਵੱਸਦੀ ਹੈ
ਜਲਪਰੀਆਂ ਦੀ ਦੁਨੀਆ
ਜਿਥੇ ਤੇਰੀ ਚੰਚਲਤਾ
ਮੇਰੀਆਂ ਦੋ ਮੁੱਠੀਆਂ ਵਿਚ ਕੈਦ ਹੈ
ਅਤੇ ਮੇਰਾ ਰੂਪ ਪਾਰਾ ਹੈ

ਤੂੰ ਗੁਣਗੁਣਾਉਂਦੀ ਐਂ, ਉਹ ਗੀਤ
ਜੋ ਮੇਰੇ ਨਹੀਂ, ਪਰ ਹਨ ਮੇਰੇ ਲਈ
ਮੈਂ ਗੀਤ ਲਿਖਦਾ ਹਾਂ, ਤੇਰੇ ਲਈ
ਉਹ ਤੂੰ, ਜਿਹੜੀ ਕਿ ਤੂੰ ਨਹੀਂ

ਮੇਰੇ ਆਲਸ ਨੂੰ
ਆਪਣੇ ਆਪ ਵਿਚ ਜਜ਼ਬ ਕਰ
ਪੈਦਾ ਕਰਦੀ ਹੈਂ ਤੂੰ ਨਵੀਂ ਜ਼ਿੰਦਗੀ
ਜਿਸ ਦੀ ਕੋਈ ਸ਼ਕਲ ਨਹੀਂ
ਧੱਬਿਆਂ ਵਾਂਗ ਜੋ ਬਿਖ਼ਰ ਜਾਂਦਾ ਹੈ
ਕਈ ਨਾਮਾਂ ਵਿਚ ਟੁੱਟ ਟੁੱਟ ਕੇ

ਹਵਾ ਤੋਂ ਮਿੱਟੀ ਵਿਚਾਲੇ
ਇਕ ਕਾਂਬਾ ਛਿੜਦਾ ਹੈ
ਜਿਸ ਨੂੰ ਅਸੀਂ ਭਰ ਲੈਂਦੇ ਹਾਂ
ਇਕ ਸਾਹ ਤੋਂ ਦੂਜੇ ਸਾਹ ਦੇ ਵਿਚਾਲੇ
ਇਕ ਅਹਿਸਾਸ ਜੋ ਸੁਗੰਧ ਨਹੀਂ
ਆ ਵੱਸ ਜਾਂਦਾ ਹੈ ਸਾਡੇ ਦੁਆਲੇ
ਇਕ ਲੰਮੀ ਖ਼ੁਸ਼ਬੋਈ ਵਾਂਗ

### • *ਅਰਚਨਾ*

ਮੈਂ ਪਹਿਲੀ ਵਾਰ ਬਰਫ਼ ਨੂੰ ਪੰਘਰਦਿਆਂ ਵੇਖਿਆ
ਮੇਰੇ ਦਿਲ 'ਚੋਂ ਇਕ ਚੀਸ ਨਿਕਲੀ
ਪ੍ਰਾਪਤੀ ਦੀ, ਤਰਲ ਜਿਹੀ

ਗੱਲ ਹੜ੍ਹ ਤਾਈਂ ਆ ਕੇ ਠਹਿਰ ਗਈ
ਪਾਣੀ ਗਹਿਰਾ ਸੀ, ਬਰਫ਼ ਉੱਤੇ ਤੈਰਦੀ ਰਹੀ
ਮੇਰੇ ਮੂਹਰੇ ਬਰਫ਼ ਸੀ, ਜਾਂ ਫੇਰ ਹੜ੍ਹ ਸੀ
ਮੈਂ ਕੰਢੇ 'ਤੇ ਨਹੀਂ ਸਾਂ
ਮੈਂ ਪਾਣੀ ਸੀ ਅਤੇ ਅਰਚਨਾ ਹੜ੍ਹ ਸੀ

### • *ਸੁਹਾਗ ਰਾਤ*

ਸੁਹਾਗ ਰਾਤ : ਇਕ ਦਸਤਾਵੇਜ਼
ਜਿਸ 'ਤੇ ਅਸੀਂ ਹਸਤਾਖ਼ਰ ਕਰ ਦਿੱਤੇ ਹਨ
ਅਤੇ ਅੱਜ ਤੋਂ ਅਸੀਂ ਅਮਰ ਹਾਂ

ਤੂੰ ਮੈਥੋਂ ਪੁੱਛਦੀ ਹੈਂ—
ਸਰੀਰ ਹਿਲਦੇ ਕਿਉਂ ਹਨ
ਰਾਤ ਲੰਮੀ ਕਿਉਂ ਨਹੀਂ
ਮੈਂ ਤੈਥੋਂ ਪੁੱਛਦਾ ਹਾਂ—
ਟੰਗਾਂ ਸੋਹਣੀਆਂ ਕਿਉਂ ਹੁੰਦੀਆਂ ਹਨ
ਇੰਦਰੀਆਂ ਗੂੰਗੀ ਕਿਉਂ ਨਹੀਂ
ਬੁੱਲ੍ਹਾਂ ਦੀ ਜ਼ੁਬਾਨ ਕੀ ਹੈ

ਇਨ੍ਹਾਂ ਸਾਰੇ ਸਵਾਲਾਂ ਦੇ ਜੁਆਬ—
ਤੇਰਾ ਸਰੀਰ, ਮੇਰਾ ਜਿਸਮ
ਅਤੇ ਅੱਜ ਦੀ ਇਹ ਸੁਹਾਗਰਾਤ

ਸਾਡੀ ਮੁਹੱਬਤ ਦਾ ਅਨੁਵਾਦ
ਜਿਸ ਭਾਸ਼ਾ ਵਿਚ ਹੋ ਰਿਹਾ ਹੈ
ਉਸ ਨੂੰ ਨਾ ਤਾਂ ਤੂੰ
ਜਾਣਦੀ ਹੈਂ ਅਤੇ ਨਾ ਹੀ ਮੈਂ
ਫੇਰ ਵੀ ਅਸੀਂ ਸਮਝ ਰਹੇ ਹਾਂ
ਕਿ ਸਾਡੀਆਂ ਪੁੜਪੁੜੀਆਂ ਲਾਲ ਹਨ
ਅੱਖਾਂ ਸੁੱਜ ਗਈਆਂ ਹਨ
ਸਾਡੇ ਲਬ ਫਟ ਗਏ ਹਨ
ਗੱਲਾਂ ਫੁੱਲ ਚੁੱਕੀਆਂ ਹਨ
ਜਿਸਮ ਸਾਡੇ ਨੱਚ ਰਹੇ ਹਨ
ਅਸੀਂ ਇਕ ਨਹੀਂ, ਦੋ ਨਹੀਂ
ਪੂਰਾ ਵਿਸ਼ਵ ਹਾਂ

ਸਾਡਾ ਸਮੁੰਦਰ ਨਾਲ ਕੋਈ ਵੈਰ ਨਹੀਂ
ਖ਼ਲਾਅ ਸਾਡਾ ਵਿਰੋਧੀ ਨਹੀਂ
ਕਿਉਂਕਿ ਅਸੀਂ ਅਮਰ ਹਾਂ
ਅਨੰਤ ਹੈ ਪਿਆਰ ਅਸਾਡਾ


## • ਵੀਣਾਂ ਦੇ ਤਾਰ

ਉਸ ਦੀ ਵੀਣਾਂ ਦੇ ਤਾਰ
ਖ਼ਾਮੋਸ਼ ਸਨ ਸਦੀਆਂ ਤੋਂ
ਵੱਜ ਉੱਠੇ ਚਾਣਚੱਕ ਅੱਜ ਰਾਤ

ਉਸ ਦਿਨ ਹਿਮਾਲਿਆ ਪਰਬਤ ਦੇ ਸਾਰੇ ਗਲੇਸ਼ੀਅਰ
ਪੰਘਰ ਗਏ ਹੋਣਗੇ ਜ਼ਰੂਰ
ਸਾਰੀ ਦੀ ਸਾਰੀ ਧਰਤੀ ਭੂਚਾਲ ਨਾਲ ਕੰਬ ਗਈ ਹੋਊ
ਐਟਮ ਬੰਬ ਦਾ ਇਕ ਗੋਲਾ ਜਦੋਂ ਉਸਦੇ ਦਿਲ 'ਤੇ ਆ ਡਿੱਗਿਆ
ਮਹਾਂ ਪਰਲੋ ਮਚ ਗਿਆ ਸੀ ਉਸ ਦਿਨ
ਇਸ ਆਸ਼ਿਕ ਨੂੰ ਮਿਲ ਗਈ ਸੀ ਇਕ ਪਿਆਰੀ ਜਿਹੀ ਮਹਿਬੂਬ

ਵੀਣਾਂ ਦੀ ਅਦਭੁਤ ਲਹਰੀ : ਛੰਮਛੰਮ ਨੱਚੀ
ਮਲਹਾਰ ਰਾਗ ਗਾਉਂਦੇ ਭਾਦੋਂ ਦੇ ਬੱਦਲ
ਟੁੱਟ-ਟੁੱਟ ਮੀਂਹ ਬਣ ਡਿੱਗੇ
ਸੁੱਕੀ ਧਰਤ ਦੀ ਜਨਮਾਂ ਦੀ ਪਿਆਸ
ਮਿਟ ਗਈ ਨਾਲੇ ਆਸ਼ਿਕ ਨੂੰ
ਜਿੰਦੜੀ ਮਿਲੀ ਪਿਆਰੀ

•



## • *ਨਾਨਕ*

ਤ੍ਰੇਲ ਤੁਪਕੇ
ਅੰਦਰਲੀ
ਪਾਰਦਰਸ਼ੀ ਸਮਾਧੀ॥

"ਕੁੰਨ"
ਵਿਚਲਾ
ਖ਼ਾਲਸਾ॥

ਲਬਾ-ਲਬ
ਦੁੱਧ ਛੰਨੇ
ਤਰਦੀ ਚਮੇਲੀ॥

ਕਿਰਤ 'ਚ
ਗੁੱਧੀ
ਅੰਮ੍ਰਿਤ ਬੂੰਦ॥

'ਗੁਰੂ ਘਰੋਂ' ਬਾਹਰ
ਰੁਮਕਦੀ
'ਵਾ-ਧੁਪੀਲੀ॥

ਟੱਲ, ਬਾਂਗ, ਸੰਖ
ਵਿਚਲੀ
ਚੁੱਪ॥

'ਤੇਰ੍ਹਾਂ' ਤੋਂ 'ਤੇਰਾ'
ਦਾ
ਸਫ਼ਰਨਾਮਾ॥

ਰੂਹਾਂ
ਅੰਦਰਲਾ
ਕਰਤਾਰਪੁਰ॥

## • *ਪੂਰਨਮਾਸ਼ੀ*

ਉਸ ਨੇ
ਦੁਨੀਆ ਵਿਹੜੇ
ਮਹਿਬੂਬ ਵਾਂਗ ਕਦਮ ਧਰਿਆ
ਮੱਸਿਆ ਦਾ ਨੇਰ੍ਹ
ਪੂਰਨਮਾਸ਼ੀ ਹੋ ਗਿਆ॥

ਉਸ ਨੇ
ਸੱਚ ਦੇ ਮੁਖੜੇ ਤੋਂ
ਨੇਰ੍ਹੇ...ਜਦ
ਰਬਾਬ ਦੀਆਂ ਸੁਰਾਂ ਨਾਲ ਕੀਤੇ ਪਰ੍ਹੇ
ਤਦ...
ਅਠਾਹਠ ਤੀਰਥ
ਮੱਕੇ-ਮਦੀਨੇ
ਸਭ, ਸਿੱਧ-ਬੁੱਧ ਮਤੇ
ਆਦਿ ਸੱਚ-ਜੁਗਾਦਿ ਸੱਚ
ਕਹਿ ਉੱਠੇ !!


ਉਸ ਨੇ
ਪ੍ਰੀਤ-ਭਿੱਜੀ ਰੂਹ ਦੇ ਹੱਥਾਂ ਨਾਲ
ਦਰ ਖੜਕਾਏ
ਠੱਗਾਂ 'ਚੋਂ ਸੱਜਣ
ਹੰਕਾਰੀਆਂ 'ਚੋਂ ਕੰਧਾਰੀ
ਜਾਬਰਾਂ 'ਚੋਂ ਬਾਬਰ
ਬਾਹਰ ਆਏ॥

ਉਸ ਨੇ
ਮਿੱਠਤ ਨੀਵੀਂ 'ਵਾਜ ਨਾਲ
ਹਾਕ ਮਾਰੀ
ਜੋਗੀ ਪਹਾੜੋਂ ਉਤਰ ਆਏ
ਸੁਮੇਰ ਉੱਤੇ ਸਵੇਰ ਹੋ ਗਈ॥

ਉਸ ਦੇ ਗਲ ਲਗ ਕੇ

ਕਿਰਤੀ ਲਹਿਣੇ
ਸੱਚੇ-ਪਾਤਸ਼ਾਹ ਹੋ ਗਏ
ਕੋਧਰੇ ਦੀਆਂ ਰੋਟੀਆਂ 'ਚੋਂ ਚਾਨਣ ਸਿੰਮਿਆ
'ਮਰ ਜਾਣਾ' 'ਮਰਦਾ-ਨਾ' ਬਣਿਆ॥

ਉਸ ਨੇ
ਦੁਨੀਆ ਵਿਹੜੇ
ਮਹਿਬੂਬ ਵਾਂਗ ਕਦਮ ਧਰਿਆ
... ... ...
ਮੱਸਿਆ ਦਾ ਨੇਰ੍ਹ
ਪੂਰਨਮਾਸ਼ੀ ਹੋ ਗਿਆ



### • *ਅਣਫਿਰਿਆ ਮੱਕਾ*

ਉਦਾਸੀ ਲੰਮੀ ਸੀ—
ਔਝੜ ਸਫ਼ਰ॥

'ਮੱਕੇ' ਨੈਣੀ ਭਰਨੀ ਸੀ
'ਅੰਮ੍ਰਿਤ-ਸਰੀ' ਨਜ਼ਰ॥

'ਮੱਕਾ ਫਿਰਿਆ'
ਉਹਦਾ ਦਹਿ-ਦਿਸੇਰਾ 'ਅੰਮ੍ਰਿਤਸਰੀਆ'॥

ਬਾਬਾ ਅਤੇ ਮਰਦਾਨਾ
ਮੁੜ, ਔਝੜ ਸਫ਼ਰ ਝਾਗ ਪਿੰਡ ਪਰਤੇ
...ਤਾਂ ਭਾਣਾ ਵਰਤਿਆ ਪਿਆ ਸੀ

'ਅੰਮ੍ਰਿਤਸਰ' ਬਸ ਇਕ ਤਲਾਅ ਸੀ
ਉਸ ਦੀ 'ਅਣਫਿਰੇ' ਮੱਕੇ ਆਲੀ ਮਾਨਤਾ ਸੀ

ਉਦਾਸੀ ਲੰਮੀ ਸੀ

### • *ਖੰਡ-ਪਾਠ*

ਕੱਚੇ ਰਾਹੇ ਪਿੰਡੇ ਦੇ
ਛੋਟੇ ਸੁੱਚੇ ਸੁੱਚੇ ਜਲ ਦੇ
ਨੰਗੇ ਨੰਗੇ ਪੈਰ ਪਿਤਾ
ਸਿਰ 'ਤੇ ਗੁਰੂ ਗ੍ਰੰਥ
ਸੁੱਚੇ ਸੁੱਚੇ ਕਦਮ ਪੁੱਟਦਾ

ਇਕ ਪਿਤਾ ਸਿਰ ਗ੍ਰੰਥ ਚਾਇਆ
ਇਕ ਪਿਤਾ
ਸੁੱਚੇ ਜਲ ਸਮਾਇਆ

ਇਕ ਮਾਤ ਉਡੀਕੇ
ਦਰਾਂ ਦੇ ਅੰਦਰਵਾਰ
ਹੱਥ ਸ਼ੀਸ਼ੀ ਤੇਲ ਦੀ
ਇਕ ਮਾਤ
ਨੰਗੇ ਨੰਗੇ ਪੈਰ ਪਿਤਾ, ਹੇਠ ਵਿਛੀ
ਸੁੱਚੇ ਸੁੱਚੇ ਜਲਾਂ ਨਾਲ
ਕੁੱਖ ਜਿਸ ਦੀ ਤ੍ਰਿਪਤਦੀ

ਭਾਈ 'ਸੰਖ' ਪੂਰਦਾ
ਵਿਚ ਕੁੰਨ ਨਾਦ
ਜ਼ਾਹਿਰਾ ਜ਼ਹੂਰ ਦਾ

ਧੁੱਪੀ ਧੁੱਪੀ ਪੌਣ ਰੁਮਕਦੀ
ਮਹਿਕੀ ਮਹਿਕੀ ਗੁਰ-ਸ਼ਬਦ ਦੀ
ਗਗਨ ਚੰਦੋਆ ਤਣਿਆ
ਕੱਚੇ ਰਾਹ ਦਾ ਰੁੱਖ ਰੁੱਖ, ਚੌਰ ਬਣਿਆ
ਜ਼ੱਰਾ ਜ਼ੱਰਾ ਗੁਰ-ਵਾਕ
ਦਹਿਦਿਸ 'ਆਖੰਡ ਪਾਠ'

ਸਿਰ ਗ੍ਰੰਥ ਚਾਈ ਪਿਤਾ
ਚਾਰ ਦੁਆਰੀ ਵੱਲ ਵਧ ਰਿਹਾ
ਮੂਹਰੇ ਦਰ ਲੋਹੇ ਦਾ
ਵਿਚ ਖੜ੍ਹੀ ਉਡੀਕੇ ਮਾਤਾ
ਤੇਲ ਚੋਣ ਲਈ
ਅੰਦਰ
ਕੰਧਾਂ ਵਿਚ ਮੇਖਾਂ ਬੱਧੀ ਚਾਨਣ ਹੇਠ
ਰੌਲਾਂ ਦੀ ਲਿਸਟ, ਉਡੀਕਦੀ
ਇਕ-ਪਾਠ 'ਖੰਡਿਤ' ਕਰਨ ਲਈ

•



## • *ਧੁੱਪ ਧੁੰਦ ਦੇ ਗਲੋਟੇ*

ਕਦੇ
ਤਿੱਖੜ ਧੁੱਪ ਹੁੰਮਸ
ਕਦੇ
ਸਰਦ ਰੁੱਤ
ਧੁੰਦ ਦੀ ਚਾਦਰ ਚਿੱਟੀ
ਵਿਛੀ ਹੁੰਦੀ
ਮਾਂ ਕੱਤਦੀ

ਕੱਤਦੀ ਕੱਤਦੀ
ਮਾਂ ਦੀ ਬਾਂਹ
ਉੱਪਰ ਵੱਲ ਨੂੰ ਜਾਂਦੀ
ਨਾਅਰਾ
ਮੋਰਚਾ
ਰੁੱਤਾਂ ਦੇ ਖ਼ਿਲਾਫ਼
ਤੇ
ਉਹ ਲਾਹ ਲਾਹ ਗਲੋਟੇ
ਬੋਹੀਏ ਵਿਚ ਧਰੀ ਜਾਂਦੀ
ਧੁੱਪ
ਧੁੰਦ ਦੇ ਵੀ

## • ਸਰੀਰ ਦਾਨ ਦੀ ਵਸੀਅਤ

ਮੈਂ
ਹਸਪਤਾਲੋਂ ਘਰ ਸੀ ਆਇਆ
ਮੈਨੂੰ ਘਰੋਂ ਹਸਪਤਾਲ ਹੀ ਭੇਜ ਦੇਣਾ

ਭੀੜ ਲੋਕਾਂ ਦੀ ਨਹੀਂ
ਕਾਫ਼ਲਾ ਸੋਚਾਂ ਦਾ ਹੋਵੇਗਾ ਨਾਲ ਮੇਰੇ

ਮੇਰੀਆਂ ਕਾਲੀਆਂ ਚਿੱਟੀਆਂ ਅੱਖਾਂ
ਦਿਖਾਉਣਗੀਆਂ ਜੱਗ ਦੀ ਰੌਸ਼ਨੀ ਕਿਸੇ ਨੂੰ

ਮੇਰੇ ਗੁਰਦਿਆਂ ਨਾਲ
ਸ਼ਾਇਦ ਕੁਝ ਲੋਕਾਂ ਨੂੰ
ਸ਼ਾਫ਼ ਹੋਵੇਗਾ ਇਹ ਵੀ
ਕਿ ਜੀ ਸਕਦਾ ਇਨ੍ਹਾਂ ਨਾਲ
ਮਰ ਰਿਹਾ ਕੋਈ

ਇਹ ਕੰਮ 'ਦਿਲ ਜਿਗਰ' ਨਾਲ ਹੀ
ਹੋਵੇਗਾ ਪੂਰਾ


ਲਾਈਟਾਂ ਜਗਣਗੀਆਂ
(ਓਪਰੇਸ਼ਨ) ਥੀਏਟਰ ਦੀਆਂ
ਮਰ ਕੇ ਵੀ ਨਿਭਾਵਾਂਗਾ ਇਕ ਕਿਰਦਾਰ
ਨਵੀਂ ਰੌਸ਼ਨੀ ਮਿਲੇਗੀ
ਜਿਸਮ ਮੇਰੇ 'ਚੋਂ

ਚਾਨਣ ਕਰਕੇ ਜਾਵਾਂ
ਧੂੰਆਂ ਨਹੀਂ

## • ਸ਼ਾਪਿੰਗ ਮਾਲ

ਮਾਲ ਦਾ ਆਕ੍ਰਸ਼ਣ
ਖਿੱਚਦਾ ਅੰਦਰ
ਪੌੜੀਆਂ ਵੀ ਇਹੀ ਦੱਸਦੀਆਂ
ਇਕ ਵਾਰੀ ਖੜ੍ਹੇ ਹੋਵੋ
ਪਹੁੰਚਾ ਅਸੀਂ ਦੇਵਾਂਗੀਆਂ

ਮੱਧਵਰਗ
ਉਥੇ ਨਿਮਨ ਵਰਗ ਮਹਿਸੂਸ ਕਰਦਾ
ਗੁੱਡ ਮਾਰਨਿੰਗ
ਕਹਿੰਦੀਆਂ ਕੁੜੀਆਂ



ਲੱਗਦਾ
ਜਾਗਣ ਲਈ ਕਹਿੰਦੀਆਂ
ਮਹਿੰਗੀਆਂ ਖਰੀਦਣ ਤੋਂ ਦੂਰੀ ਦੱਸਦੀ
ਕਿ ਵਕਤ ਕਿਨ੍ਹਾਂ ਦਾ ਹੈ

ਮਹਿੰਗੇ ਖਿਡਾਉਣੇ
ਖੇਡਦੇ ਬੱਚਿਆਂ ਨਾਲ

ਆਉਂਦਿਆਂ ਨੂੰ ਹੋਈ ਰਾਤ
ਮਾਲ 'ਚ ਜਗਮਗ ਜਗਮਗ
ਸੱਚੀਂ ਦਿਨ ਦਾ ਫ਼ਾਸਲਾ

ਅੱਜ ਸ਼ੋਅ ਰੂਮ
ਦੇਖਣ ਦਿਖਾਉਣ ਵਾਲੇ ਕਮਰੇ ਹੀ ਲੱਗੇ

• *ਰੱਸਾ*

ਕ੍ਰਾਂਤੀਕਾਰੀ ਫਾਂਸੀ ਲੱਗਣ ਵੇਲੇ ਸੋਚਦਾ
ਇਹ ਫਾਹੇ ਵਾਲਾ ਰੱਸਾ
ਕਿਸੇ ਮਜ਼ਦੂਰ ਨੇ ਬਣਾਇਆ ਹੋਣਾ
ਸ਼ਾਇਦ ਉਸ ਨੇ ਖ਼ੁਸ਼ ਹੁੰਦਿਆਂ ਸੋਚਿਆ ਹੋਣਾ:


ਇਸ ਰੱਸੇ ਨੇ ਕਿੰਨੇ ਲੋਕਾਂ ਦੇ ਕੰਮ ਆਉਣਾ
ਪਤਾ ਨਹੀਂ ਕੀ ਕੀ ਆਪਸ ਵਿਚ ਜੋੜਨਾ
ਪਤਾ ਨਹੀਂ ਕੀ ਕੀ ਬੰਨ੍ਹਣਾ

ਉਹ ਸਹੀ ਹੀ ਸੋਚਦਾ ਸੀ
ਕਿੰਨੇ ਲੋਕਾਂ ਦੇ ਕੰਮ ਆਉਣਾ
ਇਸ ਰੱਸੇ ਨੇ
ਕਿੰਨੇ ਲੋਕਾਂ ਨੂੰ ਜੋੜੇਗਾ
ਕਿੰਨੇ ਲੋਕਾਂ ਨੂੰ ਆਪਸ ਵਿਚ ਬੰਨ੍ਹੇਗਾ
ਮੇਰਾ ਗਲ ਘੁੱਟਣ ਤੋਂ ਬਾਅਦ
ਮੈਨੂੰ ਮਾਰਨ ਤੋਂ ਬਾਅਦ
ਜਦ ਲੋਕਾਂ ਵਿਚ ਚੇਤਨਾ ਆਵੇਗੀ
ਆਪਣੇ ਹੱਕਾਂ ਲਈ

•

 ਮੋਨਿਕਾ ਕੁਮਾਰ

(11.9.1977) ਨਕੋਦਰ ਤੋਂ ਅਤੇ ਹੁਣ ਚੰਡੀਗੜ੍ਹ
ਰੀਜਨਲ ਕਾਲਜ ਓਫ਼ ਇੰਗਲਿਸ਼ ਵਿਚ ਅਸਿਸਟੈਂਟ ਪ੍ਰੋਫ਼ੈਸਰ ਹਨ।



## • ਲੰਚ ਟਾਈਮ

ਰੋਟੀ ਦਾ ਟਾਇਮ ਹੋਇਆ
ਮੈਂ ਵੀ ਡੱਬਾ ਖੋਲ੍ਹ ਲਿਆ ਏ
ਇਸ ਡੱਬੇ ਵਿਚ ਕੋਈ ਅਚਰਜ ਨਹੀਂ ਛਿਪਿਆ
ਸਵੇਰੇ ਆਪ ਹੀ ਬੰਨ੍ਹਿਆ ਸੀ
ਦਿਨ ਸੋਹਣਾ ਟੱਪਿਆ ਏ ਹੁਣ ਤਕ
ਸੋਹਣੇ ਦਿਨ ਦੀ ਅਰਦਾਸ ਵੀ ਕਾਹਲੀ 'ਚ ਅੱਜ ਰਹਿ ਗਈ ਸੀ
ਅੱਗੋਂ ਵੀ ਰੱਬ ਖ਼ੈਰ ਕਰੇ
ਚਾਰਾਂ ਪੰਜਾਂ ਘੰਟਿਆਂ 'ਚ
ਡੱਬੇ ਵਿਚ ਪਈ ਰੋਟੀ ਦਾ ਰੂਪ ਬਦਲ ਜਾਂਦਾ ਏ
ਇਹ ਨਿਰੀ ਠੰਡੀ ਨਹੀਂ
ਸਗੋਂ ਬੇਹੋਸ਼ ਲੱਗਦੀ ਏ
ਹੌਲੀ ਹੌਲੀ ਛੋਹ ਨਾਲ ਕੂਲੀ ਹੁੰਦੀ ਏ
ਕਿਸੇ ਵੇਲੇ ਮੇਰੀ ਛੋਹ ਮੁੱਕ ਜਾਂਦੀ ਏ
ਗੁੱਝੇ ਆਟੇ ਨੂੰ ਮੁੱਕੀਆਂ ਦੇ ਕੇ
ਪੇੜੇ ਨੂੰ ਤਲੀਆਂ 'ਤੇ ਨਰਮਾ ਕੇ
ਵੇਲੀ ਰੋਟੀ ਨੂੰ ਉਂਗਲਾਂ 'ਤੇ ਟਪਾ ਕੇ
ਫੁਲਕੇ ਨੂੰ ਤਵੇ 'ਤੇ ਫੁਲਾ ਕੇ
ਫੁਲਕੇ ਨੂੰ ਡੱਬੇ ਜੋਗਾ ਚੌੜਾ ਕਰ ਕੇ
ਘਰ ਦੀ ਹਰ ਚੀਜ਼ ਛੋਹ ਤੋਂ ਬਿਨਾਂ ਪਹਿਲਾਂ ਬੇਹੋਸ਼
ਫੇਰ ਮੁਰਦੀ ਹੋਣ ਲੱਗਦੀ ਏ
ਮੈਨੂੰ ਕਦੇ ਕਦੇ ਇਹ ਵੀ ਅਰਦਾਸ ਕਰਨੀ ਚਾਹੀਦੀ ਏ
ਰੱਬਾ ਮੈਨੂੰ ਛੋਹ ਦੇ
ਛੋਹ ਦੇ ਸੋਤੇ ਸੁੱਕ ਰਹੇ ਨੇ

ਰੋਟੀ ਦੀ ਗਰਮੀ ਹੁਣ ਪਰਤ ਆਈ ਏ
ਦਫ਼ਤਰ ਤੋਂ ਦੂਰ ਕਿਤੇ ਗੀਤ ਵੱਜ ਰਿਹਾ

ਮੇਰੇ ਤਕ ਕੇਵਲ ਉਸ ਦੀ ਢੋਲਕ ਪੁੱਜ ਰਹੀ
ਜਿੰਨੀ ਹਵਾ ਸਮੋ ਸਕੇ
ਰੋਟੀ ਖਾਂਦਿਆਂ
ਬੜੇ ਦਿਨਾਂ ਤੋਂ ਟਾਲਿਆ ਕੋਈ ਲੇਖ ਪੜ੍ਹ ਰਹੀ

ਰੋਟੀ ਦਾ ਡੱਬਾ ਖ਼ਾਲੀ ਹੋ ਗਿਆ
ਇੰਜ ਲਗਦਾ ਏ ਜਿਵੇਂ ਇਸ ਨੂੰ ਕੋਈ ਹੋਰ ਖਾ ਗਿਆ

### • *'ਭਾ ਮਾਰਨਾ'*

'ਭਾ ਮਾਰਨਾ' ਵਾਕੰਸ਼ ਮੈਨੂੰ ਪਿਆਰਾ ਲੱਗਦਾ ਹੈ
ਮਾਂ ਖ਼ੁਸ਼ ਹੋ ਕੇ ਕਹਿੰਦੀ ਏ—
ਉਹਦੀ ਕਮੀਜ਼ ਦੇ ਹਰੇ ਵਿਚ ਨੀਲਾ ਭਾ ਮਾਰਦਾ ਹੈ
ਭਾ ਮਾਰਦੇ ਰੰਗਾਂ ਦੀ ਕਮੀਜ਼ ਪਾ ਕੇ ਉਸ ਨੂੰ ਚੰਗਾ ਲੱਗਦਾ ਹੈ
ਭਾ ਮਾਰਦੇ ਰੰਗਾਂ ਵਿਚ ਲੱਗਦਾ ਏ ਜਿਵੇਂ ਦੁਨੀਆ ਤੇ ਇਕੱਲਾ ਕੁਝ ਵੀ ਨਹੀਂ
ਕੋਈ ਹੈ ਜੋ ਸਾਡੇ 'ਚੋਂ ਝਾਕ ਰਿਹਾ
ਪਰ ਪੂਰੀ ਤਰ੍ਹਾਂ ਨਹੀਂ ਦਿਸ ਰਿਹਾ

ਨਕੋਦਰ ਦੀਆਂ ਮਸੀਤਾਂ
ਬੜੀ ਪੁਰਾਣੀ ਕਹਾਣੀ ਦੀ ਭਾ ਮਾਰਦੀਆਂ ਨੇ
ਇਹ ਉੱਪਰੋਂ ਭੁਰ ਰਹੀਆਂ
ਪਰ ਵਿਚੋਂ ਗਿੱਲੀਆਂ ਨੇ
ਕੋਠੇ ਤੋਂ ਜੇਕਰ ਤੁਸੀਂ ਇਹ ਮਸੀਤਾਂ ਵੇਖੋ
ਤਾਂ ਹੋ ਸਕਦਾ ਉਸ ਵੇਲੇ ਕੋਈ ਪਖੇਰੂ ਮਸੀਤ 'ਤੇ ਬੈਠਾ ਹੋਵੇ
ਇਹ ਵੇਲਾ ਹੈ ਤੁਸੀਂ ਹੇਠਾਂ ਲਹਿ ਜਾਓ
ਜੇ ਤੁਸੀਂ ਇਥੇ ਹੋਰ ਖਲੋਤੇ
ਤਾਂ ਇਹ ਦ੍ਰਿਸ਼ ਤੁਹਾਡੇ ਮਨ 'ਤੇ ਛਪ ਜਾਵੇਗਾ
ਤੁਸੀਂ ਦਰ-ਬ-ਦਰ ਇਸ ਦ੍ਰਿਸ਼ ਦੀ ਭਾ ਮਾਰੋਗੇ
ਦੂਰ ਦੇਸ ਕਿਸੇ ਇਮਾਰਤ ਦੀ ਛੱਤ 'ਤੇ ਖੜ੍ਹਿਆਂ
ਉਹ ਸ਼ਹਿਰ ਨਹੀਂ
ਮਸੀਤ 'ਤੇ ਬੈਠਾ ਪਖੇਰੂ ਦਿਖੇਗਾ

'ਭਾ ਮਾਰਨਾ' ਵਾਕੰਸ਼ ਦੱਸਦਾ ਹੈ
ਦੁਨੀਆ 'ਚ ਇਕੱਲਾ ਕੁਝ ਵੀ ਨਹੀਂ
ਸਾਡੇ ਅੱਥਰੂ ਬੜੇ ਪੁਰਾਣੇ ਨੇ
ਸਾਡੇ ਹਓਕੇ ਵਿਚ ਕੋਈ ਆਦਿਮ ਹੂਕ ਹੈ
ਜਿਨ੍ਹਾਂ ਥਾਵਾਂ ਤੋਂ ਅਸੀਂ ਵਿਛੜ ਆਏ
ਉਨ੍ਹਾਂ ਥਾਵਾਂ ਦੇ ਲੋਕ
ਸਾਡੇ ਹਾਸਿਆਂ ਰੋਣਿਆਂ ਵਿਚ
ਭਾ ਮਾਰਦੇ ਰਹਿੰਦੇ ਨੇ

•

# ਮਿਸ਼ਲ ਲੂ ਲੈਂਜੋਨੇ

*-ਫਰਾਂਕਾ ਰੇਮ ਤੇ ਡੇਰੀਓ ਫੋ*



ਸਭ ਤੋਂ ਅਹਿਮ ਚੀਜ਼, ਜਿਹੜੀ ਮੈਂ ਵੇਖਣਾ ਚਾਹੁੰਦੀ ਹਾਂ, ਜਿਹਦੀ ਮੈਂ ਮੰਗ ਕਰਦੀ ਹਾਂ (ਜਾਂ ਜਿਹਦੇ ਲਈ ਮੈਂ ਲੜਨਾ ਚਾਹੁੰਦੀ ਹਾਂ) ਉਹ ਹੈ, ਹਰ ਥਾਂ 'ਤੇ ਔਰਤਾਂ ਲਈ ਇੱਜ਼ਤ; ਘਰਾਂ ਵਿਚ, ਗਲੀਆਂ ਵਿਚ, ਸੇਜਾ 'ਤੇ।

*-ਫਰਾਂਕਾ ਰੇਮ* (ਬੀ.ਬੀ.ਸੀ. ਨੂੰ ਦਿੱਤੀ ਇਕ ਇੰਟਰਵਿਊ 'ਚੋਂ)

ਅਸਲੀ ਸਮਾਜਵਾਦ ਬੰਦੇ ਦੇ ਅੰਦਰ ਹੁੰਦੈ। ਇਹ ਮਾਰਕਸ ਨਾਲ ਨਹੀਂ ਸੀ ਜੰਮਿਆ। ਇਹ ਮੌਜੂਦ ਸੀ ਮੱਧਕਾਲੀਨ ਸਮਿਆਂ ਦੀਆਂ ਇਟਲੀ ਦੀਆਂ ਕਮਿਊਨਾਂ ਵਿਚ...ਤੇ ਤੁਸੀਂ ਇਹ ਨਹੀਂ ਕਹਿ ਸਕਦੈ, ਇਹ ਖ਼ਤਮ ਹੋ ਗਿਐ।

• • •

ਹੱਦਾਂ ਤੇ ਸਰਹੱਦਾਂ ਦੀ ਗੱਲ ਕਰਨੀ, ਇਹ ਬਹੁਤ ਖ਼ਤਰਨਾਕ ਹੁੰਦੀ ਐ। ਜ਼ਰੂਰੀ ਹੈ ਕਿ ਅਸੀਂ ਖੁੱਲ੍ਹੇ ਦਿਨਾਂ ਵਾਲੇ ਹੋਈਏ, ਪੂਰੇ ਦੇ ਪੂਰੇ ਖੁੱਲ੍ਹੇ ਦਿਲਾਂ ਤੇ ਖੁੱਲ੍ਹੇ ਮਨਾਂ ਵਾਲੇ ਤੇ ਆਪਣੇ ਆਲੇ-ਦੁਆਲੇ ਹੋਣ ਵਾਲੇ ਕਾਰਿਆਂ ਵਿਚ ਡੂੰਘਾ ਖੁਭੀਏ ਤੇ ਸਾਡਾ ਨਿਸ਼ਾਨਾ ਇਹ ਹੋਵੇ ਕਿ ਅਸੀਂ ਸਮਾਜਿਕ ਕਾਰਜਾਂ ਵਿਚ ਹਿੱਸਾ ਲੈਣਾ ਏ।

*-ਡੇਰੀਓ ਫੋ*

# ਮਿਸ਼ਲ ਲੂ ਲੈਂਜੋਨੇ

ਇਟਲੀ ਦੇ ਰੰਗਕਰਮੀ/ਨਾਟਕਕਾਰ **ਫਰਾਂਕਾ ਰੇਮ** (1928-2013) ਅਤੇ ਉਹਦਾ ਜੀਵਨ ਸਾਥੀ **ਡੇਰੀਓ ਫੋ** (ਉਨ੍ਹਾਂ ਦਾ ਵਿਆਹ 1954 ਵਿਚ ਹੋਇਆ) ਸਾਰੀ ਉਮਰ ਆਪਣੇ ਨਾਟਕਾਂ ਰਾਹੀਂ ਦੱਬੇ ਕੁਚਲੇ ਗਏ ਲੋਕਾਂ ਦੇ ਹੱਕ ਵਿਚ ਲੜਦੇ ਰਹੇ ਹਨ। ਡੇਰੀਓ ਫੋ ਰੇਲ ਮਜ਼ਦੂਰ ਦਾ ਪੁੱਤਰ ਹੈ ਤੇ ਫਰਾਂਕਾ ਰੇਮ ਯਾਤਰਾ-ਨਾਟਕ ਕਰਨ ਵਾਲਿਆਂ ਦੀ ਧੀ। ਆਪਣੇ ਨਾਟਕਾਂ ਦੇ ਮਿਜ਼ਾਜ਼ ਕਰਕੇ ਉਨ੍ਹਾਂ ਨੂੰ ਨਵ-ਫਾਸ਼ਵਾਦੀਆਂ ਦੇ ਹਮਲਿਆਂ ਦਾ ਸਾਮ੍ਹਣਾ ਕਰਨਾ ਪਿਆ। ਲਗਭਗ 1970 ਤਕ ਉਹ ਇਟਲੀ ਦੀ ਕਮਿਊਨਿਸਟ ਪਾਰਟੀ ਦੀਆਂ ਸਭਿਆਚਾਰਕ ਤਨਜ਼ੀਮਾਂ ਨਾਲ ਰਲ ਮਿਲ ਕੇ ਕੰਮ ਕਰਦੇ ਰਹੇ ਤੇ ਬਾਅਦ ਵਿਚ ਉਨ੍ਹਾਂ ਨੇ ਆਪਣੀ ਨਾਟਕ ਕੰਪਨੀ 'ਲਾ ਕਮਿਊਨ' ਬਣਾਈ। ਉਨ੍ਹਾਂ ਦੇ ਨਾਟਕਾਂ ਨੇ ਇਟਲੀ ਦੀ ਖੱਬੇ-ਪੱਖੀ ਸਿਆਸਤ ਦੇ ਨਕਸ਼ ਉਲੀਕਣ ਵਿਚ ਵੱਡਾ ਹਿੱਸਾ ਪਾਇਆ। ਅਮਰੀਕਾ ਨੇ ਬੜੀ ਲੰਬੀ ਦੇਰ ਤਕ ਫਰਾਂਕਾ ਰੇਮ ਤੇ ਡੇਰੀਓ ਫੋ ਦੇ ਅਮਰੀਕਾ ਆਉਣ ਅਤੇ ਨਾਟਕ ਕਰਨ 'ਤੇ ਪਾਬੰਦੀ ਲਾ ਰੱਖੀ। ਡੇਰੀਓ ਫੋ ਨੂੰ 1997 ਵਿਚ ਨੋਬਲ ਇਨਾਮ ਮਿਲਿਆ।

ਫਰਾਂਕਾ ਰੇਮ ਆਪਣੇ ਆਪ ਵਿਚ ਇਕ ਸ਼ਕਤੀਸ਼ਾਲੀ ਸਿਆਸੀ ਸ਼ਖ਼ਸੀਅਤ ਤੇ ਔਰਤਾਂ ਦੇ ਹਕੂਕ ਦੇ ਪੱਖ ਵਿਚ ਬੋਲਣ ਵਾਲੀ ਜ਼ੋਰਦਾਰ ਆਵਾਜ਼ ਸੀ। ਉਹਨੇ ਤੇ ਡੇਰੀਓ ਫੋ ਇਕ-ਪਾਤਰੀ ਔਰਤ-ਨਾਟਕ ਲਿਖੇ ਤੇ ਪੇਸ਼ ਕੀਤੇ। ਫਰਾਂਕਾ ਰੇਮ ਦਾ ਕਹਿਣਾ ਹੈ "ਸਭ ਤੋਂ ਅਹਿਮ ਚੀਜ਼ ਜਿਹੜੀ ਮੈਂ ਵੇਖਣਾ ਚਾਹੁੰਦੀ ਹਾਂ, ਜਿਹਦੀ ਮੈਂ ਮੰਗ ਕਰਦੀ ਹਾਂ (ਜਾਂ ਜਿਹਦੇ ਲਈ ਮੈਂ ਲੜਨਾ ਚਾਹੁੰਦੀ ਹਾਂ) ਉਹ ਹੈ ਹਰ ਥਾਂ 'ਤੇ ਔਰਤਾਂ ਲਈ ਇੱਜ਼ਤ; ਘਰਾਂ ਵਿਚ, ਗਲੀਆਂ ਵਿਚ, ਪਰਿਵਾਰ ਵਿਚ, ਸੇਜਾ 'ਤੇ।" 2006 ਵਿਚ ਫਰਾਂਕਾ ਰੇਮ ਨੇ ਚੋਣ ਲੜੀ ਤੇ ਇਟਲੀ ਦੀ ਸੈਨੇਟ ਦੀ ਮੈਂਬਰ ਬਣੀ। ਦੋ ਸਾਲਾਂ ਬਾਅਦ ਉਸ ਨੇ ਸੈਨੇਟ ਤੋਂ ਅਸਤੀਫ਼ਾ ਦੇ ਦਿੱਤਾ। ਉਹਨੇ ਕਿਹਾ "ਸੈਨੇਟ ਭਾਵਨਾਵਾਂ ਨੂੰ ਸੁੰਨ ਕਰ ਦੇਣ ਵਾਲਾ ਬਰਫ਼ੀਲਾ ਡੱਬਾ ਹੈ"। ਫਰਾਂਕਾ ਰੇਮ ਤੇ ਡੇਰੀਓ ਫੋ ਦੇ ਇਕ-ਪਾਤਰੀ ਔਰਤ-ਨਾਟਕਾਂ ਵਿਚੋਂ ਇਕ ਨਾਟਕ **ਮਿਸ਼ਲ ਲੂ ਲੈਂਜੋਨੇ** ਏਥੇ ਪੇਸ਼ ਕੀਤਾ ਜਾ ਰਿਹਾ ਹੈ।

(ਸਟੂਆਰਟ ਹਾਲ ਤੇ ਗਿਲੀਅਨ ਹਨਾ ਦੁਆਰਾ ਫਰਾਂਕਾ ਰੇਮ ਤੇ ਡੇਰੀਓ ਫੋ ਦੇ ਲਿਖੇ ਇਕ ਪਾਤਰੀ ਨਾਟਕਾਂ ਦੇ ਅੰਗਰੇਜ਼ੀ ਅਨੁਵਾਦ 'ਏ ਵੋਮੈਨ ਅਲੋਨ ਤੇ ਹੋਰ ਨਾਟਕ' ਦੇ ਮੁੱਖਬੰਦਾਂ ਅਤੇ ਜਾਹਨ ਲੇਨ ਦੇ ਫਰਾਂਸਿਸ 'ਗਾਰਡੀਅਨ' ਅਖ਼ਬਾਰ ਵਿਚ ਲਿਖੇ ਲੇਖ 'ਚੋਂ)

• • •

[ਮਿਸ਼ਲ ਲੂ ਲੈਂਜੋਨੇ ਸਿਸਲੀ ਦਾ ਮਜ਼ਦੂਰ ਆਗੂ ਸੀ। 1930ਵਿਆਂ ਵਿਚ ਮਾਫ਼ੀਆ (ਗੁੰਡਿਆਂ ਦੇ ਵੱਡੇ ਗ੍ਰੋਹ) ਨੇ ਉਹਨੂੰ ਕਤਲ ਕਰ ਦਿੱਤਾ। ਉਹਦੀ ਕਹਾਣੀ ਉਹਦੀ ਮਾਂ ਸੁਣਾਉਂਦੀ ਏ। ਮਾਂ ਮੈਂਟਲ ਹਸਪਤਾਲ ਵਿਚ ਹੈ, ਜਿਥੇ ਉਹਨੂੰ ਕੈਦ ਕਰਕੇ ਰੱਖਿਆ ਗਿਆ ਹੈ।

**ਇਹ ਨਾਟਕ ਇਕੋ ਅਦਾਕਾਰ ਨੇ ਕਰਨਾ ਹੈ**, ਵੱਖਰੀਆਂ ਵੱਖਰੀਆਂ ਆਵਾਜ਼ਾਂ ਨਾਲ। ਸਾਰੇ ਕਿਰਦਾਰਾਂ ਨੂੰ ਇਕੋ ਅਦਾਕਾਰਾ ਨਿਭਾਏਗੀ, ਆਵਾਜ਼ ਦੇ ਉਤਰਾ-ਚੜ੍ਹਾਅ ਤੇ ਸੈਨਤਾਂ ਤੇ ਹਾਵਾਂ-ਭਾਵਾਂ ਦੀ ਅਦਲਾ-ਬਦਲੀ ਰਾਹੀਂ। ਹਮੇਸ਼ਾ ਮਹਾਂ-ਕਾਵਿਕ ਤਰੀਕੇ ਨਾਲ, ਕਦੇ ਵੀ ਯਥਾਰਥਵਾਦੀ ਤਰੀਕੇ ਰਾਹੀਂ ਨਹੀਂ।

ਮੰਚ ਖ਼ਾਲੀ ਹੈ, ਵਿਚਕਾਰ ਇਕ ਸਟੂਲ ਦੇ ਸਿਵਾ ਜਿਸ 'ਤੇ ਨਾਟਕ ਦੇ ਦੌਰਾਨ **ਮਿਸ਼ਲ ਦੀ ਮਾਂ** ਕਈ ਵਾਰ ਬੈਠ ਜਾਂਦੀ ਹੈ।

**ਔਰਤ ਦਾ ਪ੍ਰਵੇਸ਼**। ਉਹਦੀ ਉਮਰ ਬਾਰੇ ਅਸੀਂ ਕੁਝ ਨਹੀਂ ਕਹਾਂਗੇ। **ਉਹ ਮਿਸ਼ਲ ਦੀ ਮਾਂ ਹੈ**। ਉਸ ਦੇ ਹੱਥ ਵਿਚ ਗੁੱਡਾ ਹੈ, ਜਿਵੇਂ ਪੰਜ ਕੁ ਸਾਲ ਦਾ ਬੱਚਾ ਹੋਵੇ। ਉਹ ਸਟੂਲ 'ਤੇ ਬਹਿ ਜਾਂਦੀ ਹੈ। ਉਹ 'ਬੱਚੇ' ਦੇ ਵਾਲਾਂ ਨੂੰ ਆਪਣੇ ਹੱਥਾਂ ਨਾਲ 'ਕੰਘੀ' ਕਰਦੀ ਹੋਈ ਉਹਨੂੰ ਖਿਡਾਉਂਦੀ ਹੈ।]

**ਇਕ ਮੁੰਡੇ ਦੀ ਆਵਾਜ਼** : (ਗਾਉਂਦਾ ਹੋਇਆ)

ਮਿਸ਼ਲ ਲੂ ਲੈਂਜੋਨੇ

ਮੂਰਖਾਂ ਵਾਲੀਆਂ ਗੱਲਾਂ ਨਾ ਕਰ
ਪਾਣੀ ਨੂੰ ਵਹਿਣ ਦੇ
ਜਿਧਰ ਨੂੰ ਵਹਿੰਦਾ ਏ
ਸੜਕਾਂ 'ਤੇ ਓਥੇ...ਗੜਬੜ ਹੋਣ ਵਾਲੀ ਏ
ਤੂੰ ਬਚ ਕੇ ਰਹਿ
ਤੂੰ ਬਚ ਕੇ ਰਹਿ...!
ਠੀਕ ਹੈ ਤੇਰੀ ਗੱਲ
ਕਿ ਤੇਰੀ ਵਾਦੀ 'ਚ ਪਾਣੀ ਨਹੀਂ
ਪਰ ਕਿਸਾਨਾਂ ਵਿਚ ਵੀ
ਲੜਨ ਦਾ ਜਜ਼ਬਾ ਨਹੀਂ

**ਮਿਸ਼ਲ ਦੀ ਮਾਂ** : (ਜਿਵੇਂ ਮਿਸ਼ਲ ਨਾਲ ਗੱਲਾਂ ਕਰ ਰਹੀ ਹੋਵੇ) ਤੈਨੂੰ ਕਿਹਾ ਏ ਨਾ, ਇਸ ਸਭ ਤੋਂ ਪਰ੍ਹੇ ਰਹਿ...! (ਗਾਉਂਦੀ ਹੋਈ) ਜਾਂ ਫਿਰ ਤੇਰਾ ਮਰਨ ਦਾ ਇਰਾਦਾ ਏ...! (ਥੋੜ੍ਹਾ ਹੱਸਦੀ ਤੇ ਫਿਰ ਮਿਸ਼ਲ ਨਾਲ ਗੱਲਾਂ ਕਰਦੀ ਹੋਈ)...ਤੈਨੂੰ ਗੀਤ ਪਸੰਦ ਆਇਐ ? ਚੰਗਾ ਏ ਨਾ...! ਇਹ ਗੀਤ ਉਨ੍ਹਾਂ ਤੇਰੇ ਪਿਉ 'ਤੇ ਲਿਖਿਆ ਸੀ...ਹਾਂ, ਸਿਰਫ਼ ਉਹਦੇ 'ਤੇ...! ਕੀ ਤੈਨੂੰ ਪਤਾ ਐ, ਤੇਰਾ ਪਿਉ ਬੜਾ ਵੱਡਾ ਬੰਦਾ ਸੀ। ਜਦ ਉਹ ਸੜਕਾਂ ਤੋਂ ਲੰਘਦਾ ਸੀ ਤਾਂ ਕਿਸਾਨ ਆਪਣੇ ਟੋਪ ਹਿਲਾ ਕੇ ਉਸ ਨੂੰ ਜੀ ਆਇਆਂ ਕਹਿੰਦੇ ਸਨ। ਏਸ ਲਈ ਨਹੀਂ...ਕਿ ਉਹ ਇਹ ਸੋਚਦੇ ਹੋਣ ਕਿ ਉਨ੍ਹਾਂ ਨਾਲੋਂ ਚੰਗਾ ਏ...ਨਹੀਂ ! ਗੱਲ ਚੰਗੇ ਹੋਣ ਦੀ ਨਹੀਂ...ਉਹ ਉਹਦੀ ਇੱਜ਼ਤ ਕਰਦੇ ਸਨ !...ਇਸ ਕਰਕੇ ਮਿਸ਼ਲ...ਕਿ ਤੇਰਾ ਪਿਉ ਵਾਦੀ ਦਾ ਸਭ ਤੋਂ ਵਧੀਆ ਤੇ ਸਭ ਤੋਂ ਬਹਾਦਰ ਮਜ਼ਦੂਰ-ਆਗੂ ਸੀ।

**ਭੀੜ** : (ਦੂਰੋਂ) ਮਿਸ਼ਲ ਜ਼ਿੰਦਾਬਾਦ...!...ਜਿਉਂਦਾ ਵੱਸਦਾ ਰਹੇਂ ਮਿਸ਼ਲ...! ਮਿਸ਼ਲ ਜ਼ਿੰਦਾਬਾਦ...!

**ਮਿਸ਼ਲ ਦੀ ਮਾਂ** : ਕਿੰਨੀ ਲੰਬੀ ਹੁੰਦੀ ਏ ਜ਼ਿੰਦਗੀ !...ਮਿਸ਼ਲ, ਚੀਜ਼ਾਂ ਨੂੰ ਓਦਾਂ ਈ ਰਹਿਣ ਦੇ, ਜਿੱਦਾਂ ਉਹ ਨੇ...! ਉਨ੍ਹਾਂ ਪਹਿਲਾਂ ਈ ਸੱਤਰ ਮਜ਼ਦੂਰ ਆਗੂ ਕਤਲ ਕਰ ਦਿੱਤੇ ਨੇ...! ਹਾਂ, ਸੱਤਰ...ਉਹ ਮਾਰੇ ਗਏ ਨੇ ਤੇ ਦਫ਼ਨਾ ਦਿੱਤੇ ਗਏ...ਏਸ ਲਈ ਮਿਸ਼ਲ...ਕਿ ਉਹ ਕੁਝ ਜ਼ਿਆਦਾ ਈ...(ਗੱਲ ਅਧੂਰੀ ਛੱਡਦੀ ਹੋਈ)...ਤੂੰ ਸਮਝਦਾ ਏਂ ਨਾ, ਮੈਂ ਕੀ ਕਹਿ ਰਹੀ ਆਂ...! ਹਾਂ, ਮਿਸ਼ਲ ਉਹ ਕੁਝ ਜ਼ਿਆਦਾ ਈ ਕਿਸਾਨਾਂ ਦੇ ਹੱਕਾਂ ਦੀ ਗੱਲ ਕਰਨ ਲੱਗ ਪਏ ਸਨ...!

**ਮਿਸ਼ਲ** : ਨਹੀਂ, ਵਕਤ ਬਦਲ ਗਿਐ...! ਹੁਣ ਮਾਫ਼ੀਆ (ਗੁੰਡਿਆਂ ਦੀ ਜਥੇਬੰਦੀਆਂ) ਵਾਲੇ ਦੱਬੇ ਘੁੱਟੇ ਹੋਏ ਨੇ...! ਉਹ ਬਚ ਬਚਾ ਕੇ ਰਹਿੰਦੇ ਨੇ ! ਸਰਕਾਰ ਜਾਂਚ ਪੜਤਾਲ ਕਰ ਰਹੀ ਐ...ਏਸ ਕਰਕੇ ਉਨ੍ਹਾਂ 'ਤੇ ਦਬਾਅ ਹੈ...! ਤੁਹਾਨੂੰ ਦਿਸਦਾ ਨਈਂ ?...ਅਸੀਂ ਉਨ੍ਹਾਂ ਨੂੰ ਮਜਬੂਰ ਕਰ 'ਤਾ...ਕਿ ਵੱਡੇ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਜਾਇਦਾਦਾਂ ਵੰਡੀਆਂ ਜਾਣ।

**ਭੀੜ** : ਓਏ ਅਸੀਂ ਜ਼ਮੀਨ ਨੂੰ ਚਿੱਤੜਾਂ 'ਚ ਲੈਣੇ, ਓਥੇ ਤਾਂ ਪਾਣੀ ਈ ਨਹੀਂ ? ਓਥੇ ਤੇ ਖਰਬੂਜ਼ੇ ਵੀ ਨਹੀਂ ਉੱਗਦੇ !... ਖੁਸ਼ਕ, ਝੁਲਸੀ ਹੋਈ ਮਿੱਟੀ...ਹਰ ਚੀਜ਼ ਝੁਲਸੀ ਹੋਈ !...ਇਹਦੇ ਨਾਲੋਂ ਤਾਂ ਉਹ ਸਾਨੂੰ ਲਿਬੀਆ ਦੇ ਥਲਾਂ ਦੀ ਰੇਤਾ ਹੀ ਦੇ ਦੇਂਦੇ।

**ਮਿਸ਼ਲ** : ਓਥੇ ਪਾਣੀ ਆਏਗਾ ! ਹਾਂ...ਓਥੇ ਪਾਣੀ ਆਏਗਾ !...ਅਸੀਂ ਕੀ ਕਰਨਾ ਏ...ਇਕ ਡੈਮ ਈ ਤੇ ਬਣਾਉਣਾ ਏ...! ਏਸ ਮਨਸੂਬੇ ਨੂੰ ਮਨਜ਼ੂਰੀ ਮਿਲ ਚੁੱਕੀ ਐ...! ਸਰਕਾਰ ਨੇ ਪੈਸੇ ਵੀ ਮਨਜ਼ੂਰ ਕਰ ਦਿੱਤੇ ਨੇ ! ਬਸ ਹੁਣ ਦੋ ਚਾਰ ਮਹੀਨਿਆਂ ਦੀ ਗੱਲ ਐ !

ਮੈਂ ਹੁਣ ਜਾ ਰਿਹਾਂ। ਮੈਂ ਪੇਲਰਮੋ ਨੂੰ ਜਾ ਰਿਹਾਂ। ਮੈਂ ਸਾਰੀ ਵਾਦੀ ਦੇ ਸਰਪੰਚਾਂ ਨੂੰ ਨਾਲ ਲੈ ਕੇ ਜਾ ਰਿਹਾਂ। ਜੇ ਜ਼ਰੂਰਤ ਹੋਈ ਤਾਂ ਤੁਸੀਂ ਵੀ ਆਇਓ...ਆਪਣੀਆਂ ਘਰਵਾਲੀਆਂ ਨਾਲ...ਆਪਣੇ ਬਾਲ-ਬੱਚਿਆਂ ਨਾਲ...! ਅਸੀਂ ਆਪਣੀ ਗੱਲ ਸੁਣਾ ਕੇ ਰਹਾਂਗੇ...!

**ਇਕ ਮੁੰਡਾ** : (ਗਾਉਂਦਾ ਹੋਇਆ)

ਮਿਸ਼ਲ ਲੂ ਲੂੰਜੋਨੇ...ਉਹ ਆਗੂ ਮਜ਼ਦੂਰਾਂ ਦਾ !

ਪਰ ਮਿਸ਼ਲ, ਓਏ ਮਿਸ਼ਲ
ਤੂੰ ਸਾਨੂੰ ਬੱਕਰੀ ਨਾਚ ਕਿਉਂ ਨਚਾ ਰਿਹੈਂ...ਕਿਉਂ ਨਚਾ ਰਿਹੈਂ !

**ਮਿਸ਼ਲ ਦੀ ਮਾਂ** : ਹੂੰ...ਤੂੰ ਕਹਿੰਦਾ ਏਂ 'ਆਓ ਅਸੀਂ ਇਹ ਕਰੀਏ !' 'ਹਾਂ...ਹਾਂ...ਅਸੀਂ ਇਹ ਕਰ ਲਵਾਂਗੇ'...ਤੂੰ ਕਹਿੰਦੈ— 'ਕੰਮ ਹੋਇਆ ਹੀ ਸਮਝੋ !'...ਤੂੰ ਏਦਾਂ ਬੋਲਦਾਂ ਏ ਜਿੱਦਾਂ ਵੀਰਾਨੇ 'ਚ ਭਟਕਦਾ ਮੂਸਾ ਬੋਲਦਾ ਸੀ...ਤੂੰ ਕਹਿੰਦਾ ਏਂ— "ਧੀਰਜ ਰੱਖੋ...ਧੀਰਜ !"...ਤੇ ਓਨਾ ਚਿਰ...ਅਸੀਂ ਪਿਆਨੋ ਡੀ ਗਰੈਕੀ ਚਲੇ ਜਾਈਏ...ਜ਼ਿਮੀਂਦਾਰਾਂ ਦੇ ਕੰਮ ਕਰਨ...ਉਨ੍ਹਾਂ ਦੀ ਗੁਲਾਮੀ ਕਰਨ !...ਤੇ ਸਾਡੀਆਂ ਜ਼ਨਾਨੀਆਂ ਵੀ ਚਲੀਆਂ ਜਾਣ !...ਤੇ ਸਾਡੀਆਂ ਸੁੱਕੀਆਂ ਰੱਕੜ ਜ਼ਮੀਨਾਂ...ਇਹ ਕਿਸੇ ਕੰਮ ਦੀਆਂ ਨਈਂ...ਏਥੇ ਸਿਰਫ਼ ਮੁਰਦੇ ਹੀ ਦਫ਼ਨਾਏ ਜਾ ਸਕਦੇ ਨੇ...!...ਤੇ ਸਾਡੇ ਬੱਚੇ....? ਸਾਡੀ ਮਜਬੂਰੀ ਐ...ਉਨ੍ਹਾਂ ਨੂੰ ਖਾਨਾਂ 'ਚ ਕੰਮ ਕਰਨ ਭੇਜਣਾ ਪੈਂਦਾ ਏ...ਲੂਣ ਦੀਆਂ ਖਾਨਾਂ ਵਿਚ ਤੇ ਗੰਧਕ ਦਾ ਖਾਨਾਂ ਵਿਚ...ਤੇ ਭਰ ਜਵਾਨੀ 'ਚ ਉਨ੍ਹਾਂ ਦੇ ਕੁੱਬ ਨਿਕਲ ਆਉਂਦੇ ਨੇ...!

**ਦੂਰੋਂ ਆਵਾਜ਼** : (ਬਹੁਤ ਉੱਚੀ) ਮਿਸ਼ਲ, ਲੋਕੀਂ ਕਹਿੰਦੇ ਨੇ ਕਿ ਤੈਨੂੰ ਹਾਕਮਾਂ ਨੇ ਏਥੇ ਭੇਜਿਐ...! ਹਾਂ...ਹਾਂ...ਤੈਨੂੰ ਉਨ੍ਹਾਂ ਤੋਂ ਪੈਸੇ ਮਿਲਦੇ ਨੇ...ਕਿ ਤੂੰ ਸਾਨੂੰ ਝੂਠੇ ਵਾਅਦਿਆਂ ਨਾਲ ਭਰਮਾਉਂਦਾ ਰਹੇਂ ਤੇ ਸਾਨੂੰ ਚੁੱਪ ਕਰਾ ਕੇ ਰੱਖੇਂ...!

**ਮਿਸ਼ਲ** : (ਮੰਚ 'ਤੇ ਅਗਾਂਹ ਵੱਲ ਆਉਂਦਾ ਹੋਇਆ) ਕੌਣ ਕਹਿੰਦਾ ਏ ?...ਕੌਣ...?...ਜੋ ਇਹ ਬਕਦਾ ਏ, ਸਾਹਮਣੇ ਆਵੇ...! ਮੇਰੇ ਮੂੰਹ 'ਤੇ ਕਹਵੇ ! (ਚੀਖ਼ਦਾ ਹੋਇਆ)...ਹਰਾਮਜ਼ਾਦਾ ਨਾ ਹੋਵੇ ਤੇ !

**ਮਿਸ਼ਲ ਦੀ ਮਾਂ** : ਮਿਸ਼ਲ ਛੱਡ ਪਰ੍ਹਾਂ !...ਗੁੱਸਾ ਥੁੱਕ ਦੇ ! ਇਹ ਕੰਮ ਤੇਰੇ ਕਰਨ ਵਾਲਾ ਨਹੀਂ...! ਮਜ਼ਦੂਰਾਂ ਦਾ ਆਗੂ ਬਨਣਾ ਬੜਾ ਔਖਾ ਹੁੰਦਾ ਏ...! ਇਹ ਗਿੱਦੜ ਸਿੰਘੀ ਤੁਹਾਡੇ 'ਚ ਹੋਵੇ ਤਾਂ ਈ ਗੱਲ ਬਣਦੀ ਏ...ਤੇ ਹੋਵੇ ਵੀ ਜਮਾਂਦਰੂ...! ਤੈਨੂੰ ਪਤਾ ਹੋਣਾ ਚਾਹੀਦੈ, ਤੂੰ ਕੀ ਕਰ ਰਿਹੈਂ...!

**ਭੀੜ** : (ਰੌਲਾ ਪਾਉਂਦੀ ਹੋਈ) ਸਰਕਾਰ ਨੇ ਹਰ ਘਰ ਨੂੰ ਤਿੰਨ ਬੋਰੀਆਂ ਆਟਾ ਦਿੱਤੈ...! ਇਹ ਚੋਣਾਂ ਦਾ ਵੇਲਾ ਐ ! ਸੋਚਦੇ ਨੇ, ਏਦਾਂ ਲੋਕ ਥੋੜ੍ਹਾ ਬਹੁਤ ਚੁੱਪ ਕੀਤੇ ਰਹਿਣਗੇ...!

**ਮਿਸ਼ਲ** : (ਭਾਸ਼ਣ ਦਿੰਦਾ ਹੋਇਆ) ਨਹੀਂ...ਨਹੀਂ...! ਇਹ ਚੁੱਪ ਰਹਿਣ ਦਾ ਵੇਲਾ ਨਹੀਂ ! ਇਹ ਤਾਂ ਉਹ ਵੇਲਾ ਏ ਜਦੋਂ ਸਾਨੂੰ ਉੱਠਣਾ ਚਾਹੀਦੈ...ਹਾਂ...ਇਹ ਤਾਂ ਉਹ ਵੇਲਾ ਏ ਜਦੋਂ ਸਾਨੂੰ ਪੈਲਰਮੋ ਜਾਣਾ ਚਾਹੀਦੈ ਤੇ ਦੱਸਣਾ ਚਾਹੀਦੈ ਅਸੀਂ ਵੀ ਕੁਝ ਹਾਂ...(ਚੀਖ਼ਦਾ ਹੋਇਆ)...ਹਾਂ...ਹੁਣ...ਹੁਣ ਐ ਉਹ ਵੇਲਾ !

**ਮਿਸ਼ਲ ਦੀ ਮਾਂ** : ਮਿਸ਼ਲ...ਹਾਲਾਤਾਂ ਨੂੰ ਓਦਾਂ ਈ ਰਹਿਣ ਦੇ ਜਿੱਦਾਂ ਦੇ ਉਹ ਨੇ...!...ਮਿਸ਼ਲ ਤੂੰ ਆਪਣੇ ਆਪ ਨੂੰ ਤਬਾਹ ਕਰ ਲੈਣੈ...!

**ਮਿਸ਼ਲ** : ਤੁਸੀਂ ਸਮਝਦੇ ਨਈਂ...ਹਾਕਮ ਚਾਹੁੰਦੇ ਨੇ ਕਿ ਡੈਮ ਨਾ ਬਣੇ। ਇਹ ਹਾਕਮ ਨੇ, ਜੋ ਹਰ ਚੀਜ਼ ਨੂੰ ਰੋਕ ਰਹੇ ਨੇ... ਕਿਉਂਕਿ ਜੇ ਡੈਮ ਬਣ ਗਿਆ ਤਾਂ ਇਹ ਵਾਦੀ ਹਰੀ ਭਰੀ ਹੋ ਜਾਵੇਗੀ...ਜਰਖੇਜ਼...! ਸਾਡੇ ਕੋਲ ਏਨਾ ਪਾਣੀ ਹੋਵੇਗਾ...ਅਸੀਂ ਉਸ ਪਾਣੀ ਵਿਚ ਆਪਣੇ ਪੈਰ ਧੋਵਾਂਗੇ...! ਸਾਡੇ ਪਿੰਡਾਂ ਦੇ ਚੌਂਕਾਂ 'ਚ ਫ਼ੁਹਾਰੇ ਲੱਗਣਗੇ...ਜਿੱਦਾਂ ਪੈਲਰਮੋ 'ਚ ਨੇ...! ਫਿਰ ਅਸੀਂ ਚੰਗੀ ਤਰ੍ਹਾਂ ਜੀਵਾਂਗੇ...ਆਪਣੇ ਜ਼ਮੀਨ 'ਤੇ ਖ਼ੁਦ ਖੇਤੀ ਕਰਦੇ ਹੋਏ !...ਹਾਂ ਅਸੀਂ...ਅਸੀਂ ਸਾਰੇ ! ਤੇ ਫਿਰ ਦੱਸੋ...ਫਿਰ ਹਾਕਮਾਂ ਨੂੰ ਦੋ-ਦੋ ਟਕਿਆਂ 'ਤੇ ਕੰਮ ਕਰਨ ਵਾਲੇ ਮਜ਼ਦੂਰ ਕਿੱਥੋਂ ਮਿਲਣਗੇ ?...ਉਸ ਤਨਖਾਹ 'ਤੇ ਕੰਮ ਕਰਨ ਵਾਲੇ ਮਜ਼ਦੂਰ ਜਿਹੜੇ ਨਾਲ ਮਸਾਂ ਢਿੱਡ ਨੂੰ ਝੁਲਕਾ ਨਸੀਬ ਹੁੰਦਾ ਏ...ਹੁਣ ਤਕ ਸਾਨੂੰ ਏਦਾਂ ਦੀ ਤਨਖਾਹ ਈ ਮਿਲਦੀ ਰਹੀ ਏ...!...ਤੇ ਗੰਧਕ ਦੀਆਂ ਖਾਨਾਂ ਦਾ ਕੀ ਬਣੇਗਾ ?...ਤੇ ਲੂਣ ਦੀਆਂ ਖਾਨਾਂ...? ਜ਼ਰਾ ਸੋਚੋ, ਜੇ ਇਹ ਸਭ ਕੁਝ ਹੋ ਜਾਏ ਤਾਂ ਕੀ ਅਸੀਂ ਫਿਰ ਵੀ ਇਨ੍ਹਾਂ ਦੀਆਂ ਖਾਨਾਂ 'ਚ ਜਾ ਕੇ ਇਨ੍ਹਾਂ ਦੀ ਗ਼ੁਲਾਮੀ ਕਰਾਂਗੇ, ਕੋਹੜੀਆਂ ਵਾਂਗ...?...ਨਹੀਂ...ਖਾਨਾਂ ਬੰਦ ਹੋ ਜਾਣਗੀਆਂ ! ਏਹੀ ਕਾਰਨ ਐ, ਉਹ ਚਾਹੁੰਦੇ ਨੇ ਕਿ ਅਸੀਂ ਡੈਮ ਨਾ ਬਣਾਈਏ...! ਭਾਵੇਂ ਅਸੀਂ ਸਿਸਲੀ ਨੂੰ ਪਲੀਤਾ ਲਾ ਕੇ ਅਸਮਾਨ 'ਚ ਉਡਾ ਦੇਈਏ...ਜੋ ਮਰਜ਼ੀ ਹੋ ਜਾਏ...ਉਹ ਏਸ ਗੱਲ 'ਤੇ ਤੁਲੇ ਹੋਏ ਨੇ...ਅਸੀਂ ਗ਼ਰੀਬ ਰਹੀਏ...ਭੁੱਖੇ ਮਰਦੇ...!

**ਮਿਸ਼ਲ ਦੀ ਮਾਂ** : ਬਸ ਮਿਸ਼ਲ...ਹੁਣ ਚੁੱਪ ਰਹਿ ! ਐਵੇਂ ਏਧਰ-ਓਧਰ ਦੀਆਂ ਗੱਲਾਂ ਨਾ ਕਰ...ਉਹ ਤੈਨੂੰ ਮਾਰ ਦੇਣਗੇ...!

**ਮਿਸ਼ਲ** : ਨਹੀਂ...!...ਅਸੀਂ...ਅਸੀਂ ਸਾਰੇ...ਅਸੀਂ ਸਿਸਲੀ ਦੀ ਸੁੱਤੀ ਹੋਈ ਧਰਤ ਨੂੰ ਜਗਾਵਾਂਗੇ...! ਇਹ ਵੇਲਾ ਏ ਕਿ

ਅਸੀਂ ਡਰਨਾ ਛੱਡ ਦੇਈਏ...! ਅਸੀਂ ਸਿਸਲੀ ਵਾਲੇ...ਅਸੀਂ ਆਪਣੀ ਬੇਇੱਜ਼ਤੀ ਦਾ ਬਦਲਾ ਲੈਣ ਲਈ ਉਨ੍ਹਾਂ ਦੇ ਸਿਰ ਫੇਹ ਸਕਦੇ ਆਂ !...ਮੈਨੂੰ ਦੱਸੋ...ਹਾਂ, ਮੈਨੂੰ ਦੱਸੋ...ਮੰਗਤਿਆਂ ਵਾਂਗ ਜੀਣਾ...ਕੀ ਇਹ ਬੇਇੱਜ਼ਤੀ ਨਹੀਂ...? ਭੁੱਖੇ ਰਹਿਣਾ, ਲੁੱਟੇ ਜਾਣਾ...ਕੀ ਇਹ ਬੇਇੱਜ਼ਤੀ ਨਹੀਂ...? ਆਓ, ਚੱਲੀਏ। ਆਓ, ਸਾਰੇ ਪੈਲਰਮੋ ਚੱਲੀਏ...! ਆਓ ਓਥੇ ਜਾਈਏ ਤੇ ਉਨ੍ਹਾਂ ਹਰਾਮਜ਼ਾਦਿਆਂ ਦੀਆਂ ਸੰਘੀਆਂ ਘੁੱਟੀਏ...!

**ਮਿਸ਼ਲ ਦੀ ਮਾਂ** : ਸੈਨਜੀਨੋ...ਜੇ ਤੂੰ ਉਨ੍ਹਾਂ ਨੂੰ ਵੇਖਿਆ ਹੁੰਦਾ...!...ਤੇਰਾ ਪਿਉ...ਜਲੂਸ ਦੇ ਅੱਗੇ ਅੱਗੇ...ਕਿੰਨੀ ਸ਼ਾਨ ਨਾਲ ਤੁਰ ਰਿਹਾ ਸੀ ਉਹ...ਜਿੱਦਾਂ ਬਹਾਦੁਰ ਰਿਨਾਲਡੋ ਦੋ ਤਲਵਾਰਾਂ ਖਿੱਚੀ ਤੁਰ ਰਿਹਾ ਹੋਵੇ...! ਤੇ ਉਹਦੇ ਪਿੱਛੇ ਕਿਸਾਨ ਸਨ..ਖੱਚਰਾਂ 'ਤੇ...ਖੋਤਿਆਂ 'ਤੇ...ਝੰਡੇ ਚੁੱਕੀ...ਗੱਤਿਆਂ 'ਤੇ ਲਿਖੇ ਹੋਏ ਇਸ਼ਤਿਹਾਰ...! ਨਾਹਰੇ ਮਾਰਦੇ ਤੇ ਗਾਉਂਦੇ ਹੋਏ...ਉਹ ਪਲੈਰਮੋ ਜਾ ਰਹੇ ਸਨ...ਐਂ ਲੱਗਦਾ ਸੀ ਜਿਵੇਂ ਜਵਾਰਭਾਟਾ ਫਟ ਗਿਆ ਹੋਵੇ ਤੇ ਉਹਦੇ 'ਚੋਂ ਲਾਵਾ ਵਹਿ ਰਿਹਾ ਹੋਵੇ...!

**ਮੁੰਡਾ** : (ਗਾਉਂਦਾ ਹੋਇਆ)

ਪੈਲਰਮੋ....ਪੈਲਰਮੋ...
ਅਸੀਂ ਆ ਰਹੇ ਆਂ...
ਅਸੀਂ ਆ ਰਹੇ ਆਂ...

**ਮਿਸ਼ਲ ਦੀ ਮਾਂ** : ਪਰ ਉਹ ਓਥੇ, ਪਹੁੰਚ ਨਾ ਸਕੇ !...ਪੁਲਿਸ ਆ ਗਈ, ਟਰੱਕਾਂ ਦੇ ਟਰੱਕ...! ਹਜ਼ਾਰ ਤੋਂ ਉੱਤੇ ਸੀ ਪੁਲਿਸ ! ਤੇ ਉਨ੍ਹਾਂ ਦੇ ਬਾਸ, ਆਪਣੇ ਕਿਲਿਆਂ 'ਚ ਬੈਠੇ ਦੂਰਬੀਨਾਂ ਨਾਲ ਵੇਖ ਰਹੇ ਸਨ।...ਤੇ ਸੈਨਜੀਨੋ, ਪੁਲਸੀਆਂ ਨੇ ਕਿਸਾਨਾਂ ਨੂੰ ਉਹ ਕੁੱਟਿਆ, ਉਹ ਮਾਰਿਆ, ਪਈ ਕੀ ਕਹੀਏ...! ਬਹੁਤ ਕੁੱਟਿਆ, ਰਾਈਫਲਾਂ ਦੇ ਬੱਟਾਂ ਨਾਲ। ਤੇਰੇ ਪਿਉ ਨੂੰ ਜੇਲ੍ਹ ਹੋ ਗਈ। ਉਹਦੀ ਬਾਂਹ ਟੁੱਟ ਗਈ ਤੇ ਹੋਰ ਸੱਟਾਂ ਵੀ ਲੱਗੀਆਂ ! ਉਨ੍ਹਾਂ ਤੇਰੇ ਪਿਉ ਨੂੰ ਬਾਰਾਂ ਮਹੀਨੇ ਦੀ ਕੈਦ ਦੀ ਸਜ਼ਾ ਦਿੱਤੀ। ਮਿਸ਼ਲ...ਮਿਸ਼ਲ...ਤੂੰ ਇਹ ਸਭ ਕੁਝ ਕਿਉਂ ਕਰ ਰਿਹਾ ਏਂ...? ਮਿਸ਼ਲ...ਤੈਨੂੰ ਹਾਲਾਤ ਬਦਲ ਕੀ ਲੱਭਣਾ ਏ...? ਇਨ੍ਹਾਂ ਨੂੰ ਏਦਾਂ ਈ ਰਹਿਣ ਦੇ...! ਤੂੰ ਇਨ੍ਹਾਂ ਗੱਲਾਂ ਵਿਚ ਕੁਝ ਜ਼ਿਆਦਾ ਈ ਖੁਭਦਾ ਜਾ ਰਿਹੈਂ ? ਇਹ ਸਭ ਕੁਝ ਕਰਨ ਦਾ ਕੀ ਫ਼ਾਇਦਾ...! ਕਿਸਾਨ ਹਮੇਸ਼ਾ ਹਾਕਮਾਂ ਦੇ ਹੇਠਾਂ ਲੱਗ ਕੇ ਰਹੇ ਨੇ। ਉਨ੍ਹਾਂ ਨੂੰ ਆਦਤ ਐ, ਏਦਾਂ ਜਿਊਣ ਦੀ ! ਐਵੇਂ ਉਨ੍ਹਾਂ ਦੇ ਦਿਮਾਗ਼ ਖ਼ਰਾਬ ਨਾ ਕਰ ! ਨਾ...ਏਦਾਂ ਨਾ ਕਰ ! ਜੇ ਤੂੰ ਏਦਾਂ ਕੀਤਾ ਤਾਂ ਹਾਕਿਮ ਤੇਰਾ ਜੀਣਾ ਹਰਾਮ ਕਰ ਦੇਣਗੇ !

(ਉਹ ਮੰਚ ਦੇ ਪਿਛਲੇ ਹਿੱਸੇ ਵਿਚ ਜਾਂਦੀ ਹੈ ਤੇ ਗੁੱਛੂ ਮੁੱਛੂ ਹੋ ਕੇ ਓਥੇ ਬਹਿ ਜਾਂਦੀ ਹੈ।)

**ਮੁੰਡਾ ਤੇ ਮਿਸ਼ਲ ਦੀ ਮਾਂ** : (ਗਾਉਂਦੇ ਹੋਏ)

ਮਿਸ਼ਲ ਲੂ ਲੈਂਜੋਨੇ
ਮੂਰਖਾਂ ਵਾਲੀਆਂ ਗੱਲਾਂ ਨਾ ਕਰ
ਪਾਣੀ ਨੂੰ ਵਹਿਣ ਦੇ
ਜਿਧਰ ਨੂੰ ਵਹਿੰਦਾ ਏ

**ਮਿਸ਼ਲ ਦੀ ਮਾਂ** : ਹਾਂ, ਫਿਰ ਤੇਰਾ ਪਿਉ ਕੈਦ ਕੱਟ ਕੇ ਬਾਹਰ ਆਇਆ। ਹਾਂ, ਉਹ ਆਇਆ ਤੇ ਉਹਨੇ ਹਾਰ ਨਹੀਂ ਮੰਨੀ ! ...ਬਿਲਕੁਲ ਨਹੀਂ...! ਉਹ ਜ਼ਿੱਦੀ ਸੀ, ਗੱਲ ਨਹੀਂ ਸੀ ਛੱਡਦਾ...ਉਸ ਕੁੱਤੇ ਵਾਂਗ, ਜਿਨ੍ਹੇ ਆਪਣੇ ਮੂੰਹ 'ਚ ਹੱਡੀ ਫੜੀ ਹੋਵੇ ਤੇ ਫਿਰ...ਉਹਨੇ ਤਹਿਸੀਲ ਜਾ ਕੇ ਪੁਰਾਣੇ ਨਕਸ਼ੇ ਵੇਖਣੇ ਸ਼ੁਰੂ ਕੀਤੇ...ਤੇ ਇਕ ਸ਼ਾਮ ਉਹ ਘਰ ਆਇਆ...ਗਾਉਂਦਾ, ਰੌਲਾ ਪਾਉਂਦਾ...।

**ਮਿਸ਼ਲ** : ਵੇਖੋ...ਵੇਖੋ, ਮੈਂ ਕੀ ਲੱਭਿਐ...! ਪੁਰਾਣਾ ਨਕਸ਼ਾ ! ਰੱਬ ਈ ਜਾਣਦੈ, ਇਹ ਕਿੰਨਾ ਪੁਰਾਣਾ ਐ...ਬੌਰਬੌਰਨਾਂ ਦੇ ਵੇਲੇ ਦਾ...ਜਾਂ ਸ਼ਾਇਦ...ਉਨ੍ਹਾਂ ਤੋਂ ਵੀ ਪੁਰਾਣਾ...ਅਰਬਾਂ ਦੇ ਵੇਲੇ ਦਾ...!...ਤੇ ਵੇਖੋ...ਅਹਿ ਵੇਖੋ !...ਏਥੇ ਚਸ਼ਮਾ ਐ...ਵਾਦੀ ਦੇ ਧੁਰ ਉੱਤੇ ਵੱਲ...! ਤੇ ਇਹਦੇ ਵਿਚ ਵੱਡੀ ਭਾਰੀ ਚੱਟਾਨ ਡਿੱਗ ਪਈ...ਤੇ ਇਸ ਚਸ਼ਮੇ ਦਾ ਵਹਿਣਾ ਬੰਦ ਹੋ ਗਿਆ...! ਸ਼ਾਇਦ...ਏਥੇ...ਏਥੇ ਇਕ ਵੱਡੀ ਨਦੀ ਵਹਿੰਦੀ ਸੀ...ਸ਼ਾਇਦ...ਇਹ ਪਾਣੀ ਅਜੇ ਵੀ ਓਥੇ ਹੋਵੇ...ਡੱਕਿਆ ਹੋਇਆ... ਰੁਕਿਆ ਹੋਇਆ...ਤੇ ਸਾਨੂੰ ਉਹ ਰੋਕਾ ਹਟਾਉਣਾ ਪੈਣੈ...ਏਸ ਚਸ਼ਮੇ ਦਾ ਦਰ ਖੋਲ੍ਹਣਾ ਪੈਣੈ...!

**ਮਿਸ਼ਲ ਦੀ ਮਾਂ** : ਰਹਿਣ ਦੇ ਮਿਸ਼ਲ ! ਮੂਰਖ ਨਾ ਬਣ ! ਤੂੰ ਐਵੇਂ ਈ ਇਨ੍ਹਾਂ ਗੱਲਾਂ ਵਿਚ ਡੂੰਘਾ ਖੁਭਦਾ ਜਾਂਦੈ...! ਜੇ ਕਦੇ ਵੀ ਕਿਸੇ ਨੇ ਉਸ ਚਸ਼ਮੇ ਨੂੰ ਨਹੀਂ ਲੱਭਿਆ...ਤਾਂ ਏਸ ਗੱਲ ਦਾ ਵੀ ਕੋਈ ਕਾਰਨ ਹੋਣੈ ! ਇਨ੍ਹਾਂ ਗੱਲਾਂ ਨੂੰ ਭੁੱਲ ਜਾ ਮਿਸ਼ਲ...!

(ਵਕਫ਼ਾ)

ਕੁਝ ਦਿਨ ਬਾਅਦ...ਐਤਵਾਰ ਦਾ ਦਿਨ ਸੀ...ਸਾਰੇ ਕਿਸਾਨ ਤੁਰ ਪਏ...ਗੈਂਤੀਆਂ, ਬੇਲਚੇ ਲਈ...ਤੇ ਖਾਨਾਂ ਦੇ ਮਜ਼ਦੂਰ ਵੀ ਉਨਾਂ ਦੇ ਨਾਲ ਸਨ। ਤੇ ਉਨ੍ਹਾਂ ਦੀਆਂ ਘਰਵਾਲੀਆਂ, ਸਿਰਾਂ 'ਤੇ ਟੋਕਰੀਆਂ ਚੁੱਕੀ। ਤੇ ਕਈ ਬੁੱਢੇ, ਬਜ਼ੁਰਗ ਉਹ ਵੀ...ਸੱਚੀਂ ਕਿਸੇ ਕੋਲ ਗਿਟਾਰ ਸੀ ਤੇ ਕਿਸੇ ਕੋਲ ਅਕਾਰਡੀਅਨ...ਤੇ ਉਨ੍ਹਾਂ ਸਾਜ਼ ਵਜਾਏ...ਤੇ ਗੀਤ ਗਾਏ...ਸਾਡੇ ਲਈ....ਹਾਂ, ਸਾਡੇ ਲਈ...ਤੇ ਅਸੀਂ...ਅਸੀਂ ਆਪਣਾ ਕੰਮ ਕਰਦੇ ਰਹੇ...ਕੰਮ ਕਰਦੇ ਰਹੇ, ਜਿਵੇਂ ਨੱਚ ਰਹੇ ਹੋਈਏ...!

**ਮੁੰਡਾ ਤੇ ਮਿਸ਼ਲ ਦੀ ਮਾਂ** : (ਗਾਉਂਦੇ ਹੋਏ)

ਵੇਲਾ ਆਏਗਾ...ਪੱਕਣਗੀਆਂ ਲਾਲ ਰਸਭਰੀਆਂ
ਤੇ ਮੈਂ ਕੁੜੀਆਂ ਦੇ ਲਾਲ ਹੋਂਠ, ਚੁੰਮਣਾ ਚਾਹਾਂ
ਹਾਏ, ਚੁੰਮਣਾ ਚਾਹਾਂ

**ਮਿਸ਼ਲ ਦੀ ਮਾਂ** : ਤੇ ਇਕ ਦਿਨ ਅਚਾਨਕ....ਅਜੇ ਦੁਪਹਿਰ ਵੀ ਨਹੀਂ ਸੀ ਹੋਈ...ਕੋਈ ਜ਼ੋਰ ਦੀ ਚੀਖ਼ਿਆ...ਉਨ੍ਹਾਂ ਨੇ ਲੱਭ ਲਿਐ...ਉਨ੍ਹਾਂ ਨੇ ਚਸ਼ਮਾ ਲੱਭ ਲਿਐ...ਓਥੇ ਵੱਡਾ ਸਾਰਾ ਮੋਘਾ ਸੀ...ਇੱਟਾਂ ਨੇ ਰੋਕਿਆ ਹੋਇਆ...ਇੱਟਾਂ, ਜਿੱਦਾਂ ਦੀਆਂ ਪੁਰਾਣੇ ਜ਼ਮਾਨੇ ਵਿਚ ਹੁੰਦੀਆਂ ਸਨ। ਸੈਨਕੀਨੋ...ਜੇ ਤੂੰ ਉਹ ਨਜ਼ਾਰਾ ਵੇਖਦਾ...ਉਹ ਵੇਖਣ ਵਾਲਾ ਸੀ...ਹਰ ਕੋਈ ਚੁੱਭੀਆਂ ਮਾਰ ਰਿਹਾ ਸੀ...ਤੇ ਸਾਰੇ ਇਹ ਕੋਸ਼ਿਸ਼ ਕਰ ਰਹੇ ਸਨ ਕਿ ਸਭ ਕੁਝ ਓਸੇ ਈ ਪਲ 'ਚ ਖੋਦ ਦੇਈਏ। ਪਰ ਉਨ੍ਹਾਂ ਨੂੰ ਵਾਰੀਆਂ ਬੰਨ੍ਹਣੀਆਂ ਪਈਆਂ...ਕਿਉਂਕਿ ਓਥੇ ਓਸ ਮੋਘੇ ਸਾਮ੍ਹਣੇ ਇਕ ਵੇਲੇ ਇਕੋ ਬੰਦਾ ਖਲੋ ਸਕਦਾ ਸੀ...ਤੇ ਅਸੀਂ ਕਤਾਰ ਬਣਾਈ...ਇਕ ਦੂਜੇ ਦੇ ਹੱਥ ਵਿਚ ਇੱਟਾਂ ਫੜਾਉਂਦੇ ਹੋਏ...ਅਸੀਂ ਗਾ ਰਹੇ ਸਾਂ...।

**ਮੁੰਡਾ** : (ਗਾਉਂਦਾ ਹੋਇਆ)

ਹੋਪਲਾ ! ਹੋਪਲਾ !!
ਇਕ ਚੁੰਮੀ ਮੇਰੇ ਵੱਲ ਉਛਾਲ...ਤੇ ਜਾ !
ਸਮਾਂ ਲਾਲ ਰਸਭਰੀਆਂ ਦੇ ਪੱਕਣ ਦਾ ਆਏਗਾ !
ਤੇ ਮੈਂ ਕੁੜੀਆਂ ਦੇ ਲਾਲ ਹੋਂਠ ਚੁੰਮਣਾ ਚਾਹਾਂ...!

**ਮਿਸ਼ਲ ਦੀ ਮਾਂ** : ਪਾਣੀ ! ਪਾਣੀ...! ਪਾਣੀ ਆ ਰਿਹੈ ! ਪਾਣੀ ਵਹਿ ਰਿਹੈ...! ਜੇ ਤੂੰ ਕਿਤੇ ਉਹ ਵੇਖਿਆ ਹੁੰਦਾ, ਸੈਨਜੀਨੋ...! ਪਾਣੀ ਦੀ ਏਡੀ ਵੱਡੀ ਧਾਰ...ਤੂੰ ਯਕੀਨ ਨਹੀਂ ਕਰੇਂਗਾ...ਏਡੀ ਵੱਡੀ ਧਾਰ...ਜਿਵੇਂ ਤੀਹ ਫੁਹਾਰੇ 'ਕੱਠੇ ਈ ਛੁੱਟ ਪਏ ਹੋਣ !...ਤੇ ਓਥੇ ਸਾਰੇ ਮਰਦ ਤੇ ਔਰਤਾਂ...ਜਿਵੇਂ ਕਮਲੇ ਹੋ ਗਏ ਹੋਣ...ਪਾਣੀ ਹੇਠਾਂ ਏਧਰ ਓਧਰ ਭੱਜਦੇ ਹੋਏ...ਭਿੱਜਦੇ ਹੋਏ...ਹਰ ਕੋਈ ਲੁੱਡੀਆਂ ਪਾ ਰਿਹਾ ਸੀ ਤੇ ਹੱਸ ਰਿਹਾ ਸੀ...! ਪਾਣੀ...! ਪਾਣੀ...! ਕਿੰਨਾ ਚੰਗਾ ਲੱਗ ਰਿਹਾ ਸੀ...ਸਾਡੇ ਕੋਲ ਪਾਣੀ ਸੀ...ਆਪਣਾ ਪਾਣੀ...!

**ਮੁੰਡਾ** : (ਗਾਉਂਦਾ ਹੋਇਆ)

ਵੇਲਾ ਆਏਗਾ...ਪੱਕਣਗੀਆਂ ਲਾਲ ਰਸਭਰੀਆਂ
ਤੇ ਮੈਂ ਕੁੜੀਆਂ ਦੇ ਲਾਲ ਹੋਂਠ ਚੁੰਮਣਾ ਚਾਹਾਂ
ਹਾਏ, ਚੁੰਮਣਾ ਚਾਹਾਂ...

**ਮਿਸ਼ਲ ਦੀ ਮਾਂ** : ਸਾਨੂੰ ਨਸ਼ਾ ਹੋ ਗਿਆ ਸੀ...ਪਾਣੀ ਪੀ ਪੀ ਕੇ ਸਾਨੂੰ ਨਸ਼ਾ ਚੜ੍ਹ ਗਿਆ ਸੀ...!

**ਭੀੜ** : ਉਹ ਆਪਣਾ ਡੈਮ ਆਪਣੇ ਕੋਲ ਰੱਖਣ ! ਸਾਨੂੰ ਉਹ ਡੈਮ, ਉਹ ਧੁੱਸੀ ਨਹੀਂ ਚਾਹੀਦੀ ! ਇਹ ਨਦੀ ਸਾਰੀ ਵਾਦੀ ਨੂੰ ਸਿੰਜ ਸਕਦੀ ਏ...ਸਾਡੀ ਭੌਂ ਦੇ ਹਰ ਟੁਕੜੇ ਨੂੰ...ਚਰਾਗਾਹਾਂ ਨੂੰ...! ਹੁਣ ਸਾਡੀ ਫ਼ਸਲ ਨਹੀਂ ਝੁਲਸੇਗੀ ! ਤੇ ਹੁਣ...ਹੁਣ

ਖਾਨਾਂ 'ਚ ਕੰਮ ਕਰਨ ਕੌਣ ਜਾਏਗਾ !...ਹੁਣ...? ਹੁਣ ਉਨ੍ਹਾਂ ਨੂੰ, ਉਹ ਚੂਹਿਆਂ ਦੀਆਂ ਖੁੱਡਾਂ ਬੰਦ ਕਰਨੀਆਂ ਪੈਣਗੀਆਂ ! ...ਸਾਡੇ ਵੱਲੋਂ, ਉਹ ਢੱਠੇ ਖੂਹ 'ਚ ਪੈਣ ! ਸਾਨੂੰ ਕੋਈ ਪਰਵਾਹ ਨਹੀਂ !

**ਮਿਸ਼ਲ ਦੀ ਮਾਂ** : ਪਰ ਅਗਲੇ ਦਿਨ, ਜ਼ਨਾਨੀਆਂ ਫਿਰ ਸੜਕ 'ਤੇ ਸਨ...ਰੋਂਦੀਆਂ ਧੋਂਦੀਆਂ "ਅਹੇ ਚਸ਼ਮਾ ਸੁੱਕ ਗਿਐ...ਓਥੇ ਤੇ ਪਾਣੀ ਹੈ ਈ ਨਹੀਂ।" ਕਿਸਾਨ ਦੌੜ ਕੇ ਗਏ...ਵੇਖਣ ਕਿ ਕੀ ਹੋਇਐ...ਤੇ ਕਿਸੇ ਨੇ ਕਿਹਾ, "ਨਈਂ... ਨਈਂ...ਕੋਈ ਚੀਜ਼ ਓਥੇ ਫਸੀ ਪਈ ਐ"...ਤੇ ਫਿਰ ਉਹ ਖੋਦਣ ਲੱਗੇ...ਉਹ ਪੁੱਟਦੇ ਗਏ।

ਤੇ ਜਦ ਉਨ੍ਹਾਂ ਨੇ ਹੋਰ ਡੂੰਘਾ ਖੋਦਿਆ ਤੇ ਓਸ ਚੀਜ਼ ਨੂੰ ਖਿੱਚ ਕੇ ਬਾਹਰ ਕੱਢਿਆ ਜੀਹਨੇ ਚਸ਼ਮੇ ਨੂੰ ਰੋਕਿਆ ਹੋਇਆ ਸੀ...ਉਹ ਚੀਜ਼...ਉਹ ਰੋਕ...ਮਿਸ਼ਲ...ਉਹ ਤੇਰਾ ਪਿਉ ਸੀ। ਹਾਕਮਾਂ ਨੇ ਉਹਦਾ ਕਤਲ ਕਰਾ ਦਿੱਤਾ ਸੀ ਤੇ ਚਸ਼ਮੇ ਦੇ ਪਾੜ ਵਿਚ ਦਬਵਾ ਦਿੱਤਾ ਸੀ ਜਿੱਦਾਂ ਤਖਾਣ ਫਾਲਾ ਠੋਕਦੇ ਨੇ !

(ਤੜਫ਼ਦੀ ਹੋਈ) ਮਿਸ਼ਲ...ਆਪਣਾ ਧਿਆਨ ਰੱਖ...! ਕੀ ਜ਼ਰੂਰਤ ਐ ਇਹ ਸਭ ਕੁਝ ਕਰਨ ਦੀ...! ਮਿਸ਼ਲ ਕਿਸਾਨਾਂ ਨੂੰ ਆਪਣੇ ਮਾੜੇ ਨਸੀਬਾਂ ਦਾ ਪਤਾ ਐ...ਹਮੇਸ਼ਾ ਏਦਾਂ ਹੀ ਹੁੰਦਾ ਰਿਹੈ...! (ਚੀਖ਼ਦੀ ਹੋਈ)...ਇਨਸਾਫ਼...!...ਹਾਂ, ਮੈਨੂੰ ਇਨਸਾਫ਼ ਚਾਹੀਦੈ...! ਓਏ ਰੱਬਾ...ਕੀ ਤੇਰੀ ਦੁਨੀਆ 'ਚ ਕੋਈ ਇਨਸਾਫ਼ ਨਹੀਂ...!...ਤੇ ਵੇਖੋ ਰੱਬ ਸੱਚੇ ਦੀ ਕਰਨੀ...ਇਨਸਾਫ਼ ਹੋਇਆ ! ਉਨ੍ਹਾਂ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ...ਕਿਹੜੇ ਉਨ੍ਹਾਂ ਨੂੰ...?...ਹਾਂ, ਉਨ੍ਹਾਂ ਕਾਤਿਲਾਂ ਨੂੰ ਜਿਨ੍ਹਾਂ ਮੇਰੇ ਪੁੱਤ ਦਾ ਕਤਲ ਕੀਤਾ ਸੀ ! ਉਨ੍ਹਾਂ ਨੂੰ ਹੱਥਕੜੀਆਂ ਲਾਈਆਂ ਗਈਆਂ ! ਉਨ੍ਹਾਂ 'ਤੇ ਮੁਕੱਦਮਾ ਚੱਲਿਆ...! ਦੋ ਵਾਰ...! ਹਾਂ, ਦੋ ਵਾਰ...ਤੇ ਦੋਵੇਂ ਵਾਰੀ ਉਨ੍ਹਾਂ ਦਾ ਜ਼ੁਰਮ ਸਾਬਤ ਨਾ ਹੋਇਆ ਤੇ ਉਹ ਬਰੀ ਹੋ ਗਏ...ਸਾਰੇ ਦੇ ਸਾਰੇ...! ਤੇ ਉਹ ਗ਼ਰੀਬ ਜਿਨ੍ਹਾਂ ਨੂੰ ਪਤਾ ਸੀ ਕਿ ਇਹ ਉਨ੍ਹਾਂ ਦਾ ਕਾਰਾ ਸੀ...ਜਿਹੜੇ ਗਵਾਹੀਆਂ ਦੇਣ ਗਏ...ਉਹ ਕਤਲ ਕਰ ਦਿੱਤੇ ਗਏ...ਉਨ੍ਹਾਂ ਦੀਆਂ ਜੀਭਾਂ ਟੁੱਕ ਦਿੱਤੀਆਂ ਗਈਆਂ ! (ਨਿਰਾਸ਼ਾ ਵਿਚ ਡੁੱਬਦੀ ਹੋਈ)...ਮਿਸ਼ਲ...ਹਾਲਾਤ ਜਿੱਦਾਂ ਦੇ ਨੇ ਓਦਾਂ ਈ ਰਹਿਣ ਦੇ...ਸਾਨੂੰ ਧੀਰਜ ਰੱਖਣਾ ਚਾਹੀਦੈ...ਧੀਰਜ...! (ਅਤਿਅੰਤ ਗ਼ੁੱਸੇ ਵਿਚ)...ਧੀਰਜ !...ਉਡੀਕ ਕਰੋ ਜਦੋਂ ਤਕ ਲਾਵਾ ਫਿਰ ਨਹੀਂ ਵਹਿੰਦਾ...ਹਾਂ, ਜਵਾਰਭਾਟੇ ਦਾ ਲਾਲ ਲਾਵਾ, ਜਿਹੜਾ ਸਭ ਕੁਝ ਸਾੜ ਦੇਵੇਗਾ...ਹਾਂ, ਸਭ ਚੀਜ਼ਾਂ, ਸਭ ਬੰਦੇ...ਹਾਕਿਮ ਤੇ ਹਾਕਿਮਾਂ ਦੇ ਰਖਵਾਲੇ...ਜਿਹੜੇ ਉਨ੍ਹਾਂ ਦੀ ਰਾਖੀ ਕਰਦੇ ਨੇ...ਹਰ ਕਿਸੇ ਨੂੰ...ਹਰ ਚੀਜ਼ ਲੂਹ ਦਿੱਤੀ ਜਾਣੀ ਚਾਹੀਦੀ ਐ...ਹਰ ਚੀਜ਼...!

ਲਾਵਾ...ਉਹ ਵੇਖੋ...ਲਾਵਾ ਫੁੱਟ ਰਿਹੈ...ਇਹ ਲਾਲ ਐ, ਹਰ ਚੀਜ਼ ਨੂੰ ਲੂੰਹਦਾ ਹੋਇਆ...! ਦੌੜੋ...ਦੌੜੋ...! ਨਹੀਂ, ਤੁਸੀਂ ਬਚ ਨਹੀਂ ਸਕਦੇ...! ਸੂਰੋ...ਹਰਾਮੀਓ...! ਹੁਣ ਜਾਓ...ਤੇ 'ਵਾਜਾਂ ਮਾਰੋ ਉਸ ਕਾਨੂੰਨ ਨੂੰ ਜਿਹੜਾ ਤੁਹਾਨੂੰ ਬਚਾਉਂਦੈ...! ਜਾਓ...ਤੇ ਜੱਜਾਂ ਨੂੰ ਬੁਲਾਓ...ਕਹੋ, ਹੁਣ ਬੁਚਾਉਣ ਤੁਹਾਨੂੰ...!...(ਚੀਖ਼ਦੀ ਹੋਈ)...ਸੂਰੋ, ਤੁਸੀਂ ਸਾਰਿਆਂ ਸੜ ਜਾਣੈ...! ...ਤੁਸੀਂ ਸਾਰਿਆਂ ਸੜ ਕੇ ਮਰਨੈ...! ਸੂਰ ਕਿਤੋਂ ਦੇ...!

**ਮਿਸ਼ਲ** : ਅਸੀਂ ਜਿੱਤ ਗਏ ਆਂ...! ਮਿਸ਼ਲ...ਮਿਸ਼ਲ...!

**ਮੁੰਡਾ** : (ਗਾਉਂਦਾ ਹੋਇਆ) :

ਮਿਸ਼ਲ ਲੂ ਲੈਂਜੋਨੇ
ਮੂਰਖਾਂ ਵਾਲੀਆਂ ਗੱਲਾਂ ਨਾ ਕਰ
ਪਾਣੀ ਨੂੰ ਵਹਿਣ ਦੇ
ਜਿਧਰ ਨੂੰ ਵਹਿੰਦਾ ਏ
ਸੜਕਾਂ 'ਤੇ, ਓਥੇ
ਗੜਬੜ ਹੋਣ ਵਾਲੀ ਏ
ਪਰ ਤੂੰ ਬਚ ਕੇ ਰਹਿ
ਤੂੰ ਬਚ ਕੇ ਰਹਿ...

(ਪਰਦਾ ਡਿੱਗਦਾ ਹੈ।)

• •

–**ਐਡ ਐਮਰੀ** ਦੇ ਕੀਤੇ ਅੰਗਰੇਜ਼ੀ ਅਨੁਵਾਦ ਦਾ ਪੰਜਾਬੀਕਰਨ : **ਸਵਰਾਜਬੀਰ**

# ਮਹਿਫ਼ੂਜ਼ ਪਲ

## -ਐੱਸ. ਬਲਵੰਤ

ਜਲੰਧਰ ਰਹਿਣਾ ਵੀ ਆਪਣੇ ਆਪ 'ਚ ਇਕ ਕਰਾਮਾਤ ਤੋਂ ਘੱਟ ਨਹੀਂ ਸੀ।

ਇਥੇ ਆਉਣ ਨਾਲ ਆਰਥਿਕ ਤੰਗੀ ਤਾਂ ਬਹੁਤ ਦੇਖੀ, ਕਿਉਂਕਿ ਪਾਰਟੀ ਵੇਜ 'ਤੇ ਹੀ ਗੁਜ਼ਾਰਾ ਕਰਨਾ ਪੈਂਦਾ ਸੀ, ਪਰ ਇਥੇ ਆ ਕੇ ਇਕ ਨਵੇਂ ਸੰਸਾਰ ਦੇ ਦਰਸ਼ਨ ਵੀ ਹੋਏ। ਕਮਿਊਨਿਸਟ ਪਾਰਟੀ 'ਚ ਸ਼ਾਮਲ ਹੋਣਾ। ਪੰਜਾਬ ਬੁਕ ਸੈਂਟਰ ਜਲੰਧਰ ਤੋਂ ਸੁਰੂ ਕਰਨਾ। "ਨਵਾਂ ਜਮਾਨਾ" ਅਖ਼ਬਾਰ ਤੇ ਅਵਾਮੀ ਪ੍ਰੈੱਸ ਤੋਂ ਹੁੰਦਾ ਹੋਇਆ, ਪੰਜਾਬ ਬੁੱਕ ਸੈਂਟਰ ਚੰਡੀਗੜ੍ਹ, ਤਕ ਦਾ ਸਫਰ। ਸਾਹਿਤਕ ਦਾਇਰੇ ਦਾ ਵਿਸ਼ਾਲ ਹੋਣਾ। ਦੁਨੀਆਂ ਭਰ ਦੇ ਸਾਹਿਤ ਨੂੰ ਪੜ੍ਹਨਾ। ਸਮਝਣਾ, ਮੇਰੇ ਲਈ ਸਾਹਿਤਿਕ ਖਿੱਤੇ ਵਿਚ ਆਪਣੀ ਨੀਂਹ ਤਿਆਰ ਕਰਨਾ ਸੀ।

ਮੇਰੇ ਪਹਿਲੇ ਸੰਪਰਕਾਂ 'ਚ ਜਗਜੀਤ ਸਿੰਘ ਅਨੰਦ, ਸੁਰਜਨ ਤੇ ਅੰਮ੍ਰਿਤ ਜ਼ੀਰਵੀ, ਕ੍ਰਿਸ਼ਨ ਭਾਰਦਵਾਜ, ਤੁਲਸੀ ਰਾਮ, ਸਿੰਗਾਰਾ ਸਿੰਘ ਭੁੱਲਰ, ਸ਼ੁਕੀਨ ਸਿੰਘ, ਰੀਤਾ ਸ਼ਰਮਾ, ਭੁਪਿੰਦਰ ਤੇ ਮਹਿੰਦਰ ਸਾਂਬਰ, ਬਲਜੀਤ ਪੰਨੂੰ, ਦਲਬੀਰ ਪ੍ਰੀਤਮ ਸਿੰਘ ਕਵੀ ਤੋਂ ਬਿਨ੍ਹਾਂ ਹੋਰ ਵੀ ਕਈ ਨਾਂਅ ਸਨ। ਉਥੇ ਹੀ ਕਾਮਰੇਡ ਰਤਨ ਸਿੰਘ ਦੌਲੀਕੇ, ਮਦਨ ਲਾਲ ਦੀਦੀ, ਸਤਨਾਮ ਚਾਨਾ, ਬੰਤ ਬਰਾੜ, ਜੋਗਿੰਦਰ ਟਾਈਗਰ ਤੇ ਹੋਰ ਬਹੁਤ ਸਾਰੇ ਨਾਂਅ ਸ਼ਾਮਲ ਹੋ ਗਏ।

"ਨਵਾਂ ਜ਼ਮਾਨਾ" ਦੇ ਬਾਹਰਲੇ ਦਾਇਰਿਆ 'ਚ ਬਰਜਿੰਦਰ ਸਿੰਘ 'ਹਮਦਰਦ" ਗਰੇਵਾਲ, ਅਵਿਨਾਸ਼ ਆਜ਼ਾਦ ਗੁਰਬਖ਼ਸ਼ ਸਿੰਘ ਵਿਰਕ, ਐੱਸ ਪੀ ਸਿੰਘ, ਸ਼ਿਵ ਰਣਜੀਤ ਬਜਾਵਾ, ਰਾਮ ਮੂਰਤੀ ਚੱਢਾ, ਪ੍ਰਕਾਸ਼ ਵਰਗੇ ਨਾਵਾਂ ਨਾਲ ਕਿਸੇ ਨਾ ਕਿਸੇ ਤਰ੍ਹਾਂ ਸੰਪਰਕ ਰਹਿੰਦਾ ਸੀ। ਸਤ੍ਯਾਪਾਲ ਗੌਤਮ, ਸ਼ੁਕੀਨ ਸਿੰਘ, ਸੁਖਵੰਤ ਢੱਡਾ, ਸੁਰਿੰਦਰ ਮੋਹਨ, ਸੀਤਲ ਦਾਸ, ਚਰੰਨਜੀਵ ਤੂਰ, ਇੰਡੀਅਨ ਕਾਫ਼ੀ ਹਾਊਸ ਦੀ ਢਾਣੀ ਹੁੰਦੀ ਸੀ।

ਅਮਿਤੋਜ ਦੀ ਐਂਟਰੀ ਵੀ ਬੜੇ ਫਿਲਮੀ ਢੰਗ ਨਾਲ ਹੋਈ। ਪਿਆਰਾ ਸਿੰਘ ਭੋਗਲ ਦੇ ਕਾਲਜ ਵਿਚ ਮੈਂ ਆਪਣੀ ਕਹਾਣੀ, "ਫੁਲ਼ਸਟਾਪ" ਪੜ੍ਹ ਰਿਹਾ ਸੀ। ਸਾਰੇ ਲੋਕ ਬੈਠੇ ਸਨ। ਜ਼ੀਰਵੀ ਪ੍ਰਧਾਨਗੀ ਕਰ ਰਿਹਾ ਸੀ। ਅਮਿਤੋਜ ਚਾਰ ਪੰਜ ਦੋਸਤਾਂ ਨਾਲ ਕਮਰੇ ਵਿਚ ਦਾਖਲ ਹੋਇਆ। ਇਕ ਜਣੇ ਨੇ ਉਸ ਦੀ ਸਿਗਰਟ ਤੇ ਮਾਚਸ ਦੀ ਡੱਬੀ ਫੜੀ ਹੋਈ ਸੀ। ਅਮਿਤੋਜ ਨੇ ਕਿਹਾ "ਫੈਗ"। ਦੂਸਰੇ ਨੇ ਤੀਸਰੇ ਤੋਂ ਸਿਗਰਟ ਦੀ ਡੱਬੀ ਫੜ੍ਹੀ ਤੇ ਸਿਗਰਟ ਸੁਲਗਾ ਕੇ ਅਮਿਤੋਜ ਨੂੰ ਦਿੱਤੀ। ਉਸ ਨੇ ਤਿੰਨ-ਚਾਰ ਕਸ ਲਗਾਏ ਤੇ ਉਨ੍ਹਾਂ ਨੂੰ ਕਹਿੰਦਾ, "ਚਲੋ !... ਲੈਟਸ ਗੋ !" ਉਹ ਸਾਰੇ ਜਾਣੇ ਬਾਹਰ।

ਜਲੰਧਰ ਕਾਫ਼ੀ ਹਾਊਸ ਤੇ ਪੰਜਾਬ ਬੁਕ ਸੈਂਟਰ ਵਿਚਕਾਰ ਰਾਮਾਕ੍ਰਿਸ਼ਨ ਐਂਡ ਸਨਜ ਨਾਂਅ ਦੀ ਅੰਗਰੇਜ਼ੀ ਕਿਤਾਬਾਂ ਦੀ ਦੁਕਾਨ ਹੁੰਦੀ ਸੀ। ਸਾਰੇ ਕਾਫੀ ਹਾਊਸੀਏ ਪੰਜਾਬ ਬੁੱਕ ਸੈਂਟਰ ਤੇ ਇਸ ਦੁਕਾਨ 'ਤੇ ਦਿਹਾੜੀ ਵਿਚ ਇਕ ਵਾਰ ਜ਼ਰੂਰ ਚੱਕਰ ਲਗਾਉਂਦੇ। ਭਾਵੇਂ ਉਹ ਕਮਿਊਨਿਸਟ ਪਾਰਟੀ ਦੇ ਮੈਂਬਰ ਤੇ ਭਾਵੇਂ ਰੌਸ਼ਨ ਖਿਆਲਾਤ ਦਾ ਹਾਮੀ ਹੋਵੇ। ਕਿਤਾਬਾਂ ਹੀ ਉਹਨਾਂ ਦੀ ਰੂਹੀ-ਖੁਰਾਕ ਹੁੰਦੀ ਸੀ। ਰਾਮਾਕ੍ਰਿਸ਼ਨਾ ਦੀ ਦੁਕਾਨ 'ਤੇ ਕੰਮ ਕਰਦੇ ਸੇਲਜ਼ਮੈਨ ਸੱਤਪਾਲ ਨੂੰ ਹਰੇਕ ਬੰਦੇ ਦਾ ਟੇਸਟ ਪਤਾ ਸੀ। ਉਹ ਆਰਡਰ ਵੀ ਉਸੇ ਹਿਸਾਬ ਨਾਲ ਕਰਦਾ ਸੀ। ਉਦੋਂ ਕਿਤਾਬਾਂ ਹੁੰਦੀਆਂ ਵੀ ਸਸਤੀਆਂ ਸਨ। ਸੱਤਪਾਲ ਨੇ ਹਰੇਕ ਗਾਹਕ ਲਈ ਵੱਖ-ਵੱਖ ਖਾਨੇ ਬਣਾਏ ਹੁੰਦੇ। ਉਹ ਹਰੇਕ ਦੇ ਟੇਸਟ ਦੀ ਕਿਤਾਬ ਉਸ ਦੇ ਖਾਨੇ 'ਚ ਰੱਖ ਦਿੰਦਾ ਤੇ ਜਦੋਂ ਵੀ ਉਹ ਬੰਦਾ ਵਿਜ਼ਿਟ ਕਰਦਾ ਆਪਣੀ ਕਿਤਾਬ ਉਥੋਂ ਹੀ ਚੁਕ ਲੈਂਦਾ। ਤੇ ਪੇਮੈਂਟ ਕਰ ਦਿੰਦਾ। ਬਿਲਕੁਲ ਪਰਸਨਲਾਈਜ਼ਡ ਕਮਿਊਨੀਕੇਸ਼ਨਜ਼ ਸੀ। ਇਹੋ ਜਿਹਾ ਸਿਸਟਮ ਮੈਂ ਆਪਣੀ ਪਬਲੀਕੇਸ਼ਨਜ ਸ਼ੁਰੂ ਕਰਨ ਬਾਅਦ ਹੋਰ ਵੀ

ਬਹੁਤ ਸਾਰੇ ਬੁਕ ਸੈਲਰਾਂ 'ਚ ਦੇਖਿਆ। ਪੂਨੇ 'ਚ ਮੈਨੀਜ਼ ਇੰਟਰਨੈਸ਼ਨਲ ਬੁੱਕ ਸਰਵਿਸਿਜ਼, ਬੰਬੇ 'ਚ ਨਿਊ ਐਂਡ ਸੈਕਿੰਡਹੈਂਡਜ਼ ਬੁਕਸ਼ਾਪ, ਬੰਗਲੌਰ ਵਿਚ ਸਪਨਾ ਬੁਕ ਸਟਾਲ ਤੇ ਹੋਰ ਵੀ ਕਈ ਥਾਵਾਂ 'ਤੇ ਅਜਿਹਾ ਪ੍ਰਬੰਧ ਦੇਖਿਆ। ਜਿਥੇ ਵੀ ਅਜਿਹੀ ਸਰਵਿਸ ਮਿਲਦੀ, ਉਥੇ ਕਸਟਮਰ ਘਰੇਲੂ-ਘਰੇਲੂ ਜਿਹਾ ਫੀਲ ਕਰਦਾ।

ਜਦੋਂ ਮੈਨੂੰ ਜਲੰਧਰ ਦਾ ਪੰਜਾਬ ਬੁਕ ਸੈਂਟਰ ਸੌਂਪਿਆ ਗਿਆ ਤਾਂ ਉਦੋਂ ਮੈਨੇਜਮੈਂਟ ਨੇ ਇਸ ਨੂੰ ਬੰਦ ਕਰਨ ਦਾ ਤਹੱਈਆ ਕਰ ਲਿਆ ਸੀ। ਪਰ ਮੈਂ ਜਦੋਂ ਸਟੱਡੀ ਕੀਤਾ ਤਾਂ ਮਹਿਸੂਸ ਹੋਇਆ ਕਿ ਪੰਜਾਬ ਵਿਚ ਪਾਠਕ ਪਿੰਡ-ਪਿੰਡ ਵਿਚ ਬੈਠਾ ਹੈ। ਪਰ ਉਸ ਨੂੰ ਇਹ ਨਹੀਂ ਪਤਾ ਲਗਦਾ ਕਿ ਕੀ ਪੜ੍ਹੇ ਤੋਂ ਕਿਥੋਂ ਖਰੀਦੇ? ਇਸ ਲਈ ਮੈਂ ਉਸ ਵੇਲੇ ਦੀ ਇਸ ਲੋੜ ਨੂੰ ਸਮਝਿਆ ਤੇ ਨਾਲੇ ਇਹ ਵੀ ਸਮਝਿਆ ਕਿ ਕਿਤਾਬ ਪਾਠਕ ਦੇ ਘਰ ਤਕ ਲੈ ਕੇ ਜਾਣੀ ਪੈਣੀ ਹੈ ਤੇ ਉਹ ਵੀ ਹਰ ਤਰ੍ਹਾਂ ਦੀ। ਭਾਵੇਂ ਇਹ ਸੈਂਟਰ ਕਮਿਊਨਿਸਟ ਪਾਰਟੀ ਦੀਆਂ ਪਾਲਿਸੀਆਂ ਤੇ ਉਸ ਦੇ ਪ੍ਰੋਗਰਾਮਾਂ ਨੂੰ ਲੋਕਾਂ ਤੀਕ ਪਹੁੰਚਾਉਣ ਲਈ ਵਰਤਿਆ ਜਾਂਦਾ ਸੀ, ਮੈਂ ਸੁਝਾਅ ਦਿੱਤਾ ਕਿ ਜੇ ਇਸੇ ਪ੍ਰਚਾਰ ਨੂੰ ਹੋਰ ਵਧਾਉਣਾ ਹੈ ਤਾਂ ਹਰ ਤਰ੍ਹਾਂ ਦੀ ਕਿਤਾਬ ਰੱਖਣੀ ਪੈਣੀ ਹੈ ਤੇ ਹਰ ਤਰ੍ਹਾਂ ਦੇ ਪਾਠਕ ਨੂੰ ਖਿੱਚ ਪਾਉਣੀ ਪੈਣੀ ਹੈ, ਕਿਉਂਕਿ ਮੇਰੀ ਸੋਚ ਇਹ ਸੀ ਕਿ ਜਿਥੇ ਮਾਰਕਸ ਦੀ ਕੈਪੀਟਲ ਨਾਂਅ ਦੀ ਕਿਤਾਬ ਮਿਲੇਗੀ ਉਥੇ ਹੀ ਰਮਾਇਣ ਵੀ ਮਿਲਣੀ ਚਾਹੀਦੀ ਹੈ ਤੇ ਹੋ ਸਕਦਾ ਹੈ ਕੋਈ ਰਾਮਾਇਣ ਖਰੀਦਣ ਆਇਆ ਬੰਦਾ ਕੈਪੀਟਲ ਵੀ ਖਰੀਦ ਲਵੇ ਤੇ ਆਪਣੀ ਵਿਚਾਰਧਾਰਾ ਬਦਲ ਲਵੇ। ਨਹੀਂ ਤਾਂ ਜੋ ਸਾਹਿਤ ਇਥੇ ਰੱਖਿਆ ਤੇ ਵੇਚਿਆ ਜਾਂਦਾ ਹੈ, ਉਹ ਜੇ ਪਾਰਟੀ ਵਰਕਰਾਂ ਤਕ ਹੀ ਸੀਮਤ ਰੱਖਣਾ ਤਾਂ ਫਿਰ ਭਾਵੇਂ ਇਨ੍ਹਾਂ ਸੈਂਟਰਾਂ ਨੂੰ ਬੰਦ ਹੀ ਕਰ ਦਿੱਤਾ ਜਾਵੇ।

ਚੰਡੀਗੜ੍ਹ ਤੇ ਜਲੰਧਰ ਵਾਲੇ ਦੋਹਾਂ ਸੈਂਟਰਾਂ ਦੇ ਪਾਰਟੀ ਵਲੋਂ ਬਣਾਏ ਇੰਚਾਰਜ ਕਾਮਰੇਡ ਤੁਲਸੀ ਰਾਮ ਸਨ। ਉਹ ਬਹੁਤ ਹੀ ਠਰ੍ਹੰਮੇਂ ਵਾਲੇ ਤੇ ਦੂਰ-ਅੰਦੇਸ਼ ਵਿਅਕਤੀ ਸਨ। ਉਨ੍ਹਾਂ ਮੇਰੀ ਗੱਲ ਧਿਆਨ ਨਾਲ ਸੁਣੀ ਤੇ ਮੈਨੂੰ ਸੰਪੂਰਣ ਖੁੱਲ੍ਹ ਦੇ ਦਿੱਤੀ ਕਿ ਵਧੇਰੇ ਕਰਕੇ ਮੈਂ ਰੌਸ਼ਨ-ਖਿਆਲੀ ਕਿਤਾਬਾਂ ਹੀ ਰੱਖਾਂ। ਪਹਿਲਾਂ ਤਾਂ ਅਸੀਂ ਇਕ ਪੁਰਾਣੀ ਜੀਪ ਦਾ ਪ੍ਰਬੰਧ ਕੀਤਾ। ਤੇ ਮਗਰੋਂ ਉਸ ਨਾਲ ਟਰਾਲੀ ਲਗਾ ਕੇ ਪਿੰਡਾਂ-ਪਿੰਡਾਂ ਵਿਚ ਨੁਮਾਇਸ਼ਾਂ ਕਰਨ ਲੱਗ ਪਏ। ਸ਼ਹਿਰ ਤੋਂ ਬਾਹਰ ਵਾਲੇ ਪਾਸੇ ਦੇ ਕਾਲਜਾਂ ਤੋਂ ਸ਼ੁਰੂ ਕਰਕੇ ਮੈਂ ਸ੍ਰੀ ਨਗਰ, ਬਾਰਾਮੂਲਾ ਤਕ ਪਹੁੰਚ ਗਿਆ। ਮਾਸਕੋ ਤੇ ਦਿੱਲੀ ਆਰਡਰ ਜਾਣ ਲੱਗ ਪਏ। ਵਿਦਿਆਰਥੀਆਂ ਨੇ ਤੇ ਪਿੰਡਾਂ ਦੇ ਹੋਰ ਨੌਜੁਆਨਾਂ ਨੇ ਧੜਾ ਧੜ ਕਿਤਾਬਾਂ ਖਰੀਦਣੀਆਂ ਸ਼ੁਰੂ ਕਰ ਦਿੱਤੀਆਂ। ਸਾਰੇ ਪਾਸੀਂ ਰੌਲਾ ਪੈ ਗਿਆ। ਰੂਸੀ ਸਫ਼ਾਰਤਖਾਨਾ ਵੀ ਦੰਦਾਂ 'ਚ ਉਂਗਲਾਂ ਚਬਾ ਦੇਖਣ ਲੱਗ ਪਿਆ। ਸਾਲ ਵਿਚ ਹੀ ਲਹਿਰ ਬਹਿਰ ਹੋ ਗਈ। ਤੇ ਦੁਕਾਨ ਵੀ ਸਟਾਕ ਨਾਲ ਭਰੀ ਭਰੀ ਲੱਗਣ ਲੱਗ ਪਈ।

ਇਕ ਵਾਰੀ ਮੈਂ ਨਕੋਦਰ ਦੇ ਖ਼ਾਲਸਾ ਕਾਲਜ 'ਚ ਨੁਮਾਇਸ਼ ਕੀਤੀ। ਉਥੇ ਗਰਮ-ਖਿਆਲੀਏ ਵੀ ਬਹੁਤ ਸਨ ਜੋ ਸੀ ਪੀ ਆਈ ਨੂੰ ਠੰਢੂ-ਪਾਰਟੀ ਕਹਿ ਕੇ ਮੁਖਾਤਿਬ ਹੁੰਦੇ ਸਨ। ਉਥੇ ਹੀ ਪ੍ਰੋ ਹਰਭਜਨ ਸਿੰਘ ਨਾਂਅ ਦਾ ਵਿਅਕਤੀ ਫਿਜ਼ਿਕਸ ਪੜ੍ਹਾਉਂਦਾ ਸੀ। ਸੀ ਤਾਂ ਉਹ ਗਰਮ-ਖਿਆਲੀਆਂ ਪਰ ਮੇਰੇ ਨਾਲ ਦੋਸਤੀ ਹੋ ਗਈ। ਇਸੇ ਲਈ ਉਹ ਆਪਣੇ ਤੇ ਹਮ-ਖਿਆਲੀ ਵਿਦਿਆਰਥੀਆਂ ਨੂੰ ਹਰ ਰੋਜ਼ ਇਕੱਠੇ ਕਰ ਕੇ ਲਿਆਉਂਦਾ ਤੇ ਉਨ੍ਹਾਂ ਨੂੰ ਕਿਤਾਬਾਂ ਬਾਰੇ ਸਮਝਾਉਂਦਾ। ਉਸ ਦੇ ਜ਼ਰਾ ਕਹਿਣ ਤੇ ਉਹ ਨੌਜੁਆਨ ਕਿਤਾਬਾਂ ਖਰੀਦ ਲੈਂਦੇ।

ਫਿਰ ਹਰਭਜਨ ਸਿੰਘ ਮੇਰੇ ਕੋਲ ਮੇਰੇ ਘਰ ਜਲੰਧਰ ਵੀ ਆ ਜਾਂਦਾ ਤੇ ਮੈਨੂੰ ਆਪਣੇ ਪਿੰਡ ਕਾਲਾ ਸੰਘਾ ਵੀ ਬੁਲਾ ਲੈਂਦਾ। ਉਸੇ ਨੇ ਇਕ ਗਰਮ-ਖਿਆਲੀ ਮੈਗਜ਼ੀਨ ਵੀ ਕੱਢਿਆ ਸੀ। ਮੇਰੇ ਦਿੱਲੀ ਵਾਪਸ ਪਰਤ ਜਾਣ ਬਾਅਦ ਇਹ ਸੁਣਿਆ ਸੀ ਕਿ ਪੁਲੀਸ ਨੇ ਹਰਭਜਨ ਸਿੰਘ ਦੇ ਘਰ ਛਾਪਾ ਮਾਰ ਕੇ ਉਸ ਦੇ ਪਰਿਵਾਰ ਨੂੰ ਬਹੁਤ ਤੰਗ ਕੀਤਾ ਸੀ। ਉਹ ਆਪ ਭਗੌੜਾ ਹੋ ਗਿਆ।

ਇਸੇ ਤਰ੍ਹਾਂ ਡੀ.ਏ.ਵੀ. ਕਾਲਜ ਨਕੋਦਰ 'ਚ ਹਿੰਦੀ ਪੜ੍ਹਾਉਂਦੇ ਮੋਹਨ ਸੱਪਰਾ ਨਾਲ ਵਾਕਫੀ ਹੋ ਗਈ। ਜਲੰਧਰ ਲਾਇਲਪੁਰ ਖ਼ਾਲਸਾ ਕਾਲਜ, ਵਿਚ ਅਨੂਪ ਸਿੰਘ ਲਾਇਬਰੇਰੀਅਨ ਸਨ। ਸ਼ਿਵ ਰਣਜੀਤ ਸਿੰਘ ਬਾਜਵਾ ਟੀਚਰ ਸਨ। ਹਿਸਟਰੀ ਦੇ ਡਾ. ਸਤੀਸ਼ ਕਪੂਰ, ਡੀ.ਏ.ਵੀ., ਦੋਆਬਾ, ਹੰਸਰਾਜ, ਕੰਨਿਆ ਮਹਾਵਿਦਿਆਲਾ ਦੇ ਟੀਚਰ ਤੇ ਲਾਇਬਰੇਰੀ ਦੇ ਲੋਕ ਚੰਗੇ ਵਾਕਫ ਬਣ ਗਏ। ਇਸੇ ਤਰ੍ਹਾਂ ਫਗਵਾੜਾ, ਲੁਧਿਆਣਾ, ਜਗਰਾਵਾਂ, ਕੋਟਕਪੂਰਾ, ਮੋਗਾ ਫ਼ਿਰੋਜ਼ਪੁਰ, ਬਠਿੰਡਾ, ਮੁਕਤਸਰ, ਅਬੋਹਰ, ਗੰਗਾਨਗਰ ਤੇ ਉਧਰ ਸਮਰਾਲਾ, ਖੰਨਾ ਤੀਕ ਪਹੁੰਚ ਕਰ ਲਈ। ਮਗਰੋਂ ਅੰਮ੍ਰਿਤਸਰ, ਹੁਸ਼ਿਆਰਪੁਰ, ਪਠਾਨਕੋਟ, ਜੰਮੂ ਤੋਂ ਬਾਅਦ ਸ੍ਰੀਨਗਰ, ਬਾਰਾਮੂਲਾ, ਅਨੰਤਨਾਗ। ਇਧਰ ਸਹਾਰਨਪੁਰ, ਯਮਨਾਨਗਰ, ਕੁਰੂਕਸ਼ੇਤਰ, ਕਰਨਾਲ, ਪਾਨੀਪਤ, ਤੇ ਵਾਪਸੀ 'ਤੇ ਅੰਬਾਲਾ ਵਗੈਰਾ ਦੇ ਕਾਲਜਾਂ ਨੂੰ ਵੀ ਕਵਰ ਕਰਨ ਲੱਗ ਪਿਆ। ਇਨ੍ਹਾਂ ਤੇ ਨਾਲ ਲਗਦੇ ਹੋਰ ਸ਼ਹਿਰਾਂ ਦੇ ਕਾਲਜਾਂ 'ਚ ਨੁਮਾਇਸ਼ਾਂ ਕੀਤੀਆਂ। ਸਾਰੇ ਥਾਈਂ ਲੋਕਾਂ ਨਾਲ ਅਪਣੱਤ ਤੇ ਪਿਆਰ ਮੁਹੱਬਤਾਂ ਪੈ ਗਈਆਂ।

ਜੰਮੂ ਜਦ ਆਤਮਜੀਤ ਸਿੰਘ ਨੂੰ ਮਿਲਿਆ ਤਾਂ ਉਸ ਡਾਕਟਰ ਕਪੂਰ ਨੂੰ ਮਿਲਾਇਆ। ਉਹ ਜੰਮੂ ਯੂਨੀਵਰਸਿਟੀ ਵਿਚ ਇਤਿਹਾਸ ਦੇ ਪ੍ਰੋਫ਼ੈਸਰ ਸਨ। ਉਥੇ ਹੀ ਸ੍ਰੀ ਨਗਰ 'ਚ ਪੀ.ਟੀ.ਆਈ ਦੇ ਬਿਊਰੋ-ਚੀਫ਼ ਪ੍ਰਾਣ ਜਾਲਾਲੀ ਸਨ। ਮੇਰਾ ਪਹਿਲਾ

ਵਾਸਾ, ਉਨ੍ਹਾਂ ਦੇ ਰੇਜ਼ੀਡੈਂਸੀ ਰੋਡ ਵਾਲੇ ਘਰ ਹੀ ਹੋਇਆ। ਉਨ੍ਹਾਂ ਦੀ ਪਤਨੀ ਸਾਹਮਣੇ ਕਾਲਜ ਵਿਚ ਲਾਇਬਰੇਰੀਅਨ ਸਨ ਪੰਜਾਬੀ ਦੇ ਅਧਿਆਪਕ ਸੇਵਾ ਸਿੰਘ ਸਨ। ਜਲਾਲੀ ਜੋੜੇ ਦਾ ਪੁਤਰ ਰਾਹੁਲ ਉਦੋਂ ਕਾਲਜ ਵਿਚ ਪੜ੍ਹਦਾ ਹੁੰਦਾ ਸੀ ਤੇ ਜਦ ਮੈਂ ਪੰਜਾਬ ਤੋਂ ਵਾਪਸ ਦਿੱਲੀ ਜਾ ਪਬਲੀਕੇਸ਼ਨ ਸ਼ੁਰੂ ਕੀਤੀ ਤਾਂ ਜਲਾਲੀ ਪਰਿਵਾਰ ਦਿੱਲੀ ਆ ਚੁੱਕਾ ਸੀ। ਰਾਹੁਲ ਪੱਤਰਕਾਰੀ ’ਚ ਮਸਰੂਫ਼ ਹੋ ਗਿਆ।

ਸ੍ਰੀਨਗਰ ਵਿਚ ਅਸੀਂ ਪੂਰੀਆਂ ਗਰਮੀਆਂ ਰਹਿਣਾ ਸ਼ੁਰੂ ਕਰ ਦਿੱਤਾ। ਕਾਲਜਾਂ, ਯੂਨੀਵਰਸਿਟੀਆਂ, ਤੋਂ ਬਾਅਦ ਟਾਊਨ ਹਾਲ ’ਚ ਕਿਤਾਬਾਂ ਰਖਵਾ ਖੂਬ ਪ੍ਰਚਾਰ ਕਰਦੇ। ਘੁੰਮਣ ਆਏ ਲੋਕੀ ਜਾਣ ਲੱਗੇ ਢੇਰਾਂ ਦੇ ਢੇਰ ਕਿਤਾਬਾਂ ਲਿਜਾਣ ਲੱਗ ਪਏ। ਮਗਰੋਂ ਪ੍ਰਾਣ ਜਲਾਲੀ ਸਾਡੇ ਲਗਾਤਾਰ ਰਹਿਣ ਲਈ ਐਮ. ਐੱਲ. ਏ ਹੋਸਟਲ ’ਚ ਕਮਰਾ ਲੈ ਦਿੰਦੇ। ਤੇ ਕਦੇ ਕਦੇ ਪਹਿਲਾਂ ਰਹਿ ਚੁਕੇ ਮਨਿਸਟਰ ਗਿਆਸੁਦੀਨ ਦੇ ਘਰ ਤੇ ਕੁਝ ਵਾਰੀ ਉਨ੍ਹਾਂ ਦੇ ਦਾਮਾਦ ਦੇ ਘਰ ਵੀ ਰਹਿਣ ਦਾ ਮੌਕਾ ਮਿਲਿਆ।

ਸੰਤਾਲੀ ਤੋਂ ਬਾਅਦ ਖੱਬੇ ਖਿਆਲੀ ਲੋਕਾਂ ਨੂੰ ਇਹ ਉਮੀਦ ਸੀ ਕਿ ਭਾਰਤ ਵਿਚ ਜਿਵੇਂ ਕੱਲ੍ਹ ਨੂੰ ਹੀ ਇਨਕਲਾਬ ਆ ਜਾਣਾ ਹੋਵੇ ਤੇ ਸਮਾਜਵਾਦੀ ਪ੍ਰਣਾਲੀ ਸ਼ੁਰੂ ਹੋ ਜਾਣੀ ਹੋਵੇ। ਉਥੇ ਹੀ ਇਹ ਪਤਾ ਲੱਗਾ ਕਿ ਉਨ੍ਹਾਂ ਦਿਨਾਂ ਵਿਚ ਹੀ ਨਹਿਰੂ ਨੇ ਕਮਿਊਨਿਸਟ ਪ੍ਰਭਾਵ ਦਾ ਉਤਸ਼ਾਹ ਤੋੜਨ ਲਈ ਖ਼ੁਦ ਜ਼ਾਤੀ ਤੌਰ ’ਤੇ ਦਖ਼ਲ ਅੰਦਾਜ਼ੀ ਕਰਕੇ ਸਭ ਅਗਾਂਹਵਧੂਆਂ ਨੂੰ ਮਸਰੂਫ ਕਰ ਦਿੱਤਾ। ਕਿਸੇ ਨੂੰ ਬੱਸ ਦੇ ਪਰਮਿਟ ਦੇ ਦਿੱਤੇ ਤੇ ਕਿਸੇ ਨੂੰ ਭੱਠਿਆਂ ਦੇ ਲਾਇਸੈਂਸ। ਕਿਸੇ ਨੂੰ ਜੰਗਲਾਤ ਦੇ ਠੇਕੇ ਦੇ ਦਿੱਤੇ ਤੇ ਕਿਸੇ ਨੂੰ ਕੁਝ ਹੋਰ। ਯਾਨੀ ਸਾਰੀ ਦੀ ਸਾਰੀ ਅਗਾਂਹਵਧੂ ਲੀਡਰਸ਼ਿਪ ਨੂੰ ਇਹ ਲਾਲਚ ਦੇ ਕੇ ਮਸਰੂਫ ਕਰ ਦਿੱਤਾ। ਤੇ ਉਨ੍ਹਾਂ ਦਾ ਪੈਸੇ ਦੇ ਲਾਲਚ ਵਿਚ ਆਉਣ ਮਗਰੋਂ ਜੋ ਖਲਕਤ ਦਾ ਬ਼ਗੈਰ ਲੀਡਰਸ਼ਿਪ ਦੇ ਹੁੰਦਾ, ਉਹੀ ਹੋਇਆ।

ਲਗਪਗ ਇਕ ਸਾਲ ਦੇ ਵਿਚ ਹੀ ਇਹ ਸਾਡਾ ਸਫ਼ਰ ਮੈਂ ਤਹਿ ਕਰ ਲਿਆ। ਤਾਂ ਫਿਰ ਮੈਨੂੰ ਕਿਹਾ ਗਿਆ ਕਿ ਜਿਸ ਪ੍ਰੈੱਸ ’ਚ “ਨਵਾਂ ਜ਼ਮਾਨਾ” ਛਪਦਾ, ਉਹ ਅਵਾਮੀ ਪ੍ਰੈੱਸ ਘਾਟੇ ’ਚ ਜਾ ਰਹੀ ਹੈ। ਜਦ ਮੈਂ ਮੁਆਇਨਾ ਕੀਤਾ ਤਾਂ ਮਹਿਸੂਸ ਕੀਤਾ ਕਿ ਅਖ਼ਬਾਰ ਤਾਂ ਕੁਝ ਘੰਟਿਆ ਵਿਚ ਹੀ ਛਪ ਜਾਂਦੀ ਹੈ ਤੇ ਬਾਕੀ ਸਮਾਂ ਮਸ਼ੀਨਾਂ ਖੜ੍ਹੀਆਂ ਰਹਿੰਦੀਆਂ ਹਨ। ਮੇਰੇ ਹੀ ਸੁਝਾਅ ਤੋਂ ਬਾਅਦ ਮੈਂ ਮਾਰਕੀਟ ’ਚੋਂ ਛਪਣ ਵਾਲਾ ਕੰਮ ਫੜ੍ਹਨ ਲਗ ਪਿਆ। ਤੇ ਇਕ ਸਾਲ ’ਚ ਹੀ ਅਵਾਮੀ ਪ੍ਰੈੱਸ ਵਿਚ ਵੀ ਲਹਿਰ ਬਹਿਰ ਹੋ ਗਈ। ਚੋਣਾਂ ਵੇਲੇ ਪਬਲਸਿਟੀ ਦਾ ਕੰਮ ਜਗਜੀਤ ਸਿੰਘ ਆਨੰਦ ਦੀ ਮਦਦ ਨਾਲ ਮਿਲ ਜਾਂਦਾ। ਕਿਤਾਬਾਂ ਦਾ ਕੰਮ ਮਾਈ ਹੀਰਾਂ ਗੇਟ ਦੇ ਪਰਕਾਸ਼ਕਾਂ ਦਾ, ਮੈਂ ਫੜ ਲਿਆਉਂਦਾ।

ਉਪਰ ਨਵੇਂ ਜ਼ਮਾਨੇ ਦੇ ਦਫ਼ਤਰ ਦੇ ਪਿਛਲੇ ਪਾਸੇ ਇਕ ਕਮਰੇ ਵਿਚ ਸੁਰਜਨ ਜ਼ੀਰਵੀ ਤੇ ਅੰਮ੍ਰਿਤ ਆਪਣੀ ਬੱਚੀ ਪੋਪੇ ਨਾਲ ਰਹਿੰਦੇ ਸਨ। ਬਲਜੀਤ ਪੰਨੂੰ, ਦਲਬੀਰ, ਬੰਤ ਸਿੰਘ ਹੁਰੀਂ ਪੱਤਰਕਾਰੀ ਦੀਆਂ ਕਰਾਮਾਤਾਂ ’ਚ ਕੌਤਕ ਦਿਖਾ ਰਹਾ ਸਨ। ਕ੍ਰਿਸ਼ਨ ਭਾਰਦਵਾਜ ਜਨਰਲ ਮੈਨੇਜਰ ਤੇ ਪ੍ਰਿਥਪਾਲ ਸਿੰਘ ਇਸ਼ਤਿਹਾਰੀ ਮਾਮਲਿਆਂ ’ਚ ਮੁਹਰੀ ਸਨ। ਜ਼ੀਰਵੀ ਬਹੁਤ ਹੱਸਮੁੱਖ ਤੇ ਹਾਜ਼ਰ-ਜੁਆਬ ਸੁਭਾਅ ਦਾ ਸੀ। ਸ਼ੁਕੀਨ ਸਿੰਘ ਉਦੋਂ ਦੋਆਬਾ ਕਾਲਜ ਵਿਚ ਪੜ੍ਹਦਾ ਹੁੰਦਾ ਸੀ। ਪੱਤਰਕਾਰੀ ਦਾ ਭੁੱਸ ਹੋਣ ਕਰਕੇ ਉਹ ਜ਼ੀਰਵੀ ਨਾਲ ਬਹਿ ਕੇ ਖਬਰਾਂ ਵੀ ਬਣਾ ਲੈਂਦਾ ਸੀ। ਅਸੀਂ ਸਾਰੇ ਹਾਸੇ-ਠੱਠੇ ਕਰਦਿਆਂ ਸਮਾਂ ਬਿਤਾ ਰਹੇ ਸਾਂ। “ਅਜੀਤ” ਅਖ਼ਬਾਰ ਵਿਚ ਸਾਧੂ ਸਿੰਘ ਹਮਦਰਦ ਤੋਂ ਬਾਅਦ ਮੁਖੀ ਅਵਤਾਰ ਸਿੰਘ “ਆਜ਼ਾਦ” ਹੁੰਦੇ ਸਨ। ਉਹ ਬਹੁਤ ਹੀ ਵਧੀਆ ਸ਼ਾਇਰ ਸਨ ਤੇ “ਮਰਦ ਅਗੰਮੜਾ” ਵਰਗੀਆਂ ਕਿਤਾਬਾਂ ਵੀ ਲਿਖ ਚੁੱਕੇ ਸਨ। ਉਨ੍ਹਾਂ ਦਾ ਵੱਡਾ ਪੁੱਤਰ ਅਵਿਨਾਸ਼ ਪੱਤਰਕਾਰੀ ਤੇ ਛੋਟਾ ਪ੍ਰਕਾਸ਼ ਆਰਟਿਸਟ ਵਜੋਂ “ਅਜੀਤ” ਅਖ਼ਬਾਰ ਨਾਲ ਹੀ ਜੁੜੇ ਹੋਏ ਸਨ। ਬਾਅਦ ਵਿਚ ਅਵਿਨਾਸ਼ ਇੰਗਲੈਂਡ ਪਹੁੰਚ “ਦੇਸ-ਪ੍ਰਦੇਸ” ਤੇ ਪ੍ਰਕਾਸ਼ “ਪੰਜਾਬੀ ਟ੍ਰਿਬਿਊਨ” ਵਿਚ ਆਰਟਿਸਟ ਵਜੋਂ ਚਲੇ ਗਏ। ਬਲਦੇਵ ਗਰੇਵਾਲ ਮੈਗਜ਼ੀਨ ਸੈਕਸ਼ਨ ਦੇਖਦਾ ਹੁੰਦਾ ਸੀ, ਜੋ ਹੁਣ ‘ਨਿਊ ਯਾਰਕ’ ਤੋਂ ਹਫਤਾਵਾਰੀ “ਸ਼ੇਰ-ਏ-ਪੰਜਾਬ” ਅਖ਼ਬਾਰ ਕੱਢਦਾ ਹੈ।

ਉਦੋਂ ‘ਸੋਲਨ’ (ਵਿਸਕੀ) ਦੀ ਬੋਤਲ ਸ਼ਾਇਦ ਪੈਂਤੀ ਚਾਲ੍ਹੀ ਰੁਪੈ ਦੀ ਹੁੰਦੀ ਸੀ। ਸ਼ਾਮ ਹੁੰਦੀ ਤਾਂ ਅਵਿਨਾਸ਼ ਸਭ ਤੋਂ ਦਸ-ਦਸ, ਪੰਜ-ਪੰਜ ਰੁਪੈ ਇਕੱਠੇ ਕਰਦਾ ਤੇ ਅਸੀਂ ਜਯੋਤੀ ਸਿਨਮੇ ਦੇ ਸਾਹਮਣੇ ਕਸ਼ਮੀਰੀ ਲਾਲ ਪਕੌੜਿਆਂ ਵਾਲੇ ਦੀ ਦੁਕਾਨ ਤੇ ਚਲੇ ਜਾਂਦੇ। ਕਸ਼ਮੀਰੀ ਲਾਲ ਸਾਡੇ ਲਈ ਸਾਰਾ ਪ੍ਰਬੰਧ ਕਰਨ ਮਗਰੋਂ ਆਪਣੀ ਸ਼ਾਇਰੀ ਦੀ ਕਾਪੀ ਵੀ ਕੱਢ ਲਿਆਉਂਦਾ ਤੇ ਸਾਡੇ ਸਿਰਾਂ ਵਿਚ ਆਪਣੀਆਂ ਅੱਧ-ਕੱਚੀਆਂ ਨਜ਼ਮਾ ਕਿੱਲਾਂ ਵਾਂਗ ਠੋਕਦਾ ਤੇ ਅਸੀਂ ਵਾਹ ਵਾਹ ਕਰਨ ਤੋਂ ਬਿਨਾਂ ਕੁਝ ਨਾ ਕਰ ਸਕਦੇ ਕਿਉਂਕਿ ਕੱਲ੍ਹ ਨੂੰ ਫੇਰ ਆਉਣਾ ਹੁੰਦਾ ਸੀ।

ਜਿਸ ਦਿਨ ਕਾਫੀ ਹਾਊਸ ’ਚੋਂ ਉਠਦੇ ਤਾਂ ਕੋਈ ਕਿਸੇ ਨਾਲ ਚਲਾ ਜਾਂਦਾ ਤੇ ਕੋਈ ਕਿਸੇ ਨਾਲ। ਉਹ ਢਾਣੀ ਵਿਚ ਸਤ੍ਯਾਪਾਲ ਗੌਤਮ, ਸ਼ੁਕੀਨ ਸਿੰਘ, ਸੁਖਵੰਤ ਢੱਡਾ, ਸੀਤਲ ਦਾਸ, ਚਰੰਜੀਵ ਸਿੰਘ, ਸੁਰੇਂਦ੍ਰ ਮੋਹਨ ਤੇ ਕੁਝ ਦੋਸਤ ਹੋਰ ਵੀ ਹੁੰਦੇ। ਜਦੋਂ ਪੈਸੇ ਨਾ ਹੁੰਦੇ ਤਾਂ ਸ਼ੁਕੀਨ ਆਉਂਦੇ ਜਾਂਦੇ ਟਰੱਕ ਨੂੰ ਇਸ਼ਾਰਾ ਕਰਕੇ ਰੋਕਦਾ ਤਾਂ ਇਸ ਤਰ੍ਹਾਂ ਮਿਨਤ ਕਰਦਾ ਕਿ ਡਰਾਈਵਰ ਮੱਲੋ-ਮੱਲੀ ਦਸ ਰੁਪੈ ਕੱਢ ਕੇ ਫੜਾ ਦਿੰਦਾ। ਪਰ ਉਹ ਇਸ ਤੋਂ ਵਧ ਨਾ ਮੰਗਦਾ ਸੀ ਤੇ ਨਾ ਲੈਂਦਾ ਸੀ। ਹੌਲੀ ਹੌਲੀ ਬੋਤਲ ਜੋਗੇ ਪੈਸੇ ਇਕੱਠੇ ਹੋ ਜਾਣੇ ਤਾਂ ਸਭ ਨੇ ਚੀਕਾਂ ਮਾਰਨੀਆਂ। ਜਿਵੇਂ ਕੋਈ ਯੁੱਧ ਜਿੱਤ ਲਿਆ ਹੋਵੇ।

ਕਈ ਵਾਰੀ ਮੈਂ ਮਦਨ ਤਾਇਰ ਦੇ ਨਾਲ ਨਗੀਨੇ ਦੇ ਸਟੂਡੀਓ ਚਲਾ ਜਾਂਦਾ। ਉਨ੍ਹਾਂ ਮੁਤਾਬਕ ਇਥੇ ਹੀ ਇਕ ਜ਼ਮਾਨੇ ਵਿਚ ਕਦੇ ਕਦੇ ਮਸ਼ਹੂਰ ਗਾਇਕ ਜਗਜੀਤ ਸਿੰਘ ਤੇ ਸ਼ਾਇਰ ਸੁਦਰਸ਼ਨ ਫ਼ਾਕਿਰ ਮਹਿਫਲ ਲਗਾਇਆ ਕਰਦੇ ਸਨ।

ਫਿਰ ਇਕ ਦਿਨ ਗੌਤਮ ਤੇ ਮੈਂ ਇਕੱਲੇ ਰਹਿ ਗਏ। ਮੈਂ ਗੌਤਮ ਨੂੰ ਕਿਹਾ ਮੇਰੇ ਪਿੰਡੋਂ ਚਾਚੇ ਨੇ ਪਹਿਲੇ ਤੋੜ ਦੀ ਭਿਜਵਾਈ ਹੈ। ਚਲ ਘਰ ਚਲਦੇ ਹਾਂ। ਅਸੀਂ ਹਾਲੇ ਪਹੁੰਚੇ ਹੀ ਸਾਂ ਕਿ ਮੇਰੀ ਪਤਨੀ ਜਸਬੀਰ ਮੇਰੇ ਦੁਆਲੇ ਹੋ ਗਈ। "ਘਰ 'ਚ ਨਾ ਆਟਾ ਤੇ ਨਾ ਦਾਲ...ਤੇ ਉੱਤੋਂ ਤੂੰ ਪ੍ਰਾਹੁਣਾ ਨਾਲ ਚੁੱਕ ਲਿਆਇਆਂ?" ਜਦ ਉਹ ਦੱਬੀ ਜੁਬਾਨ ਵਿਚ ਮੇਰੇ ਕੰਨ 'ਚ ਇਹ ਗੱਲ ਕਹਿ ਰਹੀ ਸੀ ਤਾਂ ਮੈਂ ਉਸ ਨੂੰ ਕਿਹਾ ਕਿ "ਇਹ ਤਾਂ ਹਿੱਪੀ ਹੈ। ਇਹਨੂੰ ਪੰਜਾਬੀ ਨਹੀਂ ਸਮਝ ਆਉਂਦੀ। ਫਿਕਰ ਨਾ ਕਰ। ਜੋ ਤੂੰ ਕਿਹਾ ਇਸ ਨੂੰ ਸਮਝ ਨਹੀਂ ਆਈ ਹੋਣੀ।" ਮੈਂ ਗੌਤਮ ਨਾਲ ਮਾੜੀ ਮੋਟੀ ਇੰਗਲਿਸ਼ 'ਚ ਹੀ ਗੱਲਬਾਤ ਦਾ ਹੁੰਗਾਰਾ ਦਿੰਦਾ ਰਿਹਾ। ਖ਼ੈਰ !

ਉਸੇ ਦਿਨ ਪਾਰਟੀ ਦੀ ਵੇਜ ਮਿਲੀ ਸੀ। ਗੌਤਮ ਨੂੰ ਨਾਲ ਲੈ ਮੈਂ ਘਰ ਦਾ ਜੋ ਸਾਮਾਨ ਚਾਹੀਦਾ ਸੀ ਲੈ ਆਂਦਾ। ਤਦ ਤੀਕ ਉਸ ਨੇ ਬਾਕੀ ਤਿਆਰੀ ਕਰ ਲਈ। ਖਾਣਾ ਖਾਣ ਤੋਂ ਬਾਅਦ ਗੌਤਮ ਨੇ ਸ਼ਰਾਰਤ ਕੀਤੀ ਤੇ ਮੇਰੀ ਪਤਨੀ ਜਸਬੀਰ ਨੂੰ ਠੇਠ ਦੁਆਬੀ ਪੰਜਾਬੀ ਵਿਚ ਹੀ ਕਹਿ ਦਿੱਤਾ, "ਭਾਬੀ ਜੀ ! ਖਾਣਾ ਬਹੁਤ ਸੁਆਦ ਸੀ !" ਇਹ ਸੁਣਦਿਆਂ ਹੀ ਉਹਨੇ ਝਾੜੂ ਚੁੱਕਿਆ ਤੇ ਸਾਡੇ ਮਗਰੇ-ਮਗਰ, "ਤੁਹਾਨੂੰ ਮਰ ਜਾਨਿਆਂ ਨੂੰ ਬਣਾਉਨੀ-ਆਂ-ਅੰਗਰੇਜ਼ !" ਅਸੀਂ ਸ਼ੂਟ ਵੱਟੀ ਤੇ ਮੈਂ ਅੱਧੀ ਰਾਤ ਤਕ ਘਰ ਨਾ ਗਿਆ।

ਇਸੇ ਤਰ੍ਹਾਂ ਇਕ ਦਿਲ ਮੈਂ "ਨਵਾਂ ਜ਼ਮਾਨਾ" ਗਿਆ ਤਾਂ ਸ਼ੁਕੀਨ ਹੱਸੀ ਜਾਵੇ। ਮੈਨੂੰ ਵੇਖਦਿਆਂ ਹੀ ਸ਼ੁਕੀਨ ਜ਼ੀਰਵੀ ਨੂੰ ਆਵਾਜ਼ ਮਾਰ ਕੇ ਕਹਿੰਦਾ "ਲਓ ਜ਼ੀਰਵੀ ਆ ਗਿਆ ਤੇਰਾ ਮੁਜਰਿਮ !" ਜ਼ੀਰਵੀ ਹਾਲੇ ਤਿਆਰ ਹੋ ਹੀ ਰਿਹਾ ਸੀ ਕਿ ਆਪਣਾ ਲੋਹੇ ਦਾ ਫੁੱਟਾ ਲੈ ਮੇਰੇ ਦੁਆਲੇ ਹੋ ਗਿਆ। ਕਹਿੰਦਾ, "ਹੱਥ ਪੁੱਠਾ ਕਰਕੇ ਮੇਰੇ ਮੂਹਰੇ ਕਰ !" ਜਿਸ ਤਰ੍ਹਾਂ ਸਕੂਲਾਂ 'ਚ ਮਾਸਟਰ ਕੁੱਟਦੇ ਹੁੰਦੇ ਸਨ, ਜ਼ੀਰਵੀ ਮੈਨੂੰ ਮਾਰੀ ਜਾਵੇ ਪਰ ਦੱਸੇ ਕੁਝ ਨਾ। ਅਖ਼ੀਰ ਮੇਰੇ ਜ਼ੋਰ ਪਾਉਣ ਤੇ ਕਹਿੰਦਾ, "ਤੂੰ ਕੰਜਰਾ ! ਮੇਰੀ ਵਹੁਟੀ ਰੋਜ਼ ਦੇਖ ਜਾਨਾਂ...ਪਰ ਆਪਣੀ ਕਦੇ ਨੀਂ ਦਿਖਾਈ !...ਇਹ ਤਾਂ ਸ਼ੁਕੀਨ ਨੇ ਦੱਸਿਆ ਤੇਰੀ ਵਹੁਟੀ ਬਹੁਤ ਸੁਹਣੀ ਹੈ।...ਜਾਹ ਪਹਿਲਾਂ ਉਹਨੂੰ ਲਿਆ ! ਫਿਰ ਦਫ਼ਤਰ ਵੜੀਂ !" ਕੋਲ ਹੀ ਸ਼ੁਕੀਨ ਆਪਣੀ ਖਚਰੀ ਹਾਸੀ ਹੱਸ ਰਿਹਾ ਸੀ। ਅੰਮ੍ਰਿਤ ਵੀ ਸੁਕੀਨ ਨਾਲ ਭਿੰਨੀ ਮੁਸਕਾਨ ਦੇਣ 'ਚ ਮਸਰੂਫ਼ ਸੀ। ਮਗਰੋਂ ਮੈਂ ਜਸਬੀਰ ਨੂੰ ਨਾਲ ਲੈ ਕੇ ਗਿਆ ਤਾਂ ਅੰਮ੍ਰਿਤ ਅੰਤਾਂ ਦੀ ਖੁਸ਼ ਹੋਈ। ਅਸੀਂ ਸਾਰਿਆਂ ਇਕੱਠਾ ਲੰਚ ਕੀਤਾ !

ਸਤਨਾਮ ਚਾਨਾ ਉਦੋਂ ਵਿਦਿਆਰਥੀ ਜਥੇਬੰਦੀ ਦਾ ਪ੍ਰਧਾਨ ਹੁੰਦਾ ਸੀ। ਬੰਤ ਸਿੰਘ ਬਰਾੜ ਨੌਜੁਆਨ ਜਥੇਬੰਦੀ ਦਾ। ਮੋਗੇ ਵਾਲੇ ਕਾਂਡ ਦਾ ਮਸਲਾ ਗਰਮ ਸੀ। ਨੌਜੁਆਨਾਂ ਦੀ ਫੜੋ-ਫੜਾਈ ਹੋ ਰਹੀ ਸੀ। ਬੰਤ ਬਰਾੜ ਨੂੰ ਲੱਭਣ ਪੁਲੀਸ "ਨਵਾਂ ਜ਼ਮਾਨਾ" ਵੀ ਆ ਚੁੱਕੀ ਸੀ। ਪਰ ਉਹ ਮੌਕੇ ਮੁਤਾਬਕ ਗਾਇਬ ਹੋ ਗਿਆ। ਅਵਾਮੀ ਪ੍ਰੈੱਸ ਵਿਚ ਸੀ.ਆਈ.ਡੀ. ਨੇ ਆਪਣੇ ਕੁਝ ਜਾਸੂਸ ਵੀ ਰਖਵਾਏ ਹੋਏ ਸਨ। ਇਕ ਦਿਨ ਉਨ੍ਹਾਂ ਚੋਂ ਇਕ ਬੰਦਾ ਮੈਨੂੰ ਕਹਿੰਦਾ "ਸੁਣਿਆ ਹੈ 'ਰੋਹਲੇ ਬਾਣ' ਬਹੁਤ ਵਧੀਆ ਮੈਗਜ਼ੀਨ ਹੈ?" ਮੈਂ ਕਿਹਾ "ਹਾਂ ਜੀ !"

ਜੁਆਬ ਵਿਚ ਉਸ ਨੇ ਕਿਹਾ "ਇਕ ਕਾਪੀ ਮੰਗਵਾ ਦਿਓ !...ਮੇਰਾ ਮੁੰਡਾ ਮੰਗਦਾ ਸੀ !"

ਮੈਂ ਕਿਹਾ "ਮਿਲ ਜਾਏਗੀ।"

ਇਸ ਮੈਗਜ਼ੀਨ ਦਾ ਮੈਂ ਇਕ ਵਾਰੀ ਇਕ ਦੋਸਤ ਦੇ ਜ਼ਿੱਦ ਕਰਨ ਕਰਕੇ ਚੰਦਾ ਦਿੱਤਾ ਹੋਣ ਕਰਕੇ ਮੈਨੂੰ ਡਾਕ ਵਿਚ ਆ ਜਾਂਦੀ ਸੀ ਪਰ ਮੈਂ ਉਸ ਦੀ ਅੰਦਰਲੀ ਚਾਲ ਨਾ ਸਮਝਿਆ ਤੇ ਦੂਜੇ ਦਿਨ ਮੈਗਜ਼ੀਨ ਦੀ ਕਾਪੀ ਲਿਆ ਦਿੱਤੀ। ਉਂਜ ਵੀ ਮੈਂ ਉਸ ਨੂੰ ਹਰ ਵੇਲੇ ਵਿਹਲਾ ਬੈਠੇ ਰਹਿਣ ਕਰਕੇ ਡਾਂਟ ਦਿੰਦਾ ਸਾਂ। ਸੋ ਅਗਲੇ ਹੀ ਦਿਨ ਮੇਰੀ ਵਾਰੀ ਆ ਗਈ। ਪਰ ਮੈਨੂੰ ਜ਼ੀਰਵੀ ਨੇ ਇਸ਼ਾਰਾ ਕਰ ਦਿੱਤਾ ਸੀ ਕਿ ਤੇਰੀ ਭਾਲ ਸ਼ੁਰੂ ਹੋ ਗਈ ਹੈ...ਜ਼ਰਾ ਹੁਸ਼ਿਆਰ ਰਹੀਂ। ਮੈਂ ਜਲੰਧਰ ਦੀ ਥਾਂ ਆਪਣੇ ਪਿੰਡ ਸੌਣ ਚਲਾ ਜਾਂਦਾ। ਕਈ ਦਿਨ ਬਚਦਾ ਰਿਹਾ। ਪਰ ਮੇਰੇ ਛੋਟੇ ਭਰਾ ਦੇ ਦੋਸਤ ਮਹਿੰਦਰ ਦੀ ਭੈਣ ਦਾ ਰਿਸ਼ਤਾ ਕਰਨ ਉਨ੍ਹਾਂ ਦਿੱਲੀ ਤੋਂ ਜਲੰਧਰ ਆਉਣਾ ਸੀ। ਮੈਂ ਮੂੰਹ ਹਨੇਰੇ ਸਵੇਰੇ ਤੜਕੇ ਚਾਰ ਵਜੇ ਪਿੰਡੋਂ ਸਾਇਕਲ 'ਤੇ ਤੁਰਿਆ। ਮਹਿਮਾਨਾਂ ਨੂੰ ਸਟੇਸ਼ਨ ਤੋਂ ਚੁਕਿਆ। ਤੇ ਨਕੋਦਰ ਰੋਡ ਤੇ ਜਯੋਤੀ ਸਿਨਮੇ ਕੋਲ ਸੁਰਾਜ ਗੰਜ ਆਪਣੇ ਘਰ ਲੈ ਗਿਆ। ਘਰ ਪਾਣੀ ਨਹੀਂ ਸੀ ਆ ਰਿਹਾ। ਦੋ ਬਾਲਟੀਆਂ ਪਾਣੀ ਦੀਆਂ ਬਾਹਰਲੇ ਨਲਕੇ ਤੋਂ ਭਰ ਕੇ ਲੈ ਆਂਦੀਆਂ। ਤੀਜੀ ਭਰਨ ਜਾ ਰਿਹਾ ਸੀ, ਕਿ ਸਾਹਮਣੇ ਤੋਂ "ਨਵਾ ਜ਼ਮਾਨਾਂ" ਦਾ ਅਕਾਊਂਟਸ-ਕਲਰਕ ਇਕ ਲੰਮ-ਧੜੰਮੇ ਬੰਦੇ ਨਾਲ ਆਉਂਦਾ ਦਿਸਿਆ। ਜੇ ਮੈਂ ਇੰਜ ਨਾ ਮਿਲਦਾ ਤਾਂ ਸ਼ਾਇਦ ਉਹ ਉਸ ਨੂੰ ਮੇਰਾ ਘਰ ਦਿਖਾ ਕੇ ਚਲਾ ਜਾਂਦਾ ਪਰ ਆਹਮਣੇ ਸਾਹਮਣੇ ਹੋਣ ਤੇ ਉਹ ਝੇਂਪ ਗਿਆ। ਆਪਣੇ ਨਾਲ ਵਾਲੇ ਬੰਦੇ ਨੂੰ ਮੇਰੇ ਵੱਲ ਇਸ਼ਾਰਾ ਕਰਦਿਆਂ ਆਪ ਖਿਸਕ ਗਿਆ। ਉਹਨੇ ਮੈਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਉਥੋਂ ਭੱਜ ਪਿਆ। ਪਰ ਸਾਹਮਣੇ ਤੋਂ ਪੁਲੀਸ ਦੇ ਸਿਪਾਹੀਆਂ ਦਾ ਭਰਿਆ ਪੂਰਾ ਟਰੱਕ ਆ ਰਿਹਾ ਸੀ। ਉਨ੍ਹਾਂ ਮੈਨੂੰ

ਭੱਜਦੇ ਦੇਖ ਲਿਆ ਤੇ ਸਮਝ ਗਏ ਕਿ ਮੈਂ ਉਨ੍ਹਾਂ ਦਾ ਟਾਰਗੈੱਟ ਹਾਂ। ਕਿਉਂਕਿ ਮੇਰੇ ਪਿੱਛੇ ਉਹ ਲੰਮ-ਧੜੰਮਾ ਪੁਲੀਸ ਅਫਸਰ ਸੀ ਤੇ ਮੈਂ ਮੂਹਰੇ। ਅੱਗਿਓਂ ਕਈ ਸਾਰੇ ਸਿਪਾਹੀ ਆ ਗਏ ਤੇ ਮੈਨੂੰ ਕਾਬੂ ਕਰ ਲਿਆ। ਮੈਂ ਦੇਖ ਕੇ ਹੈਰਾਨ ਸਾਂ ਕਿ ਮੇਰੇ ਵਰਗੇ ਮਾਮੂਲੀ ਬੰਦੇ ਨੂੰ ਫੜ੍ਹਨ ਲਈ ਐਨੀ ਪੁਲੀਸ ਆਈ ਸੀ?...ਜਿਵੇਂ ਕਿਸੇ ਖ਼ੂੰਖਾਰ ਡਾਕੂ ਨੂੰ ਫੜ੍ਹਨਾ ਹੋਵੇ। ਖੈਰ!

ਜਗਜੀਤ ਸਿੰਘ ਆਨੰਦ ਨੂੰ ਪਤਾ ਲਗਦੇ ਹੀ ਉਨ੍ਹਾਂ ਸਾਰੀਆਂ ਅਖ਼ਬਾਰਾਂ ਦੇ ਸੰਪਾਦਕਾਂ ਨਾਲ ਗੱਲ ਕੀਤੀ। ਕਈਆਂ ਨੇ ਇਸ ਘਟਨਾ ਤੇ ਸੰਪਾਦਕੀ ਲਿਖੇ ਤੇ ਪੁਲੀਸ ਦੀ ਬਦਖੋਈ ਕੀਤੀ। ਪੁਲੀਸ ਨੇ ਮੇਰੀ ਅਰੈੱਸਟ ਅਜੇ ਕਾਗਜ਼ਾਂ ਵਿਚ ਨਹੀਂ ਸੀ ਪਾਈ ਤੇ ਅਖ਼ਬਾਰਾਂ ਰਾਹੀਂ ਮੇਰੇ ਬਾਰੇ ਹੰਗਾਮਾ ਹੋ ਗਿਆ। ਤੇ ਅਖ਼ੀਰ ਪੁਲੀਸ ਨੂੰ ਥੁੱਕ ਕੇ ਚੱਟਣਾ ਪਿਆ।

ਕਾਫ਼ੀ ਹਾਊਸ ਦੀ ਢਾਣੀ ਵਿਚ ਇਕ ਤੋਂ ਇਕ "ਕਲਾਕਾਰ" ਸੀ। ਇਕ ਦਿਨ ਸਾਰਿਆਂ 'ਚ ਬਹਿਸ ਹੋਈ ਕਿ ਪੜ੍ਹਾਈ ਮਗਰੋਂ ਕਿਸ ਨੇ ਕੀ ਬਣਨਾ?

ਸੀਤਲ ਦਾ ਸਰੀਰ ਭਲਵਾਨਾਂ ਵਰਗਾ ਸੀ "ਮੈਂ ਤਾਂ ਪੁਲੀਸ 'ਚ ਜਾਊਂ...ਕੁਝ ਮਾਸਟਰਾਂ ਤੇ ਚਿੱਤੜ ਕੁਟਣੇ ਆਂ!" ਉਹ ਪੁਲੀਸ 'ਚ ਚਲਾ ਗਿਆ ਤੇ ਬਿਹਾਰ ਕੇਡਰ ਤੋਂ ਆਈ.ਪੀ.ਐੱਸ. ਸੀਲੈਕਟ ਹੋ ਗਿਆ। ਸੁਜਾਤਾ ਦਾਸ ਪੰਜਾਬ ਕਾਡਰ 'ਚੋਂ ਆਈ. ਏ. ਐੱਸ ਸੀ। ਸੱਤਪਾਲ ਦਿੱਲੀ ਇਨਕਮ ਟੈਕਸ ਵਿਭਾਗ 'ਚ ਅਫਸਰ ਸੀ ਜੋ ਹੁਣੇ ਹੁਣੇ ਕਮਿਸ਼ਨਰ ਰੀਟਾਇਰ ਹੋਇਆ। ਉਹ ਇਨ੍ਹਾਂ ਦਾ ਵਿਚੋਲਾ ਬਣ ਗਿਆ ਤੇ ਸੁਜਾਤਾ ਨੂੰ ਵਿਆਹੁਣ ਅਸੀਂ ਨਵੇਂ ਸ਼ਹਿਰ ਬਰਾਤ ਲੈ ਕੇ ਗਏ। ਉਦੋਂ ਉਹ ਉਥੇ ਐੱਸ ਡੀ ਐੱਮ ਹੁੰਦੀ ਸੀ। ਵਿਆਹ ਤੋਂ ਪਹਿਲਾਂ ਮੈਂ, ਸੀਤਲ ਤੇ ਸੁਜਾਤਾ ਕਈ ਵਾਰੀ ਮਿਲੇ। ਇਕ ਵਾਰੀ ਅਸੀਂ ਨੈਸ਼ਨਲ ਸਕੂਲ ਆਫ਼ ਡਰਾਮਾ ਵਿਖੇ ਇਕ ਪਲੇਅ ਵੀ ਦੇਖਣ ਗਏ। ਸੁਜਾਤਾ ਖ਼ੂਬਸੂਰਤ ਵੀ ਬਹੁਤ ਸੀ ਤੇ ਇਨ੍ਹਾਂ ਦੀ ਜੋੜੀ ਬਹੁਤ ਫੱਬੀ। ਇਨ੍ਹਾਂ ਦੋਨਾਂ ਕੋਲ ਚੁਆਇਸ ਸੀ ਕਿ ਜਾਂ ਸੁਜਾਤਾ ਬਿਹਾਰ ਚਲੇ ਜਾਂਦੀ ਤੇ ਜਾਂ ਸੀਤਲ ਪੰਜਾਬ ਆ ਜਾਂਦਾ। ਫੈਸਲਾ ਕੀਤਾ ਤੇ ਸੀਤਲ ਪੰਜਾਬ ਆ ਗਿਆ। ਅੱਤ ਦਰਜੇ ਦਾ ਅਫਸਰ ਬਣਿਆ। ਜਦੋਂ ਉਹ ਸੀ.ਆਈ.ਡੀ 'ਚ ਸੀ ਤਾਂ ਇਕ ਦਿਨ ਦਿੱਲੀ ਆਇਆ। ਉਸ ਦਾ ਇਕ ਦੋਸਤ ਆਲਮਜੀਤ, ਮੈਂ ਤੇ ਸੀਤਲ ਉਸ ਦੇ ਸਹੁਰੇ ਘਰ ਹੌਜ਼-ਖ਼ਾਸ ਇਕੱਠੇ ਹੋਏ ਤਾਂ ਸੀਤਲ ਦਸ ਰਿਹਾ ਸੀ ਕਿ ਪੁਲੀਸ ਚੀਫ਼ ਰੋਬੈਰੋ ਹਰੇਕ ਨੂੰ ਛੁੱਟੀ ਦੇ ਸਕਦਾ ਪਰ ਸੀਤਲ ਨੂੰ ਨਹੀਂ ਦਿੰਦਾ। ਕਹਿੰਦਾ "ਤੈਨੂੰ ਛੁੱਟੀ ਦੇ ਕੇ ਵਿਭਾਗ ਬੰਦ ਕਰਾਉਣਾ?"

ਸੀਤਲ ਜਦੋਂ ਵੀ ਬਿਹਾਰ ਤੋਂ ਆਉਂਦਾ ਤਾਂ ਦਿੱਲੀ ਮੇਰੇ ਕੋਲ ਹੀ ਠਹਿਰਦਾ। ਇਕ ਦਿਨ ਉਹ ਮੇਰੇ ਬੇਟੇ ਅਮਿਤ ਨਾਲ ਖੇਡ ਰਿਹਾ ਸੀ ਤਾਂ ਅਮਿਤ ਨੇ ਕਹਿ ਦਿੱਤਾ। "ਅੰਕਲ, ਤੁਸੀਂ ਅਸਲੀ ਪੁਲੀਸ ਵਾਲੇ ਨਹੀਂ ਹੋ, ਮੈਨੂੰ ਡਰਾਉਣ ਲਈ ਰੋਹਬ ਪਾਉਂਦੇ ਹੋ!" ਅਗਲੀ ਵੇਰ ਸੀਤਲ ਵਰਦੀ ਪਾ ਕੇ ਅਇਆ ਤੇ ਨਾਲ ਹੀ ਉਹਦੇ ਕੋਲ ਆਪਣਾ ਰੀਵਾਲਵਰ ਵੀ ਸੀ। ਭਰਿਆ ਹੋਇਆ ਰੀਵਾਲਵਰ ਉਸ ਨੇ ਅਮਿਤ ਦੇ ਹੱਥ ਫੜਾ ਦਿੱਤਾ ਤਾਂ ਉਸ ਨੂੰ ਮੇਰੇ ਤੇ ਜਸਬੀਰ ਤੋਂ ਬਹੁਤ ਡਾਂਟ ਖਾਣੀ ਪਈ।

ਭਲਵਾਨੀ ਬਾਰੇ ਉਹ ਦੱਸ ਰਿਹਾ ਸੀ ਕਿ ਇਕ ਦਿਨ ਖ਼ਬਰ ਮਿਲੀ ਕਿ ਕੋਈ ਨਾਮੀ ਡਾਕੂ ਸ਼ਹਿਰ 'ਚ ਕਿਸੇ ਦੇ ਘਰ ਲੁਕਿਆ ਹੋਇਆ। ਸੀਤਲ ਦੀ ਅਗਵਾਈ ਵਿਚ ਪੁਲੀਸ ਨੇ ਉਸ ਕੋਠੀ ਨੂੰ ਪੂਰੀ ਤਰ੍ਹਾਂ ਘੇਰ ਲਿਆ। ਸੀਤਲ ਨੂੰ ਲੱਗਾ ਕਿ ਇਹ ਹੁਣ ਸਿਰਫ ਪਿਛਲੇ ਪਾਸੇ ਤੋਂ ਹੀ ਛਾਲ ਮਾਰ ਕੇ ਭੱਜ ਸਕਦੇ ਹਨ। ਇਕ ਟੁਕੜੀ ਸਿਪਾਹੀਆਂ ਦੀ ਲੈ ਇਹ ਆਪ ਪਿੱਛੇ ਚਲਾ ਗਿਆ। ਕੁਝ ਕੁ ਚਿਰ 'ਚ ਪਿਛਲੇ ਪਾਸਿਓ ਕੁਝ ਡਾਕੂ ਛਾਲਾਂ ਮਾਰ ਭੱਜਣ ਲੱਗੇ। ਸੀਤਲ ਨੇ ਮੂਹਰੇ ਹੋ ਕੇ ਠਿੱਬੀ ਮਾਰੀ ਤੇ ਪੈਰ 'ਚ ਪੈਰ ਫਸਾ ਕੇ ਇਕ ਨੂੰ ਸੁੱਟ ਲਿਆ। ਉਹ ਡਿੱਗਾ ਹੀ ਸੀ ਕਿ ਇਹਨੇ ਜੱਫਾ ਪਾਕੇ ਉਸ ਦੀ ਬਾਂਹ ਮਰੋੜੀ ਤਾਂ ਉਹ ਚੀਕਾਂ ਮਾਰਨ ਲਗ ਪਿਆ। ਬਾਕੀ ਸਿਪਾਹੀ ਵੀ ਹਰਕਤ ਵਿਚ ਆ ਗਏ। ਪਰ ਬਾਅਦ 'ਚ ਪਤਾ ਲੱਗਾ ਕਿ ਜਿਸ ਨੂੰ ਸੀਤਲ ਨੇ ਫੜਿਆ ਉਹੀ ਉਨ੍ਹਾਂ ਦਾ ਸਰਦਾਰ ਸੀ ਜੋ ਪੁਲੀਸ ਦੇ ਹੱਥੋਂ ਹਰ ਵੇਰ ਘਚਾਨੀ ਦੇ ਕੇ ਭੱਜ ਜਾਂਦਾ ਸੀ।

ਬਿਹਾਰੋਂ ਪੰਜਾਬ ਤਬਾਦਲੇ ਤੋਂ ਪਹਿਲਾਂ ਸੁਜਾਤਾ ਜਦੋਂ ਬਿਹਾਰ ਗਈ ਤਾਂ ਉਨ੍ਹਾਂ ਦਾ ਜਬਰਦਸਤ ਐਕਸੀਡੈਂਟ ਹੋ ਗਿਆ। ਸੁਜਾਤਾ ਦੇ ਸਿਰ 'ਚ ਸੱਟ ਲਗੀ ਜਿਸ ਦਾ ਅਸਰ ਹਾਲੇ ਤੀਕ ਵੀ ਹੈ। ਤੇ ਪੰਜਾਬ ਆ ਕੇ ਜਦ ਸੀਤਲ ਪਟਿਆਲੇ ਵਿਚ ਐੱਸ. ਐੱਸ ਪੀ ਸੀ ਤਾਂ ਉਥੇ ਉਸ ਦਾ ਕਤਲ ਹੋ ਗਿਆ। ਉਸ ਨਾਲ ਬਿਤਾਏ ਤੇ ਹੰਢਾਏ ਪਲ...ਜਦ ਚੇਤੇ ਆਉਂਦੇ ਹਨ ਤਾਂ ਖਾਹ-ਮ-ਖਾਹ ਅੱਖਾ ਗਿੱਲੀਆਂ ਹੋ ਜਾਂਦੀਆਂ ਹਨ।

ਇਸੇ ਤਰ੍ਹਾਂ ਗੌਤਮ ਕਹਿੰਦਾ "ਭਾਈ ਮੈਂ ਤਾਂ ਪੰਡਤ ਹਾਂ!...ਔਰ ਪੰਡਤ ਤਾਂ ਵਿਦਿਆ ਹੀ ਪ੍ਰਦਾਨ ਕਰਦੇ ਹਨ!...ਆਪਾਂ ਤਾਂ ਟੀਚਰ ਹੀ ਬਣਾਂਗੇ!" ਹਾਲਾਂ ਕਿ ਉਹ ਪੰਡਤਾਈ 'ਚ ਵਿਸ਼ਵਾਸ ਨਹੀਂ ਸੀ ਕਰਦਾ ਤੇ ਕਦੇ ਕਦੇ ਆਪਣੇ ਆਪ ਨੂੰ 'ਬ੍ਰਾਹਮਣ ਜੱਟ' ਆਖ ਕੇ ਟੌਹਰ ਮਾਰਦਾ ਹੁੰਦਾ ਸੀ। ਸੋ ਉਹ ਟੀਚਰ ਬਣ ਗਿਆ। ਪੰਜਾਬ ਯੂਨੀਵਰਸਿਟੀ ਤੋਂ ਪੀ.ਐੱਚ.ਡੀ ਕਰ ਉਥੇ ਹੀ ਫਿਲਾਸਫੀ ਪੜ੍ਹਾਈ। ਪ੍ਰੋਫੈਸਰ ਬਣਿਆ। ਫਿਰ ਸ਼ਿਮਲੇ ਇੰਡੀਅਨ ਇੰਸਟੀਚਿਊਟ ਆਫ ਅਡਵਾਂਸਡ ਸਟੱਡੀ ਵਿਚ ਦੋ ਸਾਲ ਖੋਜੀ ਰਿਹਾ। ਫਿਰ ਹਿੰਦੁਸਤਾਨ ਦੀ ਸਭ ਤੋਂ ਬਿਹਤਰੀਨ ਮੰਨੀ ਜਾਂਦੀ ਜਵਾਹਰ ਲਾਲ ਯੂਨੀਵਰਸਿਟੀ ਤੋਂ

ਖਾਸ ਸੱਦੇ ਤੇ ਉਸ ਨੂੰ ਫਿਲਾਸਫੀ ਵਿਭਾਗ ਸਥਾਪਤ ਕਰਨ ਲਈ ਨਿਮੰਤਰਣ ਦਿੱਤਾ ਗਿਆ ਤੇ ਫਿਰ ਬਰੇਲੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਬਣਨ ਲਈ ਸੱਦਾ ਆਇਆ। ਲੋਕੀ ਇਹੋ ਜਿਹੀ ਵੱਡੀ ਯੂਨੀਵਰਸਿਟੀ 'ਚ ਐਡੇ ਵੱਡੇ ਅਹੁਦੇ ਲਈ ਯਤਨ ਕਰਦੇ ਹਨ ਪਰ ਜਨਾਬ ਗੌਤਮ ਸਾਹਿਬ ਨੇ ਸੋਚਦਿਆਂ ਸੋਚਦਿਆਂ ਹੀ ਇੰਨਾ ਚਿਰ ਲਗਾ ਦਿੱਤਾ ਕਿ ਸਰਕਾਰ ਨੂੰ ਗੌਤਮ ਨੂੰ ਮਨਾਉਣ ਵਾਸਤੇ ਸਪੈਸ਼ਲ ਪ੍ਰਤੀਨਿਧ ਭੇਜਣਾ ਪਿਆ। ਦੂਜੀ ਟਰਮ ਦੀ ਆਫਰ ਠੁਕਰਾ ਕੇ ਅੱਜ ਗੌਤਮ ਫਿਰ ਜਵਾਹਰ ਲਾਲ ਯੂਨੀਵਰਸਿਟੀ ਵਿਚ ਪ੍ਰੋਫੈਸਰੀ ਤਾਂ ਕਰ ਹੀ ਰਿਹਾ ਪਰ ਨਾਲ ਨਾਲ ਸੰਸਾਰ ਦੇ ਬੁੱਧੀਜੀਵੀ ਨਕਸ਼ੇ 'ਤੇ ਆਪਣੇ ਕਦਮਾਂ ਦੇ ਨਿਸ਼ਾਨ ਛਾਪਦਾ ਜਾ ਰਿਹਾ। ਬੜੇ ਚਿਰ ਮਗਰੋਂ ਬਰੇਲੀ ਯੂਨੀਵਰਸਿਟੀ ਨੂੰ ਮਿਲੇ ਇਕ ਵਧੀਆ ਵਾਈਸ ਚਾਂਸਲਰ ਵਜੋਂ ਉਹਦੀਆਂ ਛੱਡੀਆਂ ਛਾਪਾਂ ਹਾਲੇ ਵੀ ਉਸ ਦੇ ਕਦਮਾਂ ਦੇ ਨਿਸ਼ਾਨ ਛੱਡਦੀਆਂ ਤੁਰ ਰਹੀਆਂ ਹਨ।

ਸੁਕੀਨ ਸਿੰਘ ਕਹਿੰਦਾ ਭਾਈ ਆਪਾਂ ਤਾਂ ਪਹਿਲਾਂ ਹੀ ਜ਼ੀਰਵੀ ਨੂੰ ਉਸਤਾਦ ਬਣਾ ਲਿਆ। ਐੱਮ.ਏ ਇੰਗਲਿਸ਼ ਕਰਨ ਬਾਅਦ ਜੇ ਪੱਤਰਕਾਰੀ ਵਿਚ ਥਾਂ ਨਾ ਮਿਲੀ ਤਾਂ ਫਿਰ ਸੋਚਾਂਗੇ। ਜਦੋਂ ਮੈਨੂੰ ਪਾਰਟੀ ਨੇ ਜਲੰਧਰ ਤੋਂ ਚੰਡੀਗੜ੍ਹ ਭੇਜਿਆ ਤਾਂ ਮੇਰੇ ਕੰਮ ਦੇ ਝੰਡੇ ਪੰਜਾਬ ਪਾਰਟੀ ਦੀ ਲੀਡਰਸ਼ਿਪ ਦੇ ਮਨਾਂ ਚ ਗੱਡੇ ਜਾ ਚੁਕੇ ਸਨ। ਤੇ ਚੰਡੀਗੜ੍ਹ ਮੇਰੇ ਰਹਿਣ ਦਾ ਇੰਤਜ਼ਾਮ ਵੀ ਅਜੈ ਭਵਨ ਵਿਚ ਹੋਇਆ। ਸੂਬੇ 'ਚੋਂ ਜਾਂ ਬਾਹਰੋਂ ਆਏ ਸਾਰੇ ਨੇਤਾ ਆਣ ਕੇ ਇਥੇ ਹੀ ਠਹਿਰਦੇ ਹੁੰਦੇ ਸਨ। ਸੂਬੇ ਦੇ ਸੈਕਟਰੀ ਅਵਤਾਰ ਸਿੰਘ ਮਲਹੋਤਰਾ ਦੀ ਰਿਹਾਇਸ਼ ਵੀ ਅਜੈ ਭਵਨ ਵਿਚ ਹੀ ਹੁੰਦੀ ਸੀ। ਉਦੋਂ ਅਵਤਾਰ ਸਿੰਘ ਮਲਹੋਤਰਾ ਨਾਲ ਮੇਰੀ ਲਗਪਗ ਹਰ ਰੋਜ਼ ਹੀ ਦੁਆ ਸਲਾਮ ਹੋ ਜਾਂਦੀ। ਤੁਲਸੀ ਦਾਸ ਦੀ ਗ਼ੈਰ ਹਾਜ਼ਰੀ ਵਿਚ ਸਲਾਹ ਮਸ਼ਵਰਾ ਵੀ ਮੈਂ ਉਸੇ ਨਾਲ ਕਰਦਾ ਸਾਂ। ਮਲਹੋਤਰਾ ਨੇ ਹੀ ਮੈਨੂੰ ਕਿਹਾ ਕਿ "ਪੈਟਰੀਆਟ" ਅਖ਼ਬਾਰ ਦਾ ਬਿਉਰੋ ਚੀਫ ਚੋਪੜਾ ਰੀਟਾਇਰ ਹੋ ਰਿਹਾ ਹੈ। ਕੋਈ ਅਗਾਂਹਵਧੂ ਮੁੰਡਾ ਇਸ ਕੰਮ ਲਈ ਹੋਵੇ ਤਾਂ ਮੈਂ ਦੱਸ ਪਾਵਾਂ। ਲੈਅ, ਮੇਰੀਆਂ ਵਾਸ਼ਾਂ ਖਿਲ ਗਈਆਂ। ਦੂਜੇ ਦਿਨ ਹੀ ਮੈਂ ਸ਼ੁਕੀਨ ਨੂੰ ਕਿਹਾ ਕਿ ਉਹ ਖੁਦ ਮਲਹੋਤਰਾ ਜੀ ਨੂੰ ਜਾ ਕੇ ਮਿਲੇ। ਸ਼ੁਕੀਨ ਨੂੰ 'ਪੈਟਰੀਆਟ' ਮਿਲ ਗਈ। ਸਿਆਣਾ ਤਾਂ ਉਹ ਹੈ ਈ ਸੀ। ਅਸੂਲਾਂ ਦਾ ਪੱਕਾ ਤੇ ਗ਼ੈਰ-ਲਾਲਚੀ ਵੀ ਸੀ। ਇਸ ਕਰਕੇ ਜਲਦੀ ਹੀ ਉਸ ਨੇ ਪੰਜਾਬ 'ਚੋਂ ਆਪਣੀ ਪੱਤਰਕਾਰੀ ਰਾਹੀ ਵੱਡੀ ਹੋਂਦ ਬਣਾ ਲਈ। ਕੋਈ ਪੱਤਰਕਾਰ, ਚਾਹੇ ਉਹ ਦਿੱਲੀ ਤੋਂ ਆਉਂਦਾ ਜਾਂ ਕਿਤਿਓਂ ਹੋਰ, ਪੰਜਾਬ ਦੀ ਰਾਜਨੀਤੀ ਨੂੰ ਜਿਸ ਤਰ੍ਹਾਂ ਥੋਹੜੇ ਸ਼ਬਦਾਂ ਵਿਚ ਉਹ ਸਮਝਾਉਂਦਾ, ਉਹਦਾ ਜੁਆਬ ਨਹੀਂ ਸੀ। ਚੰਡੀਗੜ੍ਹ ਵਿਚ ਉਸ ਦੇ ਵੈਸੇ ਤਾਂ ਸਾਰੇ ਹੀ ਪੱਤਰਕਾਰ ਯਾਰ-ਦੋਸਤ ਬਣ ਗਏ ਸਨ, ਪਰ ਗੋਬਿੰਦ ਨੁਕਰਾਲ, ਅਖਿਲ ਗੌਤਮ, ਜਗਤਾਰ, ਤੇ ਕੁਝ ਨਾਂਅ ਹੋਰ ਸਨ ਜਿਨ੍ਹਾਂ ਨਾਲ ਉਸ ਦਾ ਵਧੇਰੇ ਬਹਿਣਾ ਉੱਠਣਾ ਹੋ ਗਿਆ। ਦਿੱਲੀ ਆਉਂਦਾ ਤਾਂ ਉਸ ਦਾ ਪੰਜਾਬ ਭਵਨ 'ਚ ਕਮਰਾ ਬੁੱਕ ਹੁੰਦਾ। ਭਾਵੇਂ ਉਹ ਉਥੇ ਸੌਂਦਾ ਜਾਂ ਮੇਰੇ ਘਰ ਜਾਂ ਹੋਰ ਕਿਤੇ। ਅਸੀਂ ਪ੍ਰੈੱਸ ਕਲੱਬ ਅਕਸਰ ਚਲੇ ਜਾਂਦੇ। ਮੈਂ ਮੈਂਬਰ ਸਾਂ ਪਰ ਚੰਡੀਗੜ੍ਹ ਪ੍ਰੈੱਸ ਕਲੱਬ ਹਾਲੇ ਬਣਿਆ ਨਹੀਂ ਸੀ। ਸ਼ੁਕੀਨ ਤੇ ਉਸ ਦੇ ਕੁਝ ਹੋਰ ਸਾਥੀਆਂ ਗਿਆਨੀ ਜ਼ੈਲ ਸਿੰਘ ਕੋਲ ਮੰਗ ਕੀਤੀ ਕਿ ਦਿੱਲੀ ਵਰਗਾ ਪ੍ਰੈੱਸ ਕਲੱਬ ਬਨਾਉਣ ਲਈ ਚੰਡੀਗੜ੍ਹ ਵਿਚ ਜਗ੍ਹਾ ਦਿਓ। ਗਿਆਨੀ ਜੀ ਦੋਸਤੀ ਦੇ ਪੱਕੇ ਸਨ। ਜਗਾਹ ਮਿਲ ਗਈ। ਪ੍ਰੈੱਸ ਕਲੱਬ ਬਣ ਗਿਆ। ਸੁਕੀਨ ਦੇ ਹੱਥੀਂ ਕੀਤੀ ਸ਼ੁਰੂਆਤ ਤੋਂ ਅੱਜ ਇਹ ਭਾਰਤ ਦੇ ਸਾਰੇ ਪ੍ਰੈੱਸ ਕਲੱਬਾਂ 'ਚੋਂ ਵਧੀਆ ਗਿਣਿਆ ਜਾਂਦਾ।

ਮੈਂ ਜਦੋਂ ਵੀ ਦਿੱਲੀ ਬੋਰ ਹੁੰਦਾ ਤਾਂ ਸ਼ਨੀਚਰਵਾਰ ਦੇ ਦਿਨ ਹਰਿਆਣਾ ਰੋਡਵੇਜ਼ ਦੀ ਤਿੰਨ ਕੁ ਵਜੇ ਦੇ ਕਰੀਬ ਏ. ਸੀ. ਬੱਸ ਫੜਦਾ ਤੇ ਤ੍ਰਿਕਾਲਾਂ ਨੂੰ ਚੰਡੀਗੜ੍ਹ ਹੁੰਦਾ। ਐਤਵਾਰ ਰਾਤ ਦੀ ਬਾਰ੍ਹਾਂ ਕੁ ਵਜੇ ਦੀ ਵਾਪਸੀ ਏ ਸੀ ਬੱਸ ਚਲਦੀ ਹੁੰਦੀ ਸੀ। ਰਾਤੋ ਰਾਤ ਦਿੱਲੀ ਪਹੁੰਚ ਸੋਮਵਾਰ ਆਪਣਾ ਕੰਮ ਕਰ ਰਿਹਾ ਹੁੰਦਾ। ਇਕ ਦਿਨ ਮੈਂ ਚੰਡੀਗੜ੍ਹ ਕਿਸੇ ਹੋਰ ਕੰਮ ਗਿਆ ਸਾਂ। ਸ਼ੁਕੀਨ ਮਿਲਿਆ ਤੇ ਮੈਨੂੰ ਕਹਿੰਦਾ ਆਪਾਂ ਦੋ ਕੁ ਮਿੰਟਾਂ ਲਈ ਸਕੱਤਰੇਤ ਜਾਣਾ। ਫਿਰ ਤੂੰ ਜਿਥੇ ਕਹੇਂਗਾ, ਅਸੀਂ ਚਲਾਂਗੇ। ਉਹ ਕਮਿਸ਼ਨਰ ਐਕਸਾਈਜ਼ ਕੋਲ ਜਾ ਕੇ ਪਿੱਟਣ ਲਗ ਪਿਆ। "ਤੁਸੀਂ ਸਾਡਾ ਧਿਆਨ ਹੀ ਨਹੀਂ ਕਰਦੇ...ਛੇ ਮਹੀਨੇ ਹੋ ਗਏ...ਅਸੀਂ ਪ੍ਰੈੱਸ ਕਲੱਬ ਦੀ ਬਿਲਡਿੰਗ ਦਾ ਕਿਰਾਇਆ ਭਰ ਰਹੇ ਹਾਂ...ਕੌਣ ਜੁੰਮੇਵਾਰ ਹੈ...ਸਾਡੇ ਨੁਕਸਾਨ ਦਾ?...ਤੁਸੀਂ ਬਾਰ ਦਾ ਲਾਇਸੈਂਸ ਇਸ਼ੂ ਕਰੋ...ਅਸੀਂ ਆਪਣੀ ਦੁਕਾਨ ਖੋਲ੍ਹੀਏ !" ਕਮਿਸ਼ਨਰ ਹੱਥ ਜੋੜ ਕੇ ਕਹਿਦਾ "ਸ਼ੁਕੀਨ ਜੀ ਬਸ ਇਕ ਹਫਤਾ ਹੋਰ ਦਿਓ...ਤੁਹਾਡਾ ਕੰਮ ਹੋ ਜਾਵੇਗਾ ਮੇਰੀ ਜ਼ਿੰਮੇਵਾਰੀ ਹੈ!"

ਜਦ ਅਸੀਂ ਬਾਹਰ ਆਏ ਤਾਂ ਮੈਂ ਸ਼ੁਕੀਨ ਨੂੰ ਪੁੱਛਿਆ, "ਕਿੰਨਾ ਕਿਰਾਇਆ ਹੈ ਇਕ ਮਹੀਨੇ ਦਾ?"

"ਇਕ ਰੁਪੈ ਮਹੀਨਾ!"

ਇਕ ਵਾਰੀ ਕੁੜੀਆਂ ਦੇ ਕਾਲਜ ਕੰਨਿਆ ਮਹਾਂ-ਵਿਦਿਆਲਿਆ, ਜਲੰਧਰ ਇਕ ਮੁਸ਼ਾਇਰਾ ਹੋਇਆ। ਸ਼ੁਕੀਨ ਨੂੰ ਵੀ ਸੱਦਾ ਸੀ। ਜਦੋਂ ਇਸ ਨੇ ਕਲਾਮ ਪੜ੍ਹਨਾ ਸੀ ਤਾਂ ਸਟੇਜ ਸੰਭਾਲ ਰਹੀ ਵਿਦਿਆਰਥਣ ਨੇ ਸ਼ੁਕੀਨ ਬਾਰੇ ਕੁਝ ਐਸਾ ਨਕਸ਼ਾ ਬੰਨ੍ਹਿਆ ਕਿ ਸੁਣਨ ਵਾਲੀਆਂ ਵਿਦਿਆਰਥਣਾਂ ਇਸ ਦੀ ਸਟੇਜ 'ਤੇ ਆਮਦ ਨੂੰ ਬੜੀ ਬੇ-ਸਬਰੀ ਨਾਲ ਉਡੀਕਣ ਲੱਗੀਆਂ। ਸ਼ੁਕੀਨ ਦੀ ਸ਼ਕਲ ਸੂਰਤ ਤੋਂ ਉਹ ਦੂਜਾ ਨਸੀਰ-ਉ-ਦੀਨ ਸ਼ਾਹ ਲਗਦਾ ਸੀ। ਲੰਮਾ ਨੱਕ...ਭੂਰਾ ਰੰਗ...ਦੋ-ਦੋ

ਇੰਚ ਦਾਹੜੀ-ਮੁੱਛਾਂ...ਛੋਟੇ-ਛੋਟੇ ਕਟਾ ਕੇ ਰੱਖੇ ਫੌਜੀ-ਨੁਮਾ ਵਾਲ ! ਸ਼ੁਕੀਨ ਜਦੋਂ ਸਟੇਜ 'ਤੇ ਗਿਆ, ਤਾਂ ਸਾਰੇ ਹਾਲ 'ਚ ਕੁੜੀਆਂ ਠਹਾਕਾ ਮਾਰ ਹੱਸ ਪਈਆਂ। ਉਨ੍ਹਾਂ ਸੋਚਿਆ ਹੋਣਾ ਕਿ ਜਿਸ ਦਾ ਨਾਂਅ ਹੀ ਸ਼ੁਕੀਨ ਹੈ ਤਾਂ ਉਸ ਦੀ ਦਿੱਖ ਕਿਸ ਕਿਸਮ ਦੀ ਹੋਵੇਗੀ? ਪਰ ਠਹਾਕਾ ਇਸ ਕਰਕੇ ਲੱਗਾ ਕਿ ਜਿਵੇਂ ਉਨ੍ਹਾਂ ਦੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ ਹੋਵੇ। ਅੱਗੋਂ ਸ਼ੁਕੀਨ ਨੇ ਵੀ ਇਸ ਨੂੰ ਹੋਰ ਹਿਲੇਰੀਅਸ ਬਣਾ ਦਿੱਤਾ ਜਦੋਂ ਉਸ ਨੇ ਸਟੇਜ 'ਤੋਂ ਹੀ ਕਿਹਾ, "ਸਵਾਗਤ ਤਾਂ ਬਹੁਤ ਵਧੀਆ ਹੋਇਆ, ਪਰ ਇਹ ਦੱਸੋ ਕਿ ਤੁਸੀਂ ਮੇਰੀ ਸ਼ਕਲ 'ਤੇ ਹੱਸੀਆਂ ਜਾਂ ਅਕਲ 'ਤੇ?" ਅਗੋਂ ਇਕ ਹੋਰ ਸ਼ਰਾਰਤਣ ਕੁੜੀ ਨੇ ਜੁਆਬ ਦੇ ਕੇ ਮਾਹੌਲ ਨੂੰ ਹੋਰ ਹਿਲੇਰੀਅਸ ਬਣਾ ਦਿੱਤਾ ਤੇ ਕਹਿੰਦੀ "ਦੋਹਾਂ 'ਤੇ !"

ਸ਼ੁਕੀਨ ਦਾ ਗੀਤਾ ਨਾਲ ਵਿਆਹ ਤਾਂ ਮੇਰੇ ਜਲੰਧਰ ਹੁੰਦਿਆਂ ਹੀ ਹੋ ਗਿਆ ਸੀ। ਇਨ੍ਹਾਂ ਦੀ ਲਵ ਮੈਰਿਜ ਸੀ। ਗੀਤਾ ਤੇ ਸ਼ੁਕੀਨ ਦੇ ਦੋ ਖੂਬਸੂਰਤ ਬੱਚੇ, ਸ਼ਰੁਤੀ ਤੇ ਸੁਰਖਾਬ ! ਹਾਲੇ ਉਹ ਛੋਟੇ ਹੀ ਸਨ ਕਿ ਸੁਕੀਨ ਬਿਜਲੀ ਦਾ ਕਰੰਟ ਲਗਣ ਕਾਰਨ ਸਾਥੋਂ ਵਿਛੜ ਗਿਆ। ਮੈਂ, ਐੱਸ ਸਵਰਨ, ਪ੍ਰੋ. ਸੁਤਿੰਦਰ ਨੂਰ, ਡਾਕਟਰ ਜਗਬੀਰ, ਹਰਨਾਮ ਤੇ ਸ਼ਾਇਦ ਇਕ ਦੋ ਜਣੇ ਹੋਰ ਵੀ ਨਾਲ ਸਨ, ਸੁਕੀਨ ਦੇ ਸੰਸਕਾਰ 'ਤੇ ਦਿੱਲੀਓਂ ਗਏ। ਪ੍ਰੈੱਸ ਕਲੱਬ ਵਾਲਿਆਂ ਵੀ ਅਫਸੋਸ 'ਚ ਮੀਟਿੰਗ ਕੀਤੀ। ਸਭ ਨੇ ਆਪੋ ਆਪਣੇ ਸੁਝਾਅ ਦਿੱਤੇ। ਇਕ ਸੁਝਾਅ ਇਹ ਵੀ ਸੀ ਕਿ ਪ੍ਰੈੱਸ ਕਲੱਬ ਵਿਚਲੀ ਬਾਰ ਦਾ ਨਾਂਅ "ਸੁਕੀਨ ਬਾਰ" ਰੱਖ ਦਿੱਤਾ ਜਾਵੇ। ਮੈਨੂੰ ਬਹੁਤ ਗੁੱਸਾ ਚੜ੍ਹਿਆ। ਅਖ਼ੀਰ ਮੇਰੇ ਸੁਝਾਅ 'ਤੇ ਸਭ ਨੇ ਹਾਮੀ ਭਰ ਦਿੱਤੀ ਕਿ ਉਸ ਦੇ ਨਾਂਅ ਤੇ ਇਕ ਲਾਇਬਰੇਰੀ ਕਾਇਮ ਕੀਤੀ ਜਾਵੇ। ਮੈਂ ਵਾਅਦਾ ਕੀਤਾ ਕਿ ਦਿੱਲੀ ਤੋਂ ਚੰਗੇ ਚੰਗੇ ਪ੍ਰਕਾਸ਼ਕਾਂ ਦੀਆਂ ਕਿਤਾਬਾਂ ਮੈਂ ਡੋਨੇਟ ਕਰਵਾ ਦਿਆਂਗਾ ਜੋ ਮੈਂ ਬਹੁਤ ਸਾਰੀਆਂ ਇਕੱਠੀਆਂ ਕਰ ਅਧਿਕਾਰੀਆਂ ਦੇ ਹਵਾਲੇ ਵੀ ਕਰ ਦਿੱਤੀਆਂ। ਲਾਇਬਰੇਰੀ ਖੁੱਲ੍ਹ ਵੀ ਗਈ ਸੀ ਪਰ ਪਤਾ ਨਹੀਂ ਹੁਣ ਉਸ ਲਾਇਬਰੇਰੀ ਦਾ ਕੀ ਬਣਿਆ ਹੋਊ?

ਸੁਰੇਂਦ੍ਰ ਮੋਹਨ ਸਟੇਟ ਬੈਂਕ 'ਚ ਨੌਕਰੀ ਕਰਨ ਲੱਗ ਪਿਆ। ਸੋ ਉਹ ਜਲੰਧਰ ਹੀ ਬੱਝ ਗਿਆ।

ਸੁਖਵੰਤ ਸੁਹਣਾ ਵੀ ਬਹੁਤ ਸੀ ਤੇ ਉਸ ਫਿਲਮ ਨਗਰੀ ਬੰਬਈ ਦਾ ਰੁਖ ਕਰ ਲਿਆ। ਹੋਰ ਬਹੁਤ ਸਾਰੀਆਂ ਫਿਲਮਾਂ ਤੇ ਸੀਰੀਅਲ ਦੇਣ ਦੇ ਨਾਲ ਨਾਲ "ਏਕ ਚਾਦਰ ਮੈਲੀ ਸੀ...!" ਵਰਗੀ ਇਕ ਇਤਿਹਾਸਿਕ ਫਿਲਮ ਵੀ ਦਿੱਤੀ।

ਚਰੰਨਜੀਵ ਵੀ ਕਮਾਲ ਦਾ ਬੰਦਾ ਸੀ। ਉਹ ਘਰੋਂ ਤਕੜਾ ਤਾਂ ਸੀ ਹੀ ਪਰ ਉੱਦਾਂ ਵੀ ਭਲਵਾਨ ਹੀ ਲਗਦਾ ਸੀ। ਇਕ ਦਿਨ ਉਸ ਦੇ ਪਿਤਾ ਨੇ ਕੁਝ ਪੈਸੇ ਭੇਜੇ। ਕਾਫੀ ਹਾਊਸ ਵਿਚ ਕੱਛਾਂ ਵਜਾਉਂਦਾ ਆਇਆ। ਸਭ ਨੇ ਪੁੱਛਿਆ "ਕੀ ਖੁਸ਼ੀ ਹੋ ਗਈ?" ਪਰ ਜਦ ਉਸ ਨੇ ਦੱਸਿਆ ਬਾਪੂ ਨੇ ਪੈਸੇ ਭੇਜੇ ਹਨ ਤਾਂ ਸਭ ਉਸ ਦੇ ਮਗਰ ਪੈ ਗਏ ਕਿ ਅੱਜ ਪੰਜਾਬ ਵਿਚ ਚੋਣਾਂ ਲਈ ਨੌਮੀਨੇਸ਼ਨ ਪੇਪਰ ਭਰਨ ਦਾ ਆਖਰੀ ਦਿਨ ਹੈ ਤੇ ਤੂੰ ਐੱਮ.ਐੱਲ.ਏ ਦੀ ਚੋਣ ਲਈ ਪੇਪਰ ਭਰ ਦੇਹ। ਉਹ ਵੀ ਮੰਨ ਗਿਆ। ਪੇਪਰ ਭਰਾ ਕੇ ਬਾਕੀ ਜੋ ਪੈਸੇ ਬਚੇ ਉਸ ਦੀ ਸਾਰੇ ਸ਼ਰਾਬ ਹੀ ਪੀ ਗਏ। ਚਰੰਨਜੀਵ ਫਿਰ ਨੰਗ।

ਪਰ ਗੱਲ ਮਜ਼ਾਕ ਤੋਂ ਸ਼ੁਰੂ ਹੋਈ ਤੇ ਗੰਭੀਰਤਾ ਦੀ ਇੰਤਹਾ ਤੀਕ ਪਹੁੰਚ ਗਈ। ਦੂਜੇ ਦਿਨ ਪਤਾ ਲੱਗਾ ਕਿ ਉਸ ਦੇ ਮੁਕਾਬਲੇ 'ਚ ਫਾਈਨਾਂਸ ਮਨਿਸਟਰ ਆਤਮਾ ਸਿੰਘ ਦਾ ਜੁਆਈ ਬਲਵੰਤ ਸਿੰਘ ਹੀ ਇਕੱਲਾ ਕੈਂਡੀਡੇਟ ਹੈ। ਬਾਕੀ ਸਭ ਉਸ ਨੇ ਬਿਠਾ ਦਿੱਤੇ ਸਨ।

ਹੁਣ ਸਭ ਦੀ ਪੂਛ ਨੂੰ ਅੱਗ ਲੱਗ ਗਈ। ਦਿਨ-ਰਾਤ ਕੰਪੇਨ ਹੋਣ ਲੱਗੀ। ਖੱਬੇ ਪੱਖੀ ਤੇ ਹੋਰ ਪਾਰਟੀਆਂ ਇਸ ਦੇ ਹੱਕ 'ਚ ਖਲੋ ਗਈਆਂ। ਮੁਕਾਬਲਾ ਸਖਤੋ-ਸਖਤ ਹੁੰਦਾ ਗਿਆ। ਉਦੋਂ ਤੀਕ ਮੈਂ ਦਿੱਲੀ ਜਾ ਚੁਕਾ ਸਾਂ। ਟੱਫ ਫਾਈਟ ਹੋਈ। ਬੱਸ ਬਹੁਤ ਹੀ ਮਾਮੂਲੀ ਜਿਹੇ ਫਰਕ ਨਾਲ ਬਲਵੰਤ ਸਿੰਘ ਜਿੱਤ ਗਿਆ। ਸ਼ਾਇਦ ਡੇਢ੍ਹ ਕੁ ਹਜ਼ਾਰ ਵੋਟਾਂ ਉਸ ਨੂੰ ਵੱਧ ਪਈਆਂ। ਜੇ ਇਸ ਹਿਸਾਬ ਨਾਲ ਦੇਖੀਏ ਤਾਂ ਕਿਆਸ ਲਗਾਇਆ ਜਾ ਸਕਦਾ ਕਿ ਜੇ ਅੱਠ ਸੌ ਹੋਰ ਵੋਟਾਂ ਇਸ ਨੂੰ ਪੈ ਜਾਂਦੀਆਂ ਤਾਂ ਇਸ ਨੇ ਪੱਕਾ ਪੋਲੀਟੀਸ਼ਨ ਬਣ ਜਾਣਾ ਸੀ।

ਜਦੋਂ ਜਲੰਧਰ ਵਾਲਾ ਪੰਜਾਬ ਬੁਕ ਸੈਂਟਰ ਚੰਗੀ ਦਿੱਖ ਵਾਲਾ ਬਣ ਗਿਆ ਤਾਂ ਮੈਂ ਤੁਲਸੀ ਰਾਮ ਨਾਲ ਗੱਲ ਕੀਤੀ ਤੇ ਸੁਝਾਅ ਦਿੱਤਾ ਕਿ ਪਾਠਕ ਵਧੇਰੇ ਕਰਕੇ ਵੱਡੇ ਸ਼ਹਿਰਾਂ ਤੋਂ ਦੂਰ ਰਹਿੰਦਾ ਇਸ ਲਈ ਸਾਨੂੰ ਸੈਂਟਰ ਦੀਆਂ ਬ੍ਰਾਂਚਾਂ ਖੋਲਣੀਆਂ ਚਾਹੀਦੀਆਂ। ਉਹਨਾਂ ਫੌਰਨ ਹਾਂ ਕਰ ਦਿੱਤੀ ਤੇ ਅਸੀਂ ਅਗਲੇ ਕਦਮ ਪੁੱਟਣੇ ਸ਼ੁਰੂ ਕਰ ਦਿੱਤੇ। ਜਲਦੀ ਹੀ ਲੁਧਿਆਣੇ ਤੇ ਪਟਿਆਲੇ ਬ੍ਰਾਂਚਾਂ ਖੁੱਲ੍ਹ ਗਈਆਂ। ਮਗਰੋਂ ਬਠਿੰਡਾ, ਫਰੀਦਕੋਟ ਤੇ ਸ਼ਾਇਦ ਇਕ ਦੋ ਹੋਰ ਥਾਵਾਂ ਤੇ ਵੀ ਸੈਂਟਰ ਖੁੱਲ੍ਹ ਗਏ।

ਉਦੋਂ ਚੰਡੀਗੜ੍ਹ ਦਾ ਮੈਨੇਜਰ ਪਿਆਰਾ ਸਿੰਘ ਹੁੰਦਾ ਸੀ। ਪਰ ਉਸ ਨੇ ਆਪਣੀ ਪਤਨੀ ਦੇ ਭਰਾ ਨੂੰ ਹੱਲਾ ਸ਼ੇਰੀ ਦੇ ਕੇ ਅੰਮ੍ਰਿਤਸਰ ਵਿਚ ਨਿਊ ਏਜ ਬੁੱਕ ਸੈਂਟਰ ਖੁੱਲ੍ਹਵਾ ਦਿੱਤਾ। ਅੰਦਰ ਖਾਤੇ ਉਹ ਸੈਂਟਰ ਦੀ ਥਾਂ ਉਸੇ ਦੀ ਮਦਦ ਕਰਦਾ। ਹਰ ਪਾਸੇ ਦੀ ਮਦਦ ਪੰਜਾਬ ਬੁੱਕ ਸੈਂਟਰ ਦੀ ਬਜਾਇ ਅੰਮ੍ਰਿਤਸਰ ਜਾਣ ਲੱਗ ਪਈ। ਅਖ਼ੀਰ ਉਸ ਨੇ ਚੰਡੀਗੜ੍ਹ ਛੱਡ ਅੰਮ੍ਰਿਤਸਰ ਦਾ ਪੱਲੂ ਫੜ੍ਹ ਲਿਆ। ਉਹਦੇ ਜਾਣ ਮਗਰੋਂ ਮੈਨੂੰ ਉਸ ਦੀ ਥਾਂ ਚੰਡੀਗੜ੍ਹ ਭੇਜ ਦਿੱਤਾ ਗਿਆ। ਉਦੋਂ ਚੰਡੀਗੜ੍ਹ ਦਾ ਸੈਂਟਰ ਬਾਈ ਸੈਕਟਰ ਵਾਲੀ ਮਾਰਕੀਟ ਦੇ ਅਖ਼ੀਰ ਵਿਚ ਇਕ ਖੋਖੇ-ਨੁਮਾ ਦੁਕਾਨ ਵਿਚ ਹੁੰਦਾ ਸੀ। ਇਕ ਛੋਟਾ ਜਿਹਾ ਖੋਖਾ ਤੇ

ਮੂਹਰੇ ਦੋ ਕੁਰਸੀਆਂ ਜਿਥੇ ਸ਼ਿਵ ਕੁਮਾਰ ਬਟਾਲਵੀ ਤ੍ਰਿਕਾਲਾਂ ਹੁੰਦਿਆਂ ਹੀ ਨਹਾਉਣ ਮਗਰੋਂ ਗਿੱਲੇ ਵਾਲਾਂ ਨੂੰ ਕੰਘੀ ਕਰਨ ਆ ਜਾਂਦਾ ਤੇ ਉਹਨਾਂ ਕੁਰਸੀਆਂ 'ਚੋਂ ਇਕ 'ਤੇ ਆ ਬਿਰਾਜਮਾਨ ਹੁੰਦਾ ਸੀ। ਕੁਰਸੀ 'ਤੇ ਬਹਿੰਦਿਆਂ ਹੀ ਉਹ ਆਪਣੇ ਚਮਚਮਾਉਂਦੇ ਦੰਦਾਂ ਨੂੰ ਖਿਲਾਰ ਕੇ ਪੁੱਛਦਾ "ਅੱਜ 'ਮੈਂ ਤੇ ਮੈਂ' ਕਿੰਨੀਆਂ ਵਿਕੀਆਂ?" ਤਾਂ ਉਦੋਂ ਉਥੇ ਦਾ ਕਾਮਾ ਭਰਤ ਰਾਵਤ ਜਦ ਇਹ ਕਹਿ ਦਿੰਦਾ ਕਿ "ਚਾਹਲੀ" ਤਾਂ ਸ਼ਿਵ ਦੀਆਂ ਵਾਛਾਂ ਖਿੱਲ ਜਾਂਦੀਆਂ। ਫਿਰ ਉਹ ਉਥੇ ਹੀ ਗਾਉਣ ਲੱਗ ਪੈਂਦਾ...! "ਆ ਜਾਹ ਖਸਮਾਂ ਨੂੰ ਖਾਣਿਆਂ, ਤੈਨੂੰ ਦਾਰੂ ਦਾ ਘੁੱਟ ਪਿਲਾਵਾਂ!" ਉਥੇ ਹੀ ਬੋਤਲ ਖੁੱਲ੍ਹ ਜਾਂਦੀ। ਤੇ ਹੌਲੀ ਹੌਲੀ ਉਥੇ ਪੰਜਾਬੀ ਸਾਹਿਤਕਾਰੀ ਦੇ ਚੇਲੇ-ਖਲੀਫੇ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ। ਸ਼ਾਮ ਰੰਗੀਨ ਹੋ ਜਾਂਦੀ। ਆਸਮਾਨ ਦਾ ਰੰਗ ਚਾਂਦਨੀ 'ਚ ਚਮਕਣ ਲਗਦਾ। ਰੁੱਖਾਂ ਦੇ ਪੱਤੇ ਹਰੇ ਹਰੇ ਲੱਗਣ ਲਗ ਪੈਂਦੇ। ਸਰੀਰਾਂ 'ਚ ਮਸਤੀ ਸ਼ੁਰੂ ਹੋ ਜਾਂਦੀ ਤੇ ਕਵਿਤਾਵਾਂ ਉੱਤਰਨ ਲਗਦੀਆਂ। ਕੋਈ ਤੁਕਬੰਦੀ ਕਰਦਾ ਤੇ ਕੋਈ ਗੰਭੀਰ ਨਜ਼ਮ। ਕੋਈ ਗਜ਼ਲ ਤੇ ਕੋਈ ਰੁਬਾਈ।

ਮੇਰੇ ਚੰਡੀਗੜ੍ਹ ਜਾਣ ਬਾਅਦ ਜਦ ਮੈਂ ਸਾਰਾ ਕਿਆਸ ਲਗਾਇਆ ਤਾਂ ਮੈਨੂੰ ਅਹਿਸਾਸ ਹੋਇਆ ਕਿ ਐਨੀ ਵੱਡੀ ਸੋਚ ਦੀ ਪ੍ਰੋਮੋਸ਼ਨ ਲਈ ਬਸ ਇਕ ਖੋਖਾ ਹੀ?...ਤੁਲਸੀ ਰਾਮ ਨਾਲ ਸਲਾਹ ਕੀਤੀ ਤੇ ਅਸੀਂ ਬੱਸ ਅੱਡੇ ਦੇ ਸਾਹਮਣੇ ਨਵੀਆਂ ਬਣੀਆਂ ਦੁਕਾਨਾਂ 'ਚੋਂ ਇਕ ਪੂਰੀ ਬਿਲਡਿੰਗ ਕਿਰਾਏ 'ਤੇ ਲੈ ਲਈ। ਗਰਾਊਂਡ ਫਲੋਅਰ 'ਤੇ ਵਧੀਆ ਸ਼ੋਅ ਰੂਮ ਬਣਾਇਆ। ਉਪਰੀਆਂ ਮੰਜ਼ਲਾਂ ਇਸਕਸ ਤੇ ਸ਼ਾਇਦ ਮਜ਼ਦੂਰ ਯੂਨੀਅਨ ਨੂੰ ਦੇ ਦਿੱਤੀਆਂ। ਸਾਰੇ ਪੱਖਾਂ ਤੋਂ ਅਗਾਂਹ ਵਧੂ ਕਿਤਾਬਾਂ ਦੇ ਢੇਰ ਲਗਾ ਦਿੱਤੇ। ਭਾਰਤ ਵਿਚ ਪੈਂਗੂਇਨ ਬੁਕਸ ਦੇ ਪ੍ਰਤੀਨਿਧ ਉਦੋਂ ਜ਼ਮੀਰ ਅਨਸਾਰੀ ਸਨ। ਦਿੱਲੀ ਜਾ ਕੇ ਉਹਨਾਂ ਨੂੰ ਮਿਲਿਆ। ਉਹਨਾਂ ਦਿਨਾਂ ਵਿਚ ਹੀ ਲੰਡਨ ਤੋਂ ਏਸ਼ੀਅਨ ਏਰੀਏ ਨੂੰ ਮੈਨੇਜ ਕਰਦਾ ਪੈਂਗੁਇਨ ਬੁਕਸ ਦਾ ਜਨਰਲ ਮੈਨੇਜਰ ਇੰਡੀਆ ਆਇਆ ਹੋਇਆ ਸੀ। ਉਹਨਾਂ ਦੋਹਾਂ ਨੂੰ ਚੰਡੀਗੜ੍ਹ ਇਨਵਾਈਟ ਕੀਤਾ। ਉਹ ਦੋਨੋ ਸ਼ੋਅ-ਰੂਮ ਤੇ ਲੋਕੇਸ਼ਨ ਦੇਖ ਬਹੁਤ ਖੁਸ਼ ਹੋਏ। ਖ਼ੁਦ ਹੀ ਕਿਤਾਬਾਂ ਡਿਸਪਲੇ ਕਰਨ ਵਾਲੀਆਂ ਰੈਕਾਂ ਗਿਫਟ ਕਰਨ (ਜੋ ਸ਼ਾਇਦ ਅੱਜ ਵੀ ਉਥੇ ਹੀ ਡਿਸਪਲੇ ਦੇ ਕੰਮ ਆ ਰਹੀਆਂ ਹਨ), ਤੇ ਕਿਤਾਬਾਂ ਨੂੰ ਲੰਡਨ ਤੋਂ ਸਿੱਧੇ ਇੰਪੋਰਟ ਕਰਨ ਦਾ ਵਾਅਦਾ ਕਰ ਚਲੇ ਗਏ। ਹਿੰਦੀ ਦੇ ਪ੍ਰਕਾਸ਼ਕਾਂ ਨਾਲ ਗੱਲ ਕੀਤੀ। ਸਾਰੇ ਪੂਰਾ ਸਹਿਯੋਗ ਦੇਣ ਲਈ ਮੰਨ ਗਏ। ਤੇ ਪੰਜਾਬ ਬੁਕ ਸੈਂਟਰ ਉਦੋਂ ਅਗਾਂਹ ਵਧੂ ਕਿਤਾਬਾਂ 'ਚ ਉੱਤਰੀ ਭਾਰਤ ਦਾ ਕਹਿੰਦਾ-ਕਹਾਉਂਦਾ ਭੰਡਾਰ ਬਣ ਗਿਆ।

ਦਿੱਲੀ ਤੋਂ ਬਾਰਾਮੂਲਾ ਤੀਕ ਇਸ ਦੇ ਚਰਚੇ ਹੋਣ ਲਗ ਪਏ। ਚੰਗੇ-ਚੰਗੇ ਪ੍ਰਕਾਸ਼ਕ ਇਥੇ ਆਪਣੀਆਂ ਕਿਤਾਬਾਂ ਡਿਸਪਲੇ ਕਰਾਉਣ ਲਈ ਤਰਸਣ ਲੱਗੇ। ਹਿੰਦ ਪਾਕਿਟ ਬੁਕਸ ਨੇ ਉਹਨੀ ਦਿਨੀਂ ਪੰਜਾਬੀ ਪੇਪਰਬੈਕ ਸ਼ੁਰੂ ਕੀਤੀ ਸੀ। ਉਹਨਾਂ ਦਾ ਮੁਖ ਸੇਲਜ਼ਮੈਨ ਹਰਦੀਪ ਸਿੰਘ ਸਾਡੇ ਚੱਕਰ ਲਗਾਉਣ ਲਗ ਪਿਆ। ਅਖ਼ੀਰ ਅਸੀਂ ਉਹਨਾਂ ਦੀਆਂ ਕਿਤਾਬਾਂ ਵੀ ਰੱਖਣੀਆਂ ਸ਼ੁਰੂ ਕਰ ਦਿੱਤੀਆਂ। ਹਰਦੀਪ ਜਦ ਵੀ ਚੰਡੀਗੜ੍ਹ ਆਉਂਦਾ ਅਸੀਂ ਕਿਤਾਬਾਂ ਦੀ ਦੁਨੀਆਂ ਵਿਚ ਗੁਆਚ ਜਾਂਦੇ। ਦੁਨੀਆਂ ਭਰ ਦੀਆਂ ਕਿਤਾਬਾਂ ਦੇ ਚਰਚਿਆਂ ਵਿਚ ਖੁੱਭ ਜਾਂਦੇ। ਉਦੋਂ ਹਰਦੀਪ ਦੱਸਦਾ ਹੁੰਦਾ ਸੀ ਕਿ ਪੰਜਾਬੀ ਪੇਪਰਬੈਕ ਲਈ ਉਹ ਉਹੀ ਲੇਖਕ ਪ੍ਰਕਾਸ਼ਿਤ ਕਰਦੇ ਹਨ, ਜਿਸ ਦੀ ਲਿਖਤ ਦਾ ਉਹ ਘੱਟੋ-ਘੱਟ ਪੰਚਵੰਜਾ ਸੌ ਕਾਪੀ ਦਾ ਪਹਿਲਾ ਸੰਸਕਰਨ ਪ੍ਰਕਾਸ਼ਿਤ ਕਰ ਸਕਣ। ਤੇ ਪੰਜਾਬੀ ਪੇਪਰਬੈਕ ਉਦੋਂ ਐਨੀ ਪੜ੍ਹੀ ਜਾਣ ਲੱਗੀ ਕਿ ਕਈ ਕਿਤਾਬਾਂ ਦੇ ਉਨ੍ਹਾਂ ਨੂੰ ਕਈ-ਕਈ ਐਡੀਸ਼ਨ ਰੀਪ੍ਰਿੰਟ ਕਰਨੇ ਪਏ। ਪੰਜਾਬੀ ਦੇ ਬਹੁਤ ਸਾਰੇ ਲੇਖਕ ਉਨ੍ਹਾਂ ਕਿਤਾਬਾਂ ਕਰਕੇ ਵੀ ਬਹੁਤ ਮਸ਼ਹੂਰ ਹੋਏ ਤੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਵੀ ਹੋਣੇ ਸ਼ੁਰੂ ਹੋ ਗਏ। ਹੌਲੀ-ਹੌਲੀ ਪੰਜਾਬ ਬੁਕ ਸੈਂਟਰ ਦਾ ਨਾਂਅ ਹਰ ਪਾਸੇ ਚਰਚਾ ਦਾ ਵਿਸ਼ਾ ਬਣਦਾ ਗਿਆ। ਇੰਗਲੈਂਡ ਤੇ ਮਾਸਕੋ ਤੋਂ ਕਿਤਾਬਾਂ ਦੀ ਸਿੱਧੀ ਇੰਪੋਰਟ ਹੋਣ ਲਗ ਪਈ। ਮੇਰਾ ਵਾਸਤਾ ਸਿੱਧਾ ਹੀ ਦਿੱਲੀ ਵਿਚ ਸੋਵੀਅਤ ਯੂਨੀਅਨ ਦੇ ਸਫ਼ਾਰਤਖ਼ਾਨੇ ਨਾਲ ਜੁੜਨਾ ਸ਼ੁਰੂ ਹੋ ਗਿਆ। ਚਾਣਕਿਆਪੁਰੀ 'ਚ ਬਣੇ ਟਰੇਡ ਰੈਪਰੀਜ਼ੈਂਟੇਸ਼ਨ ਆਫ ਯੂ ਐੱਸ ਐੱਸ ਆਰ ਵਿਚ ਉਦੋਂ ਗਰਾਦੀਨੋਵ ਮੁਖੀ ਹੁੰਦੇ ਸਨ। ਫਿਰ ਗੋਂਚਾਰ ਆਏ। ਉਨ੍ਹਾਂ ਵੀ ਚੰਡੀਗੜ੍ਹ ਫੇਰੀ ਪਾਉਣ ਆ ਜਾਣਾ। ਇਕ ਵਾਰੀ ਗੋਂਚਾਰ ਕਹਿੰਦਾ ਜਲੰਧਰ ਨਾਲ ਚੱਲ। ਉਸ ਤੋਂ ਬਾਅਦ ਉਸ ਨੂੰ ਮੈਂ ਆਪਣੇ ਪਿੰਡ ਲੈ ਗਿਆ। ਟਿਊਬਵੈੱਲ ਦੇ ਚਲ੍ਹੇ 'ਤੇ ਬਿਠਾ ਕੇ ਉਸ ਨੂੰ ਵੋਦਕਾ ਦੀ ਥਾਂ ਪਿੰਡ ਦੀ ਕੱਚੀ ਦਾ ਗਿਲਾਸ ਫੜ੍ਹਾਇਆ ਤਾਂ ਉਸ ਨੇ ਰੂਸੀ ਵੋਦਕਾ ਨਾਲੋਂ ਵੀ ਇੰਜਾਇ ਕੀਤਾ। ਮੈਂ ਉਸ ਦਾ ਸੂਟ-ਟਾਈ ਲੁਹਾ ਕੇ ਚਾਦਰਾ ਪੁਆ ਉਸ ਨੂੰ ਚਲ੍ਹੇ 'ਚ ਨੁਹਾਇਆ ਤਾਂ ਉਹ ਅਸ਼-ਅਸ਼ ਕਰ ਬੈਠਾ। ਆਪਦਾ ਪ੍ਰਕਾਸ਼ਨ ਸ਼ੁਰੂ ਕਰਨ ਤੋਂ ਮਗਰੋਂ ਜਦੋਂ ਮੈਂ ਫੈਡਰੇਸ਼ਨ ਆਫ ਇੰਡੀਅਨ ਪਬਲਿਸ਼ਰਜ਼ ਦੇ ਡੈਲੀਗੇਸ਼ਨ 'ਚ ਗਿਆ ਤਾਂ ਅਸੀਂ ਜਿਸ ਕਮੇਟੀ ਨਾਲ ਮੈਮੋਰੈਂਡਮ ਆਫ ਅੰਡਰਸਟੈਂਡਿੰਗ ਸਾਈਨ ਕਰਨਾ ਸੀ, ਗੋਂਚਾਰ ਵੀ ਉਸੇ ਕਮੇਟੀ ਵਿਚ ਸੀ। ਮੈਨੂੰ ਦੇਖ ਉਹ ਬਹੁਤ ਖੁਸ਼ ਹੋਇਆ ਤੇ ਨਾਲ ਨਾਲ ਵਕਤ ਬਾਰੇ ਵੀ ਸੋਚਣ ਲੱਗਾ ਕਹਿੰਦਾ—ਹਾਲੇ ਕਲ੍ਹ ਦੀ ਗੱਲ ਹੈ ਕਿ ਆਪਾਂ ਦਿੱਲੀ ਮਿਲਦੇ ਸਾਂ ਤੇ ਅੱਜ ਦੋਹਾਂ ਦੇਸ਼ਾਂ ਦੀਆਂ ਹਾਈਐਸਟ ਕਮੇਟੀਆਂ ਦੇ ਮੈਂਬਰਾਂ ਵਜੋਂ ਮਿਲ ਰਹੇ ਹਾਂ। ਖੈਰ!

ਉਨ੍ਹਾਂ ਦਿਨਾਂ ਵਿਚ ਦਿੱਲੀ ਐਂਮਬੈਸੀ ਵਾਲੇ ਜਾਣਕਾਰੀ ਵਜੋਂ ਪੁੱਛਦੇ ਰਹਿੰਦੇ ਸਨ ਕਿ ਕਿਹੜੀ-ਕਿਹੜੀ ਕਿਤਾਬ ਦੀ ਵਧੇਰੇ ਮੰਗ ਹੈ। ਮੇਰੇ ਵਾਰ ਵਾਰ ਕਹਿਣ 'ਤੇ ਮਾਸਕੋ ਵਾਲਿਆਂ ਨੇ ਕਾਰਲ ਮਾਰਕਸ ਦੀ ਕੈਪੀਟਲ ਅਤੇ ਗੋਰਕੀ ਦੀ ਲਿਖੀ ਮਾਂ

ਪੁਸਤਕ ਨੂੰ ਰੀਪ੍ਰਿੰਟ ਕਰਨ ਦਾ ਫੈਸਲਾ ਕਰ ਲਿਆ। ਮੈਨੂੰ ਉਨ੍ਹਾਂ ਪੁੱਛਿਆ ਕਿ ਕਿੰਨਾ ਐਡਵਾਂਸ ਆਰਡਰ ਦੇਵੋਗੇ? ਤਾਂ ਮੈਂ ਕੈਪੀਟਲ ਪੁਸਤਕ ਦਾ ਇਕ ਹਜ਼ਾਰ ਸੈੱਟ ਦਾ ਆਰਡਰ ਕਰ ਦਿੱਤਾ। ਮਾਸਕੋ ਵਾਲੇ ਹੈਰਾਨ ਕਿ ਪੰਜਾਬ ਵਿਚ ਕਿਹੜੇ ਇਨਕਲਾਬ ਦੀ ਜ਼ਮੀਨ ਤਿਆਰ ਹੋ ਗਈ ਹੈ ਕਿ ਕੈਪੀਟਲ ਪੁਸਤਕ ਦੀ ਐਨੀ ਮੰਗ ਹੋ ਗਈ ਹੈ?...ਉਨ੍ਹਾਂ ਇਹ ਸੋਚ ਕੇ ਕਿਤੇ ਟਾਈਪਿੰਗ ਦੀ ਗਲਤੀ ਤਾਂ ਨਹੀਂ ਇਸ ਲਈ ਦੋਬਾਰਾ ਆਰਡਰ ਕਨਫਰਮ ਕਰਾਂ। ਉਹ ਆਰਡਰ ਕਨਫਰਮ ਕਰਨ ਵੇਲੇ ਮੈਂ ਇਸ ਕਿਤਾਬ ਦਾ ਆਰਡਰ ਡਬਲ ਕਰ ਦਿੱਤਾ ਤੇ ਨਾਲ ਹੀ ਅੰਗਰੇਜ਼ੀ ਵਿਚ ਟੂ ਥਾਊਜ਼ੈਂਡਸ ਓਨਲੀ ਵੀ ਲਿਖ ਦਿੱਤਾ ਤਾਂ ਕਿ ਉਹ ਭੰਬਲਭੂਸੇ 'ਚ ਹੀ ਨਾ ਪਏ ਰਹਿਣ।

ਸੋ ਕੁਝ ਸਮੇਂ ਬਾਅਦ ਬੋਰੀਆਂ ਪਹਿਲੀ ਮੰਜ਼ਲ ਤੇ ਪੁਚਾਈਆਂ। ਸਾਰੇ ਇੰਨਾ ਸਟਾਕ ਦੇਖ ਕੇ ਹੈਰਾਨ ਕਿ ਇਹ ਵਿਕੇਗਾ ਕਿਵੇਂ? ਸੂਬਾ ਸਕੱਤਰ ਅਵਤਾਰ ਸਿੰਘ ਮਲਹੋਤਰਾ ਸਟਾਕ ਦੇਖਣ ਤੇ ਮੇਰੇ ਨਾਲ ਸਲਾਹ ਕਰਨ ਸਪੈਸ਼ਲ ਅਜੈ-ਭਵਨ ਤੋਂ ਆਏ। ਮੈਂ ਸਭ ਦੀ ਤਸੱਲੀ ਕਰਾਉਂਦਾ ਗਿਆ ਕਿਉਂਕਿ ਮੇਰੇ ਆਉਣ ਤੋਂ ਬਾਅਦ ਪੰਜਾਬ ਬੁਕ ਸੈਂਟਰ ਦੀ ਦਿੱਖ ਤਾਂ ਬਦਲੀ ਹੀ ਸੀ ਪਰ ਨਾਲ ਦੇ ਨਾਲ ਆਮਦਨ 'ਚ ਵੀ ਇਜ਼ਾਫਾ ਹੋਇਆ ਸੀ। ਇਸ ਕਰਕੇ ਮੇਰੀ ਗੱਲ ਸਭ ਸੁਣਨ ਲਗ ਪਏ ਸਨ।

ਚੰਡੀਗੜ੍ਹ ਬੱਸ ਅੱਡੇ 'ਤੇ ਬੁਕ ਸਟਾਲ ਦਾ ਮਾਲਕ ਕ੍ਰਿਸ਼ਨ ਚੰਦ ਹੁੰਦਾ ਸੀ। ਉਨ੍ਹਾਂ ਦੇ ਪਰਿਵਾਰ ਦੇ ਹੋਰ ਬੱਸ ਅੱਡਿਆਂ 'ਤੇ ਵੀ ਬੁਕ-ਸਟਾਲ ਸਨ ਜਿਵੇਂ ਅੰਬਾਲਾ, ਕਰਨਾਲ ਵਗੈਰਾ। ਮੇਰੇ ਨਾਲ ਉਹਦੀ ਹਰਦੀਪ ਜੁਨੇਜਾ ਕਰਕੇ ਦੋਸਤੀ ਹੋ ਗਈ ਸੀ। ਹਿੰਦ ਪਾਕਿਟ ਬੁਕਸ ਦੀਆਂ ਪੇਪਰਬੈਕ ਕਿਤਾਬਾਂ ਬੱਸ ਅਡਿਆਂ 'ਤੇ ਬਹੁਤ ਵਿਕਣ ਲੱਗ ਪਈਆਂ ਸਨ ਤੇ ਹਰਦੀਪ ਉਹ ਸਾਰੇ ਪ੍ਰਬੰਧ ਖੁਦ ਕਰਦਾ ਹੁੰਦਾ ਸੀ। ਮੈਂ ਕ੍ਰਿਸ਼ਨ ਲਾਲ ਨੂੰ ਆਪਣੇ ਕੋਲ ਬੁਲਾਇਆ ਤੇ ਮਾਰਕਸ ਦੀ ਕੈਪੀਟਲ ਕਿਤਾਬ ਦੀ ਅਹਿਮੀਅਤ ਦੱਸੀ ਤੇ ਕਿਹਾ ਕਿ ਇਹ ਕਿਤਾਬ ਆਪਣੇ ਮੁੰਡਿਆਂ ਨੂੰ ਕਹਿ ਬੱਸਾਂ 'ਚ ਵੇਚਣ। ਉਹ ਕਹਿੰਦਾ ਮੇਰੇ ਪੱਲੇ ਕੁਝ ਨਹੀਂ ਪਿਆ ਪਰ ਕੱਲ੍ਹ ਤੋਂ ਸਾਰੇ ਮੁੰਡੇ ਤੇਰੇ ਹਵਾਲੇ। ਦੂਜੇ ਦਿਨ ਉਹ ਮੁਡਿਆਂ ਨੂੰ ਲੈ ਕੇ ਆਇਆ ਤੇ ਮੈਂ ਉਨ੍ਹਾਂ ਨੂੰ ਇਸ ਕਿਤਾਬ ਬਾਰੇ ਭਾਸ਼ਣ ਲਿਖ ਕੇ ਸੁਣਾਇਆ। ਉਹਨਾਂ ਮੁੰਡਿਆਂ ਨੇ ਰੱਟਾ ਲਾਇਆ ਤੇ ਸਭ ਤਿਆਰੀ ਹੋ ਗਈ। ਪਹਿਲੇ ਹੀ ਦਿਨ ਤੋਂ ਮੁੰਡਿਆਂ ਨੂੰ ਚੰਗਾ ਹੁੰਗਾਰਾ ਮਿਲਣਾ ਸ਼ੁਰੂ ਹੋ ਗਿਆ। ਉਨ੍ਹਾਂ 'ਚ ਹੋਰ ਦਲੇਰੀ ਆ ਗਈ ਤੇ ਰੋਜ਼ ਉਹ ਕਈ ਕਈ ਸੈੱਟ ਲਿਜਾਣ ਲੱਗੇ। ਇਕ ਦਿਨ ਮੈਂ ਇਕ ਮੁੰਡੇ ਨੂੰ ਬੱਸ 'ਚ ਇਹ ਕਿਤਾਬ ਵੇਚਦੇ ਦੇਖਿਆ। ਬੱਸ 'ਚ ਚੜ੍ਹਦੇ ਹੀ ਉਹ ਸ਼ੁਰੂ ਹੋ ਗਿਆ, "ਲਓ ਜੀ! ਮੇਰੀ ਗੱਲ ਧਿਆਨ ਨਾਲ ਸੁਣਿਓਂ!...ਤੁਹਾਡਾ ਕਦੇ ਭੁੱਖ ਨਾਲ ਢਿੱਡ ਦੁਖਿਆ?...ਕਦੇ ਤੁਸੀਂ ਗਰੀਬੀ ਦੀ ਭੁੱਖ ਤੋਂ ਛੁਟਕਾਰੇ ਦਾ ਸੁਪਨਾ ਲਿਆ? ਕਦੇ ਤੁਸੀਂ ਆਪਣੇ ਬੱਚਿਆਂ ਦੇ ਸੁਨਹਿਰੇ ਭਵਿੱਖ ਬਾਰੇ ਸੋਚਿਆ?...ਹਾਂ ਜੀ! ਇਹ ਹੈ ਉਹ ਕਿਤਾਬ, ਜਿਸ ਵਿਚ ਇਨ੍ਹਾਂ ਸਾਰੇ ਨੁਸਖਿਆਂ ਦਾ ਇਲਾਜ ਲਿਖਿਐ...ਇਹੀ ਇਕ ਕਿਤਾਬ ਹੈ ਜਿਸ ਨੇ ਦੁਨੀਆਂ ਹਿਲਾ ਕੇ ਰੱਖ ਦਿੱਤੀ...ਇਹੀ ਇਕ ਕਿਤਾਬ ਹੈ ਜਿਸ ਨੂੰ ਪੜ੍ਹਨ ਮਗਰੋਂ ਰੂਸ...ਚੀਨ...ਤੇ ਹੋਰ ਦਰਜਣਾਂ ਮੁਲਖਾਂ ਦੇ ਲੋਕਾਂ ਨੇ ਇਨਕਲਾਬ ਲਿਆਂਦੇ...ਗਰੀਬਾਂ ਨੂੰ ਰੋਟੀ ਕੱਪੜਾ ਤੇ ਮਕਾਨ ਦੁਆਏ...!...ਲਓ ਬਈ ਕੀਮਤ ਤਾਂ ਇਸ ਦੀ ਬਹੁਤ ਹੈ...ਪਰ ਕੰਪਨੀ ਦੀ ਮਸ਼ਹੂਰੀ ਲਈ ਇਹ ਮੋਟੀਆਂ ਮੋਟੀਆਂ ਤਿੰਨੇ ਕਿਤਾਬਾਂ ਸਿਰਫ ਪੰਦਰਾਂ ਰੁਪੱਈਆਂ ਵਿਚ... ਤੇ ਇਸ ਦੇ ਨਾਲ ਹੀ ਮਸ਼ਹੂਰ ਰੂਸੀ ਨਾਵਲਕਾਰ ਦੇ ਨਾਵਲ ਦੀ ਕਾਪੀ "ਮਾਂ" ਫਰੀ!...ਲਓ ਬਈ ਮੇਰੇ ਕੋਲ ਲਿਮਿਟਿਡ ਕਾਪੀਆਂ ਹੀ ਹਨ। ਜਲਦੀ ਲੈ ਲਓ...ਫੇਰ ਨਾ ਕਿਹੋ ਖਾਲੀ ਹੱਥ ਘਰ ਨੂੰ ਮੁੜਨਾ ਪਿਆ...! ਇੰਨੇ ਪੈਸਿਆਂ ਦੀ ਤਾਂ ਤੁਹਾਡੀ ਰੱਦੀ ਵੀ ਵਿਕ ਜਾਣੀ ਹੈ...!...ਪੰਦਰਾਂ ਰੁਪੈ...ਪੰਦਰਾਂ ਰੁਪੈ...ਪੰਦਰਾਂ ਰੁਪੈ...!"

ਬੱਚ 'ਚ ਬੈਠੀਆਂ ਸੁਆਰੀਆਂ 'ਚੋਂ ਇਕ ਦੇ ਖਰੀਦਦੇ ਹੀ ਬਾਕੀ ਕਈ ਜਣੇ ਟੁੱਟ ਕੇ ਪੈ ਗਏ ਸੈੱਟ ਖਰੀਦਣ ਲਈ। ਕੁਝ ਕੁ ਮਿੰਟਾਂ 'ਚ ਹੀ ਉਹ ਮੁੰਡਾ ਸਾਰੇ ਸੈੱਟ ਵੇਚ ਕੇ ਬੱਸ 'ਚੋਂ ਉਤਰ ਹੋਰ ਸੈੱਟ ਖਰੀਦਣ ਚਲਾ ਗਿਆ।

ਮੈਂ ਬੱਸ 'ਚ ਬੈਠੇ ਇਕ ਬਜ਼ੁਰਗ ਨੂੰ ਪੁੱਛਿਆ, "ਬਾਬਾ ਇਹ ਕਿਤਾਬ ਪੜ੍ਹ ਲਏਂਗਾ?"

"ਨਹੀਂ ਓ ਕਾਕਾ...ਮੈਨੂੰ ਕਿਥੇ ਪੜ੍ਹਨੀ ਆਉਂਦੀ ਹੈ?...ਪੋਤਾ ਹੈ ਮੇਰਾ ਬਹੁਤ ਵੱਡਾ ਪਾਹੜਾ...ਉਹੀ ਕਹਿੰਦਾ ਹੁੰਦਾ ਬਾਬਾ ਤੂੰ ਮੇਰੇ ਲਈ ਕਦੇ ਕੋਈ ਸੁਗਾਤ ਨਹੀਂ ਲਿਆਉਂਦਾ...ਇਹ ਨਾਲੇ ਉਸ ਨੂੰ ਤੋਹਫਾ ਦਉਂ ਤੇ ਨਾਲੇ ਕਹੂੰ ਮੈਨੂੰ ਵੀ ਦੱਸ ਗਰੀਬੀ ਤੇ ਭੁੱਖ ਦਾ ਕੀ ਇਲਾਜ ਲਿਖਿਆ ਇਸ ਵਿਚ...?

ਤੇ ਇਸ ਤਰ੍ਹਾਂ ਉਹ ਸਾਰੀਆਂ ਕਿਤਾਬਾਂ ਤਾਂ ਬੱਸਾਂ 'ਚ ਹੀ ਵਿਕ ਗਈਆਂ। ਉਨ੍ਹਾਂ ਦਿਨਾਂ ਵਿਚ ਹੀ ਬੱਸ ਅੱਡੇ ਵਾਲੇ ਚੌਂਕ ਤੋਂ ਅਰੋਮਾ ਹੋਟਲ ਨੂੰ ਜਾਂਦੀ ਸੜਕ 'ਤੇ ਦੁਕਾਨਾਂ ਬਨਾਉਣ ਲਈ ਸਰਕਾਰ ਨੇ ਪਲਾਟਾਂ ਦੀ ਅਲਾਟਮੈਂਟ ਵਾਸਤੇ ਅਰਜ਼ੀਆਂ ਮੰਗੀਆਂ ਸਨ। ਮੈਂ ਤੁਲਸੀ ਰਾਮ ਨੂੰ ਸੁਝਾਅ ਦਿੱਤਾ ਕਿ ਇਸ ਲਈ ਅਪਲਾਈ ਕਰੋ।...ਤੇ ਅੱਜ ਵਾਲੇ ਪੰਜਾਬ ਬੁਕ ਸੈਂਟਰ ਦੀ ਮੇਰੇ ਕਹਿਣ 'ਤੇ ਨੀਂਹ ਰੱਖ ਹੋ ਗਈ।

•••

# ਦੁੱਖ

### -ਅਵਤਾਰ ਸਿੰਘ ਬਿਲਿੰਗ

ਮਨ ਦਾ ਦੁੱਖ ਬੁਰਾ !...ਸੱਤੀ ਨੇ ਡੂੰਘਾ ਹਉਕਾ ਭਰਿਆ। ਦੋ ਮੰਜ਼ਲੀ ਕੋਠੀ ਉੱਪਰ ਏਧਰ ਉਧਰ ਘੁੰਮਦੀ, ਆਪਣੀਆਂ ਭਾਰੀ ਹੋਈਆਂ ਪਿੰਜਣੀਆਂ ਨੂੰ ਘਸੀਟਦੀ, ਉਹ ਸੋਚੀਂ ਪੈ ਗਈ।...ਬੈਂਕ ਤੋਂ ਲੋਨ ਲੈ ਕੇ ਉਸਾਰੀ ਗਈ ਕੋਠੀ ਦੀ ਸਿਖਰਲੀ ਛੱਤ ਉੱਤੇ ਟਹਿਲਣ ਲਈ ਖੁੱਲ੍ਹੀ ਥਾਂ ਸੀ। ਉੱਚੇ ਜੰਗਲੇ ਦੀ ਓਟ ਵਿਚ ਏਥੇ ਟਹਿਲਦੀ ਹੋਈ ਉਹ ਹੇਠਲੇ ਕਿਸੇ ਪੜੋਸੀ ਨੂੰ ਨਾ ਦਿਸਦੀ। ਹਰ ਰੋਜ਼ ਇੰਝ ਹੀ ਸੈਰ ਕਰਦੀ। ਸੈਰ ਕਰਨ ਨਾਲੋਂ ਜ਼ਿਆਦਾ ਕਲਪਦੀ। ਕਲਪਣ ਦਾ ਇਕ ਨਹੀਂ, ਅਨੇਕ ਕਾਰਨ ਸਨ। ਸੱਤੀ ਅਤੇ ਉਸਦਾ ਪਤੀ ਸਾਧੂ ਸਿੰਘ ਦੋਵੇਂ ਨੌਕਰੀ ਪੇਸ਼ਾ ਸਨ। ਪਰ ਮਾਇਆ ਦੀ ਫੇਰ ਵੀ ਘਾਟ ਰਹਿੰਦੀ। ਨਿੰਮ ਵਾਲੇ ਜੋਤਸ਼ੀ ਦੇ ਦੱਸਣ ਅਨੁਸਾਰ, ਮੀਆਂ-ਬੀਵੀ ਦੋਹਾਂ ਦੀਆਂ ਹਥੇਲੀਆਂ ਖੋਖਲੀਆਂ ਸਨ, ਤਾਂ ਹੀ ਲੱਛਮੀ ਘਰ ਵਿਚ ਨਾ ਅਟਕਦੀ। ਜਿਵੇਂ ਆਉਂਦੀ, ਉਵੇਂ ਤੁਰ ਜਾਂਦੀ।

ਸੱਤੀ ਅਨੁਸਾਰ, ਉਸਦਾ ਜੀਵਨ ਸਾਥੀ ਸਿਰੇ ਦਾ ਲਾਪਰਵਾਹ ਇਨਸਾਨ ਸੀ। ਪਿੰਡ ਵੱਸਦੇ ਵੱਡੇ ਭਰਾ ਪਾਸੋਂ ਉਸਨੇ ਪਿਛਲੇ ਵੀਹਾਂ ਸਾਲਾਂ ਤੋਂ ਜੱਦੀ-ਪੁਸ਼ਤੀ ਜ਼ਮੀਨ ਬਦਲੇ ਇਕ ਧੇਲਾ ਨਹੀਂ ਵਸੂਲਿਆ। ਸਾਲ ਜੋਗੇ ਦਾਣੇ ਵੀ ਸੱਤੀ ਵੱਲੋਂ ਵਾਰ-ਵਾਰ ਮੂੰਹ ਥਕਾਉਣ ਮਗਰੋਂ ਪੰਜ ਕੁ ਵਰ੍ਹਿਆਂ ਤੋਂ ਲੈਣ ਲੱਗਿਆ ਸੀ।

'ਦੱਸ ਭਲਾ ਤੂੰ ਕਿੱਡਾ ਕੁ ਧਜਾਧਾਰੀ ਹੈਂ, ਸਾਧੂ ਸਿਆਂ, ਬੰਦਿਆਂ!' ਟਹਿਲਦੀ ਹੋਈ, ਉਹ ਇਕ ਦਿਨ ਰੁਕ ਗਈ। ਉੱਠਦੇ ਬੈਠਦੇ ਉਹਦੇ ਮਨ ਵਿਚ ਏਹੀ ਸੋਚ ਲੜੀ ਜਾਰੀ ਰਹਿੰਦੀ। ਕਲਾਕ ਦੀ ਟਿੱਕ-ਟਿੱਕ ਵਾਂਗ ਲਗਾਤਾਰ! ਕਈ ਵਾਰੀ ਸਿਰ ਦਾ ਕਸਾਵ ਏਨਾ ਵਧ ਜਾਂਦਾ ਕਿ ਉਸਨੂੰ ਜਾਪਦਾ, ਜ਼ਰੂਰ ਕੋਈ ਨਸ ਫਟ ਜਾਵੇਗੀ। ਸੱਜੇ ਕੰਨ ਤੋਂ ਚਾਰ ਕੁ ਉਂਗਲ ਉੱਪਰ ਇਕ ਨਾੜ ਟੱਸ-ਟੱਸ ਟੱਪਦੀ, ਜਿਵੇ ਬਾਹਰ ਨੂੰ ਬੁੜਕਦੀ। ਏਸੇ ਜਗ੍ਹਾ ਦਰਦ ਉੱਠਦਾ। ਨਾੜੀ ਕਦੇ ਵੀ ਫਟ ਸਕਦੀ ਸੀ। ਉਹ ਡਰਦੀ। ਨਾਸ਼ਾਂ ਵਿਚੋਂ ਪਹਿਲਾਂ ਖੂਨ ਸਿੰਮੇਗਾ। ਲਹੂ ਦੇ ਬੁੱਥ ਡਿਗਣਗੇ। ਫੇਰ ਧੂੰਆਂ ਜਿਹਾ ਉੱਪਰ ਤਾਲੂਏ ਵੱਲ ਨਿਕਲ ਜਾਵੇਗਾ। ...ਸੋਚਦੀ ਹੋਈ, ਉਹ ਇਕਲਖ਼ਤ ਕੰਬ ਜਾਂਦੀ ਜਿਵੇਂ ਇਕ ਝਰਨਾਹਟ ਜਿਹੀ ਉਸਦੇ ਸਾਰੇ ਸਰੀਰ ਵਿਚੋਂ ਗੁਜ਼ਰ ਗਈ ਹੋਵੇ। ਉਸ ਵਕਤ ਉਹਨੂੰ ਸਾਰਾ ਆਲਾ-ਦੁਆਲਾ ਘੁੰਮਦਾ ਹੋਇਆ ਪਰਤੀਤ ਹੁੰਦਾ। ਹਰੇਕ ਸ਼ੈਅ ਅਤੇ ਹਰ ਸ਼ਖ਼ਸ ਜਿਵੇਂ ਭੱਜ ਰਿਹਾ ਸੀ। ਮਾਇਆ ਖਾਤਰ ਲੱਗੀ ਏਹ ਹੌੜ ਸਾਨੂੰ ਕਿਥੇ ਲੈ ਜਾ ਕੇ ਸਿੱਟੂ? ਅਸੀਂ ਕਿਉਂ ਚਾਰਕਚੂੰਡੇ ਬਣੇ ਹਾਂ? ਸਿਰਫ ਆਪਣੀ ਆਸ-ਮੁਰਾਦ ਦੀ ਬੇਹਤਰੀ ਵਾਸਤੇ ! ਉਸਦੇ ਅੰਦਰੋਂ ਇਕ ਅਵਾਜ਼ ਆਉਂਦੀ। ਪਰ ਕੀ ਗਾਰੰਟੀ ਕਿ ਉਲਾਦ ਸਾਡੀਆਂ ਉਮੀਦਾਂ ਮੁਤਾਬਿਕ ਖਰੀ ਉੱਤਰੇਗੀ? ...ਸੋਚ ਨਿਰੰਤਰ ਜਾਰੀ ਰਹੀ।

ਪਿੰਡ ਵੱਸਦੇ ਜੇਠ-ਜੇਠਾਣੀ ਦੀ ਬਦਖੋਹੀ ਤਾਂ ਉਹ ਆਪਣੀਆਂ ਗੁਆਂਢਣਾਂ ਨਾਲ ਕਰਕੇ ਵੀ ਆਪਣੇ ਮਨ ਨੂੰ ਢਾਰਸ ਦੇ ਲੈਂਦੀ। ਮਨ ਹੌਲਾ ਹੋਇਆ ਪਰਤੀਤ ਹੁੰਦਾ। ਪਰ ਆਪਣੇ ਢਿੱਡੋਂ ਜਾਏ ਵੱਡੇ ਪੁੱਤਰ ਲਾਡੀ ਦੀ ਕਰਤੂਤ ਕਿਸਨੂੰ ਆਖ ਸੁਣਾਵੇ? ਏਨੇ ਅਰਸੇ ਤੋਂ ਆਪਣੇ ਲਾਡਲੇ ਦਾ ਗੁਣਗਾਇਨ ਕਰਦੀ ਨਹੀਂ ਸੀ ਥੱਕਦੀ। ਪੜੋਸਣਾਂ ਸੋਚਣਗੀਆਂ। ਸਲਾਹੁਤਾ ਪਿੱਛੋਂ ਹੁਣ ਨਿੰਦਿਆਂ ਕਿਵੇਂ ਕਰੇਗੀ? ਆਪਣੀ ਉਲਾਦ ਦਾ ਅੱਗਾ ਹੀ ਖੜ੍ਹਾਵੇਗੀ। ਫੇਰ ਕੀ ਉਹ ਵਿਗੜੇ ਹੋਏ ਲਾਡੀ ਅੱਗੇ ਝੁਕ ਜਾਵੇ? ਅਸੁਰ ਬੁੱਧ ਮੁੰਡੇ ਦੀ ਮੂਰਖਮੱਤੀ ਨੂੰ ਸਹੀ ਕਰਾਰ ਦੇ ਦੇਵੇ? ਨਹੀਂ! ਨਹੀਂ! ਇਹ ਨਹੀਂ ਹੋ ਸਕਦਾ। ਉਹ ਸੋਚਦੀ। ਉਹ ਤੜਫਦੀ। ਉਸਦੇ ਪੈਰਾਂ ਹੇਠੋਂ ਅੱਗ ਨਿਕਲਦੀ। ਪਾਤਲੀਆਂ ਥੱਲੇ ਜਿਵੇਂ ਅੰਗਿਆਰ ਮੱਚਦੇ।

ਕੀ ਉਹ ਜਾਣ ਬੁੱਝ ਕੁ ਕਲਪਦੀ ਸੀ। ਨਹੀਂ। ਮਨਮਰਜ਼ੀ ਨਾਲ ਭਲਾ ਕੌਣ ਚਿੰਤਾ ਸਹੇੜਦਾ। ਉਹ ਅਰਾਮ ਕਰਨਾ ਲੋਚਦੀ। ਪਰ ਸ਼ੱਕਰ ਰੋਗ ਕਾਰਨ ਫੇਰਾ-ਤੋਰਾ ਜ਼ਰੂਰੀ ਸੀ। ਡਾਕਟਰ ਮਹਾਜਨ ਦੇ ਦੱਸਣ ਅਨੁਸਾਰ, ਉਸਦਾ 'ਬੈਂਟ-ਔਵ-ਮਾਈਂਡ' ਹੀ ਅਜਿਹਾ ਸੀ। ਅਤਿ ਸੋਚੀ ਕਿਸਮ ਦਾ ਸੁਭਾਅ ਸੀ ਉਸਦਾ।

'ਏਹ ਮਨੋਵਿਗਿਆਨੀ ਤਾਂ ਆਪ ਆਪਣੇ ਟਿਕਾਣੇ ਤੋਂ ਹਿੱਲੇ ਹੋਏ ਹੁੰਦੇ। ਏਹ ਬਥੇਰਾ ਕੁਝ ਕਹਿਣਗੇ।' ਉਹ ਨੱਕ ਨਾਲ ਹੂੰਗਰ ਜਿਹੀ ਮਾਰਦੀ।

ਕੀ ਡਾਕਟਰ ਲੋਕ ਆਪ ਨਹੀਂ ਸੋਚਦੇ? ਕੀ ਉਹ ਆਪ ਚਿੰਤਾ ਮੁਕਤ ਹੁੰਦੇ ਨੇ? ਉਸਨੂੰ ਯਾਦ ਆਉਂਦਾ। ਉਸਨੇ ਕਿਸੇ ਕਿਤਾਬ ਵਿਚ ਪੜ੍ਹਿਆ ਸੀ ਕਿ ਅੰਮ੍ਰਿਤਸਰੀਆ ਡਾਕਟਰ ਕਿਰਪਾ ਨਿਧਾਨ ਜੀ ਮਨੋਰੋਗੀਆਂ ਨਾਲ ਖੌਝਲਦਾ, ਆਪ ਵੀ ਮਾਨਸਿਕ ਮਰਜ਼ ਸਹੇੜ ਬੈਠਾ ਸੀ। ਉਹ ਮਗਰ ਨੂੰ ਹੱਥ ਕਰੀਂ ਸੋਚਦਾ ਤੁਰਿਆ ਜਾਂਦਾ। ਤੁਰਿਆ ਜਾਂਦਾ ਸੋਚਦਾ ਰਹਿੰਦਾ। ਸੋਚੀਂ ਪਿਆ, ਆਪੇ ਬੋਲੀ ਜਾਂਦਾ।

ਪਰ ਡਾਕਟਰ ਮਹਾਜਨ ਨੇ ਮਾਨਸਿਕ ਪੱਖੋਂ ਪਰੇਸ਼ਾਨ ਸੱਤੀ ਨੂੰ ਕਲਪਣ ਦੀ ਬਜਾਏ ਗੱਲਾਂ ਕਰਨ ਦਾ ਮਸ਼ਵਰਾ ਦਿੱਤਾ ਸੀ ਆਪਣੇ ਮਨੀਰਾਮ ਨਾਲ ਇਕੱਲਿਆਂ ਵਾਰਤਾਲਾਪ ਛੇੜਨ ਨਾਲੋਂ ਕੋਈ ਸਰੋਤਾ ਲੱਭ ਕੇ ਉਸ ਅੱਗੇ ਆਪਣਾ ਅੰਦਰ ਫੋਲਣਾ ਚਾਹੀਦਾ ਸੀ। 'ਵੈਂਟੀਲੇਸ਼ਨ ਔਫ ਥੌਟਸ!' ਉਹ ਮੁੜ ਚਿਤਵਦੀ ਹੈ। ਯਾਨੀ ਕਿ ਜੇ ਕਮਰੇ ਅੰਦਰੋਂ ਹਵਾੜ੍ਹ ਉੱਠ ਕੇ ਅੰਦਰ ਦੀ ਅੰਦਰ ਤਪੀ ਹੋਈ ਛੱਤ ਨਾਲ ਲੱਗਦੀ ਰਹੇ, ਕਿੰਨਾ ਹੁੰਮਸ ਹੋ ਜਾਵੇਗਾ। ਡਾਕਟਰ ਮੂਹਰੇ ਬੈਠੀ ਸੱਤੀ ਦੀਆਂ ਅੱਖਾਂ ਅੱਗੇ ਉਸ ਦਿਨ ਇਕਦਮ ਆਪਣੀ ਇਹ ਕੋਠੀ ਆ ਗਈ ਸੀ। ਉਸਦੇ ਪਤੀ ਨੇ ਪੁਰਾਣਾ ਛੱਤਿਆ ਮਕਾਨ ਇਸੇ ਲਈ ਵੇਚ ਦਿੱਤਾ ਸੀ ਕਿਉਂਕਿ ਉਸ ਅੰਦਰ ਹਵਾਹਾਰਾ ਨਹੀਂ ਸੀ। ਚਾਰ ਕੁ ਸਾਲ ਪਹਿਲਾਂ ਇਹ ਨਵੀਂ ਕੋਠੀ ਛੱਤੀ ਸੀ ਜਿਸਦੇ ਹਰੇਕ ਕਮਰੇ ਵਿਚ ਉਚੇਚ ਨਾਲ ਰੋਸ਼ਨਦਾਨ ਰੱਖਿਆ ਜਿਥੇ ਇਗਜ਼ਾਸਟ ਫੈਨ ਲਾਉਣੇ ਹਾਲੇ ਬਾਕੀ ਸਨ। ਪੁਰਾਣੀ ਰਿਹਾਇਸ਼ ਮੁਕਾਬਲੇ ਇਥੇ ਗਰਮੀਆਂ ਵਿਚ ਠੰਢਕ ਮਹਿਸੂਸ ਹੁੰਦੀ ਅਤੇ ਸਰਦੀਆਂ ਦੌਰਾਨ ਸਾਹ ਵੀ ਨਾ ਘੁੱਟਦਾ।

ਮਨਚਿੱਤ ਲਈ ਵੀ ਅਜਿਹੇ ਹਵਾਹਾਰੇ ਦੀ ਲੋੜ ਹੁੰਦੀ। ਆਪਣੇ ਨਵੇਂ ਮਕਾਨ ਬਾਰੇ ਹੁੱਬ-ਹੁੱਬ ਗੱਲਾਂ ਕਰਦੀ ਸੱਤੀ ਨੂੰ ਡਾਕਟਰ ਨੇ ਸਮਝਾਇਆ ਸੀ। ਜਦੋਂ ਕੁਝ ਦਿਨ ਪਹਿਲਾਂ ਉਸਦਾ ਲਾਡੀ ਵੀ ਮਾਨਸਿਕ ਪੱਖੋਂ ਪਰੇਸ਼ਾਨ ਹੋਇਆ ਤਾਂ ਉਹਨੂੰ ਵੀ ਉਸਦੇ ਮਨ ਅੰਦਰ ਘਰ ਕਰੀ ਬੈਠੀ ਕਿਸੇ ਗੱਲ ਨੂੰ ਹੋਰ ਕਿਸੇ ਨਾਲ ਸਾਂਝੀ ਕਰਨ ਦਾ ਸੁਝਾਅ ਦਿੱਤਾ ਸੀ। ਅੰਦਰੋਂ ਅੰਦਰ ਧੁਖਦੇ ਰਹਿਣ ਨਾਲ ਹੀ ਤਾਂ ਸਾਰੀ ਗੜਬੜ ਹੁੰਦੀ। ਡਾਕਟਰ ਦਾ ਤਰਕ ਸੀ। ਪਰ ਸੱਤੀ ਇਸਤੋਂ ਉਲਟ ਸੋਚਦੀ। ਮਨ ਨੂੰ ਖੁੱਲ੍ਹਾ ਛੱਡਣਾ ਤਾਂ ਮਸਤ ਹਾਥੀ ਦਾ ਨਿਓਲ ਖੋਹਲਣ ਵਾਂਗ ਸੀ। 'ਏਸ ਖਰੂਦੀ ਹਾਥੀ ਨੂੰ ਸਗੋਂ ਅੰਕਸ ਨਾਲ ਕਾਬੂ ਵਿਚ ਰੱਖਣ ਦੀ ਦੋਹੀ ਤਾਂ ਸਾਡੇ ਵੇਦ-ਗ੍ਰੰਥ ਦਿੰਦੇ ਆਏ ਨੇ। ਮਨ ਤਾਂ ਬਹੁਤ ਉਟ-ਪਟਾਂਗ ਸੋਚਦਾ ਹੈ। ਕੀ ਸਭ ਕੁਝ ਸੰਬੰਧਤ ਲੋਕਾਂ ਨੂੰ ਸੁਣਾ ਦੇਈਏ? ਏਸਨੂੰ ਘੂਰਨਾਂ-ਵਰਜਣਾ ਪੈਂਦਾ, ਡਾਕਟਰ ਸਾਹਿਬ! 'ਸੱਤੀ ਨੇ ਉਂਜਰ ਕੀਤਾ। ਏਸ ਖੁੱਲ੍ਹ-ਖੇਡ ਨੇ ਤਾਂ ਸਾਰੇ ਪੁਆੜੇ ਪਾਏ ਨੇ। ਉਸਦਾ ਮਨ ਭਾਖਿਆ ਦਿੰਦਾ। ਉਸਦੇ ਲਾਡੀ ਨੇ ਜੇ ਵੇਲੇ ਸਿਰ ਮਨ ਦੀ ਨੱਥ ਖਿੱਚੀ ਹੁੰਦੀ, ਸਮੇਂ ਸਿਰ ਕੁੰਡਾ ਵਰਤਿਆ ਹੁੰਦਾ ਤਾਂ ਏਨਾ ਭਾਰੀ ਮਾਮਲਾ ਨਹੀਂ ਸੀ ਪੈਣਾ। ਬ੍ਰਹਮਚਾਰੀ ਆਸ਼ਰਮ ਦੌਰਾਨ ਬ੍ਰਹਮਚਾਰੀ ਬਣ ਕੇ ਨਾ ਵਿਚਰਨਾ ਭਲਾ ਕਿਧਰਲੀ ਸਿਆਣਪ ਹੈ! ਪਰ ਅਜਿਹੀ ਕੋਤਾਹੀ ਨੂੰ ਖੁੱਲ੍ਹਖਿਆਲੀ ਆਖਦੇ ਮੁੰਡੇ ਨੇ ਤਾਂ ਮਰਿਆਦਾ ਨੂੰ ਹੀ ਬੇਦਾਵਾ ਦੇ ਦਿੱਤਾ। ਉਹ ਤਾਂ ਕੁਲ ਨੂੰ ਵੀ ਦਾਗ਼ੀ ਕਰਨੋਂ ਨਹੀਂ ਝਿਜਕਿਆ। ਅਜੇ ਵੀ ਉਸਦੀ ਜ਼ਿੱਦ ਬਰਕਰਾਰ ਸੀ।

'ਮੈਂ ਬੁਰਾ ਕੀ ਕੀਤੇ, ਮੰਮੀ? ਗੁੰਡਾ, ਆਵਾਰਾਗਰਦ, ਮੁਸਟੰਡਾ ਮੈਂ ਕਿਵੇਂ ਹੋ ਗਿਆ? 'ਲਾਡੀ ਨੇ ਇਕ ਦਿਨ ਮਾਂ ਨੂੰ ਪੁੱਛਿਆ।

'ਤੂੰ ਵਿਆਹ ਨੂੰ ਗੁੱਡੇ-ਗੁੱਡੀ ਵਾਲੀ ਖੇਡ ਸਮਝਦੈਂ? ਕਿਸੇ ਤੀਮੀ ਦੀ ਪਹਿਲੀ ਅਦਾ 'ਤੇ ਲੱਟੂ ਹੋ ਜਾਣਾ, ਕਿਧਰਲੀ ਸਿਆਣਪ ਹੈ? ਤੈਂ ਉਹਦੇ ਪਿਛੋਕੜ ਨੂੰ ਘੋਖਿਆ-ਪੜਤਾਲਿਆ ਹੈ? ਵਿਆਹ ਦਾ ਚਹੁੰ ਦਿਨਾਂ ਦਾ ਮਾਹਾ ਉਤਰੇ ਤੋਂ ਕੀਹਦੇ ਨਾਲ ਵਰਤੇਂਗਾ? ਕਿਹੜੇ ਸਹੁਰਿਆਂ ਦੇ ਜਾਏਂਗਾ? ਗ਼ਰੀਬ, ਕੰਗਾਲ ਘਰਾਣੇ ਤੋਂ ਤੈਨੂੰ ਅਲਕਤ ਨ੍ਹੀਂ ਆਊ? ਤੂੰ ਕਮੀਣਾਂ ਨਾਲ ਸਹਿਚਾਰ ਰੱਖੇਂਗਾ? ਆਪਣੇ ਮਾਪਿਆਂ ਅਰ ਭੈਣ-ਭਰਾਵਾਂ ਨੂੰ ਉਹ ਕੁਲੱਛਣੀ ਕਿਵੇਂ ਛੱਡੂਗੀ? ਓਏ ਮੂਰਖਾ, ਉਹਦੇ ਸਾਕਾਂ-ਸੰਬੰਧੀਆਂ ਨੇ ਵੀ ਤੈਨੂੰ ਸਵੀਕਾਰ ਨ੍ਹੀਂ ਕਰਨਾ। ਸੱਤੀ ਦਾ ਪਤੀ ਸਾਧੂ ਸਿੰਘ ਤਾਂ ਆਪਣੇ ਪੁੱਤਰ ਨਾਲ ਉਲਝਣ ਲਈ ਤਿਆਰ ਸੀ।

ਪਿਤਾ ਦੇ ਮੂੰਹੋਂ ਆਪਣੀ ਮਾਸ਼ੂਕ ਲਈ ਅਪਸ਼ਬਦ ਸੁਣ ਕੇ ਲਾਡੀ ਨੇ ਵੀ ਵਿਸ ਘੋਲਦੇ ਸੱਪ ਵਾਂਗ ਵਲ ਖਾਧਾ। ਉਹ ਪਿਓ ਵੱਲ ਕੌੜ ਕੇ ਝਾਕਿਆ। ਅਜੇ ਹੋਰ ਬਹੁਤ ਕੁਝ ਕਹਿਣਾ ਲੋਚਦਾ ਮਾਪਾ, ਸੰਕੋਚ ਕਰ ਗਿਆ। ਉਹ ਪੁੱਤਰ ਨੂੰ ਘਰੋਂ ਨਹੀਂ ਸੀ ਭਜਾਉਣਾ ਚਾਹੁੰਦਾ। ਆਖ਼ਰ ਲੜਕਾ ਬਾਲਗ ਸੀ। ਮਹਿਬੂਬਾ ਨੂੰ ਫ਼ੋਨ ਕਰਕੇ ਜਦੋਂ ਮਰਜ਼ੀ ਕਚਹਿਰੀ ਵਿਚ ਸਿੱਧੀ ਬੁਲਾ

ਲੈਂਦਾ। ਉਸ ਸਿਰ ਮੁੰਨੀ ਦਾ ਭਲਾ ਕੀ ਜਾਣਾ ਸੀ। ਮੈਜਿਸਟਰੇਟ ਸਾਹਮਣੇ ਬਿਆਨ ਦੇਣ ਮਗਰੋਂ ਮੈਰਿਜ ਹੋ ਜਾਣੀ ਸੀ।

ਕੋਲ ਬੈਠੀ ਸੱਤੀ ਵੀ ਉਸ ਦਿਨ ਆਪਣਾ ਮੂੰਹ ਬੰਦ ਨਾ ਰੱਖ ਸਕੀ। ਉਧੜੀ ਹੋਈ ਗੱਲ ਨੂੰ ਭਾਵੇਂ ਉਹ ਹੋਰ ਉਛਾਲਣਾ ਨਾ ਚਾਹੁੰਦੀ। ਫੇਰ ਵੀ ਝਿਜਕਦੀ ਜਿਹੀ ਬੋਲੀ; 'ਇਉਂ ਦੱਸ, ਕਾਕਾ ! ਤੂੰ ਉਹਨੂੰ ਖਿਲਾਵੇਂਗਾ ਕਿਥੋਂ? ਤੇਰੇ ਕੋਲ ਕੀ ਹੈ? ਕਿਹੜੀਆਂ ਮਿਲਖ-ਜਾਗੀਰਾਂ ਉਹਦਾ ਪਿਓ ਕੰਜਰ ਉਹਦੇ ਨਾਉਂ ਕਰਾ ਕੇ, ਤੇਰੇ ਨਾਲ ਵਿਆਹੂਗਾ? ਇਕ ਕਲਰਕ ਕੋਲ ਹੁੰਦਾ ਕੀ ਹੈ? ਤੈਨੂੰ ਉਸ ਘਰ 'ਚੋਂ ਸੂੰਕ ਨਹੀਂ ਆਊਗੀ? ਤੇਰਾ ਅੱਗਾ-ਪਿੱਛਾ ਸਭ ਗੰਦੇ ਨਾਲ ਲਿਕੜ ਜਾਣੈ।...'

'ਬਕਵਾਸ ਬੰਦ ਕਰ ਮੰਮੀ। 'ਮੁੰਡਾ ਚੀਕਿਆ। '...ਮੈਂ ਮਿੱਟੀ ਦਾ ਤੇਲ ਪਾ ਕੇ ਮੱਚ ਜਾਊਂਗਾ। ਐਥੀ। ਐਸੇ ਵਖ਼ਤਾਂ 'ਤੇ ਥੋੜ੍ਹਾ ਸ਼ਾਂਤ ਹੋਇਆ ਉਹ ਬੋਲਦਾ ਰਿਹਾ ਸੀ। ...ਮੈਂ ਉਹਦੇ ਪਿਓ ਜਾਂ ਕੁਨਬੇ ਤੋਂ ਕੀ ਲੈਣਾਂ? ਜ਼ਾਤੀ ਹੁੰਦੀ ਕੀ ਐ? ਮੈਨੂੰ ਸਿਰਫ਼ ਰਾਣੋ ਚਾਹੀਦੀ। ਉਹਦੀ ਕੋਈ ਜ਼ਾਤ ਨਹੀਂ। ਏਹ ਸਾਰਾ ਗੰਦ ਥੋਡੀਆਂ ਖੋਪਰੀਆਂ 'ਚ ਭਰਿਆ ਏ।'

ਸੋਚੀਂ ਡੁੱਬੀ ਸੱਤੀ ਨੂੰ ਉਹ ਸਾਰਾ ਦ੍ਰਿਸ਼ ਅੱਜ ਵੀ ਚੇਤੇ ਹੈ। ਪੁੱਤਰ ਨੇ ਕਿਵੇਂ ਅੱਖਾਂ ਕੱਢੀਆਂ ਸਨ। ਜਿਵੇਂ ਉਹ ਮਾਂ ਨੂੰ ਨਿਗਲ ਜਾਏਗਾ। ਜਿਵੇਂ ਉਹ ਮਾਂ ਦੇ ਪੇਟੋਂ ਜਾਇਆ ਨਾ ਹੋ ਕੇ ਸੱਤੀ ਦਾ ਕੋਈ ਸ਼ਰੀਕ ਹੋਵੇ। ਜਿਵੇਂ ਉਸਨੂੰ ਕੋਈ ਓਪਰੀ ਸ਼ੈਅ ਚਿੰਬੜ ਗਈ ਹੋਵੇ।...

ਉਸਦਾ ਮੁੜ ਹਉਕਾ ਨਿਕਲ ਗਿਆ। ਲਾਡੀ ਨੇ ਆਪਣੇ ਇਸ਼ਕ ਬਾਰੇ ਸਿੱਧੀ ਗੱਲ ਨਹੀਂ ਸੀ ਕੀਤੀ। ਆਪਣੀ ਭੂਆ ਦੇ ਪਿੰਡ ਮਜਾਰੇ ਨੱਠ ਗਿਆ ਸੀ। ਗੁੱਡੀ ਭੂਆ ਰਾਹੀਂ ਸਾਰਾ ਮਾਮਲਾ ਉਠਾਇਆ ਸੀ। ਇਕ ਲੇਖੇ ਨਾਲ ਫੈਸਲਾ ਸੁਣਾ ਦਿੱਤਾ ਸੀ। ਐਨ ਉਸ ਮੌਕੇ, ਜਦੋਂ ਸਾਧੂ ਸਿੰਘ ਅਤੇ ਸੱਤੀ ਅਖ਼ਬਾਰ ਵਿਚੋਂ ਲੱਭੇ ਕਿਸੇ ਮੈਟਰੀਮੋਨੀਅਲ ਨੂੰ ਲਾਡੀ ਲਈ ਵਿਚਾਰ ਰਹੇ ਸਨ ਤਾਂ ਮੁੰਡਾ ਭੜਕ ਗਿਆ ਸੀ; 'ਮੈਂ ਨ੍ਹੀਂ ਹਾਲੇ ਮੈਰਿਜ-ਮੂਰਜ ਕਰਾਉਣੀ।' ਚਾਈਂ-ਚਾਈਂ ਅਖ਼ਬਾਰ ਵਾਲੇ ਇਸ਼ਤਿਆਰ ਨੂੰ ਨਿਹਾਰਦੇ ਮਾਪਿਆਂ ਨੂੰ ਵੰਗਾਰਦਾ ਮੁੰਡਾ, ਘਰ ਦਾ ਮੇਨ ਗੇਟ ਨਿਕਲਦਾ ਹੀ ਦਿੱਸੀਆ ਸੀ। ਉਦੋਂ ਸੱਤੀ ਨੂੰ ਜਾਪਿਆ ਜਿਵੇਂ ਪਤੀ ਪਤਨੀ ਵੱਲੋਂ ਹੁਣ ਤੱਕ ਕੀਤੀ ਸਾਰੀ ਕਮਾਈ ਖੂਹ-ਖਾਤੇ ਜਾ ਪਈ ਸੀ।

ਘੰਟੇ-ਸਵਾ ਘੰਟੇ ਵਿਚ ਭੂਆ ਆਪਣੇ ਲਾਡਲੇ ਭਤੀਜੇ ਦੀ ਵਕਾਲਤ ਕਰਨ ਆ ਧਮਕੀ। ਕੰਮ ਤਾਂ ਬੇਸ਼ੱਕ ਹੋਰ ਵੀ ਸੀ। ਪਿਛਲੇ ਕਈ ਮਹੀਨਿਆਂ ਤੋਂ ਉਹ ਵੱਡੇ ਵੀਰੇ ਛਿੰਦਰ ਸਿੰਘ ਦਾ ਪੱਖ ਪੂਰਦੀ ਆਈ ਸੀ। ਹੁਣ ਭਤੀਜੇ ਵੱਲੋਂ ਸਰਕਾਰੀ ਵਕੀਲ ਬਣ ਕੇ ਪਧਾਰੀ ਸੀ। ਜਦੋਂ ਸਾਧੂ ਸਿਹੁੰ ਅਤੇ ਸੱਤੀ ਸਗੋਂ ਗੁੱਡੀ ਨਾਲ ਇਸ਼ਤਿਆਰ ਬਾਰੇ ਵਿਚਾਰ ਕਰਨੀ ਚਾਹੁੰਦੇ। ਭੂਆ ਅਤੇ ਮਾਸੀ ਨਾਲ ਹੀ ਰਾਇ-ਮਸ਼ਵਰਾ ਕਰਨਾ ਬਣਦਾ। ਵੱਡੇ ਭਰਾ ਨੂੰ ਸਾਧੂ ਸਿੰਘ ਨੇ ਕਿਉਂ ਪੁੱਛਣਾ ਸੀ ਜਿਹੜਾ ਮੀਸਣਾ ਬਣ ਕੇ ਹਰ ਸਾਲ ਮੁਫ਼ਤ ਜ਼ਮੀਨ ਵਾਹੀ ਜਾਂਦਾ। ਜਦੋਂ ਛੋਟਾ ਭਰਾ-ਭਰਜਾਈ ਮਾਦਪੁਰ ਗੇੜਾ ਮਾਰਦੇ ਤਾਂ ਲਾਡੀ ਦਾ ਤਾਇਆ ਛਿੰਦਰ ਸਿੰਘ ਖੇਤੀ ਵਿਚ ਪੈਂਦੇ ਘਾਟੇ ਹੀ ਗਿਣਾਈ ਜਾਂਦਾ। ਫਸਲਾਂ ਦੇ ਡਿਗਦੇ ਝਾੜ ਦੇ ਰੋਣੇ ਰੋਈ ਜਾਂਦਾ। ਵੱਡੀ ਭਾਬੀ ਚਾਹ ਧਰਨ ਤੋਂ ਪਹਿਲਾਂ ਹੀ ਆਪਣੇ ਜਵਾਕਾਂ ਨਾਲ ਲੜਨ ਲੱਗ ਪੈਂਦੀ। ਡੰਗਰਾਂ ਨੂੰ ਗਾਲ੍ਹਾਂ ਕੱਢਦੀ। ਸੋ ਅਜਿਹੀ ਨਾਸ਼ੁਕਰੀ ਜੋੜੀ ਨਾਲ ਇਹਨਾਂ ਕੀ ਸਲਾਹ ਕਰਨੀ ਸੀ।

ਏਨੇ ਚੰਗੇ ਖਾਨਦਾਨ ਦੀ ਵਿਦੇਸ਼ੋਂ ਆਈ ਕੁੜੀ ਤੁਰਤ ਸ਼ਾਦੀ ਕਰਵਾਉਣ ਦੀ ਚਾਹਵਾਨ ਸੀ। ਅਮਰੀਕਨ ਨਾਗਰਿਕ ਸਿਰਫ ਵੈਸ਼ਨੂੰ, ਬੀ. ਐੱਸ. ਸੀ ਵਰ ਦੀ ਝਾਕ ਵਿਚ ਸੀ। ਲਾਡੀ ਵਰਗੇ ਫਸਟ ਕਲਾਸ ਸਾਇੰਸ ਗਰੈਜੂਏਟ ਨੂੰ ਉਹ ਅਤੇ ਉਸਦੇ ਮਾਪੇ ਇਨਕਾਰ ਨਹੀਂ ਕਰ ਸਕਣਗੇ। ਪਰ ਮੁੰਡੇ ਨੇ ਸਲਾਹ-ਮਸ਼ਵਰਾ ਕਰਨ ਤੋਂ ਪਹਿਲਾਂ ਹੀ ਕਲੇਸ਼ ਕਰ ਲਿਆ ਸੀ। ਉਸਦਾ ਉੱਕਾ ਜਵਾਬ ਸੀ। ਉਹ ਵਿਆਹ ਨਹੀਂ ਕਰਾਵੇਗਾ।

'ਮਖਿਆ, ਆਪਣਾ ਲਾਡੀ ਕੀ ਕਹਿੰਦੈ, ਵੀਰੇ।' ਉਸ ਦਿਨ ਛੋਟੇ ਭਰਾ ਕੋਲ ਆਈ ਗੁੱਡੀ ਜਿਵੇਂ ਸੈਂਕੜੇ ਜੱਕਾਂ-ਤੱਕਾਂ ਵਿਚੋਂ ਬੋਲੀ। ਚਾਹ ਲੈਣ ਗਈ ਸੱਤੀ ਨੇ ਹਾਲੇ ਵਾਪਸ ਆ ਕੇ ਨਣਦ ਅੱਗੇ ਇਸ਼ਤਿਆਰ ਵਾਲਾ ਵੇਰਵਾ ਪਾਉਣਾ ਸੀ। ਸ਼ਾਇਦ ਭੂਆ ਆਪਣੇ ਕੁੰਟੇ ਹੋਏ ਭਤੀਜੇ ਨੂੰ ਵਿਆਹ ਲਈ ਰਾਜ਼ੀ ਕਰ ਹੀ ਲਵੇ।

'ਕੀ ਕਹਿੰਦੇ, ਭੈਣ ਮੇਰੀਏ?' ਐਨਕਾਂ ਲਾਈਂ ਅਖ਼ਬਾਰ ਫਰੋਲਦੇ ਸਾਧੂ ਸਿਹੁੰ ਤੋਂ ਸੁਭਾਵਿਕ ਆਖਿਆ ਗਿਆ। ਮੁੰਡਾ ਤੜਿੰਗ ਹੋ ਕੇ ਭੂਆ ਵੱਲ ਭੱਜਿਆ ਸੀ। ਇਹ ਤਾਂ ਉਹ ਜਾਣਦਾ ਹੀ ਸੀ।

ਸੱਤੀ ਵੀ ਚਾਹ ਦੀ ਟਰੇਅ ਫੜੀਂ ਆ ਪਹੁੰਚੀ। ਅਜੇ ਉਸਨੇ ਨਮਕੀਨ ਵਾਲਾ ਪੈਕਟ ਅਤੇ ਬਿਸਕੁਟ ਖੋਹਲਣੇ ਸਨ ਜਦੋਂ ਗੁੱਡੀ ਅੱਗੇ ਉੱਧੜੀ 'ਉਹ ਤਾਂ ਕੁਝ ਹੋਰ ਏ ਕਹਿੰਦੈ, ਭਾਈ। ਕੀ ਬਣੂੰ, ਅੱਜ ਕੱਲ੍ਹ ਦੇ ਜਵਾਕਾਂ ਦਾ ਵੀਰੇ।'

ਨਣਦ ਖੇਖਣ ਕਰ ਰਹੀ ਸੀ। ਸੱਤੀ ਦਾ ਮਨ ਹੱਸਿਆ।

'ਕੁਝ ਦੱਸੇਂਗੀ ਵੀ, ਕਿ ਪਖਾਣੇ ਹੀ ਪਾਈ ਜਾਏਂਗੀ?' ਸਾਧੂ ਸਿੰਘ ਦਾ ਸਬਰ ਮੁੱਕਦਾ ਜਾਂਦਾ।

'ਦੱਸ ਤਾਂ ਦਿੰਨੀ ਹਾਂ। ਪਰ ਤੂੰ ਕਿਤੇ ਸੁਣ ਕੇ ਬੀਮਾਰ ਨਾ ਹੋ ਜੀਂ। ਜੇ ਠਰ੍ਹੰਮੇਂ ਨਾਲ ਸੁਣੇ ਤਾਂ ਸੁਣਾਵਾਂ। ਐਵੇਂ ਨਾ ਭਮਕ ਜਾਈਂ। ਓਸ ਬੁੱਧੂ ਨੇ ਤਾਂ ਏਹੀ ਰਟ ਲਾਈ ਹੋਈ ਐ, ਬਈ ਉਹਦੀ ਖਾਤਰ ਕੁੜੀ ਲੱਭਣ ਦੀ ਕੋਈ ਲੋੜ ਨਹੀਂ। ਉਹਨੇ ਆਪਣਾ ਹੀਲਾ ਕੀਤਾ ਹੋਇਐ। 'ਗੁੱਡੀ ਦਾ ਜਿਵੇਂ ਹਲਕ ਸੁੱਕ ਗਿਆ।

'ਹੀਲਾ ਕਰੀ ਫਿਰਦੈ, ਜਾਂ ਅਜੇ ਕੁਛ ਕਸਰ ਐ?' ਇਕ ਟੱਕ ਝਾਕਦੇ ਵੀਰੇ ਨੇ ਜਿਵੇਂ ਭੈਣ ਦੇ ਮੂੰਹੋਂ ਨਿਕਲਦੀ ਗੱਲ ਬੋਚ ਲਈ ਸੀ।

'ਮਖਿਆ, ਕਰੇ ਲਿਆ ਸਮਝ ਲੈ, ਵੀਰਨਾਂ।' ਕੁਝ ਪਲਾਂ ਵਾਸਤੇ ਗੁੱਡੀ ਨੇ ਫੇਰ ਸੀਤ ਵੱਟ ਰੱਖੀ। ਉਹ ਚਾਹ ਦੇ ਸੁੜਾਕੇ ਮਾਰਦੀ ਹੋਈ ਫਰਸ਼ ਨੂੰ ਘੂਰਦੀ ਰਹੀ। ਕੁਝ ਵਕਫ਼ੇ ਬਾਅਦ ਖ਼ਾਲੀ ਪਿਆਲੀ ਨੂੰ ਮੇਜ਼ ਉੱਤੇ ਰੱਖਦੀ ਹੋਈ ਉਹ ਮੁੜ ਆਪਣੇ ਵੱਡੇ ਵੀਰ ਛਿੰਦੇ ਅਤੇ ਭਾਬੀ ਦਿਆਲੋ ਦੇ ਪੱਖ ਵਿਚ ਗੱਲਾਂ ਕਰਨ ਲੱਗੀ। ਪਿਛਲੇ ਹਫ਼ਤੇ ਉਹ ਆਪ ਵੀ ਮਾਦ ਪੁਰ ਜਾ ਕੇ ਆਈ ਸੀ। ਸਾਧੂ ਸਿੰਘ ਅਤੇ ਸੱਤੀ ਦਾ ਵੀ ਫਰਜ਼ ਬਣਦਾ ਸੀ, ਉਹ ਪਿੰਡ ਜਾ ਕੇ ਖ਼ਬਰਸਾਰ ਲੈ ਆਉਣ। ਛਿੰਦਰ ਦੀਆਂ ਕਿੱਲੇ ਉੱਤੇ ਖੜਤੀਆਂ ਮਹਿੰਗੇ ਭਾਅ ਦੀਆਂ ਦੋ ਲਵੇਰੀਆਂ ਭੁੰਜੇ ਡਿਗ ਕੇ ਮਰ ਮੁੱਕ ਗਈਆਂ ਸਨ। ਅਜਿਹੀ ਹਾਲਤ ਵਿਚ ਸਾਧੂ ਸਿੰਘ ਵੱਲੋਂ ਵੱਡੇ ਭਰਾ ਪਾਸੋਂ ਬਕਾਇਆ ਜ਼ਬਤੀ ਉਗਰਾਹੁਣ ਬਾਰੇ ਕਿਵੇਂ ਸੋਚਿਆ ਜਾ ਸਕਦਾ ਸੀ। ਗੁੱਡੀ ਨੇ ਸਫ਼ਾਈ ਦਿੱਤੀ ਤਾਂ ਸੱਤੀ ਭੜਕ ਗਈ।

'ਵਾਧਾ ਘਾਟਾ ਤਾਂ ਜ਼ਿੰਦਗੀ 'ਚ ਬਣਿਆ ਹੋਇਐ। ਵਲਾਇਤੀ ਗਊਆਂ ਮਰ ਗਈਆਂ, ਮਾੜੀ ਗੱਲ ਹੋਈ। ਪਰ ਲੇਖੇ ਉੱਪਰ ਲੀਕ ਵੀ ਮਰਾਉਣੀ ਸੋਭਦੀ ਤੀ। ਆਖ਼ਰ ਕਿੰਨਾ ਕੁ ਚਿਰ ਸਾਡਾ ਲਹੂ ਹਾਲੇ ਹੋਰ ਪੀਣਾਂ?' ਭਰਜਾਈ ਦਾ ਫ਼ਰਾਟਾ ਸੁਣਕੇ ਗੁੱਡੀ ਜਿਵੇਂ ਸੁੰਨ ਹੋ ਗਈ। ਉਸਨੇ ਮੁੜ ਲਾਡੀ ਬਾਰੇ ਗੋਲ ਜਿਹੀ ਗੱਲ ਕੀਤੀ ਕਿ ਮੁੰਡੇ ਨੂੰ ਚੋਬਰਾਂ ਵਾਲੀ ਚੇਟਕ ਲੱਗ ਚੁੱਕੀ ਸੀ।

'ਤੂੰ ਅਸਲ ਘੁੰਡੀ ਕਿਉਂ ਨ੍ਹੀ ਖੋਹਲਦੀ ਕੁੜੀਏ?' ਹਰਖਿਆ ਹੋਇਆ ਸਾਧੂ ਸਿੰਘ ਦੋ ਹਰਫ਼ੀ ਗੱਲ ਜਾਣਨੀ ਚਾਹੁੰਦਾ।

ਗੁੱਡੀ ਨੇ ਹੰਝੂਆਂ ਵਿਚੋਂ ਦੱਸਿਆ ਕਿ ਲਾਡੀ ਦੀ ਮਾਸ਼ੂਕ ਉਟਾਲਾਂ ਪਿੰਡ ਦੀ ਰਾਣੋ ਸੀ ਜਿਹੜੀ ਬਾਰਹਵੀਂ ਤੱਕ ਮਾਲਵਾ ਕਾਲਜ ਵਿਖੇ ਉਸਦੀ ਜਮਾਤਣ ਰਹੀ ਸੀ। ਉਥੇ ਹੀ ਦੋਹਾਂ ਦਾ ਅੱਖ ਮਟੱਕਾ ਚੱਲ ਪਿਆ ਸੀ। ਮਾਪਿਆਂ ਦੀ ਮਾਇਕ ਤੰਗੀ ਉਸਨੂੰ ਅੱਗੇ ਨਾ ਪੜ੍ਹਾ ਸਕੀ ਤਾਂ ਉਹ ਸਮਰਾਲੇ ਸ਼ਹਿਰ ਵਿਚ ਖੋਹਲੇ ਆਪਣੇ ਚਾਚੇ ਦੇ ਕੰਪਿਊਟਰ ਸੈਂਟਰ ਵਿਖੇ ਕੰਪਿਊਟਰ ਦੀ ਸਿਖਲਾਈ ਲੈਣ ਲੱਗੀ। ਉਥੇ ਆਈ. ਟੀ. ਆਈ. ਸਮਰਾਲਾ ਵਿਚ ਹੀ ਉਹਦਾ ਪਿਤਾ ਕਲਰਕ ਸੀ। ਸਭ ਤੋਂ ਵੱਡੀ ਗੱਲ ! ਲਾਡੀ ਨੂੰ ਰਾਣੋ ਪਸੰਦ ਸੀ।...

'ਬੱਸ, ਬੱਸ। 'ਸਾਧੂ ਸਿੰਘ ਨੇ ਜਿਵੇਂ ਆਪ ਤੋਂ ਵੱਡੀ ਭੈਣ ਦੇ ਮੂੰਹ ਉੱਤੇ ਹੱਥ ਰੱਖ ਦਿੱਤਾ। ਉਟਾਲਾਂ ਵਾਲੇ ਸਾਹਿਬੇ ਕਲਰਕ ਨੂੰ ਕੋਈ ਭੁੱਲਿਆ ਹੋਇਆ ਨਹੀਂ ਸੀ ਜਿਸਦੀ ਵੱਡੀ ਲੜਕੀ ਚਾਰ ਸਾਲ ਪਹਿਲਾਂ ਪਿੰਡ ਦੇ ਹੀ ਮਿੱਟੀ-ਪੱਥਾਂ ਦੇ ਮੁੰਡੇ ਨਾਲ ਭੱਜ ਗਈ ਸੀ। ਅਖ਼ਬਾਰ ਵਿਚ ਖ਼ਬਰ ਛਪੀ ਸੀ। ਕੁੜੀ ਨੂੰ ਬੇਸ਼ੱਕ ਕੁਰਕਸ਼ੇਤਰ ਤੋਂ ਮੋੜ ਲਿਆਏ ਸਨ ਪਰ ਡਾਕਟਰੀ ਕਰਦੇ ਲੜਕੇ ਨੇ ਅਦਾਲਤ ਦਾ ਦਰ ਖੜਕਾਇਆ। ਲੜਕੀ ਨੇ ਜੱਜ ਸਾਹਮਣੇ ਬਿਆਨ ਦਿੱਤਾ; 'ਮੈਨੂੰ ਬਚਾ ਲਉ, ਜੱਜ ਸਾਹਿਬ ! ਏਥੋਂ ਘਰ ਤੱਕ ਜਾਂਦੀ ਮੈਂ ਸਲਾਮਤ ਨਹੀਂ।' ਤੇ ਉਸਨੇ ਸਬੂਤ ਵਜੋਂ ਆਪਣਾ ਕਮੀਜ਼ ਚੁੱਕ ਦਿੱਤਾ ਜਿਸ ਉੱਪਰ ਨੀਲੀਆਂ ਲਾਸਾਂ ਵਿਛੀਆਂ ਸਨ। ਉਹਨਾਂ ਦਿਨਾਂ ਵਿਚ ਸਾਧੂ ਸਿੰਘ ਪੰਜਾਬ ਐਂਡ ਸਿੰਧ ਬੈਂਕ ਸਮਰਾਲਾ ਵਿਚ ਹੀ ਤਾਇਨਾਤ ਸੀ। ਸ਼ਾਮ ਨੂੰ ਜਦੋਂ ਉਹ ਭਗਵਾਨ ਪੁਰਾ ਰੋਡ ਵੱਲ ਸਕੂਟਰ ਉੱਪਰ ਨਿਕਲਦਾ ਤਾਂ ਸਾਹਿਬਾ ਸ਼ਰਾਬ ਨਾਲ ਰੱਜਿਆ, ਧੱਕੇ-ਧੌਲੇ ਖਾਂਦਾ, ਉਟਾਲਾਂ ਜਾਣ ਲਈ ਚੌਂਕ ਵਿਚ ਖੜ੍ਹਾ ਬੱਸ ਉਡੀਕਦਾ। ਇਕ ਦੋ ਵਾਰੀ ਉਹ ਦੋਵੇਂ ਇਕੱਠੇ ਵੀ ਹਾਤੇ ਵਿਚ ਬੈਠੇ ਸਨ। ਸਾਂਝੀ ਬੋਤਲ ਖਰੀਦੀ ਸੀ। ਪਰ ਹੁਣ ਸਾਹਿਬਾ ਕਿਸੇ ਨਾਲ ਨਾ ਬੋਲਦਾ। ਦਾਰੂ ਨਾਲ ਟੱਲੀ ਹੋਇਆ ਵੱਡੀ ਲੜਕੀ ਨੂੰ ਕੋਸਦਾ। ਉਸਦੇ ਸਹੁਰਿਆਂ ਨੂੰ ਮੰਦਾ ਆਖਦਾ।

'ਮਖਿਆ, ਕਿਰਨੀਏਂ ਤੈਂ ਮਾਪਿਆਂ ਦੀ ਕਮਾਈ ਖੂਹ 'ਚ ਪਾ ਦਿੱਤੀ। ਤੂੰ ਕੁਜਾਤ 'ਚ ਜਾ ਡਿਗੀ ਏਂ। ਜਿਹੜੀ ਜਾਤ ਦਾ ਮੁੰਡਾ ਤੈਂ ਲੱਭ ਲਿਐ, ਉਹਨੂੰ ਪੱਗ ਤਾਂ ਬੰਨ੍ਹਣੀ ਆਉਂਦੀ ਨਹੀਂ। ਮਿੱਟੀ-ਪੱਥ ਅਤੇ ਮਿੱਟੀ-ਪੁੱਤਰ ਮੋਟੀ ਅਕਲ ਦੇ ਮਾਲਕ ਹੁੰਦੇ। ਕਹਿੰਦੇ, ਮੁੰਡਾ ਡਾਕਟਰ ਐ। ਮੈਂ ਧਾਰ ਨ੍ਹੀਂ ਮਾਰਦਾ ਉਹਦੀ ਡਾਕਟਰੀ ਉੱਤੇ। ਤੂੰ ਕਾਹਲ਼ੀ ਵੱਗ ਗਈ, ਕਮਲੀਏ! ਨਰਸ ਲੱਗੀ ਹੋਈ ਨੂੰ ਮੈਂ ਆਪਣੀ ਬਰਾਦਰੀ 'ਚੋਂ ਹੀ ਚੱਜ ਦਾ ਮੁੰਡਾ ਲੱਭ ਕੇ ਦੇ ਦਿੰਦਾ। ਸਾਡੀ ਕੌਮ ਕੀਹਦੇ ਨਾਲੋਂ ਘੱਟ ਹੈਗੀ? ਪੀ. ਸੀ. ਐੱਸ. ਆਈ. ਏ. ਐੱਸ ਮੰਤਰੀ-ਮਨਿੱਸਟਰ ਸਾਡੇ ਬਥੇਰੇ ਲੱਗੇ ਹੋਏ ਨੇ। 'ਸਾਹਿਬਾ ਅਬਾ-ਤਬਾ ਬੋਲਦਾ।

ਸੁਪਰਡੈਂਟ ਸਾਹਿਬ ਸਿੰਘ ਹੁਣ 'ਸਾਹਿਬਾ-ਸ਼ਰਾਬੀ' ਬਣ ਗਿਆ ਸੀ। ਇਸ ਕਾਰਨ ਉਹਨੇ ਛੋਟੀ ਲੜਕੀ ਰਾਣੋ ਨੂੰ ਬਾਰਹਵੀਂ ਪਾਸ ਕਰਨ ਪਿੱਛੋਂ ਹੀ ਹਟਾ ਕੇ ਕੰਪਿਊਟਰ ਸਿੱਖਣ ਲਾ ਦਿੱਤਾ ਜਿਹੜੀ ਉਸਦੇ ਛੋਟੇ ਭਰਾ ਅਮਰੀਕ ਝਾਟੂ ਦੀ ਨਿਗਰਾਨੀ ਹੇਠ ਰਹੇਗੀ। ਵੱਡੀ ਕਿਰਨ ਵਾਲੀ ਕੋਤਾਹੀ ਨਹੀਂ ਕਰੇਗੀ।

ਸਾਧੂ ਸਿੰਘ ਨੂੰ ਹੁਣ ਗੁੱਡੀ ਪਾਸੋਂ ਪਤਾ ਲੱਗਿਆ ਸੀ ਕਿ ਉਹਦਾ ਲਾਡੀ ਵੀ ਕਾਲਜ-ਟਾਈਮ ਤੋਂ ਬਾਅਦ ਉਸੇ ਅਮਰੀਕ-ਕੰਪਿਊਟਰ ਸੈਂਟਰ ਤੋਂ ਕੰਪਿਊਟਰ ਦੀ ਟਰੇਨਿੰਗ ਲੈਂਦਾ ਰਿਹਾ ਸੀ।

'ਸੁਆਹ ਟਰੇਨਿੰਗ ਲੈਂਦਾ ਸੀ, ਮੇਰਾ ਲਾਡਲਾ। ਹੁਣ ਉਹ ਵੀ ਕੁਥਾਅ ਡਿਗੂਗਾ।' ਸਾਹਮਣੇ ਖ਼ਾਲੀ ਝਾਕਦੇ, ਮਨ ਹੀ ਮਨ ਕੰਪਿਊਟਰ ਸੈਂਟਰ ਦੇ ਚੱਕਰ ਕੱਟਦੇ ਸਾਧੂ ਸਿੰਘ ਦੇ ਮੱਥੇ ਹੱਥੇ ਮਾਰਿਆ 'ਹੁਣ ਕੁਥਾਂਅ ਗਿਰੂਗਾ, ਬੇਵਕੂਫ ਕਿਸੇ ਥਾਂ ਦਾ !' ਉਸਨੇ ਇਹ ਸ਼ਬਦ ਜਿਵੇਂ ਦੋਬਾਰਾ ਚਿੱਥ ਕੇ ਥੁੱਕੇ ਹੋਣ।

ਅਮਰੀਕ ਕੰਪਿਊਟਰ ਸੈਂਟਰ ਦਾ ਮਾਲਕ ਅਮਰੀਕ ਸਿੰਘ ਝਾਟੂ ਵੀ ਪੰਜਾਬ ਐਂਡ ਸਿੰਘ ਬੈਂਕ ਦਾ ਡਿਫਾਲਟਰ ਸੀ। ਸਾਧੂ ਸਿੰਘ ਨੇ ਅੜਿਆ ਲੋਨ ਮੁੜਵਾਉਣ ਲਈ ਬਥੇਰੇ ਗੇੜੇ ਮਾਰੇ। ਵਾਕਿਫ਼ ਸਾਹਿਬ ਸਿੰਘ ਨੂੰ ਉਸਦੇ ਛੋਟੇ ਭਰਾ ਨੂੰ ਪ੍ਰੇਰਲ ਲਈ ਵੀ ਆਖਿਆ। ਜਦੋਂ ਵੀ ਸਾਧੂ ਸਿੰਘ ਇਸ ਸੰਬੰਧ ਵਿਚ ਡੱਬੀ ਬਾਜ਼ਾਰ ਆਉਂਦਾ ਤਾਂ ਅਮਰੀਕਾ ਦਾ ਲੜਕਾ ਸੋਨੂੰ ਅਮਲੀ ਨਸ਼ੇ ਦੀਆਂ ਗੋਲੀਆਂ ਖਾਈ, ਕਦੇ ਸੈਂਟਰ ਅੱਗੇ, ਕਦੇ ਬਾਜ਼ਾਰ ਦੀ ਕਿਸੇ ਨੁੱਕਰ ਵਿਚ ਡਿਗਿਆ ਦਿਸਦਾ। ਫੇਰ ਉਹੀ ਸੋਨੂੰ ਆਮ ਜਨਤਾ ਕੋਲੋਂ ਪੈਸੇ ਮੰਗਣ ਲੱਗ ਪਿਆ ਸੀ।

'ਜੇ ਲਾਡੀ ਨੇ ਕੁਥਾਂਅ ਹੀ ਡਿਗਣਾ ਸੀ ਤਾਂ ਹਰਾਮਜ਼ਾਦਾ ਕਿਸੇ ਮੰਤਰੀ-ਮਸੱਦੀ ਦੀ ਕੁੜੀ 'ਚ ਟੱਕਰ ਮਾਰਦਾ। ਅਸੀਂ ਮੰਨ ਵੀ ਲੈਂਦੇ।'

ਸਾਧੂ ਸਿੰਘ ਆਪਣੀ ਭੈਣ ਗੁੱਡੀ ਨੂੰ ਸੁਣਾ ਰਿਹਾ ਸੀ ਜਦੋਂ ਲਾਡੀ ਆ ਧਮਕਿਆ। ਜਿਵੇਂ ਇੱਥੇ ਹੀ ਪੌੜੀ ਉਹਲੇ ਲੁਕਿਆ ਖੜੋਤਾ ਹੋਵੇ।

'ਥਾਂ-ਕੁਥਾਂ ਮੈਂ ਦੇਖਣੀ-ਪਰਖਣੀ, ਡੈਡੀ। ਥੋਨੂੰ ਦੱਸੋ, ਕੀ ਹੱਕ ਹੈਗਾ?'

ਆਪਣੀ ਭੂਆ ਨਾਲ ਆਏ ਮੁੰਡੇ ਵਿਚ ਏਨਾ ਹੌਸਲਾ ਕਿਥੋਂ ਆ ਗਿਆ ਸੀ। ਸਾਧੂ ਸਿੰਘ ਤੜਫਿਆ।

'ਸ਼ਾਬਾਸ਼ ! ਓਏ ਬੱਗਿਆ ਸ਼ੇਰਾ ! ਮਾਪਿਆਂ ਨੂੰ ਜਾਤ-ਕੁਜਾਤ ਪਰਖਣ ਦਾ ਵੀ ਕੋਈ ਅਧਿਕਾਰ ਨਹੀਂ। ਵੇ ਉਸ ਉਧਲਣ ਜੋਗੀ ਦੀ ਬੜੀ ਭੈਣ ਹਾਲੇ ਕੋਈ ਗੁਣ ਰੱਖਦੀ ਤੀ। ਲੋਕਾਂ ਦੇ ਪੱਟੀਆਂ ਕਰਨ ਜੋਗੀ ਤਾਂ ਹੈਗੀ ਹੀ ਸੀ। ਨਰਸ ਮੁੰਨੜੀ ! ਆਹ ਰਾਣੋ ਮੁਸਟੰਡੀ ਕੀ ਕਰੂਗੀ? ਕਿਥੋਂ ਖਿਲਾਵੇਂਗਾ? ਲੋਕਾਂ ਦੇ ਮੁੰਡੇ ਪੱਟਣ ਵਾਲੀ ਲੁੱਚੀ ਜ਼ਨਾਨੀ ਨੂੰ?' ਸਵਾਲ ਪੁੱਛਦੀ ਸੱਤੀ ਭੜਕ ਗਈ। ਉਸ ਨੇ ਵੱਟ ਕੇ ਇਕ ਦੁਹੱਥੜ ਲਾਡੀ ਦੇ ਮੌਰਾਂ ਵਿਚ ਮਾਰੀ।

'ਏਡੀ ਕਾਹਲੀ ਕੀ ਸੀ? ਕੀ ਹੈ, ਉਸ ਕੁੱਤੀ ਕੋਲ? ਖ਼ਬਰ ਨ੍ਹੀਂ ਹੋਰ ਕਿੰਨੇ ਡੱਬੂ ਕੁੱਤਿਆਂ ਨੂੰ ਆਪਣੇ ਮਗਰ ਲਾਈ ਫਿਰਦੀ ਹੋਊ। ਲੰਡਰ ਤੀਮੀ ! ਹੋਰ ਵੀ ਸੁਣ ਲੈ, ਝੱਲਿਆ ਜ਼ਮਾਨੇ ਦਿਆ! ਕਣਕ ਦੀ ਫਸਲ ਨੇ ਓੜਕ ਖੇਤ ਉਪਰ ਜਾਣਾ ਹੁੰਦਾ। ਅਰ ਜਵਾਕ ਜਾਣਗੇ, ਨਾਨਕਿਆਂ ਉੱਤੇ ! ਜਿਹੋ ਜੇਹਾ ਖੇਤ, ਉਹੋ ਜੇਹੀ ਫਸਲ ! ਜੈਸੇ ਨਾਨਕੇ, ਵੈਸੇ ਦੋਹਤੇ-ਦੋਹਤੀਆਂ!' ਚੰਡੀ ਬਣੀ ਸੱਤੀ ਸੁੰਨ ਬੈਠੇ ਲਾਡੀ ਨੂੰ ਮੁਖਾਤਬ ਸੀ।

ਲਾਡੀ ਦੇ ਬੋਲਾਂ ਦਾ ਫੱਟੜ ਕੀਤਾ ਸਾਧੂ ਸਿੰਘ ਉਂਝ ਹੀ ਕੁਰਸੀ ਉਪਰ ਅਹਿੱਲ, ਇਕ ਟੱਕ ਦੇਖਦਾ ਇਉਂ ਬੇਲਾਗ ਬੈਠਾ ਜਾਪਿਆ ਜਿਵੇਂ ਉਹ ਜਿਊਂਦਾ ਜਾਗਦਾ ਇਨਸਾਨ ਨਹੀਂ, ਕਿਸੇ ਬੁੱਤ-ਤਰਾਸ਼ ਦੀ ਘੜੀ ਹੋਈ ਕੋਈ ਮੂਰਤੀ ਹੋਵੇ। ਕੁਝ ਪਲਾਂ ਬਾਅਦ ਉਹੀ ਬੁੱਤ ਹਰਕਤ ਵਿਚ ਆਉਂਦਾ ਦਿਖਾਈ ਦਿੱਤਾ। ਦੋਹਾਂ ਹੱਥਾਂ ਨਾਲ ਆਪਣਾ ਦਿਲ ਫੜੀ ਉਹ ਉੱਠਿਆ ਅਤੇ ਚਾਰ ਕੁ ਕਦਮ ਪੁੱਟਦਾ ਮਸਾਂ ਆਪਣੀ ਅਲਮਾਰੀ ਤੱਕ ਪਹੁੰਚਿਆ। ਜਿਥੋਂ ਉਸ ਨੇ ਝਟ ਪੱਟ ਇਕ ਗੋਲੀ ਨਿਗਲ ਲਈ। ਫੇਰ ਜਿਵੇਂ ਝੱਖੜ ਦੀ ਮਾਰ ਨਾ ਝੱਲਦੇ ਹੋਏ, ਜੜ੍ਹਾਂ ਤੋਂ ਉੱਖੜੇ ਭਾਰੀ ਦਰਖ਼ਤ ਵਾਂਗ ਮੂਧੇ ਮੂੰਹ ਜਾ ਡਿਗਿਆ। 'ਏਹ ਨਹੀਂ ਬਚਦੇ ਹੁਣ !' ਸਾਹਮਣੇ ਬੈੱਡ ਉਪਰ ਚੌਫਾਲ ਪਏ ਪਤੀ ਵੱਲ ਦੇਖਦੀ ਸੱਤੀ ਦਹਿਲ ਗਈ। ਲਾਡੀ ਨਾਲ ਆਈ ਗੁੱਡੀ ਭੂਆ ਨੂੰ ਵੀ ਹੱਥਾਂ ਪੈਰਾਂ ਦੀ ਪੈ ਗਈ ਸੀ।...

(ਛਪ ਰਹੇ ਨਾਵਲ-'ਗੁਲਾਬੀ ਨਗ਼ ਵਾਲੀ ਮੁੰਦਰੀ' ਵਿਚੋਂ)

• •

# ਕਈ ਵਾਰ ਲੱਗਦੈ ਕਿ ਅਸੀਂ ਵਿਕੇ ਹੋਏ ਹਾਂ : ਜਸਬੀਰ ਮੰਡ

*-ਮੁਲਾਕਾਤੀ : ਪ੍ਰੋ. ਰਾਕੇਸ਼ ਰਮਨ • ਨਵਤੇਜ ਬੈਂਸ*

ਨਵਤੇਜ ਬੈਂਸ ਕਾਫ਼ੀ ਸਮੇਂ ਤੋਂ ਪੁਆਧ ਇਲਾਕੇ ਦੇ ਪੰਜਾਬੀ ਨਾਵਲਕਾਰ ਜਸਬੀਰ ਮੰਡ ਨੂੰ ਮਿਲਾਉਣ ਲਈ ਕਹਿੰਦਾ ਆ ਰਿਹਾ ਸੀ। ਪ੍ਰੋਗਰਾਮ ਬਣਿਆ ਕਿ ਨਵਤੇਜ ਦੇ ਕੈਨੇਡਾ ਵਾਪਸ ਪਰਤ ਜਾਣ ਤੋਂ ਪਹਿਲਾਂ-ਪਹਿਲਾਂ ਮੁਲਾਕਾਤ ਕਰ ਲਈ ਜਾਵੇ। ਇਹ ਮੁਲਾਕਾਤ ਪੰਜਾਬੀ ਨਾਵਲ ਦੇ ਪਰਿਪੇਖ ਵਿਚ ਜਸਬੀਰ ਮੰਡ ਦੇ ਰਚਨਾ-ਸੰਸਾਰ ਅਤੇ ਰਚਨਾ-ਵਿਹਾਰ ਉੱਪਰ ਕਰਨ ਦਾ ਮਨ ਬਣਾਇਆ ਗਿਆ। 29 ਦਸੰਬਰ 1915 ਨੂੰ ਸਾਡੀ ਚੰਡੀਗੜ੍ਹ ਮੁਲਾਕਾਤ ਹੋਈ। ਭਲੇ ਖਿਡਾਰੀਆਂ ਵਿਚ ਸ਼ਖ਼ਸੀ ਦਿੱਖ ਵਾਲਾ ਜਸਬੀਰ ਮੰਡ ਸਪੋਰਟਸ ਕਾਲਜ ਜਲੰਧਰ ਦਾ ਪੜ੍ਹਿਆ-ਲਿਖਿਆ ਹੈ। ਘਰ ਦੇ ਆਰਥਿਕ ਮਸਲਿਆਂ ਨੂੰ ਪੱਕੇ ਤੌਰ 'ਤੇ ਹੱਲ ਕਰਨ ਲਈ ਕੁਝ ਸਾਲ ਜਾਪਾਨ ਲਾ ਆਇਆ ਹੈ। ਹੁਣ ਆਪਣੇ ਜੱਦੀ ਪਿੰਡ ਹਿਰਦਾਪੁਰ, ਜ਼ਿਲ੍ਹਾ ਰੋਪੜ ਵਿਚ ਰਹਿ ਰਿਹਾ ਹੈ। ਉਸ ਨੇ ਪੰਜ ਨਾਵਲਾਂ 'ਔੜ ਦੇ ਬੀਜ' (2986), 'ਆਖ਼ਰੀ ਪਿੰਡ ਦੀ ਕਥਾ' (1992), 'ਖਾਜ' (2010) ਤੇ 'ਬੋਲ ਮਰਦਾਨਿਆ' ਦੀ ਰਚਨਾ ਕੀਤੀ ਹੈ। ਅਸੀਂ ਆਪਣੀ ਗੱਲਬਾਤ ਨੂੰ ਜੀਵਨੀ-ਮੂਲਕ ਵੇਰਵਿਆਂ ਤੋਂ ਵਾਹ ਲੱਗਦੀ ਮੁਕਤ ਰੱਖਣ ਦਾ ਹੀ ਯਤਨ ਕੀਤਾ। ਲੇਖਕ ਦਾ ਸਾਹਿਤ ਜਨਮ ਹੀ ਸਾਡੇ ਲਈ ਵਧੇਰੇ ਮਹੱਤਵਪੂਰਨ ਬਣਦਾ ਹੈ, ਇਸ ਲਈ ਜਸਬੀਰ ਮੰਡ ਤੋਂ ਪਹਿਲਾ ਸਵਾਲ ਇਹੋ ਪੁੱਛਿਆ ਗਿਆ :

? *ਤੁਹਾਡਾ ਸਾਹਿਤਕ ਜਨਮ ਕਦੋਂ ਹੋਇਆ ?*

• ਸ਼ਿਵਾਲਿਕ ਪਰਬਤ ਮਾਲਾ ਦੇ ਪੈਰਾਂ 'ਚ ਵੱਸਿਆ, ਪਾਣੀ ਦੀ ਘਾਟ ਤੇ ਊਬੜ-ਖਾਬੜ ਜ਼ਮੀਨ ਵਾਲਾ ਪਿੰਡ ਹਿਰਦਾਪੁਰ ਮੇਰੀ ਜਨਮ ਭੋਇੰ ਹੈ। ਕਾਲਜ ਦੀ ਪੜ੍ਹਾਈ ਕਰਨ ਉਪਰੰਤ ਮੈਂ ਨੌਕਰੀ ਕਰਨ ਲਈ ਸ਼ਹਿਰ ਜਾਣ ਦੀ ਥਾਂ ਆਪਣੇ ਪਿੰਡ ਰਹਿ ਕੇ ਸਾਹਿਤਕਾਰੀ ਕਰਨ ਦਾ ਫ਼ੈਸਲਾ ਕੀਤਾ ਤੇ ਨਾਲ ਹੀ ਖੇਤਾਂ 'ਚ ਝੌਂਪੜੀ ਪਾ ਕੇ ਦੱਬ ਕੇ ਖੇਤੀ ਕੀਤੀ। ਇਸ ਝੌਂਪੜੀ ਵਿਚ ਹੀ ਮੇਰਾ ਸਾਹਿਤਕ ਜਨਮ ਹੋਇਆ। ਇਕਾਂਤਵਾਸ ਵਿਚ ਮੈਨੂੰ 'ਆਪਣੀ ਹਜ਼ੂਰੀ' ਵਿਚ ਬੈਠਣ ਦਾ ਮੌਕਾ ਮਿਲਿਆ। ਆਪਣੇ ਨਿੱਜੀ ਅਨੁਭਵ ਨਾਲ ਮੈਂ ਕਿਤਾਬਾਂ ਦੀ ਚੋਣ ਕਰਨੀ ਸਿੱਖੀ। ਏਥੇ ਹੀ ਮੈਂ ਆਪਣੇ ਘਰ ਅਤੇ ਆਪਣੇ ਪਿੰਡ ਬਾਰੇ ਨਾਵਲ 'ਔੜ ਦੇ ਬੀਜ' ਲਿਖਿਆ। ਇਸੇ ਅਨੁਭਵ ਦੀ ਅਗਲੀ ਕੜੀ ਵਜੋਂ ਮੈਂ ਆਪਣਾ ਨਾਵਲ 'ਆਖ਼ਰੀ ਪਿੰਡ ਦੀ ਕਥਾ' ਲਿਖਿਆ। ਮੇਰੀ ਇਹ ਇਕੱਲਤਾ ਜਾਪਾਨ ਜਾਣ ਨਾਲ ਖ਼ਤਮ ਹੋਈ। ਮਹਾਨਗਰ ਓਸਾਕਾ ਰਹਿੰਦਿਆਂ ਮੈਂ ਆਪਣਾ ਤੀਜਾ ਨਾਵਲ 2010 ਵਿਚ 'ਖਾਜ' ਲਿਖਿਆ ਜੋ ਹਿੰਸਾ ਦੇ ਕਈ ਅਣਛੋਹੇ ਤੇ ਅਣਗੌਲੇ ਪਹਿਲੂਆਂ ਬਾਰੇ ਹੈ। ਚੌਥਾ ਨਾਵਲ 'ਬੋਲ ਮਰਦਾਨਿਆ' ਵਿਚ ਮੈਂ ਉਦਾਸੀਆਂ ਦੇ ਕਈ ਇਤਿਹਾਸਕ ਖੱਪਿਆਂ ਨੂੰ ਗਲਪ ਰਾਹੀਂ ਪੂਰਨ ਦਾ ਯਤਨ ਕੀਤਾ ਹੈ। ਇਹ ਹੁਣੇ ਹੀ ਪ੍ਰਕਾਸ਼ਿਤ ਹੋਇਆ ਹੈ।

? *ਮੇਰੇ ਇਕ ਅਧਿਆਪਕ ਨੇ ਕਦੇ ਕਿਹਾ ਸੀ ਕਿ ਅਜੋਕੇ ਸਮਿਆਂ ਦਾ ਜੀਵਨ ਯਥਾਰਥ ਕੁਝ ਇਸ ਤਰ੍ਹਾਂ ਦਾ ਹੋ ਗਿਆ ਹੈ ਕਿ ਇਸ ਨੂੰ ਇਨ-ਬਿਨ ਬਿਆਨ ਕਰ ਦੇਣ ਨਾਲ ਵੀ ਇਕ ਚੰਗੇ ਨਾਵਲ ਦੀ ਰਚਨਾ ਹੋ ਜਾਂਦੀ ਹੈ। ਤੁਸੀਂ ਇਸ ਕਥਨ ਨਾਲ ਕਿੰਨਾ ਕੁ ਸਹਿਮਤ ਹੋ ?*

• ਕੁਝ ਹੱਦ ਤਕ ਹੀ ਸਹਿਮਤ ਹਾਂ। ਜ਼ਰੂਰ ਘਟਨਾਵਾਂ ਕੁਝ ਇਸ ਤਰ੍ਹਾਂ ਦੀਆਂ ਵਾਪਰ ਰਹੀਆਂ ਹਨ ਜੋ ਨਾਵਲਾਂ ਅੰਦਰਲੀਆਂ ਘਟਨਾਵਾਂ ਵਰਗੀਆਂ ਜਾਪਦੀਆਂ ਹਨ। ਪਰ ਫਿਰ ਵੀ ਇਹ ਘਟਨਾਵਾਂ ਜਾਂ ਇਨ੍ਹਾਂ ਦਾ ਬਿਆਨ ਮਾਤਰ

ਕਰ ਦੇਣ ਨਾਲ ਨਾਵਲ ਰਚਨਾ ਨਹੀਂ ਹੋ ਸਕਦੀ। ਇਕ ਵਧੀਆ ਨਾਵਲ ਦੀ ਰਚਨਾ ਲਈ ਜੀਵਨ ਦੇ ਯਥਾਰਥ ਤੇ ਘਟਨਾਵਾਂ ਨੂੰ ਨਾਵਲਕਾਰ ਦੀ ਰਚਨਾ ਪ੍ਰਕਿਰਿਆ ਵਿਚ ਪ੍ਰਵੇਸ਼ ਪਾਉਣਾ ਹੀ ਪਵੇਗਾ। ਇਸ ਪ੍ਰਕਿਰਿਆ ਦੌਰਾਨ ਜੀਵਨ ਯਥਾਰਥ ਤੇ ਘਟਨਾਵਾਂ ਵਿਚ ਕਾਂਟ-ਛਾਂਟ ਵੀ ਹੋ ਸਕਦੀ ਹੈ। ਕੁਝ ਨਵਾਂ ਤੇ ਕਲਪਿਤ ਇਸ ਵਿਚ ਜੋੜਿਆ ਵੀ ਜਾ ਸਕਦਾ ਹੈ। ਕਹਿਣ ਤੋਂ ਭਾਵ ਕਿ ਜੀਵਨ ਯਥਾਰਥ ਲੱਖ ਸਨਸਨੀਖੇਜ਼ ਹੋਣ ਦੇ ਬਾਵਜੂਦ ਵੀ ਨਾਵਲ ਨਹੀਂ ਹੈ। ਨਾਵਲਕਾਰ ਕਹਾਣੀ ਬਿਆਨਦਾ ਨਹੀਂ, ਕਹਾਣੀ ਰਚਦਾ ਹੈ।

? *ਤੁਹਾਡਾ ਨਾਵਲ 'ਆਖ਼ਰੀ ਪਿੰਡ ਦੀ ਕਥਾ' ਲਗਭਗ ਦੋ ਦਹਾਕੇ ਪਹਿਲਾਂ ਸਾਹਮਣੇ ਆਇਆ ਸੀ, ਉਦੋਂ ਤੋਂ ਲੈ ਕੇ ਹੁਣ ਤਕ ਪਿੰਡ ਬਹੁਤ ਬਦਲ ਗਿਆ ਹੈ। ਹੁਣ ਪਿੰਡ ਬਾਰੇ ਕੀ ਮਹਿਸੂਸ ਕਰਦੇ ਹੋ ?*

• ਜਦੋਂ ਮੈਂ ਇਹ ਨਾਵਲ ਲਿਖਿਆ ਸੀ, ਉਦੋਂ ਪਿੰਡ ਅਜੇ ਬਦਲ ਰਿਹਾ ਸੀ। ਇਸ ਦਾ ਮੁਹਾਂਦਰਾ ਬਦਲ ਰਿਹਾ ਸੀ, ਪਰ ਹੁਣ ਤਾਂ ਇਸ ਦਾ ਚਰਿੱਤਰ ਹੀ ਬਦਲ ਗਿਆ ਹੈ। ਸੋਚਦਾ ਹਾਂ ਕਿ ਹੁਣ ਜੋ ਨਾਵਲ ਪੰਜਾਬ ਦੇ ਪਿੰਡਾਂ ਬਾਰੇ ਲਿਖੇ ਜਾਣਗੇ, ਉਹ ਪਿੰਡਾਂ ਦੀਆਂ ਆਖ਼ਰੀ ਕਥਾਵਾਂ ਹੀ ਹੋਣਗੇ। ਪੂੰਜੀਵਾਦੀ ਅਰਥਚਾਰੇ ਦੇ ਪਿੰਡ ਉੱਪਰ ਭਾਰੂ ਪੈ ਜਾਣ ਤੋਂ ਵੀ ਗੱਲ ਅਗਾਂਹ ਚਲੀ ਗਈ ਹੈ। ਕਈ ਵਾਰ ਲੱਗਦਾ ਹੈ ਕਿ ਅਸੀਂ ਵਿਕੇ ਹੋਏ ਹਾਂ ਜਾਂ ਫਿਰ ਗਹਿਣੇ ਪਏ ਹੋਏ ਪਿੰਡਾਂ 'ਚ ਰਹਿ ਰਹੇ ਹਾਂ। ਸਥਿਤੀ ਬੇਹੱਦ ਤ੍ਰਾਸਦਿਕ ਹੈ। ਇਹ ਜੋ ਨਸ਼ਿਆਂ ਦਾ ਦਿਨੋ-ਦਿਨ ਪਾਸਾਰ ਹੋ ਰਿਹਾ ਹੈ ਇਸ ਦਾ ਪਿੰਡਾਂ ਦੀ ਨਿਰਾਸ਼ਾ ਨਾਲ ਕਾਫ਼ੀ ਨੇੜਲਾ ਰਿਸ਼ਤਾ ਹੈ। ਇਸ ਤਬਦੀਲੀ ਦੇ ਝੰਬੇ ਹੋਏ ਪੰਜਾਬ ਦੀਆਂ ਦੋ-ਤਿੰਨ ਪੀੜ੍ਹੀਆਂ ਇਕ-ਦੂਸਰੀ ਦੇ ਸਨਮੁਖ ਹਨ, ਪਰ ਕਿਸੇ ਨੂੰ ਕਿਸੇ ਕੋਲੋਂ ਆਪਣੇ ਮਰਜ਼ ਦੀ ਕੋਈ ਦਵਾ ਨਹੀਂ ਮਿਲ ਰਹੀ। ਸਥਿਤੀ ਬੇਹੱਦ ਜਟਿਲ ਤੇ ਚਿੰਤਾਜਨਕ ਹੈ।

? *ਨਾਵਲਕਾਰ ਨੂੰ ਨਾਵਲ ਦੀ ਭਾਸ਼ਾ ਦੀ ਚੋਣ ਦੇ ਮਾਮਲੇ ਨੂੰ ਕਿਵੇਂ ਲੈਣਾ ਚਾਹੀਦਾ ? ਆਪਣੇ ਨਾਵਲਾਂ ਲਈ 'ਪੁਆਧੀ' ਉਪਭਾਖਾ ਦੀ ਚੋਣ ਨਾਲ ਜੋੜ ਕੇ ਦੱਸੋਗੇ ?*

• ਭਾਸ਼ਾ ਦੀ ਚੋਣ ਦੇ ਮਾਮਲੇ 'ਚ ਨਾਵਲਕਾਰ ਨੂੰ ਕਾਫ਼ੀ ਸੁਚੇਤ ਹੋਣਾ ਚਾਹੀਦਾ ਹੈ। ਭਾਸ਼ਾ ਨਾਲ ਹੀ ਨਾਵਲ ਦੀ ਸ਼ੈਲੀ ਦਾ ਨਿਰਮਾਣ ਹੁੰਦਾ ਹੈ। ਮੈਂ ਪੁਆਧੀ ਦੀ ਚੋਣ ਕੀਤੀ ਹੈ ਆਪਣੇ ਨਾਵਲਾਂ ਲਈ ਕਿਉਂਕਿ ਪੁਆਧ ਦੇ ਇਲਾਕੇ ਦਾ ਮਨੋ-ਸਮਾਜਿਕ ਯਥਾਰਥ ਕਿਸੇ ਉਪਭਾਖਾ ਜਾਂ ਕੇਂਦਰੀ ਟਕਸਾਲੀ ਵਿਚ ਪੇਸ਼ ਹੋ ਸਕਣਾ ਸੰਭਵ ਨਹੀਂ ਹੈ। ਮੈਂ ਇਸ ਕਰਕੇ ਆਪਣੇ ਨਾਵਲਾਂ ਵਿਚ ਪੁਆਧੀ ਦਾ ਪ੍ਰਯੋਗ ਨਹੀਂ ਕੀਤਾ ਕਿ ਮੈਂ ਖ਼ੁਦ ਪੁਆਧ ਇਲਾਕੇ ਦਾ ਰਹਿਣ ਵਾਲਾ ਹਾਂ। ਭਾਸ਼ਾ ਤੇ ਭਾਸ਼ਾ ਦੀਆਂ ਬਾਰੀਕੀਆਂ ਦੀ ਚੋਣ ਨਾਵਲਕਾਰ ਨੂੰ ਆਪਣੇ ਵਿਸ਼ਾ-ਵਸਤੂ ਦੇ ਨਜ਼ਰੀਏ ਤੋਂ ਹੀ ਕਰਨੀ ਪੈਂਦੀ ਹੈ।

? *ਆਂਚਲਿਕਤਾ ਕੀ ਸੰਚਾਰ ਦੀਆਂ ਸਮੱਸਿਆਵਾਂ ਉਤਪੰਨ ਨਹੀਂ ਕਰ ਦਿੰਦੀ ਹੈ ?*

• ਕਰਦੀ ਹੈ, ਪਰ ਸਾਹਿਤ ਦੀਆਂ ਹੋਰ ਸਮੱਸਿਆਵਾਂ ਵਾਂਗ ਇਸ ਸਮੱਸਿਆ ਨੂੰ ਵੀ ਸੁਲਝਾਇਆ ਜਾ ਸਕਦਾ ਹੈ। ਦੂਜੇ ਪਾਸੇ ਇਹ ਵੀ ਦੇਖਣਾ ਬਣਦਾ ਹੈ ਕਿ ਕਿਵੇਂ ਇਕ ਆਂਚਲਿਕ ਕ੍ਰਿਤ ਸੰਬੰਧਿਤ ਖਿੱਤੇ ਦੀ ਭਾਸ਼ਾ ਨੂੰ ਸੰਭਾਲਣ ਦਾ ਮਹੱਤਵਪੂਰਨ ਕਾਰਜ ਨੇਪਰੇ ਚਾੜ੍ਹਦੀ ਹੈ। ਨਾਵਲ ਵਿਚ ਆਂਚਲਿਕਤਾ ਦੇ ਮਾਪਦੰਡ ਰਾਹੀਂ ਇਹ ਪਤਾ ਲਾਇਆ ਜਾ ਸਕਦਾ ਹੈ ਕਿ ਨਾਵਲਕਾਰ ਲੋਕਾਂ ਦੇ ਕਿੰਨਾ ਕੁ ਨੇੜੇ ਹੈ। ਹਾਲਾਂਕਿ ਲੋਕ ਜੀਵਨ ਨਾਲ ਨਾਵਲਕਾਰ ਦੀ ਨਜ਼ਦੀਕੀ ਨੂੰ ਮਾਪਣ ਵਾਲਾ ਇਹ ਮਾਪਦੰਡ ਆਪਣੇ ਆਪ ਵਿਚ ਕਾਫ਼ੀ ਨਹੀਂ ਹੈ। ਆਂਚਲਿਕਤਾ ਨਾਵਲਕਾਰ ਦੇ ਦੂਰ-ਦੁਰੇਡੇ ਪਾਸਾਰ ਵਿਚ ਤਾਂ ਰੁਕਾਵਟ ਬਣ ਸਕਦੀ ਹੈ ਪਰ ਇਕੋ ਖਿੱਤੇ ਵਿਚ ਵਧੇਰੇ ਤੋਂ ਵਧੇਰੇ ਪਾਠਕ ਪੈਦਾ ਕਰਨ ਵਿਚ ਆਂਚਲਿਕਤਾ ਦੀ ਭੂਮਿਕਾ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ...।

? *ਮਿਸਾਲ ਵਜੋਂ ?*

• ਮਿਸਾਲ ਵਜੋਂ ਮਾਲਵੇ ਵਿਚ ਪੰਜਾਬੀ ਪਾਠਕਾਂ ਦੀ ਬਹੁਤਾਤ...ਇਸ ਖਿੱਤੇ ਦੇ ਨਾਵਲਕਾਰਾਂ ਤੇ ਕਹਾਣੀਕਾਰਾਂ ਨੇ ਹਮੇਸ਼ਾ ਮਲਵਈ ਉਪਭਾਸ਼ਾ ਦੀ ਵਰਤੋਂ ਕਰਨ ਨੂੰ ਤਰਜੀਹ ਦਿੱਤੀ ਹੈ, ਇਸ ਕਰਕੇ ਮਲਵਈ ਪਾਠਕ ਨਾਵਲ ਕਹਾਣੀਆਂ ਨੂੰ ਚਿੱਠੀਆਂ ਵਾਂਗ ਪੜ੍ਹਦੇ ਹਨ।

? *ਜਿਵੇਂ ਅੱਜ ਕੱਲ੍ਹ ਪੱਤਰਕਾਰ ਅਖ਼ਬਾਰਾਂ ਲਈ 'ਸਟੋਰੀ' ਕਰਦੇ ਹਨ, ਕੀ ਨਾਵਲਕਾਰੀ ਕੁਝ ਇਹੋ ਜਿਹਾ ਕਰਮ ਵੀ ਹੈ ?*

• ਆਪਣੀ ਨਾਵਲਕਾਰੀ ਦੇ ਮੁੱਢਲੇ ਪੜਾਅ 'ਤੇ ਨਾਵਲਕਾਰ 'ਸਟੋਰੀ ਕਰਦਾ' ਹੈ। ਉਹ ਅਜਿਹਾ ਵੀ ਕਰ ਸਕਦਾ ਹੈ,

ਇਹ ਸਿਖਲਾਈ ਦਾ ਸਮਾਂ ਹੁੰਦਾ ਹੈ, 'ਸਟੋਰੀ ਕਰਨ' ਦਾ ਤਜਰਬਾ ਨਾਵਲਕਾਰ ਦੇ ਕਾਫ਼ੀ ਕੰਮ ਆਉਂਦਾ ਹੈ। ਪਰ ਜੇਕਰ ਉਹ ਸਟੋਰੀ ਹੀ ਕਰਦਾ ਰਹੇ ਤਾਂ ਉਸ ਦੀ ਪ੍ਰਾਪਤੀ ਪੱਤਰਕਾਰੀ ਦੇ ਪੱਧਰ ਤਕ ਹੀ ਸੀਮਤ ਰਹਿੰਦੀ ਹੈ, ਉਹ ਪ੍ਰਸਿੱਧੀ ਪ੍ਰਾਪਤ ਤਾਂ ਕਰ ਸਕਦਾ ਹੈ ਤਾਂ ਕਲਾਸਿਕ ਨਾਵਲਾਂ ਦੀ ਰਚਨਾ ਨਹੀਂ ਕਰ ਸਕਦਾ।

? *ਕਲਾਸਿਕ ਨਾਵਲ ਦੀ ਰਚਨਾ ਫਿਰ ਕਿਵੇਂ ਸੰਭਵ ਹੁੰਦੀ ਹੈ ?*

• ਮੇਰੇ ਖ਼ਿਆਲ 'ਚ ਜਦੋਂ ਨਾਵਲਕਾਰ 'ਸਟੋਰੀ ਕਰਨ' ਤੋਂ ਅੱਗੇ ਕਦਮ ਪੁੱਟਦਾ ਹੈ, ਜਦੋਂ ਉਹ ਕਹਾਣੀ ਨੂੰ ਗਹਿਰ ਗੰਭੀਰ ਸਿਰਜਣਾਤਮਕ ਅਮਲ ਵਿਚੋਂ ਗੁਜ਼ਰਦਾ ਹੈ। ਇਸ ਅਮਲ ਵਿਚ ਕਹਾਣੀ ਨਾਵਲ-ਰਚਨਾ ਦਾ ਆਧਾਰ ਇਕ ਤੱਤ ਹੁੰਦੀ ਹੈ। ਜਦ ਕਿ ਪੱਤਰਕਾਰ ਲਈ ਕਹਾਣੀ ਸਭ ਕੁਝ ਹੁੰਦੀ ਹੈ। ਸਮੇਂ ਦੇ ਸੱਚ ਨੂੰ ਪਕੜਨਾ, ਪਾਤਰਾਂ ਦੀ ਨਿਆਂਯੁਕਤ ਸਿਰਜਣਾ ਕਰਨੀ, ਪਾਤਰਾਂ ਦੇ ਮਨਾਂ ਨੂੰ ਫਰੋਲਣਾ, ਘਟਨਾਵਾਂ ਦੇ ਸਾਰ ਤਕ ਪਹੁੰਚਣਾ ਆਦਿ ਅਨੇਕਾਂ ਪਹਿਲੂ ਹਨ, ਜਿਨ੍ਹਾਂ ਨਾਲ ਨਾਵਲਕਾਰ ਨੂੰ ਦੋ-ਚਾਰ ਹੋਣਾ ਪੈਂਦਾ ਹੈ। ਨਾਵਲਕਾਰੀ ਇਕ ਤਰ੍ਹਾਂ ਨਾਲ ਸਿਰਜਣਾਤਮਕ ਸੰਘਰਸ਼ ਦਾ ਦੂਜਾ ਨਾਂ ਹੈ।

? *ਨਾਵਲ ਵਿਚ ਪਾਤਰ ਸਿਰਜਣ ਦੇ ਮਾਮਲੇ ਨੂੰ ਤੁਸੀਂ ਕਿਵੇਂ ਲੈਂਦੇ ਹੋ ? ਕਈ ਵਾਰ ਲੱਗਦਾ ਹੈ ਕਿ ਨਾਵਲਕਾਰ ਪਾਤਰ ਘੜ ਨਹੀਂ ਰਿਹਾ ਸਗੋਂ ਪਾਤਰ ਨਾਲ ਕਿੜ੍ਹ ਕੱਢ ਰਿਹਾ ਹੈ, ਖ਼ਾਸ ਕਰਕੇ ਗੁਰਦਿਆਲ ਸਿੰਘ ?*

• ਅਜਿਹਾ ਉਦੋਂ ਵਾਪਰਦਾ ਹੈ ਜਦੋਂ ਨਾਵਲਕਾਰ ਸਹਿਜ ਨਹੀਂ ਹੁੰਦਾ। ਨਾਵਲਕਾਰੀ ਲੇਖਕ ਤੋਂ ਸਹਿਜ ਅਵਸਥਾ ਦੀ ਮੰਗ ਕਰਦੀ ਹੈ, ਜਦੋਂ ਨਾਵਲਕਾਰ ਖਿਝਦਾ-ਕ੍ਰਿਝਦਾ ਹੋਇਆ ਨਾਵਲ ਰਚਨਾ ਕਰਦਾ ਹੈ ਤਾਂ ਅਕਸਰ ਪਾਤਰ ਉਸ ਦੇ ਗ਼ੁੱਸੇ ਦਾ ਸ਼ਿਕਾਰ ਹੋ ਜਾਂਦੇ ਹਨ। ਪਾਤਰ ਦੀ ਸੱਤਾ ਤੇ ਸੁਤੰਤਰਤਾ ਨੂੰ ਮਾਨਤਾ ਦੇਣੀ ਹੀ ਪਵੇਗੀ। ਕੋਈ ਪਾਤਰ ਨਾਵਲਕਾਰ ਨੂੰ ਬੁਰਾ ਲੱਗ ਸਕਦਾ ਹੈ ਪਰ ਜ਼ਰੂਰੀ ਨਹੀਂ ਕਿ ਉਹ ਜ਼ੋਰ ਦੇ ਕੇ ਉਸ ਪਾਤਰ ਨੂੰ ਪਾਠਕਾਂ ਦੀਆਂ ਨਜ਼ਰਾਂ ਵਿਚ ਵੀ ਬੁਰਾ ਬਣਾਉਣ ਦਾ ਉਚੇਚਾ ਯਤਨ ਕਰੇ। ਮੇਰੀ ਕੋਸ਼ਿਸ਼ ਰਹਿੰਦੀ ਹੈ ਕਿ ਮੈਂ ਆਪਣੇ ਪਾਤਰਾਂ ਨੂੰ ਉਨ੍ਹਾਂ ਦੀਆਂ ਪ੍ਰਸਥਿਤੀਆਂ ਮੁਤਾਬਕ ਆਜ਼ਾਦੀ ਨਾਲ ਵਿਚਰਣ ਦੇਵਾਂ। ਮੈਂ ਆਪਣੇ ਆਪ ਨੂੰ ਕਦੀ ਆਪਣੇ ਪਾਤਰਾਂ ਉੱਪਰ ਹਾਵੀ ਨਹੀਂ ਹੋਣ ਦਿੱਤਾ।

? *ਨਾਵਲਾਂ ਵਿਚ ਮਿੱਥਾਂ ਦਾ ਪ੍ਰਯੋਗ ਕਰਨ ਬਾਰੇ ਤੁਹਾਡੀ ਕੀ ਧਾਰਨਾ ਹੈ ? ਕੀ ਮਿੱਥਾਂ ਦਾ ਪ੍ਰਯੋਗ ਨਾਵਲਕਾਰ ਆਪਣੀ ਸਹੂਲਤ ਲਈ ਕਰਦਾ ਹੈ ?*

• ਸਹੂਲਤ ਵਾਲੀ ਗੱਲ ਵੀ ਠੀਕ ਹੈ। ਮਿੱਥ ਤੋਂ ਕਹਾਣੀ ਮਿਲ ਜਾਂਦੀ ਹੈ, ਪਾਤਰ ਮਿਲ ਜਾਂਦੇ ਹਨ, ਕਥਾਨਕ ਤੇ ਵੀ ਬਹੁਤੀ ਮਿਹਨਤ ਨਹੀਂ ਕਰਨੀ ਪੈਂਦੀ। ਪਰ ਮਿੱਥ ਨੂੰ ਮਹਿਜ਼ ਮੁੜ ਲਿਖ ਦੇਣ ਨਾਲ ਵੀ ਕੋਈ ਨਾਵਲ ਨਹੀਂ ਬਣ ਜਾਂਦਾ ਹੈ। ਨਾਵਲਕਾਰ ਨੂੰ ਅਸਲ ਚੁਣੌਤੀ ਦਾ ਉਦੋਂ ਸਾਹਮਣਾ ਕਰਨਾ ਪੈਂਦਾ ਹੈ ਜਦੋਂ ਉਹ ਮਿੱਥ ਦੀ ਪੁਨਰ ਸਿਰਜਣਾ ਕਰਦਾ ਹੈ। ਪੁਨਰ ਸਿਰਜਣਾ ਦੇ ਅਮਲ ਵਿਚ ਹੀ ਉਸ ਦੀ ਪ੍ਰਤਿਭਾ ਦੀ ਅਸਲ ਪਰਖ ਹੁੰਦੀ ਹੈ।

? *ਤੁਸੀਂ ਆਪਣੇ ਨਾਵਲ 'ਬੋਲ ਮਰਦਾਨਿਆ' ਵਿਚ ਮਿੱਥ ਦਾ ਪ੍ਰਯੋਗ ਕਿਵੇਂ ਕੀਤਾ ਹੈ ?*

• 'ਬੋਲ ਮਰਦਾਨਿਆ' ਮਿੱਥ-ਪ੍ਰਯੋਗ ਕਰਕੇ ਹੀ ਮੇਰੇ ਦੂਜੇ ਨਾਵਲਾਂ ਤੋਂ ਵੱਖਰਾ ਹੈ। ਦਰਅਸਲ ਮਿੱਥ ਨੂੰ ਤੋੜਨ ਤੇ ਮਿੱਥ ਨੂੰ ਨਵੇਂ ਅਰਥਾਂ ਵਿਚ ਪ੍ਰਯੋਗ ਕਰਨ ਦਾ ਕਾਰਜ ਜ਼ਿਆਦਾ ਚੁਣੌਤੀ ਭਰਿਆ ਤੇ ਮਹੱਤਵਪੂਰਨ ਹੁੰਦਾ ਹੈ। 'ਬੋਲ ਮਰਦਾਨਿਆ' ਵਿਚ ਮੈਂ ਮਿੱਥ ਨੂੰ ਇਸੇ ਮਨੋਰਥ ਨਾਲ ਪ੍ਰਯੋਗ ਵਿਚ ਲਿਆਂਦਾ ਹੈ।

? *ਮਸਲਨ ?*

• ਮਸਲਨ, ਮਿੱਥ ਵਿਚ ਅਕਸਰ ਕਿਸੇ ਮਹਾਂਪੁਰਸ਼ ਦਾ ਮਹਿਮਾ-ਮੰਡਲ ਇਸ ਕਦਰ ਭਾਰੂ ਹੁੰਦਾ ਹੈ ਕਿ ਇਹ ਹਰ ਸਥਿਤੀ, ਹਰ ਰਿਸ਼ਤੇ ਉੱਪਰ ਹਾਵੀ ਹੋ ਜਾਂਦਾ ਹੈ। ਮੇਰੇ ਨਾਵਲ ਵਿਚ ਇਕ ਥਾਂ ਬਾਬਾ ਨਾਨਕ ਆਪਣੀ ਮਾਤਾ ਜੀ ਦੇ ਅੱਗੇ ਬੈਠੇ ਹਨ। ਮਾਤਾ ਜੀ ਕਿਸੇ ਗੱਲੋਂ ਉਨ੍ਹਾਂ ਨੂੰ ਝਿੜਕ ਰਹੇ ਹਨ ਤੇ ਬਾਬਾ ਨਾਨਕ ਇਕ ਆਮ ਪੁੱਤਰ ਵਾਂਗ ਚੁੱਪ-ਚਾਪ ਝਿੜਕਾਂ ਖਾ ਰਹੇ ਹਨ। ਇਹ ਸਾਰਾ ਵਾਕਿਆ ਮਰਦਾਨਾ ਵੇਖਦਾ ਹੈ ਤੇ ਬਾਹਰ ਆ ਕੇ ਦੂਸਰਿਆਂ ਨੂੰ ਦੱਸਦਾ ਹੈ ਕਿ ਮਾਂ ਸਾਹਮਣੇ ਸਭ ਇਕੋ ਜਿਹੇ ਹੀ ਹੁੰਦੇ ਹਨ, ਭਾਵੇਂ ਉਹ ਕਿੱਡੇ ਵੀ ਉੱਚ ਦੇ ਪੀਰ ਕਿਉਂ ਨਾ ਹੋਣ। ਇਉਂ ਇਕ ਮਿੱਥ ਟੁੱਟਦੀ ਹੈ ਤੇ ਰਿਸ਼ਤਿਆਂ ਦੀ ਸਾਰਥਿਕਤਾ ਸਾਹਮਣੇ ਆਉਂਦੀ ਹੈ।

? *ਨਾਨਕ ਸਿੰਘ ਨੇ ਸਮਾਜ ਸੁਧਾਰ ਨੂੰ ਆਪਣੇ ਨਾਵਲਾਂ ਵਿਚ ਉਦੇਸ਼ ਵਜੋਂ ਅਪਣਾਇਆ, ਜਸਵੰਤ ਸਿੰਘ ਕੰਵਲ ਨੇ ਇਕ ਖ਼ਾਸ ਸਮੇਂ ਤਕ ਸਮਾਜਵਾਦੀ ਕ੍ਰਾਂਤੀ ਦੇ ਉਦੇਸ਼ ਉੱਪਰ ਆਪਣਾ ਉਦੇਸ਼ ਕੇਂਦ੍ਰਿਤ ਰੱਖਿਆ, ਇੰਜ ਹੀ ਗੁਰਦਿਆਲ ਸਿੰਘ ਨੇ ਪ੍ਰਸਥਿਤੀਆਂ ਦੇ ਭੰਨੇ-ਲਿਤਾੜੇ ਪਾਤਰਾਂ ਦੀ ਪੇਸ਼ਕਾਰੀ ਨੂੰ ਇਕ ਉਦੇਸ਼ ਵਜੋਂ ਅਪਣਾਈ ਰੱਖਿਆ। ਤੁਹਾਡੀ ਪੀੜ੍ਹੀ ਸ਼ਾਇਦ ਇਉਂ ਉਦੇਸ਼ ਮਿੱਥ ਕੇ ਨਾਵਲ ਲਿਖਣਾ ਪਸੰਦ ਨਹੀਂ ਕਰਦੀ। ਕੀ ਇਸ ਕਰਕੇ ਕਿ ਪਹਿਲਿਆਂ ਨਾਵਲਕਾਰਾਂ ਨੂੰ ਆਪਣੇ ਉਦੇਸ਼ ਵਿਚ ਸਫਲਤਾ ਹਾਸਲ ਨਹੀਂ ਹੋਈ ?*

- ਜਿਨ੍ਹਾਂ ਨਾਵਲਕਾਰਾਂ ਦਾ ਤੁਸੀਂ ਜ਼ਿਕਰ ਕੀਤਾ ਹੈ, ਇਹ ਸਾਰੇ ਪੰਜਾਬੀ ਦੇ ਵੱਡੇ ਨਾਵਲਕਾਰ ਹਨ। ਉਦੇਸ਼ ਮਿੱਥਣ ਦੇ ਮਾਮਲੇ ਵਿਚ ਇਨ੍ਹਾਂ ਸਾਰਿਆਂ ਦੀ ਸੋਚ ਬੜੀ ਸਾਕਾਰਾਤਮਕ ਰਹੀ ਹੈ। ਪਰ ਆਪਣੇ ਉਦੇਸ਼ ਦੇ ਮਾਮਲੇ ਵਿਚ ਇਹ ਬੜੇ ਭਾਵੁਕ ਰਹੇ ਹਨ, ਜਿਸ ਕਰਕੇ ਜਿਸ ਤਰ੍ਹਾਂ ਦੀ ਕਲਾਸਿਕ ਨਾਵਲ ਰਚਨਾ ਦੀ ਇਨ੍ਹਾਂ ਕੋਲੋਂ ਉਮੀਦ ਸੀ, ਹੋ ਨਹੀਂ ਸਕੀ। ਇਨ੍ਹਾਂ ਨਾਵਲਕਾਰਾਂ ਦੇ ਵੱਡੇ ਉਦੇਸ਼ ਭਾਵੁਕ ਪੱਧਰ 'ਤੇ ਹੀ ਸਿਮਟ ਗਏ। ਸਾਡੀ ਪੀੜ੍ਹੀ ਦੇ ਲਿਖੇ ਨਾਵਲਾਂ ਵਿਚੋਂ ਵੀ ਉਦੇਸ਼ ਗ਼ੈਰਹਾਜ਼ਰ ਨਹੀਂ ਹੈ, ਪਰ ਅਸੀਂ ਸ਼ਾਇਦ ਉਦੇਸ਼ ਪ੍ਰਤੀ ਜ਼ਿਆਦਾ ਭਾਵੁਕ ਨਹੀਂ ਹਾਂ।

? *ਚਲੋ, ਆਪਾਂ ਇਕ ਵਾਰ ਫਿਰ ਨਾਵਲ ਦੇ ਵਸਤੂ ਵੱਲ ਪਰਤਦੇ ਹਾਂ। ਤੁਹਾਨੂੰ ਨਹੀਂ ਲੱਗਦਾ ਕਿ ਅਸੀਂ ਪਿੰਡ ਉੱਪਰ ਮੰਡੀ-ਸਭਿਆਚਾਰ ਅਤੇ ਪੂੰਜੀਵਾਦੀ ਗਲਬੇ ਤੋਂ ਕੁਝ ਵਧੇਰੇ ਹੀ ਭੈਭੀਤ ਹੋ ਗਏ ਹਾਂ, ਕੀ 'ਨਿਰਾਸ਼ਾ' ਹੀ ਇਸ ਪ੍ਰਸਥਿਤੀ ਪ੍ਰਤੀ ਸਾਡੇ ਵਤੀਰੇ ਦਾ ਇਕਮਾਤਰ ਚਿਹਨ ਰਹਿ ਗਿਆ ਹੈ ? ਵਿਸ਼ਵ-ਗਲਪ ਵਿਚ ਤਾਂ ਇੰਜ ਨਹੀਂ ਵਾਪਰਿਆ, 'ਡਾਨ ਵਹਿੰਦਾ ਰਿਹਾ' ਨਾਵਲ ਘੋਰ ਘੱਲੂਘਾਰੇ ਦੀ ਪੇਸ਼ਕਾਰੀ ਹੋਣ ਦੇ ਬਾਵਜੂਦ ਭਵਿੱਖਮੁਖੀ ਆਸ਼ਾਵਾਦੀ ਅੰਤ ਵਾਲਾ ਹੈ।*

- ਤੁਹਾਡਾ ਸਵਾਲ ਕਾਫ਼ੀ ਮਹੱਤਵਪੂਰਨ ਹੈ, ਬਹੁਪਰਤੀ ਹੈ, ਇਸ ਦਾ ਸੰਖੇਪ ਵਿਚ ਉੱਤਰ ਹੀ ਇਸ ਸਮੇਂ ਸੰਭਵ ਹੈ। ਮੇਰਾ ਨਾਵਲ 'ਖਾਜ' ਵੀ ਅੱਤਵਾਦ ਦੇ ਘੋਰ ਸੰਤਾਪ ਦੀਆਂ ਪ੍ਰਸਥਿਤੀਆਂ ਵਿਚੋਂ ਗੁਜ਼ਰਦਾ ਹੈ। ਬਦਤਰ ਪ੍ਰਸਥਿਤੀਆਂ ਵਿਚੋਂ ਗੁਜ਼ਰਦੇ ਹੋਏ ਪਾਤਰ ਨਾਵਲ ਦੇ ਅੰਤ ਵਿਚ ਸਹਿਜ, ਸੁਖਾਵੇਂ ਅਤੇ ਭਵਿੱਖ ਪ੍ਰਤੀ ਆਸਵੰਦ ਹੋਣ ਦੇ ਯਤਨ ਵਿਚ ਹਨ। ਜਿਥੋਂ ਤਕ ਵਿਸ਼ਵ ਗਲਪ ਦਾ ਸਵਾਲ ਹੈ, ਉਥੇ ਸੁਖਾਵਾਂ ਅਤੇ ਆਸ਼ਾਵਾਦੀ ਸੰਦੇਸ਼ ਵਧੇਰੇ ਸਪੱਸ਼ਟ ਰੂਪ ਵਿਚ ਦਿਖਾਈ ਦੇਣ ਵਾਲਾ ਹੈ, ਜਦਕਿ ਸਾਡੇ ਗਲਪ ਵਿਚ ਇਹ ਸੰਕੇਤਕ ਢੰਗ ਦਾ ਹੈ। ਜਿਥੋਂ ਤਕ ਪਿੰਡ ਦਾ ਸਵਾਲ ਹੈ, ਹੁਣ ਜਦ ਪਿੰਡ, ਪਿੰਡ ਹੀ ਨਹੀਂ ਰਿਹਾ ਤਾਂ ਅਸੀਂ ਇਸ ਦੀ ਸਮਰੱਥਾ ਨੂੰ ਪਿੰਡ ਵਜੋਂ ਨਹੀਂ ਵਿਚਾਰ ਸਕਦੇ, ਪਿੰਡ ਦੇ ਖ਼ਤਮ ਹੋ ਜਾਣ ਕਰਕੇ ਇਸ ਨਾਲ 'ਆਸ਼ਾ' ਨੂੰ ਜੋੜਿਆ ਹੀ ਨਹੀਂ ਜਾ ਸਕਦਾ। ਹੁਣ ਤਾਂ ਪਿੰਡ ਦੀ ਥਾਂ ਜੋ ਨਵਾਂ ਸਮਾਜ ਉੱਭਰ ਕੇ ਸਾਹਮਣੇ ਆਇਆ ਹੈ, ਉਸ ਦੀ ਹੋਣੀ ਦੀ ਗੱਲ ਹੀ ਕੀਤੀ ਜਾ ਸਕਦੀ ਹੈ।

? *ਸਾਡੇ ਨਾਵਲਕਾਰ, ਨਾਵਲ-ਖੇਤਰ ਵਿਚ ਆਉਣ ਤੋਂ ਪਹਿਲਾਂ ਹੋਰ ਵਿਧਾਵਾਂ ਵਿਚ ਵੀ ਲਿਖਦੇ ਰਹੇ ਹਨ, ਪਰ ਨਾਵਲ ਲਿਖਣ ਲੈਣ ਮਗਰੋਂ ਉਹ ਆਪਣੀ ਪਹਿਲੀ ਵਿਧਾ ਨੂੰ ਲਗਭਗ ਤਿਆਗ ਹੀ ਦਿੰਦੇ ਹਨ, ਇੰਜ ਤੁਹਾਡੇ ਸਮੇਤ ਕਈ ਨਾਵਲਕਾਰਾਂ ਦੇ ਮਾਮਲੇ ਵਿਚ ਵਾਪਰਿਆ ਹੈ ?*

- ਇਹ ਗੱਲ ਠੀਕ ਹੈ, ਰਾਮ ਸਰੂਪ ਅਣਖੀ, ਅਵਤਾਰ ਸਿੰਘ ਬਿਲਿੰਗ ਆਦਿ ਨਾਵਲਕਾਰਾਂ ਨੇ ਨਾਵਲ ਲਿਖਣੇ ਆਰੰਭ ਕਰਨ ਮਗਰੋਂ ਨਿੱਕੀ ਕਹਾਣੀ ਲਿਖਣ ਦਾ ਯਤਨ ਹੀ ਨਹੀਂ ਕੀਤਾ। ਉਨ੍ਹਾਂ ਨੇ ਇਕ ਤਰ੍ਹਾਂ ਨਾਲ ਕਹਾਣੀਕਾਰ ਵਜੋਂ ਆਪਣੀ ਪਛਾਣ ਹੀ ਖ਼ਤਮ ਕਰ ਲਈ। ਮੈਂ ਵੀ ਸ਼ੁਰੂ 'ਚ ਕਹਾਣੀਆਂ ਲਿਖੀਆਂ, ਨਾਵਲ ਲਿਖ ਲੈਣ ਮਗਰੋਂ ਮੈਂ ਵੀ ਕਹਾਣੀ ਵੱਲ ਨਹੀਂ ਪਰਤਿਆ...ਇਸ ਦਾ ਕਾਰਨ ਜੋ ਮੈਂ ਸਮਝਦਾ ਹਾਂ ਉਹ ਇਹ ਹੋ ਸਕਦਾ ਹੈ ਕਿ ਨਾਵਲ ਦਾ ਕੈਨਵਸ ਬਹੁਤ ਵਿਸ਼ਾਲ ਹੁੰਦਾ ਹੈ। ਇਹ ਬਹੁਤ ਸਾਰੀਆਂ ਕਹਾਣੀਆਂ ਨੂੰ ਆਪਣੇ ਅੰਦਰ ਸਮਾਅ ਲੈਂਦਾ ਹੈ। ਇਸ ਕਰਕੇ ਨਾਵਲਕਾਰ ਨੂੰ ਨਿੱਕੀ ਕਹਾਣੀ ਲਿਖਣ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ।

? *ਤਾਂ ਕੀ ਫਿਰ ਨਾਵਲ ਕਈ ਸਾਰੀਆਂ ਕਹਾਣੀਆਂ ਦਾ ਮਿਲਗੋਭਾ ਹੁੰਦਾ ਹੈ ?*

- ਨਹੀਂ, ਅਜਿਹਾ ਵੀ ਨਹੀਂ ਹੈ। ਇਹ ਇਕ ਸੁਤੰਤਰ ਵਿਧਾ ਹੈ, ਨਾਵਲ ਵਿਚ ਕਹਾਣੀਆਂ ਦਾ ਸਮਾਅ ਜਾਣਾ ਕੋਈ ਤਕਨੀਕੀ ਕਾਰਜ ਨਹੀਂ ਹੈ। ਇਹ ਕਾਰਜ ਤਾਂ ਸਿਰਜਣ ਪ੍ਰਕਿਰਿਆ ਦਾ ਇਕ ਸਹਿਜ ਬਣ ਕੇ ਨੇਪਰੇ ਚੜ੍ਹਦਾ ਹੈ। ਨਾ ਕਹਾਣੀਆਂ ਨੂੰ ਜੋੜ ਕੇ ਨਾਵਲ ਬਣਾਇਆ ਜਾ ਸਕਦਾ ਹੈ ਤੇ ਨਾ ਹੀ ਨਾਵਲ ਨੂੰ ਨਿਖੇੜ ਕੇ ਇਸ ਵਿਚੋਂ ਕਹਾਣੀਆਂ ਕੱਢੀਆਂ ਜਾ ਸਕਦੀਆਂ ਹਨ।

## ਵਿਅੰਗ : *ਲਖਵਿੰਦਰ ਗਿੱਲ*

### • ਟੇਬਲ ਮਾਰਕਿੰਗ

ਵੱਜਦਾ ਬਿਗਲ ਜਦੋਂ ਟੇਬਲ ਮਾਰਕਿੰਗ ਦਾ, ਸ਼ੌਕੀ ਮਾਰਕਿੰਗ ਦੇ ਚੁੱਕਦੇ ਕੰਨ ਵੇਖੇ
ਚੜ੍ਹਦਾ ਰੇਲ ਗੱਡੀ ਕੋਈ ਭੱਜਦਾ ਬੱਸ ਫੜ ਕੇ, ਚੁੱਕਦੇ ਆਪੋ ਆਪਣੇ ਸੰਦ ਵੇਖੇ
ਨਾਗਾ ਇਕ ਨਹੀਂ ਕਹਿੰਦੇ ਪੈਣ ਦੇਣਾ, ਜਿਹੜੇ ਕਾਲਜਾਂ 'ਚ ਈਦ ਦਾ ਚੰਨ ਵੇਖੇ
ਰਹਿੰਦੇ ਖੰਘਦੇ ਸਾਰਾ ਸਾਲ ਜਿਹੜੇ, ਕਰਾਉਂਦੇ ਪੇਪਰਾਂ ਦੀ ਧੰਨ ਧੰਨ ਵੇਖੇ
ਜਿਹੜੇ ਕਾਲਜ 'ਚ ਰਹਿੰਦੇ ਫ਼ਕੀਰ ਬਣ ਕੇ, ਟੇਬਲ ਮਾਰਕਿੰਗ 'ਚ ਲਾਉਂਦੇ ਸੰਨ੍ਹ ਵੇਖੇ
ਬੰਡਲ ਖੋਲ੍ਹਦੇ ਮਾਰਦੇ ਫੂਕ ਐਸੀ, ਮਿੰਟਾਂ ਪੰਜਾਂ 'ਚ ਦਿੰਦੇ ਬੰਨ੍ਹ ਵੇਖੇ

ਖ਼ਬਰ ਮਿਲਦਿਆਂ ਹੀ ਟੇਬਲ ਮਾਰਕਿੰਗ ਦਾ, ਕਈ ਖ਼ੁਸ਼ੀ 'ਚ ਫੁੰਮਣੀਆਂ ਪਾਂਵਦੇ ਈ
ਰਾਤ ਕੱਟਦੇ ਕਿੱਦਾਂ ਰੱਬ ਜਾਣੇ, ਤੜਕੇ ਸੈਂਟਰ ਦੇ ਕੁੰਡੇ ਖੜਕਾਂਵਦੇ ਈ
ਹਫੜਾ ਦਫੜੀ 'ਚ ਲੱਗੇ ਨਾ ਪਤਾ ਭੋਰਾ, ਕਈ ਬੰਡਲ ਹੀ ਗੁੰਮ ਕਰਾਂਵਦੇ ਈ
ਦਮੜੇ ਚਾਰ ਨੇ ਝੂੰਗੇ 'ਚ ਕੰਮ ਡਾਢਾ ਲਾਅ ਲਾਅ ਐਨਕਾਂ ਕਈ ਸਮਝਾਂਵਦੇ ਈ
ਆਖਣ ਪੈਸਿਆਂ ਦੀ ਕਿਹੜੀ ਗੱਲ ਹੁੰਦੀ, ਅਸੀਂ ਮਿਲਣ ਮਿਲਾਵਣ ਆਂਵਦੇ ਈ
ਸਹੁੰ ਰੱਬ ਦੀ ਭੋਰਾ ਨਾ ਭਿਣਕ ਪੈਂਦੀ, ਕਦੋਂ ਆਂਵਦੇ ਤੇ ਕਦੋਂ ਜਾਂਵਦੇ ਈ


ਬੜਾ ਹੁਸਨ ਹੁੰਦਾ ਟੇਬਲ ਮਾਰਕਿੰਗ ਦਾ, ਬੁੱਢੇ ਠੇਰਿਆਂ ਨੂੰ ਖੰਭ ਲਾ ਦਿੰਦਾ
ਜਿਹੜਾ ਕਹਿੰਦਾ ਸੀ ਸਫ਼ਰ ਨਹੀਂ ਸੂਟ ਕਰਦਾ, ਤੜਕੇ ਸੈਂਟਰ 'ਚ ਜਾ ਕੇ ਸਾਹ ਲੈਂਦਾ
ਚਾਹ ਪੀ ਕੇ ਕਾਵਾਂ ਦੇ ਅੱਥਰੂ ਜਿਹੀ, ਬੰਦਾ ਪੇਪਰਾਂ ਦੇ ਛੱਕੇ ਛੁਡਾ ਦਿੰਦਾ
ਬੰਡਲ ਕਿਸੇ ਦਾ ਵੇਖ ਕੋਈ ਹੋਰ ਜਾਂਦਾ, ਐਨਕ ਕਿਸੇ ਦੀ ਹੋਰ ਕੋਈ ਲਾ ਬਹਿੰਦਾ
ਮੋਹ ਮਾਰਕਿੰਗ ਦਾ ਕਹਿੰਦੇ ਕਹਾਉਂਦਿਆਂ ਨੂੰ ਸਮੋਸਾ ਪੇਪਰ 'ਤੇ ਰੱਖ ਖੁਆ ਦਿੰਦਾ
ਸ਼ੌਕ ਮਾਰਕਿੰਗ ਦਾ ਗਿਲ ਵਰਗਿਆਂ ਦੀ, ਅੜਾ ਕੇ ਕੁਰਸੀ 'ਚ ਸ਼ਰਟ ਪੜਵਾ ਦਿੰਦਾ

ਮਾਰਕਿੰਗ ਦਾਰੂ ਹੈ ਦੁੱਖਾਂ ਦਲਿਦਰਾਂ ਦੀ, ਪੇਪਰ ਵੇਖ ਕੇ ਦੁੱਖ ਸਭ ਝੜ ਜਾਂਦੇ
ਇਥੇ ਬੀ.ਪੀ., ਨਾ ਸ਼ੂਗਰ, ਨਾ ਸਿਰ ਦੁਖਦੇ, ਢਿੱਠੇ ਮੱਠੇ ਵੀ ਉੱਠ ਕੇ ਖੜ ਜਾਂਦੇ
ਜਿਹੜੇ ਕਹਿੰਦੇ 'ਸਰਵਾਈਕਲ ਦੀ ਪੇਨ ਡਾਢੀ' ਬਬਲਿੰਗ ਸੈਂਕੜੇ ਪੇਪਰ ਦੀ ਕਰ ਜਾਂਦੇ
ਲੱਕ ਦਰਦ ਦੀ ਜਿਹੜੇ ਸ਼ਿਕਾਇਤ ਕਰਦੇ, ਛਾਲਾਂ ਮਾਰਦੇ ਪੌੜੀਆਂ ਚੜ੍ਹ ਜਾਂਦੇ
ਕਦੇ ਚੁੱਕਣ ਨਾ ਦੰਦ ਤੋਂ ਦੰਦ ਜਿਹੜੇ, ਹੈਡਸ਼ਿਪ ਲਈ ਵੀਹਾਂ ਨਾਲ ਲੜ ਜਾਂਦੇ
ਰੱਬਾ ਇਨ੍ਹਾਂ ਦੀ ਮਿਹਨਤ ਨੂੰ ਫਲ ਲਾਈਂ, ਖ਼ਾਤਰ ਕੌਮ ਦੀ ਦੁੱਖ ਜੋ ਜਰ ਜਾਂਦੇ

ਜੁਗ ਜੁਗ ਜੀਣ ਉਹ ਉੱਚਿਆਂ ਦਰਾਂ ਵਾਲੇ, ਮੇਜ ਥਾਂ ਥਾਂ 'ਤੇ ਜਿਹੜੇ ਸਜਾਂਵਦੇ ਨੇ
ਜਾਣ ਬੁੱਝ ਕੇ ਅੱਖਾਂ ਮੀਟ ਛੱਡਦੇ, ਵਾਜਾਂ ਮਾਰ ਕੇ ਜਿਹੜੇ ਬੁਲਾਵਾਂਦੇ ਨੇ
ਮੇਰਾ ਸਜਦਾ ਹੈ ਉਨ੍ਹਾਂ ਪਿਆਰਿਆਂ ਨੂੰ ਜੋ ਪੜ੍ਹ ਕੇ ਨੰਬਰ ਲਗਾਂਵਦੇ ਨੇ
ਰੱਬ ਰਾਖਾ ਉਨ੍ਹਾਂ ਹਸਤੀਆਂ ਦਾ, ਜੋ ਗਿੱਠਾਂ ਨੂੰ ਫੀਤਾ ਬਣਾਂਵਦੇ ਨੇ
•

ਵਿਸ਼ਵਵਿਦਿਆਲਿਆ ਦੇ ਵਿਹੜੇ ਲਈ ਅਸੀਂ ਗੜਵਾਸੂ (GADVASU) ਦੇ ਵਿਦਿਆਰਥੀਆਂ ਪਾਸੋਂ ਰਚਨਾਵਾਂ ਮੰਗਵਾਈਆਂ ਹਨ। ਏਸ ਕਾਰਜ ਲਈ **ਪ੍ਰਦੀਪ ਬੋਸ** ਤੇ **ਡਾ. ਕੀਰਤੀ ਦੁਆ** ਹੁਰਾਂ ਨੇ ਸਾਡੀ ਭਰਪੂਰ ਮਦਦ ਕੀਤੀ। ਸਭ ਤੋਂ ਵਧੀਆ ਰਚਨਾ ਅਰਸ਼ਦੀਪ ਕੌਰ ਬਾਜਵਾ ਦੀ **ਸ਼ਹਿ ਤੇ ਮਾਤ** ਹੈ ਜਿਹੜਾ ਕਿ ਅਸੀਂ ਅਗਲੇ ਅੰਕ ਵਿਚ ਪ੍ਰਕਾਸ਼ਿਤ ਕਰਾਂਗੇ।

ਕਵਿਤਾ / *ਕੁਲਜੀਤ ਸਿੰਘ*



### • *ਹਕੀਕਤ*

ਐ ਰਾਤ
ਮੈਂ ਤੇਰਾ ਗੁਨਾਹਗਾਰ ਹਾਂ
ਮੈਂ ਤੇਰੀ ਝੋਲੀ 'ਚੋਂ ਸੁਪਨਾ ਨਈਂ
ਤੇਰੀ ਉਨੀਂਦਰੇ ਮਾਰੀ ਅੱਖ 'ਚੋਂ
ਸੁਰਮਾ ਚੁਰਾ ਰਿਹਾਂ
ਉਸ ਦੀ ਬਦਾਮੀ ਅੱਖ ਦੇ ਸ਼ਿੰਗਾਰ ਲਈ


ਪਰ ਪਤਾ ਨਈਂ ਕਿਉਂ
ਉਸ ਦੀ ਅੱਖ
ਮੇਰਾ ਸੁਰਮਈ ਰਾਤ ਦੀ ਅੱਖ 'ਚੋਂ
ਚੁਰਾਇਆ ਸੁਰਮਾ
ਆਪਣੀ ਅੱਖ 'ਚ ਪਾਉਣੋਂ
ਕੁਝ ਗੁਰੇਜ਼ ਜਿਹਾ ਕਰਦੀ ਏ
ਜਾਂ ਸ਼ਾਇਦ ਉਸ ਦੀ ਅੱਖ
ਚੋਰੀ ਦਾ ਸੁਰਮਾ ਨਹੀਂ ਝੱਲਦੀ


ਫਿਰ ਵੀ
ਜਦ ਉਹ ਅੱਖ ਚੁਰਾਉਂਦੀ ਏ ਤਾਂ
ਸਾਫ਼ ਨਜ਼ਰ ਆਉਂਦੈ
ਉਸ ਦੀ ਅੱਖ ਦੇ ਪਾਣੀ 'ਚ
ਚਾਨਣੀ ਤੈਰਦੀ ਏ

ਉਹ ਟਿਕਟਿਕੀ ਲਾ ਚੰਨ ਤੱਕਦੀ ਏ
ਗੁਲਾਬੀ ਸੁਪਨੇ ਖੰਘਾਲਦੀ ਏ
ਆਹ...ਪਰ, ਕਦੀ ਸੋਚਦਾ
ਉਸ ਦਿਆਂ ਸੁਪਨਿਆਂ 'ਚ
ਮੈਂ ਨਈਂ
ਆਠਰੀ ਜਹੀ ਲੋਅ ਵਾਲਾ
ਟਿਮਟਿਮਾਉਂਦਾ ਤਾਰਾ ਹੋਣਾ ਚਾਹੀਦਾ

ਬੇਸ਼ਕ ਮੇਰਾ ਸਾਰੇ ਦਾ ਸਾਰਾ ਵਜੂਦ
ਉਸ ਦੀਆਂ ਯਾਦਾਂ ਦਾ ਸੰਗਠਨ ਹੀ ਤਾਂ ਹੈ
ਜੋ ਰਾਤ ਹੁੰਦਿਆਂ ਹੀ
ਵਿਛੋੜੇ ਦੀ ਚਾਦਰ ਨੂੰ
ਤਾਰ-ਤਾਰ ਕਰਦਾ
ਉਸ ਦੇ ਗੁਲਾਬੀ ਸੁਪਨਿਆਂ ਦੀ
ਵਲਗਣ ਟੱਪਦਾ
ਜਾ ਈ ਵੜਦੈ
ਉਮੀਦ ਦਾ ਪੱਲਾ ਲਹਿਰਾਉਂਦਾ
ਖ਼ੁਦਗਰਜ਼ ਮੁਹੱਬਤ ਦਾ
ਹਟਕੋਰੇ ਖਾਂਦਾ ਦੀਵਾ ਲੈ
ਤੇ ਤਲੀ 'ਤੇ ਟਿਕਿਆ ਦੀਵਾ
ਅੱਗੇ ਕਰ ਕਹਿੰਦਾ ਹਾਂ
ਆ ਖ਼ੁਸ਼ੀਆਂ ਹੰਢਾਈਏ
ਮੈਂ...ਹਕੀਕਤ ਹਾਂ

•






# ਸਰਹੱਦ : ਅੰਦਰ-ਵਾਰ ਤੇ ਆਰ ਪਾਰ

## (ਰਾਮਚੰਦ ਪਾਕਿਸਤਾਨੀ ਤੇ ਚੌਥੀ ਕੂਟ)

*ਡਾ. ਜਤਿੰਦਰ ਸਿੰਘ*

ਹਿੰਦ-ਪਾਕਿ ਦੇ ਸਰਹੱਦੀ ਖਿੱਤਿਆਂ ਦਾ ਜਨ-ਜੀਵਨ ਬਹੁਤਾ ਸੁਖਾਲਾ ਨਹੀਂ। ਇਨ੍ਹਾਂ ਲੋਕਾਂ ਦੀ ਜ਼ਿੰਦਗੀ ਦੋਹਾਂ ਦੇਸ਼ਾਂ ਦੇ ਰਾਜਨੀਤਕ ਮਾਹੌਲ 'ਤੇ ਟਿਕੀ ਹੋਈ ਹੈ। ਜਦ ਵੀ ਰਾਜਨੀਤਕ ਮਾਹੌਲ ਵਿਚ ਕੜਵਾਹਟ ਜਾਂ ਤਲਖ਼ੀ ਵਧਦੀ ਹੈ, ਹਿੰਦ-ਪਾਕਿ ਦੇ ਆਪਸੀ ਰਿਸ਼ਤਿਆਂ ਦੀਆਂ ਪੇਚੀਦਗੀਆਂ ਦਾ ਅਸਰ ਇਨ੍ਹਾਂ ਖਿੱਤਿਆਂ ਦੇ ਵਾਸੀਆਂ ਦੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਇਹ ਲੋਕ ਦੋਹਰੀ ਮਾਰ ਹੇਠ ਆ ਜਾਂਦੇ ਹਨ। ਪਹਿਲਾਂ ਵੰਡ ਦੇ ਸੰਤਾਪ ਅਤੇ ਬਾਅਦ ਵਿਚ ਸਰਹੱਦੀ ਖੇਤਰ ਹੋਣ ਦੀ ਸੂਰਤ ਵਿਚ। ਇਸ ਗੱਲ ਦੀ ਮੂੰਹ ਬੋਲਦੀ ਤਸਵੀਰ **ਰਾਮਚੰਦ ਪਾਕਿਸਤਾਨੀ** ਫ਼ਿਲਮ ਵਿਚ ਵੇਖ ਸਕਦੇ ਹਾਂ।

**ਰਾਮਚੰਦ ਪਾਕਿਸਤਾਨੀ** ਅਜਿਹੀ ਦੂਜੀ ਫ਼ਿਲਮ ਹੈ ਜੋ ਭਾਰਤ ਦੇ ਸਿਨੇਮਾ ਘਰਾਂ ਵਿਚ ਰਿਲੀਜ਼ ਹੋਈ, ਇਸ ਤੋਂ ਪਹਿਲਾਂ **ਖ਼ੁਦਾ ਕੇ ਲੀਏ** ਦੇਖਣ ਨੂੰ ਮਿਲੀ ਸੀ। ਇਹ ਫ਼ਿਲਮ ਪਾਕਿਸਤਾਨ ਦੇ ਸਰਹੱਦੀ ਖੇਤਰ ਭੁਜ ਵਿਚ ਰਹਿ ਰਹੇ ਹਿੰਦੂ ਦਲਿਤ ਪਰਿਵਾਰ ਦੀ ਦਾਸਤਾਂ ਹੈ। ਸੱਤ ਸਾਲ ਦਾ ਬਾਲਕ ਖੇਡਦਾ ਖੇਡਦਾ ਉਦੋਂ ਸਰਹੱਦ ਪਾਰ ਕਰ ਜਾਂਦਾ ਹੈ ਜਦੋਂ ਹਿੰਦ-ਪਾਕਿ ਦੇ

“

ਬੰਦਾ ਆਪਣੇ ਦੁਆਲੇ ਕਈ ਤਰ੍ਹਾਂ ਦੀਆਂ ਹੱਦਾਂ ਸਿਰਜ ਲੈਂਦਾ ਹੈ। ਚਾਹੇ ਉਹ ਧਰਮ, ਜਾਤ, ਗੋਤ ਜਾਂ ਖਿੱਤੇ ਦੀਆਂ ਹੋਣ। ਜਦੋਂ ਇਹ ਹੱਦਾਂ ਸਰਹੱਦਾਂ ਵਿਚ ਤਬਦੀਲ ਹੁੰਦੀਆਂ ਹਨ ਤਾਂ ਉਸ ਦੀ ਤਸਵੀਰ ਸਾਡੇ ਸਾਹਮਣੇ ਕਈ ਟੁੱਟੇ ਦੇਸ਼ਾਂ ਦੀ ਆ ਜਾਂਦੀ ਹੈ। **ਚੌਥੀ ਕੂਟ** ਫ਼ਿਲਮ ਪੰਜਾਬ ਦੇ ਕਾਲੇ ਦਿਨਾਂ ਦੀ ਵਿਥਿਆ ਨੂੰ ਬਿਆਨ ਕਰਦੀ ਹੈ ਉਦੋਂ ਜਦੋਂ ਸੂਬੇ ਦੇ ਕੁਝ ਲੋਕ ਆਪਣੇ ਉਧਾਲੇ ਹੋਰ ਕਈ ਵਲਗਣਾਂ ਨੂੰ ਸਿਰਜਣ ਦੀ ਕੋਸ਼ਿਸ਼ ਹੋ ਰਹੀ ਸੀ। ਇਹ ਫ਼ਿਲਮ ਗੁਰਵਿੰਦਰ ਸਿੰਘ ਦੇ ਨਿਰਦੇਸ਼ਨ ਅਧੀਨ ਕਹਾਣੀਕਾਰ ਵਰਿਆਮ ਸੰਧੂ ਦੀਆਂ ਦੋ ਕਹਾਣੀਆਂ 'ਚੌਥੀ ਕੂਟ' ਤੇ 'ਹੁਣ ਮੈਂ ਠੀਕ ਠਾਕ ਹਾਂ' ਦੇ ਸੁਮੇਲ 'ਤੇ ਆਧਾਰਿਤ ਹੈ।

”

ਆਪਸੀ ਸੰਬੰਧ ਖ਼ੁਸ਼ਗਵਾਰ ਸਨ। ਬਾਪ ਵੀ ਲੱਭਦਾ-ਲੱਭਦਾ ਉਧਰ ਜਾ ਵੜਦਾ ਹੈ। ਬਾਰਡਰ ਸਕਿਓਰਟੀ ਫੋਰਸ ਦੇ ਜਵਾਨ ਪਿਉ-ਪੁੱਤਰ ਨੂੰ ਆਪਣੀ ਹਿਰਾਸਤ ਵਿਚ ਲੈ ਲੈਂਦੇ ਹਨ। ਬਾਪ ਵੱਲੋਂ ਲੱਖ ਅਰਜੋਈਆਂ ਕਰਨ ਦੇ ਬਾਵਜੂਦ ਵੀ ਹਿੰਦੋਸਤਾਨੀ ਸਿਪਾਹੀ ਉਨ੍ਹਾਂ ਨੂੰ ਛੱਡਦੇ ਨਹੀਂ। ਪਾਕਿਸਤਾਨੀ ਜਾਸੂਸ ਦਾ ਠੱਪਾ ਲਾ ਕੇ ਜੇਲ੍ਹ ਵਿਚ ਭੇਜ ਦਿੰਦੇ ਹਨ। ਜਿਸ ਜੇਲ੍ਹ ਵਿਚ ਪਿਉ-ਪੁੱਤਰ ਨੂੰ ਭੇਜਿਆ ਜਾਂਦਾ ਹੈ, ਉਥੇ ਹੋਰ ਲੋਕ ਗ਼ਲਤੀ ਨਾਲ ਸਰਹੱਦ ਪਾਰ ਕਰਨ ਦੇ ਜੁਰਮ ਲਈ ਕੈਦ ਕੀਤੇ ਹੋਏ ਸਨ। ਉਨ੍ਹਾਂ ਵਿਚ ਬੰਗਲਾਦੇਸ਼ੀ ਤੇ ਦੋਵਾਂ ਦੇਸ਼ਾਂ ਦੇ ਮਛੇਰੇ ਵੀ ਸ਼ਾਮਿਲ ਹਨ। ਇਹ ਫ਼ਿਲਮ ਹਕੀਕਤ ਦੇ ਬਹੁਤ ਨੇੜੇ ਦੀ ਤਸਵੀਰ ਨੂੰ ਕੈਮਰੇ ਦੀ ਅੱਖ ਰਾਹੀਂ ਪੇਸ਼ ਕਰਦੀ ਹੈ। ਰਾਮਚੰਦ ਤੇ ਸ਼ੰਕਰ ਦੇ ਫੜੇ ਜਾਣ 'ਤੇ ਹਿੰਦੋਸਤਾਨੀ ਫ਼ੌਜ ਉਸ ਨੂੰ ਜਾਸੂਸ ਕਹਿ ਕੇ ਕੈਦ ਕਰ ਲੈਂਦੀ ਹੈ। ਇਹ ਅਮਲ ਦੁਵੱਲਾ ਹੈ। ਜੇਕਰ ਪਾਕਿਸਤਾਨੀ ਰੇਂਜ਼ਰ ਕਿਸੇ ਹਿੰਦੋਸਤਾਨੀ ਨੂੰ ਪਕੜ ਲੈਂਦੇ ਤਾਂ ਉਨ੍ਹਾਂ ਵੱਲੋਂ ਇਸੇ ਤਰ੍ਹਾਂ ਦੇ ਜਵਾਬ ਦੀ ਆਸ ਸੀ। ਇਥੇ ਮਸਲਾ ਸਿਰਫ਼ ਸਰਹੱਦ ਪਾਰ ਕਰਕੇ ਆਪਣੇ ਅਣਧਿਕਾਰਤ ਖੇਤਰ ਵਿਚ ਆਏ ਵਿਅਕਤੀ ਦਾ ਨਹੀਂ ਸਗੋਂ ਇਹ ਧਾਰਮਿਕ ਨਾ ਹੋ ਕੇ ਨਾਗਰਿਕਤਾ ਤੇ ਖੇਤਰੀ ਹੋ ਨਿਬੜਦਾ ਹੈ। ਜੇ ਮਸਲਾ ਸਿਰਫ਼ ਧਰਮ ਦਾ ਹੁੰਦਾ ਤਾਂ ਸ਼ੰਕਰ ਹਿੰਦੂ ਧਰਮ ਨਾਲ ਸੰਬੰਧਤ ਸੀ। ਹਿੰਦੋਸਤਾਨੀ ਸਿਪਾਹੀ ਇਸ ਗੱਲ ਦੀ ਘੋਖ ਪੜਤਾਲ ਵੀ ਕਰ ਲੈਂਦੇ ਹਨ ਕਿ ਗ਼ਲਤੀ ਨਾਲ ਸਰਹੱਦ ਪਾਰ ਕਰਨ ਵਾਲਾ ਵਿਅਕਤੀ ਹਿੰਦੂ ਹੈ ਵੀ ਜਾਂ ਨਹੀਂ।

ਸ਼ੰਕਰ ਦਾ ਪਰਿਵਾਰ ਹਿੰਦੂ ਹੋਣ ਦੇ ਨਾਲ-ਨਾਲ ਦਲਿਤ ਵੀ ਹੈ। ਪਾਕਿਸਤਾਨ ਵਿਚ 97% ਲੋਕ ਮੁਸਲਿਮ ਧਰਮ ਦੇ ਹਨ ਅਤੇ ਬਾਕੀ ਸਾਰੇ ਘੱਟ ਗਿਣਤੀ ਵਿਚ ਚਾਹੇ ਸਿੱਖ, ਹਿੰਦੂ ਜਾਂ ਫਿਰ ਈਸਾਈ ਧਰਮ ਦੇ ਹੋਣ। ਵੰਡ ਦੌਰਾਨ ਪਾਕਿਸਤਾਨ ਵਿਚ ਜਿੰਨੇ ਦਲਿਤ ਲੋਕ ਉਥੇ ਰਹਿ ਗਏ ਸਨ ਉਸ ਦਾ ਇਕ ਕਾਰਨ ਇਹ ਵੀ ਮੰਨਿਆ ਜਾ ਸਕਦਾ ਹੈ। ਹਿੰਦੂ ਸਮਾਜ ਵਿਚ ਦਲਿਤਾਂ ਦੀ ਸਥਿਤੀ ਬਹੁਤ ਖ਼ਰਾਬ ਸੀ। ਇਹ ਸਭ ਤੋਂ ਹੇਠਲੇ ਦਰਜੇ ਦੇ ਵਾਸੀ ਸੀ। ਸ਼ੰਕਰ ਦਾ ਪਰਿਵਾਰ ਕੋਹਲੀ ਜਾਤ ਵਿਚੋਂ ਹੈ। ਸਮੇਂ ਤੇ ਹਾਲਾਤ ਬਦਲਣ ਨਾਲ ਅਜਿਹੀ ਕਰਵਟ ਆਈ ਹੈ ਜਿਨ੍ਹਾਂ ਨਾਲ ਪਾਕਿ ਦੇ ਘੱਟ ਗਿਣਤੀਆਂ ਦੇ ਲੋਕਾਂ ਨੂੰ ਦੋਹਰੀ ਮਾਰ ਝੱਲਣੀ ਪੈ ਰਹੀ ਹੈ। ਵੈਸੇ ਹਿੰਦੋਸਤਾਨ ਦੀ ਸਥਿਤੀ ਵੀ ਇਸ ਮਸਲੇ 'ਤੇ ਬਹੁਤੀ ਚੰਗੀ ਨਹੀਂ ਹੈ। ਮੁਸਲਿਮ ਸਮਾਜ ਵਿਚ ਜਾਤ ਦੀ ਥਾਂ ਅਰਥਚਾਰੇ ਦਾ ਜ਼ਿਆਦਾ ਬੋਲਬਾਲਾ ਹੈ। ਇਸ ਗੱਲ ਦਾ ਤਸੱਵਰ ਜੇਲ੍ਹ ਵਾਰਡਨ ਤੋਂ ਭਲੀਭਾਂਤ ਹੋ ਜਾਂਦਾ ਹੈ ਜਦੋਂ ਉਹ ਰਾਮਚੰਦ ਨੂੰ ਅਛੂਤ ਕਹਿ ਕੇ ਆਪਣੇ ਭਾਂਡਿਆਂ ਨੂੰ ਹੱਥ ਲਾਉਣ ਤੋਂ ਮਨ੍ਹਾ ਕਰਦੀ ਹੈ। ਇਸ ਤਰ੍ਹਾਂ ਦਾ ਅਹਿਸਾਸ ਉਸ ਨੂੰ ਪਹਿਲੀ ਵਾਰ ਹੁੰਦਾ ਹੈ। ਜਾਤ ਦਾ ਵਿਤਕਰਾ ਜਿਸ ਤਰ੍ਹਾਂ ਦਾ ਹਿੰਦੋਸਤਾਨ ਵਿਚ ਹੈ, ਸ਼ਾਇਦ ਹੀ ਕਿਤੇ ਹੋਰ ਹੁੰਦਾ ਹੋਵੇ। ਰੰਗ, ਨਸਲ ਤੇ ਧਰਮ ਦਾ ਵਖਰੇਵਾਂ ਦੁਨੀਆ ਵਿਚ ਹੈ ਪਰ ਆਪਣੇ ਹੀ ਲੋਕਾਂ ਨੂੰ ਜਾਤ ਦੀਆਂ ਵੰਡੀਆਂ ਵਿਚ ਵੰਡ ਕੇ ਹਾਸ਼ੀਏ ਵੱਲ ਧੱਕ ਦੇਂਦੇ ਹਨ।

ਇਸ ਫ਼ਿਲਮ ਵਿਚ ਦੋ ਸਮਾਨ ਦਿਸ਼ਾਵਾਂ ਵਿਚ ਬਿਰਤਾਂਤ ਚੱਲਦਾ ਹੈ। ਇਕ ਪਾਸੇ ਰਾਮਚੰਦ ਤੇ ਸ਼ੰਕਰ ਦਾ ਜੇਲ੍ਹ ਅਤੇ ਦੂਸਰੇ ਪਾਸੇ ਚੰਪਾ ਦੀ ਨਾਰੀ ਹੋਂਦ, ਇਸ ਦੇ ਅਧਿਕਾਰਾਂ ਲਈ ਜੂਝਣਾ ਅਤੇ ਆਪਣੇ ਆਪ ਨੂੰ ਜਾਗੀਰਦਾਰੀ ਸਮਾਜ ਨਾਲ ਦਸਤਪੰਜਾ ਲੈਂਦਿਆਂ, ਜ਼ਿੰਦਗੀ ਦੇ ਸੰਘਰਸ਼ ਨੂੰ ਜਾਰੀ ਰੱਖਣਾ ਹੈ। ਭਾਵੇਂ ਚੰਪਾ ਲਈ ਸਰੀਰਕ ਤੇ ਮਾਨਸਿਕ ਤੌਰ 'ਤੇ ਮਾਹੌਲ ਸੁਖਾਵਾਂ ਨਹੀਂ ਹੈ। ਫਿਰ ਵੀ ਉਹ ਆਪਣੇ ਸ੍ਵੈਮਾਣ ਤੇ ਹੋਂਦ ਨੂੰ ਕਾਇਮ ਰੱਖਦੀ ਹੈ। ਉਹ ਕਿਤੇ ਵੀ ਬੁਰੇ ਹਾਲਾਤ ਹੋਣ ਕਰਕੇ ਡਗਮਗਾਉਂਦੀ ਨਹੀਂ ਸਗੋਂ ਉਸ ਦਾ ਡਟ ਕੇ ਮੁਕਾਬਲਾ ਕਰਦੀ ਹੈ। ਉਹ ਆਪਣੇ ਪਤੀ ਵੱਲੋਂ ਜਾਗੀਰਦਾਰ ਕੋਲੋਂ ਲਏ ਕਰਜ਼ੇ ਨੂੰ ਤਿੰਨ ਸਾਲ ਖੇਤ ਮਜ਼ਦੂਰੀ ਕਰਕੇ ਨਿਜ਼ਾਤ ਪਾਉਂਦੀ ਹੈ ਅਤੇ ਨਾਲ ਹੀ ਆਪਣੇ ਸ੍ਵੈਮਾਣ ਨੂੰ ਕਾਇਮ ਰੱਖਦੀ ਹੈ।

ਚੰਪਾ ਕਿਰਦਾਰ ਦੀ ਭੂਮਿਕਾ ਨੰਦਿਤਾ ਦਾਸ ਕਰਦੀ ਹੈ।

ਰਾਮਚੰਦ ਤੇ ਸ਼ੰਕਰ ਦੇ ਪਾਕਿਸਤਾਨ ਤੋਂ ਜਾਣ ਬਾਅਦ ਚੰਪਾ ਆਪਣੇ ਆਪ ਨੂੰ ਏਨੀ ਇਕੱਲੀ ਮਹਿਸੂਸ ਕਰਦੀ ਹੈ ਕਿ 'ਉਹ ਇਕ ਵਾਰ ਤਾਂ' ਆਪਣੀ ਜਾਤ ਬਰਾਦਰੀ ਨਾਲੋਂ ਨਾਤਾ ਤੋੜ ਲੈਂਦੀ ਹੈ। ਇਸ ਤਰ੍ਹਾਂ ਦੇ ਹਾਲਾਤ ਵਿਚ ਇਕੱਲੀ ਔਰਤ ਮਰਦ ਦਾ ਆਸਰਾ ਭਾਲਦੀ ਹੈ ਪਰ ਚੰਪਾ ਕੋਲ ਅਜਿਹੇ ਸਮੇਂ ਵਿਚ ਦੋ ਮੌਕੇ ਸਨ—ਪਹਿਲਾ ਇਹ ਕਿ ਉਹ ਸ਼ੰਕਰ ਦੇ ਜਾਣ ਉਪਰੰਤ ਉਸੇ ਪਿੰਡ ਦੇ ਵਿਅਕਤੀ ਅਬਦੁੱਲਾ ਨਾਲ ਵਿਆਹ ਕਰਵਾ ਲਵੇ ਹੈ ਜੋ ਚੂੜੀਆਂ ਤੇ ਗਹਿਣੇ ਵੇਚਣ ਦਾ ਕੰਮ ਕਰਦਾ ਹੈ। ਉਸ ਦੀ ਵੀ ਚਾਹਤ ਚੰਪਾ ਨੂੰ ਪਾਉਣ ਦੀ ਹੈ, ਉਹ ਉਸ ਨਾਲ ਵਿਆਹ ਵੀ ਕਰਵਾ ਸਕਦੀ ਸੀ। ਉਸ ਨੂੰ ਇਸ ਗੱਲ ਦਾ ਵੀ ਅਮਲ ਹੈ ਕਿ ਸ਼ੰਕਰ ਦਾ ਹਿੰਦੋਸਤਾਨੀ ਜੇਲ੍ਹ ਤੋਂ ਛੁੱਟਣਾ ਸੁਖਾਲਾ ਨਹੀਂ, ਫੇਰ ਵੀ ਪੁੱਤਰ ਪਤੀ ਦੀ ਵਾਪਸੀ ਦੀ ਆਸ 'ਤੇ ਜਿਉਂਦੀ ਰਹਿੰਦੀ ਹੈ। ਦੂਸਰੇ ਪਾਸੇ ਜ਼ਿਮੀਂਦਾਰ ਦਾ ਕਰਜ਼ਾ ਉਤਾਰਨ ਲਈ ਸ਼ੰਕਰ ਦਾ ਬਲਦ ਤਾਂ ਵੇਚ ਸਕਦੀ ਸੀ ਪਰ ਇਹੋ ਜਿਹੇ ਸਮੇਂ ਉਹ ਸੌਖਾਲੇ ਰਾਹਾਂ ਨੂੰ ਨਹੀਂ ਅਪਣਾਉਂਦੀ। ਜ਼ਿੰਦਗੀ ਦੀਆਂ ਮੁਸ਼ਕਿਲ ਘੜੀਆਂ ਨਾਲ ਦੋ-ਚਾਰ ਹੁੰਦੀ ਹੋਈ ਆਪਣੇ ਆਪ ਨੂੰ ਔਖੇ ਹਾਲਾਤ 'ਚੋਂ ਨਿਕਲਣ ਦਾ ਰਾਹ ਪਾਉਂਦੀ ਹੈ। ਸਧਾਰਨ ਬੰਦੇ ਨੂੰ ਅਜਿਹੇ ਰਾਹਾਂ 'ਤੇ ਤੁਰਨ ਲਈ ਬਹੁਤ ਵੱਡੇ ਹੌਸਲੇ ਦੀ ਲੋੜ ਮਹਿਸੂਸ ਹੁੰਦੀ ਹੈ। ਅਜਿਹਾ ਕਿਰਦਾਰ ਨੰਦਤਾ ਦਾਸ ਵਰਗੀ ਸੂਝਵਾਨ ਅਦਾਕਾਰਾ ਹੀ ਨਿਭਾ ਸਕਦੀ ਹੈ।

ਨਿਰਦੇਸ਼ਕਾ ਮਹਿਰੀਨ ਜਬਰ ਪਰਛਾਵਿਆਂ ਦੀ ਮਦਦ ਨਾਲ ਕਈ ਤਰ੍ਹਾਂ ਦੇ ਦ੍ਰਿਸ਼ ਫ਼ਿਲਮਾਉਂਦੀ ਹੈ। ਤਨਾਉਗ੍ਰਸਤ ਮਾਨਸਿਕਤਾ ਨੂੰ ਉਘਾੜਣ ਦੀ ਇਹ ਸਫ਼ਲ ਕੋਸ਼ਿਸ਼ ਕਰਦੀ ਹੈ। ਉਹ ਕਿਰਦਾਰਾਂ ਦੇ ਪਰਛਾਵਿਆਂ ਨੂੰ ਕਦੇ ਪਿੱਛੇ, ਕਦੇ ਅੱਗੇ ਤੇ ਕਦੇ ਨਾਲ-ਨਾਲ ਚਲਦੇ ਫ਼ਿਲਮਾਉਂਦੀ ਹੈ। ਇਸ ਤਰ੍ਹਾਂ ਕੈਦ ਕੀਤੇ ਹੋਏ ਵਿਅਕਤੀਆਂ ਦੀ ਮਾਨਸਿਕਤਾ ਨੂੰ ਬਾਖ਼ੂਬੀ ਦਰਸਾਇਆ ਗਿਆ ਹੈ।

ਸਰਹੱਦੀ ਲੋਕਾਂ ਦੇ ਅਜੇਹੇ ਮਸਲਿਆਂ ਦੀ ਪੇਸ਼ਕਾਰੀ ਇਹੋ ਜਿਹੀ ਕਲਾਕ੍ਰਿਤ ਹੀ ਕਰ ਸਕਦੀ ਹੈ। ਅਜਿਹੀ ਕਲਾਕ੍ਰਿਤੀਆਂ ਤੇ ਫ਼ਿਲਮਾਂ ਨਾਲ ਸਰਹੱਦ ਦੇ ਆਰ-ਪਾਰ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਿਆ ਤੇ ਸੁਲਝਾਇਆ ਜਾ ਸਕਦਾ ਹੈ। ਇਹ ਮਸਲੇ ਚਾਹੇ ਧਾਰਮਿਕ, ਨਾਗਰਿਕਤਾ ਜਾਂ ਮਨੁੱਖੀ ਅਧਿਕਾਰਾਂ ਦੇ ਹੋਣ। ਸੋਇਬ ਮਨਸੂਰ ਦੇ ਨਿਰਦੇਸ਼ਨ ਹੇਠ ਬਣੀ ਫ਼ਿਲਮ **ਖ਼ੁਦਾ ਕੇ ਲੀਏ** (2007) ਸ਼ਾਹਕਾਰ ਨਮੂਨਾ ਹੈ। ਜਿਸ ਵਿਚ ਦੋਹਾਂ ਦੇਸ਼ਾਂ ਦੇ ਅਦਾਕਾਰਾਂ ਤੇ ਕਲਾਕਾਰਾਂ ਨੇ ਭੂਮਿਕਾ ਨਿਭਾਈ। ਰਾਮਚੰਦ ਪਾਕਿਸਤਾਨੀ ਅਜਿਹੀ ਦੂਸਰੀ ਫ਼ਿਲਮ ਹੈ। ਇਸ ਫ਼ਿਲਮ ਵਿਚ ਪਾਕਿਸਤਾਨ ਦੇ ਮੁੱਖ ਕਿਰਦਾਰ ਰਸੀਦ ਫਾਰੂਕੀ, ਸਾਇਦ ਫ਼ਜ਼ਲ ਹੁਸੈਨ, ਹਸਨ ਨਿਆਜ਼ੀ, ਅਦਨਾਨ ਸ਼ਾਹ ਦੀਪੂ ਹਨ। ਹਿੰਦੋਸਤਾਨੀ ਕਿਰਦਾਰ ਨੰਦਿਤਾ ਦਾਸ ਹੈ। ਕਲਕਾਰਾਂ ਵਿਚੋਂ ਹਿੰਦੋਸਤਾਨੀ ਸੰਗੀਤਕਾਰ ਦੀਬੋਜੋਤੀ ਮਿਸ਼ਰਾ ਹੈ ਅਤੇ ਐਡੀਟਰ ਅਸੀਮ ਸਿਨਹਾ ਹਨ। ਸਿਨੇਮਾਕਾਰ ਸ਼ੋਫੀਆ ਖਾਨ ਨੇ ਥਾਰ ਰੇਗਿਸਤਾਨ ਦੇ ਦ੍ਰਿਸ਼ਾਂ ਨੂੰ ਕੁਦਰਤੀ ਰੂਪ ਵਿਚ ਕੈਮਰੇ ਵਿਚ ਬੰਦ ਕੀਤਾ। ਇਹ ਮਿਸ਼ਰਣ ਸਿਰਫ਼ ਅਦਾਕਾਰਾਂ ਤੇ ਕਲਾਕਾਰਾਂ ਤਕ ਮਹਿਦੂਦ ਨਹੀਂ ਹੈ ਸਗੋਂ ਭਾਸ਼ਾ ਦੀ ਪੱਧਰ 'ਤੇ ਅਮਲ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਫ਼ਿਲਮ ਦੇ ਡਾਇਲਾਗ ਹਿੰਦੀ ਤੇ ਉਰਦੂ ਭਾਸ਼ਾ ਦੇ ਸੁਮੇਲ ਤੋਂ ਉਪਜੇ ਹਨ। ਰਾਮਚੰਦ ਪਾਕਿਸਤਾਨੀ ਫ਼ਿਲਮ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਅਤੇ ਮਨੁੱਖੀ ਹੋਂਦ ਦੇ ਬਿਰਤਾਂਤ 'ਤੇ ਫੈਲੀ ਹੈ। ਇਹ ਫ਼ਿਲਮ ਸਿਰਫ਼ ਸਰਹੱਦਾਂ ਤੋਂ ਪਾਰ ਦੇ ਮਸਲਿਆਂ ਨੂੰ ਨਹੀਂ ਸਗੋਂ ਮਾਨਸਿਕ ਕੰਧਾਂ (Mental Barrier) ਨੂੰ ਵੀ ਤੋੜਦੀ ਹੈ।

ਬੰਦਾ ਆਪਣੇ ਦੁਆਲੇ ਕਈ ਤਰ੍ਹਾਂ ਦੀਆਂ ਹੱਦਾਂ ਸਿਰਜ ਲੈਂਦਾ ਹੈ। ਚਾਹੇ ਉਹ ਧਰਮ, ਜਾਤ, ਗੋਤ ਜਾਂ ਖਿੱਤੇ ਦੀਆਂ ਹੋਣ। ਜਦੋਂ ਇਹ ਹੱਦਾਂ ਸਰਹੱਦਾਂ ਵਿਚ ਤਬਦੀਲ ਹੁੰਦੀਆਂ ਹਨ ਤਾਂ ਉਸ ਦੀ ਤਸਵੀਰ ਸਾਡੇ ਸਾਹਮਣੇ ਕਈ ਟੁੱਟੇ ਦੇਸ਼ਾਂ ਦੀ ਆ ਜਾਂਦੀ ਹੈ। **ਚੌਥੀ ਕੂਟ** ਫ਼ਿਲਮ ਪੰਜਾਬ ਦੇ ਕਾਲੇ ਦਿਨਾਂ ਦੀ ਵਿਥਿਆ ਨੂੰ ਬਿਆਨ ਕਰਦੀ ਹੈ ਉਦੋਂ ਜਦੋਂ ਸੂਬੇ ਦੇ ਕੁਝ ਲੋਕ ਆਪਣੇ ਉਧਾਲੇ ਹੋਰ ਕਈ ਵਲਗਣਾਂ ਨੂੰ ਸਿਰਜਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਫ਼ਿਲਮ ਗੁਰਵਿੰਦਰ ਸਿੰਘ ਦੇ ਨਿਰਦੇਸ਼ਨ ਅਧੀਨ ਕਹਾਣੀਕਾਰ ਵਰਿਆਮ ਸੰਧੂ ਦੀਆਂ ਦੋ ਕਹਾਣੀਆਂ 'ਚੌਥੀ ਕੂਟ' ਤੇ 'ਹੁਣ ਮੈਂ ਠੀਕ ਠਾਕ ਹਾਂ' ਦੇ ਸੁਮੇਲ 'ਤੇ ਆਧਾਰਿਤ ਹੈ। ਫ਼ਿਲਮਸਾਜ਼ ਨੇ ਬਾਖ਼ੂਬੀ ਦੋਨਾਂ ਕਹਾਣੀਆਂ ਦੇ ਬਿਰਤਾਂਤ ਨੂੰ ਆਪਸ ਵਿਚ ਜੋੜਿਆ ਹੈ, ਜਿਸ ਨਾਲ ਉਸ ਦੀ ਬੌਧਿਕਤਾ ਤੇ ਕਾਬਲੀਅਤ ਦੀ ਸ਼ਲਾਘਾ ਕਰਨੀ ਬਣਦੀ ਹੈ। ਇਹ ਫ਼ਿਲਮ 1980 ਤੋਂ ਬਾਅਦ ਜੋ ਪੰਜਾਬ ਦੇ ਲੋਕਾਂ ਨਾਲ ਵਾਪਰਿਆ, ਉਸ ਦੀ ਮੂੰਹ ਬੋਲਦੀ ਤਸਵੀਰ ਨੂੰ ਬਿਆਨ ਕਰਦੀ ਹੈ। ਉਸ ਵਕਤ ਪੰਜਾਬ ਵਿਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਸੀ। ਪੰਜਾਬ ਦੇ ਹਿੰਦੂ ਤੇ ਸਿੱਖ ਤਣਾਓਗ੍ਰਸਤ ਮਾਹੌਲ ਵਿਚ ਜੀਅ ਰਹੇ ਸਨ।

ਫ਼ਿਲਮ ਦਾ ਅਹਿਮ ਕਿਰਦਾਰ ਜੁਗਲ ਤੇ ਉਸ ਦਾ ਸਾਥੀ ਦੋਨੋਂ ਜਣੇ ਦੇਰੀ ਹੋਣ ਕਰਕੇ ਆਖ਼ਰੀ ਮਾਲ ਗੱਡੀ 'ਤੇ ਜਾਣ ਲਈ ਟ੍ਰੇਨ ਗਾਰਡ ਦੇ ਤਰਲੋਮੱਛੀ ਹੁੰਦੇ ਹਨ, ਕਾਰਨ ਉਸ ਸਮੇਂ ਦੇ ਪੰਜਾਬ ਦੇ ਹਾਲਾਤ ਹਨ। ਇਸ ਦਾ ਸੰਕੇਤ ਫ਼ਿਲਮ ਦੇ




ਫ਼ਿਲਮ 'ਚੌਥੀ ਕੂਟ' ਦਾ ਇਕ ਦ੍ਰਿਸ਼

ਪਹਿਲੇ ਦ੍ਰਿਸ਼ ਤੋਂ ਹੋ ਜਾਂਦਾ ਹੈ ਜਦੋਂ ਸਿਪਾਹੀਆਂ ਦੇ ਪਾਲਿਸ਼ ਨਾਲ ਚਮਕਦੇ ਬੂਟਾਂ ਦੀਆਂ ਟਾਪਾਂ ਨਾਲ ਹੁੰਦਾ ਹੈ। ਟ੍ਰੇਨ ਗਾਰਡ ਅਤੇ ਮੁਸਾਫ਼ਰਾਂ ਦੇ ਆਪਸੀ ਸੰਵਾਦ ਅਤੇ ਚਿਹਰਿਆਂ 'ਤੇ ਛਾਏ ਖ਼ੌਫ਼ ਤੇ ਦਹਿਸ਼ਤ ਇਸ ਗੱਲ ਦੀ ਗਵਾਹੀ ਭਰਦੇ ਹਨ। ਇਹ ਫ਼ਿਲਮ ਫਲੈਸ਼ ਬੈਕ/ਪਿਛਲਝਾਤ ਤਕਨੀਕ ਨਾਲ ਚੱਲਦੀ ਹੈ। ਜੁਗਲ ਅਤੇ ਉਸ ਦੇ ਸਾਥੀ ਨੂੰ ਗਾਰਡ ਟ੍ਰੇਨ ਵਿਚ ਬੈਠਣ ਦੀ ਇਜਾਜ਼ਤ ਦੇ ਦਿੰਦਾ ਹੈ। ਉਸ ਟ੍ਰੇਨ ਦੇ ਡੱਬੇ ਵਿਚ ਹੋਰ ਵੀ ਦੋ ਸਿੱਖ ਮੁਸਾਫ਼ਰ ਬੈਠੇ ਹਨ। ਨਿਰਦੇਸ਼ਕ ਸੁਚੇਤ ਰੂਪ ਵਿਚ ਬਿਰਤਾਂਤ ਨੂੰ ਸ਼ਾਬਦਿਕ ਰੂਪ ਵਿਚ ਬਿਆਨ ਨਹੀਂ ਕਰਦਾ ਸਗੋਂ ਕਿਰਦਾਰਾਂ ਦੇ ਚਿਹਰਿਆਂ 'ਤੇ ਛਾਏ ਖ਼ੌਫ਼ ਤੇ ਦਹਿਸ਼ਤ ਦੇ ਅਹਿਸਾਸਾਂ ਨਾਲ ਪ੍ਰਗਟ ਕਰਦਾ ਹੈ। ਜੁਗਲ ਉਥੇ ਬੈਠੇ ਦੋ ਸਿੱਖ ਨੌਜਵਾਨ ਦੇ ਚਿਹਰਿਆਂ ਨੂੰ ਗਹੁ ਨਾਲ ਦੇਖਦਾ ਹੈ। ਗਾਰਡ ਦੇ ਕਹਿਣ ਮੁਤਾਬਕ ਡੱਬੇ ਦਾ ਮਾਹੌਲ ਤਣਾਓਗ੍ਰਸਤ ਹੋ ਜਾਂਦਾ ਹੈ ਕਿ ਨੌਜਵਾਨਾਂ ਨੇ ਗੱਲ ਹੀ ਕੁਝ ਇਸ ਤਰ੍ਹਾਂ ਦੀ ਦੱਸੀ ਕਿ ਉਹ ਉਨ੍ਹਾਂ ਨੂੰ ਗੱਡੀ ਵਿਚ ਬੈਠਣ ਤੋਂ ਨਾਂਹ ਨਾ ਕਰ ਸਕਿਆ ਭਾਵੇਂ ਇਸ ਗੱਲ ਦਾ ਖ਼ੁਲਾਸਾ ਫ਼ਿਲਮ ਦੇ ਆਖ਼ਰੀ ਦ੍ਰਿਸ਼ ਤੋਂ ਹੋ ਜਾਂਦਾ ਹੈ ਕਿ ਦੋਵਾਂ ਨੌਜਵਾਨਾਂ ਵਿਚੋਂ ਇਕ ਦੀ ਮਾਂ ਦਾ ਦੇਹਾਂਤ ਹੋ ਜਾਂਦਾ ਹੈ। ਇਸ ਲਈ ਦੋਵੇਂ ਜਣੇ ਅੰਮ੍ਰਿਤਸਰ ਜਾ ਰਹੇ ਹੁੰਦੇ ਹਨ। ਗਾਰਡ ਹਿੰਦੂ ਹੋਣ ਦੇ ਬਾਵਜੂਦ ਉਨ੍ਹਾਂ ਸਿੱਖ ਮੁੰਡਿਆਂ ਨਾਲ ਹਮਦਰਦੀ ਜਤਾਉਂਦਾ ਹੈ। ਜੁਗਲ ਦੇ ਮਨ ਵਿਚ ਹਿੰਦੂ-ਸਿੱਖ ਸਾਂਝੀਆਂ ਤੰਦਾਂ ਦਾ ਅਹਿਸਾਸ ਹੈ, ਜਦੋਂ ਉਹ ਰਾਹ ਭੁੱਲਣ 'ਤੇ ਜੋਗਿੰਦਰ ਜੋ ਆਪਸੀ ਪਿੰਡ ਦੇ ਬਾਹਰਵਾਰ ਖੂਹ/ਡੇਰੇ/ਬਹਿਕ 'ਤੇ ਰਹਿੰਦਾ ਹੈ। ਜੁਗਲ, ਉਸ ਦੀ ਪਤਨੀ ਤੇ ਬੇਟੀ ਨੂੰ ਰਾਤ ਦੇ ਹਨੇਰੇ ਵਿਚ ਉਨ੍ਹਾਂ ਦੇ ਸਹੁਰਿਆਂ ਦੇ ਘਰ ਛੱਡ ਕੇ ਆਉਂਦਾ ਹੈ। ਜੋਗਿੰਦਰ ਉਹ ਕਿਰਦਾਰ ਹੈ ਜਿਸ ਦਾ ਘਰ ਪਿੰਡ ਦੇ ਬਾਹਰਵਾਰ ਹੋਣ ਕਰਕੇ ਖ਼ਾਲਿਸਤਾਨੀ ਉਸ ਦੇ ਘਰ ਆਉਂਦੇ ਹਨ। ਟੋਮੀ ਜੋਗਿੰਦਰ ਸਿੰਘ ਹੁਰਾਂ ਦਾ ਪਾਲਤੂ ਕੁੱਤਾ ਹੈ ਜੋ ਓਪਰੇ ਬੰਦੇ ਦੇ ਆਣ-ਜਾਣ 'ਤੇ ਭੌਂਕਦਾ ਹੈ। ਖਾਲਿਸਤਾਨੀ ਰਾਤ ਦੇ ਹਨ੍ਹੇਰੇ ਦਾ ਆਸਰਾ ਲੈਂਦੇ ਅਤੇ ਪਿੰਡਾਂ ਦੇ ਬਾਹਰ ਬਣੇ ਘਰਾਂ ਵਿਚ ਸ਼ਰਨ ਭਾਲਦੇ ਸਨ। ਫ਼ਿਲਮ ਵਿਚ ਕੁੱਤੇ ਦਾ ਭੌਂਕਣਾ ਸੰਕੇਤਕ ਹੋ ਨਿਬੜਦਾ ਹੈ, ਜਦੋਂ ਖਾਲਿਸਤਾਨੀ ਤੇ ਸੀ.ਆਰ.ਪੀ.ਐੱਫ਼. ਦੇ ਸਿਪਾਹੀ ਟੋਮੀ (ਕੁੱਤੇ) ਨੂੰ ਮਾਰਨ ਦੀ ਗੱਲ ਕਰਦੇ ਹਨ। ਜਦੋਂ ਲੋਕ ਮਾੜੇ ਹਾਲਾਤ ਦੇ ਖ਼ਿਲਾਫ਼ ਬੋਲਦੇ ਨਹੀਂ, ਉਨ੍ਹਾਂ ਬਾਰੇ ਸੋਚਣਾ ਤੇ ਘੋਖਣਾ ਬੰਦ ਕਰ ਦਿੰਦੇ ਹਨ ਤਾਂ ਉਹ ਸੰਵੇਦਨਹੀਣ ਹੁੰਦੇ ਹਨ।

**ਚੌਥੀ ਕੂਟ** ਫ਼ਿਲਮ ਵਿਚ ਆਏ ਦ੍ਰਿਸ਼ ਵਿਚ ਕਿਰਦਾਰਾਂ ਦੇ ਸੰਵਾਦ ਤੋਂ ਛੋਟ 'ਪੱਖੇ ਦੇ ਚੱਲਣ', 'ਮੱਖੀਆਂ ਦੇ ਭਿਣਕਣ', 'ਟ੍ਰੇਨ ਦੇ ਚੱਲਣ', 'ਕੁੱਤੇ ਦੇ ਭੌਂਕਣ', 'ਝੱਖੜ ਦੇ ਚੱਲਣ', 'ਬੱਦਲਾਂ ਦੇ ਗੜਕਣ ਦੀ ਆਵਾਜ਼' ਨਾਲ ਫ਼ਿਲਮ ਵਿਚ ਪਸਰੀ ਖ਼ਾਮੋਸ਼ੀ ਟੁੱਟਦੀ ਹੈ ਪਰ ਜਿਉਂਦੇ ਜਾਗਦੇ ਬੰਦਿਆਂ ਵਿਚ ਹਾਲਾਤ ਨੂੰ ਨਜਿੱਠਣ ਲਈ ਖ਼ਾਮੋਸ਼ੀ ਛਾਈ ਹੈ। ਉਹ ਖ਼ੌਫ਼ ਤੇ ਦਹਿਸ਼ਤਗਰਦੀ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਦੇ ਨਜ਼ਰ ਨਹੀਂ ਆਉਂਦੇ। ਇਉਂ ਮਾਨਸਿਕਤਾ ਵਿਚ ਜਦ ਸਰਹੱਦਾਂ ਦਾ ਸੰਕਲਪ ਡੂੰਘਾ ਹੁੰਦਾ ਜਾਂਦਾ ਹੈ ਤਾਂ ਸਥਿਤੀਆਂ ਲਗਾਤਾਰ ਜਟਿਲ ਤੋਂ ਹੋਰ ਜਟਿਲ ਹੁੰਦੀਆਂ ਜਾਂਦੀਆਂ ਹਨ। ਮਨਾਂ ਵਿਚ ਪੈਂਦੀਆਂ ਦੂਰੀਆਂ ਦੇਸਾਂ, ਧਰਮਾਂ, ਜਾਤਾਂ, ਰੰਗਾਂ ਅਤੇ ਨਸਲਾਂ ਉੱਤੇ ਪ੍ਰਤੱਖ ਹੋਣ ਲੱਗਦੀਆਂ ਹਨ। ਇਉਂ ਦੋਵੇਂ ਫ਼ਿਲਮਾਂ ਸੰਕਟ ਦੇ ਦਿਸਦੇ ਅਤੇ ਅਣਦਿਸਦੇ ਪਹਿਲੂਆਂ ਵੱਲ ਸੰਕੇਤ ਕਰਨ ਦੇ ਨਾਲ-ਨਾਲ ਬੰਦਿਆਂ ਦੇ ਅੰਦਰਲੇ ਚਲ ਚਿਤਰ 'ਤੇ ਚਲਦੀਆਂ ਸੰਵੇਦਨਾਵਾਂ ਨੂੰ ਤਾਂ ਪਕੜ ਵਿਚ ਲਿਆਉਂਦੀ ਹੀ ਹੈ, ਨਾਲੋ-ਨਾਲ ਮੋਨ, ਉਦਾਸੀ ਤੇ ਖ਼ਾਮੋਸ਼ੀ ਜਿਹੇ ਪ੍ਰਭਾਵਾਂ ਨੂੰ ਦ੍ਰਿਸ਼ਅੰਕਤ ਕਰਕੇ ਇਕ ਮੂਕ ਭਾਸ਼ਾ ਦੀ ਵੀ ਸਿਰਜਣਾ ਕਰਦੀ ਹੈ ਜਿਸ ਨੂੰ ਇਨ੍ਹਾਂ ਫ਼ਿਲਮਾਂ ਦੇ ਪ੍ਰਸੰਗ ਵਿਚ ਵਾਚਣਾ ਵਧੇਰੇ ਰੌਚਿਕ ਵੀ ਅਤੇ ਅਰਥਜਨਕ ਵੀ ਹੈ।

ਪ੍ਰੋ. ਰਮਨ



# ਉੜਤਾ ਮਹਾਂ ਸਿਓਂ

'ਉੜਤਾ ਪੰਜਾਬ' ਫ਼ਿਲਮ ਚਰਚਾ 'ਚ ਆਈ ਤਾਂ ਮੈਨੂੰ ਆਪਣੇ ਪਿੰਡ ਦਾ ਉਹ ਸਮਾਂ ਯਾਦ ਆਉਣ ਲੱਗਾ ਜਦੋਂ ਅਫ਼ੀਮ, ਭੁੱਕੀ ਵਰਗੇ ਨਸ਼ੇ ਲੋਕਾਂ ਵਿਚ ਸਪਲਾਈ ਹੋਣੇ ਅਜੇ ਸ਼ੁਰੂ ਹੀ ਹੋਏ ਸਨ। ਪਿੰਡਾਂ ਵਿਚ ਕੁਝ ਵਿਅਕਤੀਆਂ ਨੇ ਇਨ੍ਹਾਂ ਗ਼ੈਰ-ਕਾਨੂੰਨੀ ਨਸ਼ਿਆਂ ਦੀ ਸਪਲਾਈ ਨੂੰ ਧੰਦੇ ਵਜੋਂ ਹੀ ਅਪਣਾਅ ਲਿਆ ਸੀ। ਮੇਰੇ ਪਿੰਡ ਦਾ ਇਕ ਵਿਅਕਤੀ ਇਨ੍ਹਾਂ ਨਸ਼ਿਆਂ ਦੀ ਤਸਕਰੀ 'ਚ ਪੈ ਗਿਆ ਸੀ। ਉਸ ਨੇ ਆਪਣੇ ਭਰਾਵਾਂ ਨੂੰ ਵੀ ਏਸੇ ਕੰਮ 'ਚ ਲਾ ਲਿਆ ਤਾਂ ਇਸ ਪਰਿਵਾਰ ਨੂੰ ਬਲੈਕੀਆਂ ਦਾ ਟੱਬਰ ਕਹਿ ਕੇ ਬੁਲਾਇਆ ਜਾਣ ਲੱਗਾ। ਬਲੈਕੀਆ ਦਾ 'ਫਲਾਨਾ', ਬਲੈਕੀਆਂ ਦਾ 'ਢਿਮਕਾ' ਆਮ ਕਿਹਾ ਜਾਣ ਲੱਗਾ। ਇਸ ਟੱਬਰ ਨੂੰ ਇਹ ਪਛਾਣ, ਜਿਸ ਨੂੰ ਦੂਜੇ ਸ਼ਬਦਾਂ ਵਿਚ ਬਦਨਾਮੀ ਵੀ ਕਿਹਾ ਜਾ ਸਕਦਾ ਹੈ ਇਸ ਟੱਬਰ ਦੇ 'ਕਾਰੋਬਾਰ' ਕਾਰਨ ਮਿਲੀ ਸੀ। ਜਦੋਂ ਕੋਈ ਬੁਰਾ ਕੰਮ ਕਰਦਾ ਹੈ ਤਾਂ ਉਸ ਦੀ ਵਿਸ਼ੇਸ਼ ਪਛਾਣ ਨਿਸ਼ਚਿਤ ਕਰਨ ਲਈ ਬੁਰਾਈ ਹੀ ਕਾਫ਼ੀ ਹੁੰਦੀ ਹੈ। ਪੰਜਾਬ ਨੂੰ ਜੇਕਰ ਉੜਤਾ ਪੰਜਾਬ ਵਿਚ ਜਾਂ ਰਾਜਸੀ ਚਰਚਾ ਵਿਚ ਨਸ਼ਾ-ਗ੍ਰਸਤ ਪੰਜਾਬ ਦੀ ਪਛਾਣ ਮਿਲੀ ਹੈ ਤਾਂ ਇਹ ਵੀ ਇਸੇ ਕਰਕੇ ਹੀ ਮਿਲੀ ਹੈ ਕਿ ਇਸ ਸੂਬੇ 'ਚ ਨਸ਼ਿਆਂ ਦਾ ਪਾਸਾਰ ਮਹਾਂਮਾਰੀ ਵਾਂਗ ਹੋ ਰਿਹਾ ਹੈ। ਪੰਜਾਬ ਨੂੰ ਬਦਨਾਮ ਕੀਤਾ ਨਹੀਂ ਜਾ ਰਿਹਾ ਸਗੋਂ ਇਹ ਤਾਂ ਵਿਚਾਰਾ ਬਦਨਾਮ ਹੋ ਚੁੱਕਾ ਹੈ। ਉੜਤਾ ਪੰਜਾਬ ਇਸ ਦੀ ਅੱਲ ਪੈ ਗਈ ਹੈ। ਇਹ ਵੀ ਬੜਾ ਅਜੀਬ ਸਬੱਬ ਹੈ ਕਿ ਉੜਤਾ ਵਰਗਾ ਵਿਸ਼ੇਸ਼ਣ ਮੇਰੇ ਪਿੰਡ ਦੇ ਬਲੈਕੀਆਂ ਦੇ ਟੱਬਰ ਦੇ ਇਕ ਜੀਅ ਨਾਲ ਵੀ ਜੁੜਿਆ ਹੋਇਆ ਸੀ।

ਮੇਰੇ ਪਿੰਡ ਦੇ ਬਲੈਕੀਆਂ ਦੇ ਟੱਬਰ ਦਾ ਮੋਹਰੀ ਤੇ ਨਸ਼ਿਆਂ ਦਾ ਪ੍ਰਮੁੱਖ ਸਪਲਾਇਰ ਇਕ ਲੰਮਾ-ਲੰਝਾ, ਸੁਨੱਖਾ, ਰੋਅਬਦਾਰ ਦਰਸ਼ਨੀ ਜਵਾਨ ਸੀ। ਸ਼ਾਇਦ ਉਹ ਖ਼ੁਦ ਨਸ਼ੇ ਦਾ ਸੇਵਨ ਵੀ ਨਹੀਂ ਸੀ ਕਰਦਾ। ਉਹਦਾ ਇਕ ਭਰਾ ਸਾਰਾ ਦਿਨ ਅਫ਼ੀਮ ਦੇ ਨਸ਼ੇ 'ਚ ਟੁੰਨ ਰਹਿੰਦਾ ਸੀ ਤੇ ਲੋਕਾਂ ਵਿਚ ਅਫ਼ੀਮ ਅਤੇ ਭੁੱਕੀ ਦੀ ਸਪਲਾਈ ਵੀ ਇਹੋ ਕਰਦਾ ਸੀ। ਪੁਲਿਸ ਆਮ ਕਰਕੇ ਇਹਦੀ ਭਾਲ ਵਿਚ ਹੀ ਰਹਿੰਦੀ ਸੀ। ਪੁਲਿਸ ਪੈਂਦੀ ਸੀ ਤਾਂ ਇਹ ਝਕਾਨੀ ਦੇ ਕੇ ਪਿੰਡ ਦੇ ਕਿਸੇ ਵੱਡੇ, ਪੁਰਾਣੇ ਬੋਹੜ ਜਾਂ ਪਿੱਪਲ ਦੇ ਦਰਖ਼ਤ ਦੇ ਸਿਖ਼ਰਲੇ ਟਾਹਣ 'ਤੇ ਚੜ੍ਹ ਕੇ ਟਹਿਣੀਆਂ 'ਚ ਆਪਣੇ ਆਪ ਨੂੰ ਲਕੋ ਲੈਂਦਾ ਸੀ। ਇਹਦਾ ਨਾਂ ਮਹਾਂ ਸਿਓਂ ਸੀ। ਲੋਕ ਇਹਨੂੰ ਉੱਡਣਾ ਮਹਾਂ ਸਿੰਘ ਕਹਿੰਦੇ ਸਨ। ਪਤਾ ਨਹੀਂ ਕਿਉਂ ਮੇਰੀ ਜ਼ੁਬਾਨ 'ਤੇ ਇਹਦਾ ਨਾਂ ਹੁਣ ਉੜਤਾ ਮਹਾਂ ਸਿਓਂ ਚੜ੍ਹ ਗਿਆ ਹੈ। ਸ਼ਾਇਦ ਮੇਰੇ ਉੱਪਰ ਵੀ ਫ਼ਿਲਮ ਦੇ ਨਾਂ ਦੀ ਚਰਚਾ ਦਾ ਬਹੁਤ ਅਸਰ ਹੋ ਗਿਆ ਹੈ।

ਬਲੈਕੀਆਂ ਦੇ ਪਰਿਵਾਰ ਦਾ ਮੋਹਰੀ ਰਸੂਖ਼ਵਾਨ ਸੀ। ਪਰ ਉਸ ਦੇ ਦੁਖਾਂਤਕ ਅੰਤ ਨੇ ਸਾਬਤ ਕਰ ਦਿੱਤਾ ਹੈ ਕਿ ਇਹੋ ਜਿਹੇ ਕਾਲੇ ਧੰਦਿਆਂ ਦੀ ਸਿਆਸੀ ਸਰਪ੍ਰਸਤੀ ਅੰਤਮ ਰੂਪ ਵਿਚ ਇਤਬਾਰਯੋਗ ਨਹੀਂ ਹੁੰਦੀ। ਠਾਣੇ ਵਿਚ ਤਸੀਹਿਆਂ ਦੌਰਾਨ ਉਹਦੀ ਮੌਤ ਹੋ ਗਈ। ਉਹਦੀ ਲਾਸ਼ ਵੀ ਖੁਰਦ-ਬੁਰਦ ਕਰ ਦਿੱਤੀ ਗਈ। ਮੋਹਰੀ ਦੀ

ਮੌਤ ਮਗਰੋਂ ਇਸ ਪਰਿਵਾਰ ਨੂੰ ਨਸ਼ੇ ਸਪਲਾਈ ਕਰਨ ਦੇ ਕਾਰੋਬਾਰ ਤਿਆਗਿਆਂ ਕਈ ਦਹਾਕੇ ਬੀਤ ਗਏ ਹਨ। ਦੂਜੀ ਪੀੜ੍ਹੀ ਦੇ ਧੀਆਂ-ਪੁੱਤ ਸਾਊ ਨਿਕਲੇ ਹਨ। ਸਾਂਝੇ ਪਰਿਵਾਰ 'ਚੋਂ ਕਈ ਪਰਿਵਾਰ ਬਣ ਗਏ ਹਨ। ਖੇਤੀ, ਪਸ਼ੂ ਪਾਲਣ ਤੇ ਡੇਅਰੀ ਦਾ ਕੰਮ ਕਰਦੇ ਹਨ। ਪਰ ਅਫ਼ਸੋਸ ਕਿ ਇਸ ਪਰਿਵਾਰ (ਪਰਿਵਾਰਾਂ) ਲਈ 'ਬਲੈਕੀਆ' ਸੰਬੋਧਨ ਪੱਕਾ ਹੋ ਗਿਆ ਹੈ ਤੇ ਮਹਾਂ ਸਿੰਘ ਨੂੰ ਅਜੇ ਵੀ ਲੋਕ ਉੱਡਣਾ ਮਹਾਂ ਸਿਓਂ ਹੀ ਕਹਿੰਦੇ ਸਨ। ਮੈਂ ਇਹ ਸੋਚ ਕੇ ਚਿੰਤਤ ਹੋ ਜਾਂਦਾ ਹਾਂ ਕਿ ਕਿਤੇ ਪੰਜਾਬ ਤੋਂ ਬਾਹਰ ਪੰਜਾਬ ਨੂੰ ਵੀ ਉੜਤਾ ਪੰਜਾਬ ਤਾਂ ਨਹੀਂ ਕਿਹਾ ਜਾਣ ਲੱਗ ਪਿਆ ? ਕਿਥੇ ਰੰਗਲਾ ਪੰਜਾਬ ਤੇ ਕਿਥੇ ਹੁਣ (ਨਸ਼ਿਆਂ ਨਾਲ) ਉੜਤਾ ਪੰਜਾਬ। ਗੱਲ ਕਿੱਥੋਂ ਤੋਂ ਕਿੱਥੇ ਚਲੇ ਗਈ ਹੈ। ਜਿਸ ਹੱਦ ਤਕ ਪੰਜਾਬ ਅੰਦਰ ਨਸ਼ਿਆਂ ਦਾ ਪਾਸਾਰਾ ਹੋ ਗਿਆ ਹੈ, ਲੱਗਦਾ ਹੈ ਕਿ ਪੰਜਾਬ ਨੂੰ ਅਸਾਨੀ ਨਾਲ ਬਚਾਇਆ ਨਹੀਂ ਜਾ ਸਕੇਗਾ।

ਨਸ਼ਿਆਂ ਦੇ ਸਭਿਆਚਾਰ 'ਚੋਂ ਨਿਕਲ ਕੇ ਬਾਹਰਲੇ ਮੁਲਕਾਂ ਨੂੰ ਗਏ ਨੌਜਵਾਨ ਪੰਜਾਬੀ ਉਥੇ ਜਾ ਕੇ ਬੜੀ ਆਸਾਨੀ ਨਾਲ ਡਰੱਗ ਮਾਫ਼ੀਆ ਦੀ ਗ੍ਰਿਫ਼ਤ ਵਿਚ ਆ ਰਹੇ ਹਨ। ਇਨ੍ਹੀਂ ਦਿਨੀਂ ਕੈਨੇਡਾ ਤੋਂ ਪੰਜਾਬੀ ਗੱਭਰੂਆਂ ਦੇ ਓਵਰਡੋਜ਼ ਨਾਲ ਮਰਨ ਦੀਆਂ ਦੁਖਦਾਈ ਖ਼ਬਰਾਂ ਆਈਆਂ ਹਨ। ਪਿੰਡਾਂ ਵਿਚੋਂ ਚਿੱਟੇ ਦੀ ਓਵਰਡੋਜ਼ ਨਾਲ ਮਰਨ ਵਾਲਿਆਂ ਦੀ ਤਦਾਦ ਵੀ ਵਧਦੀ ਜਾ ਰਹੀ ਹੈ। ਚਿੱਟੇ ਤੇ ਭੁੱਕੀ ਦੋਵਾਂ ਦੀ ਸਪਲਾਈ ਆਮ ਹੋ ਗਈ ਹੈ। ਪੈਸਿਆਂ ਨਾਲ ਇਨ੍ਹਾਂ ਨਸ਼ਿਆਂ ਦੇ ਪੈਕਟ ਹੱਥੋ-ਹੱਥ ਵਟਾਏ ਜਾ ਰਹੇ ਹਨ। ਹਾਕਮ ਆਖ ਰਹੇ ਹਨ, ਪੰਜਾਬ 'ਚ ਨਸ਼ਿਆਂ ਦੇ ਸੰਕਟ ਦੀ ਚਰਚਾ ਪੰਜਾਬ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਨਸ਼ਿਆਂ ਤੋਂ ਪੀੜਤ, ਆਪਣੇ ਜਵਾਨ ਪੁੱਤਰਾਂ ਨੂੰ ਨਸ਼ਿਆਂ ਕਾਰਨ ਗੁਆ ਬੈਠੇ ਮਾਪੇ ਆਖ ਰਹੇ ਹਨ ਕਿ ਜੇਕਰ ਸਾਡਾ ਭਵਿੱਖ ਹੀ ਨਹੀਂ ਰਿਹਾ ਤਾਂ ਅਸੀਂ ਪੰਜਾਬ ਦੀ ਨੇਕਨਾਮੀ ਤੋਂ ਕੀ ਲੈਣਾ ਹੈ ? ਹਾਕਮ ਇਹ ਤਰਕ ਹਾਲ ਦੀ ਘੜੀ ਸੁਣਨ ਨੂੰ ਤਿਆਰ ਨਹੀਂ ਹਨ। ਸੱਤਾ ਦਾ ਘਮੰਡ ਉਨ੍ਹਾਂ ਨੂੰ ਪੰਜਾਬ ਦਾ ਸੱਚ ਸਵੀਕਾਰ ਕਰਨ ਤੋਂ ਰੋਕ ਰਿਹਾ ਹੈ। ਚਿੱਟਾ ਹਾਕਮਾਂ ਦੀ ਹੀ ਤਾਂ ਮਿਹਰਬਾਨੀ ਹੈ। ਨਸ਼ਾ ਵੇਚਣ ਵਾਲਿਆਂ ਨੂੰ ਹੁਣ ਨਜਾਇਜ਼ ਸ਼ਰਾਬ ਦੇ, ਭੁੱਕੀ ਦੀਆਂ ਬੋਰੀਆਂ ਦੇ ਬੋਝ ਤੋਂ ਮੁਕਤੀ ਮਿਲ ਗਈ ਹੈ। ਛੋਟੇ ਜਿਹੇ ਪੈਕਟ ਵਿਚ ਲੱਖਾਂ ਦਾ ਮਾਲ ਬੰਦ ਹੋ ਜਾਂਦਾ ਹੈ। ਦਾਰੂ ਵੇਚਣ ਵਾਲੇ ਪਿੰਡਾਂ ਦੇ ਲੋਕ, ਜਿਨ੍ਹਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਿਲ ਹਨ, ਹੁਣ ਚਿੱਟਾ ਵੇਚਣ ਦਾ ਕੰਮ ਕਰ ਰਹੇ ਹਨ। ਕੋਈ ਭਾਰ ਨਹੀਂ ਚੁੱਕਣਾ ਪੈਂਦਾ, ਮਾਲ ਲੁਕਾਉਣ ਦੀ ਖੇਚਲ ਵੀ ਨਹੀਂ ਕਰਨੀ ਪੈਂਦੀ, ਕਾਰੋਬਾਰ ਸੁਖਾਲਾ ਕਰ ਦਿੱਤਾ ਗਿਆ ਹੈ ਪਰ ਜ਼ਿੰਦਗੀ ਬਹੁਤ ਔਖੀ ਹੋ ਗਈ ਹੈ। ਮਾਪੇ ਚੱਤੇ-ਪਹਿਰ ਫ਼ਿਕਰਾਂ 'ਚ ਡੁੱਬੇ ਰਹਿੰਦੇ ਹਨ ਤੇ ਭਵਿੱਖ ਤੋਂ ਨਿਰਾਸ਼ ਨੌਜਵਾਨ ਨਸ਼ਿਆਂ 'ਚ।

ਨਸ਼ੇ ਦੇ ਆਦਮੀ ਸਰੀਰਾਂ ਦੀ ਨਸ਼ਿਆਂ ਉੱਪਰ ਨਿਰਭਰਤਾ ਬਾਰੇ ਅਨਾਜ ਮੰਡੀ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਠੇਕੇਦਾਰ ਨੇ ਦੱਸਿਆ ਕਿ ਤਕਰੀਬਨ ਸਾਰੇ ਮਜ਼ਦੂਰਾਂ ਦੀ ਸਵੇਰੇ ਚਾਹ ਨਾਲ 'ਖੁਰਾਕ' ਵਰਤਾਉਣੀ ਪੈਂਦੀ ਹੈ ਤਾਂ ਕਿਤੇ ਜਾ ਕੇ ਇਨ੍ਹਾਂ ਦਾ ਸਰੀਰ ਹਿੱਲਦਾ ਹੈ। "ਕੋਰਾ ਨਸ਼ਾ ਮਿਲ ਜੇ, ਫੇਰ ਭਾਵੇਂ ਸਿਖ਼ਰ ਦੁਪਹਿਰੇ ਇਨ੍ਹਾਂ ਤੋਂ ਸੜਕ 'ਤੇ ਰੋੜੀ ਕੁਟਵਾਈ ਜਾਓ।" ਠੇਕੇਦਾਰ ਦੀ ਗੱਲ ਸੌ ਫ਼ੀਸਦੀ ਸਹੀ ਹੈ। ਇਹੋ ਤਾਂ ਇਸ ਸਮੇਂ ਹੋ ਰਿਹਾ ਹੈ। ਨੌਜਵਾਨਾਂ ਨੂੰ ਨਸ਼ੇ ਦੀ ਲੱਤ ਲਾ ਕੇ ਉਨ੍ਹਾਂ ਤੋਂ ਹਰ ਜਾਇਜ਼-ਨਜਾਇਜ਼ ਕੰਮ ਕਰਵਾਇਆ ਜਾ ਰਿਹਾ ਹੈ।

ਪਿੰਡੋਂ ਸਾਲ-ਛਿਮਾਹੀ ਇਕ ਔਰਤ ਮੇਰੇ ਘਰ ਗੇੜਾ ਮਾਰ ਜਾਂਦੀ ਹੈ। ਉਸ ਕੋਲ ਸੁਣਾਉਣ ਲਈ ਅਕਸਰ ਮਨਹੂਸ ਖ਼ਬਰਾਂ ਹੀ ਹੁੰਦੀਆਂ ਹਨ। ਇਨ੍ਹਾਂ ਖ਼ਬਰਾਂ ਵਿਚ ਹੁਣ ਵਿਸ਼ੇਸ਼ ਖ਼ਬਰਾਂ ਚਿੱਟੇ ਨਾਲ ਮਰਨ ਵਾਲਿਆਂ ਦੀਆਂ ਸ਼ਾਮਿਲ ਹੋ ਗਈਆਂ ਹਨ। ਖ਼ਬਰਾਂ ਸੁਣਾਉਂਦੀ ਭਜਨੋ ਆਖਦੀ ਹੈ, "ਮਾਸਟਰ, ਤੂੰ ਚੰਗੇ ਵੇਲੇ ਨਾਲ ਪਿੰਡੋਂ ਨਿਕਲ ਆਇਐਂ...ਉਥੇ ਕੋਈ ਹੱਜ ਐ ਜਿਉਣ ਦਾ !" ਐਤਕੀਂ ਮੈਂ ਉਸ ਤੋਂ ਉੱਡਣੇ ਮਹਾਂ ਸਿਓਂ ਬਾਰੇ ਪੁੱਛ ਬੈਠਾ। ਕਹਿਣ ਲੱਗੀ, "ਤੈਨੂੰ ਪਤਾ ਈ ਨਹੀਂ...ਉਹ ਤਾਂ ਸਤਾਰਾਂ ਅਠਾਰਾਂ ਸਾਲ ਪਹਿਲਾਂ ਮਰ ਗਿਆ ਸੀ...ਬਰੋਟੇ ਤੋਂ ਡਿੱਗ ਕੇ ਉਹਦੀ ਰੀੜ੍ਹ ਦਾ ਮਣਕਾ ਟੁੱਟ ਗਿਆ ਸੀ...'ਰਾਮ ਈ ਨੀ ਆਇਆ...ਹੱਡੀਆਂ ਰਗੜ-ਰਗੜ ਕੇ ਮੁੱਕਿਆ ਵਿਚਾਰਾ।" ਭਜਨੋ ਦੀ ਗੱਲ ਸੁਣ ਕੇ ਮੈਂ ਉੜਤੇ ਪੰਜਾਬ ਬਾਰੇ ਹੋਰ ਵੀ ਫ਼ਿਕਰਮੰਦ ਹੋ ਜਾਂਦਾ ਹਾਂ।

• • •